# ਸਮਕਾਲੀ ਦਸਤਾਵੇਜ਼



ਵਰਿੰਦਰ ਵਾਲੀਆ

# ਸਮਕਾਲੀ
# ਦਸਤਾਵੇਜ਼

# ਸਮਕਾਲੀ ਦਸਤਾਵੇਜ਼

ਵਰਿੰਦਰ ਵਾਲੀਆ

ਸ਼ਿਲਾਲੇਖ ਪਬਲੀਸ਼ਰਸ, ਦਿੱਲੀ-110032

ISBN : 978-81-19349-69-2
First Edition : 2024
© : Author
Cover Design : JATINDER SHARMA, Jalandhar
Price : 300.00
Publisher : SHILALEKH PUBLISHERS
4/32 Ground Floor, Subhash Gali,
Vishwas Nagar, Shahdara, Delhi-110032
Phone : 9999553332
email : shilalekhbooks@rediffmail.com
Composing : Ganpati Printers, Delhi-110032
Printer : B.K.Offset, Delhi-110032

---

SAMKALI DASTAVEZ (Vartak) by Varinder Walia

# ਤਤਕਰਾ


ਸੰਦਲ ਦਾ ਬੂਟਾ 9
ਲੋਕ ਨਾਇਕ ਦੁੱਲਾ ਭੱਟੀ 12
ਸੰਵਾਦ ਦੇ ਆਸਾਰ 15
ਚੱਕ, ਚੱਕੀ ਤੇ ਚੱਕਾ ਜਾਮ 18
ਮਉਲੀ ਧਰਤੀ ਮਉਲਿਆ... 21
ਕੁਮਲਾਏ ਫੁੱਲ, ਮੁਰਝਾਏ ਚਿਹਰੇ 24
ਬਸੰਤ ਬਨਾਮ ਸੋਸ਼ਲ ਮੀਡੀਆ 27
ਸਾਬਰਮਤੀ ਦੇ ਹੰਝੂ 30
ਜਾਗ ਪਈਆਂ ਪੈਲੀਆਂ 33
ਕ੍ਰਾਂਤੀਕਾਰੀਆਂ ਦੀ ਤ੍ਰੈਮੂਰਤੀ 36
ਰੱਤ ਦਾ ਗੁਲਾਲ 39
ਆਥੜੀਆਂ ਦੀ ਹੋਣੀ 42
ਜਾਂਚ-ਦਰ-ਜਾਂਚ 45
... ਤੇ ਹੁਣ ਦਲਿਤ ਪੱਤਾ! 48
ਕੋਊ ਨ ਨਿਬਹਿਓ ਸਾਥਿ॥ 51
ਸੀਸੁ ਦੀਆ ਪਰ ਸਿਰੁ... 53
ਗਿਰਝਾਂ ਵਰਗੇ ਲੋਕ 56
ਮਲਕਲ ਮਉਤ 58
ਵਾਤਾਵਰਨ ਦਾ ਮਹਾਨਾਇਕ 61
ਤੁਰਸ਼ਮਿਜ਼ਾਜੀ 64
ਬਦਲ ਰਹੀ ਸਿਆਸੀ ਫ਼ਿਜ਼ਾ 67
ਉੱਡਣੇ ਸਿੱਖ ਦਾ ਮਲਾਲ 70
ਸਰਕਾਰ ਦੇ ਮਾਅਨੇ 73
ਦਿਲ ਕੇ ਫਫੋਲੇ ਜਲ ਉਠੇ... 76
ਧਰਤੀ ਚੱਬਣ ਵਾਲੇ 79
ਤਕਸੀਮ ਦੀ ਸਿਆਸਤ 82
ਵੀਰਤਾ ਦੀ ਅਮਿੱਟ ਇਬਾਰਤ 85
ਸਿੱਖ ਵਿਰਾਸਤ ਦੀ ਅਣਦੇਖੀ 88
ਸੁਨਹਿਰੀ ਜਿੱਤ 91
ਲਹੂ ਭਿੱਜੀ ਕਵਿਤਾ 94
ਤਾਲਿਬਾਨ ਤੇ ਅਬਦਾਲੀ 97
ਖੁਰਾਸਾਨ ਬਨਾਮ ਤਾਲਿਬਾਨ 100
ਸੀਸੁ ਦੀਆ ਪਰੁ... 103
ਲਹੂ ਭਿੱਜੀ ਤਵਾਰੀਖ 106
ਬੜੇ ਬੇਆਬਰੂ ਹੋ ਕਰ... 109
ਸੱਚ ਦੇ ਆਰ-ਪਾਰ 112
ਬਾਣੀ, ਬਾਣਾ ਤੇ ਬੇਅਦਬੀ 115
ਅਰੂਸਾ ਮੁੱਦਾ ਕਿਉਂ ? 118
ਫ਼ਸਲੀ ਬਟੇਰੇ 121
ਨੇਤਾ ਬਨਾਮ ਅਭਿਨੇਤਾ 124
ਕਿਰਦਾਰਕੁਸ਼ੀ ਕਿਉਂ ? 127
ਬਦਲਦੇ ਸਿਆਸੀ ਸਮੀਕਰਨ 130
ਚੋਣਾਂ ਦਾ ਸ਼ੰਖਨਾਦ 133
ਬਦਲਦੇ ਸਮੀਕਰਨ 136
ਚੋਣਾਂ ਦੇ ਬਦਲਦੇ ਦ੍ਰਿਸ਼ 139
ਬੁੱਤਾਂ ਤੋਂ ਡਰਦੇ ਕੱਟੜਪੰਥੀ 142
ਪੰਜਾਬੀਅਤ ਜ਼ਿੰਦਾ ਰਹੇ 145
ਸੂਰਜਮੁਖੀ ਦੇ ਧੁਆਂਖੇ ਫੁੱਲ 148
ਵਾਅਦੇ ਵਫ਼ਾ ਕਰਨ ਦਾ ਵੇਲਾ 151
ਪਾਕਿ ਦੀ ਅਜਬ ਕਹਾਣੀ 154

ਚੰਡੀਗੜ੍ਹ ਤੇ ਪੰਜਾਬੀਅਤ 157
ਉਦਾਸ ਮੌਸਮ ਤੇ ਉਦਾਸੀ 160
400 ਸਾਲ ਗੁਰੂ ਦੇ ਨਾਲ 163
ਸਾਂਝੀਵਾਲਤਾ ਦੇ ਦੁਸ਼ਮਣ 166
ਫ਼ਸਲਾਂ, ਨਸਲਾਂ ਦਾ ਮੁੱਦਾ 169
ਰਹਿਬਰੀ ਦਾ ਸਵਾਲ 172
ਜਹਾ ਦਾਣੇ ਤਹਾਂ ਖਾਣੇ... 175
ਮੁਹਾਰਾਂ ਮੋੜਦਾ ਸੁੱਚਾ ਅੱਥਰੂ 178
ਰੁੱਖ ਤੇ ਮਨੁੱਖ ਦਾ ਨਾਤਾ 181
ਉੱਚੇ ਦਰ 'ਤੇ ਹਮਲਾ 184
ਪਹਿਲਾ ਪਾਣੀ ਜੀਉ ਹੈ... 187
ਖ਼ਤਰਨਾਕ ਰੁਝਾਨ 190
ਬਾਰੂਦ 'ਤੇ ਲਿਖੇ ਹਰਫ਼ 193
ਖ਼ੂਨੀ ਪੈੜਾਂ 196
ਦਸਤਾਵੇਜ਼ੀ ਫ਼ਰੇਬ 199
ਇੰਜ ਨਹੀਂ ਕਰੀਦੇ ! 202
ਅੱਖਾਂ 'ਚ ਬਲ਼ਦੇ ਸਿਵੇ 205
ਘਰ-ਘਰ ਤਿਰੰਗਾ 208
ਟੁਕੜਾ-ਟੁਕੜਾ ਇਤਿਹਾਸ 211
ਅੱਧੀ ਸਦੀ ਦਾ ਹਾਸਲ ? 214
ਸੁਨਹਿਰੀ ਵਿਰਸਾ ਤੇ ਅੱਜ 217
ਗਾਲ੍ਹ ਨਹੀਂ ਕੱਢਣੀ ! 220
...ਪੀ ਪੀ ਹੋਇ ਖੁਆਰੁ 223
ਚਾਬੀਆਂ ਖੁੱਸਣ ਦਾ ਮਲਾਲ 226
ਸਹਜ ਗੁਫ਼ਾ ਦੀ ਜ਼ਿਆਰਤ 229
ਤਿੜਕਦੇ ਰਿਸ਼ਤੇ 232
ਕਿਤਾਬ, ਹਿਸਾਬ ਤੇ ਹਿਜਾਬ 235
ਨਿੱਕੇ-ਨਿੱਕੇ ਯੁੱਧ ਲੜਦੇ ਜੁਗਨੂੰ 238
ਸਾਹਿਤ ਸੰਜੀਵਨੀ 241
ਜ਼ੁਲਮ ਬਸ ਜ਼ੁਲਮ ਹੈ... 244
ਚਿੰਤਾ ਦਾ ਵੇਲਾ 247
ਮਨੁੱਖ ਅੰਦਰਲਾ ਜੰਗਲ 250
ਨਾਪਾਕ ਹੱਥਾਂ 'ਚ ਵਾਗਡੋਰ 253
ਨਾਨਕ ਦੇ ਖ਼ਾਬ ਵਾਲਾ ਪੰਜਾਬ 256
ਧੀਆਂ ਜੇਡ ਨਾ ਕੋਈ 259
ਲਾਵਾ ਤੇ ਪਹੁ-ਫੁਟਾਲਾ 262

# ਸ਼ਬਦ ਸਾਧਨਾ

ਪੱਤਰਕਾਰੀ ਨੂੰ ਕਾਹਲੀ ’ਚ ਲਿਖਿਆ ਸਾਹਿਤ ਕਿਹਾ ਜਾਂਦਾ ਹੈ। ਚਲੰਤ ਮਸਲਿਆਂ ਦੀ ਤਹਿ ਤਕ ਜਾ ਕੇ ਸਾਹਿਤਕ ਚਾਸ਼ਨੀ ’ਚ ਪਰੋਣਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ। ਵਰਿੰਦਰ ਸਿੰਘ ਵਾਲੀਆ ਨੂੰ ਇਸ ਵਿਧਾ ’ਚ ਕਮਾਲ ਦੀ ਮੁਹਾਰਤ ਹਾਸਲ ਹੈ। ਇਸ ਦਾ ਕਾਰਨ ਉਨ੍ਹਾਂ ਦਾ ਲੰਬਾ ਅਨੁਭਵ ਅਤੇ ਡੂੰਘਾਈ ਨਾਲ ਅਧਿਐਨ ਕਰਨਾ ਹੈ। ਵਿਦਿਆਰਥੀ ਜੀਵਨ ਦੌਰਾਨ ਹੀ ਉਨ੍ਹਾਂ ਨੂੰ ‘ਸ਼ਬਦ ਸਾਧਨਾ’ ਕਰਨ ਦਾ ਮਾਣ ਹਾਸਲ ਹੋਇਆ। ਬੜੀ ਛੋਟੀ ਉਮਰ ’ਚ ਹੀ ਉਹ ‘ਪੁਲਾਂਘ’ ਨਾਂ ਦੇ ਰਸਾਲੇ ਦੇ ਸੰਪਾਦਕ ਬਣੇ ਤੇ ‘ਖ਼ਬਰਨਾਮਾ’ ਨਾਂ ਦੀ ਕਿਤਾਬ ਪੰਜਾਬੀ ਪਾਠਕਾਂ ਦੀ ਝੋਲੀ ’ਚ ਪਾਈ। ਫੀਲਡ ’ਚ ਕੰਮ ਕੀਤਾ ਹੋਣ ਕਰਕੇ ਉਹ ਖ਼ਬਰ ਦੀਆਂ ਬਾਰੀਕੀਆਂ ਬਾਖ਼ੂਬੀ ਜਾਣਦੇ ਹਨ। ‘ਪੰਜਾਬੀ ਟ੍ਰਿਬਿਊਨ’ ਅਤੇ ‘ਪੰਜਾਬੀ ਜਾਗਰਣ’ ਦੇ ਸੰਪਾਦਕ ਵਜੋਂ ਉਨ੍ਹਾਂ ਨੂੰ ਦੇਸ਼-ਵਿਦੇਸ਼ ’ਚ ਵਿਚਰਨ ਦਾ ਮੌਕਾ ਮਿਲਿਆ, ਜਿਸ ਕਾਰਨ ਉਨ੍ਹਾਂ ਦੀ ਸੋਚ ਦਾ ਦਾਇਰਾ ਬੜਾ ਵਸੀਹ ਹੈ। ਕੋਈ ਖ਼ਬਰ ਆਮ ਪਾਠਕ ਲਈ ਬਿਲਕੁਲ ਸਧਾਰਨ ਹੋ ਸਕਦੀ ਹੈ ਪਰ ਸੰਵੇਦਨਸ਼ੀਲ ਸ਼ਖ਼ਸ ਲਈ ਇਹ ਖ਼ਾਸ ਹੋ ਨਿੱਬੜਦੀ ਹੈ। ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕ ਪੱਤਰਕਾਰ ਪੁਰਸਕਾਰ ਹਾਸਲ ਹੋਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਉਨ੍ਹਾਂ ਦੀ ਵਾਰਤਕ ਵੀ ਕਾਵਿਕਤਾ ਨਾਲ ਲਬਰੇਜ਼ ਹੈ।

ਹਥਲੀ ਪੁਸਤਕ ’ਚ ਹਫ਼ਤਾਵਾਰੀ ਸੰਪਾਦਕੀਆਂ ਸ਼ਾਮਲ ਹਨ ਜਿਨ੍ਹਾਂ ’ਚ ਸਮਕਾਲੀ ਸਿਆਸੀ ਅਤੇ ਸਮਾਜਿਕ ਹਾਲਾਤ ’ਤੇ ਬੜੀ ਬੇਬਾਕੀ ਨਾਲ ਕਟਾਖ਼ਸ਼ ਕੀਤਾ ਗਿਆ ਹੈ। ਕੋਰੋਨਾ ਕਾਲ ਦੌਰਾਨ ਨਸ਼ਰ ਹੋਈ ਸੰਵੇਦਨਹੀਣਤਾ ਦੀ ਤਸਵੀਰਕਸ਼ੀ ਵੀ ਇਨ੍ਹਾਂ ਲੇਖਾਂ ’ਚ ਸ਼ੁਮਾਰ ਹੈ। ਕਈ ਲੇਖ ਆਲਮੀ ਸਰੋਕਾਰਾਂ ਨੂੰ ਆਪਣੇ ਕਲਾਵੇ ’ਚ ਲੈਂਦੇ ਹਨ। ਪੰਜਾਬੀ, ਹਿੰਦੀ ਤੇ ਉਰਦੂ ਸ਼ਾਇਰੀ ਦੇ ਹਵਾਲੇ ਰਚਨਾਵਾਂ ਦੀ ਖ਼ੂਬਸੂਰਤੀ ’ਚ ਹੋਰ ਵਾਧਾ ਕਰਨ ਵਾਲੇ ਹਨ। ਉਰਦੂ, ਅਰਬੀ, ਫ਼ਾਰਸੀ ਦੇ ਸ਼ਬਦ ਲਿਖਤਾਂ ਨੂੰ ਹੋਰ ਚਾਰ ਚੰਨ ਲਾਉਂਦੇ ਹਨ। ਇਨ੍ਹਾਂ ਬਲੌਰੀ ਤਹਿਰੀਰਾਂ ਨੂੰ ਪੜ੍ਹ ਕੇ ਮਾਖਿਓਂ ਮਿੱਠੀ ਪੰਜਾਬੀ ਬੋਲੀ ਦੀ ਮਿਠਾਸ ਦਾ ਅਹਿਸਾਸ ਹੁੰਦਾ ਹੈ।

**-ਗੁਰਪ੍ਰੀਤ ਖੋਖਰ**

# ਸੰਦਲ ਦਾ ਬੂਟਾ

ਜ਼ਿੰਦਗੀ ਦੀਆਂ 86 ਬਹਾਰਾਂ ਹੰਢਾਉਣ ਤੋਂ ਬਾਅਦ ਸਾਬਕਾ ਕੇਂਦਰੀ ਮੰਤਰੀ ਸਰਦਾਰ ਬੂਟਾ ਸਿੰਘ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਅਜਿਹੇ ਵਿਰਾਟ ਬੂਟੇ ਸਨ ਜਿਨ੍ਹਾਂ ਦੀਆਂ ਜੜ੍ਹਾਂ ਪੰਜਾਬ ਤੇ ਸ਼ਾਖਾਵਾਂ ਪੂਰੇ ਦੇਸ਼ ਭਰ ਵਿਚ ਫੈਲੀਆਂ ਹੋਈਆਂ ਸਨ। ਜਲੰਧਰ ਦੇ ਮੁਸਤਫ਼ਾਪੁਰ ਵਿਚ 21 ਮਾਰਚ 1934 ਨੂੰ ਗ਼ੁਰਬਤ ਦੇ ਦੋ ਪੁੜਾਂ ਵਿਚ ਪਿਸ ਰਹੇ ਸੰਜਮੀ ਤੇ ਸੰਤੋਖੀ ਪਰਿਵਾਰ ਵਿਚ ਜਨਮ ਲੈਣ ਵਾਲੇ ਬੂਟਾ ਸਿੰਘ ਨੇ ਸਿਆਸਤ ਦੀਆਂ ਬੁਲੰਦੀਆਂ ਨੂੰ ਛੋਹਿਆ ਜਿਸ ’ਤੇ ਉਨ੍ਹਾਂ ਦੇ ਕਰੀਬੀ ਰਸ਼ਕ ਕਰਿਆ ਕਰਦੇ ਸਨ। ਗਾਂਧੀ ਪਰਿਵਾਰ ਦੇ ਬੇਹੱਦ ਕਰੀਬੀ ਰਹੇ ਬੂਟਾ ਸਿੰਘ ਦੀ ਇਕ ਵੇਲੇ ਤੂਤੀ ਬੋਲਿਆ ਕਰਦੀ ਸੀ। ਉਨ੍ਹਾਂ ਦੇ ਇਕ ਇਸ਼ਾਰੇ ’ਤੇ ਸੂਬਿਆਂ ਦੀਆਂ ਸਰਕਾਰਾਂ ਬਣਦੀਆਂ ਤੇ ਡਿੱਗਦੀਆਂ ਸਨ। ਉਨ੍ਹਾਂ ਦੇ ਕਹਿਣ ’ਤੇ ਸੂਬਿਆਂ ਦੇ ਗਵਰਨਰ ਤੇ ਮੁੱਖ ਮੰਤਰੀ ਬਣਦੇ ਸਨ। ਇਕ ਸਮੇਂ ਉਨ੍ਹਾਂ ਨੂੰ ਰਾਸ਼ਟਰਪਤੀ ਬਣਾਉਣ ਦੀ ਚਰਚਾ ਚੱਲੀ ਸੀ ਪਰ ਗਿਆਨੀ ਜ਼ੈਲ ਸਿੰਘ ਬਾਜ਼ੀ ਮਾਰ ਗਏ। ਉਹ ਬਿਹਾਰ ਦੇ ਗਵਰਨਰ ਵੀ ਰਹੇ। ਅਥਾਹ ਸਿਆਸੀ ਤਾਕਤ ਹੋਣ ਦੇ ਬਾਵਜੂਦ ਬੂਟਾ ਸਿੰਘ ਆਪਣੀ ਜਨਮ ਭੋਇੰ ਲਈ ਕੁਝ ਖ਼ਾਸ ਨਾ ਕਰ ਸਕੇ ਜਿਸ ਦੀ ਉਨ੍ਹਾਂ ਕੋਲੋਂ ਤਵੱਕੋ ਕੀਤੀ ਜਾ ਰਹੀ ਸੀ। ਜਿੱਥੋਂ ਤਕ ਪੰਜਾਬ ਦਾ ਤਾਅਲੁਕ ਹੈ, ਉਹ ਹਮੇਸ਼ਾ ਵਿਵਾਦਾਂ ਵਿਚ ਘਿਰੇ ਰਹੇ। ਸਾਕਾ ਨੀਲਾ ਤਾਰਾ ਵੇਲੇ ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਅੱਖਾਂ ਦੇ ਤਾਰੇ ਹੋਣ ਕਾਰਨ ‘ਪੰਥ ਦੋਖੀਆਂ’ ਦੀ ਕਤਾਰ ਵਿਚ ਆ ਗਏ ਸਨ। ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਨੁਕਸਾਨੀ ਇਮਾਰਤ ਦੀ ਨਵ-ਉਸਾਰੀ ਕਰਵਾਉਣ ਕਾਰਨ ਉਨ੍ਹਾਂ ਨੂੰ ਪੰਥ ’ਚੋਂ ਛੇਕਿਆ ਗਿਆ ਸੀ। ਜਦੋਂ ਉਹ ਭੁੱਲ ਬਖਸ਼ਾਉਣ ਲਈ ਸਿੰਘ ਸਾਹਿਬਾਨ ਦੇ ਅੱਗੇ ਪੇਸ਼ ਹੋਏ ਤਾਂ ਉਨ੍ਹਾਂ ਨੇ ਖਿੜੇ ਮੱਥੇ ਤਨਖ਼ਾਹ ਪ੍ਰਵਾਨ ਕਰਦਿਆਂ ਲੰਗਰ ਦੇ ਜੂਠੇ ਭਾਂਡੇ ਮਾਂਜਣ, ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਵਿਚ ਝਾੜੂ ਲਗਾਉਣ ਅਤੇ ਸੰਗਤਾਂ ਦੇ ਜੋੜੇ ਸਾਫ਼ ਕਰਨ ਆਦਿ ਦੀ ਸੇਵਾ ਇਕ ਨਿਮਾਣੇ ਸਿੱਖ ਦੇ ਤੌਰ ’ਤੇ ਨਿਭਾਈ ਸੀ। ਇਸ ਉਪਰੰਤ ਉਨ੍ਹਾਂ ਨੂੰ ਸਿੱਖ ਪੰਥ ’ਚ ਮੁੜ ਸ਼ਾਮਲ ਕਰ ਲਿਆ ਗਿਆ। ਅਜਿਹੀ ਸਖ਼ਤ ਤਨਖ਼ਾਹ ਕੋਈ ਸਿਦਕੀ ਤੇ ਗੁਰੂ ਘਰ ਨੂੰ ਪਰਣਾਇਆ ਸ਼ਰਧਾਵਾਨ ਸਿੱਖ ਹੀ ਨਿਭਾ ਸਕਦਾ ਹੈ। ਇਹ ਵੀ ਕੌੜੀ ਸੱਚਾਈ ਹੈ ਕਿ ਕਈ ‘ਉੱਚ ਦੁਮਾਲੜੇ’ ਵਾਲੇ ‘ਪੰਥਿਕ’ ਨੇਤਾ ਬੱਜਰ ਗੁਨਾਹ ਕਰਨ ਦੇ ਬਾਵਜੂਦ ਅਕਾਲ ਤਖ਼ਤ ’ਤੇ ਤਲਬ ਹੀ ਨਹੀਂ ਕੀਤੇ ਜਾ ਸਕੇ। ਇਸ ਦਾ ਮੂਲ ਕਾਰਨ ‘ਡਾਢੇ ਦਾ ਸੱਤੀਂ ਵੀਹੀਂ ਸੌ’ ਹੁੰਦਾ ਹੈ। ਫ਼ੌਜੀ ਐਕਸ਼ਨ ਤੋਂ ਬਾਅਦ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਤਨਖ਼ਾਹੀਆ ਕਰਾਰ ਦਿੰਦਿਆਂ ਉਨ੍ਹਾਂ ਨੂੰ ਵੀ ਤਲਬ ਕੀਤਾ ਗਿਆ ਸੀ ਪਰ ਵਿਸ਼ੇਸ਼

ਦੂਤ ਐਡਵੋਕੇਟ ਰਵੇਲ ਸਿੰਘ, ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ ਰਾਹੀਂ ਪੁੱਜੇ ਸਪਸ਼ਟੀਕਰਨ 'ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਗਿਆ। ਪੰਜਾਬੀ ਦੇ ਸਿਰਮੌਰ ਆਲੋਚਕ ਤੇ ਕਵੀ ਡਾ. ਹਰਿਭਜਨ ਸਿੰਘ ਦੀਆਂ ਸਤਰਾਂ ਯਾਦ ਆ ਰਹੀਆਂ ਹਨ :

ਸੱਚਾ ਤਖ਼ਤ ਜਿਨ੍ਹੇ ਢਾਹਿਆ ਸੀ, ਉਸੇ ਜਦੋਂ ਬਣਾਇਆ,
ਤਾਂ ਅਪਰਾਧੀ ਦੂਣਾ ਨਿੰਵਦਾ ਮੈਨੂੰ ਨਜ਼ਰੀਂ ਆਇਆ,
ਮੈਂ ਰੱਬ ਨੂੰ ਬਹੁਤ ਧਿਆਇਆ।

ਸਰਦਾਰ ਬੂਟਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਦੋਨੋਂ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ ਵਿਦਿਆਰਥੀ ਰਹੇ ਹਨ। ਦੋਨਾਂ ਨੂੰ ਬਾਣੀਆਂ ਕੰਠ ਸਨ ਅਤੇ ਉਨ੍ਹਾਂ ਨੂੰ ਸਿੱਖ ਮੁਹਾਵਰੇ ਵਿਚ ਗੱਲ ਕਰਨੀ ਆਉਂਦੀ ਸੀ। ਦੋਨਾਂ ਦੀ ਤਕਰੀਰ ਵਿਚ ਲੋਹੜੇ ਦੀ ਕਸ਼ਿਸ਼ ਸੀ। ਦੋਨਾਂ ਦਾ ਪਰਿਵਾਰਕ ਪਿਛੋਕੜ ਲਗਪਗ ਇੱਕੋ ਜਿਹਾ ਸੀ। ਸਿੱਖੀ ਦੀ ਪਾਣ ਚੜ੍ਹੀ ਹੋਣ ਦੇ ਬਾਵਜੂਦ ਕਾਂਗਰਸ ਵਿਚ ਵੱਡੇ ਅਹੁਦਿਆਂ 'ਤੇ ਉਹ ਬਿਰਾਜਮਾਨ ਰਹੇ। ਸਰਦਾਰ ਬੂਟਾ ਸਿੰਘ ਅੱਠ ਵਾਰ ਲੋਕ ਸਭਾ ਦੇ ਮੈਂਬਰ ਚੁਣੇ ਗਏ ਜੋ ਆਪਣੇ-ਆਪ ਵਿਚ ਇਕ ਰਿਕਾਰਡ ਹੈ। ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਬੂਟਾ ਸਿੰਘ ਹਿੱਟ ਲਿਸਟ 'ਤੇ ਆ ਗਏ। ਇਸ ਨਾਜ਼ੁਕ ਦੌਰ ਵਿਚ ਉਨ੍ਹਾਂ ਦੇ ਪਰਿਵਾਰ ਦਾ ਵੀ ਨੁਕਸਾਨ ਹੋਇਆ। ਇਸੇ ਕਰਕੇ ਕਾਂਗਰਸ ਨੇ ਉਨ੍ਹਾਂ ਨੂੰ ਜਲੌਰ ਤੋਂ ਲੋਕ ਸਭਾ ਦੀ ਚੋਣ ਲੜਾਈ ਤੇ ਉਹ ਭਾਰੀ ਵੋਟਾਂ ਨਾਲ ਜਿੱਤ ਹਾਸਲ ਕਰਦੇ ਰਹੇ। ਪੰਜਾਬ ਨੂੰ ਛੱਡ ਜਲੌਰ ਉਨ੍ਹਾਂ ਦੀ ਕਰਮ-ਭੂਮੀ ਬਣ ਗਿਆ। ਇੱਥੋਂ ਤਕ ਕਿ ਉਨ੍ਹਾਂ ਨੇ ਜਲੌਰ ਸੰਸਦੀ ਹਲਕੇ ਤੋਂ ਵੀ ਵੱਡੀ ਜਿੱਤ ਪ੍ਰਾਪਤ ਕੀਤੀ ਸੀ। ਰਾਜਨੀਤੀ ਦਾ ਆਗਾਜ਼ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਕੀਤੇ ਤੇ ਉਹ 1962 ਅਤੇ 1967 ਵਿਚ ਮੋਗੇ ਤੋਂ ਦੋ ਵਾਰ ਸੰਸਦ ਮੈਂਬਰ ਬਣੇ ਪਰ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਪਾਰਖੂ ਅੱਖ ਨੇ ਉਨ੍ਹਾਂ ਨੂੰ ਕਾਂਗਰਸ ਵਿਚ ਲੈ ਆਂਦਾ। ਜਨਤਾ ਪਾਰਟੀ ਦੀ ਲਹਿਰ ਵੇਲੇ 1977 ਵਿਚ ਕਾਂਗਰਸ ਦੋਫਾੜ ਹੋ ਗਈ ਤਾਂ ਉਹ ਇੰਦਰਾ ਗਾਂਧੀ ਨਾਲ ਚੱਟਾਨ ਵਾਂਗ ਖੜ੍ਹੇ ਰਹੇ। ਤਿੰਨ ਕੁ ਸਾਲਾਂ ਵਿਚ ਜਦੋਂ ਇੰਦਰਾ ਗਾਂਧੀ ਮੁੜ ਸੱਤਾ ਵਿਚ ਆਈ ਤਾਂ ਉਸ ਨੇ ਬੂਟਾ ਸਿੰਘ ਦੀ ਵਫ਼ਾਦਾਰੀ ਦਾ ਮੁੱਲ ਮੋੜਦਿਆਂ ਉਨ੍ਹਾਂ ਨੂੰ ਆਪਣੇ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ। ਵਰ੍ਹਿਆਂ-ਬੱਧੀ ਬੂਟਾ ਸਿੰਘ ਦੇ ਹੱਥ ਅਥਾਹ ਤਾਕਤ ਰਹੀ। ਉਹ ਨਿਸਚੇ ਹੀ ਦਲਿਤਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਕਲਿਆਣ ਵਿਚ ਜੁਟੇ ਰਹਿੰਦੇ। ਇਸੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਦਿਆਂ ਉਨ੍ਹਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਹੈ। ਰਾਹੁਲ ਗਾਂਧੀ ਅਤੇ ਅਨੇਕਾਂ ਦੇਸ਼ ਵਾਸੀਆਂ ਨੇ ਨਮ ਅੱਖਾਂ ਨਾਲ ਯਾਦ ਕਰਦਿਆਂ ਉਨ੍ਹਾਂ ਨੂੰ ਦਲਿਤਾਂ ਦਾ ਮਸੀਹਾ ਤਕ ਕਿਹਾ ਹੈ। ਸੱਚਮੁੱਚ ਹੀ ਵੱਡੇ ਨੇਤਾ ਛੋਟੇ ਘਰਾਂ 'ਚੋਂ ਪੈਦਾ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਰਾਜਿਆਂ-ਮਹਾਰਾਜਿਆਂ ਨੂੰ ਰੰਕ ਮਾਤ ਦਿੰਦੇ ਆਏ ਹਨ। ਬੁਲੰਦੀਆਂ 'ਤੇ ਰਹਿੰਦਿਆਂ ਵੀ ਉਨ੍ਹਾਂ ਦੇ ਪੈਰ ਜ਼ਮੀਨ 'ਤੇ ਟਿਕੇ ਹੋਏ ਸਨ। ਜੂਨ ਚੁਰਾਸੀ ਵਿਚ ਸਾਕਾ ਨੀਲਾ ਤਾਰਾ ਨਾ ਹੁੰਦਾ ਤਾਂ ਸ਼ਾਇਦ ਉਨ੍ਹਾਂ ਦੀ ਪੰਜਾਬ ਵਿਚ ਮਕਬੂਲੀਅਤ ਨੂੰ ਸੱਟ ਨਾ ਵੱਜਦੀ। ਕਾਂਗਰਸ ਦੀ ਇਸ ਬੱਜਰ ਗ਼ਲਤੀ ਨੇ ਉਨ੍ਹਾਂ ਨੂੰ ਪੰਜਾਬ ਤੋਂ ਦੂਰ ਰੱਖਿਆ। ਆਪਣੀਆਂ ਜੜ੍ਹਾਂ ਨਾਲੋਂ

ਟੁੱਟ ਕੇ ਕੋਈ ਵੀ ਬੂਟਾ-ਬਰੂਟਾ ਹਰਾ ਨਹੀਂ ਰਹਿ ਸਕਦਾ। ਇਕ ਸਮਾਂ ਆਇਆ ਕਿ ਉਹ ਆਪਣੀ ਪਾਰਟੀ ਤੋਂ ਇੰਨਾ ਕੁ ਦੂਰ ਹੋ ਗਏ ਕਿ ਫਿਰ ਮੁੱਖ ਧਾਰਾ ਵਿਚ ਵਾਪਸ ਨਾ ਆ ਸਕੇ। ਦਿੱਲੀ ਵਿਚ ਬ੍ਰੇਨ ਹੈਮਰੇਜ ਤੋਂ ਬਾਅਦ ਉਹ ਮੰਜੇ ਨਾਲ ਮੰਜਾ ਹੋ ਗਏ। ਉਨ੍ਹਾਂ ਦੀ ਆਪਣੀ ਪਾਰਟੀ ਦੇ ਅਣਗਿਣਤ ਨੇਤਾ ਇਸ ਕੱਦਾਵਰ ਨੇਤਾ ਦੀ ਖ਼ਬਰ ਤਕ ਲੈਣ ਤੋਂ ਵੀ ਕੰਨੀ ਕਤਰਾਉਂਦੇ ਰਹੇ। ਆਖ਼ਰ ਲੰਬੀ ਬਿਮਾਰੀ ਤੋਂ ਬਾਅਦ ਉਨ੍ਹਾਂ ਦਾ ਗੁਮਨਾਮੀ 'ਚ ਦੇਹਾਂਤ ਹੋ ਗਿਆ। ਅਜਿਹੀ ਸਥਿਤੀ ਵਿਚ ਸ਼ਰਧਾਂਜਲੀਆਂ ਮਗਰਮੱਛ ਦੇ ਹੰਝੂ ਵਹਾਉਣ ਵਰਗੀਆਂ ਲੱਗਦੀਆਂ ਹਨ। ਫਿਰ ਵੀ ਹਾਸ਼ੀਏ 'ਤੇ ਰਹਿਣ ਵਾਲੇ ਉਨ੍ਹਾਂ ਨੂੰ ਉਸ ਸੰਦਲ ਦੇ ਬੂਟੇ ਵਾਂਗ ਆਪਣੇ ਦਿਲਾਂ ਵਿਚ ਵਸਾਉਣਗੇ ਜੋ ਸੁੱਕਣ ਅਤੇ ਸੜਨ ਤੋਂ ਬਾਅਦ ਵੀ ਮਹਿਕਾਂ ਵੰਡਦਾ ਹੈ।

3 ਜਨਵਰੀ

# ਲੋਕ ਨਾਇਕ ਦੁੱਲਾ ਭੱਟੀ

ਪੰਜਾਬ, ਦੁੱਲੇ ਅਤੇ ਬੁੱਲ੍ਹੇ ਵਰਗੇ ਆਕੀਆਂ-ਬਾਗ਼ੀਆਂ ਦੀ ਧਰਤੀ ਹੈ। ਦੁੱਲੇ ਨੇ ਲੋਕ-ਪੀੜਾ ਨਾਲ ਸਾਂਝ ਪਾ ਕੇ ਰਾਵੀ ਅਤੇ ਝਨਾਅ ਦਰਮਿਆਨ ਵੱਸਦੇ ਸਾਂਦਲ ਬਾਰ ਵਿਚ ਸਾਂਝਾ ਚੁੱਲ੍ਹਾ ਬਾਲਿਆ ਸੀ। ਲੋਹੜੀ ਦੀਆਂ ਧੂਣੀਆਂ 'ਚੋਂ ਉੱਠਦੀਆਂ ਲਾਟਾਂ ਦੀ ਮਾਰਫ਼ਤ ਆਪਣੇ ਸਮੇਂ ਦੇ ਮਹਾਨਾਇਕ ਅਬਦੁੱਲਾ ਭੱਟੀ ਖ਼ਾਨ (ਦੁੱਲਾ ਭੱਟੀ) ਦੇ ਹਰ ਸਾਲ ਦੀਦਾਰ ਹੁੰਦੇ ਹਨ। ਸਡੌਲ ਤੇ ਮੋਕਲੇ ਹੱਡਾਂ ਵਾਲੇ ਇਸ ਛੈਲ-ਛਬੀਲੇ ਗੱਭਰੂ ਨੇ ਪੋਹ ਦੇ ਮਹੀਨੇ ਲਾਚਾਰ ਗ਼ਰੀਬ ਬ੍ਰਾਹਮਣ ਦੀਆਂ ਦੋ ਜਵਾਨ ਕੁੜੀਆਂ, ਸੁੰਦਰੀ ਤੇ ਮੁੰਦਰੀ ਨੂੰ ਅਗਵਾਕਾਰਾਂ ਕੋਲੋਂ ਛੁਡਵਾ ਕੇ ਸਾਂਦਲ ਬਾਰ ਦੇ ਜੰਗਲ ਵਿਚ ਬਾਲੀ ਧੂਣੀ ਦੁਆਲੇ ਫੇਰੇ ਕਰਵਾਉਣ ਤੋਂ ਬਾਅਦ ਉਨ੍ਹਾਂ ਦੀ ਝੋਲੀ ਲੱਪ ਸ਼ੱਕਰ ਪਾ ਕੇ ਕੰਨਿਆਦਾਨ ਕੀਤਾ ਸੀ। ਇਸ ਤੋਂ ਬਾਅਦ 'ਰਚਨਾ ਦੁਆਬ' (ਰਾਵੀ ਅਤੇ ਚਿਨਾਬ ਵਿਚਕਾਰਲਾ ਇਲਾਕਾ) ਸੱਤਾ ਖ਼ਿਲਾਫ਼ ਵਗਣ ਵਾਲੀ ਸੁਰਖ਼ ਹਵਾ ਦਾ ਰੌਸ਼ਨਦਾਨ ਬਣ ਗਿਆ। ਹਾਕਮਾਂ ਦੀ ਛਹਿ 'ਤੇ ਆਮ ਲੋਕਾਂ ਨੂੰ ਲੁੱਟਣ-ਪੁੱਟਣ ਵਾਲਿਆਂ ਨਾਲ ਲੋਹਾ ਲੈਣ ਲਈ ਦੁੱਲਾ ਧਾੜੇ ਮਾਰਨ ਲੱਗਾ। ਉਹ ਬਾਹੂ-ਬਲੀਆਂ ਅਤੇ ਧਨ-ਕੁਬੇਰਾਂ ਦੀਆਂ ਮੋਹਰਾਂ ਲੱਦੀਆਂ ਖੱਚਰਾਂ ਨੂੰ ਲੁੱਟਦਾ ਤੇ ਲੁੱਟ ਦਾ ਮਾਲ ਲੋੜਵੰਦਾਂ ਵਿਚ ਵੰਡ ਦਿੰਦਾ। ਦੁੱਲੇ ਦਾ ਜਨਮ ਪਿੰਡ ਭੱਟੀਆਂ (ਗੁੱਜਰਾਂਵਾਲਾ) ਵਿਚ ਆਪਣੇ ਪਿਤਾ ਫ਼ਰੀਦ ਖ਼ਾਨ ਭੱਟੀ ਦੀ ਲਾਹੌਰ ਵਿਚ ਹੋਈ ਜਨਤਕ ਫਾਂਸੀ ਤੋਂ ਕੁਝ ਦਿਨਾਂ ਬਾਅਦ 1547 ਵਿਚ ਹੋਇਆ ਸੀ। ਦੁੱਲੇ ਦੇ ਦਾਦਾ ਸਾਂਦਲ ਭੱਟੀ ਨੂੰ ਵੀ ਅਕਬਰ ਦੀ ਹਕੂਮਤ ਖ਼ਿਲਾਫ਼ ਝੰਡਾ ਚੁੱਕਣ ਦੇ ਦੋਸ਼ ਹੇਠ ਇਸੇ ਤਰ੍ਹਾਂ ਫਾਹੇ ਲਾਇਆ ਗਿਆ ਸੀ। ਸਾਂਦਲ ਬਾਰ ਵਿਚ ਦਰਅਸਲ ਭੱਟੀ ਸਰਦਾਰਾਂ ਦੀ ਹਕੂਮਤ ਸੀ। ਅਕਬਰ ਵੱਲੋਂ ਲਗਾਨ/ਮਾਲੀਆ ਲਗਾਉਣ ਤੋਂ ਬਾਅਦ ਸਾਂਦਲ ਨੇ ਬਗ਼ਾਵਤ ਕਰ ਦਿੱਤੀ। ਸਮੇਂ ਦੇ ਸ਼ਹਿਨਸ਼ਾਹ ਨੇ ਈਨ ਨਾ ਮੰਨਣ ਵਾਲੇ ਸਾਂਦਲ ਨੂੰ ਮਰਵਾ ਕੇ ਉਸ ਦੀ ਦੇਹ ਵਿਚ ਤੂੜੀ ਭਰਵਾ ਦਿੱਤੀ ਤੇ ਉਸ ਨੂੰ ਲਾਹੌਰ ਦੇ ਦਰਵਾਜ਼ੇ 'ਤੇ ਪੁੱਠੀ ਲਟਕਵਾ ਦਿੱਤਾ ਤਾਂ ਜੋ ਕੋਈ ਹੋਰ ਬਗ਼ਾਵਤ ਦਾ ਹੀਆ ਨਾ ਕਰ ਸਕੇ। ਸਾਂਦਲ ਦੇ ਫ਼ਰਜ਼ੰਦ, ਫ਼ਰੀਦ ਖ਼ਾਨ ਵਿਚ ਆਪਣੇ ਪਿਓ ਦਾ ਖ਼ੂਨ ਖ਼ੌਲ ਪਿਆ। ਮੁਗ਼ਲ ਹਕੂਮਤ ਦਾ ਉਹ ਦੂਜਾ ਬਾਗ਼ੀ ਸੀ ਜਿਸ ਦਾ ਹਸ਼ਰ ਵੀ ਆਪਣੇ ਬਾਪ ਵਰਗਾ ਹੀ ਹੋਇਆ। ਦੁੱਲੇ ਦਾ ਜਨਮ ਪਿਓ ਨੂੰ ਫਾਹੇ ਲਾਉਣ ਤੋਂ ਬਾਅਦ ਹੋਇਆ ਤਾਂ ਉਸ ਦੀ ਦਲੇਰ ਮਾਂ ਲੱਧੀ ਨੇ ਉਸ ਨੂੰ ਲਿਸ਼ਕਦੀ ਤਲਵਾਰ ਨੂੰ ਧੋ ਕੇ ਗੁੜ੍ਹਤੀ ਦਿੱਤੀ। ਲੱਧੀ ਨੇ ਉਸ ਨੂੰ ਆਪਣੇ-ਪਿਓ ਦਾਦੇ ਦੀ ਸ਼ਹਾਦਤ ਲੈਣ ਵਾਲੇ ਸੂਹੇ ਬੋਲਾਂ ਵਾਲੀਆਂ ਲੋਰੀਆਂ ਸੁਣਾਈਆਂ। ਪਿਓ-ਦਾਦੇ ਦੀ ਮਸ਼ਾਲ ਚੁੱਕ ਕੇ ਦੁੱਲਾ ਹਰਾਵਲ ਦਸਤੇ ਦੀ ਅਗਵਾਈ ਕਰਦਾ ਹੋਇਆ ਹਾਕਮਾਂ ਦੀ ਨੀਂਦ ਉਡਾ ਰਿਹਾ ਸੀ। ਇਸ ਤਰ੍ਹਾਂ ਉਹ

ਪੰਜਾਬ ਦਾ ਪਹਿਲਾ ਛਾਪਾਮਾਰ ਯੋਧਾ ਮੰਨਿਆ ਜਾਂਦਾ ਹੈ ਜਿਸ ਨੇ ਅਸਾਵੀਂ ਜੰਗ ਦਾ ਮੁੱਢ ਬੰਨ੍ਹਿਆ ਸੀ। ਅਕਬਰ ਨੇ ਆਪਣੀ ਫ਼ੌਜ ਦੇ ਕਮਾਂਡਰ ਨਿਜ਼ਾਮੂਦੀਨ ਨੂੰ ਦੁੱਲੇ ਦੀ ਅਲਖ ਮੁਕਾਉਣ ਦਾ ਹੁਕਮ ਚਾੜ੍ਹਿਆ। ਸੱਤਾ ਦੇ ਨਸ਼ੇ ਵਿਚ ਧੁੱਤ ਖ਼ੂੰਖਾਰ ਨਿਜ਼ਾਮੂਦੀਨ ਨੇ ਲਾਮ-ਲਸ਼ਕਰ ਨਾਲ ਪਿੰਡੀ ਭੱਟੀਆਂ ਨੂੰ ਚਾਰ-ਚੁਫੇਰਿਓਂ ਘੇਰ ਲਿਆ। ਦੁੱਲਾ ਉਸ ਵੇਲੇ ਆਪਣੇ ਨਾਨਕੇ ਗਿਆ ਹੋਇਆ ਸੀ। ਪਿੰਡੀ ਵਾਸੀਆਂ ’ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਦੁੱਲੇ ਦੀ ਮਾਂ ਲੱਧੀ ਸਣੇ ਪਿੰਡੀ ਦੇ ਬਾਗ਼ੀਆਂ ਨੂੰ ਸੰਗਲਾਂ ਨਾਲ ਨੂੜ ਕੇ ਅਕਬਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਇਸ ਦੁਖਾਂਤ ਦੀ ਝਲਕ ਇਸ ਲੋਕ ਗੀਤ ’ਚੋਂ ਵੇਖੀ ਜਾ ਸਕਦੀ ਹੈ :

> ਢੱਠੀ ਪਿੰਡੀ ਦੇਖ ਕੇ ਲੱਧੀ ਮਾਰੀ ਧਾਹ
> ਕੀਤੀਆਂ ਦੁੱਲਿਆ ਤੇਰੀਆਂ
> ਗਈਆਂ ਪੇਸ਼ ਲੱਧੀ ਦੇ ਆ।

ਦੁੱਲੇ ਵਰਗਾ ਸੂਰਮਾ ਕਿੱਥੇ ਕਿਸੇ ਦੇ ਹੱਥ ਆਉਣ ਵਾਲਾ ਸੀ! ਹਾਕਮਾਂ ਦੇ ਮੁਖ਼ਬਰ ਨੇ ਉਸ ਨੂੰ ਭੋਜਨ ਵਿਚ ਜ਼ਹਿਰ ਮਿਲਾ ਕੇ ਬੇਹੋਸ਼ ਕਰ ਦਿੱਤਾ ਤੇ ਫਿਰ ਨੂੜ ਕੇ ਅਕਬਰ ਦੇ ਦਰਬਾਰ ਲੈ ਗਏ। ਸਦੀ ਬਦਲਣ ਵਾਲੀ ਸੀ ਤੇ 1599 ਵਿਚ ਪਿਓ-ਦਾਦੇ ਵਾਂਗ ਦੁੱਲੇ ਨੂੰ ਵੀ ਜਨਤਕ ਤੌਰ ’ਤੇ ਫਾਂਸੀ ਲਗਾ ਕੇ ਉਸ ਦੀ ਲਾਸ਼ ਨੂੰ ਲਾਹੌਰ ਸ਼ਹਿਰ ਵਿਚ ਪੁੱਠਾ ਲਟਕਾ ਦਿੱਤਾ। ਤਿੰਨ ਪੀੜ੍ਹੀਆਂ ਦੇ ਬਾਂਕੇ ਬਾਗੀਆਂ ਨੇ ਪੰਜਾਬ ਨੂੰ ਬਾਂਕੀ ਨੁਹਾਰ ਬਖਸ਼ੀ। ਉਨ੍ਹਾਂ ਦੀ ਸ਼ਹਾਦਤ ਅਧੀਰ ਘੜੀਆਂ ਨੂੰ ਧੀਰ ਬਖਸ਼ਦੀ ਆਈ ਹੈ। ਉਨ੍ਹਾਂ ਦੀ ਸ਼ਹਾਦਤ ਨੇ ਪੰਜਾਬੀਆਂ ਨੂੰ ਲੱਧੀ ਵਾਂਗ ਹਾਕਮਾਂ ਦੀ ਟੈਂ ਨਾ ਮੰਨਣ ਵਾਲੀ ਗੁੜ੍ਹਤੀ ਦਿੱਤੀ ਤੇ ਸੂਰਬੀਰਤਾ ਦਾ ਮੰਗਲਾਚਰਣ ਲਿਖਿਆ ਹੈ। ਅਕਬਰ ਭਾਵੇਂ ਗੰਗਾ-ਜਮੁਨਾ ਤਹਿਜ਼ੀਬ ਦਾ ਨਾਇਕ ਸਮਝਿਆ ਜਾਂਦਾ ਹੈ ਪਰ ਭੱਟੀਆਂ ਨੂੰ ਸਰੇਬਾਜ਼ਾਰ ਫਾਂਸੀ ਲਗਾ ਕੇ ਉਸ ਦੀ ਛਬਿ ਨੂੰ ਸਦਾ ਗ੍ਰਹਿਣ ਲੱਗਿਆ ਰਹੇਗਾ। ਲੋਕ ਮਨਾਂ ਵਿਚ ਦੁੱਲਾ ਭੱਟੀ ਗ਼ਰੀਬ ਕੁੜੀਆਂ ਦਾ ਅੱਜ ਵੀ ਬਾਬਲ ਹੈ। ਇਸੇ ਲਈ ਲੋਕ ਗੀਤਾਂ ਵਿਚ ਲੋਹੜੀ ਦਾ ਸਮੂਹਿਕ ਗਾਣ-‘ਸੁੰਦਰ ਮੁੰਦਰੀਏ/ ਤੇਰਾ ਕੌਣ ਵਿਚਾਰਾ/ਦੁੱਲਾ ਭੱਟੀ ਵਾਲਾ, ਹੋ’ ਸਦਾ ਸਲਾਮਤ ਰਹੇਗਾ। ਕਈ ਇਤਿਹਾਸਕਾਰ ਮੰਨਦੇ ਹਨ ਕਿ ਦੁੱਲੇ ਦੇ ਪੁਰਖੇ ਅੰਤਰ-ਜਾਤੀ ਵਿਆਹ ਕਰਵਾਉਣ ਕਰਕੇ ਕੁਨਬੇ ’ਚੋਂ ਛੇਕੇ ਗਏ ਸਨ ਤੇ ਉਹ ਬਰਾਸਤਾ ਰਾਜਸਥਾਨ ਬਠਿੰਡੇ ਪਹੁੰਚ ਗਏ। ਭੱਟੀਆਂ ਦੇ ਰੈਣ-ਬਸੇਰੇ ਕਾਰਨ ਹੀ ਇਸ ਨੂੰ ‘ਭੱਟੀ-ਵਿੰਡਾ’ ਕਿਹਾ ਜਾਣ ਲੱਗਾ ਜੋ ਬਾਅਦ ਵਿਚ ਬਠਿੰਡਾ ਬਣ ਗਿਆ। ਬਠਿੰਡੇ ਦੇ ਨਾਮਕਰਨ ਬਾਰੇ ਵੈਸੇ ਹੋਰ ਵੀ ਚੰਦ ਦੰਦ-ਕਥਾਵਾਂ ਮਸ਼ਹੂਰ ਹਨ। ਇਸ ਤੋਂ ਬਾਅਦ ਇਸ ਭੱਟੀ ਕਬੀਲੇ ਦੇ ਕਾਫ਼ਲੇ ਨੇ ਰਚਨਾ ਦੁਆਬ ਵਿਚ ਪੱਕੀਆਂ ਜੜ੍ਹਾਂ ਲਗਾ ਲਈਆਂ। ਉਨ੍ਹਾਂ ਨੇ ਆਪਣੀ ਮਿਹਨਤ-ਮੁਸ਼ੱਕਤ ਨਾਲ ਜੰਗਲ ਵਿਚ ਮੰਗਲ ਕਰ ਲਿਆ। ਬਾਬਰਨਾਮਾ ਵਿਚ ਵੀ ਭੱਟੀਆਂ ਦੇ ਪੁਰਖਿਆਂ ਵੱਲੋਂ ਮੁਗਲਈਆ ਹਕੂਮਤ ਖ਼ਿਲਾਫ਼ ਕੀਤੀਆਂ ਬਗ਼ਾਵਤਾਂ ਦਾ ਜ਼ਿਕਰ ਹੈ। ਅਕਬਰ ਦੀਆਂ ਜਰੀਬਾਂ ਨੇ ਪਿੰਡੀ ਭੱਟੀਆਂ (ਦੁੱਲੇ ਕੇ) ਬਗ਼ਾਵਤ ਦਾ ਬੀਜ ਬੋਇਆ ਸੀ। ਪੰਜ ਪਾਣੀਆਂ ਦੇ ਇਨ੍ਹਾਂ ਜਾਇਆਂ ਨੂੰ ਮਜਬੂਰੀ ਵਿਚ ਧਾੜੇ ਮਾਰਨੇ ਪਏ। ਸਮੇਂ ਦੇ ਹਾਕਮਾਂ ਨੇ ਉਨ੍ਹਾਂ ਨੂੰ ਖਲਨਾਇਕ ਕਿਹਾ ਪਰ ਆਮ

ਲੋਕਾਂ ਦੀ ਚੇਤਨਾ ਵਿਚ ਉਹ ਮਹਾਨਾਇਕ ਬਣ ਕੇ ਉੱਭਰੇ। ਲੋਕ ਧਾਰਾਈ ਪ੍ਰਵਾਹ ਦਾ ਉਹ ਅੱਜ ਵੀ ਹਿੱਸਾ ਹਨ। ਕਈਆਂ ਦਾ ਕਹਿਣਾ ਹੈ ਕਿ ਸੂਫ਼ੀਆਂ ਅਤੇ ਬਾਗ਼ੀਆਂ ਦਾ ਪੰਧ ਇੱਕੋ ਜਿਹਾ ਹੈ। ਆਮ ਤੌਰ 'ਤੇ ਲੁੱਟਣ ਵਾਲੇ ਬਦਨਾਮ ਹੁੰਦੇ ਹਨ ਪਰ ਪੰਜ-ਆਬ ਦੇ ਇਹ ਜਾਏ ਲੋਕਾਂ ਖ਼ਾਤਰ ਧਾੜੇ ਮਾਰ ਕੇ ਅਮਰ ਹੋ ਗਏ। ਇਸੇ ਲਈ ਜੱਗਾ ਡਾਕੂ, ਜਿਊਣਾ ਮੌੜ ਅਤੇ ਦੁੱਲਾ ਭੱਟੀ ਦੀਨ-ਦੁਖੀਆਂ ਦੇ ਅੱਜ ਵੀ ਮਸੀਹਾ ਮੰਨੇ ਜਾਂਦੇ ਹਨ। ਸੂਫ਼ੀ-ਸੰਤ ਸ਼ਾਹ ਹੁਸੈਨ ਦੀ ਰੂਹ ਦੁੱਲੇ ਭੱਟੀ ਦੀ ਸ਼ਹਾਦਤ ਤੋਂ ਬਾਅਦ ਕੁਰਲਾਅ ਉੱਠੀ ਸੀ ਤੇ ਉਸ ਨੇ ਭਰੀਆਂ ਅੱਖਾਂ ਨਾਲ ਉਸ ਦੀਆਂ ਅੰਤਿਮ ਰਸਮਾਂ ਨਿਭਾਈਆਂ ਸਨ। ਨਜਮ ਹੁਸੈਨ ਸਈਅਦ ਆਪਣੇ ਨਾਟਕ 'ਤਖ਼ਤ ਲਾਹੌਰ' ਵਿਚ ਦੁੱਲੇ ਨੂੰ 'ਬਲ਼ਦੀ ਸੋਚ' ਅਤੇ 'ਮਘਦਾ ਵਿਚਾਰ' ਕਹਿੰਦਾ ਹੈ। ਉਹ ਉਸ ਨੂੰ ਸਾਂਦਲ ਬਾਰ ਦੇ ਜੰਗਲ-ਬੇਲਿਆਂ ਦਾ ਬੱਬਰ ਸ਼ੇਰ ਮੰਨਦਾ ਹੈ। ਉਹ ਨਗਾਰੇ 'ਤੇ ਡਗਾ ਮਾਰਦਾ ਤਾਂ ਉਸ ਦੀ ਧਮਕ ਲਾਹੌਰ ਦਰਬਾਰ ਵਿਚ ਪੁੱਜਦੀ।

10 ਜਨਵਰੀ

# ਸੰਵਾਦ ਦੇ ਆਸਾਰ

ਕਿਸਾਨ ਆਗੂਆਂ ਅਤੇ ਕੇਂਦਰ ਸਰਕਾਰ ਦਰਮਿਆਨ ਹਫ਼ਤੇ ਭਰ ਤੋਂ ਆਏ ਡੈੱਡਲਾਕ ਤੋਂ ਬਾਅਦ ਸੰਵਾਦ ਲਈ ਖਿੜਕੀ ਮੁੜ ਖੁੱਲ੍ਹਣ ਦੀ ਸੰਭਾਵਨਾ ਉਜਾਗਰ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਵਰਚੂਅਲ ਮੀਟਿੰਗ ਦੌਰਾਨ ਸਪਸ਼ਟ ਕਿਹਾ ਹੈ ਕਿ ਸਰਕਾਰ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਲਈ ਹਮੇਸ਼ਾ ਤਿਆਰ ਹੈ ਬਸ਼ਰਤੇ ਕਿ ਉਹ ਇਸ ਲਈ ਪਹਿਲ ਕਰਨ। ਦੂਜੇ ਪਾਸੇ ਕਿਸਾਨ ਸੰਘਰਸ਼ ਕਮੇਟੀ ਦੇ ਨੇਤਾਵਾਂ ਨੇ ਇਸ ਪੇਸ਼ਕਸ਼ ਦਾ ਸਵਾਗਤ ਕਰਦਿਆਂ ਕਿਹਾ ਕਿ ਪਹਿਲ ਤਾਂ ਪ੍ਰਧਾਨ ਮੰਤਰੀ ਨੂੰ ਕਰਨੀ ਚਾਹੀਦੀ ਹੈ। ਪਿਛਲੇ 66 ਦਿਨਾਂ ਤੋਂ ਚੱਲੇ ਆ ਰਹੇ ਕਿਸਾਨ ਅੰਦੋਲਨ ਤੋਂ ਬਾਅਦ ਅਜਿਹੇ ਸੰਕੇਤ ਸ਼ੁਭ ਸ਼ਗਨ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 22 ਜਨਵਰੀ ਦੀ ਮੀਟਿੰਗ ਦੌਰਾਨ ਖੇਤੀ ਕਾਨੂੰਨਾਂ ’ਤੇ ਡੇਢ ਸਾਲ ਅਮਲ ਰੋਕਣ ਵਾਲੀ ਤਜਵੀਜ਼ ’ਤੇ ਸਰਕਾਰ ਹਾਲੇ ਵੀ ਕਾਇਮ ਹੈ। ਗਣਤੰਤਰ ਦਿਵਸ ’ਤੇ ਕੁਝ ਹੁੱਲੜਬਾਜ਼ਾਂ ਵੱਲੋਂ ਲਾਲ ਕਿਲ੍ਹੇ ’ਤੇ ਕੇਸਰੀ ਝੰਡਾ ਚੜ੍ਹਾਉਣ ਅਤੇ ਹਿੰਸਕ ਝੜਪਾਂ ਤੋਂ ਬਾਅਦ ਸਥਿਤੀ ਬੇਹੱਦ ਨਾਜ਼ੁਕ ਬਣ ਗਈ ਸੀ। ਇਸ ਤੋਂ ਇਲਾਵਾ ਸਰਕਾਰ ਨੇ ਐੱਮਐੱਸਪੀ ’ਤੇ ਗਾਰੰਟੀ ਦੇਣ ਦਾ ਵੀ ਸੰਕੇਤ ਦਿੱਤਾ ਹੈ ਜੋ ਪੱਛੋਂ ਵੱਲੋਂ ਆ ਰਹੀ ਰੁਮਕਦੀ ਹਵਾ ਦੇ ਬੁੱਲੇ ਵਾਂਗ ਪ੍ਰਤੀਤ ਹੋ ਰਿਹਾ ਹੈ। ਗਣਤੰਤਰ ਦਿਵਸ ’ਤੇ ਹੋਈ ਅਰਾਜਕਤਾ ਲਈ ਕਿਸਾਨ ਸੰਘਰਸ਼ ਕਮੇਟੀ ਨੇ ‘ਕਾਲੀਆਂ ਭੇਡਾਂ’ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲਿਦਾਨ ਦਿਵਸ ਨੂੰ ‘ਸਦਭਾਵਨਾ ਦਿਵਸ’ ਦੇ ਤੌਰ ’ਤੇ ਮਨਾ ਕੇ ਕਿਸਾਨ ਆਗੂਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਅਹਿੰਸਾ ਦੇ ਪੁਜਾਰੀ ਹਨ। ਉਨ੍ਹਾਂ ਵੱਲੋਂ ਕੱਢਿਆ ‘ਤਿਰੰਗਾ ਮਾਰਚ’ ਵੀ ਸਪਸ਼ਟ ਕਰਦਾ ਹੈ ਕਿ ਉਹ ਰਾਸ਼ਟਰੀ ਝੰਡੇ ਦਾ ਪੂਰਾ ਸਨਮਾਨ ਕਰਦੇ ਹਨ ਅਤੇ ਉਨ੍ਹਾਂ ਦਾ ਹਿੰਸਾ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਪੋਹ ਅਤੇ ਮਾਘ ਦੀ ਹੱਡ ਕੜਕਵੀਂ ਠੰਢ ਦੇ ਬਾਵਜੂਦ ਉਹ ਪਰਿਵਾਰਾਂ ਸਮੇਤ ਦਿੱਲੀ ਦੀਆਂ ਸੜਕਾਂ ’ਤੇ ਸ਼ਾਂਤਮਈ ਬੈਠੇ ਰਹੇ ਤੇ ਉਨ੍ਹਾਂ ਨੇ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਬਾਰੇ ਕਦੇ ਨਹੀਂ ਸੋਚਿਆ। ਗਣਤੰਤਰ ਦਿਵਸ ’ਤੇ ਵਾਪਰੀਆਂ ਮਨਹੂਸ ਘਟਨਾਵਾਂ ਤੋਂ ਬਾਅਦ ਗਾਜ਼ੀਪੁਰ ਬਾਰਡਰ ’ਤੇ ਧਰਨਾ ਦੇ ਰਹੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਹੰਝੂ ਕੇਰਦਿਆਂ ਕਿਹਾ ਸੀ ਕਿ ਕੁਝ ਗੈਰ-ਸਮਾਜੀ ਅਤੇ ਭਾੜੇ ਦੇ ਸ਼ਰਾਰਤੀ ਅਨਸਰਾਂ ਨੇ ਅੰਦੋਲਨ ਨੂੰ ਬਦਨਾਮ ਕਰਨ ਲਈ ਡੂੰਘੀ ਸਾਜ਼ਿਸ਼ ਰਚੀ ਸੀ। ਉਨ੍ਹਾਂ ਵੱਲੋਂ ਕੇਰੇ ਚਾਰ ਬੂੰਦ ਹੰਝੂਆਂ ਨੇ ਕਿਸਾਨ ਅੰਦੋਲਨ ਵਿਚ ਨਵੀਂ ਰੂਹ ਫੂਕ ਦਿੱਤੀ। ਉਨ੍ਹਾਂ ਕਿਹਾ ਕਿ ਉਹ ਓਨੀ ਦੇਰ ਅੰਨ-ਪਾਣੀ ਨੂੰ ਮੂੰਹ ਨਹੀਂ ਲਾਉਣਗੇ ਜਦ ਤਕ ਉਨ੍ਹਾਂ ਦੀ ਧਰਤੀ ਤੋਂ ਇਹ ਨਹੀਂ ਲਿਆਂਦਾ

ਜਾਂਦਾ। ਇਸ ਤੋਂ ਬਾਅਦ ਟਿਕੈਤ ਦੇ ਹਮਾਇਤੀਆਂ ਦਾ ਜਨ-ਸੈਲਾਬ ਉਮੜ ਆਇਆ ਤੇ ਢਹਿੰਦੀ ਕਲਾ ਵੱਲ ਜਾ ਰਹੇ ਅੰਦੋਲਨ ਨੂੰ ਇਕ ਵਾਰ ਮੁੜ ਹੁੰਗਾਰਾ ਮਿਲ ਗਿਆ। ਦੂਜੇ ਪਾਸੇ ਸਿੰਘੂ ਅਤੇ ਟਿਕਰੀ ਬਾਰਡਰਾਂ 'ਤੇ ਬੈਠੇ ਕਿਸਾਨਾਂ ਖ਼ਿਲਾਫ਼ ਹੱਥਾਂ ਵਿਚ ਤਿਰੰਗੇ ਲਈ 'ਸਥਾਨਕ' ਲੋਕਾਂ ਨੇ ਜਹਾਦ ਛੇੜ ਦਿੱਤਾ। ਮੂਕ ਦਰਸ਼ਕ ਪੁਲਿਸ ਨੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਅੱਗੇ ਜਾਣ ਦਿੱਤਾ ਜਿਸ ਨਾਲ ਸਥਿਤੀ ਬੇਹੱਦ ਵਿਸਫੋਟਕ ਬਣੀ ਰਹੀ। ਹਿੰਸਕ ਝੜਪਾਂ ਨੇ ਇਕ ਵਾਰ ਫਿਰ ਦਿੱਲੀ ਪੁਲਿਸ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਆਂਦਾ। ਜਥੇਦਾਰ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕਿਸਾਨ ਆਗੂਆਂ ਅਤੇ ਸਰਕਾਰ ਨੂੰ ਕੀਤੀ ਗਈ ਅਪੀਲ ਵੀ ਮਸਲੇ ਦਾ ਸੁਖਦ ਹੱਲ ਕੱਢਣ ਲਈ ਅਹਿਮ ਪਹਿਲਕਦਮੀ ਜਾਪ ਰਹੀ ਹੈ। ਡੈੱਡਲਾਕ 'ਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਨੇ ਕਿਹਾ ਹੈ ਕਿ ਜ਼ਿੱਦ ਜਾਂ ਅੜੀਅਲ ਰਵੱਈਆ ਅਖ਼ਤਿਆਰ ਕਰਨ ਦੀ ਥਾਂ ਦੋਨਾਂ ਧਿਰਾਂ ਨੂੰ ਇਕ-ਇਕ ਕਦਮ ਪਿੱਛੇ ਹਟਣਾ ਚਾਹੀਦਾ ਹੈ। ਸੰਵਾਦ ਰਾਹੀਂ ਮਸਲੇ ਦਾ ਹੱਲ ਕੱਢਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਦੇਸ਼ ਦੀ ਭਲਾਈ ਲਈ ਹੋਵੇਗਾ। ਗਣਤੰਤਰ ਦਿਵਸ 'ਤੇ ਹੋਈ ਹੁੱਲੜਬਾਜ਼ੀ ਨੂੰ ਵੀ ਉਨ੍ਹਾਂ ਮੰਦਭਾਗਾ ਆਖਿਆ ਹੈ। ਮੰਦਭਾਗੀਆਂ ਘਟਨਾਵਾਂ ਲਈ ਜ਼ਿੰਮੇਵਾਰ ਅਨਸਰਾਂ ਨੂੰ ਨੱਥ ਪਾਉਣ ਦੀ ਬਜਾਏ ਨਿਰਦੋਸ਼ਾਂ 'ਤੇ ਤਸ਼ੱਦਦ ਕਰਨ ਦੀ ਵੀ ਉਨ੍ਹਾਂ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਮੇਂ ਸਿਰ ਆਈ ਜਥੇਦਾਰ ਅਕਾਲ ਤਖ਼ਤ ਦੀ ਅਪੀਲ ਮੰਨ ਕੇ ਮਸਲੇ ਦਾ ਹੱਲ ਕੱਢਣਾ ਦਾਨਿਸ਼ਮੰਦੀ ਹੋਵੇਗੀ। ਅੱਸੀਵਿਆਂ ਦੌਰਾਨ ਪੰਜਾਬ ਅਤੇ ਪੰਜਾਬੀਆਂ ਨੇ ਵੱਡਾ ਸੰਤਾਪ ਹੰਢਾਇਆ ਸੀ ਜਿਸ ਲਈ ਸਮੇਂ ਦੀ ਲੀਡਰਸ਼ਿਪ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ। ਨੇਤਾ ਲੋਕ ਸਮੇਂ ਦੇ ਹਾਣੀ ਹੁੰਦੇ ਤਾਂ ਪੰਜਾਬ ਅੱਜ ਵੀ ਦੇਸ਼ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਹੋਣਾ ਸੀ। ਸੱਚਾਈ ਤਾਂ ਇਹ ਹੈ ਕਿ ਪੰਜਾਬ ਦੇ ਨੇਤਾ ਡੂੰਘੀਆਂ ਸਾਜ਼ਿਸ਼ਾਂ ਦੀ ਥਾਹ ਪਾਉਣ 'ਚ ਅਸਫਲ ਰਹੇ ਜਿਸ ਕਾਰਨ ਸੂਬੇ ਨੂੰ ਕਾਲੇ ਦਿਨ ਵੇਖਣੇ ਪਏ ਸਨ। ਕਿਸਾਨ ਅੰਦੋਲਨ ਦੀ ਆੜ ਵਿਚ ਫਿਰ ਕੁਝ ਗਰਮ ਦਲੀਆਂ ਨੇ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਚੰਗੀ ਗੱਲ ਇਹ ਹੈ ਕਿ ਸ਼ਾਂਤਮਈ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਵੱਖਵਾਦੀਆਂ ਨੂੰ ਆਪਣੇ ਤੋਂ ਵੱਖ ਕਰ ਕੇ ਸਮੇਂ ਦੀ ਨਬਜ਼ ਨੂੰ ਪਛਾਣਿਆ ਹੈ। ਚੰਗਾ ਹੁੰਦਾ ਜੇ ਉਹ ਦੀਪ ਸਿੱਧੂ ਅਤੇ ਲੱਖਾ ਸਧਾਣਾ ਵਰਗਿਆਂ ਨੂੰ ਪਹਿਲਾਂ ਹੀ ਅਲੱਗ-ਥਲੱਗ ਕਰ ਦਿੰਦੇ ਅਤੇ ਅੰਦੋਲਨਕਾਰੀਆਂ ਦੀ ਬਦਨਾਮੀ ਨਾ ਹੁੰਦੀ। ਦੀਪ ਸਿੱਧੂ ਨੂੰ ਆਪਣੇ ਮੰਚ ਤੋਂ ਬੁਲਾਉਣ ਵਾਲਿਆਂ ਨੇ ਹੁਣ ਆਪਣੀ ਗ਼ਲਤੀ ਮੰਨਦਿਆਂ ਕਿਹਾ ਹੈ ਕਿ ਉਸ ਨੇ ਉਨ੍ਹਾਂ ਦਾ ਮੋਢਾ ਵਰਤਿਆ ਹੈ। ਦੂਜੇ ਪਾਸੇ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ ਦੀਪ ਸਿੱਧੂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਹੈ। ਵਿਡੰਬਣਾ ਇਹ ਹੈ ਕਿ ਦੀਪ ਸਿੱਧੂ ਫੇਸਬੁੱਕ 'ਤੇ ਖ਼ੁਦ ਲਾਈਵ ਹੋ ਕੇ ਕਹਿ ਰਿਹਾ ਹੈ ਕਿ ਲਾਲ ਕਿਲ੍ਹੇ ਵਿਚ ਜੋ ਹੋਇਆ, ਉਹ ਠੀਕ ਹੈ। ਉਸ ਦਾ ਪਰਿਵਾਰਕ ਪਿਛੋਕੜ ਵੀ ਕਿਸੇ ਤੋਂ ਗੁੱਝਾ ਨਹੀਂ ਹੈ। ਕਿਸਾਨ ਆਗੂ ਸ਼ਰੇਆਮ ਕਹਿ ਰਹੇ ਹਨ ਕਿ ਦੀਪ ਸਿੱਧੂ ਵਰਗਿਆਂ ਨੇ 'ਢਾਈ ਲੱਖ ਅਮਰੀਕੀ ਡਾਲਰ' ਲੈਣ ਦੇ ਲੋਭ ਵਿਚ ਲਾਲ ਕਿਲ੍ਹੇ 'ਚ ਹੁੱਲੜਬਾਜ਼ੀ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ

ਦਾ ਇਹ ਕਸੂਰ ਜ਼ਰੂਰ ਹੈ ਕਿ ਉਹ ਅੰਦੋਲਨ ਨੂੰ ਲੀਹੋਂ ਲਾਹੁਣ ਵਾਲਿਆਂ ਨੂੰ ਸਮੇਂ ਸਿਰ ਪਛਾਣ ਨਾ ਸਕੇ। ਉਹ ਇਸ ਗੱਲ ਤੋਂ ਵੀ ਅਨਜਾਣ ਸਨ ਕਿ ਕੁਝ ਕੁ ਤੱਤੇ ਨਾਅਰੇ ਜਨ-ਸਮੂਹ ਨੂੰ ਭੀੜਤੰਤਰ 'ਚ ਬਦਲਣ ਲਈ ਕਾਫ਼ੀ ਹੁੰਦੇ ਹਨ ਅਤੇ ਭੀੜ ਦੀ ਲਗਾਮ ਇਕ ਨਹੀਂ ਬਲਕਿ ਅਨੇਕ ਹੱਥਾਂ ਵਿਚ ਹੁੰਦੀ ਹੈ। ਟਰੈਕਟਰ ਪਰੇਡ ਕੱਢਣ ਲਈ ਅੜਨ ਵੇਲੇ ਉਨ੍ਹਾਂ ਨੂੰ ਅਜਿਹੇ ਖ਼ਤਰੇ ਨੂੰ ਭਾਂਪ ਲੈਣਾ ਚਾਹੀਦਾ ਸੀ। ਗਣਤੰਤਰ ਦਿਵਸ 'ਤੇ ਹੋਈ ਹੁੱਲੜਬਾਜ਼ੀ ਤੋਂ ਬਾਅਦ ਕਿਸਾਨ ਆਗੂਆਂ ਨੂੰ ਆਪਣਾ ਪਹਿਲੀ ਫਰਵਰੀ ਵਾਲਾ ਪ੍ਰਸਤਾਵਿਤ ਮਾਰਚ ਰੱਦ ਕਰਨਾ ਪਿਆ ਸੀ। ਕਾਸ਼! ਟਰੈਕਟਰ ਪਰੇਡ ਕੱਢਣ ਤੋਂ ਪਹਿਲਾਂ ਵੀ ਇਸ ਦੇ ਅੰਜਾਮ ਨੂੰ ਭਾਂਪ ਲਿਆ ਹੁੰਦਾ। ਗਣਤੰਤਰ ਦਿਵਸ 'ਤੇ ਜੋ ਹੋਇਆ ਉਹ ਭਾਵਨਾਵਾਂ ਦੇ ਵਹਿਣ ਦਾ ਸਿੱਟਾ ਬਿਲਕੁਲ ਨਹੀਂ ਸੀ। ਇਹ ਬਾਕਾਇਦਾ ਗਿਣੀ-ਮਿੱਥੀ ਸਾਜ਼ਿਸ਼ ਦਾ ਨਤੀਜਾ ਸੀ।

31 ਜਨਵਰੀ

# ਚੱਕ, ਚੱਕੀ ਤੇ ਚੱਕਾ ਜਾਮ

ਗਣਤੰਤਰ ਦਿਵਸ ’ਤੇ ਟਰੈਕਟਰ ਮਾਰਚ ਦੌਰਾਨ ਹੋਈ ਹੁੱਲੜਬਾਜ਼ੀ ਤੋਂ ਬਾਅਦ ਸ਼ਨਿਚਰਵਾਰ ਨੂੰ ਹੋਇਆ ਕਿਸਾਨਾਂ ਦਾ ਚੱਕਾ ਜਾਮ ਅੰਦੋਲਨ ਲਗਪਗ ਸ਼ਾਂਤਮਈ ਰਿਹਾ। ਐਂਬੂਲੈਂਸਾਂ ਅਤੇ ਹੋਰ ਜ਼ਰੂਰੀ ਸੇਵਾਵਾਂ ’ਚ ਕੋਈ ਵਿਘਨ ਨਹੀਂ ਪਾਇਆ ਗਿਆ। ਅਜਿਹਾ ਜ਼ਾਬਤਾ ਜੇ 26 ਜਨਵਰੀ ਨੂੰ ਵੀ ਰੱਖਿਆ ਜਾਂਦਾ ਤਾਂ ਕਿਸਾਨ ਅੰਦੋਲਨ ’ਤੇ ਕੋਈ ਹਰਫ਼ ਨਹੀਂ ਸੀ ਆਉਣਾ। ਦਿੱਲੀ ਦੀਆਂ ਬਰੂਹਾਂ ਨੂੰ ‘ਕਿੱਲਬੰਦੀ ਅਤੇ ਕਿਲ੍ਹਾਬੰਦੀ’ ਵਿਚ ਤਬਦੀਲ ਕਰਨ ਦਾ ਵੀ ਕੋਈ ਆਨਾ-ਬਹਾਨਾ ਨਹੀਂ ਸੀ ਮਿਲਣਾ। ਗੰਨਾ ਉਤਪਾਦਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਨੂੰ ਬੰਦ ਦੇ ਸੱਦੇ ਤੋਂ ਬਾਹਰ ਰੱਖਿਆ ਗਿਆ। ਗਣਤੰਤਰ ਦਿਵਸ ’ਤੇ ਹੋਈ ਵਿਆਪਕ ਹਿੰਸਾ ਕਾਰਨ ਦਿੱਲੀ/ਐੱਨਸੀਆਰ ’ਚ ਚੱਕਾ ਵੀ ਜਾਮ ਨਾ ਕਰਨ ਦਾ ਫ਼ੈਸਲਾ ਦੱਸਦਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਨੇ ਬੀਤੇ ਤੋਂ ਸਬਕ ਲੈਂਦਿਆਂ ਦਰੁਸਤ ਫ਼ੈਸਲਾ ਕੀਤਾ ਹੈ। ‘ਮੇਰਾ ਦਾਗਿਸਤਾਨ’ ਵਿਚ ਰਸੂਲ ਹਮਜ਼ਾਤੋਵ ਲਿਖਦਾ ਹੈ, ‘ਜੇ ਬੀਤੇ ’ਤੇ ਗੋਲ਼ੀ ਮਾਰੋਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।’ ਦੀਵਾਰ ’ਤੇ ਲਿਖਿਆ ਪੜ੍ਹਨ ਤੋਂ ਬਾਅਦ ਉਸ ’ਤੇ ਅਮਲ ਕਰਨਾ ਸਭ ਤੋਂ ਵੱਡੀ ਸਿਆਣਪ ਹੁੰਦੀ ਹੈ। ਗਣਤੰਤਰ ਦਿਵਸ ’ਤੇ ਕੁਝ ਕਾਲੀਆਂ ਭੇਡਾਂ ਨੇ ਕਿਸਾਨ ਅੰਦੋਲਨ ਨੂੰ ਬਦਨਾਮੀ ਦਿਵਾਈ ਸੀ। ਭੇਡਚਾਲ ਉਂਜ ਵੀ ਘਾਤਕ ਸਿੱਧ ਹੁੰਦੀ ਹੈ। ਸਿਆਣੇ ਕਹਿੰਦੇ ਹਨ ਕਿ ਅਕਲਮੰਦਾਂ ਦੇ ਪੈਰਾਂ ਵਿਚ ਵੀ ਅੱਖਾਂ ਹੁੰਦੀਆਂ ਹਨ ਅਤੇ ਉਹ ਕਦੇ ਗੁਮਰਾਹ ਨਹੀਂ ਹੁੰਦੇ। ਕੁਝ ਹੁੱਲੜਬਾਜ਼ਾਂ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਰਾਜਧਾਨੀ ਵਿਚ ਕੁਹਰਾਮ ਮਚਾ ਦਿੱਤਾ ਸੀ। ਲਾਲ ਕਿਲ੍ਹੇ ’ਤੇ ਚੜ੍ਹਾਏ ਗਏ ਕੇਸਰੀ ਝੰਡੇ ਤੋਂ ਸਪਸ਼ਟ ਸੀ ਕਿ ਸਾਜ਼ਿਸ਼ੀਆਂ ਨੇ ਇਸ ਦੀ ਪਹਿਲਾਂ ਤੋਂ ਹੀ ਰਿਹਰਸਲ ਕੀਤੀ ਹੋਈ ਸੀ। ਅਫਰੀਕਾ ਦੀ ਲੋਕੋਕਤੀ ਹੈ, ‘ਜੇ ਕੱਛੂਕੁੰਮਾ ਕੰਧ ’ਤੇ ਚੜ੍ਹਿਆ ਨਜ਼ਰ ਆਵੇ ਤਾਂ ਸਮਝ ਲਵੋ ਕਿ ਉਸ ਦੀ ਇਮਦਾਦ ਕਰਨ ਵਾਲਾ ਹੱਥ ਵੀ ਨੇੜੇ-ਤੇੜੇ ਹੀ ਹੈ।’ ਹੁੱਲੜਬਾਜ਼ਾਂ ਬਾਰੇ ਯੂਨਾਨ ਦੀ ਕਹਾਵਤ ਹੈ ਕਿ ਭੂਤਰੇ ਸਾਨ੍ਹ ਨੂੰ ਕੱਚੇ ਧਾਗਿਆਂ ਨਾਲ ਨਹੀਂ ਬੰਨ੍ਹਿਆ ਜਾ ਸਕਦਾ।’ ਭੀੜ ਨੂੰ ਭਾੜੇ ਦੇ ਟੱਟੂ ਕਿਸੇ ਵੀ ਖੂਹ-ਖਾਈ ਵਿਚ ਸੁੱਟ ਸਕਦੇ ਹਨ। ਕਿਸਾਨਾਂ ਦਾ ਅੰਦੋਲਨ ਪਹਿਲੇ ਹੀ ਦਿਨ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਵਿੱਢਿਆ ਗਿਆ ਸੀ। ਦੋ ਮਹੀਨਿਆਂ ਤੋਂ ਵੱਧ ਸਮਾਂ ਸ਼ਾਂਤਮਈ ਰਹਿਣ ਤੋਂ ਬਾਅਦ ਕੁਝ ਸ਼ਰਾਰਤੀ ਅਨਸਰਾਂ ਨੇ ‘ਫੈਡਰਲ ਢਾਂਚੇ’ ਅਤੇ ਪੰਜਾਬ ਦੀਆਂ ਕੁਝ ਉਨ੍ਹਾਂ ਮੰਗਾਂ ਨੂੰ ਉਠਾਉਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦਾ ਖੇਤੀ ਕਾਨੂੰਨਾਂ ਨਾਲ ਦੂਰ-ਨੇੜੇ ਦਾ ਵੀ ਸਬੰਧ ਨਹੀਂ ਸੀ। ਅਤੀਤ ਵੱਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਅਜਿਹੇ ਨਾਅਰੇ ਪੰਜਾਬ ਅੰਦਰ ਖ਼ੂਨ-ਖ਼ਰਾਬੇ

ਦਾ ਸਬੱਬ ਬਣੇ ਸਨ। ਚਾਰ ਅਕਤੂਬਰ 1982 ਨੂੰ ਵਿੱਢਿਆ 'ਧਰਮ ਯੁੱਧ' ਵੀ ਇਸੇ ਤਰ੍ਹਾਂ ਹਾਈਜੈਕ ਹੋ ਗਿਆ ਸੀ ਜਿਸ ਕਾਰਨ ਘਰ-ਘਰ ਸੱਥਰ ਵਿਛ ਗਏ ਸਨ। ਇਹ ਕੌੜਾ ਸੱਚ ਹੈ ਕਿ ਤੱਤੇ ਨਾਅਰੇ ਚੁੱਲ੍ਹੇ ਬਾਲ ਤਾਂ ਨਹੀਂ ਸਕਦੇ, ਬੁਝਾ ਜ਼ਰੂਰ ਦਿੰਦੇ ਹਨ। ਲਾਲ ਕਿਲ੍ਹੇ ਅਤੇ ਦਿੱਲੀ ਦੀਆਂ ਸੜਕਾਂ 'ਤੇ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੇ ਕਿਸਾਨ ਅੰਦੋਲਨ ਦਾ ਲੱਕ ਤੋੜਨ ਵਾਲਾ ਕਾਰਾ ਕੀਤਾ ਸੀ। ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਅੰਦੋਲਨ ਨੂੰ ਠੁੰਮ੍ਹਣਾ ਦਿੱਤਾ। ਦਿਲ 'ਚੋਂ ਰਿਸਦੇ ਜ਼ਖ਼ਮ ਟਿਕੈਤ ਦੀਆਂ ਅੱਖਾਂ 'ਚੋਂ ਵਹਿ ਤੁਰੇ ਤਾਂ ਗਾਜ਼ੀਪੁਰ ਬਾਰਡਰ 'ਤੇ ਜਨ-ਸੈਲਾਬ ਉਮੜ੍ਹ ਆਇਆ ਸੀ। ਦਿੱਲੀ ਦੀਆਂ ਹੱਦਾਂ, ਸਰਹੱਦਾਂ ਬਣ ਗਈਆਂ। ਸਰਕਾਰ ਨੇ ਸੜਕਾਂ 'ਤੇ ਕਿੱਲ ਗੱਡ ਦਿੱਤੇ, ਕਿਸਾਨਾਂ ਨੇ ਉਨ੍ਹਾਂ 'ਤੇ ਮਿੱਟੀ ਪਾ ਕੇ ਫੁੱਲ ਉਗਾਉਣੇ ਸ਼ੁਰੂ ਕਰ ਦਿੱਤੇ। ਗਣਤੰਤਰ ਦਿਵਸ ਦੀ ਹੁੱਲੜਬਾਜ਼ੀ ਤੋਂ ਬਾਅਦ ਪੰਜਾਬ ਤੇ ਪੰਜਾਬੀਆਂ ਨੂੰ ਆੜੇ ਹੱਥੀਂ ਲਿਆ ਜਾਣ ਲੱਗਾ। ਟਿਕੈਤ ਨੇ ਕਿਹਾ, 'ਉੱਛਲ ਰਹੀ ਪਗੜੀ ਹੁਣ ਮੈਂ ਆਪਣੇ ਸਿਰ 'ਤੇ ਬੰਨ੍ਹ ਲਈ ਹੈ।' ਲਾਲ ਕਿਲ੍ਹੇ 'ਤੇ ਹੁੱਲੜਬਾਜ਼ੀ ਕਰਨ ਵਾਲਿਆਂ ਤੇ ਨੰਗੀਆਂ ਤਲਵਾਰਾਂ ਲਹਿਰਾਉਣ ਵਾਲਿਆਂ ਨੂੰ ਇਹ ਇਲਮ ਹੋਣਾ ਚਾਹੀਦਾ ਸੀ ਕਿ ਅਜਿਹਾ ਕਰਨ ਨਾਲ ਹੋਰ ਵੀ ਖ਼ੂਨ-ਖ਼ਰਾਬਾ ਹੋ ਸਕਦਾ ਸੀ। ਉਸ ਦਿਨ ਜੋ ਵਾਪਰਿਆ, ਉਹ ਭਾਵਨਾਵਾਂ ਦੇ ਵਹਿਣ ਦਾ ਸਿੱਟਾ ਬਿਲਕੁਲ ਨਹੀਂ ਸੀ। ਇਹ ਬਾਕਾਇਦਾ ਗਿਣੀ-ਮਿੱਥੀ ਸਾਜ਼ਿਸ਼ ਕਾਰਨ ਵਾਪਰਿਆ। ਇਨ੍ਹਾਂ ਘਟਨਾਵਾਂ ਨੇ ਤਾਂ ਫਿਰਕੂ ਫ਼ਸਾਦਾਂ ਦਾ ਵੀ ਮੁੱਢ ਬੰਨ੍ਹਣ ਦੀ ਨਾਪਾਕ ਕੋਸ਼ਿਸ਼ ਕੀਤੀ ਸੀ। ਸਾਂਝ ਦੀਆਂ ਤੰਦਾਂ ਟੁੱਟ ਜਾਂਦੀਆਂ ਤਾਂ ਦਿੱਲੀ ਦੀਆਂ ਬਰੂਹਾਂ 'ਤੇ ਬਲ ਰਹੇ ਸਾਂਝੇ ਚੁੱਲ੍ਹਿਆਂ ਨੇ ਵੀ ਠੰਢੇ ਹੋ ਜਾਣਾ ਸੀ। ਚੱਕਾ ਜਾਮ ਦੌਰਾਨ ਕਿਸਾਨਾਂ ਵੱਲੋਂ ਦਿਖਾਇਆ ਗਿਆ ਜ਼ਾਬਤਾ ਸ਼ਾਹਦੀ ਭਰਦਾ ਹੈ ਕਿ ਉਹ ਅੰਦੋਲਨ ਨੂੰ ਸ਼ਾਂਤਮਈ ਰਹਿ ਕੇ ਚਲਾਉਣ ਦੇ ਹੱਕ ਵਿਚ ਹਨ। ਇਸ ਸਭ ਦੇ ਬਾਵਜੂਦ ਮਸਲੇ ਦਾ ਫੌਰੀ ਹੱਲ ਨਿਕਲਣਾ ਸਮੇਂ ਦੀ ਮੰਗ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੋਨਾਂ ਧਿਰਾਂ ਨੂੰ ਇਕ-ਇਕ ਕਦਮ ਪਿੱਛੇ ਹਟ ਕੇ ਮਸਲਾ ਨਿਬੇੜਨ ਦੀ ਨੇਕ ਸਲਾਹ ਦਿੱਤੀ ਹੈ ਜਿਸ ਨੂੰ ਮੰਨ ਲੈਣ ਵਿਚ ਸਭ ਦੀ ਭਲਾਈ ਹੈ। ਚੱਕਾ (ਪਹੀਆ) ਜਾਮ ਨਾ ਹੀ ਹੋਵੇ ਤਾਂ ਸਭ ਦੀ ਭਲਾਈ ਹੈ। ਚੱਕ, ਚੱਕਾ ਅਤੇ ਚੱਕੀ ਕਿਸੇ ਵੀ ਕੀਮਤ 'ਤੇ ਜਾਮ ਨਹੀਂ ਹੋਣੇ ਚਾਹੀਦੇ। ਇਨ੍ਹਾਂ ਤਿੰਨਾਂ ਦੁਆਲੇ ਸਾਡੀ ਹੋਂਦ ਅਤੇ ਮਨੁੱਖੀ ਵਿਕਾਸ ਜੁੜਿਆ ਹੋਇਆ ਹੈ। 'ਚੱਕ' ਮਿੱਟੀ ਦੇ ਕੱਚੇ ਡੋਲਣ ਵਾਲਾ ਗੋਲਾਕਾਰ ਪੁੜ ਹੁੰਦਾ ਹੈ। ਘੁਮਿਆਰ ਨੂੰ ਕਰਤਾ ਨਾਲ ਵੀ ਤਸ਼ਬੀਹ ਦਿੱਤੀ ਜਾਂਦੀ ਹੈ ਕਿਉਂਕਿ ਮਨੁੱਖ ਨੂੰ ਵੀ 'ਮਿੱਟੀ ਦਾ ਪੁਤਲਾ' ਹੀ ਮੰਨਿਆ ਗਿਆ ਹੈ। 'ਚੱਕੀ' ਆਟਾ ਪੀਹਣ ਦੇ ਕੰਮ ਆਉਂਦੀ ਹੈ। 'ਚੱਕਾ' ਜਾਂ ਪਹੀਆ ਵਿਕਾਸ ਨਾਲ ਜੁੜਿਆ ਹੈ। ਚੱਕਾ ਈਜਾਦ ਹੋਣ ਤੋਂ ਬਾਅਦ ਮਨੁੱਖ ਨੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨੀ ਸ਼ੁਰੂ ਕਰ ਦਿੱਤੀ ਸੀ। ਧੁਰੇ ਦੁਆਲੇ ਘੁੰਮਣ ਵਾਲੇ ਚੱਕੇ ਨੇ ਭਾਰੀਆਂ ਚੀਜ਼ਾਂ ਦੀ ਢੋਆ-ਢੁਆਈ ਨੂੰ ਸੌਖਾ ਬਣਾ ਦਿੱਤਾ ਸੀ। ਗੱਡਿਆਂ-ਤਾਂਗਿਆਂ ਤੋਂ ਬਾਅਦ 'ਚੱਕਾ' (ਵ੍ਹੀਲ) ਹਰ ਮਸ਼ੀਨ ਵਿਚ ਵਰਤਿਆ ਜਾਣ ਲੱਗਾ। ਜ਼ਮੀਨ ਤੋਂ ਲੈ ਕੇ ਅੰਬਰ ਤੇ ਦੂਜੇ ਗ੍ਰਹਿਆਂ, ਉਪ-ਗ੍ਰਹਿਆਂ ਦੀ ਜ਼ਿਆਰਤ ਵੀ ਚੱਕੇ ਕਾਰਨ ਹੀ ਸੰਭਵ ਹੋਈ ਹੈ। ਇਸ ਲਈ ਚੱਕ, ਚੱਕੀ ਅਤੇ ਚੱਕਾ ਚੱਲਦੇ ਹੀ

ਸੋਂਹਦੇ ਹਨ। ਚੱਕਾ (ਪਹੀਆ) ਨਿਸ਼ਚੇ ਹੀ ਗਤੀ ਦਾ ਪ੍ਰਤੀਕ ਹੈ ਕਿਉਂਕਿ ਚੱਕਾ ਜਾਮ ਹੋਣ ਨਾਲ ਜੀਵਨ ਠਹਿਰ ਜਿਹਾ ਜਾਂਦਾ ਹੈ। ਇਹ ਚੰਗੀ ਗੱਲ ਹੈ ਕਿ ਕਿਸਾਨਾਂ ਨੇ ਚੱਕਾ ਜਾਮ ਦਾ ਸੱਦਾ ਕੇਵਲ ਤਿੰਨ ਘੰਟਿਆਂ ਲਈ ਹੀ ਦਿੱਤਾ ਸੀ। ਇਸ ਦੇ ਬਾਵਜੂਦ ਅਣਗਿਣਤ ਥਾਵਾਂ ’ਤੇ ਆਮ ਲੋਕਾਂ ਨੂੰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸੜਕਾਂ ’ਤੇ ਦੀਵਾਰਾਂ ਉਸਰ ਜਾਣ ਨਾਲ ਵੈਸੇ ਵੀ ਕਈ ਜਗ੍ਹਾ ’ਤੇ ਚੱਕਾ ਜਾਮ ਹੈ। ਦਿੱਲੀ ਅਤੇ ਐੱਨਸੀਆਰ ਵਿਚ ਭਾਵੇਂ ਚੱਕਾ ਜਾਮ ਦਾ ਕੋਈ ਸੱਦਾ ਨਹੀਂ ਸੀ ਫਿਰ ਵੀ ਸਰਕਾਰ ਨੇ ਕਈ ਮੈਟਰੋ ਸਟੇਸ਼ਨ, ਲਾਲ ਕਿਲ੍ਹਾ ਅਤੇ ਕਈ ਹੋਰ ਸੰਸਥਾਵਾਂ ਨੂੰ ਬੰਦ ਰੱਖਿਆ। ਅਜਿਹਾ ਇਹਤਿਆਤ ਗਣਤੰਤਰ ਦਿਵਸ ਦੇ ਅਵਸਰ ’ਤੇ ਵਰਤਿਆ ਹੁੰਦਾ ਤਾਂ ਹਿੰਸਕ ਘਟਨਾਵਾਂ ਨਾ ਵਾਪਰਦੀਆਂ।

7 ਫਰਵਰੀ

# ਮਉਲੀ ਧਰਤੀ ਮਉਲਿਆ...

ਫੱਗਣ, ਬਸੰਤ-ਬਹਾਰ ਦਾ ਮਹੀਨਾ ਹੈ। ਇਸ ਮੰਗਲਮਈ ਰੁੱਤੇ ਵਜਦ ਵਿਚ ਆਇਆ ਕਾਦਰ ਢੋਲੇ ਗਾਉਂਦਾ ਪ੍ਰਤੀਤ ਹੁੰਦਾ ਹੈ ਤੇ ਵਿਭੋਰ ਕੁਦਰਤ ਝੂਮਰ ਪਾਉਂਦੀ ਹੈ। ਦਾਤਾਰ ਦੀ ਗੋਦੜੀ ਦਾ ਮੂੰਹ ਖੁੱਲ੍ਹਦਾ ਹੈ ਅਤੇ ਧਰਤ ਸੁਹਾਵਣੀ ਦੀ ਝੋਲ ਰੰਗ-ਬਿਰੰਗੇ ਫੁੱਲਾਂ ਅਤੇ ਲਜ਼ਤਦਾਰ ਫ਼ਲਾਂ ਨਾਲ ਭਰ ਜਾਂਦੀ ਹੈ। ਕਾਦਰ ਆਪਣੀ ਰੂਹ ਦਾ ਅਨੁਵਾਦ ਫੁੱਲਾਂ ਦੀ ਇਬਾਰਤ ਨਾਲ ਕਰਦਾ ਹੈ। ਜ਼ੱਰਾ-ਜ਼ੱਰਾ ਨਾਮ ਖੁਮਾਰੀ ਵਿਚ ਗੜੂੱਚ ਹੁੰਦਾ ਹੈ। ਕਰਤੇ ਦੀ ਵਡਿਆਈ ਦੇ ਪ੍ਰਗਟਾਅ ਲਈ ਸ਼ਬਦ ਬੌਣੇ ਪੈ ਸਾਂਦੇ ਹਨ। ਕਾਇਨਾਤ ਦਾ ਮਿਜ਼ਾਜ ਅਤੇ ਮੁਹਾਂਦਰਾ ਰੂਹਾਂ ਨੂੰ ਸਰਸ਼ਾਰ ਕਰਦਾ ਹੈ। 'ਬਸੰਤੁ ਬਾਨੀ ਭਗਤਾਂ ਕੀ' ਵਿਚ ਕਬੀਰ ਸਾਹਿਬ ਧੁਰ ਕੀ ਬਾਣੀ ਨਾਲ ਬਸੰਤ ਦੇ ਸੋਹਲੇ ਗਾਉਂਦੇ ਹਨ, 'ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸ ॥' ('ਭਾਵ, ਪਰਮਾਤਮਾ ਦੀ ਜੋਤ ਦੇ ਪ੍ਰਕਾਸ਼ ਨਾਲ ਧਰਤੀ ਅਤੇ ਅਕਾਸ਼ ਖਿੜੇ ਹੋਏ ਹਨ। ਹਰੇਕ ਘਟ ਵਿਚ ਉਸ ਪ੍ਰਭੂ ਦਾ ਹੀ ਪ੍ਰਕਾਸ਼ ਹੈ)। ਇਹ ਆਤਮਿਕ ਖਿੜਾਉ ਦੀ ਰੁੱਤ ਹੁੰਦੀ ਹੈ। ਪੋਹ, ਮਾਘ ਦੀਆਂ ਕਕਰੀਲੀਆਂ-ਸੀਤ ਹਵਾਵਾਂ ਦੇ ਚੱਲਦਿਆਂ ਧਰਤੀ ਦਾ ਕੋਨਾ-ਕੋਨਾ ਚਿੱਟੇ ਕੋਹਰੇ ਨਾਲ ਢੱਕਿਆ ਜਾਂਦਾ ਹੈ। ਪਰ ਫੱਗਣ ਦੀ ਸੁਹਾਵਣੀ ਰੁੱਤ ਵਣ-ਤ੍ਰਿਣ ਤੋਂ ਚਿੱਟੀ ਚਾਦਰ ਹਟਾ ਕੇ ਕੁਦਰਤ ਨੂੰ ਨਿਖਾਰ ਦਿੰਦੀ ਹੈ। ਨਸਾਂ-ਨਾੜਾਂ ਵਿਚ ਜੰਮਿਆ ਖ਼ੂਨ ਰਫ਼ਤਾਰ ਫੜਦਾ ਹੈ। ਫੱਗਣ ਚੜ੍ਹਨ ਸਾਰ ਸਰ੍ਹੋਂ ਦੇ ਪੀਲੇ-ਬਸੰਤੀ ਫੁੱਲ ਤੇ ਹਰੀਆਂ ਕਣਕਾਂ ਹਮਜੋਲੀ ਹੁੰਦੀਆਂ ਹੋਈਆਂ ਤਲਿਸਮ ਬਖੇਰਦੀਆਂ ਹਨ। ਬੁੱਲ੍ਹੇ ਸ਼ਾਹ ਦੇ ਕਲਾਮ 'ਚੋਂ ਫੱਗਣ ਮਹੀਨੇ ਦੇ ਦੀਦਾਰ ਹੁੰਦੇ ਹਨ, 'ਫੱਗਣ ਫੁਲੇ ਖੇਤ ਜਿਉਂ ਬਣ ਤਿਣ ਫੂਲ ਸ਼ਿੰਗਾਰ/ਹਰ ਡਾਲੀ ਫੁੱਲ ਪੱਤੀਆਂ, ਗਲ ਫੂਲਣ ਕੇ ਹਾਰ।' ਫੱਗਣ, ਬਿਕਰਮੀ/ਨਾਨਕਸ਼ਾਹੀ ਜੰਤਰੀ ਦਾ ਬਾਰ੍ਹਵਾਂ ਅਤੇ ਆਖ਼ਰੀ ਮਹੀਨਾ ਹੈ। ਦੇਸੀ ਮਹੀਨਿਆਂ ਅਨੁਸਾਰ ਨਵਾਂ ਸਾਲ ਚੇਤ ਤੋਂ ਸ਼ੁਰੂ ਹੁੰਦਾ ਹੈ। ਫੱਗਣ ਦਰਅਸਲ ਨਵੇਂ ਸਾਲ ਦੀ ਖਿੜਕੀ ਖੋਲ੍ਹਣ ਵਾਲਾ ਮਹੀਨਾ ਹੈ। ਚੇਤ ਵਿਚ ਕੋਇਲਾਂ ਨੇ ਕੂਕਣਾ ਹੁੰਦਾ ਹੈ ਜਿਸ ਦੀ ਕਨਸੋਅ ਫੱਗਣ ਵਿਚ ਮਿਲ ਜਾਂਦੀ ਹੈ। ਇਸੇ ਲਈ ਫੱਗਣ ਨੂੰ ਪਿਆਰ ਅਤੇ ਮੇਲ-ਮਿਲਾਪਾਂ ਵਾਲੀ ਰੁੱਤ ਵੀ ਕਹਿੰਦੇ ਹਨ। ਫੁੱਲਾਂ 'ਤੇ ਸ਼ਬਾਬ ਆਉਂਦਾ ਹੈ, ਬਨਸਪਤੀ 'ਚੋਂ ਰੰਗ ਡੁੱਲ੍ਹ-ਡੁੱਲ੍ਹ ਪੈਂਦੇ ਹਨ। ਪਹਿਲਾਂ ਰਾਜਿਆਂ-ਮਹਾਰਾਜਿਆਂ ਦੇ ਰੰਗ-ਮਹਿਲਾਂ 'ਚੋਂ ਗੁਲਾਲ ਉੱਡਦੇ ਸਨ ਪਰ ਹੋਲੀ ਨੇ ਘਰ-ਘਰ ਰੰਗਾਂ ਦੀ ਛਹਿਬਰ ਲਾ ਦਿੱਤੀ। ਹੋਲੀ ਤੋਂ ਹੋਲੇ ਮਹੱਲੇ ਦਾ ਸਫ਼ਰ ਕ੍ਰਾਂਤੀਕਾਰੀ ਸੀ। ਕ੍ਰਾਂਤੀਕਾਰੀਆਂ ਦੀਆਂ ਪੱਗਾਂ ਤੇ ਚੋਲਿਆਂ ਦੇ ਰੰਗ ਬਸੰਤੀ ਹੁੰਦੇ ਹਨ। ਉਨ੍ਹਾਂ ਦੇ ਦਿਲਾਂ 'ਚੋਂ ਕ੍ਰਾਂਤੀ ਦੀਆਂ ਕਰੂੰਬਲਾਂ ਫੁੱਟਦੀਆਂ ਹਨ ਤਾਂ ਉਹ ਆਪਣੇ ਸੀਸ ਤਲੀ 'ਤੇ ਰੱਖ ਕੇ ਮਕਤਲ ਵੱਲ ਤੁਰ ਪੈਂਦੇ ਹਨ।

ਬਿਸਮਲ ਅਜ਼ੀਮਾਬਾਦੀ ਵਰਗੇ ਦੇਸ਼ ਭਗਤ ਦੀ ਕਲਮ ਕ੍ਰਾਂਤੀਕਾਰੀ ਕਲਾਮ ਰਚਦੀ ਹੈ, 'ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ/ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ... ਖੈਂਚ ਕਰ ਲਾਈ ਹੈ ਸਭ ਕੋ ਕਤਲ ਹੋਨੇ ਕੀ ਉਮੀਦ/ਆਸ਼ਿਕੋਂ ਕਾ ਆਜ ਜਮਘਟ ਕੂਚਾ-ਏ-ਕਾਤਿਲ ਮੇਂ ਹੈ।' ਇਹ ਨਜ਼ਮ ਰਾਮ ਪ੍ਰਸਾਦ ਬਿਸਮਿਲ ਤੇ ਉਨ੍ਹਾਂ ਦੇ ਸਾਥੀਆਂ ਨੇ ਅਦਾਲਤ ਵਿਚ ਚੱਲ ਰਹੇ ਮੁਕੱਦਮੇ ਦੌਰਾਨ ਸਮੂਹਿਕ ਤੌਰ 'ਤੇ ਗਾਈ ਸੀ। ਫਿਰ ਇਹ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਸਮੇਤ ਆਜ਼ਾਦੀ ਦੇ ਪਰਵਾਨਿਆਂ ਲਈ ਜਿਵੇਂ ਰਾਸ਼ਟਰੀ ਤਰਾਨਾ ਬਣ ਗਿਆ ਸੀ। ਕਹਿਣ ਤੋਂ ਭਾਵ ਬਸੰਤੀ ਰੰਗ ਵਿਚ ਰੰਗੇ ਲੋਕ ਆਪਣੇ ਬਾਰੇ ਨਹੀਂ ਬਲਕਿ ਦੂਜਿਆਂ ਲਈ ਕੁਰਬਾਨ ਹੋਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਰਾਗ ਬਸੰਤ ਘਰ ਪਹਿਲਾ ਵਿਚ ਗੁਰੂ ਅਮਰਦਾਸ ਬਸੰਤ ਮਹੀਨੇ ਦੀ ਉਪਮਾ ਕਰਦੇ ਹੋਏ ਫੁਰਮਾਉਂਦੇ ਹਨ, "ਮਾਹਾ ਰੁਤੀ ਮਹਿ ਸਦ ਬਸੰਤੁ, ਜਿਤੁ ਹਰਿਆ ਸਭੁ ਜੀਅ ਜੰਤੁ' (ਸਾਰੇ ਮਹੀਨਿਆਂ ਅਤੇ ਸਾਰੀਆਂ ਰੁੱਤਾਂ ਵਿਚ ਸਦਾ ਖਿੜੇ ਰਹਿਣ ਵਾਲਾ ਤੂੰ ਆਪ ਹੀ ਮੌਜੂਦ ਹੈਂ। ਤੇਰੀ ਬਰਕਤ ਨਾਲ ਹਰੇਕ ਜੀਵ ਸਜਿੰਦ ਹੈ)। ਬਸੰਤ ਦੇ ਆਗਮਨ ਨਾਲ ਦਿਲ-ਦਿਮਾਗ ਦੇ ਤਮਾਮ ਕਿਵਾੜ ਖੁੱਲ੍ਹ ਜਾਂਦੇ ਹਨ। ਪੰਜਾਬੀ ਦਾ ਅਲਬੇਲਾ ਸ਼ਾਇਰ ਪ੍ਰੋ. ਪੂਰਨ ਸਿੰਘ ਬਸੰਤ-ਬਹਾਰ ਨਾਲ ਇਕਮਿੱਕ ਹੋਣਾ ਲੋਚਦਾ ਹੈ, "ਕੰਧਾਂ ਸਾਰੀਆਂ ਢਾਹਵੋ ਹੁਣ/ਬੂਹੇ ਸਾਰੇ ਖੋਹਲ ਦੇਵੋ/ਮਿਲੋ ਬਸੰਤ ਨੂੰ ਪਾ ਪਾ ਜੱਫੀਆਂ।" ਤੀਜੀ ਪਾਤਸ਼ਾਹੀ ਦਾ ਮਹਾਵਾਕ 'ਮਨਿ ਬਸੰਤੁ ਤਨੁ ਮਨੁ ਹਰਿਆ ਹੋਇ' ਬਸੰਤ ਦੇ ਮਹਾਤਮ ਨੂੰ ਦਰਸਾਉਂਦਾ ਹੈ। ਬਸੰਤ ਦੀ ਇਕ ਹੋਰ ਚੌਕੀ ਵਿਚ ਉਹ ਫੁਰਮਾਉਂਦੇ ਹਨ, 'ਬਸੰਤੁ ਚੜਿਆ ਫੂਲੀ ਬਨਰਾਇ/ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ' (ਜਿਵੇਂ ਬਸੰਤ ਦੇ ਮੌਸਮ ਵਿਚ ਬਨਸਪਤੀ ਖਿੜ ਪੈਂਦੀ ਹੈ ਤਿਵੇਂ ਇਹ ਸਾਰੇ ਜੀਵ ਪਰਮਾਤਮਾ ਵਿਚ ਚਿੱਤ ਜੋੜ ਕੇ ਆਤਮਿਕ ਜੀਵਨ ਨਾਲ ਖਿੜ ਪੈਂਦੇ ਹਨ। ਬਸੰਤ ਰੁੱਤ ਨੂੰ ਧਰਤੀ ਮਾਂ ਦੀ ਕੁੱਖ ਹਰੀ ਹੋਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਮਹਾਨਕੋਸ਼ ਅਨੁਸਾਰ ਇਹ ਪ੍ਰਿਥਵੀ ਨੂੰ ਫੁੱਲ-ਪੱਤਿਆਂ ਆਦਿ ਨਾਲ ਢੱਕ ਲੈਣ ਵਾਲੀ ਰੁੱਤ ਨੂੰ ਬਸੰਤ ਕਿਹਾ ਜਾਂਦਾ ਹੈ। ਸ਼ਾਇਦ ਇਸੇ ਲਈ ਪ੍ਰਸ਼ਾਸਨ ਵੱਲੋਂ ਦਿੱਲੀ ਦੀਆਂ ਬਰੂਹਾਂ 'ਤੇ ਗੱਡੇ ਕਿੱਲਾਂ ਨੂੰ ਕਿਸਾਨਾਂ ਨੇ ਮਿੱਟੀ ਨਾਲ ਢੱਕ ਕੇ ਉੱਥੇ ਫੁੱਲ-ਬੂਟੇ ਉਗਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਰੁੱਤੇ ਕਲਕਲ ਕਰਦੇ ਝਰਨਿਆਂ ਦਾ ਜਲ-ਤਰੰਗ ਦਿਲਾਂ ਦੀ ਉਮੰਗ ਪੌਣਾਂ ਦੀਆਂ ਰਾਗ-ਰਾਗਣੀਆਂ ਕੁਆਰੇ ਦਿਲਾਂ ਵਿਚ ਤਰੰਗਾਂ ਛੇੜਦੀਆਂ ਹਨ। ਪੰਜੇਬਾਂ ਪਾਈ ਮਹਿਕਾਂ ਧਰਤੀ ਮਾਂ ਦੀ ਪਰਿਕਰਮਾ ਕਰਦੀਆਂ ਹਨ। ਰਾਗ ਬਸੰਤੀ ਕੰਨਾਂ ਵਿਚ ਰਸ ਘੋਲਦਾ ਹੈ। ਫੁੱਲਾਂ ਲੱਦੇ ਰੁੱਖਾਂ ਦੀਆਂ ਟਹਿਣੀਆਂ ਟਹਿ ਟਹਿ ਕਰਦੀਆਂ ਹਨ। ਲਟਬੌਰੀਆਂ ਬਦਲੋਟੀਆਂ ਵੇਖ ਦਿਲ ਉਡੂੰ-ਉਡੂੰ ਕਰਦਾ ਹੈ। ਕਿਸੇ ਨੂੰ ਚਿੱਟੇ ਕਮਲ ਦੇ ਫੁੱਲ 'ਤੇ ਬਿਰਾਜਮਾਨ ਵੀਣਾ ਧਾਰਨੀ ਸਰਸਵਤੀ ਦੇਵੀ ਦੇ ਦਰਸ਼ਨ-ਦੀਦਾਰ ਹੁੰਦੇ ਹਨ। ਪ੍ਰਾਚੀਨ ਗ੍ਰੰਥਾਂ ਵਿਚ ਬਸੰਤ ਨੂੰ ਸਰਸਵਤੀ ਦੇ ਜਨਮ ਦਿਨ ਵਜੋਂ ਮਾਨਤਾ ਮਿਲੀ ਹੋਈ ਹੈ। ਮਿਥਿਹਾਸ ਅਨੁਸਾਰ ਵਿਸ਼ਨੂੰ ਭਗਵਾਨ ਨੇ ਕਲਾ ਅਤੇ ਵਿੱਦਿਆ ਦੀ ਦੇਵੀ ਸਰਸਵਤੀ ਨੂੰ ਧਰਤੀ ਦੇ ਸੁੰਨੇ ਪਏ ਕੋਨਿਆਂ 'ਚ ਵੀਣਾ ਦੀਆਂ ਤਰਬਾਂ ਛੇੜ ਕੇ ਸੰਗੀਤਮਈ ਕਰਨ ਦਾ ਕਾਰਜ ਸੌਂਪਿਆ ਸੀ। ਕਲਾ ਪ੍ਰੇਮੀ ਅੱਜ ਵੀ ਬਸੰਤ-ਬਹਾਰ ਦੇ

ਮਹੀਨੇ ਇਤਰ-ਫੁਲੇਲ ਬਿਖੇਰਦੀ ਕਾਇਨਾਤ ਵਿਚੋਂ ਸਰਸਵਤੀ ਨੂੰ ਨਿਹਾਰਦੇ ਹਨ। ਲੋਕ ਬਸੰਤੀ ਕੱਪੜੇ ਪਾ ਕੇ ਇਸ ਰੁੱਤ ਨੂੰ ਖ਼ੁਸ਼ਆਮਦੀਦ ਕਹਿੰਦੇ ਹਨ। ਧਰਮਵੀਰ ਹਕੀਕਤ ਰਾਏ ਦੀ ਸ਼ਹਾਦਤ ਵੀ ਇਸੇ ਦਿਨ ਹੋਈ ਸੀ। ਇਸ ਗੁਲਾਬੀ ਰੁੱਤੇ ਅੰਬਰ ਵਿਚ ਉੱਡ ਰਹੀਆਂ ਪਤੰਗਾਂ ਮਨ ਮੋਂਹਦੀਆਂ ਹਨ। ਕੱਟੀਆਂ ਪਤੰਗਾਂ ਨੂੰ ਲੁੱਟਣ ਦਾ ਆਪਣਾ ਹੀ ਲੁਤਫ਼ ਹੁੰਦਾ ਹੈ ਪਰ ਚਾਈਨਾ ਡੋਰ ਨੇ ਬਸੰਤ ਪੰਚਮੀ ਦੇ ਮੇਲਿਆਂ ਨੂੰ ਗ੍ਰਹਿਣ ਲਾਉਣ ਦਾ ਕੰਮ ਕੀਤਾ ਹੈ। ਚਾਈਨਾ ਡੋਰ ਨਾਲ ਉੱਡਣ ਵਾਲੀਆਂ ਪਤੰਗਾਂ ਕੱਟੀਆਂ ਨਹੀਂ ਜਾਂਦੀਆਂ ਪਰ ਇਹ ਲੋਕਾਂ ਦੇ ਗਲੇ ਜ਼ਰੂਰ ਰੇਤ ਜਾਂਦੀ ਹੈ। ਚਾਈਨਾ ਡੋਰ ਨੂੰ ਅਲਵਿਦਾ ਕਹਿ ਕੇ ਮਿਲਾਪਾਂ ਵਾਲੀ ਇਸ ਰੁੱਤ ਨੂੰ ਹੋਰ ਵੀ ਸੁਹਾਵਣਾ ਬਣਾਇਆ ਜਾ ਸਕਦਾ ਹੈ। ਬਸੰਤ ਰੁੱਤ ਬਾਰੇ ਅੰਮ੍ਰਿਤਾ ਪ੍ਰੀਤਮ ਦੀਆਂ ਖ਼ੂਬਸੂਰਤ ਸਤਰਾਂ ਆਤਮਸਾਤ ਕਰੋ, 'ਰੰਗ ਦੇ ਦੁਪੱਟਾ ਮੇਰਾ/ਰੁੱਤੇ ਨੀ ਲਲਾਰਨੇ/ਅੱਜ ਮੈਂ ਲੋਕਾਈ ਉੱਤੇ ਸਾਰੇ ਰੰਗ ਵਾਰਨੇ।'

14 ਫਰਵਰੀ

# ਕੁਮਲਾਏ ਫੁੱਲ, ਮੁਰਝਾਏ ਚਿਹਰੇ

ਸੌ ਸਾਲ ਪਹਿਲਾਂ ਦੁਰਾਚਾਰੀ ਮਹੰਤ ਨਰਾਇਣ ਦਾਸ ਦੇ ਬੁਰਛਿਆਂ ਦੀਆਂ ਬਰਛੀਆਂ ਅਤੇ ਗੋਲ਼ੀਆਂ ਦੀਆਂ ਬੁਛਾੜਾਂ ਨਾਲ ਲਿਖਿਆ ਗਿਆ ਸੀ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਜਿਸ ਨੇ ਦੇਸ਼ ਅਤੇ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਲਈ ਤਵਾਰੀਖ ਨੂੰ ਕੂਹਣੀ ਮੋੜ ਦਿੱਤਾ ਸੀ। ਦਸਮ ਗ੍ਰੰਥ 'ਚ ਦਰਜ 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ' ਦੇ ਮਹਾਵਾਕ ਅਨੁਸਾਰ ਇਸ ਸਾਕੇ ਨੇ ਪੰਥ ਦਰਦੀਆਂ ਦੇ ਸੀਨੇ ਛਲਣੀ ਕਰ ਦਿੱਤੇ ਸਨ। ਪੰਥਕ ਪੀੜਾ ਬਣੇ ਇਸ ਸਾਕੇ ਨੇ ਅੰਗਰੇਜ਼ਾਂ ਦੇ ਹੱਥਠੋਕੇ ਕੁਕਰਮੀ ਮਹੰਤਾਂ ਖ਼ਿਲਾਫ਼ ਜਿਹਾਦ ਖੜ੍ਹਾ ਕਰ ਦਿੱਤਾ ਤੇ ਰੋਹ 'ਚ ਆਈ ਸੰਗਤ ਨੇ ਆਪ-ਮੁਹਾਰੇ ਨਨਕਾਣਾ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਵੀਹ ਫਰਵਰੀ 1920 ਨੂੰ ਵਾਪਰੇ ਇਸ ਸਾਕੇ 'ਚ ਸ਼ਹੀਦੀ ਜਥੇ ਦੀ ਅਗਵਾਈ ਕਰ ਰਹੇ ਭਾਈ ਲਛਮਣ ਸਿੰਘ ਧਾਰੋਵਾਲੀ ਸਣੇ ਸਵਾ ਸੌ ਤੋਂ ਵੱਧ ਸਿੰਘ ਸ਼ਹੀਦ ਹੋ ਗਏ ਸਨ, ਜੋ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਨੂੰ ਮਹੰਤ ਨਰਾਇਣ ਦਾਸ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਉੱਥੇ ਪਹੁੰਚੇ ਸਨ। ਮਹੰਤ ਨੇ ਜਦੋਂ ਲਾਹੌਰ ਤੋਂ ਬੁਲਾਈਆਂ ਨਚਾਰਾਂ ਤੋਂ ਪਵਿੱਤਰ ਗੁਰਦੁਆਰਾ ਸਾਹਿਬ ਅੰਦਰ ਮੁਜਰਾ ਕਰਵਾਇਆ ਤਾਂ ਸਿੱਖ ਸੰਗਤ 'ਚ ਅੰਤਾਂ ਦਾ ਰੋਹ ਜਾਗ ਉੱਠਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਗੁਰਮਤੇ ਪਾਸ ਕੀਤੇ ਗਏ ਤੇ ਮਰਜੀਵੜਿਆਂ ਨੇ ਮਹੰਤਾਂ ਨੂੰ ਸੋਧਣ ਲਈ ਅਰਦਾਸੇ ਸੋਧ ਦਿੱਤੇ। ਸੇਖ਼ੂਪੁਰੇ ਦੇ ਧਾਰੋਵਾਲੀ ਦੀ ਧਰਤੀ ਦਾ ਜਾਇਆ ਭਾਈ ਲਛਮਣ ਸਿੰਘ ਧਾਰੋਵਾਲੀ ਸ਼ਹੀਦੀ ਜਥੇ ਦੀ ਅਗਵਾਈ ਕਰ ਕੇ ਸ਼ਬਦ ਹਜ਼ਾਰੇ ਪੜ੍ਹਦਾ ਹੋਇਆ ਨਨਕਾਣਾ ਸਾਹਿਬ ਪਹੁੰਚ ਗਿਆ। ਸ਼ਹੀਦੀ ਜਥੇ ਨੂੰ ਕੁਝ ਪੰਥਕ ਆਗੂਆਂ ਨੇ ਪ੍ਰੇਰਦਿਆਂ ਵਾਪਸ ਮੁੜਨ ਦੀ ਅਰਜ਼ੋਈ ਕੀਤੀ ਕਿਉਂਕਿ ਉਹ ਜਾਣਦੇ ਸਨ ਕਿ ਮਹੰਤ ਨੇ ਲਗਪਗ 400 ਹਥਿਆਰਬੰਦ ਪਠਾਣਾਂ ਨੂੰ ਉੱਥੇ ਤਾਇਨਾਤ ਕੀਤਾ ਹੋਇਆ ਸੀ। ਮਹੰਤ ਦੇ ਗੁੰਡੇ ਛਵੀਆਂ, ਟਕੂਏ, ਬੰਦੂਕਾਂ ਅਤੇ ਹੋਰ ਰਵਾਇਤੀ ਹਥਿਆਰਾਂ ਨਾਲ ਲੈਸ ਸਨ। ਭਾਈ ਲਛਮਣ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਵਾਪਸ ਨਹੀਂ ਮੁੜਨਗੇ ਕਿਉਂਕਿ ਉਨ੍ਹਾਂ ਨੇ ਅਰਦਾਸਾ ਸੋਧ ਕੇ ਹੀ ਨਨਕਾਣਾ ਸਾਹਿਬ ਵੱਲ ਕੂਚ ਕੀਤਾ ਸੀ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਰਚਿਆ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥' ਦਾ ਗਾਇਣ ਸ਼ੁਰੂ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਭਾਈ ਲਛਮਣ ਸਿੰਘ ਨੇ ਆਸਾ ਕੀ ਵਾਰ ਪੜ੍ਹਨੀ ਸ਼ੁਰੂ ਕੀਤੀ ਤਾਂ ਉਨ੍ਹਾਂ 'ਤੇ ਗੋਲ਼ੀਆਂ ਦਾ ਮੀਂਹ ਵਰ੍ਹਨਾ ਸੁਰੂ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵੀ ਕਈ ਗੋਲ਼ੀਆਂ ਲੱਗੀਆਂ। ਸੰਗਤ 'ਚ ਦਹਿਸ਼ਤ

ਪਾਉਣ ਲਈ ਮਹੰਤ ਦੇ ਗੁੰਡਿਆਂ ਨੇ ਭਾਈ ਲਛਮਣ ਸਿੰਘ ਨੂੰ ਜ਼ਖ਼ਮੀ ਹੋਣ ਦੇ ਬਾਵਜੂਦ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਉੱਗੇ ਜੰਡ ਨਾਲ ਪੁੱਠਾ ਲਟਕਾਉਣ ਤੋਂ ਬਾਅਦ ਉਨ੍ਹਾਂ 'ਤੇ ਮਿੱਟੀ ਦਾ ਤੇਲ ਛਿੜਕ ਕੇ ਜਿਉਂਦੇ ਸਾੜ ਦਿੱਤਾ। ਪੰਥ ਅਤੇ ਗ੍ਰੰਥ ਨਾਲ ਵਿਖਾਈ ਦਹਿਸ਼ਤ ਅਤੇ ਵਹਿਸ਼ਤ ਨੇ ਸੰਗਤ ਨੂੰ ਕੁਕਰਮੀ ਮਹੰਤਾਂ ਖ਼ਿਲਾਫ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਜੰਡ ਦੀਆਂ ਜੜ੍ਹਾਂ ਨੂੰ ਖ਼ੂਨ ਨਾਲ ਸਿੰਜਣ ਤੋਂ ਬਾਅਦ ਸਿੱਖੀ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਣੀਆਂ ਸ਼ੁਰੂ ਹੋ ਗਈਆਂ। ਇਸ ਸਾਕੇ ਦੇ ਵਾਪਰਨ ਤੋਂ ਬਾਅਦ ਮੀਰ ਮੰਨੂ, ਅਬਦਾਲੀ ਤੇ ਔਰੰਗਜ਼ੇਬ ਦੀ ਰੂਹ ਵੀ ਕੰਬ ਉੱਠੀ ਹੋਵੇਗੀ। ਰਾਇ ਭੋਇ ਦੀ ਤਲਵੰਡੀ ਤੋਂ ਉੱਠੇ ਅੰਦੋਲਨ ਨੇ ਬ੍ਰਿਟਿਸ਼ ਸਰਕਾਰ ਦੀ ਨੀਂਦ ਉਡਾ ਦਿੱਤੀ। ਮਹਾਤਮਾ ਗਾਂਧੀ ਅਤੇ ਨਹਿਰੂ ਵਰਗੇ ਕਾਂਗਰਸੀ ਨੇਤਾਵਾਂ ਨੇ ਵੀ ਇਸ ਕਾਂਡ ਦੀ ਪੁਰਜ਼ੋਰ ਨਿਖੇਧੀ ਕੀਤੀ ਸੀ। ਚਾਬੀਆਂ ਦਾ ਮੋਰਚਾ ਜਿੱਤਣ ਤੋਂ ਬਾਅਦ ਤਾਂ ਗਾਂਧੀ ਨੇ ਤਾਰ ਰਾਹੀਂ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਕਿਹਾ ਸੀ, 'ਆਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਗਈ ਹੈ।' ਇਸ ਸਾਕੇ ਤੋਂ ਬਾਅਦ ਅੱਜ ਤੋਂ ਸੌ ਸਾਲ ਪਹਿਲਾਂ ਅੰਗਰੇਜ਼ ਹਾਕਮਾਂ ਨੇ ਡਰਦਿਆਂ ਜਨਮ ਅਸਥਾਨ ਦੀਆਂ ਚਾਬੀਆਂ ਵੀ ਸਿੱਖ ਕੌਮ ਨੂੰ ਸੌਂਪ ਦਿੱਤੀਆਂ ਸਨ। ਬ੍ਰਿਟਿਸ਼ ਸਰਕਾਰ ਨੇ ਭਾਂਪ ਲਿਆ ਸੀ ਕਿ ਭਾਈ ਕਰਤਾਰ ਸਿੰਘ ਝੱਬਰ ਦੇ ਸ਼ਹੀਦੀ ਜਥੇ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਹਨ। ਸਿੱਖਾਂ ਦੇ ਸਿਦਕ ਤੇ ਸਿਰੜ ਅੱਗੇ ਸਰਕਾਰ ਨੂੰ ਗੋਡੇ ਟੇਕਣੇ ਪਏ ਕਿਉਂਕਿ ਉਹ ਜਾਣਦੀ ਸੀ ਕਿ ਸ਼ਹੀਦੀ ਜਥਿਆਂ ਦਾ ਤਾਂਤਾ ਟੁੱਟਣ ਵਾਲਾ ਨਹੀਂ ਹੈ। ਇਸ ਸਾਕੇ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਚਾਰ ਕੁ ਸਾਲਾਂ ਬਾਅਦ ਬ੍ਰਿਟਿਸ਼ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਗੁਰਧਾਮਾਂ ਦਾ ਪ੍ਰਬੰਧ ਸੌਂਪ ਦਿੱਤਾ। ਗੁਰਦੁਆਰਾ ਐਕਟ 1925 ਬਣਾਉਣ ਲਈ ਸਾਕਾ ਨਨਕਾਣਾ ਸਾਹਿਬ ਨੇ ਸਭ ਤੋਂ ਵੱਡਾ ਯੋਗਦਾਨ ਪਾਇਆ ਸੀ। ਨਨਕਾਣਾ ਸਾਹਿਬ ਸਾਕੇ 'ਚ ਅਰਦਾਸੇ ਸੋਧ ਕੇ ਕੁਰਬਾਨੀਆਂ ਕਰਨ ਤੋਂ ਬਾਅਦ ਉਹ ਸਿੱਖਾਂ ਦੀ ਰੋਜ਼ਾਨਾ ਹੋਣ ਵਾਲੀ ਅਰਦਾਸ ਵਿਚ ਸਮਾ ਗਏ। ਇਹ ਸਿੰਘ ਸੂਰਮੇ 'ਧਰਮ ਹੇਤਿ ਸਾਕਾ ਜਿਨਿ ਕੀਆ/ ਸੀਸੁ ਦੀਆ ਪਰ ਸਿਰਰੁ ਨ ਦੀਆ' ਦੇ ਗੁਰਵਾਕ 'ਤੇ ਖਰੇ ਉਤਰ ਕੇ ਅਮਰ ਹੋ ਗਏ ਹਨ। ਉਨ੍ਹਾਂ ਨੇ ਸ਼ਾਂਤਮਈ ਰਹਿ ਕੇ ਕੁਰਬਾਨੀਆਂ ਦੇਣ ਦੀ ਲਾਸਾਨੀ ਮਿਸਾਲ ਕਾਇਮ ਕੀਤੀ ਸੀ ਪਰ ਅਫ਼ਸੋਸ! ਕਿ ਕੋਰੋਨਾ ਅਤੇ ਸੁਰੱਖਿਆ ਦੀ ਆੜ ਹੇਠ ਕੇਂਦਰ ਸਰਕਾਰ ਨੇ ਜਥੇਦਾਰ ਅਕਾਲ ਤਖ਼ਤ ਦੀ ਅਗਵਾਈ 'ਚ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ ਮਨਾਉਣ ਜਾਣ ਵਾਲੇ ਸ਼੍ਰੋਮਣੀ ਕਮੇਟੀ ਦੇ ਜਥੇ ਦਾ ਰਾਹ ਰੋਕ ਲਿਆ ਹੈ। ਪਿਛਲੇ ਸਾਲ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਜਥਾ ਨਨਕਾਣਾ ਸਾਹਿਬ ਗਿਆ ਸੀ ਤਾਂ ਉਦੋਂ ਕੋਰੋਨਾ ਦਾ ਪ੍ਰਕੋਪ ਤੇ ਸੁਰੱਖਿਆ ਦਾ ਖ਼ਤਰਾ ਅੱਜ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਅਟਾਰੀ-ਵਾਹਗਾ ਸਰਹੱਦ 'ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਅਤੇ ਹੋਰ ਅਹੁਦੇਦਾਰ ਹੱਥਾਂ 'ਚ ਗੁਲਦਸਤੇ ਲੈ ਕੇ ਸਵਾਗਤ ਲਈ ਪੁੱਜੇ ਹੋਏ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਭਾਰਤ ਸਰਕਾਰ ਨੇ ਜਥੇ ਨੂੰ ਸਰਹੱਦ ਪਾਰ ਕਰਨ ਦੀ ਆਗਿਆ

ਨਹੀਂ ਦਿੱਤੀ ਤਾਂ ਸ਼ਰਧਾਲੂਆਂ ਦੇ ਮੁਰਝਾਏ ਚਿਹਰੇ ਅਤੇ ਗੁਲਦਸਤਿਆਂ ਦੇ ਕੁਮਲਾਏ ਫੁੱਲ ਬਹੁਤ ਕੁਝ ਕਹਿ ਗਏ ਸਨ। ਵੀਜ਼ੇ ਪੂਰੀ ਘੋਖ ਪੜਤਾਲ ਤੋਂ ਬਾਅਦ ਹੀ ਦਿੱਤੇ ਗਏ ਸਨ ਤੇ ਇਸ ਤੋਂ ਬਾਅਦ ਅਚਨਚੇਤ ਰੋਕ ਲਾਉਣੀ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸੀ। ਅਜਿਹਾ ਕਦਮ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲਾ ਹੈ। ਅਜਿਹੇ ਮੁੱਦੇ ਦਾ ਲਾਹਾ ਦੇਸ਼ ਵਿਰੋਧੀ ਤਾਕਤਾਂ ਨੂੰ ਮਿਲਦਾ ਹੈ ਜੋ ਆਨੇ-ਬਹਾਨੇ ਭਾਰਤ ਨੂੰ ਬਦਨਾਮ ਕਰਨ ਦੀ ਤਾਕ ਵਿਚ ਰਹਿੰਦੀਆਂ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਪਹਿਲਾਂ ਹੀ ਬੰਦ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸਿੱਖ ਸੰਗਤ ਇਸ ਨੂੰ ਖੋਲ੍ਹਣ ਦੀ ਵਾਰ-ਵਾਰ ਅਪੀਲ ਕਰ ਰਹੀ ਹੈ। ਕੋਰੋਨਾ ਮਹਾਮਾਰੀ ਦਾ ਪ੍ਰਕੋਪ ਜਦੋਂ ਚਰਮ ਸੀਮਾ 'ਤੇ ਸੀ ਤਾਂ ਸਾਰੇ ਧਰਮ ਅਸਥਾਨ ਬੰਦ ਸਨ। ਹੁਣ ਜਦੋਂ ਜ਼ਿੰਦਗੀ ਪਟੜੀ 'ਤੇ ਆ ਗਈ ਹੈ ਤਾਂ ਅਜਿਹੀਆਂ ਰੋਕਾਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

21 ਫਰਵਰੀ

# ਬਸੰਤ ਬਨਾਮ ਸੋਸ਼ਲ ਮੀਡੀਆ

ਇਕ ਦਹਾਕਾ ਪਹਿਲਾਂ ਮੱਧ-ਪੂਰਬ ਦੀ ਬਸੰਤ-ਬਹਾਰ ਨੇ ਵਿਸ਼ਵ ਦੇ ਕੋਨੇ-ਕੋਨੇ ਵਿਚ ਤਹਿਲਕਾ ਮਚਾ ਦਿੱਤਾ ਸੀ। ਹੁਣ ਬਸੰਤ-ਬਹਾਰ 'ਚ ਸੋਸ਼ਲ ਮੀਡੀਆ ਨੂੰ ਨੱਥ ਪਾਉਣ ਲਈ ਨਵੇਂ ਨਿਯਮ ਘੜੇ ਜਾ ਰਹੇ ਹਨ ਜਿਸ ਬਾਰੇ ਖ਼ੂਬ ਚਰਚਾ ਛਿੜੀ ਹੋਈ ਹੈ। ਸੰਨ 2010 ਦੇ ਅੰਤਲੇ ਦਿਨਾਂ ਦੌਰਾਨ ਟਿਊਨੀਸ਼ੀਆ ਵਿਚ ਬਗ਼ਾਵਤੀ ਸੁਰਾਂ ਉੱਠੀਆਂ ਜੋ ਉੱਥੋਂ ਦੀਆਂ ਸਰਹੱਦਾਂ ਤਕ ਹੀ ਸੀਮਤ ਸਨ। ਦੋ ਮਹੀਨਿਆਂ ਦੇ ਅੰਦਰ-ਅੰਦਰ ਸੋਸ਼ਲ ਮੀਡੀਆ ਦੇ ਖੰਭ ਲਗਾ ਕੇ ਅੰਦੋਲਨ ਸਭ ਹੱਦਾਂ-ਬੰਨੇ ਟੱਪ ਗਿਆ ਜਿਸ ਦੇ ਫਲਸਰੂਪ ਮੱਧ-ਪੂਰਬ ਦੇ ਦੇਸ਼ਾਂ ਵਿਚ ਵਿਆਪਕ ਹਿੰਸਾ ਹੋਈ ਸੀ। ਬਸੰਤ ਦੇ ਦਿਨਾਂ ਵਿਚ ਜਦੋਂ ਹਰ ਤਰਫ਼ ਮਹਿਕਾਂ ਦਾ ਡੇਰਾ ਸੀ ਤਦ ਬਾਰੂਦ ਦੀ ਬਦਬੂ ਨੇ ਆਬੋ-ਹਵਾ ਨੂੰ ਪਲੀਤ ਕਰ ਦਿੱਤਾ ਸੀ। ਬਸੰਤ ਦੌਰਾਨ ਛਿੜੇ ਅੰਦੋਲਨ ਕਰਕੇ ਦੁਨੀਆ ਨੇ ਇਸ ਨੂੰ 'ਅਰਬ-ਸਪਰਿੰਗ' ਦਾ ਨਾਮ ਦਿੱਤਾ ਸੀ। ਸੋਸ਼ਲ ਮੀਡੀਆ ਰਾਹੀਂ ਅੰਦੋਲਨਕਾਰੀ ਅਤੇ ਸੱਤਾਧਾਰੀ ਦੋਨੋਂ ਵਿਸ਼ਾਲ ਇਕੱਠ ਕਰਨ ਵਿਚ ਕਾਮਯਾਬ ਹੋ ਰਹੇ ਸਨ। ਰੋਸ ਮੁਜ਼ਾਹਰਿਆਂ ਦੀ ਲੜੀ ਕਾਰਨ ਰਾਜ ਪਲਟੇ ਵੀ ਹੋਏ ਤੇ ਟਿਊਨੀਸ਼ੀਆ ਨੂੰ 'ਅਰਬ ਬਸੰਤ' ਦਾ ਜਨਮ-ਅਸਥਾਨ ਮੰਨਿਆ ਜਾਣ ਲੱਗਾ। ਮਿਸਰ 'ਅਰਬ ਬਸੰਤ' ਦਾ ਸਿਖ਼ਰ ਬਣਿਆ। ਤਿੰਨ ਦਹਾਕਿਆਂ ਤੋਂ ਤਖ਼ਤ 'ਤੇ ਬੈਠੇ ਮਿਸਰ ਦੇ ਰਾਸ਼ਟਰਪਤੀ ਹੋਸਨੀ ਮੁਬਾਰਕ ਨੂੰ ਸੱਤਾ ਤੋਂ ਹੱਥ ਧੋਣੇ ਪਏ ਸਨ। 'ਅਰਬ ਸਪਰਿੰਗ' ਨੇ ਲੀਬੀਆ, ਯਮਨ, ਬਹਿਰੀਨ, ਸੀਰੀਆ, ਮੋਰਾਕੋ ਤੇ ਜਾਰਡਨ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਇਸ ਕ੍ਰਾਂਤੀ ਤੋਂ ਬਾਅਦ ਸੋਸ਼ਲ ਮੀਡੀਆ, ਰਵਾਇਤੀ ਮੀਡੀਆ ਲਈ ਵੱਡੀ ਵੰਗਾਰ ਬਣ ਗਿਆ। ਇਸ ਨੇ ਜਦੋਂ ਜਣੇ-ਖਣੇ ਨੂੰ ਵੀ ਪੱਤਰਕਾਰ/ ਸੰਪਾਦਕ ਬਣਾ ਦਿੱਤਾ ਤਾਂ 'ਕਾਂਤੀ' ਤੋਂ ਬਾਅਦ ਭ੍ਰਾਂਤੀ ਦਾ ਦੌਰ ਆਰੰਭ ਹੋ ਗਿਆ। ਸੋਸ਼ਲ ਮੀਡੀਆ ਜਿੱਥੇ ਆਮ ਆਦਮੀ ਲਈ ਵਰਦਾਨ ਬਣਿਆ, ਓਥੇ ਹੀ ਇਹ ਅਣਗਿਣਤ ਲੋਕਾਂ ਲਈ ਸਰਾਪ ਬਣ ਗਿਆ। ਕਈ ਲੋਕ ਫੇਸਬੁੱਕ 'ਤੇ ਲਾਈਵ ਹੋ ਕੇ ਖ਼ੁਦਕੁਸ਼ੀਆਂ ਤਕ ਕਰਨ ਲੱਗ ਪਏ। ਕਈਆਂ ਨੇ ਜਾਅਲੀ ਖਾਤੇ ਬਣਾ ਕੇ ਲੋਕਾਂ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਸਮੇਂ ਦੀਆਂ ਹਕੂਮਤਾਂ ਨੇ ਰਵਾਇਤੀ ਮੀਡੀਆ 'ਤੇ ਕਬਜ਼ਾ ਕਰ ਲਿਆ ਸੀ ਤਾਂ ਆਮ ਲੋਕਾਂ ਕੋਲ ਸੋਸ਼ਲ ਮੀਡੀਆ ਆਸ ਦੀ ਕਿਰਨ ਲੈ ਕੇ ਆਇਆ ਸੀ। ਅਮਰੀਕਾ ਵਰਗੀ ਮਹਾ-ਸ਼ਕਤੀ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਵਿਸ਼ਵ ਦੇ ਅਣਗਿਣਤ ਦੇਸ਼ਾਂ ਦੇ ਮੁਖੀ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਆ ਰਹੇ ਹਨ। ਜਦੋਂ ਇਹ ਦੋਧਾਰੀ ਹਥਿਆਰ ਉਨ੍ਹਾਂ ਦੇ ਵਿਰੋਧੀਆਂ ਨੇ ਵੀ ਵਰਤਣਾ ਸ਼ੁਰੂ ਕਰ ਦਿੱਤਾ ਤਾਂ ਉਹ ਸੋਸ਼ਲ ਮੀਡੀਆ ਨੂੰ ਪਾਣੀ ਪੀ-ਪੀ ਕੇ ਕੋਸਣ ਲੱਗ ਪਏ। ਯੂ-ਟਿਊਬ 'ਤੇ ਚੈਨਲ ਖੁੰਬਾਂ ਵਾਂਗ

ਨਜ਼ਰ ਆਉਣ ਲੱਗੇ ਜਿਨ੍ਹਾਂ ਦੀ ਸਮੱਗਰੀ ’ਤੇ ਨਿਗ੍ਹਾ ਰੱਖਣਾ ਔਖਾ ਕਾਰਜ ਬਣ ਗਿਆ। ਛੋਟੀ ਤੋਂ ਛੋਟੀ ਜਾਣਕਾਰੀ ਮਿੰਟਾਂ-ਸਕਿੰਟਾਂ ਵਿਚ ਜਰਬਾਂ ਖਾਣ ਲੱਗ ਪਈ। ਸੋਸ਼ਲ ਮੀਡੀਆ ਨੇ ਦਰਅਸਲ ਵਰਚੂਅਲ ਭਾਈਚਾਰਿਆਂ/ਨੈੱਟਵਰਕਾਂ ਦਾ ਜਾਲ ਵਿਛਾ ਦਿੱਤਾ ਜਿਸ ਕਾਰਨ ਦੁਨੀਆ ‘ਵਿਸ਼ਵ ਪਿੰਡ’ ਵਿਚ ਸਿਮਟ ਗਈ ਹੈ। ਪਹਿਲਾਂ ਚਿੱਠੀ-ਪੱਤਰ ਨੂੰ ਅੱਧੀ ਮੁਲਾਕਾਤ ਸਮਝਿਆ ਜਾਂਦਾ ਸੀ ਪਰ ਇੰਟਰਨੈੱਟ ਦੀ ਬਦੌਲਤ ਸੱਤ ਸਮੁੰਦਰ ਪਾਰ ਬੈਠੇ ਵਰਚੂਅਲ ਭਾਈਚਾਰੇ ਆਹਮੋ-ਸਾਹਮਣੇ ਬੈਠ ਕੇ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਸੰਸਾਰ ਦਾ ਖਿਲਰਿਆ-ਪੁਲਰਿਆ ਗਿਆਨ-ਵਿਗਿਆਨ ਆਮ ਆਦਮੀ ਦੀ ਮੁੱਠੀ ਵਿਚ ਆ ਗਿਆ ਹੈ। ਦੂਰ-ਦੁਰਾਡੇ ਬੈਠੇ ਲੋਕ ਫੇਸਬੁੱਕ (ਮੁੱਖ ਦੀ ਕਿਤਾਬ) ਰਾਹੀਂ ਮਿੱਤਰ-ਮੰਡਲੀਆਂ ਬਣਾ ਰਹੇ ਹਨ। ਪਿੰਡ ਦੇ ਲਾਲ ਡੋਰੇ ਅੰਦਰ ਪੂਰਾ ਵਿਸ਼ਵ ਸਮਾ ਗਿਆ ਹੈ। ਖ਼ੁਸ਼ਖ਼ਤ ਲਿਖਣ ਵਾਲੀਆਂ ਕਾਨੀਆਂ-ਕਲਮਾਂ ਬੀਤੇ ਦੀ ਬਾਤ ਹੋ ਗਈਆਂ ਹਨ। ਨਿੱਜੀ ਵਹੀਆਂ-ਖਾਤੇ ਸੰਭਾਲਣ ਦੀ ਲੋੜ ਨਹੀਂ ਰਹਿ ਗਈ। ਇੰਟਰਨੈੱਟ ਦੇ ਵਿਸ਼ਾਲ ਵਰਤੋਂਕਾਰ ਅਨੰਤ ਸੰਵਾਦ ਰਚਾ ਰਹੇ ਹਨ। ਗੂਗਲ ਟ੍ਰਾਂਸਲੇਸ਼ਨ ਨੇ ਭਾਸ਼ਾਵਾਂ ਦੀਆਂ ਤਮਾਮ ਕੰਧਾਂ ਤੋੜ ਦਿੱਤੀਆਂ ਹਨ। ਲੇਖਕ ਖ਼ੁਦ ਪ੍ਰਕਾਸ਼ਕ ਬਣ ਗਏ ਹਨ। ਕੋਈ ਅਨਜਾਣ ਕਲਾਕਾਰ ਰਾਤੋ-ਰਾਤ ਆਪਣੀ ਪਛਾਣ ਬਣਾਉਣ ਜੋਗਾ ਹੋ ਗਿਆ ਹੈ। ਇੰਟਰਨੈੱਟ ਜ਼ਰੀਏ ਸੂਚਨਾਵਾਂ ਦਾ ਫੈਲਾਓ ਜੰਗਲ ਦੀ ਅੱਗ ਨਾਲੋਂ ਵੀ ਤੇਜ਼ੀ ਨਾਲ ਹੋ ਰਿਹਾ ਹੈ। ਵਿਸ਼ਵ-ਵਿਆਪੀ ਸਮਾਜਿਕ ਸੰਚਾਰ ਤੰਤਰ ਕੱਚਘਰੜ ਸਮੱਗਰੀ ਲਈ ਵੀ ਸਾਂਝਾ ਮੰਚ ਬਣ ਗਿਆ ਹੈ। ਇਸ ਨੇ ਅਨੇਕਾਂ ਸੰਭਾਵਨਾਵਾਂ ਅਤੇ ਵੰਗਾਰਾਂ ਨੂੰ ਵੀ ਜਨਮ ਦਿੱਤਾ ਹੈ। ਇਸ ਸਮਾਜਿਕ ਸੰਚਾਰ-ਤੰਤਰ ਨੇ ਕਈ ਸਕਾਰਾਤਮਕ ਤੇ ਨਕਾਰਾਤਮਕ ਵਰਤਾਰਿਆਂ ਨੂੰ ਵੀ ਸਪੇਸ ਮੁਹੱਈਆ ਕਰਵਾਈ ਹੈ। ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਵਿਸ਼ਵ ਪੱਧਰ ’ਤੇ ਅੱਤਵਾਦੀ ਵੀ ਆਪਣਾ ਸੌਦਾ ਵੇਚ ਜਾਂਦੇ ਹਨ। ਅਤੋਲ ਕੁਫ਼ਰ ਅੱਖ ਦੇ ਫੌਰ ਨਾਲ ਵਿਕ ਜਾਂਦਾ ਹੈ। ਇੰਟਰਨੈੱਟ ਦੀ ਦੁਰਵਰਤੋਂ ਕਰਨ ਵਾਲਿਆਂ ਨੇ ਕਈ ਦੇਸ਼ਾਂ ਦੇ ਲੋਕਤੰਤਰ ਨੂੰ ਵੀ ਖੋਰਾ ਲਾਇਆ ਹੈ। ਚੋਣਾਂ ਦੌਰਾਨ ਸਿਆਸੀ ਪਾਰਟੀਆਂ ਇਸ ਦੀ ਰੱਜ ਕੇ ਦੁਰਵਰਤੋਂ ਕਰਦੀਆਂ ਹਨ ਜਿਸ ਕਾਰਨ ਇੰਟਰਨੈੱਟ ’ਤੇ ਦੁਨੀਆ ਭਰ ਵਿਚ ਬਹਿਸ ਛਿੜੀ ਹੋਈ ਹੈ। ਇੰਟਰਨੈੱਟ ’ਤੇ ਵੱਡੀ ਪੱਧਰ ’ਤੇ ਪਰੋਸੇ ਜਾਂਦੇ ਤੱਥ-ਵਿਹੂਣੇ ਅੰਕੜਿਆਂ ਨੇ ਉੱਨੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਦੀ ਪੀਲੀ ਪੱਤਰਕਾਰੀ ਨੂੰ ਮਾਤ ਦੇ ਦਿੱਤੀ ਹੈ। ਹਰ ਸਿਆਸੀ ਪਾਰਟੀ ਨੇ ਆਪੋ-ਆਪਣਾ ‘ਆਈਟੀ ਸੈੱਲ’ ਗਠਿਤ ਕੀਤਾ ਹੋਇਆ ਹੈ। ਇਹ ਸੈੱਲ ਸਿਆਸੀ ਵਿਰੋਧੀਆਂ ਖ਼ਿਲਾਫ਼ ਹੋਛਾ ਪ੍ਰਚਾਰ ਕਰਨ ਤੋਂ ਵੀ ਨਹੀਂ ਕਤਰਾਉਂਦੇ। ਖੋਟੀ ਜਾਣਕਾਰੀ ਮੁਹੱਈਆ ਕਰਵਾਉਣ ਵਾਲੀ ਖੱਟੀ ਪੱਤਰਕਾਰੀ ਨੇ ਅਖ਼ਬਾਰਨਵੀਸੀ ਦੇ ਪਵਿੱਤਰ ਪੇਸ਼ੇ ਨੂੰ ਦਾਗ਼ ਲਗਾਇਆ ਸੀ। ਪਹਿਲਾਂ ਗੁਮਰਾਹਕੁੰਨ ਤੱਥ ਸੀਮਤ ਖੇਤਰਾਂ ਵਿਚ ਹੀ ਤਰਥਲੀ ਮਚਾਉਂਦੇ ਸਨ। ਇੰਟਰਨੈੱਟ ਦੇ ਈਜਾਦ ਹੋਣ ਤੋਂ ਬਾਅਦ ਕੋਈ ਵੀ ਸੱਚੀ/ਝੂਠੀ ਜਾਣਕਾਰੀ ਸੁਨਾਮੀ ਲਿਆਉਣ ਲੱਗੀ। ਵ੍ਹਟਸਐਪ, ਫੇਸਬੁੱਕ ਅਤੇ ਯੂ-ਟਿਊਬ ਆਦਿ ਅੱਖ ਦੇ ਫੌਰ ਨਾਲ ਕੋਈ ਵੀ ਜਾਣਕਾਰੀ ਦੁਨੀਆ ਭਰ ’ਚ ਸਾਂਝੀ ਕਰਨ ਦੇ ਸਮਰੱਥ ਬਣ ਗਏ ਹਨ। ਕੇਵਲ ਭਾਰਤ ਵਿਚ ਹੀ ਵ੍ਹਟਸਐਪ ਦੇ 53 ਕਰੋੜ, ਯੂ-ਟਿਊਬ ਦੇ 44.8 ਕਰੋੜ, ਫੇਸਬੁੱਕ ਦੇ 41

ਕਰੋੜ ਅਤੇ ਇੰਸਟਾਗ੍ਰਾਮ ਦੇ 21 ਕਰੋੜ ਵਰਤੋਂਕਾਰ ਹਨ। ਚੀਨ ਨੇ ਸਦੀਆਂ ਪੁਰਾਣੀ 'ਦਿ ਗ੍ਰੇਟ ਵਾਲ ਆਫ ਚਾਈਨਾ' ਵਾਂਗ ਸੋਸ਼ਲ ਮੀਡੀਆ ਨੂੰ ਰੋਕਣ ਲਈ ਅੰਬਰ ਤਕ ਉੱਚੀਆਂ ਕੰਧਾਂ ਉਸਾਰੀਆਂ ਹੋਈਆਂ ਹਨ। ਆਸਟ੍ਰੇਲੀਆ ਨੇ ਸੋਸ਼ਲ ਮੀਡੀਆ ਖ਼ਿਲਾਫ਼ ਸ਼ਿਕੰਜਾ ਕੱਸਿਆ ਹੈ। ਭਾਰਤ ਸਰਕਾਰ ਨੇ ਵੀ ਇਸ ਨੂੰ ਨੱਥ ਪਾਉਣ ਦਾ ਐਲਾਨ ਕੀਤਾ ਹੈ। ਕਿਸਾਨ ਅੰਦੋਲਨ ਦੇ ਭਖਣ ਦਾ ਕਾਰਨ ਵੀ ਸੋਸ਼ਲ ਮੀਡੀਆ ਮੰਨਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਦੀ ਸਮੱਗਰੀ ਅਤੇ ਪ੍ਰਬੰਧਕੀ ਮਾਮਲਿਆਂ ਦੁਆਲੇ ਘੇਰਾਬੰਦੀ ਕਰਨ ਲਈ ਨਵੀਆਂ ਪੇਸ਼ਬੰਦੀਆਂ ਦਾ ਐਲਾਨ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਬਾਜ਼ ਅੱਖ ਰੱਖਣ ਲਈ ਸ਼ਿਕਾਇਤ ਨਿਵਾਰਨ ਅਧਿਕਾਰੀ ਨਿਯੁਕਤ ਕੀਤੇ ਜਾਣਗੇ। ਇਸ ਤੋਂ ਇਲਾਵਾ ਉੱਚ ਪੱਧਰੀ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ। ਅਧਿਕਾਰੀਆਂ ਕੋਲ ਕਿਸੇ ਵੀ ਇਤਰਾਜ਼ਯੋਗ ਸਮੱਗਰੀ ਨੂੰ ਰੋਕਣ ਦਾ ਅਧਿਕਾਰ ਹੋਵੇਗਾ। ਇਸ ਵੇਲੇ ਅਖ਼ਬਾਰ/ ਮੈਗਜ਼ੀਨ ਆਰਐੱਨਆਈ ਕੋਲ ਦਰਜ ਹੁੰਦੇ ਹਨ ਜਿਸ ਕਾਰਨ ਇਨ੍ਹਾਂ ਦੀ ਸਮੱਗਰੀ 'ਤੇ ਸਰਕਾਰ ਦੀ ਨਿਗ੍ਹਾ ਰਹਿੰਦੀ ਹੈ। ਸੋਸ਼ਲ ਮੀਡੀਆ ਨੂੰ ਬੇਲਗਾਮ ਸਮਝਿਆ ਜਾ ਰਿਹਾ ਹੈ ਤੇ ਇਸ ਨੂੰ ਨੱਥ ਪਾਉਣ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਇਨ੍ਹਾਂ ਨੂੰ ਵਿਦੇਸ਼ਾਂ ਤੋਂ ਆ ਰਹੀ ਮਾਇਆ ਦੇ ਖਾਤੇ ਵੀ ਖੰਘਾਲ ਰਹੀ ਹੈ। ਡਿਜੀਟਲ ਨਿਊਜ਼ ਮੀਡੀਆ ਪ੍ਰੈੱਸ ਕਾਊਂਸਲ ਆਫ ਇੰਡੀਆ ਦੀ ਦੇਖ-ਰੇਖ 'ਚ ਚੱਲੇਗਾ ਪਰ ਨਵੀਆਂ ਵੈੱਬਸਾਈਟਾਂ ਨੂੰ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੀ ਵੈੱਬਸਾਈਟ ਨਾਲ ਜੋੜਨਾ ਲਾਜ਼ਮੀ ਹੋਵੇਗਾ। ਵਿਰੋਧੀ ਧਿਰਾਂ ਇਸ ਨੂੰ ਐਮਰਜੈਂਸੀ ਵੇਲੇ ਅਖ਼ਬਾਰਾਂ 'ਤੇ ਲਗਾਈਆਂ ਪਾਬੰਦੀਆਂ ਦੀ ਨਿਗ੍ਹਾ ਨਾਲ ਵੇਖ ਰਹੀਆਂ ਹਨ। ਇਸ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਵੀ ਸਮਝਿਆ ਜਾ ਰਿਹਾ ਹੈ। ਇਨ੍ਹਾਂ ਦਾ ਤਰਕ ਹੈ ਕਿ ਨਵੇਂ ਨਿਯਮਾਂ ਦੀ ਆੜ ਥੱਲੇ ਕਿੜਾਂ ਕੱਢੇ ਜਾਣ ਦਾ ਖ਼ਦਸ਼ਾ ਹੈ। ਨਿਯਮਾਂ ਦੇ ਹੱਕ 'ਚ ਭੁਗਤਣ ਵਾਲੇ ਮੰਨਦੇ ਹਨ ਕਿ ਸੋਸ਼ਲ ਮੀਡੀਆ ਦੀ ਪ੍ਰਮਾਣਿਕਤਾ 'ਤੇ ਕਿਸੇ ਵੀ ਤਰ੍ਹਾਂ ਦਾ ਕੰਟਰੋਲ ਨਾ ਹੋਣ ਕਾਰਨ ਇਸ ਦਾ ਇਕ ਹਿੱਸਾ ਸਮਾਜ ਲਈ ਘਾਤਕ ਸਾਬਤ ਹੋ ਰਿਹਾ ਸੀ। ਹਰ ਧਿਰ ਦਾ ਸੱਚ/ਤਰਕ ਵੱਖਰਾ-ਵੱਖਰਾ ਹੋ ਸਕਦਾ ਹੈ। ਕਾਨੂੰਨ ਮੋਮ ਦੀ ਨੱਕ ਵਾਂਗ ਕਿਸੇ ਵੀ ਪਾਸੇ ਮਰੋੜਿਆ ਜਾ ਰਿਹਾ ਹੈ। ਨਿਯਮਾਂ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਗਿਆ ਤਾਂ ਸਮਾਜ ਨੂੰ ਗੈਰ-ਸਮਾਜਿਕ ਸਮੱਗਰੀ ਤੋਂ ਨਿਜਾਤ ਅਵੱਸ਼ ਮਿਲੇਗੀ। ਪੂਰੇ ਗਲੋਬ ਨੂੰ ਆਪਣੀ ਗ੍ਰਿਫ਼ਤ 'ਚ ਜਕੜਨ ਵਾਲੇ ਸੋਸ਼ਲ ਮੀਡੀਆ 'ਤੇ ਪਰੋਸੀ ਜਾ ਰਹੀ ਅਥਾਹ ਸਮੱਗਰੀ 'ਚੋਂ ਕੱਚ-ਸੱਚ ਦਾ ਨਿਤਾਰਾ ਕਰਨਾ ਬੇਹੱਦ ਔਖਾ ਕਾਰਜ ਬਣਿਆ ਹੋਇਆ ਹੈ।

28 ਫਰਵਰੀ

# ਸਾਬਰਮਤੀ ਦੇ ਹੰਝੂ

ਹਰ ਸਾਲ ਦੀ ਤਰ੍ਹਾਂ ਕੱਲ੍ਹ ਵੀ ਕੌਮਾਂਤਰੀ ਮਹਿਲਾ ਦਿਵਸ ਦੁਨੀਆ ਭਰ ਵਿਚ ਉਤਸਵ ਵਾਂਗ ਮਨਾਇਆ ਜਾਵੇਗਾ। ਔਰਤਾਂ ਦੇ ਹੱਕ-ਹਕੂਕ ਬਾਰੇ ਲੱਛੇਦਾਰ ਤਕਰੀਰਾਂ ਹੋਣਗੀਆਂ ਤੇ ਆਜ਼ਾਦੀ ਦਾ ਪ੍ਰਤੀਕ ਬਣੀ ਅਹਿਮਦਾਬਾਦ ਦੀ ਸਾਬਰਮਤੀ ਨਦੀ ਦਾ ਜਲ-ਤਰੰਗ ਪਹਿਲਾਂ ਵਾਂਗ ਹੀ ਤਰੰਗਾਂ ਛੇੜਦਾ ਰਹੇਗਾ। ਡਾਂਡੀ ਮਾਰਚ ਦੀ ਯਾਦ ਸਮੋਈ ਬੈਠੀ ਸਾਬਰਮਤੀ ਉਹੀ ਨਦੀ ਹੈ ਜਿਸ ਵਿਚ ਦਾਜ ਦੇ ਲੋਭੀਆਂ ਦੀ ਸਤਾਈ ਹੋਈ 23 ਸਾਲਾਂ ਦੀ ਮਾਸੂਮ ਵਿਆਹੁਤਾ ਆਇਸ਼ਾ ਆਰਿਫ਼ ਡੁੱਬ ਮੋਈ ਸੀ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਉਹ ਵੀਡੀਓ ਰਿਕਾਰਡਿੰਗ ਵਿਚ ਕਹਿ ਰਹੀ ਸੀ ਕਿ ਸਾਬਰਮਤੀ ਦੀਆਂ ਲਹਿਰਾਂ ਉਸ ਨੂੰ ਬੁਲਾ ਰਹੀਆਂ ਹਨ। ਨਦੀ ਵਿਚ ਕੁੱਦਣ ਤੋਂ ਬਾਅਦ ਕੁਝ ਸਮੇਂ ਲਈ ਸਾਬਰਮਤੀ ਦੀਆਂ ਲਹਿਰਾਂ ਜ਼ਰੂਰ ਤੜਪੀਆਂ ਹੋਣਗੀਆਂ ਪਰ ਪਾਣੀਆਂ ਦੀ ਹਿੱਕ ’ਤੇ ਵੇਦਨਾ ਦੀ ਇਬਾਰਤ ਕਿੰਨੀ ਕੁ ਦੇਰ ਲਿਖੀ ਰਹਿਣੀ ਸੀ। ਪਾਣੀਆਂ ’ਚੋਂ ਨਦੀਆਂ ਦੇ ਹੰਝੂ ਭਲਾ ਕਿਸ ਵੇਖੇ ਹਨ ? ਰਾਜਸਥਾਨ ਦੇ ਜਲੌਰ ਜ਼ਿਲ੍ਹੇ ਦੀ ਆਇਸ਼ਾ ਲਿਆਕਤ ਮਰਕਾਨੀ ਅਤੇ ਹਰਮਤ ਬੀਬੀ ਦੀ ਬੀਬੀ ਧੀ ਸੀ ਜਿਸ ਦਾ ਅਹਿਮਦਾਬਾਦ ਦੇ ਅਮੀਰਜ਼ਾਦੇ ਆਰਿਫ਼ ਵਲਦ ਬਾਬੂ ਖ਼ਾਨ ਨਾਲ ਢਾਈ ਕੁ ਸਾਲ ਪਹਿਲਾਂ ਨਿਕਾਹ ਹੋਇਆ ਸੀ। ਨਿਕਾਹ ਇਸ ਸ਼ਰਤ ’ਤੇ ਹੋਇਆ ਸੀ ਕਿ ਆਇਸ਼ਾ ਦਾ ਸ਼ੌਹਰ ਉਸ ਦੀ ਤਾਲੀਮ ਵਿਚ ਰੋੜਾ ਨਹੀਂ ਬਣੇਗਾ। ਐੱਮਏ ਕਰ ਰਹੀ ਆਇਸ਼ਾ ਦੇ ਨੈਣਾਂ ਵਿਚ ਸੁਪਨੇ ਝੂਮਰ ਪਾਉਂਦੇ ਸਨ। ਆਇਸ਼ਾ ਦੇ ਸਹੁਰੇ ਪਰਿਵਾਰ ਨੇ ਉਸ ਨਾਲ ਕੀਤੇ ਵਾਅਦੇ ਵਫ਼ਾ ਤਾਂ ਕੀ ਕਰਨੇ ਸਨ, ਇਸ ਦੇ ਉਲਟ ਉਹ ਉਸ ਦੇ ਪੇਕਿਆਂ ਕੋਲੋਂ ਹੋਰ ਦਹੇਜ ਦੀ ਮੰਗ ਕਰਨ ਲੱਗੇ। ਆਇਸ਼ਾ ਦੇ ਸੁਪਨੇ ਚਕਨਾਚੂਰ ਹੋ ਗਏ ਜਿਸ ਦਾ ਮਲਬਾ ਉਠਾਉਣਾ ਉਸ ਲਈ ਮੁਹਾਲ ਹੋ ਗਿਆ ਸੀ। ਜ਼ਿੰਦਗੀ ਨਰਕ ਤੋਂ ਵੀ ਬਦਤਰ ਹੋ ਗਈ ਤਾਂ ਉਸ ਨੇ ਆਪਣੀ ਜੀਵਨ-ਲੀਲ੍ਹਾ ਖ਼ਤਮ ਕਰਨ ਦੀ ਗੱਲ ਕਹੀ। ਉਸ ਦੇ ਸ਼ੌਹਰ ਨੇ ਕਿਹਾ ਕਿ ਉਹ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਉਸ ਦ੍ਰਿਸ਼ ਨੂੰ ਵ੍ਹਟਸਐਪ ’ਤੇ ਰਿਕਾਰਡ ਕਰ ਕੇ ਭੇਜੇ ਤਾਂ ਹੀ ਉਸ ਨੂੰ ਯਕੀਨ ਆਵੇਗਾ। ਮਾਨਸਿਕ ਤੌਰ ’ਤੇ ਬੁਰੀ ਤਰ੍ਹਾਂ ਟੁੱਟੀ ਆਇਸ਼ਾ ਆਪਣੇ ਸ਼ੌਹਰ ਦੇ ‘ਹੁਕਮ ਦੀ ਤਾਮੀਲ’ ਕਰਦੀ ਹੈ। ਸਾਬਰਮਤੀ ਕਿਨਾਰੇ ਖੜ੍ਹੀ ਆਇਸ਼ਾ ਕੁਸੈਲਾ ਹੱਸਦੀ ਹੋਈ ਆਪਣੀ ਵੀਡੀਓ ਬਣਾਉਂਦੀ ਹੈ। ਉਸ ਦੇ ਬੋਲਾਂ ਵਿਚ ਅੰਤਾਂ ਦਾ ਦਰਦ ਹੈ। ਉਹ ਸਮਾਜ ਨੂੰ ਮਿਹਣੇ ਮਾਰਦੀ ਹੋਈ ਕਹਿੰਦੀ ਹੈ, “ਜੇ ਉਹ ਮੇਰੇ ਤੋਂ ਆਜ਼ਾਦੀ ਚਾਹੁੰਦਾ ਹੈ ਤਾਂ ਉਸ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ। ਮੇਰੀ ਜ਼ਿੰਦਗੀ ਦਾ ਸਫ਼ਰ ਬਸ ਇੱਥੋਂ ਤਕ ਹੀ ਹੈ। ਮੈਂ ਬੇਹੱਦ ਖ਼ੁਸ਼ ਹਾਂ ਕਿ ਮੈਂ ਅੱਲਾ ਨਾਲ ਮਿਲਾਂਗੀ। ਮੈਂ ਅੱਲਾ ਨੂੰ ਪੁੱਛਾਂਗੀ ਕਿ ਆਖ਼ਰ ਮੈਂ ਕਿੱਥੇ ਗ਼ਲਤ ਸਾਂ। ਮੈਨੂੰ ਚੰਗੇ ਮਾਪੇ ਤੇ

ਦੋਸਤ ਮਿਲੇ। ਹੋ ਸਕਦਾ ਹੈ ਕਿ ਮੇਰੇ ਲੇਖ ਹੀ ਖੋਟੇ ਹੋਣ। ਮੈਂ ਅੱਲਾ-ਤਾਅਲਾ ਅੱਗੇ ਜ਼ਰੂਰ ਦੁਆ ਕਰਾਂਗੀ ਕਿ ਮੈਨੂੰ ਮੁੜ ਕਦੇ ਇਨਸਾਨਾਂ ਦੀ ਸ਼ਕਲ ਨਾ ਦਿਖਾਵੇ।" ਆਇਸ਼ਾ ਦੇ ਅੰਤਿਮ ਬੋਲ ਸੁਣ ਕੇ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਕੰਬਣ ਲੱਗ ਪਵੇਗੀ। ਉਸ 'ਤੇ ਕਿੰਨਾ ਤਸ਼ੱਦਦ ਹੋਇਆ ਹੋਵੇਗਾ ਕਿ ਉਹ ਮੁੜ ਕਦੇ ਇਨਸਾਨਾਂ (ਹੈਵਾਨਾਂ) ਦੀ ਸ਼ਕਲ ਦੇਖਣ ਨੂੰ ਤਿਆਰ ਨਹੀਂ ਸੀ। ਰਗੜੇ-ਝਗੜੇ ਤੇ ਕਾਟੋ-ਕਲੇਸ਼ ਘਰ-ਘਰ ਦੀ ਕਹਾਣੀ ਹੈ। ਇਸ ਦੇ ਬਾਵਜੂਦ ਔਰਤ ਨੂੰ ਰੱਬ ਨੇ ਅੰਤਾਂ ਦਾ ਸਬਰ-ਸੰਤੋਖ ਬਖ਼ਸ਼ਿਆ ਹੈ ਜੋ ਸਹਿਜੇ ਹੀ ਛੋਟੇ-ਮੋਟੇ ਦੁੱਖ ਜਾਂ ਜ਼ੁਲਮ ਨੂੰ ਸਹਿ ਲੈਂਦੀ ਹੈ। ਖ਼ੁਦਕੁਸ਼ੀ ਨੂੰ ਵੈਸੇ ਵੀ ਬੁਝਦਿਲੀ ਮੰਨਿਆ ਜਾਂਦਾ ਹੈ। ਆਇਸ਼ਾ ਦੀ ਇਸ ਵੀਡੀਓ ਨੇ ਅਵੱਸ਼ ਹਰ ਕਿਸੇ ਦਾ ਦਿਲ ਦੁਖਾਇਆ ਹੋਵੇਗਾ। ਸ਼ੌਹਰ ਆਰਿਫ਼, ਸੱਸ ਸਾਇਰਾ ਬਾਨੋ ਅਤੇ ਨਨਾਣ ਖ਼ੁਸ਼ਬੂ ਬਾਨੋ ਨੂੰ ਪੁਲਿਸ ਨੇ ਨਾਮਜ਼ਦ ਕੀਤਾ ਹੈ ਜਿਨ੍ਹਾਂ ਨੇ ਆਇਸ਼ਾ ਨੂੰ ਖ਼ੁਦਕੁਸ਼ੀ ਵਰਗਾ ਕਦਮ ਚੁੱਕਣ ਲਈ ਉਕਸਾਇਆ ਸੀ। ਦਾਜ ਦੀ ਲਾਹਨਤ ਕਰ ਕੇ ਭਾਰਤ ਵਿਚ ਸਭ ਤੋਂ ਵੱਧ ਔਰਤਾਂ ਮਰਦੀਆਂ ਹਨ। ਸਹੁਰਾ ਘਰ ਉਨ੍ਹਾਂ ਲਈ ਕਬਰਿਸਤਾਨ ਬਣ ਜਾਂਦਾ ਹੈ। ਯੁੱਗ ਬਦਲੇ, ਸਦੀਆਂ ਬਦਲੀਆਂ, ਪਰ ਔਰਤਾਂ ਦੀ ਤਕਦੀਰ ਨਾ ਬਦਲ ਸਕੀ। ਅਖੰਡ ਭਾਰਤ ਦਾ ਹਿੱਸਾ ਰਹੇ ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਵੀ ਔਰਤਾਂ 'ਤੇ ਇਸੇ ਤਰ੍ਹਾਂ ਜ਼ੁਲਮ ਹੁੰਦੇ ਆ ਰਹੇ ਹਨ। ਅਣਖ ਦੀ ਖ਼ਾਤਰ ਕਤਲ ਹੋਣੇ ਆਮ ਵਰਤਾਰਾ ਹੈ। ਔਰਤਾਂ 'ਤੇ ਤੇਜ਼ਾਬ ਸੁੱਟੇ ਜਾਂਦੇ ਹਨ। 'ਲਵ ਜੇਹਾਦ' ਨੇ ਵੀ ਜਹਾਦ ਖੜ੍ਹਾ ਕੀਤਾ ਹੋਇਆ ਹੈ। ਕਈ ਸੂਬਿਆਂ ਵਿਚ ਇਸ ਖ਼ਿਲਾਫ਼ ਕਾਨੂੰਨ ਬਣ ਰਹੇ ਹਨ। ਜਿੱਥੇ ਕੰਜਕਾਂ ਅਤੇ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ, ਉਸ ਦੇਸ਼ ਵਿਚ ਔਰਤਾਂ 'ਤੇ ਜ਼ੁਲਮ ਹੋਣੇ ਆਪਣੇ-ਆਪ 'ਚ ਅਜੀਬ ਵਿਡੰਬਣਾ ਹੈ। ਦੇਸ਼ ਦਾ ਸ਼ਾਇਦ ਹੀ ਕੋਈ ਅਜਿਹਾ ਸੂਬਾ ਹੋਵੇਗਾ ਜਿੱਥੇ ਨਾਬਲਗਾਂ ਨਾਲ ਸਮੂਹਿਕ ਬਲਾਤਕਾਰਾਂ ਦੀਆਂ ਮਨਹੂਸ ਵਾਰਦਾਤਾਂ ਨਹੀਂ ਵਾਪਰ ਰਹੀਆਂ। ਦਾਜ ਵਿਰੋਧੀ ਕਾਨੂੰਨ ਵੀ ਦਾਜ ਲੋਭੀਆਂ ਨੂੰ ਨੱਥ ਨਹੀਂ ਪਾ ਸਕਿਆ। ਇਸੇ ਕਰਕੇ ਭਾਰਤ 'ਚ ਵੱਡੇ ਪੱਧਰ 'ਤੇ ਭਰੂਣ ਹੱਤਿਆ ਹੋ ਰਹੀ ਹੈ। ਵਿਹੜਿਆਂ 'ਚੋਂ ਕਿਕਲੀਆਂ-ਕਿਲਕਾਰੀਆਂ ਦੀ ਗੂੰਜ ਮੱਧਮ ਪੈ ਰਹੀ ਹੈ। ਚਰਖਿਆਂ ਨੂੰ ਘੁਣ ਲੱਗ ਰਿਹਾ ਹੈ ਤੇ ਤੀਆਂ ਨੂੰ ਚੰਦਰੀਆਂ ਨਜ਼ਰਾਂ ਨੇ ਖਾ ਲਿਆ ਹੈ। ਮਰਦ-ਪ੍ਰਧਾਨ ਸਮਾਜ ਵਿਚ ਸਾਰੇ ਇੱਕੋ ਵੇਲ ਦੇ ਤੂੰਬੇ ਨਜ਼ਰ ਆ ਰਹੇ ਹਨ। ਜਿੱਥੇ ਮੀਢੀਆਂ ਖੋਹੀਆਂ ਜਾਣ, ਉਹ ਸਮਾਜ ਕਦੇ ਤਰੱਕੀ ਨਹੀਂ ਕਰ ਸਕਦਾ। ਇੰਡੀਅਨ ਨੈਸ਼ਨਲ ਕ੍ਰਾਈਮ ਦੇ ਰਿਕਾਰਡ ਅਨੁਸਾਰ ਇਕੱਲੇ 2012 ਵਿਚ 8233 ਵਿਆਹੁਤ ਔਰਤਾਂ ਦੀ ਹਿੰਸਾ ਕਾਰਨ ਮੌਤ ਹੋਈ ਸੀ। ਹਰ ਡੇਢ ਘੰਟੇ ਬਾਅਦ ਕਿਸੇ ਨਾ ਕਿਸੇ ਵਿਹਾਂਦੜ ਦੇ ਸੜਨ ਦੀ ਚੰਦਰੀ ਖ਼ਬਰ ਮਿਲਦੀ ਹੈ। ਵਾ-ਵਰੋਲੇ ਉਡਾਉਣ ਵਾਲਿਆਂ ਦਾ ਵਾਲ ਵਿੰਗਾ ਨਹੀਂ ਹੁੰਦਾ। ਹਲਕੇ ਬੰਦੇ ਚਾਰ ਛਿੱਲੜਾਂ ਬਾਅਦ ਹਲਕਾਅ ਜਾਂਦੇ ਹਨ ਤੇ ਫਿਰ ਆਪਣਿਆਂ ਨੂੰ ਵੱਢਣ-ਟੁੱਕਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਰਿਸ਼ਤਿਆਂ ਦੀਆਂ ਨਾਜ਼ੁਕ ਤੰਦਾਂ ਤੜੱਕ ਕਰ ਕੇ ਟੁੱਟ ਜਾਂਦੀਆਂ ਹਨ। ਅਪਣੱਤ ਛਿੱਜਦੀ ਹੈ ਤਾਂ ਅਜਰਾਈਲ ਪੀੜ-ਪੀੜ ਹੋਈਆਂ ਪੀੜਤਾਂ ਨੂੰ ਹਾਕਾਂ ਮਾਰਦਾ ਹੈ। ਜ਼ਿੰਦਗੀ ਤੋਂ ਹਾਰੇ ਤੁਰੰਤ ਹੁੰਗਾਰਾ ਭਰਦੇ ਹਨ। ਮੁਸੀਬਤਾਂ ਨਾਲ ਦਸਤਪੰਜਾ ਲੈਣ ਵਾਲੇ ਪੈਰੀਂ ਪਈਆਂ ਬੇੜੀਆਂ ਨੂੰ ਵੀ ਪੰਜੇਬਾਂ ਵਾਂਗ ਛਣਕਾਉਂਦੇ

ਹਨ। ਕੁਦਰਤੀ ਹੈ ਕਿ ਬੁਲੰਦੀਆਂ ਅਜਿਹੇ ਮਰਜੀਵੜਿਆਂ ਦੀ ਕਦਮਬੋਸੀ ਕਰਦੀਆਂ ਹਨ। ਹਾਲਾਤ ਕਿਸੇ ਤਰ੍ਹਾਂ ਦੇ ਕਿਉਂ ਨਾ ਹੋਣ, ਉਨ੍ਹਾਂ ਨੂੰ ਬਦਲਣ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਜ਼ਿੰਦਗੀ ਤੋਂ ਖਹਿੜਾ ਛੁਡਾ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਇਸ ਜਹਾਨ ਨੂੰ ਅਲਵਿਦਾ ਕਹਿਣ ਤੋਂ ਬਾਅਦ ਉਨ੍ਹਾਂ ਦੇ ਚਾਹੁਣ ਵਾਲਿਆਂ 'ਤੇ ਕੀ ਬੀਤੇਗੀ! ਰਿਕਾਰਡ ਕੀਤੀ ਗਈ ਵੀਡੀਓ ਕਲਿੱਪ ਵਿਚ ਆਇਸ਼ਾ ਕਹਿੰਦੀ ਹੈ, 'ਮੈਂ ਹਵਾਵਾਂ ਵਾਂਗ ਵਗਣਾ ਤੇ ਨਦੀ ਵਾਂਗ ਵਹਿਣਾ ਚਾਹੁੰਦੀ ਹਾਂ।' ਉਹ ਸਾਬਰਮਤੀ ਨੂੰ 'ਪਿਆਰੀ ਨਦੀ' ਕਹਿ ਕੇ ਸੰਬੋਧਿਤ ਹੁੰਦੀ ਹੈ। ਕਾਸ਼ ਇਹ ਪਿਆਰੀ ਨਦੀ ਉਸ ਨੂੰ ਆਪਣੇ ਕਲਾਵੇ ਵਿਚ ਨਾ ਲੈਂਦੀ।

7 ਮਾਰਚ

# ਜਾਗ ਪਈਆਂ ਪੈਲੀਆਂ

ਦੇਸੀ ਮਹੀਨੇ ਚੇਤ (ਚੇਤਰ) ਦੀ ਪ੍ਰਭਾਤ ਨਾਲ ਅੱਜ ਨਵਾਂ ਸਾਲ ਚੜ੍ਹਿਆ ਹੈ। ਇਹ ਵੀ ਇਤਫ਼ਾਕ ਹੈ ਕਿ ਅੱਜ 'ਵਿਸ਼ਵ ਦਰਿਆ ਬਚਾਓ ਦਿਵਸ' ਵੀ ਹੈ। ਚੇਤ ਸਾਡੀ ਲੋਕਧਾਰਾ ਵਿਚ ਮਾਖਿਓਂ ਵਾਂਗ ਘੁਲਿਆ ਹੋਇਆ ਹੈ। ਗੁਰਬਾਣੀ ਤੋਂ ਇਲਾਵਾ ਪੰਜਾਬੀ ਦੇ ਕਈ ਕਵੀਆਂ ਨੇ ਬਾਰਾਮਾਹ ਵਿਚ ਚੇਤ ਮਹੀਨੇ ਨੂੰ ਬੜੇ ਮੋਹ-ਭਰੇ ਸ਼ਬਦਾਂ ਨਾਲ ਯਾਦ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕਿੱਕਰਾ ਵੇ ਕੰਡਿਆਲਿਆ' ਦਾ ਆਗ਼ਾਜ਼ ਚੇਤ ਨਾਲ ਹੁੰਦਾ ਹੈ, "ਕਿੱਕਰਾ ਵੇ ਕੰਡਿਆਲਿਆ ਉੱਤੋਂ ਚੜ੍ਹਿਆ ਚੇਤ/ਜਾਗ ਪਈਆਂ ਅੱਜ ਪੈਲੀਆਂ, ਜਾਗ ਪਏ ਅੱਜ ਖੇਤ।" ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੇ ਚੇਤ ਮਹੀਨੇ ਦਾ ਜ਼ਿਕਰ ਕਈ ਨਜ਼ਮਾਂ/ਗੀਤਾਂ ਵਿਚ ਕੀਤਾ ਹੈ। 'ਮੇਰੇ ਰਾਮ ਜੀਉ' ਵਿਚ ਉਹ ਦੇਰ ਨਾਲ ਬਹੁੜੀ ਮੁਹੱਬਤ ਦਾ ਜ਼ਿਕਰ ਕਰਦਾ ਹੋਇਆ ਆਪਣੇ ਮਹਿਬੂਬ ਨੂੰ ਪੁੱਛਦਾ ਹੈ, "ਕਿੱਥੇ ਸਉ ਜਦ ਸਾਹ ਵਿਚ ਚੰਬਾ, ਚੇਤਰ ਬੀਜਣ ਆਏ।' ਕਿਸੇ ਗੀਤ ਵਿਚ ਉਹ ਕਹਿੰਦਾ ਹੈ, "ਗਲ ਪੌਣਾਂ ਦੇ ਪਾ ਕੇ ਬਾਹੀਂ/ਗੋਰਾ ਚੇਤਰ ਛਮ-ਛਮ ਰੋਇਆ।" ਫੱਗਣ ਦੀ ਮਿੱਠੀ ਰੁੱਤ ਵੇਲੇ ਵਣ-ਤ੍ਰਿਣ ਮੌਲਦਾ ਹੈ ਤੇ ਚੇਤ ਦੇ ਸੁਹਾਵਣੇ ਮਹੀਨੇ 'ਚ ਥਾਂ-ਥਾਂ ਮਹਿਕਾਂ ਦਾ ਡੇਰਾ ਲੱਗ ਜਾਂਦਾ ਹੈ। ਅਜਿਹੀ ਰੁੱਤ ਬਾਰੇ ਹੀ ਲਿਖਿਆ ਜਾ ਸਕਦਾ ਹੈ, "ਕੋਈ ਬੋਲ ਵੇ ਮੁੱਖੋਂ ਬੋਲ, ਸੱਜਣਾ ਸਾਂਵਲਿਆ/ਸਾਡੇ ਸਾਹ ਵਿਚ ਚੇਤਰ ਘੋਲ, ਵੇ...।" ਇਕ ਦੋਹੜੇ ਵਿਚ ਚੇਤ ਨੂੰ ਚਿਤਵਦਿਆਂ, "ਚੇਤਰ ਮਾਹ ਖਿੜੇ ਸ਼ਗੂਫ਼ੇ/ਹੱਸਣ ਫੁੱਲ ਤੇ ਕਲੀਆਂ, ਚਹਿਕੇ ਬੁਲਬੁਲ ਟਹਿਕਣ ਰੁੱਖੜੇ/ਜੱਗ ਮਾਣੇ ਰੰਗ ਰਲੀਆਂ" ਲਿਖਿਆ ਗਿਆ ਹੈ। ਸਾਈਂ ਮੌਲਾ ਸ਼ਾਹ ਨੂੰ ਚੇਤਰ ਚੜ੍ਹਨ 'ਤੇ ਚਾਅ ਚੜ੍ਹਦਾ ਹੈ, "ਫਿਰ ਗਈਆਂ ਰੁੱਤਾਂ, ਚੜ੍ਹਿਆ ਚੇਤ ਮਹੀਨਾ ਵੇ।" ਇਕ ਹੋਰ ਵੰਨਗੀ ਆਤਮਸਾਤ ਕਰੋ, "ਚੜ੍ਹਿਆ ਮਹੀਨਾ ਚੇਤ, ਦਿਲਾਂ ਦੇ ਭੇਤ, ਕੋਈ ਨਹੀਂ ਜਾਣਦਾ/ਉਹ ਗਿਆ ਪਰਦੇਸ ਜੋ ਸਾਡੇ ਹਾਣ ਦਾ।" ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਤੁਖਾਰੀ ਰਾਗ ਵਿਚ ਫ਼ੁਰਮਾਉਂਦੇ ਹੋਏ ਬਾਰਾਮਾਹਾ ਵਿਚ ਚੇਤ ਮਹੀਨੇ ਦਾ ਜ਼ਿਕਰ ਕਰਦੇ ਹਨ, "ਚੇਤੁ ਬਸੰਤੁ ਭਲਾ ਭਵਰ ਸੁਹਾਵੜੇ/ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।" (ਇਸ ਮਹੀਨੇ ਖੁੱਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲੱਗ ਪੈਂਦੇ ਹਨ। ਮੇਰੇ ਹਿਰਦੇ ਦੇ ਕੌਲ-ਫੁੱਲ ਵੀ ਖਿੜ ਜਾਵੇ ਜੇ ਮੇਰਾ ਪਤੀ-ਪ੍ਰਭੂ ਹਿਰਦੇ ਘਰ ਵਿਚ ਆ ਵੱਸੇ)। ਇਹ ਬਿਰਹਣੀ (ਆਤਮਾ) ਦੀ ਪਿਰ (ਪਰਮਾਤਮਾ) ਨੂੰ ਮਿਲਣ ਦੀ ਤਾਂਘ ਹੈ। ਗੁਰੂ ਅਰਜੁਨ ਦੇਵ ਬਾਰਾ ਮਾਹਾ ਮਾਂਝ ਵਿਚ ਫ਼ੁਰਮਾਉਂਦੇ ਹਨ, "ਚੇਤਿ ਗੋਵਿੰਦ ਅਰਾਧੀਐ ਹੋਵੈ ਅਨੰਦੁ ਘਣਾ" (ਚੇਤ ਮਹੀਨੇ ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਅਨੰਦਿਤ ਕਰਦੀ ਹੈ)। ਕਣਕਾਂ ਨਿੱਸਰਦੀਆਂ ਹਨ, ਅੰਬੀਆਂ ਨੂੰ ਬੂਰ ਪੈਂਦਾ ਹੈ, ਕੋਇਲਾਂ ਕੂਕਦੀਆਂ ਹਨ ਤੇ ਰੂਹ ਸਰਸ਼ਾਰ

ਹੋ ਜਾਂਦੀ ਹੈ। ਅੰਗਰੇਜ਼ੀ 'ਨਵੇਂ ਸਾਲ' ਦੇ ਮੁਕਾਬਲੇ ਦੇਸੀ ਮਹੀਨੇ ਦਾ 'ਨਵਾਂ ਸਾਲ' ਸਾਡੀ ਆਪਣੀ ਮਿੱਟੀ ਦੇ ਖ਼ਮੀਰ ਦੀ ਬਾਤ ਪਾਉਂਦਾ ਹੈ। ਪਹਿਲੀ ਜਨਵਰੀ ਦੇ ਮੁਕਾਬਲੇ ਪਹਿਲੀ ਚੇਤ 'ਨਵੇਂ ਸਾਲ' ਦੀ ਆਮਦ ਨੂੰ ਖ਼ੁਸ਼ਆਮਦੀਦ ਕਹਿਣ ਲਈ ਸਭ ਤੋਂ ਢੁੱਕਵੀਂ ਰੁੱਤ ਹੈ। ਵਿਸਾਖ ਮਹੀਨੇ ਕਣਕਾਂ ਨੂੰ ਦਾਤੀ ਪੈ ਜਾਣੀ ਹੈ। ਇਸੇ ਲਈ ਕਿਸੇ ਨੇ ਲਿਖਿਆ ਹੈ, "ਚੇਤ ਮਹੀਨਾ ਚੜ੍ਹਦਾ ਹੈ/ ਕਣਕੀਂ ਸੋਨਾ ਚੜ੍ਹਦਾ ਹੈ।" ਸਿੱਖ ਭਾਈਚਾਰਾ 14 ਮਾਰਚ (ਪਹਿਲੀ ਚੇਤ) ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਉਂਦਾ ਹੈ। ਇਸ ਦਿਹਾੜੇ ਸੱਤਵੇਂ ਨਾਨਕ, ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ ਮਿਲੀ ਸੀ। ਗੁਰੂ ਹਰਿ ਰਾਇ ਜੀ ਬੇਹੱਦ ਕੋਮਲ ਚਿੱਤ ਵਾਲੇ ਤੇ ਮਹਾਨ ਵਾਤਾਵਰਨ ਪ੍ਰੇਮੀ ਮੰਨੇ ਗਏ ਗਨ। ਛੇਵੇਂ ਨਾਨਕ, ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਜੀ ਨੇ ਕੀਰਤਪੁਰ ਸਾਹਿਬ ਵਿਚ 52 ਸੁੰਦਰ ਬਾਗ਼-ਬਗੀਚੇ ਲਗਵਾਏ ਸਨ। 'ਨੌ ਲੱਖਾ ਬਾਗ਼' ਦੀ ਦੁਰਲੱਭ ਜੜ੍ਹੀ-ਬੂਟੀ ਨਾਲ ਦਾਰਾ ਸ਼ਿਕੋਹ ਦਾ ਜਾਨਲੇਵਾ ਰੋਗ ਠੀਕ ਹੋਇਆ ਮੰਨਿਆ ਜਾਂਦਾ ਹੈ। ਆਪ ਨੇ ਰੁੱਖ ਅਤੇ ਮਨੁੱਖ ਦੀ ਸਦੀਆਂ ਪੁਰਾਣੀ ਸਾਂਝ ਦੇ ਮਹਾਤਮ ਨੂੰ ਸਮਝਦਿਆਂ ਵਾਤਾਵਰਨ ਦੀ ਸ਼ੁੱਧਤਾ ਲਈ ਅਮੁੱਲਾ ਯੋਗਦਾਨ ਪਾਇਆ ਸੀ। ਜੜ੍ਹੀ-ਬੂਟੀਆਂ ਦੇ ਆਧਾਰਿਤ ਉਨ੍ਹਾਂ ਨੇ ਕੀਰਤਪੁਰ ਸਾਹਿਬ ਵਿਖੇ ਸੁਫ਼ਾਖਾਨਾ ਵੀ ਖੋਲ੍ਹਿਆ ਸੀ। ਉਨ੍ਹਾਂ ਦੇ ਗੁਰਗੱਦੀ ਦਿਹਾੜੇ ਨੂੰ ਸਮਰਪਿਤ 'ਵਿਸ਼ਵ ਸਿੱਖ ਵਾਤਾਵਰਨ ਦਿਵਸ' ਸਿੱਖ ਭਾਈਚਾਰੇ ਲਈ ਨਵੇਂ ਅਹਿਦ ਲੈਣ ਦਾ ਦਿਨ ਬਣ ਗਿਆ ਹੈ। ਵਿਸ਼ਵ ਭਰ ਵਿਚ ਕੌਮ ਦੇ ਨਵੇਂ ਵਾਰਿਸਾਂ ਵੱਲੋਂ ਬੂਟੇ ਲਗਾਏ ਜਾਂਦੇ ਹਨ। ਬੂਟਿਆਂ ਦਾ ਪ੍ਰਸਾਦਿ ਵੀ ਇਸੇ ਭਾਵਨਾ 'ਚੋਂ ਨਿਕਲਿਆ ਹੈ। ਅਜਿਹੀ ਲਹਿਰ ਸਮੇਂ ਦੀ ਲੋੜ ਹੈ ਕਿਉਂਕਿ ਗਲੇਸ਼ੀਅਰ ਪਿਘਲਣ ਨਾਲ ਆਲਮੀ ਤਪਸ਼ ਵੱਧ ਰਹੀ ਹੈ। ਧਰਤੀ ਦੇ ਧਰੁਵਾਂ ਦੇ ਤੋਦੇ ਪਿਘਲਣ ਨਾਲ ਸਮੁੰਦਰਾਂ ਵਿਚ ਉਛਾਲ ਆ ਰਿਹਾ ਹੈ ਜਿਸ ਕਰਕੇ ਤਟਵਰਤੀ ਖੇਤਰਾਂ ਦੇ ਡੁੱਬਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਵਾਤਾਵਰਨ ਪ੍ਰੇਮੀ ਕਹਿ ਰਹੇ ਹਨ ਕਿ ਗਲੇਸ਼ੀਅਰਾਂ ਦੇ ਪਿਘਲਣ ਤੋਂ ਪਹਿਲਾਂ ਦਿਲ ਪਿਘਲਣੇ ਚਾਹੀਦੇ ਹਨ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨਗੀਆਂ। ਇਸ ਦਿਨ 'ਹਰੀ ਕ੍ਰਾਂਤੀ' ਨਾਲ ਜੁੜੀਆਂ ਭ੍ਰਾਂਤੀਆਂ ਨੂੰ ਸ਼ੀਸ਼ਾ ਦਿਖਾਉਣ ਦਾ ਅਹਿਦ ਲੈਣਾ ਚਾਹੀਦਾ ਹੈ। ਹਰੇ ਇਨਕਲਾਬ ਨੂੰ ਸ਼ੁਰੂ ਵਿਚ ਚਮਤਕਾਰ ਦੇ ਤੌਰ 'ਤੇ ਵੇਖਿਆ ਜਾਂਦਾ ਸੀ। ਇਸ ਨੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਨੂੰ ਜੀਵਨ ਦਾਨ ਦਿੱਤਾ ਸੀ। ਹੌਲੀ-ਹੌਲੀ ਇਸ ਦਾ ਤਲਿਸਮ ਟੁੱਟਣਾ ਸ਼ੁਰੂ ਹੋ ਗਿਆ ਕਿਉਂਕਿ ਅਸੀਂ ਕੁਦਰਤੀ ਖੇਤੀ ਦੀ ਬਜਾਏ ਰਸਾਇਣਕ ਖਾਦਾਂ, ਕੀਟਨਾਸ਼ਕ/ਨਦੀਨਨਾਸ਼ਕ ਜ਼ਹਿਰਾਂ ਨਾਲ ਆਪਣੀ ਧਰਤੀ ਮਾਂ ਨੂੰ ਜ਼ਹਿਰ ਦੇਣੀ ਸ਼ੁਰੂ ਕਰ ਦਿੱਤੀ। ਅਸੀਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦੇ ਮਹਾਵਾਕ ਨੂੰ ਵੀ ਵਿਸਾਰ ਦਿੱਤਾ। ਪੰਜ ਦਰਿਆਵਾਂ ਦੀ ਧਰਤੀ ਤੇ ਇਸ ਦਾ ਅੰਮ੍ਰਿਤ ਵੰਨਾ ਪਾਣੀ ਜ਼ਹਿਰੀਲਾ ਹੋ ਗਿਆ। ਪੰਜਾਬੀਆਂ ਨੂੰ ਕਰਤਾਰਪੁਰ ਦੇ ਖੇਤਾਂ ਵਿਚ ਰਾਹਲਾਂ ਤੇ ਸਿਆੜ ਕੱਢਦਾ ਬਾਬਾ ਨਾਨਕ ਵੀ ਯਾਦ ਨਹੀਂ ਆਉਂਦਾ ਕਿਉਂਕਿ ਹੱਥੀਂ-ਕਾਰ ਦੀ ਥਾਂ ਮਸ਼ੀਨੀਕਰਨ ਨੇ ਲੈ ਲਈ ਹੈ। ਪਲੀਤ ਆਬੋ-ਹਵਾ ਵਿਚ ਫ਼ਸਲਾਂ ਦੇ ਵਧੇ ਝਾੜ ਦਾ ਹਾਸਲ ਹੀ ਸਿਹਤ ਦਾ ਵਿਗਾੜ ਹੈ। ਜ਼ਹਿਰਾਂ ਨੇ ਮਿੱਤਰ ਕੀੜਿਆਂ ਦਾ ਵੀ ਬੀਜ ਨਾਸ ਕਰ ਦਿੱਤਾ। ਮਾਲਵੇ 'ਚੋਂ ਬੀਕਾਨੇਰ ਨੂੰ ਚੱਲਣ ਵਾਲੀ ਗੱਡੀ ਦਾ ਨਾਮ

'ਕੈਂਸਰ ਟਰੇਨ' ਪੈ ਗਿਆ। ਘੁੰਗਰੂਆਂ ਵਾਲੀਆਂ ਦਾਤੀਆਂ ਨਾਲ ਵਾਢੀ ਕਰਨ ਵੇਲੇ ਵਾਤਾਵਰਨ ਵਿਚ ਸੰਗੀਤ ਪੈਦਾ ਹੁੰਦਾ ਸੀ। ਬੈਲਾਂ ਦੇ ਗਲ ਘੁੰਗਰੂ ਛਣਕਦੇ ਸਨ। ਅੱਜ ਅਸੀਂ ਰਵਾਇਤੀ ਖੇਤੀ ਸੰਦਾਂ ਨੂੰ ਤਿਲਾਂਜਲੀ ਦੇ ਕੇ ਟਰੈਕਟਰਾਂ, ਕੰਬਾਈਨਾਂ ਆਦਿ ਨੂੰ ਤਰਜੀਹ ਦੇ ਰਹੇ ਹਾਂ। ਕਿਸਾਨ ਦੇ ਸਿਰ 'ਤੇ ਕਰਜ਼ੇ ਦੀ ਪੰਡ ਦਿਨ-ਬਦਿਨ ਭਾਰੀ ਹੋ ਰਹੀ ਹੈ। ਅੰਨਦਾਤਾ ਖ਼ੁਦਕੁਸ਼ੀਆਂ ਲਈ ਮਜਬੂਰ ਹੋ ਰਿਹਾ ਹੈ। ਜੰਗਲਾਂ ਦੀ ਬੇਤਹਾਸ਼ਾ ਕਟਾਈ ਹੋ ਰਹੀ ਹੈ। ਪੰਜਾਬ ਦੀ ਹਰਿਆਵਲ ਤੇ ਜੰਗਲ ਬੇਲਿਆਂ ਨੂੰ 'ਕੰਕਰੀਟ ਦੇ ਜੰਗਲਾਂ' ਨੇ ਹੜੱਪਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੀ ਜਰਖ਼ੇਜ਼ ਧਰਤੀ ਆਪਣੇ ਹੀ ਜਾਇਆਂ ਹੱਥੋਂ ਸੰਤਾਪ ਭੋਗ ਰਹੀ ਹੈ। ਹਾਕਮਾਂ ਦੇ ਸਿਰ 'ਤੇ ਜੂੰ ਤਕ ਨਹੀਂ ਰੀਂਗਦੀ। ਪੰਜਵੀਂ ਪਾਤਸ਼ਾਹੀ ਦੇ ਸ਼ਲੋਕ, " ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ' ਅਨੁਸਾਰ ਜਿਵੇਂ ਅਵਾਰਾ ਹਰਿਆਉ ਖੁੱਲ੍ਹਾ ਰਹਿ ਕੇ ਹਰੀਆਂ ਖੇਤੀਆਂ ਚੁੱਗਦਾ ਹੈ ਤਿਵੇਂ ਸਾਰਾ ਜਗਤ ਵਿਕਾਰਾਂ ਪਿੱਛੇ ਭਟਕ ਰਿਹਾ ਹੈ। ਮਨੁੱਖ ਦਾ ਲੋਭ ਸਭ ਹੱਦਾਂ-ਬੰਨੇ ਟੱਪਦਾ ਜਾ ਰਿਹਾ ਹੈ। ਬੰਜਰ ਦਿਲਾਂ ਵਿਚ ਰਹਿਮ ਦੀ ਖੇਤੀ ਨਹੀਂ ਹੁੰਦੀ। ਇਸੇ ਲਈ ਸਾਡਾ ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਹਾਕਾਂ ਮਾਰ ਰਿਹਾ ਹੈ, "ਆ ਪੰਜਾਬ ਪਿਆਰ ਤੂੰ ਮੁੜ ਆ/ਆ ਸਿੱਖ ਪੰਜਾਬ ਤੂੰ ਘਰ ਆ/ਤੇਰੇ ਤੂਤ ਦਿਸਣ ਮੁੜ ਸਾਵੇ/ ਮੁੜ ਆਵਣ ਬੂਟਿਆਂ ਨਾਲ ਤੇਰੀਆਂ ਦੋਸਤੀਆਂ ਤੇ ਪਿੱਪਲਾਂ ਹੇਠ ਹੋਣ ਮੁੜ ਮੇਲੇ।" ਚੇਤ ਚੜ੍ਹਨ 'ਤੇ ਸਾਨੂੰ ਰਵਾਇਤੀ ਚੰਗੀ /ਕੁਦਰਤੀ ਖੇਤੀ ਅਪਨਾਉਣ ਲਈ ਮੁੜ ਅਹਿਦ ਲੈਣਾ ਚਾਹੀਦਾ ਹੈ। ਅਜਿਹਾ ਨਾ ਹੋਇਆ ਤਾਂ ਆਉਣ ਵਾਲੇ ਖ਼ਰਾਬੇ ਨੇ ਖ਼ਾਨਾ ਖ਼ਰਾਬ ਕਰ ਦੇਣਾ ਹੈ। ਕੁੱਖਾਂ ਹਰੀਆਂ ਰੱਖਣ ਲਈ ਰੁੱਖਾਂ ਦੀਆਂ ਜੜ੍ਹਾਂ ਵੀ ਹਰੀਆਂ ਰੱਖਣਾ ਜ਼ਰੂਰੀ ਹੈ ਤਾਂ ਹੀ ਘਰਾਂ ਦੇ ਮੁੱਖ ਦਰਵਾਜ਼ਿਆਂ 'ਤੇ ਸ਼ਰੀਂਹ/ਅੰਬ ਦੇ ਪੱਤਿਆਂ ਨਾਲ ਪਰੁੰਨੀਆਂ ਮੌਲੀਆਂ ਦਿਸਦੀਆਂ ਰਹਿਣਗੀਆਂ। ਪੀਜੀਆਈ ਦੇ ਇਕ ਸਰਵੇਖਣ ਨੇ ਸਨਸਨੀਖ਼ੇਜ਼ ਖ਼ੁਲਾਸਾ ਕਰਦਿਆਂ ਕਿਹਾ ਹੈ ਕ ਵਾਤਾਵਰਨ, ਖਾਣ-ਪੀਣ ਤੇ ਰਹਿਣ-ਸਹਿਣ ਦੇ ਸੰਤੁਲਨ ਵਿਗੜਨ ਕਾਰਨ ਪੰਜਾਬੀਆਂ ਦੇ ਡੀਐੱਨਏ ਵਿਚ ਵਿਗਾੜ ਆ ਰਿਹਾ ਹੈ। ਇਸੇ ਕਰਕੇ ਪੁਲਿਸ/ਫ਼ੌਜ ਆਦਿ ਵਿਚ ਭਰਤੀ ਵੇਲੇ ਛੈਲ-ਛਬੀਲੇ ਨੌਜਵਾਨ ਨਹੀਂ ਮਿਲਦੇ। "ਤਨ ਮਨ ਥੀਵੈ ਹਰਿਆ" ਤਾਂ ਹੀ ਹੋ ਸਕਦਾ ਹੈ ਜੇ ਹਰੀ ਕ੍ਰਾਂਤੀ ਦੀ ਭ੍ਰਾਂਤੀ 'ਚੋਂ ਕੋਈ ਸਬਕ ਸਿੱਖਿਆ ਜਾਵੇ। ਅੱਜ ਦੇ ਦਿਨ ਦੇਸ਼ ਦੀ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਦੇ ਹਿੱਸੇ ਆਏ ਢਾਈ ਦਰਿਆਵਾਂ ਨੂੰ ਸਵੱਛ ਰੱਖਣ ਲਈ ਹਰ ਪੱਧਰ 'ਤੇ ਅਹਿਦ ਲੈਣ ਦੀ ਲੋੜ ਹੈ। ਧਰਤੀ, ਪੌਣ ਤੇ ਪਾਣੀ ਦੀ ਸ਼ੁੱਧਤਾ ਲਈ ਸਰਕਾਰ ਦੇ ਨਾਲ-ਨਾਲ ਵਾਤਾਵਰਨ ਪ੍ਰੇਮੀਆਂ ਨੂੰ ਲਹਿਰ ਵਿੱਢਣ ਦੀ ਜ਼ਰੂਰਤ ਹੈ।

14 ਮਾਰਚ

# ਕ੍ਰਾਂਤੀਕਾਰੀਆਂ ਦੀ ਤ੍ਰੈਮੂਰਤੀ

ਕ੍ਰਾਂਤੀਕਾਰੀਆਂ ਦੀ ਤ੍ਰੈਮੂਰਤੀ, ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਨਾਮ ਹਰ ਭਾਰਤ ਵਾਸੀ ਦੇ ਦਿਲ-ਦਿਮਾਗ਼ 'ਤੇ ਖੁਣਿਆ ਹੋਇਆ ਹੈ। ਨੌਂ ਦਹਾਕੇ ਪਹਿਲਾਂ ਇਨ੍ਹਾਂ ਤਿੰਨਾਂ ਸਿਰਲੱਥ ਯੋਧਿਆਂ ਨੂੰ 23 ਮਾਰਚ 1931 ਵਾਲੇ ਦਿਨ ਬ੍ਰਿਟਿਸ਼ ਸਰਕਾਰ ਨੇ ਕਾਲੀ-ਬੋਲ਼ੀ ਰਾਤ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ 'ਤੇ ਲਟਕਾ ਦਿੱਤਾ ਸੀ। ਇਹ ਵੀ ਇਤਫ਼ਾਕ ਸੀ ਕਿ 23 ਮਾਰਚ ਨੂੰ ਬਲੀਦਾਨ ਦੇਣ ਵੇਲੇ ਇਨ੍ਹਾਂ ਮਰਜੀਵੜਿਆਂ ਦੀ ਉਮਰ ਮਹਿਜ਼ 23 ਸਾਲ ਸੀ। ਮਹਾਰਾਸ਼ਟਰ ਦਾ ਸ਼ਿਵਰਾਮ ਹਰੀ ਰਾਜਗੁਰੂ ਸਭ ਤੋਂ ਛੋਟਾ ਸੀ। ਉਸ ਦਾ ਜਨਮ 24 ਅਗਸਤ 1908 ਨੂੰ ਰਾਜਗੁਰੂ ਨਗਰ (ਮਹਾਰਾਸ਼ਟਰ) ਵਿਚ ਹਰੀ ਨਾਰਾਇਣ ਦੇ ਗ੍ਰਹਿ ਵਿਖੇ ਮਾਤਾ ਪਾਰਵਤੀ ਬਾਈ ਦੀ ਕੁੱਖੋਂ ਹੋਇਆ ਸੀ। ਭਗਤ ਸਿੰਘ ਉਸ ਤੋਂ ਕੁਝ ਮਹੀਨੇ ਵੱਡਾ ਸੀ ਜਿਸ ਦਾ ਜਨਮ 28 ਸਤੰਬਰ 1907 ਨੂੰ ਬੰਗਾ, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਚ ਸਰਦਾਰ ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ ਹੋਇਆ। ਲੁਧਿਆਣਾ ਵਿਖੇ 15 ਮਈ 1907 ਨੂੰ ਰਾਮ ਲਾਲ ਥਾਪਰ ਦੇ ਘਰ ਮਾਤਾ ਰੱਲੀ ਦੇਵੀ ਦੀ ਕੁੱਖੋਂ ਜਨਮ ਲੈਣ ਵਾਲਾ ਸੁਖਦੇਵ ਸਭ ਤੋਂ ਵੱਡਾ ਸੀ। ਵਤਨ ਦੀ ਆਜ਼ਾਦੀ ਖ਼ਾਤਰ ਅਨੇਕਾਂ ਦੇਸ਼ ਵਾਸੀਆਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ ਸਨ ਪਰ ਤੇਈ ਸਾਲ ਦੇ ਅਲੂਏਂ ਜਿਹੇ ਕ੍ਰਾਂਤੀਕਾਰੀ ਸਰਦਾਰ ਭਗਤ ਸਿੰਘ ਨੂੰ ਹੀ ਸ਼ਹੀਦ-ਏ-ਆਜ਼ਮ ਹੋਣ ਦਾ ਮਾਣ ਹਾਸਲ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਛੋਟੀ ਜਿਹੀ ਉਮਰ ਵਿਚ ਭਗਤ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਵੱਡੇ ਪੱਧਰ 'ਤੇ ਲਾਮਬੱਧ ਕਰ ਕੇ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਜ਼ਬਰਦਸਤ ਲਹਿਰ ਵਿੱਢੀ ਸੀ। ਉਸ ਦੀ ਤੀਖਣ ਸੂਝ ਵਡੇਰੀ ਉਮਰ ਦਾ ਭੁਲੇਖਾ ਪਾਉਂਦੀ ਹੈ ਜਿਸ ਨੇ ਜ਼ਿੰਦਗੀ ਦੇ ਅਣਗਿਣਤ ਹਾੜ-ਸਿਆਲ ਹੰਢਾਏ ਹੋਣ। ਉਹ ਕਲਮ ਨੂੰ ਵੀ ਹਥਿਆਰ ਵਾਂਗ ਵਰਤਦਾ ਰਿਹਾ। ਇੱਕੋ ਸਮੇਂ ਉਹ ਪੱਤਰਕਾਰ, ਪ੍ਰੋਢ ਲੇਖਕ ਅਤੇ ਮਹਾਨ ਕ੍ਰਾਂਤੀਕਾਰੀ ਹੋਣ ਦਾ ਸਬੂਤ ਦਿੰਦਾ ਰਿਹਾ। ਗੋਰੀ ਸਰਕਾਰ ਦੇ ਨਾਲ-ਨਾਲ ਉਹ ਰੱਬ ਨਾਲ ਆਢਾ ਲੈਣ ਤੋਂ ਵੀ ਨਹੀਂ ਝਿਜਕਦਾ। ਇਨਕਲਾਬ, ਦਹਿਸ਼ਤ ਅਤੇ ਵਹਿਸ਼ਤ ਦਾ ਨਿਖੇੜਾ ਕਰਨ ਲਈ ਉਹ ਕਲਮ ਚੁੱਕਦਾ ਹੈ। ਹਿੰਸਾ ਅਤੇ ਅਹਿੰਸਾ ਵਿਚ ਸਮਤਲ ਪੈਦਾ ਕਰਦਾ ਹੈ। 'ਮੈਂ ਨਾਸਤਕ ਕਿਉਂ ਹਾਂ' ਦਾ ਕਾਰਨ ਦਲੀਲਾਂ ਦੇ ਕੇ ਦੱਸਦਾ ਹੈ। ਰੱਬ ਦੀ ਹੋਂਦ ਵਿਚ ਯਕੀਨ ਰੱਖਣ ਵਾਲੇ ਉਸ ਦੇ ਤਰਕ ਅੱਗੇ ਨਿਰੁੱਤਰ ਹੋ ਜਾਂਦੇ ਹਨ। ਚੜ੍ਹਦੀ ਜਵਾਨੀ ਵੇਲੇ ਉਸ ਦਾ ਰੱਬ ਵਿਚ ਪੂਰਾ ਯਕੀਨ ਸੀ। ਇਸ ਵਿਸ਼ੇ 'ਤੇ ਗਹਿਨ ਅਧਿਐਨ ਤੋਂ ਬਾਅਦ ਉਹ ਰੱਬ ਦੀ ਹੋਂਦ ਨੂੰ ਤੱਜਦਾ ਹੈ। ਸਮਾਜਵਾਦ ਦੇ ਪਿਤਾਮਾ ਕਾਰਲ ਮਾਰਕਸ, ਲੈਨਿਨ, ਟਰਾਟਸਕੀ ਅਤੇ ਦੁਨੀਆ ਦੇ ਕਈ ਨਾਸਤਕ ਮਹਾਨ ਇਨਕਲਾਬੀਆਂ ਦੀਆਂ ਲਿਖਤਾਂ

ਉਸ ਦੀ ਸੋਚ ਨੂੰ ਸਾਣ 'ਤੇ ਲਾਉਂਦੀਆਂ ਹਨ। ਹਰੀਸ਼ ਜੈਨ ਦੀ ਸੰਪਾਦਿਤ ਪੁਸਤਕ 'ਮੈਂ ਨਾਸਤਕ ਕਿਉਂ ਹਾਂ' ਅਤੇ ਕੁਝ ਹੋਰ ਲਿਖਤਾਂ ਵਿਚ ਭਗਤ ਸਿੰਘ ਦੀ ਪ੍ਰਚੰਡ ਵਿਦਵਤਾ ਸਾਫ਼ ਝਲਕਦੀ ਹੈ। ਭਗਤ ਸਿੰਘ ਕਹਿੰਦਾ ਹੈ ਕਿ ਉਸ ਨੂੰ ਨਿਰਲੰਬਾ ਸਵਾਮੀ (ਸੋਹੰ ਸਵਾਮੀ) ਦੀ ਲਿਖੀ ਕਿਤਾਬ "ਕਾਮਨ ਸੈਂਸ' ਪੜ੍ਹਨ ਦਾ ਮੌਕਾ ਮਿਲਿਆ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ ਜਿਸ ਨੇ ਉਸ ਨੂੰ ਬੇਹੱਦ ਪ੍ਰਭਾਵਿਤ ਕੀਤਾ। ਸੰਨ 1926 ਦੇ ਅਖੀਰ ਤਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਗਿਆ ਕਿ ਬ੍ਰਹਿਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ।" ਉਹ ਲਿਖਦਾ ਹੈ ਕਿ 20 ਸਾਲ ਦੀ ਉਮਰੇ, ਮਈ 1927 ਵਿਚ ਉਸ ਨੂੰ ਲਾਹੌਰ ਤੋਂ ਗ੍ਰਿਫ਼ਤਾਰ ਕੀਤਾ ਤਾਂ ਸਾਥੀਆਂ ਨੇ ਰੱਬ ਨੂੰ ਯਾਦ ਕਰਨ ਲਈ ਪ੍ਰੇਰਿਆ। ਪਰ ਭਗਤ ਸਿੰਘ ਨੇ ਸਾਬਤ ਕਦਮ ਰਹਿੰਦਿਆਂ ਨਾਸਤਕ ਬਣੇ ਰਹਿਣ ਨੂੰ ਤਰਜੀਹ ਦਿੱਤੀ। "ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਨਹੀਂ ਹੈ।" ਆਸਤਕਾਂ ਨੂੰ ਉਹ ਪੁੱਛਦਾ ਹੈ ਕਿ ਆਖ਼ਰ ਰੱਬ ਨੇ ਸ੍ਰਿਸ਼ਟੀ ਦੀ ਰਚਨਾ ਕਿਉਂ ਕੀਤੀ ਹੈ ? ਉਹ ਧਰਤੀ ਕਿਉਂ ਸਾਜੀ ਜੋ ਦੁੱਖਾਂ-ਆਫ਼ਤਾਂ ਤੇ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ ? ਉਹ ਕਹਿੰਦਾ ਹੈ, "ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ 'ਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਰੱਬ ਰਤਾ ਆਖੇ ਤਾਂ ਸਹੀ ਕਿ ਸਭ ਅੱਛਾ ਹੈ !...ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਕਿਸੇ ਨੂੰ ਪਾਪ ਕਰਨ ਤੋਂ ਕਿਉਂ ਨਹੀਂ ਵਰਜਦਾ ?...ਉਹ ਅੰਗਰੇਜ਼ਾਂ ਦੇ ਮਨਾਂ 'ਚ ਇਹੋ ਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੁਸਤਾਨ ਛੱਡ ਕੇ ਚਲੇ ਜਾਣ...ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਦੁੱਖ-ਤਕਲੀਫ਼ਾਂ ਦਾ ਮਜ਼ਾ ਲੈ ਰਿਹਾ ਹੈ ? ਉਹ ਨੀਰੋ ਹੈ, ਉਹ ਚੰਗੇਜ਼ ਖਾਂ ਹੈ। ਰੱਬ ਮੁਰਦਾਬਾਦ !" ਉਸ ਦਾ ਵਿਸ਼ਵਾਸ ਹੈ ਕਿ ਰੱਬ ਡਰ ਅਤੇ ਸਹਿਮ ਦੀ ਪੈਦਾਵਾਰ ਹੈ, ਹੋਰ ਕੁਝ ਨਹੀਂ। ਭਗਤ ਸਿੰਘ ਦਾ ਤਰਕ ਹੈ ਕਿ ਉਹ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਸੀ। ਉਹ ਕਹਿੰਦਾ ਹੈ, "ਇਸੇ ਲਈ ਮੈਂ ਅਖ਼ੀਰ ਤਕ ਫਾਂਸੀ ਦੇ ਤਖ਼ਤੇ 'ਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।" ਉਹ ਪ੍ਰਗਤੀ ਦੇ ਹਾਮੀਆਂ ਨੂੰ ਕਹਿੰਦਾ ਹੈ ਕਿ ਉਨ੍ਹਾਂ ਨੂੰ ਪ੍ਰਚਲਿਤ ਵਿਸ਼ਵਾਸਾਂ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਤਰਕਸ਼ੀਲਤਾ ਉਨ੍ਹਾਂ ਦੀ ਜ਼ਿੰਦਗੀ ਦਾ ਧਰੂ-ਤਾਰਾ ਹੋਣੀ ਚਾਹੀਦੀ ਹੈ। ਗਾਂਧੀਵਾਦ ਜਾਂ ਕਾਂਗਰਸ ਦੀ ਉਹ ਕਈ ਜਗ੍ਹਾ ਖੁੱਲ੍ਹ ਕੇ ਆਲੋਚਨਾ ਕਰਦਾ ਹੈ। ਇਸ ਦੇ ਬਾਵਜੂਦ ਉਹ ਮਾਸੂਮ ਲੋਕਾਂ ਨੂੰ ਬੰਬਾਂ ਨਾਲ ਉਡਾਉਣ ਦਾ ਸਖ਼ਤ ਵਿਰੋਧ ਕਰਦਾ ਹੈ। ਝੱਖੜ-ਝਾਂਜਿਆਂ ਵਿਚ ਵੀ ਉਹ ਆਪਣੀ ਵਿਚਾਰਧਾਰਾ ਨੂੰ ਜਰਬ ਨਹੀਂ ਆਉਣ ਦਿੰਦਾ। ਉਹ ਗੁਰਬਾਣੀ ਦੇ ਮਹਾਵਾਕ "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ" ਅਨੁਸਾਰ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਦਾ ਹੈ। ਉਹ ਦਾਤੀਆਂ-ਹਥੌੜਿਆਂ ਦੇ ਸਮੂਹਕ ਸੰਗੀਤ 'ਚੋਂ ਇਨਕਲਾਬ ਲੱਭਦਾ ਹੈ। ਉਹ ਕਿਰਤੀਆਂ-ਕਿਸਾਨਾਂ ਦੇ ਅਮੋੜ ਜਜ਼ਬੇ ਨੂੰ ਸੰਭਾਲ ਕੇ ਆਜ਼ਾਦੀ ਦੀ ਲਹਿਰ ਵਿੱਢਦਾ ਹੈ। ਉਹ ਅੱਖਰ ਗਿਆਨ ਵੰਡਦਾ ਹੈ। ਗਾਂਧੀਵਾਦ ਬਾਰੇ ਵਿਚਾਰ ਪ੍ਰਗਟ ਕਰਦਿਆਂ ਭਗਤ ਸਿੰਘ ਕਹਿੰਦਾ ਹੈ, "ਜੇ ਇਨਕਲਾਬੀ ਖ਼ੂਨ ਨਾਲ ਸੰਘਰਸ਼ ਨਾ ਗਰਮਾਇਆ ਗਿਆ ਤਾਂ ਇਸ ਦਾ ਗਤੀਹੀਣ

ਹੋਣਾ ਲਾਜ਼ਮੀ ਹੈ। ਅੱਤਵਾਦ ਬਾਰੇ ਉਸ ਦੇ ਵਿਚਾਰ-ਵਿਚਾਰਨਯੋਗ ਹਨ, "ਅੱਤਵਾਦ ਨੂੰ ਕੋਈ ਦਾਦ ਦੇਣ ਦੀ ਲੋੜ ਨਹੀਂ। ਇਸ ਨੇ ਕਾਫ਼ੀ ਕੰਮ ਕਰ ਲਿਆ ਹੈ। ਦਹਿਸ਼ਤਵਾਦੀ ਕਾਰਵਾਈਆਂ ਪ੍ਰਚਾਰ ਮੁਹਿੰਮ ਵਿਚ ਮਦਦਗਾਰ ਜ਼ਰੂਰ ਹੋ ਸਕਦੀਆਂ ਹਨ ਪਰ ਇਹ ਪਟਾਕੇਬਾਜ਼ੀ ਤੋਂ ਵੱਧ ਕੁਝ ਨਹੀਂ ਹਨ ਅਤੇ ਇਨ੍ਹਾਂ ਨੂੰ ਕੁਝ ਗਿਣੇ-ਚੁਣੇ ਲੋਕਾਂ ਅਤੇ ਖ਼ਾਸ ਸਮੇਂ ਲਈ ਰਿਜ਼ਰਵ ਰੱਖਣਾ ਚਾਹੀਦਾ ਹੈ। ਇਨਕਲਾਬ ਨੂੰ ਬੇਮਾਅਨੇ ਦਹਿਸ਼ਤਗਰਦੀ ਕਾਰਵਾਈਆਂ ਅਤੇ ਵਿਅਕਤੀਗਤ ਆਤਮ ਬਲੀਦਾਨ ਦੇ ਦੂਸ਼ਿਤ ਚੱਕਰ ਵਿਚ ਪਾਉਣਾ ਦਰੁਸਤ ਨਹੀਂ ਹੈ। ਇਸ ਦੇ ਨਾਲ ਉਹ ਅੱਤਵਾਦੀ ਐਕਸ਼ਨਾਂ ਨਾਲੋਂ ਪੂਰੀ ਤਰ੍ਹਾਂ ਨਾਤਾ ਨਹੀਂ ਤੋੜਦਾ ਤੇ ਇਸ ਨੂੰ ਕਿਰਤੀ ਇਨਕਲਾਬ ਦੇ ਨਜ਼ਰੀਏ ਤੋਂ ਇਸ ਦੇ ਪੂਰੇ ਮੁਲਾਂਕਣ ਦੀ ਤਵੱਕੋ ਰੱਖਦਾ ਹੈ।

21 ਮਾਰਚ

# ਰੱਤ ਦਾ ਗੁਲਾਲ

ਹੋਲੀ ਦੇ ਤਿਉਹਾਰ ਵੇਲੇ ਧਰਤੀ ’ਤੇ ਥਾਂ-ਥਾਂ ਸਤਰੰਗੀ ਪੀਂਘਾਂ ਦੇ ਨਜ਼ਾਰੇ ਨਜ਼ਰੀਂ ਪੈਂਦੇ ਹਨ। ਇਹ ਰੰਗ ਆਪੇ ਦਾ ਪ੍ਰਗਟਾਅ ਹੁੰਦੇ ਹਨ। ਦਿਲਾਂ ਅੰਦਰ ਰੰਗਾਂ ਦਾ ਅਦਭੁਤ ਸੰਚਾਰ, ਵਿਸਮਾਦ ਪੈਦਾ ਕਰਦਾ ਹੈ। ਫੱਗਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਣ ਵਾਲਾ ਇਹ ਰੰਗਾਂ ਦਾ ਤਿਉਹਾਰ ਦਿਲਾਂ ਨੂੰ ਜੋੜਨ ਵਾਲਾ ਮੰਨਿਆ ਜਾਂਦਾ ਹੈ। ਹੋਲੀ ਦੇ ਤਿਉਹਾਰ ਨਾਲ ਕਈ ਮਨੋਹਰ ਕਥਾ-ਕਹਾਣੀਆਂ ਜੁੜੀਆਂ ਹੋਈਆਂ ਹਨ। ਮਿਥਿਆਸ ਅਨੁਸਾਰ ਹੋਲਿਕਾ, ਪ੍ਰਹਿਲਾਦ ਭਗਤ ਦੀ ਭੂਆ ਸੀ ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਮਿਲਿਆ ਹੋਇਆ ਸੀ। ਆਪਣੇ ਭਰਾ ਹਰਨਾਖਸ਼ ਦੇ ਕਹਿਣ ’ਤੇ ਹੋਲਿਕਾ ਆਪਣੇ ਭਤੀਜੇ ਨੂੰ ਅੱਗ ਵਿਚ ਲੈ ਕੇ ਬੈਠ ਗਈ। ਕ੍ਰਿਸ਼ਮੇ ਮੁਤਾਬਕ ਹੋਲਿਕਾ ਤਾਂ ਸੜ ਕੇ ਸੁਆਹ ਹੋ ਗਈ ਪਰ ਪ੍ਰਹਿਲਾਦ ਭਗਤ ਦਾ ਵਾਲ ਵਿੰਗਾ ਨਾ ਹੋਇਆ। ਹੋਲੀ ਵੇਲੇ ਪ੍ਰਕ੍ਰਿਤੀ ਪੂਰੀ ਤਰ੍ਹਾਂ ਮੌਲੀ ਹੁੰਦੀ ਹੈ। ਰੰਗ-ਬਿਰੰਗੇ ਫੁੱਲ ਖਿੜੇ ਹੁੰਦੇ ਹਨ। ਨਵੀਂ ਰੁੱਤ, ਨਵੇਂ ਅਨਾਜ ਦੀ ਆਮਦ ਦਾ ਸੁਨੇਹੜਾ ਲੈ ਕੇ ਆਉਂਦੀ ਹੈ। ਕਣਕਾਂ ਦੀਆਂ ਬੱਲੀਆਂ ਸੁਨਹਿਰੀ ਭਾਹ ਮਾਰਦੀਆਂ ਹਨ। ਖੇਤਾਂ ਵਿਚ ਸੋਨ-ਵੰਨੇ ਸਿੱਟੇ ਲਹਿਰਾਉਂਦੇ ਵੇਖ ਕੇ ਕਿਸਾਨ ਝੂਮ ਉੱਠਦਾ ਹੈ। ਥੋੜ੍ਹੇ ਦਿਨਾਂ ਵਿਚ ਕਣਕ ਨੂੰ ਦਾਤੀ ਪੈਣੀ ਹੈ। ਕਿਸੇ ਸਮੇਂ ਘੁੰਗਰੂਆਂ ਵਾਲੀਆਂ ਦਾਤੀਆਂ ਨਾਲ ਵਾਢੀ ਹੁੰਦੀ ਸੀ ਤਾਂ ਫ਼ਿਜ਼ਾ ਵਿਚ ਸੰਗੀਤ ਪੈਦਾ ਹੁੰਦਾ ਸੀ। ‘ਹੋਲਿਕ ਦਹਿਨ’ ਦੀ ਅਗਨੀ ਵਿਚ ਛੋਲੀਏ ਅਤੇ ਕਣਕ ਦੀਆਂ ਬੱਲੀਆਂ ਨੂੰ ਭੁੰਨਿਆ ਜਾਂਦਾ ਤੇ ਹੋਲਾਂ ਨੂੰ ਰੁੱਤ ਦੇ ਮੇਵੇ ਸਮਝ ਕੇ ਵੰਡਿਆ ਜਾਂਦਾ ਹੈ। ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਅਨੰਦਪੁਰ ਸਾਹਿਬ ਦੀ ਨਗਰੀ ਵਿਚ ਮਨਾਇਆ ਜਾਣ ਵਾਲਾ ਇਹ ਤਿਉਹਾਰ ਸਾਨੂੰ ਉਸ ਕ੍ਰਾਂਤੀ ਦੀ ਯਾਦ ਦਿਵਾਉਂਦਾ ਹੈ ਜਿਸ ਨੇ ਜ਼ਾਲਮ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਪੁੱਟੀਆਂ ਸਨ। ਯੋਧਿਆਂ ਦੇ ਖ਼ੂਨ ਨਾਲ ਰੱਤੀ ਇਸ ਧਰਤੀ ਵਿਚ ਉੱਗੇ ਸੂਹੇ ਗੁਲਾਬਾਂ ਦੀ ਮਹਿਕ ਨੇ ਦੇਸ਼ ਅਤੇ ਕੌਮ ਖ਼ਾਤਰ ਮਰ ਮਿਟਣ ਵਾਲਿਆਂ ਦੇ ਦਿਲਾਂ ਵਿਚ ਕੁਰਬਾਨੀ ਦੇ ਬੀਜ ਬੀਜੇ ਸਨ। ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਨੇ ਸਤਲੁਜ ਦਰਿਆ ਦੇ ਕਿਨਾਰੇ ਨੈਨਾ ਦੇਵੀ ਦੇ ਪਹਾੜ ਕੋਲ ਮਾਖੋਵਾਲ ਦੀ ਧਰਤੀ ਖ਼ਰੀਦ ਕੇ ਇਹ ਨਗਰ ਵਸਾਇਆ ਸੀ। ਗੁਰੂ ਜੀ ਨੇ ਇਸ ਦਾ ਨਾਮ ਚੱਕ ਨਾਨਕੀ ਰੱਖਿਆ ਸੀ। ਸਮੇਂ ਨਾਲ ਇਹ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣਨ ਵਾਲੀ ਧਰਤੀ ਬਣ ਗਈ। ਬਚਿਤ੍ਰ ਨਾਟਕ ਵਿਚ ਦਰਜ ਹੈ, “ਧਰਮ ਹੇਤਿ ਸਾਕਾ ਜਿਨਿ ਕੀਆ!! ਸੀਸ ਦੀਆ ਪਰ ਸਿਰੁ ਨ ਦੀਆ॥” ਇਸ ਧਰਤੀ ਨੇ ਸਿਰ ਅਤੇ ਸੀਸ ਦੇ ਫ਼ਰਕ ਨੂੰ ਸਮਝਾਇਆ ਸੀ। ਇਹ ਉਹ ਵੇਲਾ ਸੀ ਜਦੋਂ ਲੋਕਾਈ ਵਿਚ ਸਿਰਾਂ ਦੀ ਭੀੜ ’ਚੋਂ ਪੰਜ ਸੀਸ ਕਲਗੀਆਂ ਵਾਲੇ ਦੀ

ਕਦਮਬੋਸੀ ਕਰਨ ਆਏ ਸਨ। ਨੀਲੇ ਦਾ ਅਸਵਾਰ ਇਨ੍ਹਾਂ ਜ਼ਿੰਦਾ ਸ਼ਹੀਦਾਂ ਨੂੰ ਹਿੱਕੜੀ ਨਾਲ ਲਾਉਂਦਾ ਤੇ ਫਿਰ ਆਪਣੇ ਸਰੂਪ ਵਿਚ ਢਾਲ ਲੈਂਦਾ ਹੈ। ਅਨੰਦਪੁਰ ਨਗਰੀ ਵਿਚ ਸਰਬਲੋਹ ਦਾ ਬੋਲਬਾਲਾ ਮੁਗ਼ਲ ਹਕੂਮਤ ਲਈ ਸਰਵਨਾਸ਼ ਦਾ ਸੁਨੇਹਾ ਲੈ ਕੇ ਆਉਂਦਾ ਹੈ। ਇਨਸਾਨਾਂ ਨੂੰ ਵਦਾਣ ਸਮਝ ਕੇ ਚੱਲਣ ਵਾਲੇ ਔਰੰਗਜ਼ੇਬੀ ਹਥੌੜੇ ਕੰਬਦੇ ਹਨ। ਗ਼ੈਰ-ਮੁਸਲਮਾਨਾਂ ਨੂੰ ਕਾਫ਼ਿਰ ਸਮਝਣ ਵਾਲੇ ਔਰੰਗਜ਼ੇਬ ਦੀ ਨੀਂਦ ਹਰਾਮ ਹੁੰਦੀ ਹੈ। ਅਨੰਦਪੁਰ ਉਸ ਨੂੰ ਭੈਅ-ਭੀਤ ਕਰਦਾ ਹੈ। ਅਨੰਦਪੁਰ ਵਿਚ ਢਲ ਰਹੇ ਸਰਬਲੋਹ 'ਚੋਂ ਉਹ ਮੁਗ਼ਲ ਸਾਮਰਾਜ ਦਾ ਢਲ ਰਿਹਾ ਸੂਰਜ ਵੇਖਦਾ ਹੈ। ਅਨੰਦਪੁਰ ਵਿਚ ਢਲ ਰਿਹਾ ਫੌਲਾਦ ਉੱਥੋਂ ਦੇ ਵਸਨੀਕਾਂ ਨੂੰ ਫੌਲਾਦੀ ਬਣਾ ਰਿਹਾ ਸੀ। ਖ਼ੁਦ ਨੂੰ 'ਆਲਮਗੀਰ' ਅਖਵਾਉਣ ਵਾਲੇ ਔਰੰਗਜ਼ੇਬ ਨੂੰ ਸਮਝ ਨਹੀਂ ਸੀ ਆ ਰਹੀ ਕਿ ਅੰਮ੍ਰਿਤ ਛਕਣ ਤੋਂ ਬਾਅਦ ਚਿੜੀਆਂ ਬਾਜ਼ ਕਿਵੇਂ ਬਣ ਜਾਂਦੀਆਂ ਹਨ! ਅਨੰਦਪੁਰ ਦੇ ਕਾਰਖਾਨਿਆਂ ਵਿਚ ਬਣੇ ਸ਼ੇਰ-ਪੰਜੇ ਹੱਥ ਵਿਚ ਆਉਣ ਤੋਂ ਬਾਅਦ ਨਿਰਬਲ ਹਿੰਦੁਸਤਾਨੀ ਸ਼ੇਰ-ਦਿਲ ਕਿਵੇਂ ਬਣ ਜਾਂਦੇ ਹਨ! ਇਹ ਖੁੱਲ੍ਹਮ-ਖੁੱਲ੍ਹੀ ਬਗ਼ਾਵਤ ਸੀ। ਕਟਾਰਾਂ-ਕਿਰਪਾਨਾਂ ਤੋਂ ਬਾਅਦ ਅਨੰਦਪੁਰ ਵਿਚ ਤੋਪਾਂ ਬਣਨ ਲੱਗੀਆਂ। ਪੰਜ ਕਿਲ੍ਹੇ, ਅਨੰਦਗੜ੍ਹ ਸਾਹਿਬ, ਲੋਹਗੜ੍ਹ ਸਾਹਿਬ, ਕਿਲ੍ਹਾ ਫਤਹਿਗੜ੍ਹ ਸਾਹਿਬ, ਹੋਲਗੜ੍ਹ ਅਤੇ ਕਿਲ੍ਹਾ ਤਾਰਾਗੜ੍ਹ ਦੇ ਨਿਰਮਾਣ ਨਾਲ ਅਨੰਦਪੁਰ ਨੂੰ ਮਜ਼ਬੂਤ ਸੁਰੱਖਿਆ ਪ੍ਰਦਾਨ ਹੋਈ। ਕੁਦਰਤੀ ਸੀ ਕਿ ਮੁਗਲ ਲਸ਼ਕਰ ਇਸ ਕ੍ਰਾਂਤੀ ਨੂੰ ਕੁਚਲਣ ਲਈ ਅਨੰਦਪੁਰ ਸਾਹਿਬ ਵੱਲ ਵਹੀਰਾਂ ਘੱਤਦਾ। ਰਣਜੀਤ ਨਗਾਰੇ 'ਤੇ ਡਗਾ ਲੱਗਣ ਨਾਲ ਅਕਾਲ ਪੁਰਖ ਕੀ ਫ਼ੌਜ ਵਿਚ ਜੋਸ਼ ਭਰਦਾ। "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ" ਦੇ ਮਹਾਵਾਕ ਅਨੁਸਾਰ ਖਾਲਸਾ ਹਰ ਕੁਰਬਾਨੀ ਲਈ ਤਿਆਰ-ਬਰ-ਤਿਆਰ ਸੀ। 'ਸਰਬੰਸ ਦਾਨੀ' ਹਰ ਸਿੱਖ ਦੇ ਰੋਮ-ਰੋਮ ਵਿਚ ਸਮਾਇਆ ਹੋਇਆ ਸੀ। ਖ਼ਾਲਸੇ ਦੀ ਸਾਜਨਾ ਆਪਣੇ-ਆਪ ਵਿਚ ਇਕ ਜੁਗ-ਪਲਟਾਊ ਘਟਨਾ ਸੀ। ਗੁਰੂ ਨਾਨਕ ਸਾਹਿਬ ਨੇ 1469 ਵਿਚ ਅਵਤਾਰ ਧਾਰਿਆ ਸੀ ਅਤੇ ਉਨ੍ਹਾਂ ਦੇ ਨਿਰਮਲ ਪੰਥ ਦਾ ਆਗਾਜ਼ ਜੇ 1499 ਤੋਂ ਮੰਨਿਆ ਜਾਵੇ ਤਾਂ ਖ਼ਾਲਸੇ ਦੀ ਸਿਰਜਣਾ (1699) ਤਕ ਦੋ ਸੌ ਸਾਲ ਦਾ ਵਕਫ਼ਾ ਲੱਗ ਗਿਆ। ਦੋ ਸਦੀਆਂ ਬਾਅਦ ਖ਼ਾਲਸੇ ਦੀ ਸਿਰਜਣਾ ਰਾਹੀਂ ਜਮਹੂਰੀਅਤ ਦੀਆਂ ਨੀਹਾਂ ਪੱਕੀਆਂ ਹੋਈਆਂ। ਇਸ ਨੇ ਲੋਕਾਂ ਦੀ ਦ੍ਰਿਸ਼ਟੀ ਦਾ ਕੋਣ ਹੀ ਬਦਲ ਦਿੱਤਾ। ਇਹ ਨਵੇਂ ਸੱਭਿਆਚਾਰ ਦਾ ਉੱਥਾਨ ਸੀ ਜੋ ਮਜ਼ਲੂਮਾਂ ਲਈ ਕੁਰਬਾਨ ਹੋਣ ਲਈ ਪ੍ਰੇਰਦਾ ਸੀ। ਇਸ ਧਰਤੀ ਤੋਂ ਸਮੇਂ ਦੇ ਮੁਹਾਣ ਨੂੰ ਪੁੱਠਾ ਗੇੜਾ ਦੇਣ ਵਾਲੇ ਗੁਰਮਤੇ ਪਾਸ ਹੁੰਦੇ। ਸੰਗਤ ਉਸ 'ਤੇ ਫੁੱਲ ਚੜ੍ਹਾਉਂਦੀ। ਦਸਮੇਸ਼ ਪਿਤਾ ਦਾ ਸਮਕਾਲੀ ਕਵੀ ਭਾਈ ਗੁਰਦਾਸ ਦੂਜਾ ਆਪਣੇ ਗੁਰੂ ਦੇ ਸੋਹਲੇ ਗਾਉਂਦਾ ਹੋਇਆ ਕਹਿੰਦਾ ਹੈ, 'ਵਾਹੁ ਵਾਹੁ ਗੋਬਿੰਦ ਸਿੰਘ/ ਆਪੇ ਗੁਰੁ ਚੇਲਾ।' ਸਾਬਤ ਸੂਰਤ ਸਿੰਘ ਸਾਬਤ ਕਦਮੀਂ ਸ਼ੇਰਾਂ ਵਾਂਗ ਗਰਜਦੇ ਜ਼ਾਲਮ ਮੁਗ਼ਲ ਫ਼ੌਜਾਂ 'ਤੇ ਟੁੱਟ ਪੈਂਦੇ। ਅਕਾਲ ਪੁਰਖ ਦੀ ਫ਼ੌਜ ਦੇ ਹਰ ਜੰਗਜੂ ਦਾ ਸਿਰਨਾਵਾਂ ਅਨੰਦਪੁਰ ਸਾਹਿਬ ਹੁੰਦਾ। ਇਨ੍ਹਾਂ ਸਿਰਲੱਥ ਯੋਧਿਆਂ ਨੂੰ ਸਮਰਪਿਤ ਹੈ ਹੋਲਾ ਮਹੱਲਾ। ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਸੰਗਤ ਦਾ ਅਨੂਠਾ ਜੋੜ ਮੇਲ ਹੁੰਦਾ ਹੈ ਜੋ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਬੀਰ-ਰਸੀ ਭਾਵਨਾ, ਸ਼ਰਧਾ ਤੇ ਉਮਾਹ ਨਾਲ ਮਨਾਇਆ ਜਾਂਦਾ

ਹੈ। ਇਸ ਅਵਸਰ 'ਤੇ ਖ਼ਾਲਸਾਈ ਯੁੱਧਕਲਾ ਦੇ ਦ੍ਰਿਸ਼ ਮਨ ਨੂੰ ਮੋਹ ਲੈਂਦੇ ਹਨ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਕਲਗੀਧਰ ਪਾਤਸ਼ਾਹ ਜੰਗਜੂ ਸਿੰਘਾਂ ਨੂੰ ਯੁੱਧ ਕਲਾ ਸਿਖਾਉਣ ਲਈ ਉਨ੍ਹਾਂ ਨੂੰ ਦੋ ਦਲਾਂ 'ਚ ਵੰਡ ਦਿੰਦੇ। ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨ ਲਈ ਕਹਿੰਦੇ। ਕਲਗੀਧਰ ਖ਼ੁਦ ਇਸ ਮਸਨੂਈ ਜੰਗ ਦਾ ਕਰਤੱਬ ਦੇਖਦੇ ਅਤੇ ਜੋ ਦਲ ਜਿੱਤਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ। ਖ਼ਾਲਸਾ ਸ਼ਬਦਾਵਲੀ ਵਿਚ ਹੋਲਾ-ਮਹੱਲਾ ਦਾ ਅਰਥ ਹਮਲਾ, ਹੱਲਾ ਜਾਂ ਹੱਲੇ ਦੀ ਥਾਂ ਹੈ। 'ਹੋਲਾ' ਦਰਅਸਲ ਅਰਬੀ ਭਾਸ਼ਾ ਦੇ ਸ਼ਬਦ ਹੂਲ ਤੋਂ ਬਣਿਆ ਹੈ ਜਿਸ ਦੇ ਅਰਥ ਭਲੇ ਕੰਮਾਂ ਲਈ ਜੂਝਣਾ, ਖੰਡੇ ਦੀ ਧਾਰ 'ਤੇ ਚੱਲਣਾ ਅਤੇ ਸੀਸ ਤਲੀ 'ਤੇ ਰੱਖ ਤੇ ਹੂਲਣਾ ਹੈ।

28 ਮਾਰਚ

# ਆਥੜੀਆਂ ਦੀ ਹੋਣੀ

ਪ੍ਰਾਚੀਨ ਕਾਲ ਤੋਂ ਹੀ ਤਕੜਾ ਮਾੜੇ ਨੂੰ ਲਤਾੜਦਾ ਆਇਆ ਹੈ। ਤਕੜੇ ਦਾ ਸੱਤੀਂ ਵੀਹੀਂ ਸੌ ਮੰਨਿਆ ਜਾਂਦਾ ਹੈ। ਹਾਸ਼ੀਏ ਤੋਂ ਹੇਠਾਂ ਜੀਵਨ ਬਸਰ ਕਰਦੇ ਦੱਬੇ-ਕੁਚਲੇ ਲੋਕਾਂ ਦੀਆਂ ਅੱਖਾਂ 'ਚ ਹੰਝੂ ਤਾਂ ਹੁੰਦੇ ਹਨ ਪਰ ਉਨ੍ਹਾਂ ਵਿਚ ਕਮਲ ਦੇ ਫੁੱਲ ਤੈਰਦੇ ਨਜ਼ਰ ਨਹੀਂ ਆਉਂਦੇ। ਇਨ੍ਹਾਂ ਨੂੰ ਸਰਾਪੇ ਕਹਿ ਕੇ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਜਾਂ ਉਨ੍ਹਾਂ ਦੀ ਹੋਣੀ ਨੂੰ ਪੂਰਬਲੇ ਜਨਮ ਨਾਲ ਜੋੜ ਦਿੱਤਾ ਜਾਂਦਾ ਹੈ। ਨਰਕ ਵਰਗੀ ਜ਼ਿੰਦਗੀ ਹੰਢਾ ਰਹੇ ਇਨ੍ਹਾਂ ਲੋਕਾਂ ਦੇ ਸੁਪਨੇ ਵੀ ਸੰਨ੍ਹਮਾਰੀ ਦਾ ਸ਼ਿਕਾਰ ਹੁੰਦੇ ਹਨ। ਮਨੁੱਖ ਦੇ ਮਹਾਬਲੀ ਬਣਨ ਦਾ ਸਦੀਆਂ ਪੁਰਾਣਾ ਬਿਖਮ ਸਫ਼ਰ ਸਭ ਨੂੰ ਪਤਾ ਹੈ। ਮਨੁੱਖ ਕਦੇ ਚੌਪਾਇਆਂ ਵਾਂਗ ਚਾਰ ਲੱਤਾਂ 'ਤੇ ਚੱਲਿਆ ਕਰਦਾ ਸੀ। ਜਦੋਂ ਉਸ ਨੇ ਆਪਣੇ ਅਗਲੇ ਦੋ ਪੈਰਾਂ ਨੂੰ ਆਜ਼ਾਦ ਕਰ ਕੇ ਹੱਥ ਬਣਾ ਲਿਆ ਤਾਂ ਉਸ ਨੇ ਬਾਕੀ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਨੁਕੀਲੇ ਹਥਿਆਰ ਬਣਾਉਣੇ ਸ਼ੁਰੂ ਕਰ ਦਿੱਤੇ। ਦਿਮਾਗ ਉਸ ਕੋਲ ਪਹਿਲਾਂ ਹੀ ਸੀ। ਬਸ ਫਿਰ ਕੀ ਸੀ, ਉਸ ਨੇ ਦੂਜੇ ਜਾਨਵਰਾਂ 'ਤੇ ਫ਼ਤਿਹ ਹਾਸਲ ਕਰ ਲਈ ਤੇ ਜੰਗਲ ਦਾ ਬੇਤਾਜ ਬਾਦਸ਼ਾਹ ਬਣ ਬੈਠਾ। ਫਿਰ ਮਨੁੱਖ ਨੇ ਛੋਟੇ-ਛੋਟੇ ਕਬੀਲੇ ਬਣਾ ਲਏ। ਰੈਣ-ਬਸੇਰੇ ਲਈ ਚਾਰ-ਦੀਵਾਰੀ ਬਣਾ ਕੇ ਉਹ ਸੁਰੱਖਿਅਤ ਹੋ ਗਿਆ ਤੇ ਚੈਨ ਦੀ ਨੀਂਦ ਸੌਣ ਲੱਗਾ। ਮਨੁੱਖ ਦੀ ਤ੍ਰਿਸ਼ਨਾ ਵੱਧਦੀ ਗਈ। ਉਸ ਦੇ ਘਰ ਦੀਆਂ ਕੰਧਾਂ ਫੈਲ ਰਹੀਆਂ ਸਨ। ਉਹ ਲੋੜ ਤੋਂ ਵੱਧ ਪੈਰ ਪਸਾਰਨ ਲੱਗਾ। ਇਹ ਸਾਮਰਾਜੀ ਸੋਚ ਦਾ ਆਗਾਜ਼ ਸੀ। ਕਬੀਲਿਆਂ ਨੇ ਇਕ-ਦੂਜੇ ਦਾ ਖ਼ੂਨ ਡੋਲ੍ਹਣਾ ਸ਼ੁਰੂ ਕਰ ਦਿੱਤਾ। ਮਨੁੱਖ ਨੇ ਮਨੁੱਖ ਦਾ ਖ਼ੂਨ ਚੱਖਿਆ ਤਾਂ ਇਸ ਦੇ ਜ਼ਾਇਕੇ ਨੇ ਖਾਨਾਜੰਗੀ ਦੀ ਰੀਤ ਤੋਰ ਦਿੱਤੀ। ਨਿਰਬਲ ਲੋਕ ਘਾਹ ਦੀਆਂ ਤਿੜਾਂ ਵਾਂਗ ਦੱਬਦੇ-ਕੁਚਲਦੇ ਰਹੇ। ਘਾਹ ਦੀਆਂ ਤਿੜਾਂ ਆਖ਼ਰ ਕਿੰਨੀ ਕੁ ਦੇਰ ਤਿੜੀਆਂ ਰਹਿ ਸਕਦੀਆਂ ਹਨ! ਮਹਾਬਲੀਆਂ ਦੀ ਹਉਮੈ ਨੂੰ ਪੱਠੇ ਪਾਉਣ ਲਈ ਗੁਲਾਮਾਂ ਦੀ ਲੋੜ ਪਈ। ਘੋੜਿਆਂ ਤੇ ਹੋਰ ਜਾਨਵਰਾਂ ਨੂੰ ਉਹ ਪਹਿਲਾਂ ਹੀ ਵੱਸ ਕਰ ਚੁੱਕਾ ਸੀ। ਮਨੁੱਖ ਦੀ ਹਿਰਸ, ਲੋਭ ਤੇ ਲਾਲਸਾ ਨੇ ਹੱਦਾਂ-ਸਰਹੱਦਾਂ ਨੂੰ ਜਨਮ ਦਿੱਤਾ। ਧਰਤ ਸੁਹਾਵੀ ਨੂੰ ਟੁਕੜਿਆਂ ਵਿਚ ਵੰਡ ਦਿੱਤਾ। ਗੁਲਾਮ-ਪ੍ਰਥਾ ਨੇ ਇਨਸਾਨ ਨੂੰ ਹੈਵਾਨ ਬਣਾ ਦਿੱਤਾ। 'ਜਿਸ ਕੀ ਲਾਠੀ ਉਸ ਕੀ ਭੈਂਸ' ਅਖਾਣ ਮੁਤਾਬਕ ਬਾਹੂਬਲੀਆਂ ਨੇ ਨਿਰਬਲਾਂ ਨੂੰ ਭੇਡਾਂ ਬੱਕਰੀਆਂ ਦੇ ਇੱਜੜ ਵਾਂਗ ਹੱਕਣਾ ਸ਼ੁਰੂ ਕਰ ਦਿੱਤਾ। ਨਿਸ਼ਚੇ ਹੀ ਮਨੁੱਖ ਨੇ ਅਣਕਿਆਸੀ ਤਰੱਕੀ ਕਰ ਲਈ ਹੈ। ਚੰਦਰਮਾ 'ਤੇ ਪੈੜਾਂ ਛੱਡਣ ਤੋਂ ਬਾਅਦ ਉਹ ਕਈ ਹੋਰ ਧਰਤੀਆਂ ਦੀ ਤਲਾਸ਼ ਵਿਚ ਤੁਰਿਆ ਹੋਇਆ ਹੈ। ਜਿਸ ਧਰਤ ਦਾ ਉਹ ਵਾਸੀ ਹੈ, ਉਹ ਉਸ ਨੂੰ ਸੌੜੀ ਲੱਗਦੀ ਹੈ। ਇਹ ਤ੍ਰਿਸ਼ਨਾ ਘਟਣ ਦੀ ਬਜਾਏ ਵੱਧਦੀ ਹੀ ਜਾ ਰਹੀ ਹੈ। ਪਰ ਮਨੁੱਖ ਵੱਲੋਂ

ਹੀ ਮਨੁੱਖੀ ਅਧਿਕਾਰਾਂ ਦਾ ਉਲੰਘਣ ਤਕਲੀਫ਼ਦੇਹ ਹੈ। ਮਨੁੱਖੀ ਤਸਕਰੀ ਤੇ ਗੁਲਾਮ-ਪ੍ਰਥਾ ਭਾਵੇਂ ਪਿਛਲੀਆਂ ਸਦੀਆਂ ਵਿਚ ਚਰਮ ਸੀਮਾ 'ਤੇ ਸਨ ਪਰ ਇੱਕੀਵੀਂ ਸਦੀ ਵਿਚ ਵੀ ਇਸ ਦਾ ਪ੍ਰਚਲਨ ਬੇਹੱਦ ਰੜਕਦਾ ਹੈ। ਮਨੁੱਖ ਵਿਚੋਂ ਮਨੁੱਖਤਾ ਮਨਫ਼ੀ ਹੋਣਾ ਸ਼ੁਭ ਸ਼ਗਨ ਨਹੀਂ ਹੈ। ਇੱਕੀਵੀਂ ਸਦੀ ਵਿਚ ਵੀ ਜੇ 'ਬੰਧੂਆ ਮਜ਼ਦੂਰੀ' ਦੀਆਂ ਖ਼ਬਰਾਂ ਨਸ਼ਰ ਹੋ ਰਹੀਆਂ ਹਨ ਤਾਂ ਇਸ ਨੂੰ ਗ਼ੈਰ-ਇਨਸਾਨੀਅਤ ਵਾਲਾ ਵਰਤਾਰਾ ਹੀ ਕਿਹਾ ਜਾਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਪੰਜਾਬ ਦੇ ਚਾਰ ਸਰਹੱਦੀ ਜ਼ਿਲ੍ਹਿਆਂ 'ਚੋਂ ਲਿਆਂਦੇ ਗਏ 58 'ਬੰਧੂਆ ਮਜ਼ਦੂਰਾਂ' ਦਾ ਰੱਜ ਕੇ ਸ਼ੋਸ਼ਣ ਹੋ ਰਿਹਾ ਹੈ। ਇਸ ਲਿਖਤੀ ਸੂਚਨਾ ਤੋਂ ਬਾਅਦ ਸਿਆਸਤ ਭਖ ਗਈ ਹੈ। ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾ ਅਤੇ ਕਿਸਾਨ-ਮਜ਼ਦੂਰ ਲੀਡਰਾਂ ਨੇ ਇਲਜ਼ਾਮ ਲਗਾਇਆ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਬਦਨਾਮ ਕਰਨ ਲਈ ਹੀ ਅਜਿਹਾ 'ਹਾਸੋਹੀਣਾ' ਪੱਤਰ ਭੇਜਿਆ ਹੈ। ਖ਼ੈਰ, ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਦਾ ਸਪਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਇਸ ਪੱਤਰ ਦੀ ਭਾਸ਼ਾ ਨੂੰ ਤੋੜ-ਮਰੋੜ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਸਪਸ਼ਟੀਕਰਨ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਪਰੋਕਤ ਪੱਤਰ ਦਾ 'ਕਿਸਾਨ ਸੰਘਰਸ਼' ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਕਿਉਂਕਿ ਇਹ ਮਾਮਲਾ ਮਨੁੱਖੀ ਤਸਕਰੀ ਮਾਫ਼ੀਆ ਨਾਲ ਸਬੰਧਤ ਹੈ। ਦਰਅਸਲ, ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਿਸੇ ਵੀ ਮੁੱਦੇ ਨੂੰ ਸਿਆਸੀ ਰੰਗਤ ਮਿਲ ਜਾਣੀ ਕੁਦਰਤੀ ਗੱਲ ਹੈ। ਸੱਚਾਈ ਤਾਂ ਇਹ ਹੈ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਦੇ ਦਸਵੰਧ ਨੂੰ ਹੀ ਮਾਨਤਾ ਦਿੱਤੀ ਸੀ। ਮਲਿਕ ਭਾਗੋ ਦੇ ਸ਼ਾਹੀ ਪਕਵਾਨ ਦਾ ਨਿਉਤਾ ਠੁਕਰਾ ਕੇ ਆਪ ਨੇ ਕਿਰਤੀ ਭਾਈ ਲਾਲੋ ਦੀ ਰੁੱਖੀ-ਮਿੱਸੀ ਰੋਟੀ ਨੂੰ ਭੋਗ ਲਗਾਇਆ ਸੀ। ਗੁਰੂ ਨਾਨਕ ਸਾਹਿਬ ਨੇ ਹਲ ਦੀ ਹੱਥੀ ਫੜ ਕੇ ਹੱਥੀਂ-ਕਾਰ ਦੇ ਮਹਾਤਮ ਨੂੰ ਉਜਾਗਰ ਕੀਤਾ। ਇਹੀ ਕਾਰਨ ਹੈ ਕਿ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ 'ਬੰਧੂਆ ਮਜ਼ਦੂਰਾਂ' ਦੀ ਸੰਖਿਆ ਨਾ-ਮਾਤਰ ਹੈ। ਇਸ ਦਾ ਇਹ ਮਤਲਬ ਵੀ ਨਹੀਂ ਕਿ ਪੰਜਾਬ ਵਿਚ ਮਜ਼ਦੂਰਾਂ ਦਾ ਸ਼ੋਸ਼ਣ ਬਿਲਕੁਲ ਨਹੀਂ ਹੁੰਦਾ। ਜੇ ਨਾ ਹੁੰਦਾ ਤਾਂ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਇਹ ਲਿਖਣਾ ਨਾ ਪੈਂਦਾ, "ਜਿੱਥੇ ਬੰਦਾ ਜੰਮਦਾ ਸੀਰੀ ਹੈ/ਟਕਿਆਂ ਦੀ ਮੀਰੀ ਪੀਰੀ ਹੈ/ਜਿੱਥੇ ਕਰਜ਼ੇ ਹੇਠ ਪੰਜੀਰੀ ਹੈ/ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ।" ਸ਼ਾਹਾਂ ਤੇ ਲੰਬੜਾਂ ਦੇ ਵਹੀ-ਖਾਤਿਆਂ ਵਿਚ ਲੈਣਦਾਰਾਂ ਦਾ ਕਰਜ਼ ਸ਼ੈਤਾਨ ਦੀ ਆਂਦਰ ਵਾਂਘ ਵੱਧਦਾ ਹੀ ਰਹਿੰਦਾ ਹੈ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ/ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਲੋਕ ਗੀਤ ਵਾਂਗ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਕਰਜ਼ੇ ਦਾ ਬੋਝ ਕਈ ਵਾਰ ਇੰਨਾ ਵੱਧ ਜਾਂਦਾ ਹੈ ਕਿ ਉਨ੍ਹਾਂ ਨੂੰ ਖ਼ੁਦਕੁਸ਼ੀ ਵਰਗੇ ਕਦਮ ਚੁੱਕਣ ਲਈ ਮਜਬੂਰ ਹੋਣਾ ਪੈਂਦਾ ਹੈ। ਸੀਰੀਆਂ, ਆਥੜੀਆਂ ਜਾਂ ਖੇਤ ਮਜ਼ਦੂਰਾਂ ਦਾ ਦਰਅਸਲ ਸਰੀਰ ਹੀ ਉਨ੍ਹਾਂ ਲਈ ਸਨਅਤ/ਉਦਯੋਗ ਹੁੰਦਾ ਹੈ। ਸਰੀਰ ਖੜ੍ਹ ਜਾਵੇ ਤਾਂ ਘਰ ਦੀ ਆਰਥਿਕਤਾ ਚਰਮਰਾ ਜਾਂਦੀ ਹੈ। ਇਕ ਸਮਾਂ ਸੀ ਜਦੋਂ ਹਰ ਪਿੰਡ ਵਿਚ ਕੋਈ ਨਾ ਕੋਈ ਵੈਲੀ ਜਾਂ ਅਫ਼ੀਮਚੀ ਜ਼ਰੂਰ ਹੁੰਦਾ ਸੀ। ਜ਼ਿਮੀਦਾਰ ਖੇਤ ਮਜ਼ਦੂਰਾਂ ਦੀ ਊਰਜਾ ਵਧਾਉਣ

ਲਈ ਭੁੱਕੀ ਜਾਂ ਅਫ਼ੀਮ ਦਾ ਸੇਵਨ ਕਰਵਾ ਦਿਆ ਕਰਦੇ ਸਨ। ਉਨ੍ਹਾਂ ਦੇ ਮੁੜ੍ਹਕੇ 'ਚੋਂ ਫ਼ਸਲਾਂ ਨਿਸਰਦੀਆਂ। ਅਜੋਕੇ ਸਮੇਂ ਪੰਜਾਬ ਵਿਚ ਬੰਧੂਆ ਮਜ਼ਦੂਰ ਦਿਖਾਈ ਨਹੀਂ ਦਿੰਦੇ। ਹਾਂ, ਮਨੁੱਖੀ ਤਸਕਰ ਦੂਜੇ ਸੂਬਿਆਂ ਤੋਂ ਮਜ਼ਦੂਰਾਂ ਨੂੰ ਟੱਬਰਾਂ ਸਮੇਤ ਭੱਠਿਆਂ 'ਤੇ ਇੱਟਾਂ ਪੱਥਣ ਲਈ ਅੱਜ ਵੀ ਲੈ ਕੇ ਆਉਂਦੇ ਹਨ। ਇੱਟਾਂ 'ਤੇ ਉਨ੍ਹਾਂ ਦੇ ਹੱਥਾਂ ਦੀਆਂ ਲਕੀਰਾਂ ਹੁੰਦੀਆਂ ਹਨ। ਸੰਨ 2017 ਵਿਚ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਿੰਡ ਮੀਰਪੁਰ ਜੱਟਾਂ ਵਿਚ ਪੁਲਿਸ ਦੀ ਇਮਦਾਦ ਨਾਲ 83 ਬੰਧੂਆ ਮਜ਼ਦੂਰਾਂ ਨੂੰ ਆਜ਼ਾਦ ਕਰਵਾਇਆ ਗਿਆ ਸੀ ਜਿਨ੍ਹਾਂ ਵਿਚ 20 ਬੱਚੇ ਅਤੇ 29 ਔਰਤਾਂ ਸ਼ਾਮਲ ਸਨ। ਮਨੁੱਖੀ ਤਸਕਰ ਮਾਫ਼ੀਆ ਰਾਹੀਂ ਦੂਜੇ ਸੂਬਿਆਂ ਤੋਂ ਲਿਆਂਦੇ ਜਾਂਦੇ 'ਬੰਧੂਆ ਮਜ਼ਦੂਰਾਂ' ਦਾ ਸ਼ੋਸ਼ਣ ਜ਼ਰੂਰ ਹੁੰਦਾ ਹੈ। ਪਰ ਸਰਹੱਦੀ ਜ਼ਿਲ੍ਹਿਆਂ ਵਿਚ 'ਬੰਧੂਆ ਮਜ਼ਦੂਰਾਂ' ਦੀ ਮੌਜੂਦਗੀ ਗਲੇ ਤੋਂ ਹੇਠਾਂ ਨਹੀਂ ਉਤਰਦੀ। ਤਾਰੋਂ ਪਾਰ ਖੇਤੀ ਸੀਮਤ ਸਮੇਂ ਲਈ ਬੀਐੱਸਐੱਫ ਦੀਆਂ ਸੰਗੀਨਾਂ ਦੀ ਛਾਂ ਹੇਠ ਹੀ ਹੁੰਦੀ ਹੈ। ਸਖ਼ਤ ਸਕਿਉਰਿਟੀ ਹੋਣ ਕਾਰਨ ਮਜ਼ਦੂਰਾਂ ਨੂੰ ਨਸ਼ਾ-ਪੱਤਾ ਦੇਣਾ ਅਟਪਟਾ ਲੱਗਦਾ ਹੈ। ਹਾਂ, ਦੂਜੇ ਸੂਬਿਆਂ ਵਿਚ ਬੰਧੂਆ ਮਜ਼ਦੂਰਾਂ ਦਾ ਖ਼ੂਬ ਸ਼ੋਸ਼ਣ ਹੁੰਦਾ ਹੈ। ਉਨ੍ਹਾਂ 'ਤੇ ਹੁੰਦਾ ਅਣ-ਮਨੁੱਖੀ ਤਸ਼ੱਦਦ ਲੂੰ-ਕੰਡੇ ਖੜ੍ਹੇ ਕਰਦਾ ਹੈ। ਕੁਝ ਮਹੀਨੇ ਪਹਿਲਾਂ ਮੱਧ ਪ੍ਰਦੇਸ਼ ਦੇ ਗੁਨਾ ਜ਼ਿਲ੍ਹੇ ਵਿਚ ਵਿਜੇ ਨਾਮ ਦੇ 26 ਸਾਲਾ ਬੰਧੂਆ ਮਜ਼ਦੂਰ ਨੂੰ ਉਸ 'ਤੇ ਤੇਲ ਛਿੜਕ ਕੇ ਅੱਗ ਦੇ ਹਵਾਲੇ ਇਸ ਲਈ ਕਰ ਦਿੱਤਾ ਗਿਆ ਸੀ ਕਿਉਂਕਿ ਉਸ ਨੇ 5000 ਦਾ ਕਰਜ਼ਾ ਮੋੜਨ ਦੀ ਬਜਾਏ 'ਆਜ਼ਾਦ' ਹੋਣ ਦੀ ਕੋਸ਼ਿਸ਼ ਕੀਤੀ ਸੀ। ਪੀੜਤ ਬਾਲ-ਬੱਚੇਦਾਰ ਸੀ ਜਿਸ ਦੀ ਅਰਥੀ ਨੂੰ ਮੋਢਾ ਦੇਣ ਲੱਗਿਆਂ ਉਸ ਦਾ ਪਿਤਾ ਬੇਹੋਸ਼ ਕੇ ਡਿੱਗ ਪਿਆ ਸੀ। ਇਹ ਮੱਧ ਪ੍ਰਦੇਸ਼ ਦੇ ਸਹਰਿਆ ਕਬੀਲੇ ਨਾਲ ਸਬੰਧਤ ਸੀ ਜਿਸ ਦੇ ਕਈ ਲੋਕ ਟੱਬਰਾਂ ਸਣੇ ਬਹਿਕਾਂ, ਡੇਰਿਆਂ ਅਤੇ ਭੱਠਿਆਂ 'ਤੇ ਆਥੜੀ ਹਨ। ਇਨ੍ਹਾਂ ਦਾ ਕਰਜ਼ਾ ਵੀ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਉੱਥੋਂ ਦੀ ਸਰਕਾਰ ਜਾਗੀ ਜ਼ਰੂਰ ਪਰ ਕੁਝ ਦਿਨਾਂ ਬਾਅਦ ਫਿਰ ਕੁੰਭਕਰਨੀ ਨੀਂਦ ਸੌਂ ਗਈ। ਇੰਦਰਾ ਗਾਂਧੀ ਦੀ ਸਰਕਾਰ ਨੇ 1976 ਵਿਚ ਬੰਧੂਆ ਮਜ਼ਦੂਰੀ ਪ੍ਰਥਾ ਦੇ ਖ਼ਾਤਮੇ ਲਈ ਕਾਨੂੰਨ ਬਣਾਇਆ ਸੀ ਪਰ ਦੇਸ਼ ਦੇ ਕਈ ਹਿੱਸਿਆਂ ਵਿਚ ਇਸ ਦਾ ਅੱਜ ਵੀ ਉਲੰਘਣ ਹੋ ਰਿਹਾ ਹੈ। ਆਜ਼ਾਦ ਦੇਸ਼ ਵਿਚ ਅਜਿਹੀ ਗੁਲਾਮੀ ਬਹੁਤ ਵੱਡਾ ਮਿਹਣਾ ਹੈ। 'ਬੰਧੂਆ ਮਜ਼ਦੂਰਾਂ' ਨੂੰ ਕਰਜ਼ੇ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਉਣਾ ਪੁੰਨ ਵਾਲਾ ਕਾਰਜ ਹੈ। ਅਜਿਹੇ ਮੁੱਦਿਆਂ ਨੂੰ ਸਿਆਸੀ ਰੰਗਤ ਦੇਣ ਦੀ ਬਜਾਏ ਇਨ੍ਹਾਂ ਦਾ ਹੱਲ ਕਰਨਾ ਸਮੇਂ ਦੀ ਲੋੜ ਹੈ।

4 ਅਪ੍ਰੈਲ

# ਜਾਂਚ-ਦਰ-ਜਾਂਚ

ਬਰਗਾੜੀ ਬੇਅਦਬੀ ਮਾਮਲੇ ਨਾਲ ਕੋਟਕਪੂਰਾ ਗੋਲ਼ੀਕਾਂਡ ਦੀ ਛੇ ਸਾਲਾਂ ਬਾਅਦ ਨਵੇਂ ਸਿਰਿਓਂ ਜਾਂਚ ਦੇ ਹੁਕਮ ਤੋਂ ਬਾਅਦ ਪੰਜਾਬ ਦੀ ਸਿਆਸਤ ’ਚ ਇਕ ਵਾਰ ਫਿਰ ਭੂਚਾਲ ਜੇਹਾ ਆ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਪੈਸ਼ਲ ਜਾਂਚ ਟੀਮ (ਐੱਸਆਈਟੀ) ਦੀ ਰਿਪੋਰਟ ਮੂਲੋਂ ਖਾਰਜ ਕਰਨ ਨਾਲ ਜਿੱਥੇ ਕਈਆਂ ਨੂੰ ਝਟਕਾ ਲੱਗਾ ਹੈ, ਉੱਥੇ ਸਵਾਲਾਂ ’ਚ ਘਿਰੇ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਫ਼ਿਲਹਾਲ ਵੱਡੀ ਰਾਹਤ ਮਿਲੀ ਹੈ। ਫ਼ਰੀਦਕੋਟ ਦੇ ਬਰਗਾੜੀ ਕਸਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲ਼ੀਕਾਂਡ ਨੇ ਦਰਅਸਲ ਪਿਛਲੇ ਛੇ ਸਾਲਾਂ ਦੌਰਾਨ ਨਾਨਕ ਨਾਮਲੇਵਾ ਸੰਗਤ ’ਚ ਰੋਹ ਦੀ ਲਹਿਰ ਪੈਦਾ ਕਰ ਦਿੱਤੀ ਸੀ ਜਿਸ ਦਾ ਖਮਿਆਜ਼ਾ ‘ਪੰਥ ਅਤੇ ਗ੍ਰੰਥ’ ਦੀ ਪਹਿਰੇਦਾਰ ਸਮਝਣ ਵਾਲੀ ਪਾਰਟੀ ਅਕਾਲੀ ਦਲ ਨੂੰ ਭੁਗਤਣਾ ਪਿਆ ਸੀ। ਪੰਥਕ ਸਫ਼ਾਂ ’ਚ ਵੱਡਾ ਖੋਰਾ ਲੱਗਣ ਕਰਕੇ ਅਕਾਲੀ ਦਲ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ’ਚ ਨਮੋਸ਼ੀ ਭਰੀ ਹਾਰ ਵੇਖਣੀ ਪਈ ਸੀ ਤੇ ਉਹ ਅਸੈਂਬਲੀ ’ਚ ‘ਵਿਰੋਧੀ ਧਿਰ’ ਦੀ ਭੂਮਿਕਾ ਨਿਭਾਉਣ ਜੋਗਾ ਵੀ ਨਾ ਰਿਹਾ। ਹਾਈ ਕੋਰਟ ਦੇ ਫ਼ੈਸਲੇ ਨੇ ਸੱਤਾਧਾਰੀ ਕਾਂਗਰਸ ਪਾਰਟੀ ਦੀਆਂ ਆਸਾਂ ’ਤੇ ਵੀ ਪਾਣੀ ਫੇਰ ਦਿੱਤਾ ਹੈ, ਜੋ ਅਗਾਮੀ ਵਿਧਾਨ ਸਭਾ ਚੋਣਾਂ ਵੇਲੇ ਇਸ ਮੁੱਦੇ ਨੂੰ ਭੁਨਾਉਣਾ ਚਾਹੁੰਦੀ ਸੀ। ਹਾਈ ਕੋਰਟ ਨੇ ਇਹ ਵੀ ਆਦੇਸ਼ ਦਿੱਤੇ ਹਨ ਕਿ ਨਵੀਂ ਐੱਸਆਈਟੀ ’ਚ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸ਼ਾਮਲ ਨਾ ਕੀਤਾ ਜਾਵੇ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐੱਸਆਈਟੀ ਦੀ ਜਾਂਚ ਨੂੰ ਪੂਰੀ ਤਰ੍ਹਾਂ ਨਿਰਪੱਖ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ’ਚ ਚੁਣੌਤੀ ਦੇਵੇਗੀ। ਉਨ੍ਹਾਂ ਕਿਹਾ ਕਿ ਜਾਂਚ ਬਹੁਤ ਅੱਗੇ ਪਹੁੰਚ ਚੁੱਕੀ ਹੈ ਤੇ ਇਸ ਵੇਲੇ ਨਵੀਂ ਐੱਸਆਈਟੀ ਗਠਿਤ ਕਰਨਾ ਜਾਂ ਜਾਂਚ ਅਧਿਕਾਰੀ ਬਦਲਣਾ ਸੰਭਵ ਨਹੀਂ ਹੈ। ਜ਼ਿਕਰਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਐੱਸਆਈਟੀ ਦੇ ਮੈਂਬਰ ਹਨ ਅਤੇ ਉਹ ਇਸ ਮਾਮਲੇ ’ਚ ਨੌਂ ਚਲਾਨ ਪੇਸ ਕਰ ਚੁੱਕੇ ਸਨ ਜਦਕਿ ਆਖ਼ਰੀ ਚਲਾਨ ਜਲਦੀ ਹੀ ਪੇਸ਼ ਕੀਤਾ ਜਾਣਾ ਸੀ। ਕੁੰਵਰ ਵਿਜੇ ਪ੍ਰਤਾਪ ਨੇ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਜਾਂਚ ਕਰਨ ਵੇਲੇ ਬੇਹੱਦ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਦਾ ਇੰਕਸ਼ਾਫ਼ ਉਹ ਵਕਤ ਆਉਣ ’ਤੇ ਕਰਨਗੇ। ਉਨ੍ਹਾਂ ਇਲਜ਼ਾਮ ਲਾਇਆ ਕਿ ਉਨ੍ਹਾਂ ਨੂੰ ਮਾਰ ਦੇਣ ਦੀਆਂ ਧਮਕੀਆਂ ਤਕ ਵੀ ਮਿਲਦੀਆਂ ਰਹੀਆਂ, ਫਿਰ ਵੀ ਉਹ ਜਾਂਚ ’ਚ ਜੁਟੇ ਰਹੇ। ਐੱਸਆਈਟੀ ਦੀ ਜਾਂਚ ਦੇ ਦਾਇਰੇ ’ਚ ਤਤਕਾਲੀ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਅਕਾਲੀ ਵਿਧਾਇਕ, ਸਾਬਕਾ ਡੀਜੀਪੀ

ਸੁਮੇਧ ਸੈਣੀ, ਆਈਜੀ ਪਰਮਪਾਲ ਸਿੰਘ ਉਮਰਾਨੰਗਲ ਅਤੇ ਕਈ ਸੀਨੀਅਰ ਪੁਲਿਸ ਅਧਿਕਾਰੀ ਵੀ ਆਏ ਸਨ। ਕਈ ਪੁਲਿਸ ਅਫਸਰਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਸੀ। ਅਦਾਲਤ ਦੇ ਫ਼ੈਸਲੇ ’ਤੇ ਪੀੜਤ ਪਰਿਵਾਰਾਂ ਨੇ ਨਿਰਾਸ਼ਾ ਪ੍ਰਗਟ ਕੀਤੀ ਹੈ। ਇਸ ਗੋਲ਼ੀਕਾਂਡ ’ਚ ਮਾਰੇ ਗਏ ਕਿਸ਼ਨ ਭਗਵਾਨ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਸਰਾਵਾਂ ਨੇ ਦੁਖੀ ਹਿਰਦੇ ਨਾਲ ਕਿਹਾ ਕਿ ਉਨ੍ਹਾਂ ਨੂੰ ਆਸ ਸੀ ਕਿ ਛੇਤੀ ਹੀ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਪਰ ਆਸ ਦੇ ਉਲਟ ਆਏ ਫ਼ੈਸਲੇ ਨਾਲ ਉਨ੍ਹਾਂ ਦੇ ਮਨਾਂ ਨੂੰ ਗਹਿਰੀ ਠੇਸ ਪਹੁੰਚੀ ਹੈ। ਹੁਣ ਨਵੀਂ ਐੱਸਆਈਟੀ ਕਦੋਂ ਬਣੇਗੀ ਤੇ ਉਹ ਕਿੰਨੇ ਸਾਲਾਂ ’ਚ ਜਾਂਚ ਮੁਕੰਮਲ ਕਰੇਗੀ, ਇਹ ਤਾਂ ਸਮਾਂ ਹੀ ਦੱਸੇਗਾ। ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਬੇਅਦਬੀ ਅਤੇ ਇਸ ਨਾਲ ਜੁੜੇ ਗੋਲ਼ੀ ਕਾਂਡ ’ਤੇ ਲੰਮਾ ਸਮਾਂ ਸਿਆਸੀ ਰੋਟੀਆਂ ਜ਼ਰੂਰ ਸੇਕੀਆਂ ਜਾਂਦੀਆਂ ਰਹਿਣਗੀਆਂ। ਗੁਰੂਆਂ, ਪੀਰਾਂ ਤੇ ਸੰਤ-ਮਹਾਤਮਾਵਾਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਲਈ ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ? ਸਭ ਤੋਂ ਵੱਡਾ ਬਲਦਾ ਸਵਾਲ ਤਾਂ ਇਹ ਹੈ ਕਿ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਖ਼ਰ ਕਿਸ ਨੇ ਕੀਤੀ ਹੈ? ਕੁਦਰਤੀ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਵੱਡਾ ਛੜਯੰਤਰ ਸੀ ਜੋ ਪੰਜਾਬ ਦੀ ਆਬੋ-ਹਵਾ ਨੂੰ ਦੂਸ਼ਿਤ ਕਰਨ ਲਈ ਰਚਿਆ ਗਿਆ ਹੋਵੇਗਾ। ਨਿਸ਼ਚੇ ਹੀ ਸਾਜਿਸ਼ਕਰਤਾ ਸ਼ੈਤਾਨ ਦੀ ਔਲਾਦ ਸਨ ਨਹੀਂ ਤਾਂ ਕਿਸੇ ਵੀ ਜਾਤ ਪਾਤ, ਫਿਰਕੇ ਜਾਂ ਧਰਮ ਦਾ ਅਨੁਯਾਈ ਅਜਿਹਾ ਘਿਨਾਉਣਾ ਕਾਰਾ ਕਰਨ ਦਾ ਖ਼ਾਬ ਵੀ ਨਾ ਲੈਂਦਾ। ਵੰਡੀਆਂ ਪਾਉਣ ਵਾਲੇ ਜਾਂ ਸਿਆਸੀ ਲਾਹੇ ਲੈਣ ਦੀ ਤਾਕ ’ਚ ਰਹਿਣ ਵਾਲੇ ਇਬਲੀਸ ਹੀ ਅਜਿਹੀ ਘਿਨੌਣੀ ਕਰਤੂਤ ਕਰ ਸਕਦੇ ਸਨ। ਸੱਚਾਈ ਤਾਂ ਇਹ ਹੈ ਕਿ 1469 ਈਸਵੀ ’ਚ ਅਵਤਾਰ ਧਾਰਨ ਵਾਲੇ ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਦੇਵ ਸੋਲ੍ਹਵੀਂ ਸਦੀ ’ਚ ਚੱਲੀ ਭਗਤੀ ਲਹਿਰ ਦੇ ਮੋਢੀ ਸਨ, ਜਿਨ੍ਹਾਂ ਨੇ ਇਲਾਹੀ ਬਾਣੀ ਨਾਲ ਸਮਾਜਿਕ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਸੀ। ਗੁਰੂ ਨਾਨਕ ਤੇਰ-ਮੇਰ ਦੀਆਂ ਵਲਗਣਾਂ ਤੋਂ ਕੋਹਾਂ ਦੂਰ ਸਨ। ਆਪ ਨੇ ਅਖੰਡ ਹਿੰਦੁਸਤਾਨ ਦੇ ਬਾਣੀਕਾਰਾਂ ਦੀ ਸੰਤ-ਬਾਣੀ ਸੰਚਿਤ ਕਰ ਕੇ ਇਸ ਨੂੰ ਜਾਗ੍ਰਤੀ ਲਹਿਰ ਦਾ ਆਧਾਰ ਬਣਾਇਆ ਸੀ। ਇਹ ਉਹ ਦੌਰ ਸੀ ਜਦੋਂ ਸ਼ਖ਼ਸੀ ਪੂਜਾ ਨੇ ਵੱਖ-ਵੱਖ ਸੰਪ੍ਰਦਾਇ ਖੜ੍ਹੇ ਕਰ ਕੇ ਸਮਾਜ ਨੂੰ ਬਟਿਆਂ ’ਚ ਤਕਸੀਮ ਕੀਤਾ ਹੋਇਆ ਸੀ। ਭਾਈ ਗੁਰਦਾਸ, ਗੁਰੂ ਨਾਨਕ ਸਾਹਿਬ ਨੂੰ ਤਾਰਾਵਾਲੀ ਦਾ ਸੂਰਜ ਤੇ ਮ੍ਰਿਗਾਵਲੀ ਦਾ ਬੱਬਰ ਸ਼ੇਰ ਕਹਿ ਕੇ ਉਪਮਾਉਂਦੇ ਹਨ ਜਿਸ ਦੀ ਇਕ ਗਰਜ਼ ਨੇ ਧਾਰਮਿਕ ਦੰਭੀਆਂ ਅਤੇ ਸਮਾਜ ਦੇ ਦੋਖੀਆਂ ਨੂੰ ਭਾਜੜ ਪਾਈ ਸੀ। ਆਪਣੀਆਂ ਚਾਰ ਉਦਾਸੀਆਂ ਵੇਲੇ ਬਾਬੇ ਨਾਨਕ ਨੇ ਹਮ-ਖ਼ਿਆਲੀ ਬਾਣੀਕਾਰਾਂ ਦੀ ਬਾਣੀ ਇਕੱਤਰ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਲਾਹੀ ਬਾਣੀ ਦਾ ਉਹ ਸਾਗਰ ਹੈ ਜਿਸ ਵਿਚ ਵੱਖ-ਵੱਖ ਦਿਸ਼ਾਵਾਂ ਤੋਂ ਆਈਆਂ ਰੂਹਾਨੀਅਤ ਦੀਆਂ ਭਰ ਵਹਿੰਦੀਆਂ ਨਦੀਆਂ ਸਮਾਈਆਂ ਹੋਈਆਂ ਹਨ। ਕੁਦਰਤੀ ਹੈ ਕਿ ਸਮੁੰਦਰ ’ਚ ਸਮਾ ਜਾਣ ਤੋਂ ਬਾਅਦ ਨਦੀਆਂ ਨੂੰ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਫਿਰ ਇਹ ਕਿਹੜਾ ਸ਼ੈਤਾਨ ਸੀ ਜਿਸ ਨੇ ਪਾਵਨ ਸਾਗਰ ’ਚ ਸੁਨਾਮੀ ਲਿਆਉਣ ਦੀ ਹਿਮਾਕਤ ਕੀਤੀ ਸੀ? ਕੁਦਰਤੀ ਸੀ ਕਿ

ਅਜਿਹੀਆਂ ਘਿਨੌਣੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਸਮੇਂ ਦੀ ਹਕੂਮਤ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਪੁਲਿਸਤੰਤਰ ਦੀ ਭੂਮਿਕਾ ਠੀਕ ਹੁੰਦੀ ਤੇ ਸਮੇਂ ਸਿਰ ਕਾਰਵਾਈ ਕਰ ਕੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੁੰਦਾ ਤਾਂ ਸਮੇਂ ਦੇ ਹਾਕਮਾਂ ਤੇ ਨੌਕਰਸ਼ਾਹਾਂ ਨੂੰ ਕੋਰਟ-ਕਚਹਿਰੀਆਂ ਦੇ ਧੱਕੇ ਨਾ ਖਾਣੇ ਪੈਂਦੇ। ਖਾਕੀ, ਖ਼ਾਕੀ ਨੂੰ ਖ਼ਾਕ 'ਚ ਨਾ ਰੋਲਦੀ। ਪੁਲਿਸ ਦੇ ਸੀਨੀਅਰ ਅਫਸਰ ਸਲਾਖਾਂ ਪਿੱਛੇ ਨਾ ਹੁੰਦੇ। ਦੁੱਖ ਦੀ ਗੱਲ ਇਹ ਹੈ ਕਿ ਸਰਕਾਰਾਂ ਦੀਆਂ ਤਰਜੀਹਾਂ ਸਿਆਸਤ ਨਿਰਧਾਰਿਤ ਕਰਦੀ ਆਈ ਹੈ। ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਹੀ ਨਹੀਂ ਰੱਖਿਆ ਜਾਂਦਾ। ਗੁਰੂ ਨਾਨਕ ਦੀ ਬਾਣੀ ਅਤੇ ਹੋਰਨਾਂ ਭਗਤਾਂ-ਸੰਤਾਂ ਦੀ ਬਾਣੀ ਦੀ ਹੋਈ ਬੇਅਦਬੀ ਦੀ ਅੰਤ ਘਿਨੌਣੀ ਤੇ ਹਿਰਦੇਵੇਧਕ ਘਟਨਾ ਤੋਂ ਬਾਅਦ ਜੇ ਸਮੇਂ ਦੇ ਹਾਕਮ ਸਤਰਕ ਹੋ ਜਾਂਦੇ ਤਾਂ ਅੱਜ ਵਰਗੇ ਹਾਲਾਤ ਨਾ ਪੈਦਾ ਹੁੰਦੇ। ਬਾਬਾ ਨਾਨਕ ਤਾਂ ਅੰਬਰ ਵਾਂਗ ਸਭ ਦਾ ਸਾਂਝਾ ਹੈ ਜਿਸ ਨੂੰ ਕਦੇ ਵੀ ਵੰਡਿਆ ਨਹੀਂ ਜਾ ਸਕਦਾ। ਹਰ ਧਰਮ ਦੇ ਪੈਰੋਕਾਰ ਦੀ ਜ਼ੁਬਾਨ 'ਚੋਂ ਇਹ ਸ਼ਬਦ ਸੁਭਾਵਿਕ ਤੌਰ 'ਤੇ ਨਿਕਲਦੇ ਹਨ, "ਬਾਬਾ ਨਾਨਕ ਸ਼ਾਹ ਫਕੀਰ/ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ"। ਉਹ ਜ਼ਾਹਰ ਪੀਰ ਹੈ ਤੇ ਜਗਤ ਗੁਰੂ ਵੀ। ਬਾਬੇ ਦੀ ਬੋਲ-ਬਾਣੀ ਦੀ ਅੰਮ੍ਰਿਤਧਾਰਾ ਮਰਦਾਨੇ ਦੀ ਰਬਾਬ ਦੀਆਂ ਤਰਬਾਂ 'ਚੋਂ ਨਿਕਲ ਕੇ ਸਭ ਧਰਮਾਂ ਦੇ ਅਨੁਯਾਈਆਂ ਨੂੰ ਸ਼ਰਸ਼ਾਰ ਕਰਦੀ ਸੀ। ਡਾ. ਮੁਹੰਮਦ ਇਕਬਾਲ ਬਾਬੇ ਦੀ ਬਾਣੀ 'ਚੋਂ ਤੌਹੀਦ ਦੀ ਆਵਾਜ਼ ਸਰਵਣ ਕਰਦੇ ਹਨ, "ਫਿਰ ਉਠੀ ਆਖਿਰ ਸਦਾ, ਤੌਹੀਦ ਕੀ ਪੰਜਾਬ ਸੇ ਹਿੰਦ ਕੋ ਏਕ ਮਰਦਿ ਕਾਮਿਲ ਨੇ ਜਗਾਯਾ ਖਾਬ ਸੇ।" ਖਵਾਜਾ ਹਸਨ ਨਿਜ਼ਾਮੀ ਦੀ ਇਬਾਰਤ ਆਤਮਸਾਤ ਕਰੋ, "ਸੱਚੇ ਖ਼ੁਦਾ ਕਾ ਸੋਚਾ ਵਲੀ, ਤੌਹੀਦ ਕਾ ਸਮੁੰਦਰ, ਹੋਕਾਨੀਅਤ ਕਾ ਤੂਤੀਏ, ਹਜ਼ਾਰ ਦਾਸਤਾਂ ਸਤਿਗੁਰੂ ਨਾਨਕ ਸਾਹਿਬ।" ਖ਼ੁਦ ਨੂੰ ਪ੍ਰਭੂ ਦਾ ਢਾਡੀ ਕਹਿਣ ਵਾਲਾ ਜਿਸ ਦਾ ਨਾਮ ਬਗਦਾਦੀ ਦੇ ਸ਼ਿਲਾਲੇਖਾਂ ਅਤੇ ਹਰ ਧਰਮ ਦੇ ਪੈਰੋਕਾਰ ਦੇ ਦਿਲਾਂ 'ਤੇ ਉੱਕਰਿਆ ਹੋਇਆ ਹੈ, ਕਿਸੇ ਦੀਆਂ ਅੱਖਾਂ 'ਚ ਕਿਵੇਂ ਰੜਕ ਸਕਦਾ ਹੈ ? ਬਾਬੇ ਨਾਨਕ ਅਤੇ ਹਰ ਜਾਤ ਤੇ ਧਰਮ ਗੁਰੂ ਦੀ ਸਰਬ ਸਾਂਝੀ ਬਾਣੀ ਵਾਲੇ ਗ੍ਰੰਥ ਦੀ ਬੇਅਦਬੀ ਕਰਨ ਵਾਲਾ ਆਪਣੇ ਆਪ ਨੂੰ ਵੀ ਮਾਫ਼ ਨਹੀਂ ਕਰ ਸਕਦਾ। ਰੱਬ ਦੀ ਦਰਗਾਹ ਵਿਚ ਵੀ ਉਸ ਦੀ ਕੋਈ ਸੁਣਵਾਈ ਨਹੀਂ ਹੋ ਸਕਦੀ। ਕਾਸ਼ ! ਬੇਅਦਬੀ ਕਾਂਡ 'ਚੋਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਨਾ ਹੁੰਦੀ ਤਾਂ ਹੁਣ ਤਕ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿੱਤਰ ਕੇ ਸਭ ਦੇ ਸਾਹਮਣੇ ਆ ਜਾਣਾ ਸੀ।

11 ਅਪ੍ਰੈਲ

# ... ਤੇ ਹੁਣ ਦਲਿਤ ਪੱਤਾ!

ਲੋਕਤੰਤਰ ਵਿਚ ਚੋਣਾਂ ਨੇੜੇ ਲੋਕ ਬਹੁਤ ਯਾਦ ਆਉਂਦੇ ਹਨ। ਲੋਕਾਂ ਦਾ ਦੁੱਖ-ਦਰਦ ਨੇਤਾਵਾਂ ਦੀਆਂ ਅੱਖਾਂ 'ਚੋਂ ਨੀਰ ਬਣ ਕੇ ਵਹਿੰਦਾ ਹੈ। 'ਗਰੀਬੀ ਹਟਾਓ' ਤੇ ਚੰਗੇ ਦਿਨਾਂ ਦੇ ਵਾਅਦੇ ਤੇ ਦਾਅਵੇ ਕੀਤੇ ਜਾਂਦੇ ਹਨ। 'ਕੋਠਾ ਉੱਸਰਿਆ, ਤਰਖਾਣ ਵਿਸਰਿਆ' ਦੇ ਅਖਾਣ ਅਨੁਸਾਰ ਸਿੰਘਾਸਣ 'ਤੇ ਬੈਠਦਿਆਂ ਸਾਰ ਸਭ ਕੁਝ ਵਿਸਾਰ ਦਿੱਤਾ ਜਾਂਦਾ ਹੈ। ਜਮਹੂਰੀਅਤ ਦਾ ਸਭ ਤੋਂ ਵੱਡਾ ਸੰਤਾਪ ਹਾਸ਼ੀਆਗ੍ਰਸਤ ਲੋਕ ਹੰਢਾਉਂਦੇ ਹਨ। ਚੋਣਾਂ ਵਿਚ ਸਿਰਾਂ ਦੀ ਗਿਣਤੀ-ਮਿਣਤੀ ਹੁੰਦੀ ਹੈ। ਲੋਕਤੰਤਰ ਸਮਤਾ ਦਾ ਪਾਠ ਪੜ੍ਹਾਉਂਦਾ ਹੈ। ਗ਼ਰੀਬ ਹੋਵੇ ਜਾਂ ਅਮੀਰ, ਹਰ ਵੋਟ ਦੀ ਕੀਮਤ ਇੱਕੋ ਜਿਹੀ ਹੁੰਦੀ ਹੈ। ਸੰਵਿਧਾਨ ਘਾੜਿਆਂ ਨੇ 'ਰਾਜਾ ਅਤੇ ਰੰਕ' ਨੂੰ ਇੱਕੋ ਛਾਪੇ ਵਿਚ ਤੋਲਿਆ ਸੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਗੋਰਿਆਂ ਤੋਂ ਬਾਅਦ ਸਾਡੇ ਆਪਣੇ ਕਾਲੇ-ਭੂਰੇ ਹਾਕਮ ਵੀ ਜਮਹੂਰੀ ਹੱਕਾਂ ਦਾ ਘਾਣ ਕਰਨਗੇ। ਗ਼ਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਵਾਲਿਆਂ ਦੀ ਹੋਣੀ ਦਰਅਸਲ ਵਰਣ-ਵੰਡ ਨਾਲ ਜੁੜੀ ਹੋਈ ਹੈ। ਭਲਾ ਕੋਈ ਜਨਮ ਨਾਲ ਹੀ ਅਛੂਤ ਕਿਵੇਂ ਹੋ ਜਾਂਦਾ ਹੈ? 'ਅਛੂਤ' ਹੋਣ ਨੂੰ ਪੂਰਬਲੇ ਜਨਮਾਂ ਵਿਚ ਕਮਾਏ ਕਰਮਾਂ ਨਾਲ ਜੋੜਨ ਦੀ ਵੀ ਹਿਮਾਕਤ ਹੁੰਦੀ ਆਈ ਹੈ। ਪ੍ਰਾਚੀਨ ਕਾਲ ਤੋਂ ਦੱਬੇ-ਕੁਚਲੇ ਲੋਕ ਵਰਣ-ਵੰਡ ਦਾ ਸੰਤਾਪ ਭੋਗਦੇ ਆਏ ਹਨ। ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਗ਼ੁਲਾਮ ਰੱਖਣ ਲਈ ਮਿਥਿਹਾਸ ਦੀਆਂ ਕੋਝੀਆਂ ਕਥਾ-ਕਹਾਣੀਆਂ ਵੀ ਜ਼ਿੰਮੇਵਾਰ ਹਨ। ਖ਼ੁਦ ਨੂੰ 'ਸਵਰਨ' ਜਾਤੀਆਂ ਹੋਣ ਦਾ ਭਰਮ ਪਾਲਣ ਵਾਲਿਆਂ ਨੇ ਦਸਾਂ-ਨਹੁੰਆਂ ਦੀ ਕਿਰਤ-ਕਮਾਈ ਕਰਨ ਵਾਲਿਆਂ ਨੂੰ ਅਛੂਤ ਗਰਦਾਨਿਆ ਸੀ। ਉਨ੍ਹਾਂ ਨੂੰ ਜਾਤ-ਪਾਤ ਦੀ ਦਲਦਲ ਵਿਚ ਐਸਾ ਸੁੱਟਿਆ ਕਿ ਸਦੀਆਂ ਬਾਅਦ ਵੀ ਉਹ ਇਸ ਚੱਕਰਵਿਊ 'ਚੋਂ ਬਾਹਰ ਨਾ ਨਿਕਲ ਸਕੇ। ਪੰਜ ਪਾਣੀਆਂ ਦੀ ਧਰਤ ਸੁਹਾਵੀ ਸਣੇ ਉੱਤਰੀ ਭਾਰਤ ਵਿਚ ਚੱਲੀ 'ਭਗਤੀ ਲਹਿਰ' ਨੇ ਜਾਤ-ਪਾਤ ਦੇ ਸੰਗਲਾਂ ਨੂੰ ਕੱਟਣ ਲਈ ਅਹਿਮ ਯੋਗਦਾਨ ਪਾਇਆ ਸੀ। ਕਾਂਸ਼ੀ ਤੋਂ ਕਬੀਰ ਸਾਹਿਬ ਅਤੇ ਸੰਤ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਬਾਣੀ ਨੇ 'ਸਵਰਨ ਜਾਤੀਆਂ' ਨੂੰ ਸ਼ੀਸ਼ਾ ਦਿਖਾਇਆ ਤਾਂ ਚਾਰ-ਚੁਫੇਰੇ ਹਾਹਾਕਾਰ ਮਚ ਗਈ ਸੀ। ਲੋਕ-ਭਾਸ਼ਾ ਵਿਚ ਰਚੀ ਗਈ ਇਲਾਹੀ ਬਾਣੀ ਨੇ ਭਾਰਤ ਵਰਸ਼ ਵਿਚ ਕਾਂਤੀ ਦੇ ਬੀਜ ਬੋਏ ਜੋ ਵਕਤ ਨਾਲ ਸੰਘਣੇ ਛਾਂਦਾਰ ਬਿਰਖ ਬਣ ਗਏ। ਓਸ਼ੋ, ਕਬੀਰ ਸਾਹਿਬ ਅਤੇ ਰਵਿਦਾਸ ਜੀ ਦੇ ਸੋਹਲੇ ਗਾਉਂਦਾ ਭਾਵੁਕ ਹੋ ਜਾਂਦਾ ਹੈ। ਓਸ਼ੋ ਦਾ ਕਥਨ ਹੈ, 'ਭਾਰਤ ਦਾ ਅੰਬਰ ਮਹਾਨ ਸੰਤਾਂ ਦੇ ਤਾਰਿਆਂ ਨਾਲ ਜੜਿਆ ਹੋਇਆ ਹੈ। ਭਗਤ ਰਵਿਦਾਸ ਜੀ ਧਰੂ ਤਾਰੇ ਹਨ ਜਿਨ੍ਹਾਂ ਦੀ ਆਭਾ ਦੀ ਤਾਬ ਨਾ ਝੱਲਦਿਆਂ ਮੀਰਾਂ ਵਰਗੀ ਰਾਜ-ਰਾਣੀ ਵੀ ਉਨ੍ਹਾਂ ਦੇ ਚਰਨਾਂ ਦੀ ਧੂੜ ਲੈਣ ਲਈ ਉਤਾਵਲੀ ਹੋ ਗਈ ਸੀ।

ਉਸ ਦੇ ਮੁਖਾਰਬਿੰਦ ਤੋਂ ਸੁੱਤੇਸਿੱਧ ਨਿਕਲਦਾ ਹੈ, 'ਗੁਰ ਮਿਲਿਆ ਰੈਦਾਸ ਜੀ'। ਰਜਨੀਸ਼ ਦੇ ਕਥਨ ਅਨੁਸਾਰ ਕਬੀਰ ਸਾਹਿਬ ਤੇ ਗੁਰੂ ਰਵਿਦਾਸ ਦੋਨੋਂ ਸੰਤ ਰਾਮਾਨੰਦ ਜੀ ਦੇ ਸ਼ਿਸ਼ ਸਨ। ਅੱਜ ਰਾਮਾਨੰਦ ਨੂੰ ਬਰਾਸਤਾ ਰਵਿਦਾਸ ਜੀ ਅਤੇ ਕਬੀਰ ਜੀ ਹੀ ਯਾਦ ਕੀਤਾ ਜਾਂਦਾ ਹੈ। ਮਹਾਤਮਾ ਬੁੱਧ ਦੀ ਭਾਸ਼ਾ 'ਗਿਆਨ' (ਉੱਚ ਵਰਗ) ਦੀ ਹੈ ਜਦਕਿ ਉੱਤਰੀ ਭਾਰਤ ਦੇ ਇਨ੍ਹਾਂ ਦੋਹਾਂ ਭਗਤਾਂ ਨੇ ਆਮ ਆਦਮੀ ਦੀ ਬੋਲੀ ਵਿਚ ਬਾਣੀ ਰਚੀ ਜਿਸ ਦੀ ਬਦੌਲਤ ਉਹ ਆਪਣੇ ਸਮਿਆਂ ਵਿਚ ਬੇਹੱਦ ਮਕਬੂਲ ਹੋ ਗਏ। ਇਹੀ ਕਾਰਨ ਸੀ ਕਿ ਬੁੱਧ ਧਰਮ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਸਹਿਜੇ ਹੀ ਉਖਾੜਿਆ ਜਾ ਸਕਿਆ ਪਰ ਆਮ ਲੋਕਾਂ ਦੀ ਬਾਤ ਪਾਉਣ ਵਾਲਿਆਂ ਦੀਆਂ ਡੂੰਘੀਆਂ ਜੜ੍ਹਾਂ ਨੂੰ ਕੋਈ ਪੁੱਟ ਨਾ ਸਕਿਆ। ਕਣ-ਕਣ ਵਿਚ ਸਮਾਇਆਂ ਲਈ ਭਾਵੇਂ ਸ਼ਰਧਾ ਦੇ ਧਾਮਾਂ ਦੇ ਕਿਵਾੜ ਬੰਦ ਕਰ ਦਿੱਤੇ ਗਏ ਪਰ ਉਹ ਮੰਦਰਾਂ ਦੀ ਬਜਾਏ ਹਰਿਮੰਦਰ ਵਿਚ ਬਿਰਾਜਮਾਨ ਹੋ ਗਏ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੂੰ ਇਹ ਬਾਣੀ ਆਪਣੇ ਮੇਚ ਦੀ ਲੱਗੀ। ਸਿਰੀ ਰਾਗੁ ਵਿਚ ਨਾਨਕ ਸਾਹਿਬ ਫੁਰਮਾਉਂਦੇ ਹਨ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" ਗੁਰੂ-ਕਾਵਿ ਤੇ ਭਗਤੀ-ਕਾਵਿ ਇਕ-ਦੂਜੇ ਵਿਚ ਸਮਾ ਕੇ ਇਕ ਧਾਰਾ ਬਣ ਕੇ ਵਹਿਣ ਲੱਗੇ। ਕਬੀਰ ਸਾਹਿਬ ਦਾ ਮਹਾਵਾਕ ਹੈ, "ਅਵਲਿ ਅਲਹ ਨੂਰ ਉਪਾਇਆ, ਕੁਦਰਤਿ ਕੇ ਸਭ ਬੰਦੇ/ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ।" ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਫੁਰਮਾਉਂਦੇ ਹਨ, "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।" ਮੱਧਕਾਲ ਵਿਚ ਜਾਤ-ਪਾਤ ਚਰਮ ਸੀਮਾ 'ਤੇ ਸੀ। ਸੰਤ ਰਵਿਦਾਸ ਜੀ ਮੱਧ ਯੁੱਗ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਹਾਨ ਧਰਮ ਸਾਧਕਾਂ 'ਚੋਂ ਸਨ ਜਿਨ੍ਹਾਂ 'ਬੇਗਮਪੁਰੇ' ਦਾ ਸੰਕਲਪ ਦਿੱਤਾ ਸੀ, "ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥" ਬੇਗਮਪੁਰਾ ਨਗਰੀ ਵਿਚ ਕੋਈ ਦੁੱਖ, ਚਿੰਤਾ ਅਤੇ ਘਬਰਾਹਟ ਨਹੀਂ ਹੈ। ਦੱਬੇ-ਕੁਚਲਿਆਂ ਦੇ ਨਾਮ 'ਤੇ ਸਿਆਸੀ ਪੱਤਾ ਖੇਡਣ ਵਾਲਿਆਂ ਨੇ ਅਜਿਹੇ ਮਹਾਨ ਸੰਕਲਪ ਨੂੰ ਪ੍ਰਾਪਤ ਕਰਨ ਲਈ ਕੀ ਕੋਈ ਹੰਭਲਾ ਮਾਰਿਆ? ਇਸ ਦਾ ਉੱਤਰ ਨਾਂਹ ਹੀ ਹੈ। ਗੁਰੂ ਕਾਲ ਦੌਰਾਨ ਪੰਜ ਪਾਣੀਆਂ ਦੇ ਦੇਸ਼ ਵਿਚ ਜਾਤ-ਪਾਤ ਦੇ ਖ਼ਿਲਾਫ਼ ਜ਼ਬਰਦਸਤ ਮੁਹਿੰਮ ਵਿੱਢੀ ਗਈ ਸੀ। ਗੁਰੂ ਸਾਹਿਬ ਨੇ ਸੰਗਤ ਤੇ ਪੰਗਤ ਦੀ ਪ੍ਰਥਾ ਚਲਾ ਕੇ ਇਸ ਕੋਹੜ ਨੂੰ ਵੱਢਣ ਦਾ ਮਹਾਨ ਕਾਰਜ ਨਿਭਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਵੇਲੇ ਹਰ ਨਾਨਕ ਨਾਮਲੇਵਾ ਸਮੁੱਚੀ ਬਾਣੀ ਨੂੰ ਆਪਣਾ ਸ਼ਬਦ ਗੁਰੂ ਤਸੱਵਰ ਕਰਦਾ ਹੈ। ਮੇਰ-ਤੇਰ ਦਾ ਫ਼ਰਕ ਹੀ ਨਹੀਂ। ਅਫ਼ਸੋਸ! ਸਮਾਂ ਪਾ ਕੇ ਬਾਣੀ ਦੇ ਮਹਾਸਾਗਰ ਵਿਚ ਸਮਾਈਆਂ ਪਾਕ-ਪਵਿੱਤਰ ਨਦੀਆਂ ਨੂੰ ਨਿਖੇੜ ਕੇ ਵੇਖਣ ਦੀਆਂ ਕੁਚਾਲਾਂ ਚੱਲੀਆਂ ਗਈਆਂ। ਗੁਰੂ ਆਸ਼ੇ ਮੁਤਾਬਕ ਜਾਤ-ਰਹਿਤ ਸਮਾਜ ਦੀ ਸਿਰਜਣਾ ਨੂੰ ਢਾਹ ਲੱਗਦੀ ਰਹੀ। ਅੰਗਰੇਜ਼ਾਂ ਦੇ ਹੱਥ-ਠੋਕੇ ਮਹੰਤਾਂ ਦਾ ਜਦੋਂ ਗੁਰੂ ਘਰਾਂ 'ਤੇ ਕਬਜ਼ਾ ਸੀ ਤਾਂ ਕਥਿਤ ਅਛੂਤਾਂ ਤੇ ਦਲਿਤਾਂ ਦੀ ਦਰਬਾਰ ਸਾਹਿਬ ਵਿਚ ਅਰਦਾਸ ਵੀ ਨਹੀਂ ਸੀ ਹੁੰਦੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਜਾਗਦੀ ਜ਼ਮੀਰ ਵਾਲੇ ਸੁਧਾਰਵਾਦੀ ਪ੍ਰੋਫੈਸਰਾਂ

ਦੇ ਉੱਦਮ ਨਾਲ ਜਦੋਂ 12 ਅਕਤੂਬਰ 1920 ਨੂੰ 'ਖ਼ਾਲਸਾ ਬਰਾਦਰੀ ਸੰਗਠਨ' ਦੇ ਬੈਨਰ ਤਹਿਤ ਜੱਲ੍ਹਿਆਂਵਾਲਾ ਬਾਗ਼ ਤੋਂ ਹਰਿਮੰਦਰ ਸਾਹਿਬ ਤਕ ਮਾਰਚ ਕੱਢਿਆ ਤਾਂ ਜਥੇ ਵੱਲੋਂ ਚੜ੍ਹਾਇਆ ਗਿਆ ਪ੍ਰਸਾਦ ਵੀ ਮਹੰਤਾਂ ਨੇ ਸਵੀਕਾਰ ਨਾ ਕੀਤਾ। ਇਸ ਘਟਨਾ ਨੇ ਨਵੀਂ ਚੇਤਨਾ ਜਗਾਈ ਜਿਸ ਨੇ ਤਵਾਰੀਖ਼ ਨੂੰ ਨਵਾਂ ਮੋੜ ਦਿੱਤਾ ਸੀ। ਇੱਥੋਂ ਉੱਠੀ ਚਿਣਗ ਦੀ ਬਦੌਲਤ ਹੀ ਅੰਗਰੇਜ਼ਾਂ ਨੂੰ 1925 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਨਾ ਪਿਆ ਸੀ। ਦਲਿਤ ਕਹੀਆਂ ਜਾਣ ਵਾਲੀਆਂ ਸ਼੍ਰੇਣੀਆਂ ਨੇ ਇਤਿਹਾਸ ਨੂੰ ਸਿਰਲੱਥ ਯੋਧੇ ਦਿੱਤੇ ਹਨ। ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਨਗਰੀ ਸੁਰੱਖਿਅਤ ਪਹੁੰਚਾਉਣ ਵਾਲੇ ਮਹਾਨ ਯੋਧੇ ਭਾਈ ਜੈਤਾ (ਭਾਈ ਜੀਵਨ ਸਿੰਘ) ਦੀ ਦੀਦਾ-ਦਲੇਰੀ ਤੇ ਮਹਾਨ ਕੁਰਬਾਨੀ ਤੋਂ ਬਿਨਾਂ ਸਿੱਖ ਇਤਿਹਾਸ ਅਧੂਰਾ ਹੈ। ਇਹ ਵੀ ਵਿਡੰਬਣਾ ਹੈ ਕਿ ਜਾਤ-ਰਹਿਤ ਸਮਾਜ ਦੀ ਸਿਰਜਨਾ ਕਰਨ ਵਾਲਿਆਂ ਦੀਆਂ ਪੈੜਾਂ 'ਤੇ ਚੱਲਣ ਦੀ ਬਜਾਏ ਗੁਰੂਆਂ-ਪੀਰਾਂ ਤੇ ਦਰਵੇਸ਼ਾਂ ਦੀ ਧਰਤੀ ਪੰਜਾਬ ਵਿਚ ਹੀ ਜਾਤਾਂ ਦੇ ਨਾਮ 'ਤੇ ਗੁਰਦੁਆਰੇ ਉਸਰ ਗਏ। ਸ਼ਮਸ਼ਾਨਘਾਟਾਂ ਦਾ ਵੱਖ-ਵੱਖ ਹੋਣਾ ਸਭ ਤੋਂ ਵੱਡੀ ਲਾਹਨਤ ਹੈ। ਗੁਰੂ ਸਾਹਿਬਾਨ ਨੇ ਤਾਂ ਅੰਮ੍ਰਿਤ ਸਰੋਵਰ ਤਾਮੀਰ ਕਰਵਾਏ ਸਨ ਜਿਨ੍ਹਾਂ 'ਚੋਂ ਚੂਲੀ ਭਰ ਕੇ ਕੋਈ ਵੀ ਨਿਹਾਲ ਹੋ ਜਾਂਦਾ ਹੈ। ਇਸ ਮਹਾਨ ਕਾਰਜ ਨੂੰ ਭੁੱਲ ਕੇ ਕੇ ਪਿੰਡਾਂ ਵਿਚ ਖੂਹ ਤੇ ਨਲਕੇ ਵੀ ਵੱਖ-ਵੱਖ ਰਹੇ ਹਨ। ਇੱਕੀਵੀਂ ਸਦੀ ਵਿਚ ਭਾਵੇਂ ਅਜਿਹਾ ਜਾਤੀ ਵਿਤਕਰਾ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦਾ ਪਰ ਇਹ ਕੌੜੀ ਸੱਚਾਈ ਹੈ ਕਿ ਦਲਿਤ ਭਾਈਚਾਰੇ ਨਾਲ ਅਜੇ ਵੀ ਵੱਡੇ ਪੱਧਰ 'ਤੇ ਵਿਤਕਰਾ ਹੋ ਰਿਹਾ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਜਦੋਂ ਚੰਦ ਮਹੀਨੇ ਰਹਿ ਗਏ ਹਨ ਤਾਂ ਇਸ ਭਾਈਚਾਰੇ ਨੂੰ ਆਪੋ-ਆਪਣੇ ਵੱਲ ਖਿੱਚਣ ਲਈ ਵੱਡੇ-ਵੱਡੇ ਐਲਾਨ ਕੀਤੇ ਜਾ ਰਹੇ ਹਨ। ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਵਾਅਦਾ ਕੀਤਾ ਹੈ ਕਿ ਜੇ ਅਗਾਮੀ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਬਣੀ ਤਾਂ ਡਿਪਟੀ ਮੁੱਖ ਮੰਤਰੀ ਦਲਿਤ ਭਾਈਚਾਰੇ ਵਿਚੋਂ ਹੋਵੇਗਾ। ਅਕਾਲੀ ਦਲ ਦੀ ਲੰਬਾ ਸਮਾਂ ਭਾਈਵਾਲ ਰਹੀ ਭਾਜਪਾ ਇਕ ਕਦਮ ਹੋਰ ਅੱਗੇ ਵੱਧ ਕੇ ਕਹਿ ਰਹੀ ਹੈ ਕਿ ਜੇ ਉਸ ਦੀ ਸਰਕਾਰ ਬਣੀ ਤਾਂ ਉਪ ਮੁੱਖ ਮੰਤਰੀ ਨਹੀਂ ਬਲਕਿ ਮੁੱਖ ਮੰਤਰੀ ਦਲਿਤ ਭਾਈਚਾਰੇ ਵਿਚੋਂ ਬਣੇਗਾ। ਵੱਡੇ-ਵੱਡੇ ਵਾਅਦੇ ਭਰਮਾਉਣ ਵਾਲੇ ਹਨ। ਹਰ ਸਿਆਸੀ ਪਾਰਟੀ ਨੂੰ ਚਾਹੀਦਾ ਹੈ ਕਿ ਮ੍ਰਿਗਤ੍ਰਿਸ਼ਨਾਂ ਦੀ ਬਜਾਏ ਦੱਬੇ-ਕੁਚਲੇ ਭਾਈਚਾਰੇ ਦੀ ਕਾਇਆਕਲਪ ਕਰਨ ਲਈ ਸੁਹਿਰਦ ਚੋਣ ਮਨੋਰਥ ਪੱਤਰ ਬਣਾਵੇ। ਅਜੋਕੇ ਸਮੇਂ ਦਲਿਤ ਭਾਈਚਾਰੇ ਵਿਚ ਪੂਰੀ ਤਰ੍ਹਾਂ ਜਾਗ੍ਰਿਤੀ ਆ ਚੁੱਕੀ ਹੈ ਅਤੇ ਉਸ ਨੂੰ ਫੋਕੇ ਨਾਅਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ।

18 ਅਪ੍ਰੈਲ

# ਕੋਊ ਨ ਨਿਬਹਿਓ ਸਾਥਿ॥

ਆਦਮਬੋ-ਆਦਮਬੋ ਕਰਦਾ ਕੋਰੋਨਾ ਹੁਣ ਦੁਨੀਆ ਦੀ ਸਭ ਤੋਂ ਉੱਚੀ ਗਗਨਚੁੰਬੀ ਚੋਟੀ ਐਵਰੈਸਟ ਦੇ ਬੇਸ ਕੈਂਪ 'ਤੇ ਆਪਣੀ ਦਸਤਕ ਦੇ ਚੁੱਕਾ ਹੈ। ਕੋਰੋਨਾ ਪੀੜਤ ਨਾਰਵੇ ਦੇ ਪਰਵਤਰੋਹੀ ਅਰਲੈਂਡ ਨੇਸ ਨੂੰ ਹੈਲੀਕਾਪਟਰ ਰਾਹੀਂ ਕਾਠਮੰਡੂ ਪਹੁੰਚਾਇਆ ਗਿਆ ਜਿੱਥੇ ਉਹ ਜੇਰੇ ਇਲਾਜ ਹੈ। ਆਸਟ੍ਰੇਲੀਆਈ ਗਾਈਡ ਲੁਕਾਸ ਫਰਟਨਬੈਂਕ ਨੇ ਆਗਾਹ ਕੀਤਾ ਹੈ ਕਿ ਐਵਰੈਸਟ ਨੂੰ ਸਰ ਕਰਨ ਆਏ ਸੈਂਕੜੇ ਪਰਵਤਰੋਹੀਆਂ ਨੂੰ ਇਹ ਜਾਨਲੇਵਾ ਵਾਇਰਸ ਆਪਣੀ ਜਕੜ ਵਿਚ ਲੈ ਸਕਦਾ ਹੈ। ਪਿਛਲੇ ਕੁਝ ਦਿਨਾਂ ਤੋਂ ਦੇਸ਼ ਵਿਚ ਰੋਜ਼ਾਨਾ ਤਿੰਨ ਲੱਖ ਤੋਂ ਵੱਧ ਕੋਰੋਨਾ ਕੇਸ ਆਉਣ ਕਰਕੇ ਚਾਰ-ਚੁਫੇਰੇ ਹਾਹਾਕਾਰ ਮਚੀ ਹੋਈ ਹੈ। ਸ਼ਮਸ਼ਾਨਘਾਟਾਂ ਵਿਚ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਆਖ਼ਰੀ ਸਫ਼ਰ ਇੰਨਾ ਲੰਬਾ ਤੇ ਬਿਖਮ ਹੋ ਸਕਦਾ ਹੈ, ਇਸ ਦਾ ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੋਵੇਗਾ। ਹਸਪਤਾਲਾਂ ਵਿਚ ਜੇ ਬੈੱਡ ਹਨ ਤਾਂ ਉੱਥੇ ਆਕਸੀਜਨ ਨਹੀਂ ਹੈ। ਕਿਸੇ ਵੇਲੇ ਪਾਣੀ ਦੀ ਕਿੱਲਤ ਕਾਰਨ ਲੋਕ ਘੜੇ-ਬਾਲਟੀਆਂ ਲੈ ਕੇ ਕਤਾਰਾਂ ਵਿਚ ਖੜ੍ਹੇ ਜ਼ਰੂਰ ਦੇਖੇ ਸਨ, ਹੁਣ ਸਿਲੰਡਰ ਲੈਣ ਲਈ ਅਜਿਹੀਆਂ ਕਤਾਰਾਂ ਦਿਲ ਦਹਿਲਾਉਣ ਵਾਲੀਆਂ ਹਨ। ਕੁਦਰਤ ਨੇ ਸਾਨੂੰ ਆਕਸੀਜਨ ਦੀ ਮੁਫ਼ਤ ਦਾਤ ਦਿੱਤੀ ਸੀ। ਜੰਗਲਾਂ ਦੀ ਬੇਤਹਾਸ਼ਾ ਕਟਾਈ ਤੋਂ ਬਾਅਦ ਮਨੁੱਖ ਨੇ ਕੰਕਰੀਟ ਦਾ ਜੰਗਲ ਉਸਾਰ ਲਿਆ। ਕੁਦਰਤ ਨਾਲ ਕੀਤੇ ਖਿਲਵਾੜ ਦੀ ਸਜ਼ਾ ਭੁਗਤ ਰਿਹਾ ਹੈ ਅਜੋਕਾ ਮਨੁੱਖ। ਅੱਜ ਉਸ ਨੂੰ ਬਨਾਉਟੀ ਸਾਹਾਂ ਦੀ ਮੁਥਾਜੀ ਝੱਲਣੀ ਪੈ ਰਹੀ ਹੈ। ਸਾਹਾਂ ਦਾ ਜਿਵੇਂ ਕਾਲ ਪੈ ਗਿਆ ਹੈ। ਸੋਨੀਪਤ ਤੋਂ ਸਿਰਸਾ ਜਾਂਦਾ ਸਿਲੰਡਰਾਂ ਦਾ ਭਰਿਆ ਟਰੱਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਰਾਹ ਵਿਚ ਹੀ ਗ਼ਾਇਬ ਹੋ ਜਾਂਦਾ ਹੈ। ਅਜਿਹੀ ਚੋਰੀ ਜਾਂ ਕਾਲਾਬਾਜ਼ਾਰੀ ਨਵੇਂ ਜ਼ਮਾਨੇ ਦਾ ਵਰਤਾਰਾ ਹੈ। ਸਾਹ ਉਧਾਰੇ ਮੰਗਣੇ ਵਚਿੱਤਰ ਘਟਨਾਵਾਂ ਹਨ। ਹਸਪਤਾਲਾਂ ਦੇ ਬਾਹਰ ਸਿਲੰਡਰ ਲਗਾਈ ਬੈਠੇ ਮਰੀਜ਼ ਕਰੁਣਾਮਈ ਦ੍ਰਿਸ਼ ਪੇਸ਼ ਕਰ ਰਹੇ ਹਨ। ਚੰਦਰਮਾ 'ਤੇ ਪੈੜਾਂ ਪਾਉਣ ਵਾਲਾ ਮਨੁੱਖ ਅੱਜ ਮੌਤ ਅੱਗੇ ਗੋਡੇ ਟੇਕਣ ਲਈ ਮਜਬੂਰ ਹੋ ਰਿਹਾ ਹੈ। ਕੁਦਰਤ ਆਪਣਾ ਰੰਗ ਦਿਖਾ ਰਹੀ ਹੈ। ਮਨੁੱਖ ਨੂੰ ਸਾਹਾਂ ਦੀ ਪੂੰਜੀ ਸੋਚ-ਸਮਝ ਕੇ ਵਰਤਣ ਦੀ ਰਮਜ਼ ਸਮਝਾ ਰਹੀ ਹੈ। ਗੁਰਬਾਣੀ ਦਾ ਮਹਾਵਾਕ ਹੈ, "ਹਮ ਆਦਮੀ ਹਾਂ ਇਕ ਦਮੀ/ਮੁਹਲਤਿ ਮੁਹਤੁ ਨ ਜਾਣਾ॥" ਦਮ ਘੁਟ ਗਿਆ ਤਾਂ ਲੋਕ ਤੋਂ ਪਰਲੋਕ ਪਹੁੰਚਣ ਵਿਚ ਦੇਰੀ ਨਹੀਂ ਲੱਗਦੀ। ਸ੍ਰਿਸ਼ਟੀ ਸਾਜਨਾ ਦੇ ਗੁੱਝੇ ਭੇਦ ਲੱਭਣ ਦਾ ਵਾਅਦਾ ਕਰਨ ਵਾਲੇ ਮਨੁੱਖ ਨੂੰ ਖ਼ੁਦ ਨਹੀਂ ਪਤਾ ਉਸ ਕੋਲ ਜੀਵਨ ਦੀ ਕਿੰਨੀ ਕੁ ਮੁਹਲਤ ਹੈ। ਰੱਬ ਦੀਆਂ ਬਸ ਰੱਬ ਹੀ ਜਾਣਦਾ ਹੈ। ਜੇ ਰੱਬ ਦਾ ਭੇਦ ਪਾ ਲਿਆ ਹੁੰਦਾ ਤਾਂ ਮੌਤ 'ਤੇ ਵੀ ਫਤਿਹ ਪਾਈ ਜਾ ਸਕਦੀ ਸੀ। ਜੀਵਨ

ਅਤੇ ਮਰਨ ਰੱਬ ਨੇ ਆਪਣੇ ਹੱਥ ਵਿਚ ਰੱਖੇ ਹਨ। ਰੱਬ ਨੇ ਮਨੁੱਖ ਨੂੰ ਵਿਲੱਖਣ ਬੁੱਧੀ ਬਖ਼ਸ਼ੀ ਹੈ ਕਿ ਉਹ ਆਪਣੇ ਜੀਵਨ ਨੂੰ ਖ਼ੁਦ ਸੰਵਾਰ ਸਕਦਾ ਹੈ। ਅਜਿਹਾ ਗਿਆਨ ਜਾਨਵਰਾਂ ਕੋਲ ਨਹੀਂ ਹੈ।ਅਕਾਲ ਪੁਰਖ ਵੱਲੋਂ ਬਖ਼ਸ਼ੀ ਹੋਈ ਤੀਖਣ ਬੁੱਧੀ ਦਾ ਸਦਉਪਯੋਗ ਕਰ ਕੇ ਉਹ ਸੰਸਾਰ ਨੂੰ ਬਿਹਤਰ ਬਣਾ ਸਕਦਾ ਹੈ। ਇਹੀ ਬੁੱਧੀ ਜੇ ਭ੍ਰਿਸ਼ਟ ਹੋ ਜਾਵੇ ਤਾਂ ਇਨਸਾਨ ਦੇ ਹੈਵਾਨ ਬਣਨ ਵਿਚ ਦੇਰ ਨਹੀਂ ਲੱਗਦੀ। ਚੀਨ ਦੇ ਵੁਹਾਨ ਵਿਚ ਜਨਮ ਲੈਣ ਵਾਲਾ ਕੋਰੋਨਾ ਵੀ ਤਾਂ ਕਿਸੇ ਹੈਵਾਨ ਦੀ ਸੋਚ ਦਾ ਹਾਸਲ ਹੈ। ਵਿਨਾਸ਼ਕਾਰੀ ਬੁੱਧੀ ਨੇ ਦੁਨੀਆ ਨੂੰ ਵਖਤ ਪਾਇਆ ਹੋਇਆ ਹੈ। ਮਨੁੱਖ ਦੇ ਪੈਦਾ ਕੀਤੇ ਇਸ ਵਾਇਰਸ ਨੇ ਥਾਂ-ਥਾਂ ਸੱਥਰ ਵਿਛਾ ਦਿੱਤੇ ਹਨ। ਮਨੁੱਖ ਨੂੰ ਮਨੁੱਖ ਤੋਂ ਹੀ ਭੈਅ ਆਉਣ ਲੱਗ ਪਿਆ ਹੈ। ਅਜਿਹਾ ਡਰ ਸ਼ਾਇਦ ਉਸ ਨੂੰ ਜੰਗਲਾਂ ਵਿਚ ਰਹਿੰਦਿਆਂ ਖੂੰਖਾਰ ਜਾਨਵਰਾਂ ਤੋਂ ਵੀ ਨਹੀਂ ਲੱਗਿਆ ਹੋਣਾ। ਇਸ ਕੋਰੋਨਾ ਨੇ ਖ਼ੂਨ ਨੂੰ ਪਾਣੀ ਨਾਲੋਂ ਵੱਧ ਪੇਤਲਾ ਕਰ ਦਿੱਤਾ ਹੈ। 'ਚਿੱਟੇ ਖ਼ੂਨ' ਬਾਰੇ ਕਈ ਲੋਕੋਕਤੀਆਂ ਹਨ। ਖ਼ੂਨ ਸੱਚਮੁੱਚ ਹੀ ਚਿੱਟਾ ਹੋ ਸਕਦਾ ਹੈ, ਇਹ ਕੋਰੋਨਾ ਨੇ ਸਮਝਾਇਆ ਹੈ। ਸਾਏ ਵਾਂਗ ਸਾਥ ਰਹਿਣ ਵਾਲੇ ਸਾਥ ਛੱਡ ਰਹੇ ਹਨ। ਸਮੇਂ ਦੇ ਸ਼ਿਲਾਲੇਖ 'ਤੇ ਇਹ ਉੱਕਰਿਆ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ, "ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥" ਮਨੁੱਖੀ ਇਤਿਹਾਸ ਦਾ ਸੱਚਮੁੱਚ ਇਹ ਸਭ ਤੋਂ ਸਿਆਹ ਪੰਨਾ ਹੈ। ਅੰਤਿਮ ਸੰਸਕਾਰ ਵੇਲੇ ਜਾਂ ਅੰਤਿਮ ਅਰਦਾਸ ਵੇਲੇ ਵੀ ਹਮਸਾਇਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਅਸਥਘਾਟਾਂ 'ਤੇ ਆਪਣਿਆਂ ਦੇ ਫੁੱਲ ਤਾਰਨ ਲੱਗਿਆਂ ਵੀ ਕੰਨੀ ਕਤਰਾਈ ਜਾ ਰਹੀ ਹੈ। 'ਲੂਣਾ' ਵਿਚ ਸ਼ਿਵ ਕੁਮਾਰ ਬਟਾਲਵੀ ਲਿਖਦਾ ਹੈ, "ਹਾਏ ਨੀ ਧਰਤ ਸੁਹਾਵੀਏ/ਤੂੰ ਲਏ ਕੀਹ ਲੇਖ ਲਿਖਾ/ਤੇਰਾ ਹਰ ਦਿਨ ਹੀ ਮਰ ਜਾਂਵਦਾ/ਲੈ ਕਿਰਨਾਂ ਦਾ ਫਾਹ ਇੱਥੇ ਛਿਣ ਤੋਂ ਛਿਣ ਨਾ ਫੜੀਦਾ/ਨਾ ਸਾਹਾਂ ਕੋਲੋਂ ਹੀ ਸਾਹ/ਜੋ ਸਾਹ ਹੈ ਬੁੱਤੋਂ ਟੁੱਟਦਾ/ਉਹਦੀ ਕੋਟ ਜਨਮ ਨਾ ਥਾਹ/ਜਿਉਂ ਗਗਨੀਂ ਉੱਡਦੇ ਪੰਛੀਆਂ ਦੀ ਪੈੜ ਫੜੀ ਨਾ ਜਾ।"

25 ਅਪ੍ਰੈਲ

# ਸੀਸੁ ਦੀਆ ਪਰ ਸਿਰੁ...

ਚਾਰ ਸਦੀਆਂ ਪਹਿਲਾਂ ਗੁਰੂ ਰਾਮਦਾਸ ਨਗਰੀ ਸਥਿਤ ਗੁਰੂ ਕੇ ਮਹਿਲ ਵਿਚ ਚਮਤਕਾਰੀ ਬਾਲ ਦਾ ਪ੍ਰਕਾਸ਼ ਹੋਇਆ ਜਿਸ ਨੇ ਦੂਜਿਆਂ ਖਾਤਰ ਸੀਸ ਅਰਪਿਤ ਕਰ ਕੇ ਕੁਰਬਾਨੀ ਦੀ ਅਦੁੱਤੀ ਇਬਾਰਤ ਲਿਖਣੀ ਸੀ। ਵੱਡਾ ਹੋਇਆ ਤਾਂ ਉਸ ਸਾਹਵੇਂ ਬਾਬਾਣੀਆਂ ਕਹਾਣੀਆਂ ਦਾ ਅਮੁੱਲ ਖ਼ਜ਼ਾਨਾ ਸੀ। ਗੁਰੂ ਘਰ ਵਿਚ ਜੰਮੇ ਪਲੇ ਨੌਵੇਂ ਨਾਨਕ ਦੇ ਮੁਖਾਰਬਿੰਦ 'ਤੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਸਲੋਕ 'ਜਉ ਤਉ ਪ੍ਰੇਮ ਖੇਲਣ ਕਾ ਚਾਉ' ਚੜ੍ਹਿਆ ਹੋਇਆ ਸੀ। ਸ਼ਹੀਦਾਂ ਦੇ ਸਿਰਤਾਜ ਗੁਰੂ ਦਾਦੇ, ਗੁਰੂ ਅਰਜਨ ਦੇਵ ਦੀ ਮਹਾਨ ਕੁਰਬਾਨੀ ਆਪ ਦਾ ਮਾਰਗਦਰਸ਼ਨ ਕਰ ਰਹੀ ਸੀ। ਗੁਰੂ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੇ 'ਮੀਰੀ ਪੀਰੀ' ਦੇ ਅਨੂਠੇ ਸਿਧਾਂਤ ਨੇ ਉਨ੍ਹਾਂ ਨੂੰ ਸੰਤ-ਸਿਪਾਹੀ ਬਣਨ ਦੀ ਪ੍ਰੇਰਨਾ ਦਿੱਤੀ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਸੁੱਤੇ ਪਿੰਡ ਮਾਖੋਵਾਲ ਨੂੰ ਜਗਾਉਣ ਖਾਤਰ ਗੁਰੂ ਤੇਗ ਬਹਾਦਰ ਜੀ ਨੇ 19 ਜੂਨ 1665 ਨੂੰ ਮੋੜ੍ਹੀ ਗੱਡ ਦਿੱਤੀ। ਅਲਖ ਜਗਾਉਣ ਤੋਂ ਬਾਅਦ ਸ਼ਿਵਾਲਿਕ ਦੇ ਭਾਗ ਖੁੱਲ੍ਹ ਗਏ ਤੇ ਟਿੱਲਿਆਂ 'ਤੇ ਚੌਮੁਖੀਏ ਚਿਰਾਗ ਬਲਣ ਲੱਗ ਪਏ। ਚੰਨ-ਚਾਨਣੀ ਰਾਤ ਵੇਲੇ ਗੋਸ਼ਠਾਂ ਹੁੰਦੀਆਂ, ਲੋਕਾਈ ਦੇ ਦੁੱਖ ਨਿਵਾਰਨ ਲਈ ਬਾਤਾਂ ਪੈਂਦੀਆਂ। ਇਨਕਲਾਬ ਦੀਆਂ ਹਰੀਆਂ ਕਰੂੰਬਲਾਂ ਫੁੱਟਣ ਨਾਲ ਮਾਖੋਵਾਲ ਦੀ ਆਬੋ-ਹਵਾ ਹੀ ਬਦਲ ਗਈ। ਗੁਰੂ ਸਾਹਿਬ ਦੀ ਮਾਤਾ ਦੇ ਨਾਮ 'ਤੇ ਮਾਖੋਵਾਲ ਨੂੰ ਚੱਕ ਨਾਨਕੀ ਕਿਹਾ ਜਾਣ ਲੱਗਾ। ਗੁਰੂ ਗੋਬਿੰਦ ਰਾਏ (ਸਿੰਘ) ਜੀ ਦੇ ਮੁੱਖੋਂ ਆਨੰਦ ਸਾਹਿਬ ਦਾ ਪਾਠ ਸੁਣ ਕੇ ਗੁਰੂ ਤੇਗ ਬਹਾਦਰ ਅਨੰਦਿਤ ਹੋ ਗਏ ਤੇ ਉਨ੍ਹਾਂ ਨੇ 'ਚੱਕ ਨਾਨਕੀ' ਨੂੰ ਅਨੰਦਪੁਰ ਸਾਹਿਬ ਕਹਿਣਾ ਸ਼ੁਰੂ ਕਰ ਦਿੱਤਾ। ਅਨੰਦਪੁਰ ਸਾਹਿਬ ਦੀ ਬੁੱਕਲ ਵਿਚ ਸਾਡੀ ਅਮੀਰ ਵਿਰਾਸਤ ਛੁਪੀ ਹੋਈ ਹੈ। ਮੁਗਲ ਹਕੂਮਤ ਦੇ ਸਤਾਏ ਹੋਏ ਕਸ਼ਮੀਰੀ ਬ੍ਰਾਹਮਣ ਫਰਿਆਦੀ ਬਣ ਕੇ ਇਸ ਨਗਰੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਵਿਚ ਆਏ ਸਨ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਆਏ ਜਥੇ ਨੇ ਗੁਰੂ ਸਾਹਿਬ ਦੇ ਸਨਮੁੱਖ ਫ਼ਰਿਆਦ ਕੀਤੀ ਕਿ ਜੇ ਕੋਈ ਚਾਰਾ ਨਾ ਕੀਤਾ ਗਿਆ ਤਾਂ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦਾ ਨਾਮੋ-ਨਿਸ਼ਾਨ ਨਹੀਂ ਬਚੇਗਾ। ਤਿਲਕ-ਜੰਞੂ ਦੇ ਧਾਰਨੀ ਨਾ ਹੋਣ ਦੇ ਬਾਵਜੂਦ ਗੁਰੂ ਜੀ ਕਸ਼ਮੀਰ ਤੋਂ ਆਏ ਜਥੇ ਦੀ ਦਰਦ ਕਹਾਣੀ ਸੁਣ ਕੇ ਪਸੀਜ ਗਏ। ਉਨ੍ਹਾਂ ਨੂੰ ਇਹ ਮਨੁੱਖਤਾ ਤੇ ਮਾਨਵੀ ਅਧਿਕਾਰਾਂ ਖ਼ਿਲਾਫ਼ ਹਮਲਾ ਜਾਪਿਆ। ਕਸਮੀਰੀ ਜਥੇ ਦਾ ਤਰਕ ਸੀ ਕਿ ਜੇ ਕੋਈ ਵੱਡੀ ਸ਼ਖ਼ਸੀਅਤ ਬਲੀਦਾਨ ਦੇਵੇ ਤਾਂ ਉਨ੍ਹਾਂ ਦਾ ਧਰਮ ਬਚ ਸਕਦਾ ਹੈ। ਪਿਤਾ ਨੂੰ ਗੰਭੀਰ ਮੁਦਰਾ ਵਿਚ ਵੇਖ ਕੇ ਨੌਂ ਸਾਲਾਂ ਦੇ ਗੋਬਿੰਦ ਰਾਏ ਦੇ ਮੂੰਹੋਂ ਫੁਰਨਾ ਫੁਰਿਆ ਕਿ ਉਨ੍ਹਾਂ ਤੋਂ ਮਹਾਨ ਹੋਰ ਕੌਣ ਹੋ

ਸਕਦਾ ਹੈ ? ਇਸ ਕਥਨ ਤੋਂ ਬਾਅਦ ਗੁਰੂ ਸਾਹਿਬ ਦੇ ਨੈਣਾਂ ਵਿਚ ਇਲਾਹੀ ਚਮਕ ਪੈਦਾ ਹੋਈ। ਸਰਫ਼ਰੋਸ਼ੀ ਦੀ ਤਮੰਨਾ ਦਿਲ ਵਿਚ ਲੈ ਕੇ 1 ਉਹ ਸਾਬਤ ਕਦਮੀਂ ਆਪਣੀ ਮੰਜ਼ਿਲ-ਏ-ਮਕਸੂਦ, ਚਾਂਦਨੀ ਚੌਕ ਵੱਲ ਕੂਚ ਕਰ ਗਏ। ਇਸ ਸੀਸ ਦੀ ਆਭਾ ਚੰਨ-ਤਾਰਿਆਂ ਕੋਲੋਂ ਵੀ ਝੱਲੀ ਨਹੀਂ ਸੀ ਜਾ ਰਹੀ। ਰਾਹ ਵਿਚ ਆਉਂਦੇ ਰੁੱਖ-ਮਨੁੱਖ ਇਸ ਅਵੱਲੜੇ ਪਾਂਧੀ ਨੂੰ ਝੁਕ-ਝੁਕ ਸਲਾਮਾਂ ਕਰਦੇ। ਇਹ ਸੀਸ ਜੋ ਕਲਮ ਹੋਣ ਦੀ ਬਜਾਏ ਚਾਂਦਨੀ ਚੌਕ ਵਿਚ ਝੁਕ ਗਿਆ ਤਾਂ ਫਿਰ ਉੱਥੇ ਕਿਸ ਨੇ ਸੀਸ ਝੁਕਾਉਣਾ ਹੈ ? ਗੁਰੂ ਸਾਹਿਬ ਮਨਬਚਨੀ ਕਰਦੇ ਹਨ। ਇਸੇ ਸੀਸ ਦੀ ਬਦੌਲਤ ਹੀ ਅਨੰਦਪੁਰ ਨਗਰੀ 'ਚੋਂ ਕ੍ਰਾਂਤੀ ਦੀਆਂ ਚਿਣਗਾਂ ਉੱਠੀਆਂ ਸਨ। ਇਸ ਮਹਾਨ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਦੇਸ ਦੇ ਵੱਖ- ਵੱਖ ਕੋਨਿਆਂ ਤੋਂ 'ਪੰਜ ਸੀਸ' ਦਸਮੇਸ਼ ਪਿਤਾ ਅੱਗੇ ਅਰਪਿਤ ਹੋਏ ਸਨ। ਖ਼ਾਲਸਾ ਸਿਰਜਨਾ ਦਾ ਸਬੱਬ ਵੀ ਚਾਂਦਨੀ ਚੌਕ ਹੀ ਸੀ। ਇਕ ਸੀਸ ਜ਼ੁਲਮ ਖ਼ਿਲਾਫ਼ ਜਹਾਦ ਵਿੱਢਣ ਦਾ ਅੰਕੁਰ ਬਣਿਆ। । ਇਸ ਘਟਨਾ ਨੇ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਮਸ਼ਾਲਾਂ ਬਾਲ ਦਿੱਤੀਆਂ ਸਨ। ਇਸ ਮਹਾਨ ਘਟਨਾ ਨੇ ਨਿਰਬਲ ਲੋਕਾਂ ਵਿਚ ਨਵੀਂ ਰੂਹ ਫੂਕ ਦਿੱਤੀ । ਉਹ ਜ਼ੁਲਮ ਖ਼ਿਲਾਫ਼ ਚੱਟਾਨ ਵਾਂਗ ਖੜ੍ਹ ਗਏ। ਉਨ੍ਹਾਂ ਨੇ ਸੀਸ ਤਲੀ 'ਤੇ ਰੱਖ ਕੇ ਜ਼ੁਲਮ ਦੀ ਜੜ੍ਹ ਪੁੱਟਣ ਦਾ ਹਲਫ਼ ਲੈ ਲਿਆ। ਮੁਗ਼ਲ ਹਕੂਮਤ ਵੱਲੋਂ ਧਰਤੀ ਪਿਆਸੀ ਸੀ। ਗੁਰੂ ਤੇਗ ਬਹਾਦਰ ਨੇ ਆਪਣਾ ਸੀਸ ਅਰਪਿਤ ਕਰ ਕੇ ਧਰਤੀ ਦੀ ਪਿਆਸ ਬੁਝਾਉਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਅਣਗਿਣਤ ਸੂਰਿਆਂ ਨੇ ਆਪਣੀ ਰੱਤ ਡੋਲ੍ਹ ਕੇ ਇਸ ਪਿਆਸ ਨੂੰ ਸਦਾ ਲਈ ਮਿਟਾਉਣ ਦਾ ਅਹਿਦ ਲਿਆ। ਦੱਬੇ-ਕੁਚਲੇ ਲੜ ਕੇ ਮਰਨਾ ਸਿੱਖ ਗਏ ਸਨ। ਨੌਂਵੇਂ ਨਾਨਕ ਦੀ ਬਾਣੀ ਉਨ੍ਹਾਂ ਲਈ ਰਾਹ-ਦਸੇਰਾ ਸੀ। "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥" ਦੇ ਕਥਨ ਅਨੁਸਾਰ ਆਤਮਿਕ ਬਲ ਤੋਂ ਬਿਨਾ ਬੰਧਨ ਨਹੀਂ ਫੁੱਟਦੇ। ਜੰਗ ਦੀ ਮਰਿਆਦਾ ਨੂੰ ਵੀ ਗੁਰੂ ਤੇਗ ਬਹਾਦਰ ਨੇ ਪਰਿਭਾਸ਼ਤ ਕੀਤਾ ਹੈ, "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਸਪਸ਼ਟ ਹੈ ਕਿ ਦੂਜਿਆਂ ਨੂੰ ਭੈਅਤੀਤ ਕਰਨ ਵਾਲਾ ਯੋਧਾ ਨਹੀਂ ਹੋ ਸਕਦਾ। ਭੈਅ ਵਿਚ ਰਹਿਣ ਵਾਲਾ ਵੀ ਜਿਊਂਦੀ ਲਾਸ਼ ਸਮਾਨ ਹੁੰਦਾ ਹੈ। ਆਪ ਦੇ ਗੁਰੂ ਦਾਦਾ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, "ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ।" ਕੁਦਰਤੀ ਹੈ ਕਿ ਆਪ ਜੀ ਨੂੰ ਕੁਰਬਾਨੀ ਦਾ ਜਜ਼ਬਾ ਵਿਰਾਸਤ ਵਿਚ ਹੀ ਮਿਲਿਆ ਸੀ। ਡਰ ਭਉਂ ਉਨ੍ਹਾਂ ਦੇ ਇਰਦ-ਗਿਰਦ ਵੀ ਨਹੀਂ ਸੀ। ਤਪ ਤੇ ਤਿਆਗ ਦੀ ਮੂਰਤ ਗੁਰੂ ਸਾਹਿਬ ਦਰਅਸਲ 'ਧਰਮ ਯੁੱਧ' ਦੀ ਰੂਪ-ਰੇਖਾ ਤਿਆਰ ਕਰਨ ਪਿੱਛੋਂ ਖ਼ੁਦ ਸਭ ਲਈ ਮਿਸਾਲ ਬਣਨ ਲਈ ਉਤਸੁਕ ਸਨ। ਇਕੱਲੇ ਕਸ਼ਮੀਰੀ ਫਰਿਆਦੀਆਂ ਦੀ ਪੀੜਾ ਹੀ ਨਹੀਂ ਬਲਕਿ ਹਰ ਮਜ਼ਲੂਮ ਦੇ ਦੁੱਖ ਨਿਵਾਰਨ ਲਈ ਉਨ੍ਹਾਂ ਨੇ ਚਾਂਦਨੀ ਚੌਕ ਦਾ ਰਾਹ ਨਾਪਿਆ ਸੀ। ਇਸੇ ਲਈ ਕਈ ਉਨ੍ਹਾਂ ਦੀ ਕੁਰਬਾਨੀ ਨੂੰ 'ਹਿੰਦ ਦੀ ਚਾਦਰ' ਜਾਂ 'ਧਰਮ ਦੀ ਚਾਦਰ' ਕਹਿ ਕੇ ਯਾਦ ਕਰਦੇ ਹਨ। ਅਜਿਹੀ ਮਿਸਾਲ ਤਵਾਰੀਖ ਵਿਚ ਨਹੀਂ ਮਿਲਦੀ ਜਦੋਂ ਕਿਸੇ ਨੇ ਦੂਜੇ ਧਰਮ ਲਈ ਕੁਰਬਾਨੀ ਦਿੱਤੀ ਹੋਵੇ। ਇਹ ਕਦਮ ਮਾਨਵਤਾ ਨੂੰ ਇਕ ਲੜੀ ਵਿਚ ਪ੍ਰੋਣ ਵਾਲਾ ਸੀ। ਕਰਤਾਰਪੁਰ ਸਾਹਿਬ ਦੀ ਜੰਗ 'ਚ ਤੇਗ ਦੇ ਜੌਹਰ ਵਿਖਾ ਕੇ ਤੇਗ ਬਹਾਦਰ ਬਣਨ ਵਾਲਾ ਚਾਂਦਨੀ ਚੌਕ

ਵਿਚ ਜ਼ੁਲਮ ਦੀ ਤਲਵਾਰ ਅੱਗੇ ਝੁਕਿਆ ਨਹੀਂ। ਗੁਰੂ ਸਾਹਿਬ ਨੂੰ ਯਰਕਾਉਣ ਲਈ ਭਾਈ ਮਤੀ ਦਾਸ ਜੀ ਨੂੰ ਦੋ ਥਮਲਿਆਂ ਨਾਲ ਬੰਨ੍ਹ ਕੇ ਆਰੇ ਨਾਲ ਚੀਰ ਸੁੱਟਿਆ ਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲਿਆ ਗਿਆ। ਭਾਈ ਸਤੀ ਦਾਸ ਜੀ ਨੂੰ ਜਿਉਂਦਿਆਂ ਰੂੰ ਵਿਚ ਲਪੇਟ ਕੇ ਅੱਗ ਦੇ ਹਵਾਲੇ ਕਰ ਦਿੱਤਾ। ਔਰੰਗਜ਼ੇਬ ਦੇ ਦਰਬਾਰ ਦਾ ਇਹ ਅਜਬ ਨਜਾਰਾ ਸਮੇਂ ਨੂੰ ਝੁਣਝੁਣੀ ਦੇਣ ਵਾਲਾ ਸੀ ਪਰ ਇਸ ਦੇ ਬਾਵਜੂਦ ਗੁਰੂ ਤੇਗ ਬਹਾਦਰ ਅਡੋਲ ਰਹੇ। ਉਨ੍ਹਾਂ ਨੂੰ ਇਸਲਾਮ ਕਬੂਲ ਕਰਵਾਉਣ ਲਈ ਵਰਤਿਆ ਗਿਆ ਹਰ ਹਰਬਾ ਚਕਨਾਚੂਰ ਹੋ ਗਿਆ। ਸ੍ਰੀ ਦਸਮ ਗ੍ਰੰਥ ਵਿਚ ਦਸਮ ਪਿਤਾ ਫਰਮਾਉਂਦੇ ਹਨ :

ਤਿਲਕ ਜੰਞ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥ ਸੀਸ ਦੀਆ ਪਰੁ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸ ਦੀਆ ਪਰ ਸਿਰਰੁ ਨ ਦੀਆ ॥

ਆਪਣਾ ਸੀਸ ਅਰਪਿਤ ਕਰਦਿਆਂ ਮੁੱਖੋਂ ਸੀ ਤਕ ਨਾ ਉਚਾਰਨਾ ਕਲਯੁੱਗ ਵਿਚ ਵਾਪਰਿਆ ਅਦੁੱਤੀ ਸਾਕਾ ਸੀ। ਗੁਰੂ ਗੋਬਿੰਦ ਸਿੰਘ ਇਕ ਹੋਰ ਸਲੋਕ ਵਿਚ ਮੁਗ਼ਲ ਸਾਮਰਾਜ ਨੂੰ ਦਿੱਤੀ ਵੰਗਾਰ ਦਾ ਮਾਰਮਿਕ ਜ਼ਿਕਰ ਕਰਦੇ ਹਨ, "ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ( ਭਾਵ ਨੌਂਵੇਂ ਨਾਨਕ ਨੇ ਆਪਣਾ ਸਰੀਰ ਰੂਪੀ ਠੀਕਰਾ ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਭੰਨ੍ਹ ਕੇ ਪਰਲੋਕ (ਪਰਮੇਸ਼ਰ ਲੋਕ) ਪਿਆਨਾ ਕੀਤਾ। ਆਪ ਜਿਹੀ ਮਿਸਾਲ ਅੱਜ ਤਕ ਕਿਸੇ ਨੇ ਕਾਇਮ ਨਹੀਂ ਕੀਤੀ। ਇਸ ਸ਼ਹਾਦਤ ਨੇ ਮਾਤਲੋਕ ਵਿਚ ਸੋਗ ਦੀ ਲਹਿਰ ਚਲਾਈ ਤੇ ਹਾਹਾਕਾਰ ਮਚ ਗਈ ਪਰ ਦੇਵ ਲੋਕ ਵਿਚ ਆਪ ਜੀ ਦੀ ਜੈ-ਜੈਕਾਰ ਹੋਈ। ਸਾਹਿਬਜ਼ਾਦੇ ਵੱਲੋਂ ਆਪਣੇ ਗੁਰ-ਪਿਤਾ ਨੂੰ ਸ਼ਬਦਾਂ ਰਾਹੀਂ ਦਿੱਤੀ ਸ਼ਰਧਾਂਜਲੀ ਵੀ ਆਪਣੇ ਆਪ ਵਿਚ ਅਨੂਠੀ ਮਿਸਾਲ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਤਿਆਗ ਅਤੇ ਬਲੀਦਾਨ ਦੇ ਦੀਦਾਰ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਆਪ ਨੇ ਦੇਸ਼-ਦੇਸ਼ਾਂਤਰ ਦੀਆਂ ਉਦਾਸੀਆਂ ਕਰ ਕੇ ਜਨ ਸੰਪਰਕ ਵਧਾਇਆ ਸੀ। ਹਰ ਵਰਗ ਦੇ ਲੋਕਾਂ ਨੂੰ ਉਨ੍ਹਾਂ ਨੇ ਆਪਣੀ ਗਲਵੱਕੜੀ ਵਿਚ ਲੈ ਕੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਕੀਤੀ। ਇਹੀ ਕਾਰਨ ਹੈ ਕਿ 1699 ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਵਿਚ ਜੁੜੀ ਸੰਗਤ 'ਚ ਜਿਨ੍ਹਾਂ ਸਿੱਖਾਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਟ ਕੀਤੇ, ਉਹ ਵੱਖ-ਵੱਖ ਜਾਤਾਂ ਤੇ ਵੱਖ-ਵੱਖ ਖੇਤਰਾਂ 'ਚੋਂ ਆਏ ਹੋਏ ਸਨ।

2 ਮਈ

# ਗਿਰਝਾਂ ਵਰਗੇ ਲੋਕ

ਕੋਰੋਨਾ ਮਹਾਮਾਰੀ ਨੇ ਇਨਸਾਨੀਅਤ ਤੇ ਹੈਵਾਨੀਅਤ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਹੈ। ਅਣਗਿਣਤ ਰੱਬ ਦੇ ਬੰਦੇ ਜਿੱਥੇ ਆਪਣੀ ਜਾਨ ਜੋਖਮ 'ਚ ਪਾ ਕੇ ਪੀੜਤਾਂ ਦੀ ਪੀੜਾ ਹਰ ਰਹੇ ਹਨ, ਉੱਥੇ ਹੀ ਵੈਕਸੀਨਾਂ ਦਵਾਈਆਂ ਤੇ ਆਕਸੀਜਨ ਸਿਲੰਡਰਾਂ ਦੀ ਕਾਲਾਬਾਜ਼ਾਰੀ ਨੇ ਇਨਸਾਨੀਅਤ ਨੂੰ ਸ਼ਰਮਿੰਦਾ ਕੀਤਾ ਹੈ। ਇਸ ਮਹਾਮਾਰੀ ਨੇ ਸਾਏ ਵਾਂਗ ਸਾਥ ਨਿਭਾਉਣ ਵਾਲੀਆਂ ਮਿੱਤਰ-ਮੰਡਲੀਆਂ ਤੇ ਖ਼ੂਨ ਦੇ ਰਿਸ਼ਤਿਆਂ ਦਾ ਵੀ ਹੀਜ-ਪਿਆਜ਼ ਨੰਗਾ ਕੀਤਾ ਹੈ। ਕੋਰੋਨਾ ਪੀੜਤ ਦੇ ਨੇੜੇ ਜਾਣਾ ਜਿਵੇਂ ਦੂਜੇ ਦੀ ਕਬਰ 'ਚ ਪੈਣ ਵਾਂਗ ਸਮਝਿਆ ਜਾ ਰਿਹਾ ਹੈ। ਸਸਕਾਰ ਤੇ ਅੰਤਿਮ ਸੰਸਕਾਰ 'ਚ ਸ਼ਰੀਕ ਵੀ ਸ਼ਰੀਕ ਨਹੀਂ ਹੋ ਰਹੇ। ਹਾਂ, ਧਰਤੀ ਦੇ ਮਸੀਹਿਆਂ ਦੀ ਬਦੌਲਤ ਪੀੜਤਾਂ ਨੂੰ ਕੁਝ ਰਾਹਤ ਜ਼ਰੂਰ ਮਿਲ ਰਹੀ ਹੈ। ਖ਼ੂਨ ਦਾ ਰਿਸ਼ਤਾ ਨਾ ਹੋਣ ਦੇ ਬਾਵਜੂਦ ਉਹ 'ਸਰਬੱਤ ਦੇ ਭਲੇ' ਦਾ ਕਾਰਜ ਨਿਭਾਅ ਰਹੇ ਹਨ। ਉਨ੍ਹਾਂ ਨੇ ਤਾਂ ਲੰਗਰ ਦੀ ਪਰਿਭਾਸ਼ਾ ਨੂੰ ਵੀ ਵਸੀਹ ਅਰਥ ਪ੍ਰਦਾਨ ਕੀਤੇ ਹਨ। ਗੁਰਧਾਮ ਤੇ ਕਈ ਧਾਰਮਿਕ ਡੇਰੇ ਇਸ 'ਚ ਖ਼ਾਸ ਭੂਮਿਕਾ ਨਿਭਾ ਰਹੇ ਹਨ। 'ਗੁਰੂ ਘਰਾਂ 'ਚ ਮਰੀਜ਼ਾਂ ਨੂੰ ਮਿਲੇਗਾ ਆਕਸੀਜਨ ਦਾ ਲੰਗਰ' ਸੁਰਖ਼ੀ ਸਾਹਾਂ ਦੇ ਕਾਲ ਪੈਣ ਦੇ ਦਰਦ ਨੂੰ ਬਿਆਨਣ ਲਈ ਕਾਫ਼ੀ ਹੈ। ਮਰੀਜ਼ਾਂ ਦੇ ਸਾਹ ਸੁੱਕ/ਫੁੱਲ ਰਹੇ ਹਨ। ਕੋਰੋਨਾ ਦੀ ਦੂਜੀ ਲਹਿਰ ਸਰਕਾਰਾਂ ਦਾ ਮੂੰਹ ਚਿੜਾ ਰਹੀ ਹੈ। ਤੀਜੀ ਲਹਿਰ ਦੇ ਖ਼ਦਸ਼ੇ ਨੇ ਦੁਨੀਆ ਨੂੰ ਚਿੰਤਾ 'ਚ ਡੁਬੋਇਆ ਹੋਇਆ ਹੈ। ਦੂਜੇ ਪਾਸੇ ਇਸ ਮਹਾਮਾਰੀ ਦਾ ਲਾਹਾ ਲੈ ਰਹੇ ਲੋਕਾਂ ਨੂੰ ਗਿੱਧਾਂ-ਗਿਰਝਾਂ ਨਾਲ ਤਸ਼ਬੀਹ ਦਿੱਤੀ ਜਾ ਰਹੀ ਹੈ। ਮਹਾਨ ਕੋਸ਼ 'ਚ ਗਿਰਝ ਨੂੰ ਮੁਰਦਾਰ ਦਾ ਮਾਸ ਖਾਣ ਵਾਲਾ ਪੰਛੀ ਦੱਸਿਆ ਗਿਆ ਹੈ। ਦੁਨੀਆ ਭਰ ਵਿਚ ਗਿਰਝਾਂ ਦੀਆਂ ਭਾਵੇਂ ਕਈ ਪਰਜਾਤੀਆਂ ਹਨ ਪਰ ਭਾਰਤ ਵਿਚ ਨੌਂ ਕਿਸਮ ਦੀਆਂ ਗਿੱਧਾਂ ਦਾ ਜ਼ਿਕਰ ਆਉਂਦਾ ਹੈ। ਗਿੱਧ ਦਾ ਸਿਰ ਲਾਲ, ਖੰਭ ਕਾਲੇ, ਚੁੰਝ ਮੁੜਵੀਂ ਨੋਕਦਾਰ ਤੇ ਤਿੱਖੀ ਹੁੰਦੀ ਹੈ। ਇਸ ਕੋਲ ਤੀਖਣ ਨਜ਼ਰ ਤੇ ਕਮਾਲ ਦੀ ਸੁੰਘਣ ਦੀ ਸ਼ਕਤੀ ਹੁੰਦੀ ਹੈ। ਅੰਬਰਾਂ 'ਚ ਉੱਡ ਰਹੀ ਗਿਰਝ ਆਪਣੀ ਤਿੱਖੀ ਨਜ਼ਰ ਤੇ ਸੁੰਘਣ ਸ਼ਕਤੀ ਦੀ ਬਦੌਲਤ ਵੇਖਦਿਆਂ ਹੀ ਵੇਖਦਿਆਂ ਮੁਰਦਾਰ 'ਤੇ ਡਿੱਗ ਪੈਂਦੀ ਹੈ। ਗਿੱਧ ਖ਼ੁਦ ਸ਼ਿਕਾਰ ਨਹੀਂ ਕਰਦੀ ਸਗੋਂ ਇਹ ਤਾਂ ਮੁਰਦਾਰ 'ਤੇ ਹੀ ਗੁਜ਼ਾਰਾ ਕਰਦੀ ਹੈ। ਕੋਰੋਨਾ ਮਹਾਮਾਰੀ ਦੌਰਾਨ ਇਨਸਾਨ ਰੂਪੀ ਗਿਰਝਾਂ ਤਾਂ ਜਿਊਂਦਿਆਂ ਦੀ ਬੇਵੱਸੀ ਦਾ ਫ਼ਾਇਦਾ ਚੁੱਕ ਰਹੀਆਂ ਹਨ। ਸਿਵਿਆਂ 'ਤੇ ਰੋਟੀਆਂ ਸੇਕਣ ਵਾਲਿਆਂ ਨੂੰ ਇਸ ਲਈ ਗਿਰਝਾਂ ਨਾਲ ਮਿਲਾਇਆ ਜਾਂਦਾ ਹੈ। ਖ਼ੈਰ, ਵਾਤਾਵਰਨ ਪ੍ਰੇਮੀ ਗਿਰਝਾਂ ਨੂੰ 'ਸਫ਼ਾਈ ਪੰਛੀਆਂ' ਦੀ ਕਤਾਰ 'ਚ ਖੜ੍ਹਾ ਕਰਦੇ ਹਨ। ਮੁਰਦਾ ਪਸ਼ੂਆਂ ਨੂੰ ਨੰਗੇ ਮਾਰ ਮਾਰ ਕੇ ਉਹ ਧਰਤੀ ਦਾ ਵਾਤਾਵਰਨ ਸ਼ੁੱਧ ਰੱਖਣ 'ਚ

ਸਹਾਈ ਹੁੰਦੇ ਹਨ। ਸਾਡੀ ਲੋਕਧਾਰਾ ਵਿਚ ਇਨ੍ਹਾਂ ਪੰਛੀਆਂ ਨੂੰ ਖਲਨਾਇਕ ਹੀ ਕਿਹਾ ਜਾਂਦਾ ਹੈ। ਇਹ ਤੁਲਨਾ ਇਸ ਕਰਕੇ ਕੀਤੀ ਜਾਂਦੀ ਹੈ ਕਿਉਂਕਿ ਉਹ ਜਾਂ ਤਾਂ ਮੁਰਦਾਰ ਨੂੰ ਢੂੰਡਦੇ ਹਨ ਤੇ ਜਾਂ ਸਹਿਕ ਰਹੇ ਸ਼ਿਕਾਰ ਦੀ ਮੌਤ ਦਾ ਇੰਤਜ਼ਾਰ ਕਰਦੀਆਂ ਹਨ। ਇਨ੍ਹਾਂ ਗਿੱਧਾਂ ਨੂੰ ਇਸੇ ਲਈ 'ਮੌਕਾ ਪ੍ਰਸਤ ਪੰਛੀ' ਵੀ ਕਿਹਾ ਜਾਂਦਾ ਹੈ। ਕਿਸੇ ਸਮੇਂ ਪਾਰਸੀ ਲੋਕ ਮ੍ਰਿਤਕਾਂ ਨੂੰ ਗਿਰਝਾਂ ਦੇ ਆਹਾਰ ਲਈ ਖੁੱਲ੍ਹੀ ਜਗ੍ਹਾ ਰੱਖ ਜਾਂਦੇ ਸਨ। ਗਿਰਝਾਂ ਦਾ ਮਿਹਦਾ ਕਾਫ਼ੀ ਮਜ਼ਬੂਤ ਮੰਨਿਆ ਜਾਂਦਾ ਹੈ, ਜੋ ਬਦਬੂਦਾਰ ਤੇ ਤਰਕੇ ਹੋਏ ਮੁਰਦਾਰ ਨੂੰ ਵੀ ਹਜ਼ਮ ਕਰ ਲੈਂਦੀਆਂ ਹਨ। ਖੈਰ, ਪਸ਼ੂਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਰਦ ਨਿਵਾਰਕ ਦਵਾਈਆਂ ਜਾਂ ਰਸਾਇਣਾਂ ਦੀ ਦੁਰਵਰਤੋਂ ਕਾਰਨ ਗਿਰਝਾਂ ਦੀਆਂ ਕਈ ਪ੍ਰਜਾਤੀਆਂ ਭਾਰਤ 'ਚੋਂ ਲੋਪ ਹੋ ਗਈਆਂ ਹਨ। ਦੂਜੇ ਪਾਸੇ ਇਨਸਾਨ ਰੂਪੀ ਗਿੱਧਾਂ ਦੀ ਅਜੇ ਵੀ ਭਰਮਾਰ ਹੈ। ਜਿੱਥੇ ਸਾਡੇ 'ਫਰੰਟਲਾਈਨ ਵਰਕਰ' ਮਸੀਹਾ ਬਣੇ ਹੋਏ ਹਨ, ਉੱਥੇ ਇਨ੍ਹਾਂ ਗਿਰਝਾਂ ਲਈ ਇਹ 'ਸੀਜ਼ਨ' ਵਾਂਗ ਹੈ। ਲੋਕਾਂ ਦੀ ਮਜਬੂਰੀ ਦਾ ਭਰਪੂਰ ਲਾਹਾ ਉਠਾਇਆ ਜਾ ਰਿਹਾ ਹੈ। ਇਨ੍ਹੀਂ ਦਿਨੀਂ ਦੱਖਣੀ ਅਫਰੀਕੀ ਫੋਟੋ ਜਰਨਲਿਸਟ ਕੇਵਿਨ ਕਾਰਟਰ ਬਾਰੇ ਪੋਸਟ 'ਗਿੱਧ ਤੇ ਛੋਟੀ ਬੱਚੀ' ਕਾਫ਼ੀ ਵਾਇਰਲ ਹੋ ਰਹੀ ਹੈ, ਜੋ ਮੌਕਾਪ੍ਰਸਤਾਂ ਦੀ ਮਨੋਦਸ਼ਾ ਨੂੰ ਬਾਖੂਬੀ ਬਿਆਨਦੀ ਹੈ। 'ਗਿੱਧ ਅਤੇ ਛੋਟੀ ਬੱਚੀ' ਫੋਟੋ ਲਈ ਕੇਵਿਨ ਨੂੰ ਪੁਲਿਤਜਰ ਐਵਾਰਡ ਮਿਲਿਆ ਸੀ। ਮਾਰਚ 1993 ਵਿਚ ਸੂਡਾਨ ਦੇ ਕਾਲ ਪੀੜਤ ਖੇਤਰ ਵਿਚ ਇਹ ਚਿੱਤਰ ਖਿੱਚਣ ਲਈ ਫੋਟੋਗ੍ਰਾਫਰ ਨੂੰ ਘੰਟਿਆਂ-ਬੱਧੀ ਇੰਤਜ਼ਾਰ ਕਰਨਾ ਪਿਆ ਸੀ। ਭੁੱਖ ਨਾਲ ਕਰੰਗ ਬਣੀ ਸਹਿਕ ਰਹੀ ਬੱਚੀ ਦੀ ਮੌਤ ਦਾ ਗਿੱਧ ਇੰਤਜ਼ਾਰ ਕਰ ਰਹੀ ਸੀ। ਤੀਹਾਂ ਨੂੰ ਟੱਪਿਆ ਫੋਟੋਗ੍ਰਾਫਰ ਵੀ ਉੱਥੇ ਟਿਕਟਿਕੀ ਲਾਈ ਬੈਠਾ ਸੀ। ਇਸ ਫੋਟੋ ਨੇ ਸੰਵੇਦਨਸ਼ੀਲ ਲੋਕਾਂ ਨੂੰ ਵਿਚਲਿਤ ਕੀਤਾ ਸੀ। ਉਹ ਝੰਜੋੜੇ ਗਏ ਸਨ। ਸਨਮਾਨ ਨੇ ਕੇਵਿਨ ਕਾਰਟਰ ਨੂੰ ਮਕਬੂਲੀਅਤ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਸੀ। ਅਚਾਨਕ ਇਕ ਸੰਵੇਦਨਸ਼ੀਲ ਸਵਾਲ ਆਇਆ, 'ਉੱਥੇ ਕਿੰਨੀਆਂ ਗਿਰਝਾਂ ਸਨ ?' ਜਵਾਬ 'ਚ ਉਸ ਨੇ ਕਿਹਾ, 'ਕੇਵਲ ਇਕ।' ਸਵਾਲ-ਦਰ-ਸਵਾਲ ਨੇ ਉਸ ਦੀ ਰੂਹ ਨੂੰ ਕੰਬਣੀ ਛੇੜ ਦਿੱਤੀ, 'ਉੱਥੇ ਇਕ ਨਹੀਂ ਬਲਕਿ ਦੋ ਗਿਰਝਾਂ ਸਨ' ਜੋ ਨੈਨੀ ਬੱਚੀ ਦੀ ਮੌਤ ਦਾ ਇੰਤਜ਼ਾਰ ਕਰ ਰਹੀਆਂ ਸਨ। ਗਿਰਝ ਦੀ ਉਪਮਾ ਦਿੱਤੇ ਜਾਣ ਪਿੱਛੋਂ ਉਸ ਦੀ ਜ਼ਮੀਰ ਨੇ ਕੇਵਿਨ ਨੂੰ ਲਾਹਨਤਾਂ ਪਾਈਆਂ ਤੇ ਆਖ਼ਰ ਉਸ ਨੇ ਖ਼ੁਦਕੁਸ਼ੀ ਕਰ ਲਈ।

9 ਮਈ

# ਮਲਕਲ ਮਉਤ

ਰੌਂਗਟੇ ਖੜ੍ਹੇ ਕਰਨ ਵਾਲੀ ਮਹਿਜ਼ 34 ਸਕਿੰਟਾਂ ਦੀ ਵਾਇਰਲ ਹੋਈ ਵੀਡੀਓ ਕਲਿੱਪ ਨੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਵੀਡੀਓ ਵਿਚ ਦਿਲ ’ਤੇ ਪੱਥਰ ਰੱਖੀ ਲਾਚਾਰ ਬਾਪ ਆਪਣੀ 11 ਸਾਲਾ ਧੀ ਨੂੰ ਮੋਢੇ ’ਤੇ ਲਟਕਾਈ ਚੁੱਪ ਚਾਪ ਤੁਰਿਆ ਜਾ ਰਿਹਾ ਹੈ। ਉਸ ਦਾ 15 ਸਾਲਾ ਬੇਟਾ ਸਰਕ ਰਹੀ ਚਾਦਰ ਨੂੰ ਵਾਰ-ਵਾਰ ਫੜ ਕੇ ਆਪਣੀ ਭੈਣ ਦੀ ਦੇਹ ਨੂੰ ਕੱਜ ਰਿਹਾ ਦਿਖਾਈ ਦਿੰਦਾ ਹੈ। ਜਿਊਂਦੀਆਂ ਲਾਸ਼ਾਂ ਬਣੇ ਰਾਹਗੀਰਾਂ ਦਾ ਦਿਲ ਫਿਰ ਵੀ ਨਹੀਂ ਪਸੀਜਦਾ। ਬੱਚੀ ਦੀ ਦੇਹ ਨੂੰ ਅੰਮ੍ਰਿਤਸਰ ਤੋਂ ਜਲੰਧਰ ਪਹੁੰਚਾਉਣ ਲਈ ਨਾ ਤਾਂ ਚਾਰ ਬੰਦਿਆਂ ਦੇ ਮੋਢੇ ਨਸੀਬ ਹੋਏ ਤੇ ਨਾ ਕਫ਼ਨ। ਮਨੁੱਖੀ ਸੰਵੇਦਨਹੀਣਤਾ ਦਾ ਮੰਜ਼ਰ ਪੇਸ਼ ਕਰ ਰਹੀ ਵੀਡੀਓ ਮਨੁੱਖਤਾ ਦਾ ਮੂੰਹ ਚਿੜਾ ਰਹੀ ਹੈ। ਬਾਅਦ ਵਿਚ ਲਾਚਾਰ ਵਿਅਕਤੀ ਦੀ ਪਛਾਣ ਦਲੀਪ ਕੁਮਾਰ ਵਜੋਂ ਹੋਈ, ਜੋ ਮੂਲ ਰੂਪ ਵਿਚ ਸੁੰਦਰਗੜ੍ਹ (ਓਡੀਸ਼ਾ) ਦਾ ਰਹਿਣ ਵਾਲਾ ਹੈ ਤੇ ਬੀਤੇ 21 ਸਾਲਾਂ ਤੋਂ ਪਰਿਵਾਰ ਸਮੇਤ ਜਲੰਧਰ ਵਿਚ ਰਹਿ ਰਿਹਾ ਸੀ। ਪਲਾਸਟਿਕ ਫੈਕਟਰੀ ਵਿਚ ਕੰਮ ਕਰਦੇ ਇਸ ਪਰਵਾਸੀ ਮਜ਼ਦੂਰ ਨੂੰ ਕੋਰੋਨਾ ਕਾਲ ਦੌਰਾਨ ਆਪਣੇ ਇਕ ਕਮਰੇ ਦੇ ਘਰ ’ਚੋਂ ਹੀ ਕੰਮ ਕਰਨਾ ਪੈਂਦਾ ਸੀ। ਸਕੂਲ ਬੰਦ ਹੋਣ ਕਾਰਨ ਬੱਚੇ ਵੀ ਪਲਾਸਟਿਕ ਦੇ ਲਿਫ਼ਾਫ਼ੇ ਬਣਾਉਣ ਵਿਚ ਉਸ ਦਾ ਸਾਥ ਦੇ ਰਹੇ ਸਨ ਅਤੇ ਪ੍ਰਦੂਸ਼ਣ ਕਾਰਨ ਬੱਚੀ ਨੂੰ ਅੰਤੜੀ ਰੋਗ ਦੀ ਸ਼ਿਕਾਇਤ ਕਾਰਨ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਲਿਜਾਣਾ ਪਿਆ ਜਿੱਥੇ ਉਸ ਦੀ ਮੌਤ ਹੋ ਗਈ। ਕੋਰੋਨਾ ਦੇ ਡਰ ਕਾਰਨ ਦੇਹ ਦੇ ਕੋਈ ਲਾਗੇ ਵੀ ਨਹੀਂ ਸੀ ਲੱਗ ਰਿਹਾ ਤੇ ਉਸ ਨੂੰ ਐਂਬੂਲੈਂਸ ਤਕ ਵੀ ਮੁਹੱਈਆ ਨਾ ਹੋ ਸਕੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਮਿਲੀ ਕੋਰੋਨਾ ਰਿਪੋਰਟ ਨੈਗੇਟਿਵ ਆਈ। ਮਜਬੂਰੀ ਵਸ ਉਹ ਬੱਚੀ ਦੀ ਲਾਸ਼ ਨੂੰ ਬੈੱਡਸ਼ੀਟ ਵਿਚ ਲਪੇਟਣ ਤੋਂ ਬਾਅਦ ਮੋਢੇ ’ਤੇ ਚੁੱਕ ਕੇ ਹਸਪਤਾਲ ਤੋਂ ਬਾਹਰ ਨਿਕਲ ਪਿਆ। ਆਖ਼ਰ ਮਹਿੰਗੇ ਰੇਟ ’ਤੇ ਉਸ ਨੂੰ ਪ੍ਰਾਈਵੇਟ ਐਂਬੂਲੈਂਸ ਮਿਲੀ ਜਿਸ ’ਤੇ ਉਹ ਜਲੰਧਰ ਪੁੱਜੇ। ਇਸੇ ਤਰ੍ਹਾਂ ਦੀ ਹਿਰਦੇਵੇਧਕ ‘ਅੰਤਿਮ ਯਾਤਰਾ’ ਦੇਵ-ਭੂਮੀ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿਚ ਦੇਖੀ ਗਈ। ਵੀਰ ਸਿੰਘ ਨਾਮੀ ਵਿਅਕਤੀ ਆਪਣੀ ਮਾਂ ਦੀ ਲਾਸ਼ ਨੂੰ ਮੋਢਿਆਂ ’ਤੇ ਚੁੱਕੀ ਇਕੱਲਾ ਤੁਰਿਆ ਜਾ ਰਿਹਾ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਪਵਿੱਤਰ ਗੰਗਾ ਨਦੀ ਦੇ ਕਿਨਾਰਿਆਂ ’ਤੇ ਆਪਣਿਆਂ ਵੱਲੋਂ ਦਰਿਆਬੁਰਦ ਕੀਤੀਆਂ ਜਾ ਰਹੀਆਂ ਲਾਸਾਂ ਨੂੰ ਗਿਰਝਾਂ, ਕਾਂ-ਕੁੱਤੇ ਨੋਚ ਰਹੇ ਹਨ। ਬਿਹਾਰ ਤੇ ਉੱਤਰ ਪ੍ਰਦੇਸ਼ ਦੀਆਂ ਨਦੀਆਂ ਵਿਚ ਅਜਿਹੇ ਦਰਦਨਾਕ ਮੰਜ਼ਰ ਮਨੁੱਖੀ ਰਿਸਤਿਆਂ ਦੇ ਤਾਰ-ਤਾਰ ਹੋਣ ਦੀ ਬਾਤ ਪਾ ਰਹੇ ਹਨ। ‘ਪੰਜਾਬ ਦੀ ਲੋਕ-ਧਾਰਾ’ ਵਿਚ ਸੋਹਿੰਦਰ ਸਿੰਘ ਬੇਦੀ ਅੰਗ-ਸਾਕ

ਦੀ ਬੁਣਤੀ ਬਾਰੇ ਮਾਰਮਿਕ ਟਿੱਪਣੀ ਕਰਦੇ ਹਨ, ਜੋ ਅਜੋਕੀ ਕੋਰੋਨਾ ਮਹਾਮਾਰੀ ਦੌਰਾਨ ਛਿੱਜ ਗਈ ਜਾਪਦੀ ਹੈ, 'ਮਨੁੱਖ ਸਮਾਜ ਵਿਚ ਜਿਊਂਦਾ ਤੇ ਸਾਕ-ਸਬੰਧੀਆਂ ਵਿਚ ਵਿਗਸਦਾ ਹੈ। ਲਹੂ ਦੇ ਰਿਸ਼ਤੇ ਉਸ ਨੂੰ ਰੱਬੀ ਦਾਤ ਵਜੋਂ ਮਿਲਦੇ ਹਨ ਤੇ ਸਹਿਜ ਭਾਵ ਵਿਚ ਹੀ ਉਸ ਦੇ ਜੀਵਨ ਦਾ ਅੰਗ ਬਣਦੇ ਹਨ ਪਰ ਅਲਹੂ ਦੇ ਰਿਸ਼ਤੇ ਉਹ ਖ਼ੁਦ ਸਿਰਜਦਾ ਤੇ ਉਨ੍ਹਾਂ ਨੂੰ ਜੀਵਨ ਵਿਚ ਰਚਾ ਲੈਂਦਾ ਹੈ। ਪਹਿਲਿਆਂ ਨਾਲ ਉਹ ਜਨਮ ਸਦਕਾ ਬੱਝਿਆ ਹੁੰਦਾ ਹੈ ਤੇ ਦੂਜਿਆਂ ਨਾਲ ਮਨ ਸਦਕਾ। ਦੋਵੇਂ ਉਸ ਦੇ ਜੀਵਨ ਦੀਆਂ ਚੂਲਾਂ ਹਨ। ਜੀਵਨ ਦੀ ਫੁਲਕਾਰੀ ਵਿਚ ਸਭ ਤੋਂ ਪੀਡੀ ਤੰਦ ਲਹੂ-ਮਾਸ ਦੀ ਹੁੰਦੀ ਹੈ, ਜੋ ਫਿੱਕੀ ਭਾਵੇਂ ਪੈ ਜਾਵੇ ਪਰ ਜਿਊਂਦੇ ਜੀਅ ਗਲ ਕੇ ਟੁੱਟਦੀ ਨਹੀਂ।' ਤਾਣੇ-ਪੇਟੇ ਵਾਂਗ ਓਤਪੋਤ ਹੋਏ ਰਿਸ਼ਤੇ ਕੋਰੋਨਾ ਮਹਾਮਾਰੀ ਨੇ ਤਹਿਸ- ਨਹਿਸ ਕਰ ਦਿੱਤੇ ਹਨ। ਜੀਵਨ ਦੀ ਫੁਲਕਾਰੀ ਦੀਆਂ ਲਹੂ-ਮਾਸ ਵਾਲੀਆਂ ਪੀਡੀਆਂ ਤੰਦਾਂ ਇਕ-ਇਕ ਕਰ ਕੇ ਟੁੱਟ ਰਹੀਆਂ ਹਨ। ਸਾਡੇ ਪੁਰਾਤਨ ਰੀਤੀ ਰਿਵਾਜਾਂ ਅਨੁਸਾਰ ਮ੍ਰਿਤਕਾਂ ਨੂੰ ਬਣਦਾ ਮਾਣ-ਸਨਮਾਨ ਨਹੀਂ ਮਿਲ ਰਿਹਾ। 'ਮੁਰਦਾ ਖ਼ਰਾਬ' ਹੋਣਾ ਸਮਾਜ ਲਈ ਬਹੁਤ ਵੱਡਾ ਮਿਹਣਾ ਹੁੰਦਾ ਹੈ। 'ਤੇਰਾ ਮੁਰਦਾ ਖ਼ਰਾਬ ਹੋਵੇ' ਦੀ ਬਦਅਸੀਸ ਇਸ ਦਾ ਪ੍ਰਮਾਣ ਹੈ। ਹਿੰਦੂ-ਸਿੱਖ ਅਤੇ ਭਾਰਤ ਦੇ ਕਈ ਹੋਰ ਭਾਈਚਾਰਿਆਂ 'ਚ ਚਾਰ ਮੋਢਿਆਂ 'ਤੇ ਚੁੱਕ ਕੇ ਅਰਥੀ ਨੂੰ ਸ਼ਮਸ਼ਾਨਘਾਟ ਲਿਜਾਇਆ ਜਾਂਦਾ ਹੈ। ਅੰਤਿਮ ਯਾਤਰਾ ਵਿਚ ਦੂਰੋਂ-ਨੇੜਿਓਂ ਸਾਕ-ਸਬੰਧੀ ਸ਼ਰੀਕ ਹੁੰਦੇ ਹਨ। ਅੱਗ ਵਿਚ ਅਗਨੀ ਦੇਵਤੇ ਦਾ ਪ੍ਰਕਾਸ਼ ਮੰਨਿਆ ਜਾਂਦਾ ਹੈ। ਇਸ ਲਈ ਸਸਕਾਰ ਲਈ ਲੱਕੜਾਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤਮਾਮ ਰੀਤੀਆਂ ਨੂੰ ਤੱਜ ਕੇ ਅਣਗਿਣਤ ਲੋਕ ਆਪਣਿਆਂ ਦੀਆਂ ਦੇਹਾਂ ਨੂੰ ਦਰਿਆਬੁਰਦ ਕਰ ਰਹੇ ਹਨ। ਗੰਗਾ ਦੀਆਂ ਲਹਿਰਾਂ ਵਿਚ ਤੈਰਦੀਆਂ ਲਾਸ਼ਾਂ ਬੋਲਦੀਆਂ ਹਨ-ਰਿਸ਼ਤਿਆਂ ਦੀਆਂ ਪਰਤਾਂ ਫਰੋਲਦੀਆਂ ਹਨ। ਅਦ੍ਰਿਸ਼ ਬਹਿਰੂਪੀਆ ਕੋਰੋਨਾ ਲਗਾਤਾਰ ਆਪਣਾ ਸਰੂਪ-ਮੁਹਾਂਦਰਾ ਬਦਲ ਰਿਹਾ ਹੈ ਤੇ ਮੂਕ ਦਰਸ਼ਕ ਬਣਿਆ ਸਮਾਂ ਆਪਣੀ ਬੁੱਕਲ ਵਿਚ ਸਭ ਕੁਝ ਅਗਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖ ਰਿਹਾ ਹੈ। ਸੰਵੇਦਨਹੀਣਤਾ ਕਿਸੇ ਪ੍ਰੇਤ ਆਤਮਾ ਵਾਂਗ ਸਾਡਾ ਪਿੱਛਾ ਨਹੀਂ ਛੱਡੇਗੀ। ਜਿੱਥੇ ਅਸਥ-ਅਸਥੀਆਂ ਜਲ-ਪ੍ਰਵਾਹ ਹੁੰਦੀਆਂ ਸਨ, ਉੱਥੇ ਲਾਸ਼ਾਂ ਰੁੜ੍ਹਦੀਆਂ ਦਿਖਾਈ ਦੇਣ ਤਾਂ ਇਤਿਹਾਸ ਸਾਨੂੰ ਕਦੇ ਮਾਫ਼ ਨਹੀਂ ਕਰੇਗਾ। ਸੈਂਕੜੇ ਮੀਲਾਂ ਦਾ ਫ਼ਾਸਲਾ ਤੈਅ ਕਰ ਕੇ ਲੋਕ ਆਪਣਿਆਂ ਦੇ ਫੁੱਲ (ਅਸਥ) ਗੰਗਾ ਦੀ ਗੋਦ ਵਿਚ ਤਾਰਨ ਜਾਂਦੇ ਸਨ। ਆਪਣਿਆਂ ਦੀਆਂ ਦੇਹਾਂ ਨੂੰ ਦਰਿਆਬੁਰਦ ਕਰਨ ਵੇਲੇ ਲੋਕ ਕਿਉਂ ਨਹੀਂ ਸੋਚਦੇ ਕਿ ਇਸ ਨਾਲ ਜਲ ਪ੍ਰਦੂਸ਼ਣ ਤੋਂ ਇਲਾਵਾ ਮਹਾਮਾਰੀ ਨੂੰ ਵੀ ਜਰਬ ਆ ਸਕਦੀ ਹੈ। ਰਿਸਤਿਆਂ ਦਾ ਕੰਘਾ ਹੋਣ ਤੋਂ ਬਾਅਦ ਇਤਿਹਾਸ ਸਾਨੂੰ ਕਦੇ ਮਾਫ਼ ਨਹੀਂ ਕਰੇਗਾ। ਇਹ ਸੱਚਾਈ ਹੈ ਕਿ ਮਹਾਮਾਰੀ ਹੁਣ ਪਿੰਡਾਂ ਦੇ ਲਾਲ ਡੋਰੇ ਵੀ ਟੱਪ ਚੁੱਕੀ ਹੈ, ਜਿੱਥੇ ਸਿਹਤ ਸਹੂਲਤਾਂ ਦੀ ਅਣਹੋਂਦ ਹੈ। ਸਰਕਾਰਾਂ ਪਿੰਡਾਂ ਵਿਚ ਠੀਕਰੀ ਪਹਿਰੇ ਲਾਉਣ ਦਾ ਸੁਝਾਅ ਦੇ ਰਹੀਆਂ ਹਨ। ਇੰਡੀਪੈਂਡੈਂਟ ਪੈਨਲ ਫਾਰ ਪੈਂਡੈਮਿਕ ਪ੍ਰੀਪੇਅਰਡਨੈੱਸ ਐਂਡ ਰਿਸਪਾਂਸ' ਨਾਮ ਦੀ ਆਜ਼ਾਦ ਸੰਸਥਾ ਨੇ ਆਪਣੀ ਰਿਪੋਰਟ ਵਿਚ ਇੰਕਸਾਫ਼ ਕੀਤਾ ਹੈ ਕਿ ਗ਼ਲਤ ਫ਼ੈਸਲਿਆਂ ਨੇ ਘੱਟੋ-ਘੱਟ 33 ਲੱਖ ਲੋਕਾਂ ਦੀ ਜਾਨ ਲੀਲ੍ਹ ਲਈ ਹੈ ਜਿਸ

ਕਾਰਨ ਵਿਸ਼ਵ ਅਰਥਚਾਰਾ ਤਬਾਹੀ ਦੀ ਕਗਾਰ ’ਤੇ ਖੜ੍ਹਾ ਹੋ ਗਿਆ ਹੈ। ਨਿਸ਼ਚੇ ਹੀ ਮਹਾਮਾਰੀ ਕਹਿਰ ਬਣ ਕੇ ਟੁੱਟੀ ਹੈ। ਕੋਰੋਨਾ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗੇੜੇ ਕੱਢ ਰਿਹਾ ਹੈ। ਦਰ-ਦਰਵਾਜ਼ਿਆਂ ’ਤੇ ਮੌਤ ਘਾਤ ਲਾ ਕੇ ਬੈਠੀ ਹੋਈ ਹੈ। ਦੂਜੀ ਲਹਿਰ ਦਾ ਕਹਿਰ ਮਨੁੱਖ ਨੂੰ ਭੈਅ-ਭੀਤ ਕਰ ਰਿਹਾ ਹੈ। ਇਸ ਦੇ ਬਾਵਜੂਦ ਰਿਸ਼ਤਿਆਂ ਦਾ ਹੋ ਰਿਹਾ ਘਾਣ ਸਭ ਨੂੰ ਸਤਾਉਣ ਵਾਲਾ ਹੈ। ਕਹਿੰਦੇ ਹਨ ਕਿ ਕਾਲ ਨਿਕਲ ਜਾਵੇ, ਕਲੀਖਾਂ ਨਹੀਂ! ਜੋ ਜਨਮਿਆ ਹੈ ਉਸ ਨੇ ਆਖਰ ਮਰ ਜਾਣਾ ਹੈ, “ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।” ਇਹ ਧਰਤੀ ਕਿਸੇ ਦਾ ਵੀ ਪੱਕਾ ਰੈਣ-ਵਸੇਰਾ ਨਹੀਂ ਹੈ। ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਜੀ ਦਾ ਸ਼ਲੋਕ ਪੁਰਾਤਨ ਰੀਤੀ-ਰਿਵਾਜਾਂ ਦਾ ਦ੍ਰਿਸ਼ਟਾਂਤ ਪੇਸ਼ ਕਰਦਾ ਹੈ, ‘ਵੇਖਹੁ ਬੰਦਾ ਚਲਿਆ ਚਹੁ ਜਣਿਆ ਦੇ ਕੰਨਿ।’’ ਜਲੰਧਰ ਤੇ ਕਾਂਗੜਾ ਵਿਚ ਚਾਰ ਜਣੇ ਨਾ ਲੱਭਣੇ ਆਪਣੇ ਆਪ ’ਚ ਬਲਦਾ ਸਵਾਲ ਹੈ।

16 ਮਈ

# ਵਾਤਾਵਰਨ ਦਾ ਮਹਾਨਾਇਕ

ਜਮਾਤੀ ਸੰਘਰਸ਼ ਦੀ ਪ੍ਰਚੰਡ ਗਾਥਾ ਲਿਖਣ ਵਾਲਾ ਦਰਵੇਸ਼ ਵਾਤਾਵਰਨ ਪ੍ਰੇਮੀ ਸੁੰਦਰਲਾਲ ਬਹੁਗੁਣਾ ਵੀ ਕੋਰੋਨਾ ਮਹਾਮਾਰੀ ਦੀ ਭੇਟ ਚੜ੍ਹ ਗਿਆ ਹੈ। ਰੁੱਖਾਂ ਨਾਲ ਬਗਲਗੀਰ ਹੋ ਕੇ ਉਨ੍ਹਾਂ ਦੀਆਂ ਛਾਵਾਂ ਨੂੰ ਸੰਭਾਲਣ ਲਈ ਸਿਰਧੜ ਦੀ ਬਾਜ਼ੀ ਲਾਉਣ ਵਾਲੇ ਦਾ ਦੁੱਖਦਾਈ ਅੰਤ ਆਪਣੇ ਕਰੋੜਾਂ ਸ਼ੁਭਚਿੰਤਕਾਂ ਦੀਆਂ ਅੱਖਾਂ ਸੇਜਲ ਕਰ ਗਿਆ। ਬਹੁਗੁਣਾ ਜੀ ਕਿਹਾ ਕਰਦੇ ਸਨ ਕਿ ਹਵਾਵਾਂ ਦੇ ਰੁਮਕਦੇ ਰਹਿਣ ਅਤੇ ਦਰਿਆਵਾਂ ਦੇ ਕਲ਼ਕਲ਼ ਵਹਿੰਦੇ ਰਹਿਣ ਲਈ ਜੰਗਲਾਂ ਦੀ ਵਿਰਾਸਤ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ। ਆਬੋ-ਹਵਾ ਦੀ ਸ਼ੁੱਧਤਾ ਤੇ ਬਹੁਲਤਾ ਬਰਕਰਾਰ ਨਾ ਰਹੀ ਤਾਂ ਮਨੁੱਖ ਲਈ ਸਾਹ ਲੈਣਾ ਵੀ ਮੁਸ਼ਕਲ ਹੋ ਜਾਵੇਗਾ। ਅਜਿਹੀ ਭਵਿੱਖਬਾਣੀ ਕਰਨ ਵਾਲਾ ਖ਼ੁਦ ਰਿਸ਼ੀਕੇਸ਼ ਏਮਜ਼ ਵਿਚ 94 ਸਾਲ ਦੀ ਲੰਬੀ ਅਉਧ ਹੰਢਾ ਕੇ ਸਾਹਾਂ ਨੂੰ ਤਰਸਦਾ ਫੌਤ ਹੋ ਗਿਆ। ਹਰ ਪਲ ਕੁਦਰਤ ਦਾ ਗੀਤ ਗਾਉਣ ਵਾਲਾ ਪਹਾੜਾਂ ਦੀਆਂ ਕੂਹਲਾਂ ਦਾ ਜਲਤਰੰਗ ਸੁਣ ਮੰਤਰ-ਮੁਗਧ ਹੋ ਜਾਇਆ ਕਰਦਾ ਸੀ। ਨਦੀਆਂ-ਦਰਿਆਵਾਂ ਦੇ ਕੁਦਰਤੀ ਵਹਾਅ ਨੂੰ ਬੰਨ੍ਹਣ ਦੇ ਉਹ ਸਖ਼ਤ ਖ਼ਿਲਾਫ਼ ਸੀ। ਅੰਬਰ-ਚੁੰਬੀ ਹਿਮਾਲਿਆ ਦੀਆਂ ਟੀਸੀਆਂ ਉਸ ਦੇ ਦਿਲ ਨੂੰ ਧੂਹ ਪਾਉਂਦੀਆਂ ਸਨ। ਕਾਦਰ ਦੀ ਕੁਦਰਤ ਨਾਲ ਛੇੜਛਾੜ ਕਰਨਾ ਉਸ ਨੂੰ ਗਵਾਰਾ ਨਹੀਂ ਸੀ। ਧਰਤੀ ਪੁੱਤਰ ਪੂਰੀ ਹਯਾਤੀ ਜਲ, ਜੰਗਲ ਅਤੇ ਜ਼ਮੀਨ ਦੀ ਪਾਕੀਜ਼ਗੀ ਨੂੰ ਜਿਉਂ ਦਾ ਤਿਉਂ ਸੰਭਾਲਣ ਲਈ ਸਮੇਂ ਦੀਆਂ ਸਰਕਾਰਾਂ ਨਾਲ ਮੱਥਾ ਲਾਉਂਦਾ ਰਿਹਾ। ਵਿਕਾਸ ਦੇ ਨਾਮ 'ਤੇ ਹੋਣ ਵਾਲੇ ਵਿਨਾਸ਼ ਨੂੰ ਭਾਂਪਦਿਆਂ ਉਹ ਸੰਘਰਸ਼ ਦੇ ਰਾਹ 'ਤੇ ਤੁਰ ਪੈਂਦਾ। ਜੰਗਲ ਬੇਲਿਆਂ ਦੇ ਵਾਰਸਾਂ ਨੂੰ ਜਥੇਬੰਦ ਕਰ ਕੇ ਉਹ ਹਿਮਾਲਿਆ ਵਿਚ ਹੋਟਲਾਂ ਜਾਂ ਸੈਰ-ਸਪਾਟਾ ਉਦਯੋਗਾਂ ਦੇ ਨਿਰਮਾਣ ਨੂੰ ਰੋਕਣ ਲਈ ਸੰਘਰਸ਼ ਵਿੱਢਦਾ। ਦੇਵ-ਭੂਮੀ ਦੀਆਂ ਖ਼ੂਬਸੂਰਤ ਵਾਦੀਆਂ ਅਤੇ ਵਾਤਾਵਰਨ ਨੂੰ ਨਿਹਾਰਨ ਲਈ ਉਸ ਕੋਲ ਨਿਵੇਕਲਾ ਨਜ਼ਰੀਆ ਸੀ। ਬਹੁਗੁਣਾ ਜੀ ਦੇ ਇਸ ਫਾਨੀ ਜਹਾਨ ਤੋਂ ਰੁਖ਼ਸਤ ਹੋਣ ਨਾਲ ਵਾਤਾਵਰਨ ਪ੍ਰੇਮੀਆਂ ਵਿਚ ਸੋਗ ਦੀ ਲਹਿਰ ਦੌੜਨਾ ਕੁਦਰਤੀ ਗੱਲ ਸੀ। ਬਹੁਗੁਣਾ ਨੇ ਟੀਹਰੀ ਬੰਨ੍ਹ ਦੇ ਨਿਰਮਾਣ ਖ਼ਿਲਾਫ਼ 84 ਦਿਨ ਭੁੱਖ ਹੜਤਾਲ ਰੱਖੀ ਸੀ। ਟੀਹਰੀ ਡੈਮ ਦਾ ਉਨ੍ਹਾਂ ਆਖ਼ਰੀ ਪੜਾਅ ਤਕ ਵਿਰੋਧ ਕੀਤਾ ਸੀ। ਵਿਡੰਬਨਾ ਇਹ ਹੈ ਕਿ ਉਨ੍ਹਾਂ ਦਾ ਆਪਣਾ ਘਰ-ਬਾਰ ਵੀ ਟੀਹਰੀ ਡੈਮ ਦੀ ਝੀਲ ਵਿਚ ਡੁੱਬ ਗਿਆ। ਆਪਣੇ ਰੈਣ-ਬਸੇਰੇ ਦੇ ਡੁੱਬਣ ਦਾ ਉਨ੍ਹਾਂ ਨੂੰ ਰੱਤੀ ਭਰ ਮਲਾਲ ਨਹੀਂ ਸੀ ਪਰ ਉਨ੍ਹਾਂ ਨੂੰ ਅਫ਼ਸੋਸ ਰਿਹਾ ਕਿ ਉਹ ਕੁਦਰਤ ਵਿਚ ਖਲਲ ਪਾਉਣ ਵਾਲਿਆਂ ਨੂੰ ਰੋਕ ਨਾ ਸਕੇ। ਘਰ ਡੁੱਬਣ ਤੋਂ ਬਾਅਦ ਨਿਥਾਵੇਂ ਨੂੰ ਲੋਕਾਂ ਦੇ ਦਿਲਾਂ ਵਿਚ ਪੱਕੀ ਥਾਂ ਮਿਲ ਗਈ ਸੀ। ਸੰਘਰਸ਼ ਦੀ ਲੰਬੀ ਇਬਾਰਤ ਲਿਖਣ

ਵਾਲਾ ਸਮੇਂ ਦੇ ਹਾਕਮਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਨੌਂ ਜਨਵਰੀ 1927 ਨੂੰ ਉੱਤਰਾਖੰਡ ਦੇ ਟੀਹਰੀ ਜ਼ਿਲ੍ਹੇ ਦੇ ਮਰੌਦਾ ਪਿੰਡ ਵਿਚ ਜਨਮ ਲੈਣ ਵਾਲਾ ਸੁੰਦਰਲਾਲ ਦਰਅਸਲ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਮਹਾਤਮਾ ਗਾਂਧੀ ਦੇ ਸੱਤਿਆਗ੍ਰਹਿ ਨੂੰ ਪ੍ਰਣਾਇਆ ਗਿਆ। ਉਸ ਨੇ ਅਹਿੰਸਾ ਦਾ ਪੁਜਾਰੀ ਬਣ ਕੇ ਆਮ ਲੋਕਾਂ ਨੂੰ ਲਾਮਬੰਦ ਕੀਤਾ। ਸੰਨ 1973 ਵਿਚ ਉੱਤਰਾਖੰਡ (ਤਤਕਾਲੀ ਉੱਤਰ ਪ੍ਰਦੇਸ਼) ਦੇ ਚਮੋਲੀ ਜ਼ਿਲ੍ਹੇ ਤੋਂ ਜਾਂਬਾਜ਼ ਔਰਤਾਂ ਨਾਲ ਮਿਲ ਕੇ ਉਸ ਨੇ 'ਚਿਪਕੋ ਅੰਦੋਲਨ' ਵਿੱਢ ਦਿੱਤਾ। ਜੰਗਲਾਤ ਮਹਿਕਮੇ ਦੇ ਠੇਕੇਦਾਰ ਜੰਗਲ ਵਿਚ ਵੜਦੇ ਤਾ ਅੰਦੋਲਨਕਾਰੀ ਰੁੱਖਾਂ ਨੂੰ ਜੱਫੇ ਮਾਰ ਲੈਂਦੇ। ਰੁੱਖਾਂ ਤੇ ਮਨੁੱਖਾਂ ਦੀ ਅਜ਼ਲੋਂ ਪੁਰਾਣੀ ਸਾਂਝ ਬਰਕਰਾਰ ਰੱਖਣ ਲਈ ਅਣਗਿਣਤ ਅੰਦੋਲਨਕਾਰੀਆਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆ। ਉਹ ਹਾਰ ਕੇ ਵੀ ਨਾ ਹਾਰਦੇ ਤੇ ਕ੍ਰਾਂਤੀ ਦੀਆਂ ਚੰਗਿਆੜੀਆਂ ਅਗਲੀ ਪੀੜ੍ਹੀ ਨੂੰ ਵੰਡ ਜਾਂਦੇ। ਉਨ੍ਹਾਂ ਦਾ ਨਾਅਰਾ, "ਕਯਾ ਹੈ ਜੰਗਲ ਕੇ ਉਪਕਾਰ/ਮਿੱਟੀ, ਪਾਨੀ ਔਰ ਬਯਾਰ। ਮਿੱਟੀ, ਪਾਨੀ ਔਰ ਬਯਾਰ/ ਜ਼ਿੰਦਾ ਰਹਿਨੇ ਕੇ ਆਧਾਰ।" ਗੜਵਾਲੀ ਬੋਲੀ ਦਾ ਗੀਤ, "ਮਾਤੂ ਹਮਰੂ, ਪਾਨੀ ਹਮਰੂ, ਹਮਰਾ ਹੀ ਛਾਂ ਬੌਨ ਭੀ। ਪਿਤਰੋਂ ਨੇ ਲਗਾਈ ਬੌਨ, ਹਮਨਾਹੀ ਤਾ ਬਚੌਨ ਭੀ।" (ਸਾਡੀ ਮਿੱਟੀ, ਸਾਡਾ ਪਾਣੀ, ਸਾਡਾ ਹੀ ਵਣ। ਸਾਡੇ ਪਿਤਾ-ਪੁਰਖਿਆਂ ਨੇ ਇਨ੍ਹਾਂ ਨੂੰ ਪਾਲਿਆ-ਪੋਸਿਆ, ਅਸੀਂ ਹੀ ਇਨ੍ਹਾਂ ਦੇ ਰਖਵਾਲੇ ਹਾਂ।) ਪਹਾੜਾਂ ਵਿਚ ਗੂੰਜਦਾ। ਤਰੰਨਮ ਵਿਚ ਗਾਉਂਦੀਆਂ ਔਰਤਾਂ ਨੇ ਇਸ ਨੂੰ ਜਿਵੇਂ ਹਿਮਾਲਿਆ ਦਾ ਤਰਾਨਾ ਬਣਾ ਦਿੱਤਾ ਸੀ। ਚਿਪਕੋ ਅੰਦੋਲਨਕਾਰੀ ਕਹਿੰਦੇ ਸਨ ਕਿ ਰੁੱਖਾਂ ਵਿਚ ਵੀ ਜਾਨ ਹੈ। ਰੁੱਖ ਸਾਹ ਲੈਂਦਾ ਹੈ ਤਾਂ ਹੀ ਮਨੁੱਖ ਸਾਹ ਲੈਂਦਾ ਹੈ। ਧਰਤੀ 'ਤੇ ਰੁੱਖ ਨਾ ਰਹੇ ਤਾਂ ਮਨੁੱਖ ਦੀ ਹੋਂਦ ਨੂੰ ਵੀ ਖ਼ਤਰਾ ਪੈਦਾ ਹੋ ਜਾਵੇਗਾ। ਇਨ੍ਹਾਂ ਅੰਦੋਲਨਕਾਰੀਆਂ ਵਾਂਗ ਸਾਡਾ ਮਹਿਬੂਬ ਕਵੀ ਸ਼ਿਵ ਕੁਮਾਰ ਬਟਾਲਵੀ ਵੀ ਰੁੱਖਾਂ 'ਚ ਮੁੱਢ-ਕਦੀਮੀ ਰਿਸ਼ਤੇ ਲੱਭਦਾ ਹੈ। 'ਰੁੱਖ' ਨਜ਼ਮ ਵਿਚ ਉਹ ਕਹਿੰਦਾ ਹੈ, 'ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ ਕੁਝ ਰੁੱਖ ਵਾਂਗ ਭਰਾਵਾਂ, ਕੁਝ ਰੁੱਖ ਮੇਰੇ ਬਾਬੇ ਵਾਕਣ/ਪੁੱਤਰ ਟਾਂਵਾਂ ਟਾਵਾਂ/ ਕੁਝ ਰੁੱਖ ਯਾਰਾਂ ਵਰਗੇ ਲੱਗਦੇ/ਚੁੰਮਾਂ ਤੇ ਗਲ ਲਾਵਾਂ...।" ਬਹੁਗੁਣਾ ਜੀ ਵੀ ਜ਼ਿੰਦਗੀ ਦੀਆਂ ਕਿਲਕਾਰੀਆਂ ਨੂੰ ਜੰਗਲਾਂ ਦੀ ਸੁਰੱਖਿਆ ਨਾਲ ਜੋੜ ਕੇ ਵੇਖਦੇ ਸਨ। ਆਪਣੇ ਖਣਿਜ ਪਦਾਰਥਾਂ, ਜਲ, ਜੰਗਲ ਅਤੇ ਜ਼ਮੀਨ ਨੂੰ ਲੁਟਚੋਘਾਂ ਤੋਂ ਬਚਾਉਣ ਲਈ ਹਿਮਾਲਿਆ ਪਰਬਤਾਂ ਅਤੇ ਵਾਦੀਆਂ ਵਿਚ ਠੀਕਰੀ ਪਹਿਰ ਲੱਗਣ ਲੱਗੇ। ਸਮੇਂ ਦੀ ਇੰਦਰਾ ਸਰਕਾਰ ਨੂੰ ਆਖ਼ਰ ਝੁਕਣਾ ਪਿਆ ਅਤੇ ਜੈਵਿਕ ਵਿਭਿੰਨਤਾ ਅਤੇ ਜੰਗਲਾਂ ਦੀ ਬੇਤਹਾਸ਼ਾ ਕਟਾਈ ਨੂੰ ਰੋਕਣ ਲਈ ਕੇਂਦਰ ਨੇ 1980 ਵਿਚ ਕਾਨੂੰਨ ਬਣਾ ਦਿੱਤਾ। ਬਹੁਗੁਣਾ ਨੂੰ ਭਾਵੇਂ ਪਦਮਸ੍ਰੀ ਠੁਕਰਾਉਣ ਤੋਂ ਬਾਅਦ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ, ਫਿਰ ਵੀ ਉਨ੍ਹਾਂ ਨੇ ਵਾਤਾਵਰਨ ਨੂੰ ਸੰਭਾਲਣ ਲਈ ਹਾਕਮਾਂ ਦੀ ਉਸਾਰੂ ਆਲੋਚਨਾ ਕਰਨੀ ਨਹੀਂ ਛੱਡੀ। ਉੱਤਰਾਖੰਡ ਤੇ ਹੋਰ ਰਾਜਾਂ ਵਿਚ ਹੜ੍ਹਾਂ ਕਾਰਨ ਆਈ ਭਿਅੰਕਰ ਤਬਾਹੀ ਤੋਂ ਬਾਅਦ ਬਹੁਗੁਣਾ ਨੇ ਸਰਕਾਰਾਂ ਨੂੰ ਆੜੇ ਹੱਥੀਂ ਲੈਂਦਿਆਂ ਫਟਕਾਰ ਲਾਈ ਸੀ ਕਿ ਇਹ ਵਿਕਾਸ ਦੇ ਨਾਮ 'ਤੇ ਕੀਤੇ ਵਿਨਾਸ਼ ਦਾ ਸਿੱਟਾ ਸੀ। ਉਹ ਕਿਹਾ ਕਰਦੇ ਸਨ ਕਿ ਕੁੱਲ ਆਲਮੀ ਸੱਭਿਅਤਾਵਾਂ ਦਰਿਆਵਾਂ ਕੰਢੇ

ਵਿਗਸੀਆ ਕਿਉਂਕਿ ਪਾਣੀ ਹੀ ਜੀਵਨ ਹੈ। ਸ਼ੁੱਧ ਹਵਾਵਾਂ ਵਿਚ ਸਾਹ ਲੈਣ ਵਾਲੇ ਹੀ ਸਿਹਤਯਾਬ ਰਹਿ ਸਕਦੇ ਹਨ। ਰੁੱਖਾਂ ਦਾ ਉਜਾੜਾ ਮਨੁੱਖ ਨੂੰ ਬਹੁਤ ਮਹਿੰਗਾ ਪਵੇਗਾ। ਉਹ ਕਹਿੰਦੇ ਕਿ ਰੁੱਖ, ਮਨੁੱਖ ਦੇ ਪੰਘੂੜੇ ਤੋਂ ਅਰਥੀ ਤਕ ਦੇ ਸਾਥੀ ਹਨ। ਮਨੁੱਖ ਵੱਲੋਂ ਕੁਦਰਤ ਦਾ ਸੰਤੁਲਨ ਵਿਗਾੜਿਆ ਗਿਆ ਤਾਂ ਉਸ ਨੂੰ ਕੁਦਰਤ ਦੀ ਕਰੋਪੀ ਝੇਲਣੀ ਪਵੇਗੀ। ਉਨ੍ਹਾਂ ਦੀ ਭਵਿੱਖਬਾਣੀ ਅੱਜ ਸੱਚ ਸਾਬਤ ਹੋ ਰਹੀ ਹੈ। ਪਹਿਲਾਂ ਮਨੁੱਖ ਰੁੱਖਾਂ ਹੇਠਾਂ ਇਕਾਂਤਵਾਸ ਹੋਇਆ ਕਰਦਾ ਸੀ ਤੇ ਅੱਜ ਕੋਰੋਨਾ ਮਹਾਮਾਰੀ ਨੇ ਉਸ ਨੂੰ ਆਪਣੇ ਘਰਾਂ ਵਿਚ ਹੀ ਇਕਾਂਤਵਾਸ ਹੋਣ ਲਈ ਮਜਬੂਰ ਕਰ ਦਿੱਤਾ ਹੈ। ਇਹ ਵੀ ਇਤਫ਼ਾਕ ਹੈ ਕਿ ਬਹੁਗੁਣਾ ਨੇ ਆਲਮੀ ਜੈਵਿਕ ਵਿਭਿੰਨਤਾ ਦਿਵਸ ਦੀ ਪੂਰਵ ਸੰਧਿਆ ’ਤੇ ਆਖਰੀ ਸਾਹ ਲਿਆ। ਸੰਘਰਸ਼ ਦੇ ਇਸ ਮਹਾਨਾਇਕ ਨੂੰ ਸਾਡਾ ਸਲਾਮ!

23 ਮਈ

# ਤੁਰਸ਼ਮਿਜ਼ਾਜੀ

ਕੋਰੋਨਾ ਮਹਾਮਾਰੀ ਦੇ ਕਹਿਰ ਦੌਰਾਨ ਨਰਿੰਦਰ ਮੋਦੀ ਸਰਕਾਰ ਨੇ ਅੱਜ ਆਪਣੀ ਦੂਜੀ ਪਾਰੀ ਦੇ ਦੋ ਸਾਲ ਪੂਰੇ ਕਰ ਲਏ ਹਨ। ਸੰਨ 2021 ਕੁਦਰਤੀ ਕਰੋਪੀਆਂ ਦਾ ਸਾਲ ਹੈ। ਕੋਰੋਨਾ ਤੋਂ ਇਲਾਵਾ ਤਾਓਤੇ ਅਤੇ ਯਾਸ ਤੂਫ਼ਾਨਾਂ ਨੇ ਭਾਰਤ ਦੇ ਕਈ ਹਿੱਸਿਆਂ ਨੂੰ ਬੁਰੀ ਤਰ੍ਹਾਂ ਝੰਬਿਆ ਹੈ। ਸੱਤਵੇਂ ਸਾਲ ਦੌਰਾਨ ਕੇਂਦਰ ਸਰਕਾਰ ਨੂੰ ਸਿਆਸੀ ਤੂਫ਼ਾਨਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਦੋ ਸਾਲ ਪਹਿਲਾਂ 30 ਮਈ ਨੂੰ ਜਦੋਂ ਨਰਿੰਦਰ ਮੋਦੀ ਨੇ 16ਵੇਂ ਪ੍ਰਧਾਨ ਮੰਤਰੀ ਦੇ ਤੌਰ ’ਤੇ ਹਲਫ਼ ਲਿਆ ਸੀ ਤਾਂ ਦੇਸ਼ ਵਿਚ ਜਸ਼ਨ ਦਾ ਮਾਹੌਲ ਸੀ। ਭਾਰਤੀ ਜਨਤਾ ਪਾਰਟੀ ਲਈ ਇਹ ਉਤਸਵ ਵਾਂਗ ਸੀ ਕਿਉਂਕਿ ਪਹਿਲੀ ਵਾਰ ਗ਼ੈਰ-ਕਾਂਗਰਸ ਪਾਰਟੀ ਨੂੰ ਕੇਂਦਰ ਵਿਚ ਦੂਜੀ ਪਾਰੀ ਖੇਡਣ ਦਾ ਮੌਕਾ ਮਿਲਿਆ ਸੀ। ਭਾਜਪਾ ਨੇ 543 ’ਚੋਂ 303 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚਿਆ ਸੀ। ਐੱਨਡੀਏ ਦੀ ਗੱਲ ਕਰੀਏ ਤਾਂ ਇਸ ਨੇ 353 ਸੀਟਾਂ ’ਤੇ ਜਿੱਤ ਹਾਸਲ ਕੀਤੀ ਸੀ। ਸੰਨ 1984 ਤੋਂ ਬਾਅਦ ਕਿਸੇ ਨੂੰ ਅਜਿਹੀ ਜਿੱਤ ਪ੍ਰਾਪਤ ਹੋਣ ਦਾ ਮਾਣ ਮਿਲਿਆ ਸੀ। ਕਹਿੰਦੇ ਹਨ ਕਿ ਹਰ ਬੁਲੰਦੀ ਦੀ ਨੀਵਾਣ ਵੀ ਹੁੰਦੀ ਹੈ। ਆਜ਼ਾਦੀ ਤੋਂ ਬਾਅਦ ਪੰਡਿਤ ਜਵਾਹਰਲਾਲ ਨਹਿਰੂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਸਨ। ਦੇਸ਼ ਵਾਸੀਆਂ ਨੇ ਉਨ੍ਹਾਂ ਨੂੰ ਰੱਜ ਕੇ ਮੁਹੱਬਤ ਕੀਤੀ ਸੀ। ਸੱਤ ਕੁ ਸਾਲਾਂ ਬਾਅਦ ਉਨ੍ਹਾਂ ਦੀ ਸਾਖ ਨੂੰ ਵੱਟਾ ਲੱਗਣਾ ਸ਼ੁਰੂ ਹੋ ਗਿਆ। ਹਿੰਦ-ਚੀਨ ਜੰਗ ਨੇ ਉਨ੍ਹਾਂ ਦੇ ਵੱਕਾਰ ਨੂੰ ਕਾਫ਼ੀ ਠੇਸ ਪਹੁੰਚਾਈ ਸੀ। ਪਾਕਿਸਤਾਨ ਦੇ ਦੋ ਟੁਕੜੇ ਕਰ ਕੇ ਦੁਨੀਆ ਦੇ ਨਕਸ਼ੇ ’ਤੇ ਇਕ ਹੋਰ ਮੁਲਕ, ਬੰਗਲਾਦੇਸ਼ ਬਣਾਉਣ ਵਾਲੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੀ ਸੱਤ ਕੁ ਸਾਲਾਂ ਦੇ ਰਾਜ ਦੌਰਾਨ ਕਈ ਤਰ੍ਹਾਂ ਦੇ ਤੂਫ਼ਾਨਾਂ ਦਾ ਸਾਹਮਣਾ ਕਰਨਾ ਪਿਆ ਸੀ। ਸੰਨ 1975 ਵਿਚ ਐਮਰਜੈਂਸੀ ਲਗਾਉਣ ਤੋਂ ਬਾਅਦ ਦੇਸ਼ ਵਿਚ ਜਨ-ਅੰਦੋਲਨ ਸ਼ੁਰੂ ਹੋ ਗਏ ਸਨ। ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਦੂਜੀ ਪਾਰੀ ਦੇ ਦੋ ਸਾਲ ਪੂਰੇ ਹੋਣ ਤੋਂ ਬਾਅਦ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਦੇਸ਼ ਭਰ ਵਿਚ ਮੋਮਬੱਤੀਆਂ ਜਗਾ ਕੇ ਯੂਪੀਏ ਸਰਕਾਰ ਖ਼ਿਲਾਫ਼ ਵੱਡਾ ਜਨ ਅੰਦੋਲਨ ਖੜ੍ਹਾ ਕਰ ਦਿੱਤਾ ਗਿਆ ਸੀ। ਸੱਤਾ ਦੇ ਸੱਤ ਸਾਲ ਵਾਕਈ ਲੰਬਾ ਸਮਾਂ ਹੁੰਦਾ ਹੈ ਤੇ ਵੋਟਰਾਂ ਦੇ ਦਿਲਾਂ ਵਿਚ ਟਿਕੇ ਰਹਿਣਾ ਆਪਣੇ ਆਪ ਵਿਚ ਵੱਡੀ ਚੁਣੌਤੀ ਹੁੰਦੀ ਹੈ। ਲੰਬੇ ਰਾਜ-ਭਾਗ ਦੌਰਾਨ ਹਰ ਵਾਅਦਾ ਵਫ਼ਾ ਕਰ ਸਕਣਾ ਕਠਿਨ ਕਾਰਜ ਹੁੰਦਾ ਹੈ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਹਰ ਵਰਗ ਨੂੰ ਖ਼ੁਸ਼ ਰੱਖਣਾ ਵੱਡੀ ਚੁਣੌਤੀ ਹੁੰਦਾ ਹੈ। ਕੇਂਦਰ ਤੇ ਸੂਬੇ ਵਿਚ ਇੱਕੋ ਪਾਰਟੀ ਸੱਤਾ ਵਿਚ ਹੋਵੇ ਤਾਂ ਇਸ ਨੂੰ ਅਜੋਕੀ ਸ਼ਬਦਾਵਲੀ ਵਿਚ ‘ਡਬਲ ਇੰਜਨ’ ਵਾਲੀ ਸਰਕਾਰ ਕਿਹਾ ਜਾਂਦਾ ਹੈ। ਸੂਬਿਆਂ

ਵਿਚ ਜੇ ਵਿਰੋਧੀ ਧਿਰ ਦੀ ਸਰਕਾਰ ਹੋਵੇ ਤਾਂ ਕੇਂਦਰ ਨਾਲ ਇੱਟ-ਖੜੱਕਾ ਹੋਣਾ ਕੁਦਰਤੀ ਵਰਤਾਰਾ ਹੁੰਦਾ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਕੇਂਦਰ ਦੀ ਕਾਂਗਰਸ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਨੂੰ ਚੱਲਣ ਨਹੀਂ ਸੀ ਦਿੰਦੀ। ਪੰਜਾਬ ਵਿਚ ਬਣੀਆਂ ਕਈ ਅਕਾਲੀ ਸਰਕਾਰਾਂ ਨੂੰ ਸੰਵਿਧਾਨ ਦੀ 356 ਧਾਰਾ ਲਾ ਕੇ ਡੇਗਿਆ ਗਿਆ ਸੀ। ਇਹੀ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਾ ਹੁਣ ਤਕ ਵੀ 36 ਦਾ ਅੰਕੜਾ ਚੱਲ ਰਿਹਾ ਹੈ। ਅਕਾਲੀ ਦਲ ਨੇ ਕਾਂਗਰਸ ਦੀਆਂ ਕੇਂਦਰ ਸਰਕਾਰਾਂ ਖ਼ਿਲਾਫ਼ ਕਈ ਮੋਰਚੇ ਲਗਾਏ ਸਨ। ਐਮਰਜੈਂਸੀ ਲੱਗਣ ਤੋਂ ਬਾਅਦ ਅਕਾਲੀ ਦਲ ਨੇ ਜੇਲ੍ਹਾਂ ਭਰ ਦਿੱਤੀਆਂ ਸਨ। ਇੱਥੋਂ ਤਕ ਕਿ ਗ੍ਰਿਫ਼ਤਾਰੀਆਂ ਦਾ ਹੜ੍ਹ ਆਉਣ ਤੋਂ ਬਾਅਦ ਜੇਲ੍ਹਾਂ ਵਿਚ ਥਾਂ ਨਹੀਂ ਰਹੀ ਤਾਂ ਯੂਨੀਵਰਸਿਟੀਆਂ ਸਣੇ ਕਈ ਸਰਕਾਰੀ ਅਦਾਰਿਆਂ ਨੂੰ 'ਖੁੱਲ੍ਹੀ ਜੇਲ੍ਹ' ਬਣਾਉਣ ਲਈ ਮਜਬੂਰ ਹੋਣਾ ਪਿਆ ਸੀ। ਐਮਰਜੈਂਸੀ ਲੱਗਣ ਤੋਂ ਪਹਿਲਾਂ ਅਕਾਲੀ ਦਲ ਵੱਲੋਂ 1973 ਵਿਚ ਪਾਸ ਕੀਤਾ ਗਿਆ 'ਅਨੰਦਪੁਰ ਸਾਹਿਬ ਦਾ ਮਤਾ' ਵੀ ਕੇਂਦਰ-ਸੂਬਾ ਸਰਕਾਰਾਂ ਦੀ ਤਣਾਤਣੀ 'ਚੋਂ ਹੀ ਨਿਕਲਿਆ ਸੀ। ਸਪਸ਼ਟ ਹੈ ਕਿ ਕੇਂਦਰ ਦੀ ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰਾਂ ਦੀਆਂ ਸੂਬਾ ਸਰਕਾਰਾਂ ਵਿਚ ਰਿਸ਼ਤੇ ਕਸ਼ੀਦਗੀ ਭਰੇ ਹੀ ਹੁੰਦੇ ਹਨ। ਕੇਂਦਰ ਸ਼ਾਸਿਤ ਪ੍ਰਦੇਸ ਤੋਂ ਇਲਾਵਾ ਚਾਰ ਸੂਬਿਆਂ 'ਚ ਪਿੱਛੇ ਜਿਹੇ ਹੋਈਆਂ ਵਿਧਾਨ ਸਭਾ ਚੋਣਾਂ ਵੇਲੇ ਇਹ ਕੁੜੱਤਣ ਚਰਮ ਸੀਮਾ 'ਤੇ ਪੁੱਜ ਗਈ ਸੀ। ਖ਼ਾਸ ਤੌਰ 'ਤੇ ਪੱਛਮੀ ਬੰਗਾਲ ਦੇ ਚੋਣ ਪ੍ਰਚਾਰ ਦੌਰਾਨ ਮਾਣ ਮਰਿਆਦਾਵਾਂ ਨੂੰ ਵੀ ਛਿੱਕੇ ਟੰਗ ਕੇ ਇਕ-ਦੂਜੇ 'ਤੇ ਨਿੱਜੀ ਹਮਲਿਆਂ ਤੋਂ ਵੀ ਗੁਰੇਜ਼ ਨਾ ਕੀਤਾ ਗਿਆ। ਚਿੱਕੜ ਉਛਾਲੀ ਵਿਚ ਕਿਸੇ ਪਾਰਟੀ ਨੇ ਕੋਈ ਕਸਰ ਨਾ ਛੱਡੀ। ਖੈਰ, ਚੋਣਾਂ 'ਚ ਇਲਜ਼ਾਮਤਰਾਸ਼ੀ ਆਮ ਗੱਲ ਮੰਨੀ ਜਾਂਦੀ ਹੈ ਪਰ ਸਰਕਾਰ ਬਣਨ ਤੋਂ ਬਾਅਦ ਇਸ ਨੂੰ ਨਿੱਜੀ ਰੰਜਿਸ਼ ਬਣਾ ਕੇ ਵੋਟਰਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਾ ਦਰੁਸਤ ਨਹੀਂ ਹੈ। ਸਿਆਸੀ ਇਖ਼ਤਲਾਫ਼ ਕਿੰਨੇ ਵੀ ਹੋਣ, ਦਰਜਾ-ਬਦਰਜਾ ਸਤਿਕਾਰ ਦੇਣਾ ਸ਼ਿਸ਼ਟਾਚਾਰ ਦਾ ਹਿੱਸਾ ਹੋਣਾ ਚਾਹੀਦਾ ਹੈ। ਚੱਕਰਵਾਤ ਤੂਫ਼ਾਨ ਯਾਸ ਨਾਲ ਬੰਗਾਲ ਤੇ ਓਡੀਸ਼ਾ ਨੂੰ ਪੁੱਜੇ ਨੁਕਸਾਨ ਦੀ ਸਮੀਖਿਆ ਕਰਨ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤੁਰਸ਼ਮਿਜ਼ਾਜੀ ਦਾ ਸਾਹਮਣਾ ਕਰਨਾ ਪਿਆ। ਮਮਤਾ ਦੀਦੀ ਅਤੇ ਬੰਗਾਲ ਦੇ ਮੁੱਖ ਸਕੱਤਰ ਅਲਾਪਨ ਬੰਦੋਪਾਧਿਆਏ ਦਾ ਪ੍ਰਧਾਨ ਮੰਤਰੀ ਦੀ ਮੀਟਿੰਗ 'ਚ ਅੱਧਾ ਘੰਟਾ ਲੇਟ ਪੁੱਜਣਾ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਨੌਕਰਸ਼ਾਹ ਨੂੰ ਸਬਕ ਸਿਖਾਉਣ ਲਈ ਮੁੱਖ ਸਕੱਤਰ ਦਾ ਤੁਰੰਤ ਦਿੱਲੀ ਤਬਾਦਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਸੋਮਵਾਰ ਦਸ ਵਜੇ ਤੋਂ ਪਹਿਲਾਂ ਦਫ਼ਤਰ 'ਚ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਮਮਤਾ ਨੇ ਇਸ ਬਦਲੀ ਨੂੰ ਬਦਲਾਖੋਰੀ ਦਾ ਹਿੱਸਾ ਦੱਸਿਆ ਹੈ। ਦੀਦੀ ਦਾ ਕਹਿਣਾ ਹੈ ਕਿ ਏਅਰ ਟਰੈਫਿਕ ਕੰਟਰੋਲ ਵੱਲੋਂ ਆਗਿਆ ਨਾ ਮਿਲਣ ਕਰਕੇ ਉਹ ਉਡਾਣ ਨਹੀਂ ਭਰ ਸਕੇ ਜਿਸ ਕਾਰਨ ਉਹ ਲੇਟ ਹੋ ਗਏ। ਉਨ੍ਹਾਂ ਨੇ ਇੱਥੋਂ ਤਕ ਕਹਿ ਦਿੱਤਾ ਕਿ ਬੰਗਾਲ ਦੇ ਹਿੱਤਾਂ ਖਾਤਰ ਉਹ ਪ੍ਰਧਾਨ ਮੰਤਰੀ ਦੇ ਪੈਰ ਫੜਨ ਨੂੰ ਵੀ ਤਿਆਰ ਹੈ। ਅਜਿਹੀ ਨੌਬਤ ਬਿਲਕੁਲ ਨਹੀਂ ਸੀ ਆਉਣੀ ਚਾਹੀਦੀ। ਬੰਗਾਲ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਓਡੀਸ਼ਾ

ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਸਰਵੇਖਣ ਕੀਤਾ ਤਾਂ ਮੁੱਖ ਮੰਤਰੀ ਨਵੀਨ ਪਟਨਾਇਕ ਪ੍ਰੋਟੋਕੋਲ ਮੁਤਾਬਕ ਉਨ੍ਹਾਂ ਦੇ ਅੰਗ-ਸੰਗ ਰਹੇ। ਨਵੀਨ ਪਟਨਾਇਕ ਨੇ ਅਜਿਹਾ ਕੋਈ ਪ੍ਰਭਾਵ ਨਹੀਂ ਦਿੱਤਾ ਕਿ ਉਹ ਬੀਜੂ ਜਨਤਾ ਦਲ ਦੇ ਨੇਤਾ ਹਨ। ਉਹ ਦੇਸ਼ ਦੇ ਉਨ੍ਹਾਂ ਚੋਣਵੇਂ ਨੇਤਾਵਾਂ 'ਚੋਂ ਹਨ ਜਿਨ੍ਹਾਂ ਨੇ ਪੰਜਵੀਂ ਵਾਰ ਮੁੱਖ ਮੰਤਰੀ ਬਣ ਕੇ ਇਤਿਹਾਸ ਰਚਿਆ ਹੈ। ਕਿਸੇ ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਨੂੰ ਤੇਵਰ ਦਿਖਾਉਣੇ ਉਸ ਦੇ ਸੂਬੇ ਲਈ ਨੁਕਸਾਨਦੇਹ ਸਾਬਿਤ ਹੁੰਦੇ ਹਨ। ਬੰਗਾਲ ਦੀ ਸ਼ੇਰਨੀ ਅਖਵਾਉਣ ਵਾਲੀ ਮਮਤਾ ਨੂੰ ਵੀ ਚਾਹੀਦਾ ਹੈ ਕਿ ਉਹ ਨੰਦੀਗ੍ਰਾਮ 'ਚ ਹੋਈ ਹਾਰ ਨੂੰ ਭੁੱਲ ਕੇ ਪੱਛਮੀ ਬੰਗਾਲ 'ਚ ਦੋ ਤਿਹਾਈ ਤੋਂ ਵੱਧ ਬਹੁਮਤ ਵਾਲੀ ਜਿੱਤ ਨੂੰ ਯਾਦ ਰੱਖਣ।

30 ਮਈ

# ਬਦਲ ਰਹੀ ਸਿਆਸੀ ਫ਼ਿਜ਼ਾ

ਖੁੱਸੀ ਹੋਈ ਸਿਆਸੀ ਜ਼ਮੀਨ ਦੀ ਤਲਾਸ਼ ਨੇ ਸ਼ਤਾਬਦੀ ਵਰ੍ਹਾ ਮਨਾ ਰਹੇ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੂੰ ਇਕ ਚੌਥਾਈ ਸਦੀ ਬਾਅਦ ਮੁੜ ਇਕ ਮੰਚ 'ਤੇ ਇਕੱਠੇ ਹੋਣ ਲਈ ਮਜਬੂਰ ਕੀਤਾ ਹੈ। ਤੱਕੜੀ ਚੋਣ ਨਿਸ਼ਾਨ ਵਾਲੇ ਸਾਥੀ, ਹਾਥੀ 'ਤੇ ਸਵਾਰ ਹੋ ਕੇ ਵਿਧਾਨ ਸਭਾ ਵਿਚ ਪੁੱਜਣ ਦੀ ਤਾਕ ਵਿਚ ਹਨ। ਪਿਛਲੇ ਲਗਪਗ ਦੋ ਦਹਾਕਿਆਂ ਤੋਂ ਬਸਪਾ ਲਈ ਵਿਧਾਨ ਸਭਾ ਦੇ ਦਰਵਾਜ਼ੇ ਬੰਦ ਸਨ ਅਤੇ ਦੂਜੇ ਪਾਸੇ 2017 ਦੀਆਂ ਚੋਣਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਅਸੈਂਬਲੀ ਵਿਚ ਵਿਰੋਧੀ ਧਿਰ ਬਣਨਾ ਵੀ ਨਸੀਬ ਨਹੀਂ ਸੀ ਹੋਇਆ। ਤਿੰਨ ਖੇਤੀ ਕਾਨੂੰਨਾਂ ਕਰਕੇ ਅਕਾਲੀ-ਭਾਜਪਾ ਦਾ 'ਨਹੁੰ-ਮਾਸ' ਵਾਲਾ ਰਿਸ਼ਤਾ ਟੁੱਟਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਵਿਛੜੇ ਮਿੱਤਰਾਂ ਦੀ ਯਾਦ ਆ ਗਈ। ਇਸ ਗਠਬੰਧਨ ਨੇ 1996 ਦੀਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਅਤੇ ਬਸਪਾ ਦੀ ਝੋਲੀ ਵਿਚ 13 'ਚੋਂ ਕ੍ਰਮਵਾਰ ਅੱਠ ਤੇ ਤਿੰਨ ਸੀਟਾਂ ਪਾਈਆਂ ਸਨ। ਦਲਿਤਾਂ ਦੇ ਮਸੀਹਾ ਕਹੇ ਜਾਂਦੇ ਬਾਬੂ ਕਾਂਸ਼ੀ ਰਾਮ, ਹਰਭਜਨ ਲਾਖਾ ਅਤੇ ਮੋਹਨ ਸਿੰਘ ਫਲੀਆਂਵਾਲਾ ਕ੍ਰਮਵਾਰ ਹੁਸ਼ਿਆਰਪੁਰ, ਫਿਲੌਰ ਅਤੇ ਫ਼ਿਰੋਜ਼ਪੁਰ ਤੋਂ ਬਸਪਾ ਦੇ ਚੋਣ ਨਿਸ਼ਾਨ 'ਤੇ ਜਿੱਤ ਕੇ ਲੋਕ ਸਭਾ ਵਿਚ ਪੁੱਜੇ ਸਨ। ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ 'ਬਹੁਜਨ ਨਾਇਕ', 'ਮਾਨਯਵਰ' ਅਤੇ 'ਸਾਹਿਬ' ਵਿਸ਼ੇਸ਼ਣਾਂ ਨਾਲ ਅੱਜ ਵੀ ਸਤਿਕਾਰਿਆ ਜਾਂਦਾ ਹੈ, ਰੋਪੜ ਜ਼ਿਲ੍ਹੇ ਦੇ ਅਦਨੇ ਜੇਹੇ ਪਿੰਡ ਖਵਾਸਪੁਰ ਦੇ ਅੱਤ ਗ਼ਰੀਬ ਪਰਿਵਾਰ ਵਿਚ ਜੰਮੇ-ਪਲੇ ਸਨ। ਪੱਛੜੇ ਵਰਗ ਦੇ ਇਸ ਮਹਾਨਾਇਕ ਨੇ ਮਹਾਰਾਸ਼ਟਰ ਦੇ ਪੁਣੇ ਵਿਚ ਡੀਆਰਡੀਓ ਵਿਚ ਨੌਕਰੀ ਕਰਦਿਆਂ ਦਲਿਤ ਵਰਗ ਲਈ ਵੱਡੇ ਸੁਪਨੇ ਸਿਰਜੇ ਸਨ। ਸੰਨ 1978 ਵਿਚ ਉਨ੍ਹਾਂ ਨੇ ਬੈਕਵਰਡ ਐਂਡ ਮਨਿਓਰਟੀ ਕਮਿਊਨਿਟੀ ਕਰਮਚਾਰੀ ਸੰਗਠਨ (ਬਾਮਸੇਫ) ਦਾ ਗਠਨ ਕਰ ਕੇ ਸਾਈਕਲ 'ਤੇ ਹੀ ਦਲਿਤਾਂ ਦੇ ਭਾਗ ਜਗਾਉਣ ਲਈ ਯਾਤਰਾ ਆਰੰਭ ਕਰ ਦਿੱਤੀ ਸੀ। ਉਹ ਪੱਛੜੀਆਂ ਸ਼੍ਰੇਣੀਆਂ ਦੀ ਦਸ਼ਾ ਸੁਧਾਰ ਕੇ ਉਨ੍ਹਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਦੇਸ਼ ਦੇ ਕੋਨੇ-ਕੋਨੇ ਨੂੰ ਗਾਹੁਣ ਲੱਗੇ। "ਮੈਂ ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ, ਮਗਰ ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਯਾ' ਦੇ ਸ਼ਿਅਰ ਮੁਤਾਬਕ ਲੋਕ ਵਹੀਰਾਂ ਘੱਤ ਕੇ ਉਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਚੱਲ ਪਏ। ਬਸਪਾ ਨੇ ਉਨ੍ਹਾਂ ਦੇ ਜਿਉਂਦੇ ਜੀਅ ਪੰਜਾਬ ਵਿਚ ਆਪਣੀ ਵੱਡੀ ਹੋਂਦ ਬਣਾ ਲਈ ਸੀ ਪਰ ਹੌਲੀ-ਹੌਲੀ ਇਸ ਨੂੰ ਖੋਰਾ ਲੱਗਦਾ ਗਿਆ। ਅਕਾਲੀ-ਬਸਪਾ ਗੱਠਜੋੜ ਟੁੱਟਣ ਤੋਂ ਬਾਅਦ ਹਾਸ਼ੀਆਗ੍ਰਸਤ ਸਮਾਜ ਦੀ ਅਲੰਬਰਦਾਰ ਕਹੀ ਜਾਣ ਵਾਲੀ ਪਾਰਟੀ ਪੰਜਾਬ ਵਿਚ ਭਾਵੇਂ ਹਾਸ਼ੀਏ 'ਤੇ ਚਲੇ ਗਈ ਪਰ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ

ਪ੍ਰਦੇਸ਼ ਵਿਚ ਇਸ ਨੇ ਝੰਡੇ ਗੱਡ ਦਿੱਤੇ ਸਨ। ਕੁਮਾਰੀ ਮਾਇਆਵਤੀ ਨੇ ਚਾਰ ਵਾਰ ਯੂਪੀ ਦੇ ਮੁੱਖ ਮੰਤਰੀ ਬਣ ਕੇ ਦੱਬੇ-ਕੁਚਲੇ ਸਮਾਜ ਦੀ ਸ਼ਕਤੀ ਦਾ ਦੇਸ਼ ਵਾਸੀਆਂ ਨੂੰ ਲੋਹਾ ਮਨਵਾਇਆ ਸੀ। ਪੰਜਾਬ ਵਿਚ ਦਲਿਤ ਵੋਟ 33 ਫ਼ੀਸਦੀ ਹੈ। ਭਾਵ ਹਰ ਤੀਜਾ ਵਿਅਕਤੀ ਇਸ ਵਰਗ ਨਾਲ ਜੁੜਿਆ ਹੋਇਆ ਹੈ। ਇਕ ਸਮੇਂ ਇਹ ਸਮਾਜ ਕਾਂਗਰਸ ਦਾ ਸਭ ਤੋਂ ਵੱਡਾ ਵੋਟ ਬੈਂਕ ਸਮਝਿਆ ਜਾਂਦਾ ਸੀ। ਪੰਜਾਬ ਵਿਚ ਭਾਰੀ ਜਨ-ਸ਼ਕਤੀ ਹੋਣ ਦੇ ਬਾਵਜੂਦ ਇਸ ਸਮਾਜ ਨੂੰ ਦੂਜੀਆਂ ਪਾਰਟੀਆਂ ਆਪਣੇ ਸਿਆਸੀ ਲਾਹੇ ਲਈ ਵਰਤਦੀਆਂ ਆ ਰਹੀਆਂ ਹਨ। ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਸਿਆਸੀ ਪਾਰਟੀਆਂ ਨੇ ਦਲਿਤ ਸਮਾਜ ਨੂੰ ਡਿਪਟੀ ਮੁੱਖ ਮੰਤਰੀ ਤੇ ਮੁੱਖ ਮੰਤਰੀ ਬਣਾਉਣ ਦੇ ਸੁਪਨੇ ਵੰਡਣੇ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਅਕਾਲੀ ਦਲ ਨੇ ਚੁੱਪ-ਚਪੀਤੇ ਰਣਨੀਤੀ ਘੜ ਕੇ ਆਪਣੀਆਂ ਵਿਰੋਧੀ ਪਾਰਟੀਆਂ ਨੂੰ ਮਾਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਸੱਜੇ-ਪੱਖੀਆਂ ਤੇ ਖੱਬੇ-ਪੱਖੀਆਂ ਦਰਮਿਆਨ ਨਵਾਂ ਰਸਤਾ ਲੱਭ ਕੇ ਅਕਾਲੀ ਦਲ ਨੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਪੰਥ ਅਤੇ ਗ੍ਰੰਥ ਦੀ ਪਰਿਕਰਮਾ ਕਰ ਕੇ ਸਿੰਘਾਸਣ ਤਕ ਪੁੱਜਦੇ ਰਹੇ ਅਕਾਲੀ ਦਲ ਨੂੰ ਬੇਅਦਬੀ ਕਾਂਡ ਤੋਂ ਬਾਅਦ ਵੱਡਾ ਨੁਕਸਾਨ ਹੋਇਆ ਸੀ, ਜਿਸ ਕਰਕੇ ਇਸ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੱਤਾ ਤੋਂ ਲਾਂਭੇ ਹੋਣਾ ਪਿਆ। ਕਾਂਗਰਸ ਦਾ ਵੋਟ ਪ੍ਰਤੀਸ਼ਤ ਘਟਣ ਦੇ ਬਾਵਜੂਦ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀਆਂ ਸੀਟਾਂ ਵੱਧ ਕੇ 77 ਹੋ ਗਈਆਂ ਸਨ। ਨਵੀਂ ਬਣੀ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੇ ਮੁਕਾਬਲੇ ਬਿਹਤਰ ਪ੍ਰਦਰਸ਼ਨ ਕਰ ਕੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਹੋਣ ਦਾ ਮਾਣ ਹਾਸਲ ਕਰ ਲਿਆ ਜਦਕਿ ਪੰਜਾਬ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਪੱਲੇ ਨਿਰਾਸ਼ਾ ਹੀ ਪਈ ਸੀ। ਪੰਥਕ ਆਧਾਰ ਨੂੰ ਖੋਰਾ ਲੱਗਣ ਤੋਂ ਬਾਅਦ ਅਕਾਲੀ ਦਲ ਨੂੰ ਨਵੀਂ ਸਿਆਸੀ ਜ਼ਮੀਨ ਹਾਸਲ ਕਰਨ ਦੀ ਲੋੜ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਇਹ ਗੱਠਜੋੜ ਪੱਕਾ ਹੈ ਕਿਉਂਕਿ ਉਹ ਜਿਸ ਨਾਲ ਯਾਰੀ ਲਾਉਂਦੇ ਹਨ, ਉਸ ਨੂੰ ਤੋੜ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਦਾਅਵੇ ਅਕਾਲੀ ਭਾਜਪਾ ਗੱਠਜੋੜ ਨੂੰ ਲੈ ਕੇ ਵੀ ਹੁੰਦੇ ਸਨ। ਦਰਅਸਲ, ਸਿਆਸਤ ਵਿਚ ਕੋਈ ਪੱਕਾ ਸੱਜਣ ਜਾਂ ਦੁਸ਼ਮਣ ਨਹੀਂ ਹੁੰਦਾ। ਦਰਅਸਲ ਗਣਿਤ ਹੀ ਰਾਹ-ਦਸੇਰਾ ਹੁੰਦਾ ਹੈ। ਹਾਂ, ਦੋਨਾਂ ਪਾਰਟੀਆਂ ਵਿਚ ਵਿਚਾਰਧਾਰਕ ਸਾਂਝ ਜ਼ਰੂਰ ਮੰਨੀ ਜਾ ਸਕਦੀ ਹੈ। ਬਾਬੂ ਕਾਂਸ਼ੀ ਰਾਮ ਅਕਸਰ ਕਿਹਾ ਕਰਦੇ ਸਨ ਕਿ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਉਨ੍ਹਾਂ ਦੇ ਚੋਣ ਮਨੋਰਥ ਪੱਤਰ ਨੂੰ ਪ੍ਰਭਾਵਿਤ ਕਰਦੀ ਰਹੀ ਹੈ। ਉਹ ਇਹ ਵੀ ਕਹਿੰਦੇ ਸਨ ਕਿ ਸੱਤਾ ਹਥਿਆਏ ਬਗ਼ੈਰ ਦਲਿਤਾਂ ਨੂੰ ਸਮਾਜਿਕ ਨਿਆਂ ਨਹੀਂ ਮਿਲਣ ਵਾਲਾ। ਨਵੀਂ ਸਦੀ ਵਿਚ ਨਵਾਂ ਸਿਆਸੀ ਗੱਠਜੋੜ ਦੱਬੇ ਕੁਚਲੇ ਲੋਕਾਂ ਨੂੰ 'ਬੇਗਮਪੁਰੇ' ਦਾ ਵਾਕਈ ਅਹਿਸਾਸ ਕਰਵਾਏਗਾ, ਇਹ ਕਹਿਣਾ ਫ਼ਿਲਹਾਲ ਮੁਸ਼ਕਲ ਹੈ। ਕਾਂਗਰਸ ਪਾਰਟੀ ਵਿਚ ਖਾਨਾਜੰਗੀ ਚਰਮ ਸੀਮਾ 'ਤੇ ਪੁੱਜੀ ਹੋਈ ਹੈ ਅਤੇ ਦਲਿਤ ਸਮਾਜ ਨਾਲ ਸਬੰਧਤ ਮੰਤਰੀ/ਵਿਧਾਇਕ ਸ਼ਰੇਆਮ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਬਣਦੇ ਹੱਕ-ਹਕੂਕ ਨਹੀਂ ਮਿਲ ਰਹੇ। ਤਿੰਨ ਖੇਤੀ

ਕਾਨੂੰਨਾਂ ਕਰਕੇ ਭਾਜਪਾ ਦੇ ਵੋਟ ਬੈਂਕ ਨੂੰ ਵੀ ਖੋਰਾ ਲੱਗਿਆ ਹੈ ਭਾਵੇਂ ਇਸ ਨੇ ਆਗਾਮੀ ਚੋਣਾਂ ਜਿੱਤਣ ਦੀ ਸੂਰਤ ਵਿਚ ਕਿਸੇ ਦਲਿਤ ਨੂੰ ਸੀਐੱਮ ਬਣਾਉਣ ਦਾ ਵਾਅਦਾ ਕੀਤਾ ਹੈ। ਅਕਾਲੀ-ਬਸਪਾ ਗਠਬੰਧਨ ਵੇਲੇ ਵੀ ਵੱਡੇ ਵਾਅਦੇ ਕੀਤੇ ਗਏ ਹੋਣਗੇ। ਗੱਠਜੋੜ ਵਿਚ ਕਦੋਂ ਪੀਚਵੀਆਂ ਗੰਢਾਂ ਪੈ ਜਾਣ, ਕਿਸ ਨੂੰ ਪਤਾ ? ਫ਼ਿਲਹਾਲ ਇਸ ਗੱਠਜੋੜ ਨੇ ਦੋਨਾਂ ਪਾਰਟੀਆਂ ਵਿਚ ਨਵੀਂ ਰੂਹ ਫੂਕੀ ਹੈ। ਢੋਲ ਦੀ ਤਾਲ 'ਤੇ ਭੰਗੜੇ ਪੈ ਰਹੇ ਹਨ। ਨਵੇਂ ਗੱਠਜੋੜ ਨਾਲ ਨਵੇਂ ਨਾਅਰੇ ਸੁਣਨ ਨੂੰ ਮਿਲ ਰਹੇ ਹਨ। ਹਾਥੀ ਹੁਣ ਅਕਾਲੀ ਦਲ ਦਾ ਨਵਾਂ ਸਾਥੀ ਬਣਿਆ ਹੈ ਜਿਸ ਨਾਲ ਪੰਜਾਬ ਦੀ ਸਿਆਸੀ ਫ਼ਿਜ਼ਾ ਅਵੱਸ਼ ਬਦਲ ਜਾਵੇਗੀ ਪਰ ਅਗਾਮੀ ਚੋਣਾਂ ਵਿਚ ਇਹ ਗੱਠਜੋੜ ਕੋਈ ਜਲਵਾ ਦਿਖਾ ਪਾਵੇਗਾ, ਇਸ ਬਾਰੇ ਫ਼ਿਲਹਾਲ ਕੋਈ ਟਿੱਪਣੀ ਕਰਨੀ ਵਾਜਿਬ ਨਹੀਂ ਹੋਵੇਗੀ।

13 ਜੂਨ

# ਉੱਡਣੇ ਸਿੱਖ ਦਾ ਮਲਾਲ

ਟੁੱਟਣ ਤੋਂ ਬਾਅਦ ਕੋਈ ਵੀ ਤਾਰਾ ਅੰਬਰ ’ਤੇ ਚਾਨਣ ਦੀ ਲਕੀਰ ਬਣਾਉਂਦਾ ਹੋਇਆ ਪਲਾਂ-ਛਿਣਾਂ ਵਿਚ ਹੀ ਲੋਪ ਹੋ ਜਾਂਦਾ ਹੈ ਜਦਕਿ ਭਾਰਤ ਦੇ ਹੁਣ ਤਕ ਦੇ ਸਭ ਤੋਂ ਮਹਾਨ ਐਥਲੀਟ ਮਿਲਖਾ ਸਿੰਘ ਵਰਗੇ ਪੰਜ ਤੱਤਾਂ ਵਿਚ ਵਿਲੀਨ ਹੋਣ ਤੋਂ ਬਾਅਦ ਵੀ ਧਰੂ ਤਾਰੇ ਵਾਂਗ ਅਸਮਾਨ ’ਤੇ ਚਮਕਦੇ ਰਹਿੰਦੇ ਹਨ। ਉਹ ਵਿਰਲੇ ਇਨਸਾਨਾਂ ’ਚੋਂ ਹਨ ਜੋ ਜਿਊਂਦਿਆਂ ਹੀ ਕਥਾ ਕਹਾਣੀਆਂ, ਬਾਤਾਂ-ਬਤੋਲੀਆਂ ਅਤੇ ਅਖਾਣਾਂ-ਮੁਹਾਵਰਿਆਂ ਵਿਚ ਸਮਾਏ ਹੋਏ ਸਨ। ਕੋਈ ਤੇਜ਼ ਦੌੜਦਾ ਹੋਇਆ ਹਵਾ ਨਾਲ ਗੱਲਾਂ ਕਰਦਾ ਤਾਂ ਲੋਕ ਤਨਜ਼ ਕੱਸਦੇ, ਅਖੇ ਤੂੰ ਕਿਹੜਾ ਮਿਲਖਾ ਸਿੰਘ ਬਣ ਜਾਣਾਂ! ਮਿਲਖਾ ਸਿੰਘ ਮੁਲਕ ਦੀ ਅਮੁੱਲੀ ਮਿਲਖ ਸੀ। ਖੇਡਾਂ ਪ੍ਰਤੀ ਜਨੂੰਨ ਕਾਰਨ ਦੁਨੀਆ ਦੇ ਕਈ ਦੇਸ਼ਾਂ ਵਿਚ ਉਨ੍ਹਾਂ ਨੇ ਤਿਰੰਗਾ ਲਹਿਰਾਇਆ ਸੀ। ਉਨ੍ਹਾਂ ਦੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਹਰ ਅੱਖ ਨਮ ਹੈ। ਹਰ ਕੋਈ ਉਨ੍ਹਾਂ ਨੂੰ ਆਪੋ-ਆਪਣੇ ਤਰੀਕੇ ਨਾਲ ਯਾਦ ਕਰ ਰਿਹਾ ਹੈ। ਵਰੁਣ ਟੰਡਨ ਵਰਗੇ ਆਰਟਿਸਟ ਨੇ ਖੰਭ ’ਤੇ ਮਿਲਖਾ ਸਿੰਘ ਦੀ ਤਸਵੀਰ ਬਣਾ ਕੇ ‘ਉੱਡਣੇ ਸਿੱਖ’ ਨੂੰ ਸ਼ਰਧਾਂਜਲੀ ਦਿੱਤੀ ਹੈ। ‘ਉੱਡਣੇ ਸਿੱਖ’ ਨੇ 80 ਕੌਮਾਂਤਰੀ ਦੌੜਾਂ ਵਿਚ ਭਾਗ ਲਿਆ, ਜਿਨ੍ਹਾਂ ’ਚੋਂ ਉਸ ਨੇ 77 ਜਿੱਤ ਕੇ ਵੱਡਾ ਕੀਰਤੀਮਾਨ ਸਥਾਪਤ ਕੀਤਾ ਸੀ। ਮਿਲਖਾ ਸਿੰਘ ਦੇ ਜਿਊਂਦੇ-ਜੀਅ ਉਸ ਦੇ ਆਦਮ ਕੱਦ ਬੁੱਤ ਲੱਗਣੇ ਤੇ ‘ਭਾਗ ਮਿਲਖਾ ਭਾਗ’ ਵਰਗੀ ਬਾਇਓਪਿਕ ਬਣਨੀ ਆਪਣੇ-ਆਪ ਵਿਚ ਵੱਡੀ ਮਿਸਾਲ ਹੈ। ਬਿਖਮ ਤੇ ਬਿਖੜੇ ਰਾਹਾਂ ’ਤੇ ਸਿਰੜ ਨਾਲ ਚੱਲਣ ਵਾਲਾ ਮਿਲਖਾ ਸਿੰਘ ਸਾਰੀ ਉਮਰ ਸੰਘਰਸ਼ ਕਰਦਾ ਰਿਹਾ। ਉਸ ਦਾ ਮੁਕਾਬਲਾ ਖ਼ੁਦ ਨਾਲ ਹੀ ਹੁੰਦਾ ਸੀ। ਸੰਨ 1960 ਦੀ ਰੋਮ ਓਲੰਪਿਕਸ ਵਿਚ ਉਸ ਨੇ ਦੌੜ ਦੇ ਆਖ਼ਰੀ ਪਲਾਂ ’ਚ ਪਿੱਛੇ ਪਰਤ ਕੇ ਵੇਖਣ ਦੀ ਵੱਡੀ ਗ਼ਲਤੀ ਕੀਤੀ ਸੀ ਜਿਸ ਕਾਰਨ ਉਹ ਚੌਥੇ ਨੰਬਰ ’ਤੇ ਅੱਖ ਦੇ ਫੋਰ ਨਾਲ ਉਹ ਮੈਡਲ ਤੋਂ ਖੁੰਝ ਗਿਆ ਜਿਸ ਦਾ ਮਿਲਖਾ ਸਿੰਘ ਨੂੰ ਸਾਰੀ ਉਮਰ ਮਲਾਲ ਰਿਹਾ। ਇਹ ਸਬਕ ਉਹ ਹਰ ਕਿਸੇ ਨੂੰ ਦਿੰਦਾ ਕਿ ਜ਼ਿੰਦਗੀ ਵਿਚ ਕਦੇ ਭੌਂ ਕੇ ਪਿੱਛੇ ਨਾ ਵੇਖੋ। ਜ਼ਿੰਦਗੀ ਵਿਚ ਛਿਣ-ਪਲ ਦੀ ਵੀ ਬਹੁਤ ਮਹੱਤਤਾ ਹੁੰਦੀ ਏ। ਚਾਰ ਕੁ ਸਕਿੰਟਾਂ ਦਾ ਫ਼ਰਕ ਨਾ ਪੈਂਦਾ ਤਾਂ ਰੋਮ ਓਲੰਪਿਕਸ ਵਿਚ ਭਾਰਤ ਨੇ ਇਤਿਹਾਸ ਰਚ ਦੇਣਾ ਸੀ। ਉਸ ਨੇ ਭਾਵੇਂ ਸੋਨ ਮੈਡਲਾਂ ਨਾਲ ਦੇਸ਼ ਦੀ ਝੋਲੀ ਭਰ ਦਿੱਤੀ ਪਰ ਰੋਮ ਵਿਚ ਪਿੱਛੇ ਤੱਕਣ ਦੇ ਪਛਤਾਵੇ ਨੇ ਉਸ ਦਾ ਕਦੇ ਪਿੱਛਾ ਨਾ ਛੱਡਿਆ। ਇਸ ਦੇ ਬਾਵਜੂਦ ਮਿਲਖਾ ਸਿੰਘ ਨੇ ਹੌਸਲਾ ਨਾ ਛੱਡਿਆ ਤੇ ਓਕਾਬ ਵਾਂਗ ਅੰਬਰ ’ਤੇ ਆਲ੍ਹਣਾ ਪਾਉਣ ਲਈ ਉਹ ਹਮੇਸ਼ਾ ਤਤਪਰ ਰਹਿੰਦਾ। ‘ਏਸ਼ੀਆ ਦਾ ਤੂਫ਼ਾਨ’ ਅਖਵਾਉਣ ਵਾਲੇ ਅਬਦੁਲ ਖਾਲਿਕ ਨੂੰ ਲਾਹੌਰ ਦੇ ਸਟੇਡੀਅਮ ਵਿਚ ਵੱਡੇ

ਫ਼ਰਕ ਨਾਲ ਜਦੋਂ ਉਸ ਨੇ ਪਛਾੜਿਆ ਤਾਂ ਪਾਕਿਸਤਾਨ ਦੇ ਤਤਕਾਲੀ ਸਦਰ ਜਨਰਲ ਅਯੂਬ ਖ਼ਾਨ ਨੇ ਮਿਲਖਾ ਸਿੰਘ ਦੇ ਸੋਹਲੇ ਗਾਉਂਦਿਆਂ ਕਿਹਾ ਸੀ, "ਮਿਲਖਾ ਸਿੰਘ ਤੁਸੀਂ ਦੌੜੇ ਨਹੀਂ ਬਲਕਿ ਉੱਡੇ ਹੋ, ਇਸ ਲਈ ਪਾਕਿਸਤਾਨ ਤੁਹਾਨੂੰ ਉੱਡਣੇ ਸਿੱਖ ਦਾ ਖ਼ਿਤਾਬ ਦੇ ਕੇ ਮਾਣ ਮਹਿਸੂਸ ਕਰਦਾ ਹੈ।' ਦੇਸ਼ ਦੀ ਵੰਡ ਵੇਲੇ ਮਿਲਖਾ ਤੇ ਉਸ ਦੀ ਭੈਣ ਤੋਂ ਇਲਾਵਾ ਸਾਰਾ ਪਰਿਵਾਰ ਨਸਲੀ ਦੰਗਿਆਂ ਦੀ ਭੇਟ ਚੜ੍ਹ ਗਿਆ ਸੀ। ਕਤਲ ਹੋਣ ਤੋਂ ਪਹਿਲਾਂ ਉਸ ਦੇ ਪਿਤਾ ਨੇ ਨੰਨ੍ਹੇ ਬਾਲਕ ਨੂੰ ਜ਼ੋਰ ਦੀ ਆਵਾਜ਼ ਦਿੰਦਿਆਂ ਕਿਹਾ ਸੀ ਕਿ 'ਮਿਲਖੇ ਭੱਜ ਜਾ ਪਿੱਛੇ ਪਰਤ ਕੇ ਨਾ ਦੇਖੀਂ।' ਦਰਿੰਦਿਆਂ ਤੋਂ ਆਪਣੀ ਜਾਨ ਬਚਾ ਕੇ ਭੱਜਣ ਵਾਲਾ ਮਿਲਖਾ ਦਿੱਲੀ ਦੇ ਸ਼ਰਨਾਰਥੀ ਕੈਂਪ ਵਿਚ ਆਪਣੀ ਭੈਣ ਨਾਲ ਰਿਹਾ ਸੀ। ਤੰਗੀਆਂ-ਤੁਰਸ਼ੀਆਂ ਝੱਲਦਿਆਂ ਉਹ ਫ਼ੌਜ ਵਿਚ ਭਰਤੀ ਹੋਇਆ ਤਾਂ ਏਧਰ-ਓਧਰ ਦੌੜਨ-ਭੱਜਣ ਵਾਲੇ ਨੂੰ ਸਹੀ ਦਿਸ਼ਾ ਵਿਚ ਦੌੜਨ ਲਈ ਵੱਡਾ ਮੰਚ ਮਿਲ ਗਿਆ। ਅਬਦੁਲ ਖਾਲਿਕ ਨੂੰ ਉਸੇ ਦੀ ਸਰਜ਼ਮੀਨ 'ਤੇ ਧੂੜ ਚਟਾਉਣ ਤੋਂ ਬਾਅਦ ਏਸ਼ੀਆ ਦਾ ਤੂਫ਼ਾਨ ਠੱਲ੍ਹ ਗਿਆ ਸੀ ਤੇ ਉਸ ਨੇ ਉੱਡਣੇ ਸਿੱਖ ਨਾਲ ਫਿਰ ਕਦੇ ਕੋਈ ਦੌੜ ਲਗਾਉਣ ਦਾ ਹੌਸਲਾ ਨਾ ਕੀਤਾ। ਮਿਲਖਾ ਸਿੰਘ ਨਵੀਂ ਪੀੜ੍ਹੀ ਨੂੰ ਅਕਸਰ ਕਿਹਾ ਕਰਦੇ ਸਨ ਕਿ ਹਮੇਸ਼ਾ ਦੌੜਦੇ ਰਹੋ ਕਿਉਂਕਿ ਇਸ ਨਾਲ ਖ਼ੂਨ ਤੱਤਾ ਰਹਿੰਦਾ ਹੈ। ਰਗਾਂ ਵਿਚ ਖ਼ੂਨ ਤਾਂ ਹੀ ਦੌੜੇਗਾ ਜੇ ਤੁਸੀਂ ਦੜੋਗੇ। ਰੁਕ ਗਏ ਤਾਂ ਖ਼ੂਨ ਰਗਾਂ ਵਿਚ ਜੰਮ ਜਾਵੇਗਾ। ਪਾਣੀ ਵੀ ਜੇ ਖਲੋ ਜਾਵੇ ਤਾਂ ਤਰਕ ਜਾਂਦਾ ਹੈ। ਚੱਲਣਾ ਹੀ ਜੀਵਨ ਹੈ। ਜਨੂੰਨ ਉਸ ਦੇ ਸੁਪਨਿਆਂ ਨੂੰ ਖੰਭ ਲਾਉਂਦਾ ਸੀ। ਉਹ ਸੱਚਮੁੱਚ 'ਮੇਰਾ ਦਾਗਿਸਤਾਨ' ਦੇ ਉਕਾਬ ਵਰਗਾ ਸੀ ਜੋ ਉੱਚੇ ਗਗਨੀ ਉੱਡਦਿਆਂ ਆਪਣੇ ਖੰਭਾਂ ਨਾਲ ਧੁੰਦ ਨੂੰ ਚੀਰਦਾ ਹੋਇਆ ਅੱਗੇ ਵੱਧਦਾ ਸੀ। ਰਸੂਲ ਹਮਜ਼ਾਤੋਵ ਕਹਿੰਦਾ ਹੈ ਕਿ ਪਹਾੜੀ ਓਕਾਬ ਹੀ ਅਜਿਹਾ ਪੰਛੀ ਹੈ ਜੋ ਚੱਟਾਨ ਤੋਂ ਸਿੱਧਾ ਅੰਬਰ ਵੱਲ ਉੱਡਦਾ ਹੈ। ਉਹ ਕਹਿੰਦਾ, "ਕਾਂ ਨੀਵੀਆਂ ਥਾਵਾਂ ਉੱਤੇ ਆਲ੍ਹਣੇ ਪਾਉਂਦੇ ਹਨ ਜਦਕਿ ਓਕਾਬ ਸਭ ਤੋਂ ਉੱਚੇ ਪਹਾੜਾਂ ਦੇ ਉੱਪਰ ਉਡਾਰੀਆਂ ਭਰਦੇ ਨੇ।" ਮਿਲਖਾ ਸਿੰਘ ਸਾਰੀ ਉਮਰ ਉੱਡਦਾ ਹੋਇਆ ਟਰੈਕ 'ਤੇ ਅਮਿੱਟ ਪੈੜਾਂ ਛੱਡਦਾ ਰਿਹਾ। ਜ਼ਮੀਨ ਨਾਲ ਜੁੜਿਆ ਹੋਇਆ ਹੋਣ ਕਾਰਨ ਉਹ ਜ਼ਮੀਨੀ ਹਕੀਕਤਾਂ ਤੋਂ ਅਨਜਾਣ ਨਹੀਂ ਸੀ। ਭਾਰਤ ਵਿਚ ਖਿਡਾਰੀਆਂ ਖ਼ਾਸ ਤੌਰ 'ਤੇ ਐਥਲੀਟਾਂ ਨੂੰ ਬਣਦਾ ਮਾਣ ਸਨਮਾਨ ਨਾ ਮਿਲਣ ਕਰਕੇ ਉਹ ਆਪਣੇ ਭਾਸ਼ਣਾਂ ਵਿਚ ਸੱਤਾਧਾਰੀਆਂ ਨਾਲ ਗਿਲਾ-ਸ਼ਿਕਵਾ ਕਰਦੇ ਰਹਿੰਦੇ। ਉਹ ਕਿਹਾ ਕਰਦੇ ਸਨ ਕਿ ਜੇ ਪੀ.ਟੀ. ਊਸ਼ਾ ਵਰਗੀਆਂ ਦਾ ਸਾਥ ਉਸ ਦੇ ਕੋਚ ਨੇ ਦਿੱਤਾ ਹੁੰਦਾ ਤਾਂ ਉਹ ਅਵੱਸ਼ ਓਲੰਪਿਕਸ 'ਚੋਂ ਸੋਨ ਤਗਮਾ ਜਿੱਤ ਸਕਦੀ ਸੀ। ਕ੍ਰਿਕਟ ਦੀ ਬਜਾਏ ਦੂਜੀਆਂ ਖੇਡਾਂ ਨੂੰ ਵਧੇਰੇ ਤਵੱਜੋਂ ਦਿੱਤੀ ਜਾਂਦੀ ਤਾਂ ਜਮਾਇਕਾ ਵਾਂਗ ਭਾਰਤ ਵਿਚ ਵੀ ਘਰ-ਘਰ ਐਥਲੀਟ ਪੈਦਾ ਹੋਣੇ ਸਨ। ਉਨ੍ਹਾਂ ਦੀ ਹਸਰਤ ਸੀ ਕਿ ਉਨ੍ਹਾਂ ਦੇ ਜਿਊਂਦੇ ਜੀਅ ਭਾਰਤ ਦਾ ਕੋਈ ਅਥਲੀਟ ਓਲੰਪਿਕਸ 'ਚ ਗੋਲਡ ਮੈਡਲ ਜਿੱਤ ਕੇ ਲਿਆਵੇ। ਅੱਜ ਕੇਂਦਰ ਦੇ ਖੇਡ ਮੰਤਰੀ ਦੇਸ਼ ਵਾਸੀਆਂ ਨਾਲ ਵਾਅਦਾ ਕਰ ਰਹੇ ਹਨ ਕਿ ਮਿਲਖਾ ਸਿੰਘ ਦੀ ਅੰਤਿਮ ਇੱਛਾ ਅਵੱਸ਼ ਪੂਰੀ ਕੀਤੀ ਜਾਵੇਗੀ। ਉਨ੍ਹਾਂ ਨੇ ਮਿਲਖਾ ਸਿੰਘ ਦੇ ਸਸਕਾਰ ਵੇਲੇ ਐਲਾਨ ਕੀਤਾ ਕਿ ਟੋਕੀਓ ਵਿਚ ਹੋ ਰਹੀਆਂ ਓਲੰਪਿਕ ਖੇਡਾਂ 'ਚ ਜਿੰਨੇ

ਵੀ ਮੈਡਲ ਜਿੱਤੇ ਜਾਣਗੇ ਉਹ ਸਾਰੇ ਮਿਲਖਾ ਸਿੰਘ ਦੇ ਨਾਂ ਕੀਤੇ ਜਾਣਗੇ। ਟੋਕੀਓ ਓਲੰਪਿਕਸ ਦਾ ਜ਼ਿਕਰ ਕਰਦਿਆਂ ਰਸੂਲ ਹਮਜ਼ਾਤੋਵ ਵੱਲੋਂ ਦਿੱਤਾ ਹਵਾਲਾ ਯਾਦ ਆਉਂਦਾ ਹੈ। ਉਹ ਲਿਖਦਾ ਹੈ ਕਿ ਜਾਪਾਨੀ ਲੋਕ ਸਾਰਸ ਨੂੰ ਸਭ ਤੋਂ ਵੱਧ ਅਹਿਮ ਪੰਛੀ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੇ ਕੋਈ ਬਿਮਾਰ ਵਿਅਕਤੀ ਕਾਗ਼ਜ਼ 'ਤੇ ਸਾਰਸ ਦੇ ਹਜ਼ਾਰ ਚਿੱਤਰ ਬਣਾ ਲਵੇ ਤਾਂ ਉਹ ਨੌਂ-ਬਰ-ਨੌ ਹੋ ਜਾਂਦਾ ਹੈ। ਸਾਰਤ, ਓਕਾਬ ਨਾਲੋਂ ਵੱਧ ਜੋਸ਼ੀਲਾ ਤੇ ਲੜਾਕਾ ਪੰਛੀ ਮੰਨਿਆ ਜਾਂਦਾ ਹੈ। ਜਾਪਾਨ ਦੀ ਰਾਜਧਾਨੀ ਟੋਕੀਓ ਵਿਚ ਹੋਣ ਵਾਲੀ ਓਲੰਪਿਕਸ ਤੋਂ ਪਹਿਲਾਂ ਜੇ 'ਬਿਮਾਰ ਦੇਸ਼' ਦੇ ਖਿਡਾਰੀ ਉੱਡਣੇ ਸਿੱਖ ਨੂੰ ਸਾਰਸ ਮੰਨ ਕੇ ਉਸ ਦੇ ਹਜ਼ਾਰ ਚਿੱਤਰ ਬਣਾ ਲੈਣ ਤਾਂ ਸ਼ਾਇਦ ਇਸ ਟੂਣੇ ਨਾਲ ਮਿਲਖਾ ਸਿੰਘ ਦੀ ਅੰਤਿਮ ਇੱਛਾ ਪੂਰੀ ਹੋ ਜਾਵੇ!

20 ਜੂਨ

# ਸਰਕਾਰ ਦੇ ਮਾਅਨੇ

ਅੱਜ ਤੋਂ 182 ਸਾਲ ਪਹਿਲਾਂ 27 ਜੂਨ 1839 ਨੂੰ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲਾ ਸ਼ੇਰ-ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਅੱਖਾਂ ਮੀਟ ਗਿਆ ਤਾਂ ਪੰਜ ਦਰਿਆਵਾਂ ਦੇ ਪਾਣੀ ਜਿਵੇਂ ਅੱਥਰੂ ਬਣ ਕੇ ਵਹਿ ਰਹੇ ਸਨ। ਉਸ ਦੇ ਫੌਤ ਹੋਣ ਤੋਂ ਇਕ ਦਹਾਕੇ ਦੇ ਅੰਦਰ ਹੀ ਫਿਰੰਗੀਆਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਸੀ। ਉਸ ਦੇ ਰਾਜ-ਕਾਲ ਨੂੰ ਯਾਦ ਕਰਦਿਆਂ ਪੰਜਾਬੀ ਅੱਜ ਵੀ ਲਹੂ ਦੇ ਅੱਥਰੂ ਰੋਂਦੇ ਹਨ। ਉਸ ਦੇ ਰਾਜ ਦੀ ਤਰਜ਼ 'ਤੇ 'ਰਾਜ ਨਹੀਂ ਸੇਵਾ' ਦੇ ਨਾਅਰੇ ਘੜੇ ਗਏ। ਕਈ ਸਰਕਾਰਾਂ ਆਈਆਂ ਤੇ ਉਨ੍ਹਾਂ ਦਾ ਭੋਗ ਪੈਂਦਾ ਰਿਹਾ, ਪਰ ਮਹਾਰਾਜਾ ਰਣਜੀਤ ਸਿੰਘ ਵਰਗਾ ਕੋਈ ਨਾ ਬਣ ਸਕਿਆ। ਪੰਜਾਬ ਦਰਿਆਵਾਂ ਦਾ ਬੱਬਰ ਸ਼ੇਰ, ਮਹਾਬਲੀ ਰਣਜੀਤ ਸਿੰਘ ਖੁਦ ਨੂੰ ਮਹਾਰਾਜਾ ਦੀ ਬਜਾਏ 'ਸਰਕਾਰ' ਅਖਵਾਉਣ ਨੂੰ ਤਰਜੀਹ ਦਿੰਦਾ ਸੀ। ਲਾਹੌਰ ਦਰਬਾਰ ਵਿਚ ਬਾਬਾ ਸਾਹਿਬ ਸਿੰਘ ਬੇਦੀ ਵੱਲੋਂ ਸ਼ੇਰ-ਏ ਪੰਜਾਬ ਨੂੰ ਰਾਜ ਤਿਲਕ ਲਗਾਉਣ ਤੋਂ ਬਾਅਦ ਜਦੋਂ ਮਹਾਰਾਜੇ ਦਾ ਖ਼ਿਤਾਬ ਦਿੱਤਾ ਗਿਆ ਤਾਂ ਉਸ ਨੇ ਦਰਬਾਰ ਵਿਚ ਜੁੜੀਆਂ ਆਲ੍ਹਾ ਹਸਤੀਆਂ, ਦਰਬਾਰੀਆਂ ਅਤੇ ਅਹਿਲਕਾਰਾਂ ਨੂੰ ਹਦਾਇਤ ਕੀਤੀ ਕਿ ਉਹ ਉਸ ਨੂੰ 'ਸਰਕਾਰ' ਕਹਿ ਕੇ ਸੰਬੋਧਨ ਕਰਿਆ ਕਰਨ ਕਿਉਂਕਿ 'ਮਹਾਰਾਜ' ਸ਼ਬਦ ਤਾਂ 'ਸੱਚੇ ਪਾਤਸ਼ਾਹ' ਅਰਥਾਤ ਗੁਰੂ ਸਾਹਿਬਾਨ ਲਈ ਹੀ ਸੋਂਹਦਾ ਹੈ। ਘੋੜੇ ਦੀ ਕਾਠੀ 'ਤੇ ਮੈਦਾਨ-ਏ-ਜੰਗ ਵਿਚ ਬਹੁਤਾ ਜੀਵਨ ਬਿਤਾਉਣ ਵਾਲੇ ਨੂੰ ਜਦੋਂ ਰਾਜ-ਸਿੰਘਾਸਣ 'ਤੇ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਸ ਨੇ ਧਰਮ-ਨਿਰਪੱਖ ਰਾਜ ਦੇਣ ਦਾ ਹਲਫ਼ ਲੈਂਦਿਆਂ ਲੋਕ ਸੇਵਾ ਨੂੰ ਤਰਜੀਹ ਦਿੱਤੀ। ਤਖ਼ਤ-ਨਸ਼ੀਨ ਹੁੰਦਿਆਂ ਸਾਰ ਬਾਗ਼ੀ ਸੁਰਾਂ ਸ਼ਾਂਤ ਹੋ ਗਈਆਂ ਤੇ ਹਰ ਵਰਗ ਦੇ ਲੋਕ ਉਸ ਦੀ ਬੁੱਕਲ ਦਾ ਨਿੱਘ ਮਾਣਨ ਲੱਗ ਪਏ। ਸੰਨ 1699 ਵਿਚ ਸਿੱਖ ਪੰਥ ਦੀ ਸਾਜਨਾ ਤੋਂ ਪੂਰੀ ਇਕ ਸ਼ਤਾਬਦੀ ਬਾਅਦ ਮਹਾਬਲੀ ਰਣਜੀਤ ਸਿੰਘ ਨੇ ਲਾਹੌਰ 'ਤੇ ਹੱਲਾ ਬੋਲ ਕੇ ਸ਼ਾਹੀ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ। ਉਸ ਵੇਲੇ ਮਧਰੇ ਕੱਦ ਵਾਲੇ ਮੁੱਛ-ਫੁੱਟ ਰਣਜੀਤ ਸਿੰਘ ਦੀ ਉਮਰ ਮਹਿਜ਼ 19 ਸਾਲ ਦੀ ਸੀ। ਬਹੁਤੇ ਇਤਿਹਾਸਕਾਰਾਂ ਨੇ ਭਾਵੇਂ ਉਸ ਨੂੰ ਸਿੱਖ ਰਾਜਾ ਕਿਹਾ ਹੈ ਫਿਰ ਵੀ ਉਹ ਮੁਸਲਮਾਨਾਂ, ਹਿੰਦੂਆਂ ਅਤੇ ਸਮਾਜ ਦੇ ਸਾਰੇ ਵਰਗਾਂ ਦਾ ਸਾਂਝਾ ਮਹਾਰਾਜਾ ਬਣ ਕੇ ਉੱਭਰਿਆ ਸੀ। ਉਸ ਦੇ ਰਾਜ ਵਿਚ ਮਜ਼੍ਹਬ ਦੇ ਨਾਂ 'ਤੇ ਕਿਸੇ ਨਾਲ ਤੇਰ- ਮੇਰ ਨਹੀਂ ਸੀ ਹੁੰਦੀ। ਸਲਤਨਤ ਦੀਆਂ ਨੀਂਹਾਂ ਪੱਕੀਆਂ ਹੋਣ ਤੋਂ ਬਾਅਦ ਮਹਾਰਾਜੇ ਨੇ ਮੰਦਿਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਨੂੰ ਨਵੀਂ ਰੂਪ-ਰੇਖਾ ਦੇਣ ਦਾ ਬੀੜਾ ਚੁੱਕ ਲਿਆ। ਹਰਿਮੰਦਰ ਸਾਹਿਬ ਨੂੰ 'ਗੋਲਡਨ ਟੈਂਪਲ' ਬਣਾਉਣ ਦਾ ਸੁਨਹਿਰੀ ਫੁਰਨਾ ਵੀ ਉਸ ਨੂੰ ਫੁਰਿਆ ਸੀ। ਇਸ ਨੂੰ

ਅਮਲੀਜਾਮਾ ਪੁਆਉਣ ਲਈ ਉਸ ਨੇ ਲਾਇਲਪੁਰ ਦੇ ਚਿਨੋਟ ਕਸਬੇ ਤੋਂ ਕਾਰੀਗਰਾਂ ਨੂੰ ਗੁਰੂ ਨਗਰੀ ਬੁਲਾਇਆ। ਅੰਮ੍ਰਿਤਸਰ ਦੇ ਲਾਹੌਰੀ ਗੇਟ ਨੇੜੇ ਉਨ੍ਹਾਂ ਦੇ ਰੈਣ ਬਸੇਰੇ ਲਈ ਇਮਾਰਤ ਤਾਮੀਰ ਕਰਵਾਈ ਗਈ ਜਿਸ ਨੂੰ 'ਹਵੇਲੀ ਚਿਨੋਟਿਆਂ' ਕਿਹਾ ਜਾਂਦਾ ਹੈ। ਇਮਾਰਤਸਾਜ਼ੀ ਦੇ ਇਹ ਕਾਰੀਗਰ 'ਸਿੱਖ ਆਰਕੀਟੈਕਟ' ਮੁਤਾਬਕ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਗੁੰਬਦਾਂ/ਕੰਧਾਂ 'ਤੇ ਪਿੱਤਲ ਦੀਆਂ ਪਰਤਾਂ ਚੜ੍ਹਾਉਂਦੇ ਅਤੇ ਫਿਰ ਉਨ੍ਹਾਂ 'ਤੇ ਸੋਨਾ ਚੜ੍ਹਾਇਆ ਜਾਂਦਾ। ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਸੋਨੇ 'ਤੇ ਉੱਭਰਵੇ ਅੱਖਰਾਂ 'ਤੇ ਲਿਖੀ ਇਬਾਰਤ ਸ਼ੇਰ-ਏ-ਪੰਜਾਬ ਦੀ ਅੱਤ ਹਲੀਮੀ ਦਾ ਸਬੂਤ ਦਿੰਦੀ ਹੈ, "ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਜਾਣ ਕੇ ਸ੍ਰੀ ਦਰਬਾਰ ਸਾਹਿਬ ਕੀ ਸੇਵਾ ਸਿੰਘ ਸਾਹਿਬ ਰਣਜੀਤ ਸਿੰਘ ਪਰ ਦਯਾ ਕਰ ਕੇ ਕਰਵਾਈ।" ਰਣਜੀਤ ਸਿੰਘ ਹਿੱਕ ਦੇ ਜ਼ੋਰ 'ਤੇ ਮਹਾਰਾਜਾ ਬਣਿਆ ਸੀ ਫਿਰ ਵੀ ਉਹ ਖ਼ੁਦ ਨੂੰ ਲੋਕ ਸੇਵਕ ਬਣ ਕੇ ਆਮ ਲੋਕਾਂ ਵਿਚ ਵਿਚਰਿਆ ਕਰਦਾ ਸੀ। ਆਖ਼ਰ ਮੁਗਲਾਂ ਤੋਂ ਬਾਅਦ ਭੰਗੀ ਸਰਦਾਰਾਂ ਦੇ ਸਤਾਏ ਲਾਹੌਰੀਆਂ ਨੇ ਰਣਜੀਤ ਸਿੰਘ ਦੀ ਸ਼ੋਭਾ ਸੁਣ ਕੇ ਹੀ ਲਾਹੌਰ 'ਤੇ ਕਬਜ਼ਾ ਕਰਨ ਲਈ ਸੰਖ ਪੂਰਿਆ ਸੀ। ਮਿਸਲਾਂ ਵਿਚ ਵੰਡੀ ਸਿੱਖ ਸ਼ਕਤੀ ਨੂੰ ਇਕੱਠਿਆਂ ਕਰ ਕੇ ਰਣਜੀਤ ਸਿੰਘ ਮਹਾਬਲੀ ਬਣਿਆ ਸੀ। ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਮੌਜੂਦਾ ਹੱਦਾਂ ਤੋਂ ਵੀ ਪਾਰ ਫੈਲਿਆ ਸੀ ਉਸ ਦਾ ਰਾਜ। ਉਸ ਦੀ ਕੀਰਤੀ ਸੱਥਾਂ ਤੇ ਗਲੀਆਂ-ਕੂਚਿਆਂ ਵਿਚ ਹੋ ਰਹੀ ਸੀ। ਸ਼ਹਿਨਸ਼ਾਹ ਬਾਬਰ ਦੇ ਵੇਲੇ ਤੋਂ ਹੀ ਲਾਹੌਰ ਦੀ ਸਰ-ਜ਼ਮੀਨ ਨੂੰ ਮੁਗ਼ਲਈ ਫੌਜਾਂ ਲਤਾੜਦੀਆਂ ਆ ਰਹੀਆਂ ਸਨ। ਬਾਬਰ ਦੇ ਹਮਲੇ ਤੋਂ ਬਾਅਦ ਬਾਬੇ ਨਾਨਕ ਨੇ ਹਾਅ ਦਾ ਨਾਅਰਾ ਮਾਰਦਿਆਂ ਉਸ ਨੂੰ ਲਾਹਨਤਾਂ ਪਾਈਆਂ ਸਨ, "ਪਾਪ ਕੀ ਜੰਞ ਲੈ ਕਾਬਲਹੁ ਧਾਇਆ/ਜੋਰੀ ਮੰਗੈ ਦਾਨ ਵੇ ਲਾਲੋ॥" ਬਾਬੇ ਨਾਨਕ ਨੂੰ ਧਿਆਉਂਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਮੁਗ਼ਲਈ ਜਜ਼ੀਏ ਨੂੰ ਖ਼ਤਮ ਕਰ ਕੇ ਆਮ ਲੋਕਾਂ ਨੂੰ ਰਾਹਤ ਪਹੁੰਚਾਈ ਸੀ। 'ਖ਼ਾਲਸਾ ਪੰਥ' ਦੀ ਸਾਜਨਾ ਦੇ ਸੌ ਸਾਲ ਬਾਅਦ ਕਿਸੇ ਪੰਜਾਬੀ ਦੇ ਹੱਥ ਰਾਜ ਦੀ ਵਾਗਡੋਰ ਆਈ ਸੀ। ਕੁਸ਼ਲ ਪ੍ਰਸ਼ਾਸਨ ਕਰਕੇ ਮਹਾਰਾਜੇ ਦੀ ਮਹਿਮਾ ਹਰ ਕੋਈ ਗਾਉਂਦਾ। ਲੋਕ-ਕਹਾਣੀਆਂ 'ਚ ਇਸੇ ਲਈ ਉਹ ਛਾਇਆ ਹੋਇਆ ਹੈ। ਮਹਾਰਾਜੇ ਦੇ ਰਾਜ-ਕਾਲ ਵੇਲੇ ਪੰਜਾਬ 'ਚ ਕਾਲ ਪਿਆ ਤਾਂ ਉਹ ਭੇਸ ਵਟਾ ਕੇ ਲੋਕਾਂ 'ਚ ਵਿਚਰਨ ਲੱਗਾ। ਲੋਕਾਂ ਨੂੰ ਭੁੱਖ ਨਾਲ ਵਿਲਕਦਾ ਵੇਖ ਕੇ ਉਸ ਨੇ ਸਰਕਾਰੀ ਮੋਦੀਖਾਨੇ ਦੇ ਕਿਵਾੜ ਖੋਲ੍ਹ ਦਿੱਤੇ ਸਨ। ਲੋਕ-ਕਥਾ ਅਨੁਸਾਰ ਇਕ ਬਜ਼ੁਰਗ ਨੇ ਅੰਨ ਦੀ ਬੋਰੀ ਨੱਕੋ-ਨੱਕ ਭਰ ਲਈ ਜੋ ਉਸ ਕੋਲੋਂ ਚੁੱਕੀ ਨਹੀਂ ਸੀ ਜਾ ਰਹੀ। 'ਪਹੁਤਾ ਪਾਂਡੀ' ਬਣ ਕੇ ਮਹਾਰਾਜਾ ਉਹ ਬੋਰੀ ਆਪਣੀ ਪਿੱਠ 'ਤੇ ਚੁੱਕ ਕੇ ਉਸ ਬਜ਼ੁਰਗ ਦੇ ਘਰ ਛੱਡਣ ਚਲਾ ਗਿਆ। ਇਸ ਤਰ੍ਹਾਂ ਦੇ ਰਾਜ-ਕਾਲ ਨੂੰ ਪੰਜਾਬੀ ਅੱਜ ਵੀ ਤਰਸਦੇ ਹਨ। ਲੋਕਤੰਤਰ 'ਚ ਹਰ ਸਰਕਾਰ ਵੱਲੋਂ ਲੋਕਾਂ ਦੀ ਲੁੱਟ ਤੇ ਕੁੱਟ ਜਾਰੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੰਖੇਪ ਜੀਵਨ ਕਾਲ 'ਚ ਚਾਰ ਦਹਾਕੇ ਰਾਜ ਦੀ ਬਜਾਏ ਲੋਕਾਂ ਦੀ ਸੇਵਾ ਕੀਤੀ ਸੀ। ਉਸ ਦੇ ਅੱਖਾਂ ਮੀਟਣ ਤੋਂ ਬਾਅਦ ਦਸ ਸਾਲ ਰੱਜ ਕੇ ਬੁਰਛਾਗਰਦੀ ਹੋਈ। ਬਦਲਿਆਂ ਨੇ ਰਾਜ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਖਾਨਾਜੰਗੀ ਨੇ ਪੰਜਾਬ ਦਾ ਖਾਨਾ

ਖ਼ਰਾਬ ਕਰ ਦਿੱਤਾ। ਆਪਸੀ ਮਾਰਧਾੜ ਤੇ ਖ਼ੂਨ-ਖ਼ਰਾਬੇ ਨੇ ਫਿਰੰਗੀਆਂ ਨੂੰ ਪੰਜਾਬ 'ਤੇ ਕਬਜ਼ਾ ਕਰਨ ਦਾ ਖੁੱਲ੍ਹਾ ਸੱਦਾ ਦੇ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਜਿਊਂਦਿਆਂ ਜਿਹੜੇ ਗੋਰੇ ਹਾਕਮ ਪੰਜਾਬ ਵੱਲ ਕੈਰੀ ਅੱਖ ਨਾਲ ਵੇਖਣ ਦੀ ਜੁਅਰਤ ਨਹੀਂ ਸਨ ਕਰਦੇ, ਉਨ੍ਹਾਂ ਨੇ ਪੰਜ ਦਰਿਆਵਾਂ ਦੀ ਧਰਤ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ। ਪੰਜਾਬੀ ਦੇ ਮਹਾਨ ਕਿੱਸਾਕਾਰ ਸ਼ਾਹ ਮੁਹੰਮਦ ਨੇ ਇਸ ਦਾ ਕਰੁਣਾਮਈ ਬਿਰਤਾਂਤ 'ਜੰਗਨਾਮਾ ਹਿੰਦ-ਪੰਜਾਬ' ਵਿਚ ਕੀਤਾ ਹੈ। ਬੈਂਤ ਸ਼ੈਲੀ ਵਿਚ ਲਿਖਿਆ ਇਹ 'ਜੰਗਨਾਮਾ' ਪੜ੍ਹ ਕੇ ਹਰ ਪੰਜਾਬੀ ਦਾ ਦਿਲ ਰੋਂਦਾ ਹੈ। ਪੰਜਾਬ ਪ੍ਰਸਤ ਹੋਣ ਕਰਕੇ ਸ਼ਾਹ ਮੁਹੰਮਦ ਮਜ਼੍ਹਬੀ ਰੰਗਤ ਤੋਂ ਕੋਹਾਂ ਦੂਰ ਹੈ ਤੇ ਉਹ ਇਨਸਾਨੀ ਕਦਰਾਂ ਕੀਮਤਾਂ ਨੂੰ ਪਰਣਾਇਆ ਹੋਇਆ ਹੈ। ਉਸ ਦੇ ਹਰ ਬੈਂਤ 'ਚੋਂ ਕਰੁਣਾ-ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਠੇਠ ਅਤੇ ਖੜਕਵੀਂ ਬੋਲੀ ਰਾਹੀਂ ਉਹ ਕਿਸੇ ਨੂੰ ਨਹੀਂ ਬਖ਼ਸ਼ਦਾ। ਜੰਗਨਾਮੇ ਦੇ ਨਾਇਕ ਜਿੱਤੀ ਬਾਜ਼ੀ ਹਾਰਦੇ ਹਨ ਜਿਸ ਦਾ ਸੱਲ ਅਜੇ ਵੀ ਹਰਾ ਹੈ। 'ਹੋਏ ਸ਼ੁਤਰ ਜਿਉਂ ਥਾਝ ਮੁਹਾਰ ਮੀਆਂ' ਵਾਂਗ ਲੋਭ- ਵਸ ਹੋਏ ਸਿੱਖ ਸਰਦਾਰਾਂ ਕਰਕੇ ਸ਼ਕਤੀਸ਼ਾਲੀ ਖ਼ਾਲਸਾ ਫ਼ੌਜ ਹਾਰ ਜਾਂਦੀ ਹੈ ਜਿਸ ਦੀ ਕਸਕ ਪੀੜ੍ਹੀ-ਦਰ ਪੀੜ੍ਹੀ ਮਹਿਸੂਸ ਹੁੰਦੀ ਆ ਰਹੀ ਹੈ। ਸਿੱਖ ਰਾਜ ਦੀ ਅਧੋਗਤੀ ਦਾ ਮੁੱਖ ਕਾਰਨ 'ਸਰਕਾਰ' (ਮਹਾਰਾਜਾ ਰਣਜੀਤ ਸਿੰਘ) ਦੇ ਵਾਰਸਾਂ, ਸਰਦਾਰਾਂ ਅਤੇ ਅਹਿਲਕਾਰਾਂ ਦੀਆਂ ਕੁਟਲ-ਨੀਤੀਆਂ, ਬਦਨੀਤੀਆਂ ਤੇ ਅਨੀਤੀਆਂ ਸਨ। 'ਟਕਾਪੰਥੀ ਗ਼ੱਦਾਰ' ਜਰਨੈਲਾਂ ਨੇ ਜਿੱਤੀ ਹੋਈ ਬਾਜ਼ੀ ਵੀ ਪੁੱਠੀ ਪਾ ਦਿੱਤੀ। ਸਿੱਖਾਂ ਤੇ ਫਰੰਗੀਆਂ ਦਰਮਿਆਨ ਹੋਈ ਲੜਾਈ ਨੂੰ 'ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ' ਕਹਿ ਕੇ ਉਹ ਪੰਜਾਬ-ਪ੍ਰਸਤ ਹੋਣ ਦਾ ਪੁਖਤਾ ਸਬੂਤ ਦਿੰਦਾ ਹੈ। ਇਸ ਫ਼ੈਸਲਾਕੁੰਨ ਜੰਗ ਵਿਚ ਸਿੱਖਾਂ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਉਹ ਫਿਰ 'ਸਰਕਾਰ' (ਮਹਾਰਾਜਾ) ਨੂੰ ਸਿਮਰਦਾ ਹੈ, "ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।" ਸਿੱਖ ਨਾਇਕਾਂ ਦੀ ਅਣ ਕਿਆਸੀ ਹਾਰ ਨੂੰ ਚਿਤਵਦਿਆਂ ਉਸ ਨੇ ਬੈਂਤ (ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ/ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ) ਵਿਚੋਂ ਲਹੂ ਚੋਂਦਾ ਮਹਿਸੂਸ ਹੁੰਦਾ ਹੈ। ਵਾਕਈ ਇਹ 'ਸਰਕਾਰ' ਅਵਾਮ ਦੀਆਂ ਸਮਰਿਤੀਆਂ ਵਿਚ ਸਮਾਈ ਹੋਈ ਹੈ। ਇਹ ਉਹ 'ਸਰਕਾਰ' ਸੀ ਜਿਸ ਨੇ ਠੂਠਾ ਫੜ ਕੇ ਲੋਕਾਂ ਕੋਲੋਂ ਵੋਟਾਂ ਨਹੀਂ ਸਨ ਬਟੋਰੀਆਂ। ਇਹ ਤਾਂ ਉਹ 'ਸਰਕਾਰ' ਸੀ ਜਿਸ ਦੀ ਇਕ ਝਲਕ ਪਾ ਕੇ ਲਾਹੌਰ ਦੇ ਉੱਚੇ ਬੁਰਜਾਂ ਦੇ ਕਿੰਙਰੇ ਭੁਰ ਗਏ ਸਨ। ਬਚਪਨ ਵਿਚ ਉਸ ਦੀ ਚੇਚਕ ਨਾਲ ਇਕ ਅੱਖ ਬੈਠ ਗਈ ਸੀ ਤੇ ਉਹ ਮਾਣ ਨਾਲ ਕਿਹਾ ਕਰਦਾ ਕਿ ਰੱਬ ਨੇ ਇਸ ਲਈ ਇਕ ਅੱਖ ਵਾਪਸ ਲੈ ਲਈ ਤਾਂ ਜੋ ਉਹ ਸਭ ਨੂੰ ਇਕ ਅੱਖ ਨਾਲ ਵੇਖਦਾ ਰਹੇ।

27 ਜੂਨ

# ਦਿਲ ਕੇ ਫਫੋਲੇ ਜਲ ਉਠੇ...

ਸ਼ੁਹਰਤ ਦੀਆਂ ਬੁਲੰਦੀਆਂ ਛੂਹਣ ਵਾਲਾ ਉਰਦੂ ਦਾ ਅਜ਼ੀਮ ਸ਼ਾਇਰ ਮੁਨੱਵਰ ਰਾਣਾ ਅੱਜਕੱਲ੍ਹ ਜ਼ਿੱਲਤ ਦੇ ਦੌਰ ’ਚੋਂ ਗੁਜ਼ਰ ਰਿਹਾ ਹੈ। ਇਸ ਦਾ ਕਾਰਨ ਉਨ੍ਹਾਂ ਦਾ ਵਿਗੜੈਲ ਮੁੰਡਾ ਤਬਰੇਜ਼ ਰਾਣਾ ਹੈ ਜਿਸ ਨੇ ਪੁਸ਼ਤੈਨੀ ਜ਼ਮੀਨ ਬਾਹਰੋਂ-ਬਾਹਰ ਵੇਚ ਕੇ ਆਪਣੇ ਚਾਚੇ ਨੂੰ ਵਸਾਉਣ ਲਈ ਖ਼ੁਦ ’ਤੇ ਫ਼ਰਜ਼ੀ ਹਮਲੇ ਦੀ ਸਾਜ਼ਿਸ਼ ਰਚੀ ਸੀ। ਪਿੱਛੇ ਜਿਹੇ ਆਪਣੇ ਵਿਵਾਦਤ ਬਿਆਨਾਂ ਕਰਕੇ ਮੀਡੀਆ ਦੀਆਂ ਸੁਰਖੀਆਂ ਵਿਚ ਆਉਣ ਵਾਲੇ ਮੁਨੱਵਰ ਰਾਣਾ ਨੇ ਇਲਜ਼ਾਮਾਂ ਦੀ ਝੜੀ ਲਗਾ ਦਿੱਤੀ ਸੀ ਕਿ ਕੁਝ ਫਿਰਕੂ ਤਾਕਤਾਂ ਉਨ੍ਹਾਂ ਨੂੰ ਮਰਵਾਉਣ ਦੀ ਤਾਕ ਵਿਚ ਹਨ। ਤਬਰੇਜ਼ ਰਾਣਾ ’ਤੇ ਚੱਲੀਆਂ ਗੋਲ਼ੀਆਂ ਵਿਚ ਤਬਰੇਜ਼ ਵਾਲ-ਵਾਲ ਬਚ ਗਿਆ ਸੀ। ਉੱਘੇ ਸ਼ਾਇਰ ਦਾ ਸਪੁੱਤਰ ਹੋਣ ਕਾਰਨ ਮੀਡੀਆ ਨੇ ਇਸ ਹਮਲੇ ਦੀ ਖ਼ੂਬ ਚਰਚਾ ਕੀਤੀ ਸੀ। ਪੁਲਿਸ ਤਹਿਕੀਕਾਤ ਦੌਰਾਨ ਇੰਕਸ਼ਾਫ਼ ਹੋਇਆ ਕਿ ਆਪਣੇ ’ਤੇ ਹਮਲਾ ਕਰਵਾਉਣ ਦੀ ਸਕ੍ਰਿਪਟ ਤਾਂ ਤਬਰੇਜ਼ ਨੇ ਖ਼ੁਦ ਲਿਖੀ ਸੀ। ਪੈਟਰੋਲ ਪੰਪ ’ਤੇ ਹੋਏ ਇਸ ਫਰਜ਼ੀ ਹਮਲੇ ਦੀ ਸੀਸੀਟੀਵੀ ਫੁਟੇਜ ਖੰਘਾਲੀ ਗਈ ਤਾਂ ਤਬਰੇਜ਼ ਰਾਣਾ ਦੀ ਪੋਲ ਖੁੱਲ੍ਹ ਗਈ। ਫ਼ਰਾਰ ਮੁਲਜ਼ਮ ਨੂੰ ਫੜਨ ਲਈ ਪੁਲਿਸ ਉਸ ਦੇ ਘਰ ਪੁੱਜੀ ਤਾਂ ਰਾਣਾ ਪਰਿਵਾਰ ਨੇ ਇਲਜ਼ਾਮ ਲਗਾ ਦਿੱਤਾ ਕਿ ਸਰਕਾਰ ਉਨ੍ਹਾਂ ਨਾਲ ਇਸ ਲਈ ਖੁਨਸ ਕੱਢ ਰਹੀ ਹੈ ਕਿ ਰਾਣਾ ਤੇ ਉਨ੍ਹਾਂ ਦੀਆਂ ਧੀਆਂ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ। ਜੇ ਸੀਸੀਟੀਵੀ ਫੁਟੇਜ ਨਾ ਮਿਲਦੀ ਤਾਂ ਰਾਣਾ ਪਰਿਵਾਰ ਦੇ ਅਜਿਹੇ ਇਲਜ਼ਾਮਾਂ ਨੂੰ ਵੀ ਸੱਚ ਮੰਨਿਆ ਜਾ ਸਕਦਾ ਸੀ। ਮੀਡੀਆ ਦਾ ਉਕਤ ਇੰਕਸ਼ਾਫ਼ ਤੋਂ ਬਾਅਦ ਖ਼ਾਮੋਸ਼ ਹੋ ਜਾਣਾ ਸਾਬਿਤ ਕਰਦਾ ਹੈ ਕਿ ਪੱਤਰਕਾਰੀ ਵਾਕਈ ‘ਕਾਹਲੀ ਵਿਚ ਲਿਖਿਆ ਜਾਣ ਵਾਲਾ ਇਤਿਹਾਸ’ ਹੁੰਦਾ ਹੈ। ਅਖ਼ਬਾਰ ਨਵੀਸ ਇਕ-ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿਚ ‘ਬਿਗ ਬ੍ਰੇਕਿੰਗ ਨਿਊਜ਼’ ਦੇਣ ਦੇ ਆਦੀ ਹੋ ਚੁੱਕੇ ਹਨ। ਮੁਹੱਬਤ ਦੀ ਸ਼ਾਇਰੀ ਕਰਨ ਵਾਲੇ ਮੁਨੱਵਰ ਰਾਣਾ ਲਈ ਸੱਚ-ਮੁੱਚ ਹੀ ਇਹ ਔਖੀ ਘੜੀ ਹੈ। ਦੇਸ਼ ਦੀ ਵੰਡ ਵੇਲੇ ਉਨ੍ਹਾਂ ਦੇ ਦਾਦਾ-ਦਾਦੀ ਅਤੇ ਕਈ ਹੋਰ ਰਿਸ਼ਤੇਦਾਰ ਇਸਲਾਮ ਦੇ ਨਾਮ ’ਤੇ ਬਣੇ ਮੁਲਕ ਪਾਕਿਸਤਾਨ ਚਲੇ ਗਏ ਸਨ ਪਰ ਰਾਇਬਰੇਲੀ ਦੇ ਜੰਮ-ਪਲ ਮੁਨਵਰ ਰਾਣਾ ਦੇ ਅੱਬਾ ਸਯਦ ਅਨਵਰ ਅਲੀ ਅਤੇ ਉਨ੍ਹਾਂ ਦੇ ਭਰਾਵਾਂ ਨੂੰ ਆਪਣੀ ਮਾਤਰ ਭੂਮੀ ਦੇ ਮੋਹ ਨੇ ਇੱਥੋਂ ਰੁਖ਼ਸਤ ਨਾ ਹੋਣ ਦਿੱਤਾ। ਵੰਡ ਪਿੱਛੋਂ ਰਾਣਾ ਪਰਿਵਾਰ ਗ਼ੁਰਬਤ ਦੀ ਚੱਕੀ ਵਿਚ ਪਿਸਦਾ ਰਿਹਾ। ਮੁਨੱਵਰ ਦੇ ਅੱਬਾ ਨੂੰ ਪਰਿਵਾਰ ਪਾਲਣ ਲਈ ਟਰੱਕ ਡਰਾਈਵਰੀ ਤਕ ਕਰਨੀ ਪਈ ਅਤੇ ਮਾਂ ਨੂੰ ਮਜ਼ਦੂਰੀ। ਮਿਹਨਤ-ਮੁਸ਼ੱਕਤ ਰੰਗ ਲਿਆਈ ਤਾਂ ਰਾਣਾ ਪਰਿਵਾਰ ਨੇ ਕਲਕੱਤਾ ਵਿਚ ਟਰਾਂਸਪੋਰਟ ਬਣਾ

ਲਈ। ਇਸੇ ਦੌਰਾਨ ਮੁਨੱਵਰ ਰਾਣਾ ਉਰਦੂ ਅਦਬ ਦੀ ਦੁਨੀਆ ਦਾ ਚਮਕਦਾ-ਦਮਕਦਾ ਸਿਤਾਰਾ ਬਣ ਗਿਆ। 'ਮਾਂ' ਵਰਗੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਕਲਮ ਅਜ਼ਮਾਉਣ ਤੋਂ ਬਾਅਦ ਗ਼ਜ਼ਲ ਦੀ ਪਰਿਭਾਸ਼ਾ ਦਾ ਘੇਰਾ ਵਿਸ਼ਾਲ ਹੋ ਗਿਆ। ਮੁਨੱਵਰ ਦੀ ਠੇਠ ਉਰਦੂ ਸ਼ਾਇਰੀ ਵਿਚ ਹਿੰਦੀ ਤੇ ਅਵਧੀ ਦਾ ਮਿਸ਼ਰਣ ਦਰਸਾਉਂਦਾ ਹੈ ਕਿ ਉਹ ਆਪਣੀ ਮਿੱਟੀ ਨਾਲ ਕਿੰਨਾ ਜੁੜਿਆ ਹੋਇਆ ਹੈ। ਸਟੇਜ ਦਾ ਧਨੀ ਮੁਨੱਵਰ ਜਦੋਂ ਮੁਸ਼ਾਇਰੇ ਵਿਚ ਕਲਾਮ ਪੜ੍ਹਨ ਲੱਗਦਾ ਤਾਂ ਤਾੜੀਆਂ ਦੀ ਗੜਗੜਾਹਟ ਉਸ ਦੀ ਹੌਸਲਾ ਅਫ਼ਜ਼ਾਈ ਕਰਦੀ, "ਐ ਅੰਧੇਰੇ ਦੇਖ ਲੇ ਮੂੰਹ ਤੇਰਾ ਕਾਲਾ ਹੋ ਗਯਾ/ਮਾਂ ਨੇ ਆਂਖੇ ਖੋਲ੍ਹ ਦੀ ਘਰ ਮੇਂ ਉਜਾਲਾ ਹੋ ਗਯਾ।" ਉਸ ਦੇ ਸ਼ਿਅਰ ਸਰੋਤਿਆਂ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ ਕਿਉਂਕਿ ਉਹ ਔਖੇ ਸਜਾਵਟੀ ਸ਼ਬਦਾਂ ਦੀ ਬਜਾਏ ਲੋਕ ਮੁਹਾਵਰੇ ਵਿਚ ਕਲਾਮ ਪੜ੍ਹਦਾ। ਦਿੱਲੀ ਤਖ਼ਤ 'ਤੇ ਕੋਈ ਬੈਠਦਾ, ਉਹ ਆਢਾ ਲਾ ਲੈਂਦਾ, "ਬੜਾ ਗਹਿਰਾ ਤਾਅਲੁਕ ਹੈ ਸਿਆਸਤ ਸੇ ਤਬਾਹੀ ਕਾ ਕੋਈ ਵੀ ਸ਼ਹਿਰ ਜਲਤਾ ਹੈ ਤੇ ਦਿੱਲੀ ਮੁਸਕਰਾਤੀ ਹੈ।' ਹਰ ਵਰਗ ਦੇ ਲੋਕ ਮੁਨਵਰ ਦੀ ਬੇਬਾਕ ਸ਼ਾਇਰੀ ਦੇ ਦੀਵਾਨੇ ਹੋ ਗਏ। ਬੁਲੰਦੀ ਹਾਸਲ ਕਰਨ ਤੋਂ ਬਾਅਦ ਨਿਵਾਣ ਸ਼ੁਰੂ ਹੋ ਜਾਂਦੀ ਹੈ ਜੋ ਕਿਸੇ ਮਕਬੂਲ ਵਿਅਕਤੀ ਨੂੰ ਗਵਾਰਾ ਨਹੀਂ ਹੁੰਦੀ। ਇਸ ਬਾਰੇ ਮੁਨੱਵਰ ਦਾ ਸ਼ਿਅਰ ਆਤਮਸਾਤ ਕਰੋ, "ਬੁਲੰਦੀ ਦੇਰ ਤਕ ਕਿਸ ਸ਼ਖ਼ਸ ਕੇ ਹਿੱਸੇ ਮੇਂ ਰਹਿਤੀ ਹੈ/ਬਹੁਤ ਊਚੀ ਇਮਾਰਤ ਹਰ ਘੜੀ ਖ਼ਤਰੇ ਮੇਂ ਰਹਿਤੀ ਹੈ।' ਮੁਨੱਵਰ ਮਕਬੂਲ ਸ਼ਾਇਰ ਨਾ ਹੁੰਦਾ ਤਾਂ ਉਸ ਦੇ ਘਰ ਦੀ ਖਾਨਾਜੰਗੀ ਮੀਡੀਆ ਦੀਆਂ ਸੁਰਖੀਆਂ ਨਾ ਬਟੋਰਦੀ। ਰਾਣਾ ਖ਼ਾਨਦਾਨ ਨੂੰ ਪਹਿਲਾਂ ਦੇਸ਼ ਦੀ ਵੰਡ ਦਾ ਸੰਤਾਪ ਭੋਗਣਾ ਪਿਆ ਸੀ ਤੇ ਹੁਣ ਉਨ੍ਹਾਂ ਦਾ ਆਪਣਾ ਪਰਿਵਾਰ ਵੰਡਿਆ ਗਿਆ ਹੈ। ਮੁਨੱਵਰ ਰਾਣਾ ਅਤੇ ਉਸ ਦੇ ਛੋਟੇ ਭਰਾ ਇਸਮਾਈਲ ਵਿਚ ਕਸ਼ੀਦਗੀ ਇੰਨੀ ਵੱਧ ਗਈ ਹੈ ਕਿ ਉਹ ਇਕ-ਦੂਜੇ ਨੂੰ ਭਰਾ ਮੰਨਣ ਲਈ ਤਿਆਰ ਨਹੀਂ ਹਨ। ਚਾਚਾ-ਭਤੀਜਾ ਤਾਂ ਪਹਿਲਾਂ ਹੀ ਇਕ-ਦੂਜੇ ਦੇ ਖ਼ੂਨ ਦੇ ਤਿਹਾਏ ਸਨ। ਰਿਸ਼ਤਿਆਂ ਦੀ ਪਲੀਤ ਧੂੜ ਉੱਡ ਰਹੀ ਹੈ। 'ਕੁੱਕੜ ਖੇਹ ਉਡਾਈ, ਆਪਣੇ ਸਿਰ ਪਾਈ' ਵਾਲੀ ਗੱਲ ਹੋ ਰਹੀ ਹੈ। ਚਿੱਕੜ-ਉਛਾਲੀ ਨਾਲ ਮਕਬੂਲ ਖ਼ਾਨਦਾਨ ਬਦਨਾਮ ਹੋ ਰਿਹਾ ਹੈ। ਮੁਨੱਵਰ ਰਾਣਾ ਦਾ ਇਲਜ਼ਾਮ ਹੈ ਕਿ ਇਸਮਾਈਲ ਕਲਕੱਤੇ ਵਿਚ ਬੰਬ ਬਣਾਉਂਦਾ ਰਿਹਾ ਹੈ। ਮੈਂ ਪੋਤੜੇ ਫੋਲਾਂਗਾ ਤਾਂ ਉਸ ਨੂੰ ਭੱਜਣ ਦਾ ਰਾਹ ਨਹੀਂ ਮਿਲਣਾ। ਮੈਂ ਉਸ ਨੂੰ ਬੱਚਿਆਂ ਵਾਂਗ ਪਾਲਿਆ ਹੈ। ਮੇਰੀ ਸ਼ੁਹਰਤ ਦੀ ਰੋਸ਼ਨੀ ਦੀ ਉਹ ਖੱਟੀ ਖਾਂਦਾ ਰਿਹਾ ਹੈ।" ਸ਼ਾਇਰ ਆਪਣੇ ਭਰਾ ਬਾਰੇ ਅਪਸ਼ਬਦ ਵੀ ਬੋਲ ਰਿਹਾ ਹੈ ਜੋ ਕਿਸੇ ਜ਼ਹੀਨ ਦੇ ਮੁਖਾਰਬਿੰਦ 'ਚੋਂ ਨਹੀਂ ਨਿਕਲਣੇ ਚਾਹੀਦੇ। ਖਾਨਾਜੰਗੀ ਤਰਕ ਰਹੇ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ। ਇਸਮਾਈਲ ਮੋੜਵਾਂ ਜਵਾਬ ਦਿੰਦਿਆਂ ਕਹਿੰਦਾ ਹੈ ਕਿ ਮੁਨੱਵਰ ਦਾ ਜ਼ਿਹਨੀ ਤਵਾਜ਼ਨ ਵਿਗੜ ਚੁੱਕਾ ਹੈ ਅਤੇ ਉਸ ਦੇ ਬੱਚੇ ਉਸ ਦੇ 'ਮੂੰਹੋਂ" ਅਜਿਹੇ ਅਲਫਾਜ਼ ਕਢਵਾ ਰਹੇ ਹਨ। ਸੇਹ ਦਾ ਤੱਕਲਾ ਗੱਡਣ ਵਾਲਾ ਦਰਅਸਲ ਤਬਰੇਜ਼ ਹੈ ਜੋ ਮਹਿੰਗੀਆਂ ਗੱਡੀਆਂ ਅਤੇ ਹਥਿਆਰਾਂ ਦਾ ਸ਼ੌਕੀਨ ਹੈ। ਸ਼ਾਹਾਨਾ ਜ਼ਿੰਦਗੀ ਜਿਊਣ ਵਾਲੇ ਮੁੰਡੇ ਨੇ ਆਪਣੇ ਅੱਬਾ ਦੇ ਨਾਮ ਨੂੰ ਵੱਟਾ ਲਗਾਇਆ ਹੈ। ਗੀਤਕਾਰ ਸ਼ੈਲੇਂਦਰ ਦਾ ਲਿਖਿਆ ਅਤੇ ਲਤਾ ਮੰਗੇਸ਼ਕਰ ਦਾ ਗਾਇਆ ਗੀਤ ਯਾਦ ਆ ਰਿਹਾ ਹੈ, "ਦਿਲ ਕੇ

ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ/ਲਗ ਗਈ ਇਸ ਘਰ ਕੋ ਆਗ ਘਰ ਕੇ ਚਿਰਾਗ਼ ਸੇ।" ਗੈਰਾਂ ਨਾਲ ਨਿਪਟਣਾ ਆਸਾਨ ਹੈ ਪਰ ਘਰ ਦੇ ਪਾਲੇ ਅਜਗਰਾਂ ਦੇ ਡੰਗ ਤੋਂ ਬਚਣਾ ਬੇਹੱਦ ਮੁਹਾਲ ਹੁੰਦਾ ਹੈ। ਫਰਾਂਸ ਵਿਚ ਪੈਗੰਬਰ ਮੁਹੰਮਦ ਦੇ ਕਾਰਟੂਨ ਤੋਂ ਬਾਅਦ ਉੱਥੇ ਹੋਏ ਕਤਲਾਂ ਸਬੰਧੀ ਮੁਨੱਵਰ ਰਾਣਾ ਨੇ ਵਿਵਾਦਤ ਬਿਆਨ ਦਿੱਤਾ ਸੀ ਜਿਸ ਕਰਕੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਮਾਫ਼ੀ ਮੰਗਣੀ ਪਈ ਸੀ। ਆਪਣੀ ਸਫ਼ਾਈ ਵਿਚ ਉਨ੍ਹਾਂ ਕਿਹਾ ਸੀ, "ਅਸੀਂ ਅੱਗ ਲਾਉਣ ਵਾਲਿਆਂ 'ਚੋਂ ਨਹੀਂ ਬਲਕਿ ਬੁਝਾਉਣ ਵਾਲਿਆਂ ਵਿਚੋਂ ਹਾਂ। ਹੋ ਸਕਦਾ ਹੈ ਕਿ ਮੈਥੋਂ ਕੋਈ ਕੋਤਾਹੀ ਹੋਈ ਹੋਵੇ ਕਿਉਂਕਿ ਅਸੀਂ ਖ਼ੁਦਾਈ ਕਿਤਾਬ ਨਹੀਂ ਹਾਂ।" ਬੇਗਾਨਿਆਂ ਕੋਲੋਂ ਖਹਿੜਾ ਛੁਡਾਉਣਾ ਤਾਂ ਸੌਖਾ ਹੈ ਪਰ ਘਰੋਗੀ ਕਲੇਸ਼ ਉਨ੍ਹਾਂ ਦਾ ਜਲਦੀ ਕੀਤੇ ਪਿੱਛਾ ਛੱਡਣ ਵਾਲਾ ਨਹੀਂ ਹੈ।

4 ਜੁਲਾਈ

# ਧਰਤੀ ਚੱਬਣ ਵਾਲੇ

ਅੱਜ ਵਿਸ਼ਵ ਜਨਸੰਖਿਆ ਦਿਵਸ ’ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਛੜੱਪੇ ਮਾਰ ਕੇ ਵੱਧ ਰਹੀ ਆਬਾਦੀ ਬਾਰੇ ਲਿਖੀਆਂ ਨਜ਼ਮਾਂ ਯਾਦ ਆ ਰਹੀਆਂ ਹਨ। ਆਲੋਚਕਾਂ ਦੀ ਨਜ਼ਰ ਵਿਚ ਸ਼ਿਵ ਭਾਵੇਂ ਬਿਰਹਾ ਦਾ ਸੁਲਤਾਨ ਹੈ ਪਰ ਵਿਰਲੇ ਪਾਠਕ ਜਾਣਦੇ ਹਨ ਕਿ ਉਸ ਨੇ ਜਨਸੰਖਿਆ ਸਣੇ ਕਈ ਹੋਰ ਸਮਾਜਿਕ ਸਰੋਕਾਰਾਂ ’ਤੇ ਵੀ ਕਲਮ ਅਜ਼ਮਾਈ ਹੈ। ਸਬਦਾਂ ਦੀਆਂ ਜ਼ਰੀਬਾਂ ਨਾਲ ਕਬਰਾਂ ਦੇ ਰਾਹ ਨਾਪਣ ਵਾਲੇ ਸ਼ਿਵ ਨੂੰ ਉਸ ਦੇ ਸਮਕਾਲੀ ‘ਜ਼ਿੰਦਗੀ ਦਾ ਮਤਰੇਆ ਪੁੱਤ’ ਕਿਹਾ ਕਰਦੇ ਸਨ। ‘ਪੀੜਾਂ ਦਾ ਪਰਾਗਾ’ ਵਿਚ ਉਹ ਖ਼ੁਦ ਲਿਖਦਾ ਹੈ, “ਪੀੜਾ ਦੇ ਧਰਕੋਨੇ ਖਾ ਖਾ, ਹੋ ਗਏ ਗੀਤ ਕੁਸੈਲੇ ਵੇ/ ਵਿਚ ਨੜੋਏ ਬੈਠੀ ਜਿੰਦੂ, ਕੀਕਣ ਸੋਹਲੇ ਗਾਏ ਵੇ।” ਇਸ ਕਰਕੇ ‘ਮੈਨੂੰ ਵਿਦਾ ਕਰੋ’ ਦੀ ਰਟ ਲਾਉਣ ਵਾਲੇ ਸ਼ਿਵ ਦਾ ਸਮਾਜ ਨੂੰ ਜਾਗਰੂਕ ਕਰਨ ਵਾਲਾ ਕਲਾਮ ਅਣਗੌਲਿਆ ਹੀ ਰਹਿ ਗਿਆ। ‘ਲਾਲ ਤਿਕੋਨ’ ਕਵਿਤਾ ’ਚ ਸ਼ਿਵ ਸਮਾਜ ਨੂੰ ਸੁਨੇਹਾ ਦਿੰਦਾ ਹੈ, “ਦਏ ਸੁਨੇਹਾ ਲਾਲ ਤਿਕੋਨ/ ਬੱਚੇ ਤਿੰਨ ਤੋਂ ਵੱਧ ਨਾ ਹੋਣ।” ਸੱਤਰਵਿਆਂ ਵਿਚ ਸਮੇਂ ਦੀ ਸਰਕਾਰ ਨੇ ਨਾਅਰਾ ਦਿੱਤਾ ਸੀ, “ਦੋ ਜਾਂ ਤਿੰਨ ਬੱਚੇ, ਹੁੰਦੇ ਨੇ ਘਰ ਵਿਚ ਚੰਗੇ।” ਹੰਸਾਂ ਦਾ ਚੰਬਾ ਨਹੀਂ ਹੁੰਦਾ ਤੇ ਉਹ ਕੱਲੇ-ਕਾਰੇ ਉੱਡਦੇ ਹਨ। ਸ਼ਿਵ ਲਿਖਦਾ ਹੈ, “ਹੰਸ ਉਡੀਂਦੇ ਕੱਲੇ-ਕਾਰੇ/ਸ਼ੇਰਾਂ ਦੇ ਨਾ ਹੁੰਦੇ ਵਾੜੇ, ਲਾਲਾਂ ਨਾਲੋਂ ਪੱਥਰ ਭਾਰੇ/ ਫਿਰ ਕਿਉਂ ਮਾਪੇ ਪੱਥਰ ਢੋਣ।” ਸਮੇਂ ਤੋਂ ਅੱਗੇ ਦੀ ਸੋਚਣ ਵਾਲੇ ਸ਼ਿਵ ਦੀ ਗੱਲ ਪੁੱਗ ਗਈ। ਸਰਕਾਰ ਨੇ ਦੋ ਜਾਂ ਤਿੰਨ ਬੱਚਿਆਂ ਵਾਲੇ ਨਾਅਰੇ ਨੂੰ ਸੋਧ ਕੇ ਨਵਾਂ ਪੈਗ਼ਾਮ ਦੇ ਦਿੱਤਾ, “ਹਮ ਦੋ, ਹਮਾਰੇ ਦੋ।” ‘ਸੱਤ ਬੱਚੇ’ ਅਨੁਵਾਨ ਵਾਲੀ ਕਵਿਤਾ ਵਿਚ ਉਹ ਵੱਧਦੀ ਜਨਸੰਖਿਆ ’ਤੇ ਚਿੰਤਾ ਜ਼ਾਹਰ ਕਰਦਾ ਹੈ ਕਿ ਵੱਧ ਬੱਚਿਆਂ ਦੇ ਪੈਦਾ ਹੋਣ ਨਾਲ ਘਰਾਂ ਦੇ ਵਿਹੜੇ ਭੀੜੇ ਹੋ ਜਾਂਦੇ ਹਨ। ‘ਦੋ ਬੱਚੇ’ ਨਜ਼ਮ ਵਿਚ ਉਹ ਪਰਿਵਾਰ ਨਿਯੋਜਨ ’ਤੇ ਤਸੱਲੀ ਪ੍ਰਗਟ ਕਰਦਾ ਹੈ, “ਬੱਚੇ ਰੱਬ ਤੋਂ ਦੋ ਸੀ ਮੰਗੇ/ ਕਸਮ ਖ਼ੁਦਾ ਦੀ ਰਹਿ ਗਏ ਚੰਗੇ।” ‘ਥੋੜ੍ਹੇ ਬੱਚੇ’ ਵਿਚ ਉਹ ਇਕ ਜਾਂ ਦੋ ਬੱਚਿਆਂ ਦੀ ਵਕਾਲਤ ਕਰਦਾ ਹੈ, “ਇਕ ਦੋ ਹੋਣ ਤਾਂ ਈਕਣ-ਜੀਕਣ ਫੁੱਲਾਂ ਦੀ ਮੁਸਕਾਨ/ ਬਹੁਤੇ ਹੋਣ ਤਾਂ ਈਕਣ ਜੀਕਣ ਕੰਢਿਆਂ ਲੱਦੀ ਟਾਹਣ/ ਕਿਹੜਾ ਮਾਲੀ ਚਾਹੇ ਉਸ ਦੇ ਫੁੱਲ ਕੰਡੇ ਬਣ ਜਾਣ/ ਥੋੜ੍ਹੇ ਬੱਚੇ ਸੌਖੀ ਜਾਨ/ਆਪ ਸੁਖੀ ਸੌਖੀ ਸੰਤਾਨ।” ਸ਼ਿਵ ਨੂੰ ਇਸ ਗੱਲ ਦਾ ਇਲਮ ਸੀ ਕਿ ਭਾਰਤ ਦੇ ਲੋਕ ਪਰਿਵਾਰ ਨਿਯੋਜਨ ਦੇ ਸੁਨੇਹੇ ਨੂੰ ਗੰਭੀਰਤਾ ਨਾਲ ਨਹੀਂ ਲੈਣਗੇ। ਇਸ ਲਈ ਉਹ ਸਿੱਧਾ ਰੱਬ ਨੂੰ ਅਰਜ਼ੋਈ ਕਰਦਾ ਹੈ, “ਰੱਬਾ ਜੰਗ ’ਤੇ ਰਾਸ਼ਨ ਕਰ ਦੇ/ ਇਕ ਪੁੱਤਰ ਇਕ ਧੀ ਬਚ ਜਾਊ ਸਾਡਾ ਜਗਤ ਜਲੰਦਾ, ਤੇਰਾ ਜਾਂਦਾ ਕੀ/ ਜੇ ਤੂੰ ਜੰਗ ’ਤੇ ਭੇਜੀ ਤੁਰਿਆ/ਇੰਜ ਹੇੜਾਂ ਦੀਆਂ

ਹੇੜਾਂ/ਇਕ ਇਕ ਘਰ ਵਿਚ ਹੋ ਜਾਣਗੇ, ਬੱਚੇ ਤੇਰਾਂ ਤੇਰਾਂ/ ਚੱਬ ਜਾਣਗੇ ਧਰਤੀ ਤੇਰੀ/ ਜਾਸਣ ਸਾਗਰ ਪੀ!" ਜਨਸੰਖਿਆ ਦੇ ਬੇਤਹਾਸ਼ਾ ਵਾਧੇ 'ਤੇ ਚਿੰਤਾ ਕਰਨ ਵਾਲਾ ਸ਼ਿਵ ਥੋੜ੍ਹੀ ਅਉਧ ਹੰਢਾ ਕੇ 6 ਮਈ 1973 ਨੂੰ ਇਸ ਫ਼ਾਨੀ ਜਹਾਨ ਤੋਂ ਰੁਖ਼ਸਤ ਹੋ ਗਿਆ ਸੀ। ਉਸ ਦੇ ਜਹਾਨੋਂ ਤੁਰ ਜਾਣ ਤੋਂ ਦੋ ਕੁ ਸਾਲ ਬਾਅਦ ਮੁਲਕ ਵਿਚ ਲੱਗੀ ਐਮਰਜੈਂਸੀ ਵੇਲੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅੱਲ੍ਹੜ ਤੇ ਸਿਆਸੀ ਤੌਰ 'ਤੇ ਅਨਾੜੀ ਪੁੱਤਰ ਸੰਜੇ ਗਾਂਧੀ ਨੇ ਪਰਿਵਾਰ ਨਿਯੋਜਨ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਤਹੱਈਆ ਕੀਤਾ। ਡਾਕਟਰਾਂ ਨੇ ਨਸਬੰਦੀ ਦੇ ਟੀਚੇ ਪੂਰੇ ਕਰਨ ਲਈ ਧੱਕਾ ਕਰਨਾ ਸ਼ੁਰੂ ਕਰ ਦਿੱਤਾ। ਇੱਥੋਂ ਤਕ ਕਿ ਕੁਆਰਿਆਂ, ਬੇਔਲਾਦ ਅਤੇ ਬਜ਼ੁਰਗਾਂ ਦੀ ਵੀ ਨਸਬੰਦੀ ਕਰ ਦਿੱਤੀ ਗਈ। ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਕੇ ਧੱਕੇ ਨਾਲ ਕੀਤੀ ਗਈ ਨਸਬੰਦੀ ਦਾ ਭਾਰੀ ਵਿਰੋਧ ਹੋਇਆ। ਨੁੱਕੜ ਨਾਟਕਾਂ ਅਤੇ ਗੀਤਾਂ 'ਚ ਇਸ ਦੀ ਭਰਪੂਰ ਨਿੰਦਾ ਕੀਤੀ ਗਈ ਅਤੇ ਆਖ਼ਰ ਦੋ ਕੁ ਸਾਲਾਂ ਦੇ ਜਨ ਅੰਦੋਲਨ ਤੋਂ ਬਾਅਦ ਜਨਤਾ ਪਾਰਟੀ ਦੀ ਸਰਕਾਰ ਬਣ ਗਈ। ਸੰਜੇ ਗਾਂਧੀ ਵੱਲੋਂ ਵਿੱਢੀ ਮੁਹਿੰਮ ਸਮੇਂ ਸਿਰ ਚੁੱਕਿਆ ਗਿਆ ਸਰਾਹੁਣਯੋਗ ਕਦਮ ਸੀ ਪਰ ਇਸ ਨੂੰ ਲਾਗੂ ਕਰਨ ਵਿਚ ਉਹ ਅੱਖਾਂ ਦਾ ਤਾਰਾ ਬਣਨ ਦੀ ਬਜਾਏ ਲੋਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਲੋਕਾਂ ਨੇ ਇਹ ਰੜਕ ਲੋਕ ਸਭਾ ਦੀਆਂ ਚੋਣਾਂ ਵੇਲੇ ਕੱਢ ਲਈ। ਇੰਦਰਾ ਗਾਂਧੀ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਸੀ। ਇਸ ਤੋਂ ਬਾਅਦ ਕੇਂਦਰ ਵਿਚ ਕਈ ਹਕੂਮਤਾਂ ਆਈਆਂ ਤੇ ਗਈਆਂ ਪਰ ਕਿਸੇ ਵੀ ਹਾਕਮ ਨੇ ਪਰਿਵਾਰ ਨਿਯੋਜਨ ਮੁਹਿੰਮ ਨੂੰ ਗੰਭੀਰਤਾ ਨਾਲ ਲਾਗੂ ਕਰਨ ਦੀ ਜੁਰਅਤ ਨਾ ਕੀਤੀ। ਕਾਸ਼! ਸੰਜੇ ਗਾਂਧੀ ਨੇ ਇਹ ਕੰਮ ਯੋਜਨਾਬੱਧ ਢੰਗ ਨਾਲ ਕੀਤਾ ਹੁੰਦਾ ਤਾਂ ਭਾਰਤ ਆਬਾਦੀ ਵਿਸਫੋਟ ਤੋਂ ਬਚ ਜਾਂਦਾ। ਵੱਧ ਰਹੀ ਆਬਾਦੀ ਸਾਡੇ ਕੁਦਰਤੀ ਸਰੋਤਾਂ ਨੂੰ ਘੁਣ ਵਾਂਗ ਖਾ ਰਹੀ ਹੈ। ਜਨਸੰਖਿਆ ਦੇ ਲਿਹਾਜ਼ ਨਾਲ ਉੱਤਰ ਪ੍ਰਦੇਸ਼ ਕੈਨੇਡਾ, ਉੱਤਰੀ ਅਮਰੀਕਾ, ਅਫਰੀਕਾ ਤੇ ਯੂਰਪ ਦੇ ਦੇਸ਼ਾਂ, ਪਾਕਿਸਤਾਨ ਅਤੇ ਬੰਗਲਾਦੇਸ਼ ਆਦਿ ਤੋਂ ਵੀ ਵੱਡਾ ਹੈ ਜਦਕਿ ਭੂਗੋਲਿਕ ਤੌਰ 'ਤੇ ਇਹ ਦੇਸ਼ ਦੇ ਰਕਬੇ ਦੇ ਅੱਠ ਫ਼ੀਸਦੀ ਦੇ ਲਗਪਗ ਹੈ। ਬਿਹਾਰ ਅਤੇ ਉੱਤਰ ਪ੍ਰਦੇਸ਼ ਦੀ ਆਬਾਦੀ ਇਸੇ ਤਰ੍ਹਾਂ ਵੱਧਦੀ ਗਈ ਤਾਂ 2036 ਤਕ ਇਨ੍ਹਾਂ ਦੋਨਾਂ ਸੂਬਿਆਂ ਦੀ ਆਬਾਦੀ ਦੁਨੀਆ ਵਿਚ ਤੀਜੇ ਨੰਬਰ 'ਤੇ ਹੋਵੇਗੀ। ਇਨ੍ਹਾਂ ਦੋਨਾਂ ਸੂਬਿਆਂ ਨੇ ਸਭ ਤੋਂ ਵੱਧ ਪਰਵਾਸੀ ਪੈਦਾ ਕੀਤੇ ਹਨ ਕਿਉਂਕਿ ਇਨ੍ਹਾਂ ਦਾ ਸੀਮਤ ਰਕਬਾ ਆਪਣੇ ਸਾਰੇ ਜਾਇਆਂ ਨੂੰ ਦੋ ਡੰਗ ਦੀ ਰੋਟੀ ਦੇਣ ਤੋਂ ਅਸਮਰੱਥ ਹੈ। ਕੋਰੋਨਾ ਮਹਾਮਾਰੀ ਵੇਲੇ ਇਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਸ਼ਬਦਾਂ ਵਿਚ ਢਾਲਣਾ ਮੁਮਕਿਨ ਨਹੀਂ ਹੈ। ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਬਾਸ਼ਿੰਦਿਆਂ ਨੇ ਦੇਸ਼ ਦੇ ਹਰ ਸੂਬੇ ਵੱਲ ਮੂੰਹ ਕੀਤਾ ਹੈ ਕਿਉਂਕਿ ਉੱਥੋਂ ਦੀਆਂ ਮੁਸਲਸਲ ਸਰਕਾਰਾਂ ਉਨ੍ਹਾਂ ਨੂੰ ਰੁਜ਼ਗਾਰ ਦੇਣ ਤੋਂ ਅਸਮਰੱਥ ਹਨ। ਯੂਪੀ ਬਿਹਾਰ ਤੋਂ ਆਏ ਪਰਵਾਸੀਆਂ ਨੇ ਪੰਜਾਬ ਦੇ ਬਾਸ਼ਿੰਦਿਆਂ ਨੂੰ ਵੀ ਪ੍ਰਵਾਸ ਕਰਨ ਲਈ ਮਜਬੂਰ ਕੀਤਾ ਹੈ। ਇਹ ਕੌੜੀ ਕੁਸੈਲੀ ਸੱਚਾਈ ਹੈ ਕਿ ਧਰਤੀ ਦਾ ਰਕਬਾ ਵਧਾਇਆ ਨਹੀਂ ਜਾ ਸਕਦਾ। ਹਾਂ, ਵੱਧ ਰਹੀ ਆਬਾਦੀ ਨੂੰ ਜ਼ਰੂਰ ਰੋਕਿਆ ਜਾ ਸਕਦਾ ਹੈ। ਐਮਰਜੈਂਸੀ ਵੇਲੇ 'ਸੰਜੇ ਬ੍ਰਿਗੇਡ' ਵੱਲੋਂ ਕੀਤੀਆਂ ਘੋਰ ਗ਼ਲਤੀਆਂ ਤੋਂ ਸਬਕ ਲੈਂਦਿਆਂ

ਪਰਿਵਾਰ ਨਿਯੋਜਨ ਨੂੰ ਰਾਸ਼ਟਰੀ ਪੱਧਰ 'ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਵਿਸ਼ੇ 'ਤੇ ਗੰਭੀਰਤਾ ਦਿਖਾਈ ਹੈ ਭਾਵੇਂ ਇਸ ਨੂੰ ਵਿਰੋਧੀਆਂ ਵੱਲੋਂ ਚੋਣ ਸਟੰਟ ਜਾਂ ਇਕ ਫਿਰਕੇ ਦੇ ਖ਼ਿਲਾਫ਼ ਚੁੱਕਿਆ ਜਾਣ ਵਾਲਾ ਕਦਮ ਕਿਹਾ ਜਾ ਰਿਹਾ ਹੈ। ਯੂਪੀ ਸਰਕਾਰ ਨੇ ਇਸ ਖਰੜੇ ਨੂੰ ਵੈੱਬ 'ਤੇ ਪਾ ਕੇ ਲੋਕਾਂ ਦੀ ਰਾਇ ਮੰਗੀ ਹੈ। ਖਰੜੇ ਮੁਤਾਬਕ ਯੂਪੀ ਸਰਕਾਰ ਨੇ ਦੋ ਤੋਂ ਵੱਧ ਬੱਚਿਆਂ ਵਾਲੇ ਪਰਿਵਾਰਾਂ ਨੂੰ ਸਰਕਾਰੀ ਸਹੂਲਤਾਂ ਤੋਂ ਵਾਂਝੇ ਕਰਨ ਦਾ ਮਨਸੂਬਾ ਬਣਾਇਆ ਹੈ। ਦੁਨੀਆ ਦੀ ਜਨਸੰਖਿਆ ਇਸ ਵੇਲੇ ਪੌਣੇ ਅੱਠ ਅਰਬ ਦੇ ਲਗਪਗ ਹੈ। ਭਾਰਤ ਅਤੇ ਚੀਨ ਦੀ ਆਬਾਦੀ ਮਿਲਾ ਲਈਏ ਤਾਂ ਦੁਨੀਆ ਦਾ ਹਰ ਤੀਜਾ ਵਿਅਕਤੀ ਇਨ੍ਹਾਂ ਦੋਨਾਂ ਦੇਸ਼ਾਂ ਦਾ ਬਾਸ਼ਿੰਦਾ ਹੋਵੇਗਾ। ਸੰਨ 1000 ਵਿਚ ਵਿਸ਼ਵ ਦੀ ਜਨਸੰਖਿਆ ਮਹਿਜ਼ 40 ਕਰੋੜ ਦੇ ਲਗਪਗ ਸੀ। ਅੱਠ ਸੌ ਸਾਲਾਂ 'ਚ ਇਹ ਇਕ ਅਰਬ ਨੂੰ ਪਾਰ ਕਰ ਗਈ ਸੀ।

11 ਜੁਲਾਈ

# ਤਕਸੀਮ ਦੀ ਸਿਆਸਤ

ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨੂੰ ਭਰਮਾਉਣ ਖਾਤਰ ਮਜ਼ਬ ਅਤੇ ਜਾਤ-ਪਾਤ ਦਾ ਪੱਤਾ ਸ਼ਰੇਆਮ ਖੇਡਿਆ ਜਾ ਰਿਹਾ ਹੈ। ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਸੂਫ਼ੀ ਸੰਤਾਂ ਵੱਲੋਂ ਦਿੱਤੇ ਗਏ ਸਾਂਝੀਵਾਲਤਾ ਦੇ ਸੰਦੇਸ਼ ਨੂੰ ਅੱਖੋਂ ਪਰੋਖੇ ਕਰ ਕੇ ਪੰਜ-ਆਬ ਦੀ ਅਮੀਰ ਵਿਰਾਸਤ ਨੂੰ ਲੀਰੋ-ਲੀਰ ਕਰਨ ਦੀ ਹਿਮਾਕਤ ਹੋ ਰਹੀ ਹੈ। ਹਾਸ਼ੀਏ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਦਰਕਿਨਾਰ ਕਰਦਿਆਂ ਵੱਖ-ਵੱਖ ਸਿਆਸੀ ਪਾਰਟੀਆਂ ਸਮਾਜ ਨੂੰ ਵੰਡਣ ਲਈ ਜਰਬਾਂ-ਤਕਸੀਮਾਂ ਵਿਚ ਰੁੱਝੀਆਂ ਹੋਈਆਂ ਹਨ। 'ਸੱਤਾ ਦੀ ਜੰਗ ਲਈ ਸਭ ਜਾਇਜ਼ ਹੈ' ਦਾ ਮੰਤਰ ਉਚਾਰਿਆ ਜਾ ਰਿਹਾ ਹੈ। ਪੰਜ ਦਰਿਆਵਾਂ ਦੇ ਨਿਰਮਲ ਪਾਣੀਆਂ ਨਾਲ ਗੁੰਨ੍ਹੀ ਮਿੱਟੀ 'ਚੋਂ ਪੰਜਾਬੀਅਤ ਦੇ ਬੀਜ ਪੁੰਗਰੇ ਸਨ। ਦੇਸ ਦੀ ਵੰਡ ਵੇਲੇ ਢਾਈ ਦਾ ਪਹਾੜਾ ਪੜ੍ਹੇ ਜਾਣ ਤੋਂ ਬਾਅਦ ਵੀ ਪੰਜ-ਆਬ ਦੋਫਾੜ ਨਹੀਂ ਸੀ ਹੋਇਆ। ਮਗ਼ਰਬ ਅਤੇ ਮਸ਼ਰਕ ਵਿਚ ਵੰਡੇ ਗਏ ਢਾਈ-ਢਾਈ ਦਰਿਆਵਾਂ ਦੇ ਕੰਢਿਆਂ 'ਤੇ ਵਸਦੇ ਪੰਜਾਬੀਆਂ ਨੇ ਪੰਜਾਬੀਅਤ ਨੂੰ ਤਕਸੀਮ ਨਹੀਂ ਸੀ ਹੋਣ ਦਿੱਤਾ। ਇਨ੍ਹਾਂ ਦਰਿਆਵਾਂ ਦੀਆਂ ਅਠਖੇਲੀਆਂ ਕਰਦੀਆਂ ਲਹਿਰਾਂ 'ਚੋਂ ਸਿਰਜੀਆ ਬਹਿਰਾਂ ਅੱਜ ਵੀ ਅਜ਼ਲਾਂ ਪੁਰਾਣੀ ਸਾਂਝ ਦੀ ਬਾਤ ਪਾਉਂਦੀਆਂ ਹਨ। ਲੋਕ ਗੀਤਾਂ ਨੇ ਇਸ ਵਿਰਾਸਤ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਭੂਗੋਲਿਕ ਵੰਡੀਆਂ ਦੇ ਬਾਵਜੂਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ 'ਤੇ ਮਜ਼ਬੀ ਰੰਗ ਕਦੇ ਨਹੀਂ ਸੀ ਚੜ੍ਹਿਆ। ਇਹ ਪਹਿਲੀ ਵਾਰ ਹੈ ਕਿ ਪੰਜਾਬੀਆਂ ਨੂੰ ਹਿੰਦੂ, ਸਿੱਖ ਤੇ 'ਦਲਿਤ' ਦੇ ਜ਼ਾਵੀਏ ਤੋਂ ਵੇਖਿਆ ਤੇ ਤੋਲਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਂਝੀਵਾਲਤਾ 'ਤੇ ਪਹਿਰਾ ਦੇਣ ਦਾ ਦਾਅਵਾ ਕਰਦਾ ਆਇਆ ਹੈ। ਪੰਜਵੇਂ ਗੁਰੂ ਦਾ ਫ਼ੁਰਮਾਨ ਹੈ, 'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।। ਧਰਮ ਅਤੇ ਸਿਆਸਤ ਦੇ ਸੁਮੇਲ ਨੇ ਅਕਾਲੀ ਦਲ ਨੂੰ ਵੀ ਜਾਤ-ਪਾਤ ਅਤੇ ਮਜ਼ਬ ਦਾ ਪੱਤਾ ਖੇਡਣ ਲਈ ਮਜਬੂਰ ਕਰ ਦਿੱਤਾ ਹੈ। ਅਕਾਲੀ ਦਲ ਨੇ ਸੂਬੇ ਅੰਦਰ ਕਿਸੇ ਦਲਿਤ ਆਗੂ ਨੂੰ ਉੱਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਕੇ ਪੱਛੜੇ ਵਰਗ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਜਿਹਾ ਛੇੜਾ ਛੇੜਨ ਤੋਂ ਬਾਅਦ ਦੂਜੀਆਂ ਪਾਰਟੀਆਂ ਨੇ ਅਕਾਲੀਆਂ ਤੋਂ ਵੱਧ ਦਲਿਤ ਹਿਤੈਸ਼ੀ ਹੋਣ ਦਾ ਦਾਅਵਾ ਠੋਕ ਦਿੱਤਾ। ਅਕਾਲੀ ਦਲ ਦੀ ਲੰਬਾ ਸਮਾਂ ਸਿਆਸੀ ਭਾਈਵਾਲ ਰਹੀ ਭਾਜਪਾ ਨੇ ਤਾਂ ਦਲਿਤ ਨੂੰ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਦਿੱਤਾ। ਅਕਾਲੀ ਦਲ ਨੇ ਤਰੁੱਪ ਦਾ ਪੱਤਾ ਖੇਡਦਿਆਂ 25 ਸਾਲਾਂ ਬਾਅਦ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਪਾ ਲਈ। ਇਸ ਤੋਂ ਵੀ ਅੱਗੇ ਚੱਲਦਿਆਂ ਅਕਾਲੀ ਦਲ

ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਿੰਦੂ ਅਤੇ ਦਲਿਤ ਦੇ ਉੱਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਸਮਾਜ ਨੂੰ ਤੋੜਨ ਨਹੀਂ ਬਲਕਿ ਜੋੜਨ ਵਿਚ ਵਿਸ਼ਵਾਸ ਰੱਖਦੇ ਹਨ। ਕਾਂਗਰਸ ਪਾਰਟੀ ਦੀ ਹਾਈ ਕਮਾਨ ਵੱਲੋਂ ਜਦੋਂ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਉਣ ਦੀ ਕਨਸੋਅ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਕੋਲ ਪੁੱਜੀ ਤਾਂ ਮੁੜ ਫਿਰਕੂ ਅਤੇ ਜਾਤ-ਪਾਤ ਦਾ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਗਈ। ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਦੇ ਐਲਾਨ ਤੋਂ ਪਹਿਲਾਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਟਵੀਟ ਰਾਹੀਂ ਪਾਰਟੀ ਹਾਈ ਕਮਾਨ ਨੂੰ ਪੰਜਾਬ ਵਿਚ ਹਿੰਦੂ, ਸਿੱਖ ਅਤੇ ਦਲਿਤ ਭਾਈਚਾਰਿਆਂ ਦੀ ਆਬਾਦੀ ਦਾ ਗਰਾਫ ਸਾਂਝਾ ਕਰਦਿਆਂ ਕਈ ਵੱਡੇ ਸੰਕੇਤ ਦੇ ਦਿੱਤੇ। ਕੈਪਟਨ ਖੇਮਾ ਪਾਰਟੀ ਹਾਈ ਕਮਾਨ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਜੇ ਜੱਟ ਸਿੱਖ ਹੈ ਤਾਂ ਉਸੇ ਭਾਈਚਾਰੇ ਦੇ ਨੇਤਾ ਨੂੰ ਪਾਰਟੀ ਪ੍ਰਧਾਨ ਲਾਉਣ ਨਾਲ ਦੂਜੇ ਭਾਈਚਾਰੇ ਨਾਰਾਜ਼ ਹੋ ਸਕਦੇ ਹਨ। ਸੱਤਾ ਪ੍ਰਾਪਤੀ ਦੀ ਦੌੜ ਵਿਚ ਦਰਅਸਲ ਅਸਲ ਮੁੱਦੇ ਦਰਕਿਨਾਰ ਹੋ ਰਹੇ ਹਨ। ਇਹੀ ਕਾਰਨ ਹੈ ਕਿ ਸਿੱਧੂ ਨੂੰ ਪ੍ਰਧਾਨ ਬਣਾਉਣ ਲਈ ਫ਼ਿਲਹਾਲ ਪੇਚ ਫਸਿਆ ਹੋਇਆ ਹੈ। ਕਾਂਗਰਸ ਹਾਈਕਮਾਨ ਸਾਰੇ ਭਾਈਚਾਰਿਆਂ ਨੂੰ ਖ਼ੁਸ਼ ਕਰਨ ਲਈ ਤਿੰਨ- ਚਾਰ ਵਰਕਿੰਗ ਪ੍ਰਧਾਨ ਬਣਾਉਣ ਦੀ ਵੀ ਸੋਚ ਰਹੀ ਹੈ ਤਾਂ ਜੋ ਸਾਰੇ ਭਾਈਚਾਰਿਆਂ ਨੂੰ ਖ਼ੁਸ਼ ਰੱਖਿਆ ਜਾ ਸਕੇ। ਪੰਜਾਬ ਵਿਚ ਅਜਿਹੀ ਫਿਰਕੂ ਕਤਾਰਬੰਦੀ ਪਹਿਲਾਂ ਕਦੇ ਨਹੀਂ ਦੇਖੀ ਗਈ। ਸਾਂਝੀਵਾਲਤਾ ਦੀ ਧਰਤੀ ’ਤੇ ਸਾਂਝਾਂ ਨੂੰ ਖੋਰਾ ਲੱਗਣਾ ਬੇਹਦ ਮੰਦਭਾਗਾ ਹੈ। ਸਿਆਸੀ ਝਗੜੇ ਝੇੜੇ ਤੇ ਉਨ੍ਹਾਂ ਦੇ ਨਬੇੜੇ ਹੁੰਦੇ ਆਏ ਹਨ ਪਰ ਸਮਾਜ ਨੂੰ ਤਕਸੀਮ ਕਰਨ ਦੀ ਕੋਸ਼ਿਸ਼ ਦਾ ਸੰਤਾਪ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਭੋਗਣਾ ਪੈ ਸਕਦਾ ਹੈ। ਸਾਇੰਸ ਦੀਆਂ ਲੈਬਾਰਟਰੀਆਂ ਵਾਂਗ ਸਿਆਸੀ ਫਾਰਮੂਲੇ ਬਣਾਉਣ ਵਾਲਾ ਗਣਿਤ ਪੰਜਾਬ ਦੀ ਸਾਂਝੀ ਵਿਰਾਸਤ ਨੂੰ ਤਾਰ-ਤਾਰ ਕਰਨ ਵਾਲਾ ਕੋਝਾ ਯਤਨ ਹੈ। ਸਿਆਸਤਦਾਨਾਂ ਨੂੰ ਫਿਰਕੂ ਜਾਂ ਜਾਤ-ਪਾਤ ਦਾ ਪੱਤਾ ਖੇਡਣ ਦੀ ਬਜਾਏ ਲੋਕਾਂ ਨਾਲ ਜੁੜੇ ਸਰੋਕਾਰਾਂ ’ਤੇ ਫੋਕਸ ਕਰਨਾ ਚਾਹੀਦਾ ਹੈ। ਪੰਜਾਬ ਸਰਹੱਦੀ ਸੂਬਾ ਹੈ ਜਿੱਥੋਂ ਦੇ ਬਾਸ਼ਿੰਦਿਆਂ ਨੇ ਹਮੇਸ਼ਾ ਰਲ-ਮਿਲ ਕੇ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਕੀਤਾ ਹੈ। ਇਕੱਠਿਆਂ ਆਜ਼ਾਦੀ ਦੀ ਜੰਗ ਲੜੀ ਹੈ ਤੇ ਇਸ ਖਾਤਰ ਸਾਂਝਾ ਖ਼ੂਨ ਡੁੱਲਿਆ ਹੈ। ਫਿਰਕੂ ਜਾਂ ਜਾਤ- ਪਾਤ ਦਾ ਪੱਤਾ ਖੇਡਣ ਨਾਲ ਸਾਡੇ ਪੁਰਖਿਆਂ ਦੀ ਆਤਮਾ ਦੁਖੇਗੀ ਜਿਨ੍ਹਾਂ ਨੇ ਆਜ਼ਾਦੀ ਖਾਤਰ ਕੁਰਬਾਨੀਆਂ ਦਿੱਤੀਆਂ ਸਨ। ਪੰਜਾਬੀਆਂ ਵਿਚ ਵੰਡੀਆਂ ਅਤੇ ਧੜੇਬੰਦੀਆਂ ਪੈਦਾ ਕਰਨ ਨਾਲ ਸੂਬੇ ਦਾ ਬੇਹੱਦ ਨੁਕਸਾਨ ਹੋਵੇਗਾ ਜਿਸ ਦੀ ਜ਼ਿੰਮੇਵਾਰੀ ਸਾਡੀ ਆਪਣੀ ਹੋਵੇਗੀ। ਅਜਿਹੀ ਰਾਜਨੀਤੀ ਦੀ ਬਜਾਏ ਸਾਰੀਆਂ ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਮੱਥੇ ਤੋਂ ਨਸ਼ਿਆਂ ਦਾ ਦਾਗ਼ ਮਿਟਾਉਣ ਲਈ ਠੋਸ ਐਲਾਨ ਕੀਤੇ ਜਾਣ। ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਅੰਨਦਾਤੇ ਦੇ ਕਲਿਆਣ ਬਾਰੇ ਸੋਚਿਆ ਜਾਵੇ। ਪੰਜਾਬ ਦਾ ਪਾਣੀ ਕਿਉਂ ਗੰਧਲਾ ਹੋ ਰਿਹਾ ਹੈ, ਇਸ ਦਾ ਹੱਲ ਲੱਭਿਆ ਜਾਵੇ। ਹਾਸ਼ੀਆਗਤ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਵਾਅਦੇ ਕੀਤੇ ਜਾਣ। ਹਰ ਸਿਆਸੀ ਪਾਰਟੀ

ਦੇ ਉੱਚ ਨੇਤਾਵਾਂ ਨੇ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਸੁਪਨੇ ਵੇਚੇ ਸਨ। ਸੱਚਾਈ ਸਭ ਦੇ ਸਾਹਮਣੇ ਹੈ ਕਿ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਜਾ ਰਹੀ ਹੈ। 'ਬ੍ਰੇਨ ਡਰੇਨ' ਤੋਂ ਇਲਾਵਾ ਅਰਬਾਂ ਰੁਪਏ ਵਿਦੇਸ਼ਾਂ ਵਿਚ ਜਾ ਰਹੇ ਹਨ। ਭ੍ਰਿਸ਼ਟਾਚਾਰ ਨੂੰ ਠੱਲ੍ਹ ਨਹੀਂ ਪੈ ਰਹੀ। ਸਿਆਸੀ ਪਾਰਟੀਆਂ ਚੋਣ ਮਨੋਰਥ ਪੱਤਰਾਂ ਵਿਚ ਵੱਡੇ- ਵੱਡੇ ਵਾਅਦੇ ਕਰਦੀਆਂ ਹਨ। ਸੱਤਾ ਵਿਚ ਆਉਣ ਤੋਂ ਬਾਅਦ ਇਨ੍ਹਾਂ 'ਤੇ ਮਿੱਟੀ ਦੀ ਮੋਟੀ ਪਰਤ ਜੰਮ ਜਾਂਦੀ ਹੈ। ਵੋਟਾਂ ਬਟੋਰਨ ਲਈ ਉਨ੍ਹਾਂ ਨੂੰ ਮਖਤੌੜੇ ਬਣਾਉਣ ਦੀ ਹੋੜ ਲੱਗੀ ਹੋਈ ਹੈ ਜਦਕਿ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਿਨ-ਬਦਿਨ ਭਾਰੀ ਹੁੰਦੀ ਜਾ ਰਹੀ ਹੈ।

18 ਜੁਲਾਈ

# ਵੀਰਤਾ ਦੀ ਅਮਿੱਟ ਇਬਾਰਤ

ਵੀਹਵੀਂ ਸਦੀ ਦੇ ਆਖ਼ਰੀ ਪੰਨੇ 'ਤੇ ਅੱਜ ਤੋਂ 22 ਸਾਲ ਪਹਿਲਾਂ ਭਾਰਤ ਦੇ ਜਾਂਬਾਜ਼ ਵੀਰਾਂ ਨੇ ਕਾਰਗਿਲ ਜ਼ਿਲ੍ਹੇ ਦੀਆਂ ਗਗਨ- ਚੁੰਬੀ ਪਹਾੜੀਆਂ 'ਤੇ ਫ਼ਤਹਿ ਦੀ ਅਜਿਹੀ ਇਬਾਰਤ ਲਿਖ ਦਿੱਤੀ ਜਿਸ ਨੂੰ ਪੜ੍ਹ ਕੇ ਪਾਕਿਸਤਾਨੀ ਹਾਕਮਾਂ ਦੀਆਂ ਅੱਖਾਂ ਵਿਚ ਹਮੇਸ਼ਾ ਸੂਲਾਂ ਚੁਭਦੀਆਂ ਰਹਿਣਗੀਆਂ। ਸੰਨ 1971 ਦੀ ਭਾਰਤ-ਪਾਕਿ ਜੰਗ ਤੋਂ 28 ਸਾਲ ਬਾਅਦ 60 ਦਿਨ ਚੱਲੇ ਕਾਰਗਿਲ ਯੁੱਧ ਨੇ ਪਾਕਿਸਤਾਨੀ ਹਾਕਮਾਂ, ਖ਼ਾਸ ਤੌਰ 'ਤੇ ਫ਼ੌਜੀ ਜਰਨੈਲਾਂ ਨੂੰ ਕੱਖੋਂ ਹੌਲੇ ਕਰ ਦਿੱਤਾ ਸੀ। ਛੱਬੀ ਜੁਲਾਈ 1999 ਨੂੰ ਭਾਵੇਂ ਕਹੱਤਰ ਵਾਂਗ ਦੁਨੀਆ ਦਾ ਨਕਸ਼ਾ ਤਾਂ ਨਹੀਂ ਸੀ ਬਦਲਿਆ ਪਰ ਇਸ ਨੇ ਵਿਸ਼ਵ ਨੂੰ ਇਹ ਸੁਨੇਹਾ ਜ਼ਰੂਰ ਦੇ ਦਿੱਤਾ ਸੀ ਕਿ ਆਪਣੀਆਂ ਸਰਹੱਦਾਂ ਦੀ ਰਖਵਾਲੀ ਲਈ ਸਾਡੇ ਸੈਨਿਕ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਦੇਸ਼ ਦੀ ਵੰਡ ਤੋਂ ਲੈ ਕੇ ਅੱਜ ਤਕ ਪਾਕਿਸਤਾਨ ਦੀ ਨਜ਼ਰ ਕਸ਼ਮੀਰ 'ਤੇ ਰਹੀ ਹੈ। ਪਾਕਿਸਤਾਨ ਦੀਆਂ ਨਾਪਾਕ ਹਰਕਤਾਂ ਨੇ ਧਰਤੀ ਦਾ ਸਵਰਗ ਕਹੇ ਜਾਣ ਵਾਲੀ ਕਸ਼ਮੀਰ ਵਾਦੀ ਨੂੰ ਨਰਕ ਵਿਚ ਬਦਲਣ ਲਈ ਕੋਈ ਕਸਰ ਨਹੀਂ ਛੱਡੀ। ਮਹਿਕਾਂ ਦੇ ਪੱਕੇ ਡੇਰੇ ਵਾਲੀ ਧਰਤ ਨੂੰ ਇਸ ਨੇ ਬਾਰੂਦ ਦਾ ਢੇਰ ਬਣਾ ਦਿੱਤਾ ਹੈ। ਦਰਅਸਲ, ਪਾਕਿਸਤਾਨ 'ਤੇ ਉੱਥੇ ਦੀ ਫੌਜ ਅਤੇ ਬਦਨਾਮ ਖੁਫ਼ੀਆ ਏਜੰਸੀ ਆਈਐੱਸਆਈ ਦਾ ਸ਼ੁਰੂ ਤੋਂ ਹੀ ਗਲਬਾ ਹੈ ਜਿਸ ਕਾਰਨ ਜਮਹੂਰੀਅਤ ਨੂੰ ਅਕਸਰ ਜਿਬ੍ਹਾ ਹੋਣਾ ਪੈਂਦਾ ਹੈ। ਕਾਰਗਿਲ ਯੁੱਧ ਦੀ ਪਟਕਥਾ ਵੀ ਪਾਕਿਸਤਾਨੀ ਫ਼ੌਜ ਤੇ ਆਈਐੱਸਆਈ ਦੇ ਜਰਨੈਲਾਂ ਨੇ ਮਿਲ ਕੇ ਲਿਖੀ ਸੀ ਜਿਸ ਦੀ ਭਿਣਕ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਨਹੀਂ ਪੈਣ ਦਿੱਤੀ ਗਈ। ਨਵਾਜ਼ ਸ਼ਰੀਫ਼ 19 ਫਰਵਰੀ 1999 ਨੂੰ ਵਾਹਗਾ 'ਤੇ ਗੁਲਦਸਤਾ ਲੈ ਕੇ ਆਪਣੇ ਭਾਰਤੀ ਹਮਰੁਤਬਾ ਅਟਲ ਬਿਹਾਰੀ ਵਾਜਪਾਈ ਦਾ ਬੇਤਾਬੀ ਨਾਲ ਇੰਤਜ਼ਾਰ ਕਰ ਰਹੇ ਸਨ ਜੋ 'ਸਦਾ-ਏ-ਸਰਹੱਦ' (ਦਿੱਲੀ-ਲਾਹੌਰ) ਪਲੇਠੀ ਬੱਸ ਰਾਹੀਂ ਸਰਹੱਦ ਪਾਰ ਕਰਨ ਵਾਲੇ ਸਨ। ਸਰਹੱਦ ਦੇ ਦੋਵੇਂ ਪਾਸੇ ਲਾਲ ਗਲੀਚੇ ਵਿਛੇ ਹੋਏ ਸਨ ਤੇ ਫੁੱਲ ਪੱਤੀਆਂ ਦੀ ਵਰਖਾ ਹੋ ਰਹੀ ਸੀ। ਦੋਨਾਂ ਦੇਸ਼ਾਂ ਦੇ ਅਵਾਮ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ। ਸਰਹੱਦ ਦੇ ਆਰ-ਪਾਰ ਢੋਲ ਦੇ ਡਗੇ 'ਤੇ ਭੰਗੜੇ ਪੈ ਰਹੇ ਸਨ। ਦੂਜੇ ਪਾਸੇ ਪਾਕਿਸਤਾਨੀ ਫ਼ੌਜ ਤੇ ਖੁਫ਼ੀਆਤੰਤਰ ਕਸ਼ਮੀਰ ਦੇ ਕਾਰਗਿਲ ਜ਼ਿਲ੍ਹੇ ਦੀਆਂ ਟੀਸੀਆਂ 'ਤੇ ਕਬਜ਼ਾ ਕਰਨ ਲਈ ਹਥਿਆਰਬੰਦ ਘੁਸਪੈਠੀਏ ਤੇ ਸੈਨਿਕ ਭੇਜ ਰਿਹਾ ਸੀ। ਇਹ ਪਿੱਠ ਵਿਚ ਛੁਰਾ ਖੋਭਣ ਵਾਲੀ ਹਿਮਾਕਤ ਸੀ ਜਿਸ ਬਾਰੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਨੂੰ ਵੀ ਵਿਸ਼ਵਾਸ ਵਿਚ ਨਹੀਂ ਸੀ ਲਿਆ ਗਿਆ। ਇਸ ਹਰਕਤ ਨੇ ਵਿਸ਼ਵਾਸਘਾਤ ਹੀ ਨਹੀਂ ਕੀਤਾ ਬਲਕਿ

ਪਾਕਿਸਤਾਨ ਦੀ ਫ਼ੌਜ ਦਾ ਕਰੂਰ ਚਿਹਰਾ ਦੁਨੀਆ ਅੱਗੇ ਰੱਖ ਦਿੱਤਾ। ਮਈ ਤਕ ਪਾਕਿਸਤਾਨ ਨੇ ਕਾਰਗਿਲ ਦੇ ਪਹਾੜਾਂ 'ਤੇ ਕਬਜ਼ਾ ਕਰ ਲਿਆ ਸੀ। ਸ਼ੁਰੂ ਵਿਚ ਕਾਰਗਿਲ ਦੀਆਂ ਕੁਝ ਕੁ ਪਹਾੜੀਆਂ 'ਤੇ ਕਬਜ਼ਾ ਕਰ ਕੇ ਸ੍ਰੀਨਗਰ-ਲੇਹ ਹਾਈਵੇਅ ਨੂੰ ਬਲਾਕ ਕਰਨ ਦੀ ਯੋਜਨਾ ਸੀ। ਇਹ ਇਕਮਾਤਰ ਹਾਈਵੇਅ ਹੈ ਜਿਸ ਰਾਹੀਂ ਭਾਰਤੀ ਫ਼ੌਜ ਨੂੰ ਹਥਿਆਰਾਂ/ਰਾਸ਼ਨ ਆਦਿ ਦੀ ਸਪਲਾਈ ਹੁੰਦੀ ਹੈ। ਸਤਾਰਾਂ-ਅਠਾਰਾਂ ਹਜ਼ਾਰ ਫੁੱਟ ਉੱਚੀਆਂ ਇਨ੍ਹਾਂ ਪਹਾੜੀਆਂ 'ਤੇ ਸਰਦੀ ਦੇ ਮੌਸਮ ਵਿਚ ਬਰਫ਼ ਜੰਮ ਜਾਂਦੀ ਹੈ ਜਿਸ ਕਾਰਨ ਦੋਨਾਂ ਦੇਸ਼ਾਂ ਦੇ ਸੈਨਿਕ ਆਪੋ ਆਪਣੀਆਂ ਬੈਰਕਾਂ ਨੂੰ ਛੱਡ ਕੇ ਮੈਦਾਨਾਂ ਵਿਚ ਚਲੇ ਜਾਂਦੇ ਹਨ। ਜਦੋਂ ਪਾਕਿਸਤਾਨ ਦੇ ਘੁਸਪੈਠੀਆਂ ਨੂੰ ਪਤਾ ਲੱਗਾ ਕਿ ਕਾਰਗਿਲ ਜ਼ਿਲ੍ਹੇ ਦੀਆਂ ਇਨ੍ਹਾਂ ਪਹਾੜੀਆਂ 'ਤੇ ਭਾਰਤ ਦੀ ਫ਼ੌਜ ਦੂਰ-ਦੂਰ ਤਕ ਵੀ ਦਿਖਾਈ ਨਹੀਂ ਦਿੰਦੀ ਤਾਂ ਇਸ ਨੇ ਘੁਸਪੈਠੀਆਂ ਦੇ ਹੌਸਲੇ ਬੁਲੰਦ ਕਰ ਦਿੱਤੇ। ਉਨ੍ਹਾਂ ਨੇ ਬੜੀ ਤੇਜ਼ੀ ਨਾਲ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ ਤਿਆਗੀਆਂ ਬੈਰਕਾਂ 'ਤੇ ਕਬਜ਼ਾ ਕਰ ਲਿਆ। ਭਲਾ ਹੋਵੇ ਅੱਧਖੜ ਉਮਰ ਦੇ ਤਾਸ਼ੀ ਨਾਂ ਦੇ ਚਰਵਾਹੇ ਦਾ ਜਿਸ ਨੇ ਪਾਕਿਸਤਾਨ ਵੱਲੋਂ ਆਏ ਘੁਸਪੈਠੀਆਂ ਦੀ ਖ਼ਬਰ ਨਸ਼ਰ ਕੀਤੀ। ਤਾਸ਼ੀ ਆਪਣੇ ਗੁਆਚੇ ਯਾਕ ਦੀ ਤਲਾਸ਼ ਵਿਚ ਪਹਾੜ ਦੀ ਚੋਟੀ 'ਤੇ ਪੁੱਜ ਗਿਆ ਤਾਂ ਉਸ ਦੇ ਨਜ਼ਰੀਂ ਘੁਸਪੈਠੀਏ ਚੜ੍ਹ ਗਏ। ਆਪਣੇ ਯਾਕ ਨੂੰ ਲੱਭਣ ਦਾ ਖ਼ਿਆਲ ਛੱਡ ਕੇ ਉਸ ਨੇ ਪਹਾੜਾਂ ਦੇ ਪੈਰਾਂ ਵਿਚ ਬਣੀ ਫ਼ੌਜੀ ਪੋਸਟ ਵਿਖੇ ਜਾ ਕੇ ਘੁਸਪੈਠ ਬਾਰੇ ਖ਼ਬਰਦਾਰ ਕੀਤਾ। ਸ਼ੁਰੂ ਵਿਚ ਤਾਂ ਭਾਰਤੀ ਫ਼ੌਜੀਆਂ ਨੂੰ ਯਕੀਨ ਨਾ ਆਇਆ ਪਰ ਫਿਰ ਵੀ ਉਹ ਪਹਾੜ ਦਾ ਰਸਤਾ ਨਾਪਣ ਲੱਗੇ। ਦੁਵੱਲੀ ਫਾਇਰਿੰਗ ਨੇ ਪਹਾੜਾਂ ਨੂੰ ਖ਼ੂਨ ਨਾਲ ਰੰਗਣਾ ਸ਼ੁਰੂ ਕਰ ਦਿੱਤਾ। ਪਹਾੜਾਂ ਦਾ ਸਿਖਰ ਮੱਲੀ ਬੈਠਿਆਂ ਨੂੰ ਖਦੇੜਨਾ ਆਪਣੇ ਆਪ ਵਿਚ ਬੇਹੱਦ ਵੱਡੀ ਚੁਣੌਤੀ ਸੀ। ਪਹਾੜ ਦੀ ਟੀਸੀ ਤੋਂ ਕੀਤੀ ਜਾਂਦੀ ਪੱਥਰਬਾਜ਼ੀ ਵੀ ਮੈਦਾਨ ਤੋਂ ਕੀਤੀ ਜਾ ਰਹੀ ਗੋਲੀਬਾਰੀ 'ਤੇ ਭਾਰੂ ਪੈ ਰਹੀ ਸੀ। ਵਿਡੰਬਣਾ ਇਹ ਹੈ ਕਿ ਪਾਕਿਸਤਾਨ ਦੇ ਤਤਕਾਲੀ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਨੂੰ ਕਾਰਗਿਲ ਦੀਆਂ ਪਹਾੜੀਆਂ 'ਤੇ ਕਬਜ਼ਾ ਕਰਨ ਦੇ ਮਨਸੂਬੇ ਬਾਰੇ 17 ਮਈ ਨੂੰ ਦੱਸਿਆ ਗਿਆ ਸੀ। ਖ਼ੁਰਾਫਾਤੀ ਪਾਕਿਸਤਾਨੀ ਜਰਨੈਲ ਉਸ ਨੂੰ ਜਚਾ ਰਹੇ ਸਨ ਕਿ ਪਾਕਿਸਤਾਨ ਦੇ ਬਾਨੀ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਤੋਂ ਬਾਅਦ ਤਵਾਰੀਖ ਵਿਚ ਉਨ੍ਹਾਂ (ਨਵਾਜ਼ ਸ਼ਰੀਫ਼) ਦਾ ਨਾਮ ਦਰਜ ਹੋਵੇਗਾ। ਉਨ੍ਹਾਂ ਦਾ ਤਰਕ ਸੀ ਕਿ ਕਾਰਗਿਲ ਦੀਆਂ ਪਹਾੜੀਆਂ 'ਤੇ ਕਾਬਿਜ਼ ਹੋਣ ਤੋਂ ਬਾਅਦ ਭਾਰਤੀ ਫ਼ੌਜ ਨੂੰ ਸਪਲਾਈ ਬੰਦ ਹੋ ਜਾਵੇਗੀ ਤੇ ਭਾਰਤ ਨੂੰ ਕਸ਼ਮੀਰ ਮਸਲਾ ਹੱਲ ਕਰਨ ਲਈ ਮਜਬੂਰ ਹੋਣਾ ਪਵੇਗਾ। ਸਵੀਡਨ ਦੀਆਂ ਬਣੀਆਂ ਬੋਫਰਜ਼ ਤੋਪਾਂ ਨੇ ਕਾਰਗਿਲ ਯੁੱਧ ਦਾ ਰੁਖ਼ ਹੀ ਮੋੜ ਦਿੱਤਾ ਸੀ। ਬੋਫਰਜ਼ ਤੋਪਾਂ ਪਹਾੜਾਂ ਦੇ ਤੂੰਬੇ ਉਡਾਉਣ ਲੱਗੀਆਂ ਤਾਂ ਘੁਸਪੈਠੀਆਂ ਦੇ ਪੈਰ ਉੱਖੜ ਗਏ। ਇਹ ਉਹੀ ਤੋਪਾਂ ਸਨ ਜਿਨ੍ਹਾਂ ਕਾਰਨ ਅੱਸੀਵਿਆਂ ਤੇ ਨੱਬੇਵਿਆਂ ਵਿਚ ਸਿਆਸੀ ਤੂਫ਼ਾਨ ਉੱਠਿਆ ਸੀ। ਉਸ ਵੇਲੇ ਇਨ੍ਹਾਂ ਤੋਪਾਂ ਦਾ ਮੂੰਹ ਦੇਸ਼ ਦੇ ਸੱਤਾਧਾਰੀ ਸਿਆਸਤਦਾਨਾਂ ਵੱਲ ਸੀ। ਇਨ੍ਹਾਂ ਤੋਪਾਂ ਦਾ ਮੂੰਹ ਜਦੋਂ ਕਾਰਗਿਲ ਦੀਆਂ ਪਹਾੜੀਆਂ ਵੱਲ ਹੋਇਆ ਤਾਂ ਇਨ੍ਹਾਂ ਨੇ ਦੁਸ਼ਮਣ ਦੇ ਛੱਕੇ ਛੁਡਾ ਦਿੱਤੇ। ਹੱਡ-ਚੀਰਵੀਂ ਠੰਢ ਵਿਚ ਤੋਪਾਂ ਦੇ ਗੋਲਿਆਂ ਨੇ ਅੱਗ ਵਰ੍ਹਾ ਦਿੱਤੀ।

ਪਹਾੜਾਂ 'ਤੇ ਚੜ੍ਹਨਾ ਮੁਹਾਲ ਹੁੰਦਾ ਹੈ ਪਰ ਦੁਸ਼ਮਣਾਂ ਲਈ ਉੱਥੋਂ ਉਤਰਨਾ ਹੋਰ ਵੀ ਮੁਸ਼ਕਲ ਹੋ ਗਿਆ। ਕਾਰਗਿਲ ਦੇ ਪਹਾੜ ਅਣਗਿਣਤ ਘੁਸਪੈਠੀਆ ਲਈ ਕਬਰਿਸਤਾਨ ਬਣ ਗਏ। ਭਾਰਤੀ ਹਵਾਈ ਸੈਨਾ ਨੇ ਕਾਰਗਿਲ ਯੁੱਧ ਲਈ ਕੋਡ 'ਆਪ੍ਰੇਸ਼ਨ ਸਫੇਦ ਸਾਗਰ' ਰੱਖਿਆ ਸੀ। ਪੈਦਲ ਫ਼ੌਜ ਅਤੇ ਹਵਾਈ ਸੈਨਾ ਨੇ 1971 ਦੀ ਭਾਰਤ-ਪਾਕਿਸਤਾਨ ਜੰਗ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਿਨ੍ਹਾਂ ਦੇ ਤਾਲਮੇਲ ਸਦਕਾ ਬੰਗਲਾਦੇਸ਼ ਨਾਮ ਦਾ ਨਵਾਂ ਦੇਸ਼ ਦੁਨੀਆ ਦੇ ਨਕਸ਼ੇ 'ਤੇ ਉੱਭਰਿਆ ਸੀ। ਪਾਕਿ ਨੇ ਜੇ 1971 ਦੀ ਜੰਗ ਤੋਂ ਸਬਕ ਸਿੱਖਿਆ ਹੁੰਦਾ ਤਾਂ 'ਮੇਰਾ ਦਾਗਿਸਤਾਨ' ਦੇ ਲੇਖਕ ਰਸੂਲ ਹਮਜ਼ਾਤੋਵ ਦਾ ਕਥਨ ਯਾਦ ਕਿਵੇਂ ਆਉਂਦਾ ਕਿ 'ਜੇ ਬੀਤੇ 'ਤੇ ਗੋਲ਼ੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ!'

25 ਜੁਲਾਈ

# ਸਿੱਖ ਵਿਰਾਸਤ ਦੀ ਅਣਦੇਖੀ

ਤਾਲਿਬਾਨੀ ਮੁਜਾਹਿਦਾਂ ਤੇ ਫ਼ੌਜ ਦਰਮਿਆਨ ਖੇਡੀ ਜਾ ਰਹੀ ਖ਼ੂਨ ਦੀ ਹੋਲੀ ਕਾਰਨ ਅਫ਼ਗਾਨਿਸਤਾਨ 'ਚ ਰਹਿ ਰਹੀ ਨਿਗੂਣੀ ਹਿੰਦੂ-ਸਿੱਖ ਬਰਾਦਰੀ ਦਾ ਵਜੂਦ ਹੁਣ ਖ਼ਤਮ ਹੋਣ ਕਿਨਾਰੇ ਹੈ। ਇਸ ਖਾਨਾਜੰਗੀ/ਖਹਿਬਾਜ਼ੀ ਦੀ ਵਜ੍ਹਾ ਕਰਕੇ ਘੱਟ ਗਿਣਤੀਆਂ ਦੇ ਲੋਕ ਬੇਹੱਦ ਨਾਜ਼ੁਕ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਚਾਰ ਦਹਾਕਿਆਂ ਦੀ ਉਥਲ-ਪੁਥਲ ਦੌਰਾਨ ਅਫ਼ਗਾਨਿਸਤਾਨ ਦੇ ਗੁਰਧਾਮਾਂ 'ਤੇ ਆਤਮਘਾਤੀ ਹਮਲੇ ਹੋਏ, ਜਿਨ੍ਹਾਂ ਵਿਚ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਸਣੇ ਅਣਗਿਣਤ ਨਾਨਕ ਨਾਮਲੇਵਾ ਰੱਬ ਨੂੰ ਪਿਆਰੇ ਹੋ ਗਏ ਸਨ। ਇਸਲਾਮਿਕ ਕੱਟੜ ਪੰਥੀਆਂ ਵੱਲੋਂ ਮ੍ਰਿਤਕਾਂ ਦੇ ਸਸਕਾਰ ਤਕ ਦਾ ਵੀ ਵਿਰੋਧ ਕੀਤਾ ਗਿਆ। ਅਫ਼ਗਾਨਿਸਤਾਨ ਨਾਲ ਸਿੱਖਾਂ ਦੀ ਪੰਜ ਸਦੀਆਂ ਪੁਰਾਣੀ ਤਵਾਰੀਖੀ ਸਾਂਝ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਤੋਂ ਇਲਾਵਾ ਅਫ਼ਗਾਨਿਸਤਾਨ 'ਚ ਘੱਟੋ-ਘੱਟ 80 ਇਤਿਹਾਸਕ ਤੇ ਸਮੁਦਾਇਕ ਗੁਰਦੁਆਰੇ ਸਨ ਜਿਨ੍ਹਾਂ 'ਚੋਂ ਬਹੁਤੇ ਨੇਸਤੋ-ਨਾਬੂਦ ਹੋ ਗਏ ਹਨ। ਭਾਰਤ ਅਤੇ ਪੱਛਮੀ ਮੁਲਕਾਂ ਦੇ ਮੁਕਾਬਲੇ ਇਕ ਵੀ ਅਫ਼ਗਾਨੀ ਸਿੱਖ ਪਤਿਤ ਨਹੀਂ ਹੈ। ਉਹ ਰਹਿਤ-ਮਰਿਆਦਾ ਨੂੰ ਪਰਣਾਏ ਹੋਣ ਕਾਰਨ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਹਰ ਸੰਭਵ ਯਤਨ ਕਰਦੇ ਆਏ ਹਨ। ਪਿਛਲੇ ਚਾਰ ਦਹਾਕਿਆਂ ਦੀ ਮਾਰਧਾੜ ਕਾਰਨ ਸਰਦੇ-ਪੁੱਜਦੇ ਸਿੱਖ ਪਰਿਵਾਰ ਭਾਰਤ ਤੇ ਪੱਛਮੀ ਦੇਸ਼ਾਂ ਨੂੰ ਪਲਾਇਨ ਕਰ ਚੁੱਕੇ ਹਨ। ਇਕ ਸਮੇਂ ਅਫ਼ਗਾਨਿਸਤਾਨ 'ਚ ਸਿੱਖਾਂ ਦੀ ਆਬਾਦੀ ਲਗਪਗ ਪੰਜ ਲੱਖ ਸੀ ਪਰ ਹੁਣ ਕੇਵਲ ਵੀਹ ਕੁ ਪਰਿਵਾਰ ਹੀ ਉੱਥੇ ਰਹਿ ਗਏ ਹਨ। ਸੰਨ 1979 'ਚ ਸੋਵੀਅਤ ਰੂਸ ਨੇ ਅਫ਼ਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਸੀ ਪਰ ਆਖ਼ਰ ਉਸ ਨੂੰ ਦਸ ਸਾਲਾਂ ਬਾਅਦ ਆਪਣੇ ਪੈਰ ਪਿਛਾਂਹ ਖਿੱਚਣੇ ਪਏ ਸਨ। ਪਾਕਿਸਤਾਨ ਦੀ ਇਮਦਾਦ ਨਾਲ ਅਮਰੀਕਾ ਨੇ ਅਫ਼ਗਾਨਿਸਤਾਨ 'ਚ ਦਖ਼ਲ ਦੇ ਕੇ ਗਾਹ ਪਾ ਦਿੱਤਾ ਜਿਸ ਕਾਰਨ ਉੱਥੋਂ ਦੀ ਧਰਤੀ ਇਕ ਵਾਰ ਫਿਰ ਲਹੂ ਲੁਹਾਣ ਹੋ ਗਈ। ਤਾਜਿਕ, ਉਜ਼ਬੇਕ, ਪਠਾਣ ਤੇ ਹਜ਼ਾਰਾਂ ਕਬਾਇਲੀ ਮੁਜਾਹਿਦਾਂ ਵੱਲੋਂ 1992 'ਚ ਅਫ਼ਗਾਨਿਸਤਾਨ ਦੇ ਤਤਕਾਲੀ ਸਦਰ ਨਜੀਬਉਲਾ ਦੀ ਸਰਕਾਰ ਤੇ ਸੋਵੀਅਤ ਕਮਿਊਨਿਸਟ ਵਿਚਾਰਧਾਰਕ ਸੱਤਾ ਵਿਰੁੱਧ ਵਿੱਢੇ ਜਿਹਾਦ ਦੌਰਾਨ ਅਣਗਿਣਤ ਹਿੰਦੂ ਸਿੱਖ ਪਰਿਵਾਰ ਆਪਣੇ ਵਤਨ ਨੂੰ ਅਲਵਿਦਾ ਕਹਿ ਕੇ ਕੈਨੇਡਾ, ਜਰਮਨੀ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਪਲਾਇਨ ਕਰ ਗਏ ਸਨ। ਦਰਅਸਲ, ਸੋਵੀਅਤ ਰੂਸ ਨੇ ਦਸੰਬਰ 1989 ਵਿਚ ਆਪਣੇ ਕਮਿਊਨਿਸਟ ਅਫ਼ਗਾਨ ਸਦਰ ਨੂੰ ਆਪਣੇ ਰਹਿਮ 'ਤੇ ਛੱਡ ਕੇ ਅਫ਼ਗਾਨਿਸਤਾਨ ਤੋਂ ਅਲਵਿਦਾ ਲੈ ਲਈ ਸੀ। ਨਜੀਬਉੱਲਾ ਜੋ ਮੁਜਾਹਿਦਾਂ

ਖ਼ਿਲਾਫ਼ ਰੂਸੀਆਂ ਦੇ ਦਮ-ਖਮ 'ਤੇ ਡਟਿਆ ਹੋਇਆ ਸੀ, ਇਕਦਮ ਇਕੱਲਾ ਪੈ ਗਿਆ। ਕਮਿਊਨਿਸਟ ਵਿਚਾਰਧਾਰਾ ਦੇ ਪਹਿਰੇਦਾਰ ਨੇ ਸੰਯੁਕਤ ਰਾਸ਼ਟਰ ਸੰਘ ਦੀ ਮਾਰਫ਼ਤ ਭਾਰਤ ਸਮੇਤ ਕਈ ਦੇਸ਼ਾਂ ਵਿਚ ਜਾ ਕੇ ਪਨਾਹ ਲੈਣ ਦੀ ਕੋਸ਼ਿਸ਼ ਕੀਤੀ ਪਰ ਇਸ ਨੂੰ ਬੂਰ ਨਾ ਪਿਆ। ਨਜੀਬਉੱਲਾ ਆਖ਼ਰ ਤਾਲਿਬਾਨ ਦੇ ਅੜਿੱਕੇ ਆ ਗਿਆ। ਤਾਲਿਬਾਨ ਨੇ ਉਸ ਨੂੰ ਕਾਬੁਲ ਦੀਆਂ ਗਲੀਆਂ-ਕੂਚਿਆਂ ਵਿਚ ਰੱਜ ਕੇ ਘੜੀਸਿਆ। ਫਿਰ 28 ਸਤੰਬਰ 1996 ਨੂੰ ਨਜੀਬਉੱਲਾ ਅਤੇ ਉਸ ਦੇ ਭਰਾ ਸ਼ਾਹਪੁਰ ਅਹਿਮਦਜ਼ਾਈ ਨੂੰ ਇਕ ਟਰੈਫਿਕ ਪੋਲ ਨਾਲ ਲਟਕਾ ਕੇ ਜਨਤਕ ਤੌਰ 'ਤੇ ਫਾਹੇ ਲਾਇਆ ਗਿਆ। ਇਹ ਖੰਭਾ ਰਾਸ਼ਟਰਪਤੀ ਭਵਨ ਦੇ ਸਾਹਮਣੇ ਸੀ ਜਿੱਥੋਂ ਉਹ ਕਦੇ ਅਫ਼ਗਾਨਿਸਤਾਨ 'ਤੇ ਰਾਜ ਕਰਿਆ ਕਰਦਾ ਸੀ। ਮੁਜਾਹਿਦਾਂ ਦੀ ਤਾਰੀ ਭੀੜ ਤਮਾਸ਼ਬੀਨ ਬਣੀ ਇਸ ਘਟਨਾ ਦਾ ਜਸ਼ਨ ਮਨਾ ਰਹੀ ਸੀ। ਇਸ ਦਰਦਨਾਕ ਘਟਨਾ ਨੇ ਵੀ ਹਿੰਦੂ-ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਨ੍ਹਾਂ ਲਈ ਉੱਥੇ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੈ। ਵਿਡੰਬਣਾ ਇਹ ਹੈ ਕਿ ਸਿੱਖਾਂ ਦੀਆਂ ਸ਼੍ਰੋਮਣੀ ਸੰਸਥਾਵਾਂ ਨੇ ਅਫ਼ਗਾਨਿਸਤਾਨ ਵਿਚ ਵਸਦੇ ਸਿੱਖ ਭਾਈਚਾਰੇ ਦੀ ਬਹੁਤੀ ਸਾਰ ਨਹੀਂ ਲਈ। ਹਾਂ, ਅਫ਼ਗਾਨਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਕੁਝ ਇਮਦਾਦ ਜ਼ਰੂਰ ਕੀਤੀ ਹੈ ਜੋ ਨਾਕਾਫ਼ੀ ਹੈ। ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ 'ਚ ਰਹਿ ਗਏ 173 ਗੁਰਦੁਆਰਿਆਂ ਦੀ ਸੇਵਾ-ਸੰਭਾਲ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਰੂਰ ਹੰਭਲਾ ਮਾਰਦੀ ਆਈ ਹੈ। ਪਾਕਿਸਤਾਨ ਵਿਚ ਰਹਿ ਗਏ ਕਈ ਗੁਰਦੁਆਰਿਆਂ ਦਾ ਭਾਵੇਂ ਨਾਮੋ ਨਿਸ਼ਾਨ ਮਿਟਾ ਦਿੱਤਾ ਗਿਆ, ਫਿਰ ਵੀ ਬਹੁਤ ਸਾਰੇ ਗੁਰਦੁਆਰਿਆਂ ਨੂੰ ਸੰਭਾਲ ਲਿਆ ਗਿਆ। ਵੰਡ ਤੋਂ ਬਾਅਦ 'ਪੰਥ ਤੋਂ ਵਿਛੋੜੇ ਗਏ' ਗੁਰਧਾਮਾਂ ਲਈ ਅਰਦਾਸ ਵੀ ਹੁੰਦੀ ਹੈ। ਇਸ ਦੇ ਉਲਟ ਅਫ਼ਗਾਨਿਸਤਾਨ ਜਾਂ ਬੰਗਲਾਦੇਸ਼ 'ਚ ਰਹਿ ਗਏ ਗੁਰਦੁਆਰਿਆਂ ਬਾਰੇ ਬਹੁਤਾ ਤਰੱਦਦ ਨਹੀਂ ਕੀਤਾ ਗਿਆ। ਦੋਨਾਂ ਦੇਸ਼ਾਂ ਵਿਚ ਇਤਿਹਾਸਕ ਗੁਰਧਾਮਾਂ ਦੀ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਨੇ ਕਈ ਸਾਲ ਪਹਿਲਾਂ ਬੰਗਲਾਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਬਾਰੇ ਲੰਬੀ ਰਿਪੋਰਟ ਤਿਆਰ ਕੀਤੀ ਸੀ, ਜਿਸ 'ਤੇ ਕੋਈ ਅਮਲ ਨਹੀਂ ਹੋਇਆ। ਅਫ਼ਗਾਨਿਸਤਾਨ ਦੇ ਗੁਰਦੁਆਰਿਆਂ ਬਾਰੇ ਤਾਂ ਅਜਿਹਾ ਕਦਮ ਵੀ ਨਹੀਂ ਚੁੱਕਿਆ ਗਿਆ। ਮਹਿਜ਼ ਬਿਆਨਬਾਜ਼ੀ ਨਾਲ ਅਫ਼ਗਾਨਿਸਤਾਨ ਦੀ ਅਮੀਰ ਸਿੱਖ ਵਿਰਾਸਤ ਨੂੰ ਸੰਭਾਲਣਾ ਅਸੰਭਵ ਹੈ। ਅਫ਼ਗਾਨਿਸਤਾਨ ਵਿਚ ਰਹਿ ਗਏ ਗਿਣਤੀ ਦੇ ਸਿੱਖ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਕੁਝ ਗੁਰਦੁਆਰਿਆਂ ਦੀ ਮਰਿਆਦਾ ਨੂੰ ਬਰਕਰਾਰ ਰੱਖ ਰਹੇ ਹਨ। ਜੇ ਉਹ ਵੀ ਏਧਰ-ਓਧਰ ਚਲੇ ਗਏ ਤਾਂ ਸਿੱਖ ਵਿਰਾਸਤ ਕੇਵਲ ਵਾਹਿਗੁਰੂ ਦੇ ਆਸਰੇ ਰਹਿ ਜਾਵੇਗੀ। ਇਨ੍ਹਾਂ ਗੁਰੂਧਾਮਾਂ ਵਿਚ ਸੁਸ਼ੋਭਿਤ ਪੁਰਾਤਨ ਬੀੜਾਂ ਫਿਰ ਕਿਸ ਆਸਰੇ ਹੋਣਗੀਆਂ ? ਕੀ ਇਹ ਬੇਅਦਬੀ ਦਾ ਅਹਿਮ ਮੁੱਦਾ ਨਹੀਂ ? ਅਫ਼ਗਾਨ ਸਿੱਖ ਆਪਣੇ ਬਲਬੂਤੇ ਹੀ ਸਿੱਖੀ ਦੀਆਂ ਜੜ੍ਹਾਂ ਲਾਈ ਬੈਠੇ ਹਨ, ਜੇ ਇਹ ਵੀ ਪੁੱਟੀਆਂ ਗਈਆਂ ਤਾਂ ਆਉਣ ਵਾਲਾ ਸਮਾਂ ਸਾਨੂੰ ਕਦੇ ਮਾਫ਼ ਨਹੀਂ ਕਰੇਗਾ। ਬਾਮਿਆਨ ਵਿਚ ਗੌਤਮ ਬੁੱਧ ਦੀਆਂ ਮੂਰਤੀਆਂ ਨੂੰ ਤੋਪ ਦੇ ਗੋਲਿਆਂ ਨਾਲ ਉਡਾਉਣ

ਦਾ ਮੰਜ਼ਿਰ ਅਜੇ ਵੀ ਸੰਵੇਦਨਸ਼ੀਲ ਲੋਕਾਂ ਨੂੰ ਖ਼ੌਫ਼ਜ਼ਦਾ ਕਰਦਾ ਹੈ। ਪੰਥਕ ਸੰਸਥਾਵਾਂ ਨੂੰ ਉਹ ਦਿਨ ਯਾਦ ਕਰਨੇ ਚਾਹੀਦੇ ਹਨ ਕਿ ਜਦੋਂ ਕਾਬੁਲ ਤੋਂ ਆਈਆਂ ਸੰਗਤਾਂ ਦੀ ਸੇਵਾ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਖ਼ੁਦ ਕਰਿਆ ਕਰਦੇ ਸਨ। ਅਜਿਹਾ ਕਰ ਕੇ ਉਹ ਸੰਗਤ ਦਾ ਰਿਣ ਅਦਾ ਕਰਨ ਦੀ ਕੋਸ਼ਿਸ਼ ਕਰਦੇ ਸਨ ਜਿਸ ਦੀ ਬਦੌਲਤ ਸਿੱਖੀ ਦਾ ਅਫ਼ਗਾਨਿਸਤਾਨ ਵਿਚ ਪ੍ਰਚਾਰ ਤੇ ਪ੍ਰਸਾਰ ਹੋਇਆ ਸੀ। ਅਣਦੇਖੀ ਕਾਰਨ ਚੀਨੀ ਤੇ ਬੋਧੀ ਭਿਕਸ਼ੂਆਂ ਦੀਆਂ ਪੈੜਾਂ ਅਫ਼ਗਾਨਿਸਤਾਨ ਦੀ ਧਰਤੀ ਤੋਂ ਲੋਪ ਹੋ ਚੁੱਕੀਆਂ ਹਨ। ਪੰਥਕ ਸੰਸਥਾਵਾਂ ਦੀ ਅਜਿਹੀ ਅਣਗਹਿਲੀ ਕਾਰਨ ਸਿੱਖ ਵਿਰਾਸਤ ਦੀਆਂ ਨਿਸ਼ਾਨੀਆਂ ਵੀ ਇੰਜ ਹੀ ਲੋਪ ਹੋਣ ਦਾ ਖ਼ਦਸ਼ਾ ਹੈ। ਖ਼ੁਦਾ ਨਾ ਖਾਸਤਾ ਜੇ ਅਜਿਹਾ ਭਾਣਾ ਵਾਪਰ ਗਿਆ ਤਾਂ ਆਉਣ ਵਾਲੀਆਂ

ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ।

1 ਅਗਸਤ

# ਸੁਨਹਿਰੀ ਜਿੱਤ

ਜਾਪਾਨ ਦੀ ਰਾਜਧਾਨੀ ਟੋਕੀਓ ਦੇ ਖੇਡ ਮਹਾਕੁੰਭ ਵਿਚ ਭਾਰਤ ਦੇ ਨੀਰਜ ਚੋਪੜਾ ਨੇ ਜੈਵਲਿਨ ਥ੍ਰੋ ਵਿਚ ਸੋਨ ਤਗਮਾ ਜਿੱਤ ਕੇ ਸੁਨਹਿਰੀ ਇਤਿਹਾਸ ਰਚਿਆ ਹੈ। ਮੀਡੀਆ ਇਸ ਤਵਾਰੀਖੀ ਜਿੱਤ ਨੂੰ 'ਨੀਰਜ ਦਾ ਭਾਲਾ, ਗੋਲਡ ਮੈਡਲ ਵਾਲਾ' ਕਹਿ ਕੇ ਵਡਿਆ ਰਿਹਾ ਹੈ। ਅਥਲੈਟਿਕਸ ਵਿਚ ਇਹ ਭਾਰਤ ਦਾ ਪਹਿਲਾ ਸੋਨ ਤਗਮਾ ਹੈ ਜੋ ਅਭਿਨਵ ਬਿੰਦਰਾ ਦੇ ਸ਼ੂਟਿੰਗ ਵਿਚ ਜਿੱਤੇ ਗੋਲਡ ਮੈਡਲ ਤੋਂ 13 ਸਾਲ ਬਾਅਦ ਹਾਸਲ ਹੋਇਆ ਹੈ। ਦੇਸ਼ ਵਿਚ ਉਤਸਵ ਵਰਗਾ ਮਾਹੌਲ ਹੈ। 'ਮੇਰੇ ਦੇਸ਼ ਕੀ ਧਰਤੀ, ਸੋਨਾ ਉਗਲੇ, ਉਗਲੇ ਹੀਰੇ ਮੋਤੀ' ਗੀਤ ਦੇ ਬੋਲ ਸੁਣਾਈ ਦੇ ਰਹੇ ਹਨ। ਦਲੇਰ ਮਹਿੰਦੀ 'ਹੋ ਗਈ ਤੇਰੀ ਬੱਲੇ-ਬੱਲੇ' ਗਾਉਂਦਾ ਹੋਇਆ ਨੀਰਜ ਚੋਪੜਾ ਦਾ ਗੁਣਗਾਨ ਕਰ ਰਿਹਾ ਹੈ। ਰਾਸ਼ਟਰਪਤੀ, ਪ੍ਰਧਾਨ ਮੰਤਰੀ ਸਣੇ ਦੇਸ਼-ਵਿਦੇਸ਼ ਵਿਚੋਂ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਪਾਨੀਪਤ ਦੇ ਖਾਂਡਰਾ ਪਿੰਡ ਦੇ ਗ਼ਰੀਬ ਕਿਸਾਨ ਦੇ ਗੋਲਡਨ ਬੁਆਏ ਨੇ ਉਹ ਕਰ ਵਿਖਾਇਆ ਜਿਸ ਦੀ ਪਿਛਲੇ ਸੌ ਸਾਲਾਂ ਤੋਂ ਉਮੀਦ ਕੀਤੀ ਜਾ ਰਹੀ ਸੀ। ਨੀਰਜ ਦੀ ਇਸ ਸੁਨਹਿਰੀ ਜਿੱਤ ਦੀ ਬਦੌਲਤ ਓਲੰਪਿਕ ਖੇਡਾਂ ਵਿਚ ਭਾਰਤ ਦੀ ਹੁਣ ਤਕ ਦੀ ਸਭ ਤੋਂ ਸ਼ਾਨਦਾਰ ਪ੍ਰਾਪਤੀ ਹੋਈ ਹੈ। ਟੋਕੀਓ ਵਿਚ ਤਿਰੰਗੇ ਦੇ ਲਹਿਰਾਉਣ ਅਤੇ ਰਾਸ਼ਟਰੀ ਤਰਾਨੇ ਦੀ ਵੱਜੀ ਧੁਨ ਨੇ ਹਰ ਭਾਰਤੀ ਦਾ ਸੀਨਾ ਚੌੜਾ ਕਰ ਦਿੱਤਾ ਹੈ। ਨੀਰਜ ਨੇ ਇਹ ਤਗਮਾ ਉੱਡਣੇ ਸਿੱਖ, ਮਰਹੂਮ ਮਿਲਖਾ ਸਿੰਘ ਨੂੰ ਸਮਰਪਿਤ ਕੀਤਾ ਹੈ। ਮਿਲਖਾ ਸਿੰਘ ਦਾ ਸੁਪਨਾ ਸੀ ਕਿ ਉਸ ਦੇ ਜਿਊਂਦੇ ਜੀ ਭਾਰਤ ਦਾ ਕੋਈ ਧੀ ਜਾਂ ਪੁੱਤ ਅਥਲੈਟਿਕਸ ਵਿਚ ਸੋਨ ਤਗਮਾ ਜਿੱਤ ਕੇ ਲਿਆਵੇ। ਇਸ ਮਹਾਨ ਪ੍ਰਾਪਤੀ ਤੋਂ ਬਾਅਦ ਮਿਲਖਾ ਸਿੰਘ ਅਰਸ਼ਾਂ ਵਿਚੋਂ ਫੁੱਲ ਜ਼ਰੂਰ ਵਰਸਾ ਰਹੇ ਹੋਣਗੇ। ਕ੍ਰਿਕਟਰ ਹਰਭਜਨ ਸਿੰਘ ਬਾਗੋ-ਬਾਗ ਹੈ। ਉਹ ਕਹਿੰਦਾ ਹੈ ਕਿ ਜੇ ਦੇਸ਼ ਦੇ ਕੋਨੇ-ਕੋਨੇ ਵਿਚ ਖੇਡ ਸੱਭਿਆਚਾਰ ਪੈਦਾ ਕੀਤਾ ਜਾਵੇ ਤਾਂ ਨੀਰਜ ਚੋਪੜਾ ਤੋਂ ਪ੍ਰੇਰਨਾ ਲੈ ਕੇ ਅਣਗਿਣਤ ਨੀਰਜ ਪੈਦਾ ਹੋਣਗੇ ਕਿਉਂਕਿ ਭਾਰਤ ਵਿਚ ਟੇਲੈਂਟ ਦੀ ਕਮੀ ਨਹੀਂ ਹੈ। ਕਿਸੇ ਨੂੰ ਭਾਲਾ ਸੁੱਟਦਿਆਂ ਵੇਖਿਆ ਤਾਂ ਉਹ ਇਸ ਖੇਡ ਵੱਲ ਖਿੱਚਿਆ ਗਿਆ ਜਿਸ ਨੇ ਉਸ ਨੂੰ ਮਹਾਬਲੀ ਬਣਾ ਦਿੱਤਾ। ਐੱਮ. ਇਲੀਨ /ਵਾਈ ਸੇਂਗਾਲ ਦੀ ਲਿਖੀ 'ਮਨੁੱਖ ਮਹਾਬਲੀ ਕਿਵੇਂ ਬਣਿਆ' ਵਿਚ ਭਾਲੇ ਦਾ ਜ਼ਿਕਰ ਹੈ। ਇਸ ਪੁਸਤਕ ਵਿਚ ਮਨੁੱਖ ਦੇ ਮਹਾਬਲੀ ਬਣਨ ਪਿੱਛੇ ਲੰਬੇ ਸੰਘਰਸ਼ ਦੀ ਦਾਸਤਾਨ ਦਾ ਜ਼ਿਕਰ ਹੈ। ਮਨੁੱਖ ਨੇ ਜਦੋਂ ਆਪਣੀਆਂ ਅਗਲੀਆਂ ਦੋ ਲੱਤਾਂ ਨੂੰ ਬਾਹਾਂ ਬਣਾ ਲਿਆ ਤਾਂ ਇਹ ਜੰਗਲ ਦੇ ਦੂਜੇ ਜਾਨਵਰਾਂ ਉੱਤੇ ਪਹਿਲੀ ਜਿੱਤ ਸੀ। ਫਿਰ ਜਦੋਂ ਉਸ ਨੂੰ ਆਪਣੀਆਂ ਬਾਹਾਂ ਛੋਟੀਆਂ ਲੱਗੀਆਂ ਤਾਂ ਉਸ ਨੇ ਬਰਛਾ/ਭਾਲਾ ਈਜਾਦ ਕਰ

ਲਿਆ। ਇਸ ਤਰ੍ਹਾਂ ਉਹ ਦੂਜੇ ਜਾਨਵਰਾਂ ਦਾ ਦੂਰੋਂ ਹੀ ਸ਼ਿਕਾਰ ਕਰਨ ਦੇ ਸਮਰੱਥ ਹੋ ਗਿਆ। ਨੀਰਜ ਇਸੇ ਭਾਲੇ ਨੂੰ ਲੈ ਕੇ ਜਦੋਂ ਖੇਡ ਦੇ ਮੈਦਾਨ ਵਿਚ ਉਤਰਿਆ ਤਾਂ ਉਸ ਨੇ ਕਦੇ ਸੁਪਨਾ ਵੀ ਨਹੀਂ ਸੀ ਦੇਖਿਆ ਹੋਣਾ ਕਿ ਉਹ ਇਸ ਦੀ ਬਦੌਲਤ ਓਲੰਪਿਕਸ ਵਿਚ ਸੋਨ ਤਗਮਾ ਫੁੰਡ ਲਵੇਗਾ। ਉਲਟ ਹਾਲਾਤ ਦੇ ਬਾਵਜੂਦ ਸਾਧਾਰਨ ਪਰਿਵਾਰ ਵਿਚ ਜਨਮੇ ਹਰਿਆਣਵੀ ਛੋਰੇ ਨੇ ਸੱਚਮੁੱਚ ਅਸਾਧਾਰਨ ਪ੍ਰਾਪਤੀ ਕੀਤੀ ਹੈ ਜਿਸ ਨੇ ਦੇਸ਼ ਵਾਸੀਆਂ ਨੂੰ ਨੱਚਣ ਦਾ ਮੌਕਾ ਦਿੱਤਾ ਹੈ। ਇਸ ਨਾਲ ਇਕ ਸਦੀ ਤੋਂ ਵੱਧ ਦਾ ਅਥਲੈਟਿਕਸ ਵਿਚ ਗੋਲਡ ਮੈਡਲ ਜਿੱਤਣ ਦਾ ਸੋਕਾ ਵੀ ਖ਼ਤਮ ਹੋਇਆ ਹੈ। ਟੋਕੀਓ ਦੇ ਖੇਡ ਮਹਾਕੁੰਭ ਵਿਚ ਸਭ ਤੋਂ ਪਹਿਲਾਂ ਮਣੀਪੁਰ ਦੀ ਸੈਖੋਮ ਮੀਰਾਬਾਈ ਚਾਨੂ ਨੇ ਔਰਤਾਂ ਦੇ ਵੇਟਲਿਫਟਿੰਗ ਦੇ 49 ਕਿੱਲੋ ਵਰਗ ਮੁਕਾਬਲਿਆਂ ਵਿਚ ਚਾਂਦੀ ਦਾ ਤਗਮਾ ਜਿੱਤ ਕੇ ਇਤਿਹਾਸ ਰਚਣ ਦਾ ਆਗਾਜ਼ ਕੀਤਾ ਸੀ। ਚਾਨੂ, ਇੰਫਾਲ ਤੋਂ ਡੇਢ-ਦੋ ਸੌ ਕਿਲੋਮੀਟਰ ਦੂਰ ਇੰਫਾਲ ਦੇ ਸ਼ਾਹ-ਮਾਰਗ 'ਤੇ ਪੈਂਦੇ ਅਦਨੇ ਜਿਹੇ ਪਿੰਡ ਦੀ ਆਦਿਵਾਸੀ ਕੁੜੀ ਹੈ। ਉਸ ਦੇ ਸੰਘਰਸ਼ ਦੀ ਕਹਾਣੀ ਵੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਪ੍ਰੈਕਟਿਸ ਲਈ ਪਰਿਵਾਰ ਕੋਲ ਲੋਹੇ ਦੇ ਡੰਬਲ/ਬਾਰ ਨਹੀਂ ਸਨ। ਉਹ ਲੱਕੜ ਦੇ ਮੋਛੇ ਜਾਂ ਬਾਲ ਚੁੱਕ ਕੇ ਅਭਿਆਸ ਕਰਦੀ। ਅਗਲੇਰੀ ਟਰੇਨਿੰਗ ਲਈ ਉਸ ਨੂੰ ਪਿੰਡ ਤੋਂ ਸੈਂਕੜੇ ਕਿਲੋਮੀਟਰ ਜਾਣ ਦੀ ਲੋੜ ਸੀ ਪਰ ਬੱਸ ਦਾ ਭਾੜਾ ਦੇਣ ਦੀ ਪਰਿਵਾਰ ਕੋਲ ਸਮਰੱਥਾ ਨਹੀਂ ਸੀ। ਚਾਨੂ ਦੀ ਮਾਂ ਪਿੰਡ ਦੀ ਸੜਕ 'ਤੇ ਚਾਹ ਦਾ ਖੋਖਾ ਚਲਾਉਂਦੀ ਸੀ ਜਿੱਥੇ ਟਰੱਕ ਰੁਕਿਆ ਕਰਦੇ ਸਨ। ਉਹ ਚਾਨੂ ਨੂੰ ਮੁਫ਼ਤ ਲਿਫਟ ਦਿੰਦੇ ਜਿਸ ਨਾਲ ਉਹ ਭਾਰਤ ਦੀ ਬਿਹਤਰੀਨ ਵੇਟਲਿਫਟਰ ਬਣ ਗਈ। ਚਾਂਦੀ ਦਾ ਤਗਮਾ ਜਿੱਤਣ ਤੋਂ ਬਾਅਦ ਉਹ ਵਤਨ ਪਰਤੀ ਤਾਂ ਉਸ ਨੇ ਕਰੀਬ ਡੇਢ ਸੌ ਉਨ੍ਹਾਂ ਡਰਾਈਵਰਾਂ/ਕਲੀਨਰਾਂ ਨੂੰ ਲੱਭ ਕੇ ਸਨਮਾਨਿਤ ਕੀਤਾ ਜੋ ਉਸ ਨੂੰ ਟਰੇਨਿੰਗ ਸੈਂਟਰ ਤਕ ਪਹੁੰਚਾਉਣ ਲਈ ਕਿਰਾਇਆ ਨਹੀਂ ਵਸੂਲਦੇ ਸਨ। ਚਾਰ ਅਗਸਤ ਨੂੰ ਭਾਰਤ ਦੀ ਇਕ ਹੋਰ ਬੇਟੀ ਲਵਲੀਨਾ ਨੇ ਮਹਿਲਾ ਵੈਲਟਰ ਵੇਟ ਵਿਚ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਅਗਲੇ ਦਿਨ 57 ਕਿੱਲੋ ਵਰਗ ਦੇ ਕੁਸ਼ਤੀ ਮੁਕਾਬਲਿਆਂ ਵਿਚ ਭਾਰਤ ਦੇ ਪਹਿਲਵਾਨ ਰਵੀ ਦਹੀਆ ਦੀ ਜਿੱਤ ਨਾਲ ਭਾਰਤ ਦੀ ਫਿਰ ਚਾਂਦੀ ਹੋ ਗਈ। ਬਜਰੰਗ ਪੂਨੀਆ ਨੇ ਪਹਿਲਵਾਨੀ ਵਿਚ ਭਾਰਤ ਨੂੰ ਕਾਂਸੀ ਦਾ ਤਗਮਾ ਦਿਵਾ ਦਿੱਤਾ। ਚਾਰ ਦਹਾਕਿਆਂ ਦੇ ਲੰਬੇ ਅਰਸੇ ਤੋਂ ਬਾਅਦ ਟੋਕੀਓ ਓਲੰਪਿਕਸ ਵਿਚ ਭਾਰਤ ਦੀ ਰਾਸ਼ਟਰੀ ਖੇਡ ਹਾਕੀ ਦੀ ਬੱਲੇ-ਬੱਲੇ ਹੋਈ ਹੈ। ਪੁਰਸ਼ਾਂ ਦੀ ਹਾਕੀ ਟੀਮ ਨੇ ਭਾਵੇਂ 41 ਵਰ੍ਹਿਆਂ ਬਾਅਦ ਕਾਂਸੀ ਦਾ ਤਗਮਾ ਜਿੱਤਿਆ ਹੈ ਪਰ ਉਸ 'ਤੇ ਪਾਣ ਸੋਨ ਰੰਗੀ ਸੀ। ਇਤਿਹਾਸ ਰਚਣ ਵਾਲੀ ਟੀਮ ਵਿਚ 10 ਖਿਡਾਰੀ ਪੰਜਾਬ ਦੇ ਹਨ। ਮਹਿਲਾ ਹਾਕੀ ਟੀਮ ਗ੍ਰੇਟ ਬ੍ਰਿਟੇਨ ਤੋਂ ਸੈਮੀਫਾਈਨਲ ਵਿਚ ਹਾਰ ਕੇ ਵੀ ਦੇਸ਼ ਵਾਸੀਆਂ ਦੇ ਦਿਲ ਜਿੱਤ ਗਈ। ਇਹ ਪਹਿਲੀ ਵਾਰ ਹੋਇਆ ਹੈ ਕਿ ਹਾਰਿਆਂ ਦੇ ਗਲਾਂ ਵਿਚ ਵੀ ਹਾਰ ਪੈ ਰਹੇ ਹਨ। ਟੋਕੀਓ ਦੇ ਮਹਾ ਕੁੰਭ ਵਿਚ ਜੂਝੀਆਂ ਦੇਸ਼ ਦੀਆਂ ਬੇਟੀਆਂ ਦੀਆਂ ਝੋਲੀਆਂ ਨਕਦ ਇਨਾਮਾਂ ਨਾਲ ਭਰਨ ਵਾਲੀਆਂ ਹਨ। ਸੈਮੀਫਾਈਨਲ ਦਾ ਰੋਮਾਂਚਕ ਮੈਚ ਹਾਰਨ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ ਵਿਚ ਆਏ ਹੰਝੂਆਂ ਦੀ ਉਮੀਦ ਦੇ ਮੋਤੀਆਂ ਨਾਲ ਤੁਲਨਾ

ਕੀਤੀ ਜਾ ਰਹੀ ਹੈ। ਓਲੰਪਿਕਸ ਵਿਚ ਉਨ੍ਹਾਂ ਵਲੋਂ ਵਹਾਇਆ ਗਾੜ੍ਹਾ ਪਸੀਨਾ ਦੇਸ਼ ਦੇ ਖੇਡ ਪ੍ਰੇਮੀਆਂ ਦੀਆਂ ਅੱਖਾਂ 'ਚੋਂ ਨੀਰ ਬਣ ਕੇ ਵਹਿੰਦਾ ਰਿਹਾ। ਭਾਰਤ ਦੀ ਮਹਿਲਾ ਟੀਮ ਵਿਚ ਦਰਅਸਲ ਬਹੁਤੀਆਂ ਹਾਸ਼ੀਆਗ੍ਰਸਤ ਪਰਿਵਾਰਾਂ ਨਾਲ ਸਬੰਧਤ ਹਨ। ਮੂੰਹ ਵਿਚ ਕਾਠ ਦਾ ਚਮਚਾ ਲੈ ਕੇ ਜੰਮੀਆਂ ਕਾਠੀਆਂ ਧੀਆਂ ਨੇ ਅਗਲੀਆਂ ਓਲੰਪਿਕ ਖੇਡਾਂ ਵਿਚ ਸੋਨ ਤਗਮਾ ਜਿੱਤਣ ਲਈ ਆਸ ਦੀ ਕਿਰਨ ਜਗਾਈ ਹੈ। ਟੀਮ ਦੀ ਕਪਤਾਨ ਰਾਣੀ ਰਾਮਪਾਲ ਦਾ ਪਿਤਾ ਰਿਕਸ਼ਾ ਵਾਹ ਕੇ ਪਰਿਵਾਰ ਪਾਲਦਾ ਆਇਆ ਹੈ। ਉਸ ਦੀ ਮਾਂ ਲੋਕਾਂ ਦੇ ਘਰਾਂ ਵਿਚ ਬਰਤਨ ਮਾਂਜਿਆ ਕਰਦੀ ਸੀ ਪਰ ਹੋਣਹਾਰ ਧੀ ਨੇ ਆਪਣੇ ਪਰਿਵਾਰ ਨੂੰ ਫਰਸ਼ ਤੋਂ ਚੁੱਕ ਕੇ ਅਰਸ਼ 'ਤੇ ਪਹੁੰਚਾ ਦਿੱਤਾ ਹੈ। ਹਾਰ ਦਾ ਦੁੱਖ ਜ਼ਰੂਰ ਹੈ ਪਰ ਖ਼ੁਸ਼ੀ ਇਸ ਗੱਲ ਦੀ ਹੈ ਕਿ ਦੇਸ਼ ਦੀਆਂ ਬੇਟੀਆਂ ਨੇ ਰਾਸ਼ਟਰੀ ਖੇਡ ਦੀ ਮੁੜ ਸੁਰਜੀਤੀ ਲਈ ਲਾਜਵਾਬ ਸੰਘਰਸ਼ ਕੀਤਾ ਹੈ। ਫੁਰਤੀਲੀ ਖਿਡਾਰਨ ਗੁਰਜੀਤ ਕੌਰ ਨੂੰ ਆਪਣੀ ਟੀਮ 'ਤੇ ਮਾਣ ਹੈ ਜਿਸ ਨੇ ਹਾਰਨ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ। ਉਸ ਦੇ ਮਾਪੇ ਕਹਿੰਦੇ ਹਨ ਕਿ ਇਸ ਹਾਰ ਨੇ ਭਵਿੱਖ ਲਈ ਜਿੱਤ ਦੀ ਗਾਥਾ ਲਿਖੀ ਹੈ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਅਰਜਨਟੀਨਾ ਤੋਂ ਭਾਰਤ ਦੀ ਮਹਿਲਾ ਟੀਮ 2-1 ਗੋਲਾਂ ਨਾਲ ਹਾਰੀ ਤਾਂ ਹਰਿਦੁਆਰ ਨੇੜੇ ਰੋਸ਼ਨਾਬਾਦ ਪਿੰਡ ਵਿਚ ਫਾਰਵਰਡ ਖੇਡਦੀ ਵੰਦਨਾ ਕਟਾਰੀਆ ਦੇ ਘਰ ਦੇ ਬਾਹਰ ਉਸ ਦੇ ਕਥਿਤ ਸਵਰਨ ਜਾਤੀ ਦੇ ਗੁਆਂਢੀਆਂ ਨੇ ਇਸ ਦਾ ਜਸ਼ਨ ਮਨਾਉਣ ਲਈ ਆਤਿਸ਼ਬਾਜ਼ੀ ਕੀਤੀ। ਉਹ ਲਲਕਾਰੇ ਮਾਰ ਰਹੇ ਸਨ ਕਿ ਜੇ 'ਦਲਿਤ' ਨਾ ਖੇਡ ਰਹੇ ਹੁੰਦੇ ਤਾਂ ਭਾਰਤ ਦੀ ਮਹਿਲਾ ਹਾਕੀ ਟੀਮ ਨੇ ਓਲੰਪਿਕ ਮੈਡਲ ਜਿੱਤ ਜਾਣਾ ਸੀ। ਅਜਿਹੀ ਹਿਮਾਕਤ ਨੇ ਖੇਡ ਪ੍ਰੇਮੀਆਂ ਦਾ ਦਿਲ ਛਲਣੀ ਕਰ ਦਿੱਤਾ। ਅਜਿਹੀਆਂ ਭੱਦੀਆਂ ਟਿੱਪਣੀਆਂ ਨੇ ਇਕ ਵਰਗ ਦੀ ਪ੍ਰਦੂਸ਼ਿਤ ਮਾਨਸਿਕਤਾ ਨੂੰ ਵੀ ਜੱਗ ਜ਼ਾਹਰ ਕੀਤਾ ਹੈ ਜਿਸ ਨੇ ਦੇਸ਼ ਦੀ ਤਰੱਕੀ ਨੂੰ ਗ੍ਰਹਿਣ ਲਗਾਇਆ ਹੋਇਆ ਹੈ। ਇਤਿਹਾਸ ਗਵਾਹ ਹੈ ਕਿ ਹਾਸ਼ੀਆਗਤ ਲੋਕਾਂ ਨੇ ਦੇਸ਼ ਖਾਤਰ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਇਤਿਹਾਸਕਾਰ ਕਹਿੰਦੇ ਹਨ ਕਿ 1757 ਦੀ ਪਲਾਸੀ ਦੀ ਲੜਾਈ ਵੀ ਇਸੇ ਮਾਨਸਿਕਤਾ ਨੇ ਹਰਾਈ ਸੀ। ਅਜਿਹੀ ਨੀਚ ਮਾਨਸਿਕਤਾ ਵੇਲੇ ਇਕਲੱਵਿਆ ਜ਼ਰੂਰ ਯਾਦ ਆਉਂਦਾ ਹੈ। ਦੁਨੀਆ ਦੇ ਹੁਣ ਤਕ ਦੇ ਸਭ ਤੋਂ ਮਹਾਨ ਤੀਰ-ਅੰਦਾਜ਼ ਇਕਲੱਵਿਆ ਦੇ ਵਾਰਿਸਾਂ ਨਾਲ ਜੋ ਇੱਕੀਵੀਂ ਸਦੀ ਵਿਚ ਵੀ ਅਜਿਹਾ ਦੁਰ-ਵਿਵਹਾਰ ਹੁੰਦਾ ਰਿਹਾ ਤਾਂ ਕਥਿਤ ਸਵਰਨ ਜਾਤੀਆਂ ਭਾਰਤ ਲਈ 'ਸਵਰਨ ਪਦਕ' ਜਿੱਤਣ ਦੇ ਸੁਪਨਿਆਂ ਨੂੰ ਚਕਨਾਚੂਰ ਕਰਦੀਆਂ ਰਹਿਣਗੀਆਂ।

8 ਅਗਸਤ

# ਲਹੂ ਭਿੱਜੀ ਕਵਿਤਾ

ਪੰਜਾਬ ਤੇ ਪੰਜਾਬੀਆਂ, ਖ਼ਾਸ ਤੌਰ 'ਤੇ ਸਿੱਖਾਂ ਨੇ ਸੁਤੰਤਰਤਾ ਸੰਗਰਾਮ ਵਿਚ ਸਭ ਤੋਂ ਵੱਧ ਭੂਮਿਕਾ ਨਿਭਾ ਕੇ ਦੇਸ਼ ਨੂੰ ਆਜ਼ਾਦ ਕਰਵਾਇਆ ਸੀ। ਉਨ੍ਹਾਂ ਦੇ ਸੱਜਰੇ ਲਹੂ ਦੀ ਲੋਅ ਅਵਾਮ ਵਿਚ ਜੋਸ਼ ਅਤੇ ਹੋਸ਼ ਪੈਦਾ ਕਰਦੀ ਰਹੀ। ਮਹਾਤਮਾ ਗਾਂਧੀ ਦੇ ਸੱਦੇ 'ਤੇ ਪੰਜਾਬ ਦੀ ਸਰਜ਼ਮੀਨ 'ਤੇ ਥਾਂ-ਥਾਂ ਚਰਖੇ ਕੱਤੇ ਜਾਣ ਲੱਗੇ ਤੇ ਦੂਜੇ ਪਾਸੇ ਚਰਖੜੀਆਂ 'ਤੇ ਚੜ੍ਹਨ ਵਾਲਿਆਂ ਦੇ ਵਾਰਿਸ ਹੱਸ-ਹੱਸ ਕੇ ਫਾਂਸੀ ਚੜ੍ਹ ਗਏ। ਕਲਮਾਂ ਵਾਲਿਆਂ ਨੇ ਆਪਣੀਆਂ ਕਾਨੀਆਂ ਨੂੰ ਹਥਿਆਰ ਵਾਂਗ ਵਰਤ ਕੇ ਲੋਕਾਂ ਦੇ ਮਨਾਂ ਵਿਚ ਵਿਦਰੋਹ ਅਤੇ ਮੁਜਾਹਮਤੀ ਦੇ ਪੁਰਜ਼ੋਰ ਭਾਵ-ਪ੍ਰਬੰਧ ਨੂੰ ਪ੍ਰਵਾਹਮਾਨ ਕੀਤਾ। ਤੱਤੇ ਲਹੂ ਵਾਲਿਆਂ ਦੀਆਂ ਰਚਨਾਵਾਂ ਪਾਠਕਾਂ ਦੇ ਠੰਢੇ ਖ਼ੂਨ ਨੂੰ ਵੀ ਉਬਾਲਾ ਦੇ ਦਿੰਦੀਆਂ ਸਨ। ਫਿਰਕਿਆਂ ਅਤੇ ਜਾਤਾਂ-ਪਾਤਾਂ ਵਿਚ ਖੇਰੂੰ-ਖੇਰੂੰ ਹੋਈ ਸ਼ਕਤੀ ਨੂੰ ਲਾਮਬੰਦ ਕਰਨ ਲਈ ਰੋਹੀਲੇ ਗੀਤਾਂ/ਨਜ਼ਮਾਂ ਨੇ ਬੇਹੱਦ ਅਹਿਮ ਭੂਮਿਕਾ ਨਿਭਾਈ ਸੀ। ਬਚਿਤ੍ਰ ਨਾਟਕ (ਰਸਾਵਲ ਛੰਦ) ਦੇ ਸਲੋਕ, "ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ" ਅਨੁਸਾਰ ਅਣਖੀਲੇ ਪੰਜਾਬੀ ਕਵੀਆਂ ਨੇ ਬ੍ਰਿਟਿਸ਼ ਹਕੂਮਤ ਦੇ ਜ਼ੁਲਮ ਖ਼ਿਲਾਫ਼ ਆਪਣੀਆਂ ਕਲਮਾਂ ਨੂੰ ਨੇਜਿਆਂ, ਸੰਗੀਨਾਂ ਅਤੇ ਬਰਛਿਆਂ ਦੀ ਨਿਆਈਂ ਵਰਤਣਾ ਸ਼ੁਰੂ ਕਰ ਦਿੱਤਾ। ਜੁਝਾਰੂ ਕਵੀਆਂ ਦੇ ਮਨੋਵੇਗ ਵਿਚ ਵਹਿ ਕੇ ਪੰਜਾਬੀਆਂ ਨੇ ਗੋਰੀ ਸਰਕਾਰ ਖ਼ਿਲਾਫ਼ ਬਗ਼ਾਵਤ ਦਾ ਬਿਗਲ ਵਜਾ ਦਿੱਤਾ। ਕਈ ਗੀਤਾਂ ਤੇ ਨਜ਼ਮਾਂ 'ਚੋਂ ਪੀੜਤਾਂ ਦੇ ਕੀਰਨੇ ਸੁਣਾਈ ਦਿੰਦੇ ਹਨ ਤੇ ਕਈਆਂ 'ਚੋਂ ਪੰਜਾਬ ਦੇ ਬੱਬਰਾਂ ਦੀ ਦਹਾੜ। ਡਾ. ਗੁਰਦੇਵ ਸਿੰਘ ਸਿੱਧੂ ਜੀ ਨੇ 'ਆਜ਼ਾਦੀ ਸੰਗਰਾਮ ਦੀ ਕਵਿਤਾ' (1900-1947) ਵਿਚ ਜਾਗਦੀਆਂ ਜ਼ਮੀਰਾਂ ਵਾਲੇ ਜੁਝਾਰਵਾਦੀ ਕਵੀਆਂ ਦਾ ਕਲਾਮ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਦਾ ਪਾਠ ਕਰਦਿਆਂ ਖ਼ੂਨ ਖੌਲਦਾ ਹੈ। ਇਸ ਵੱਡ-ਆਕਾਰੀ ਸੰਗ੍ਰਹਿ ਵਿਚ ਕਈ ਅਗਿਆਤ ਕਵੀਆਂ ਦੀਆਂ ਰਚਨਾਵਾਂ ਵੀ ਸ਼ਾਮਲ ਹਨ। ਸ਼ਕਤੀਸ਼ਾਲੀ ਜਨ-ਅੰਦੋਲਨ ਦਰਅਸਲ ਕਵੀਆਂ ਦੇ ਮਨੋਵੇਗ ਨੂੰ ਮਿਲਿਆ ਹੁੰਗਾਰਾ ਹੀ ਸੀ। ਵਿਦੇਸ਼ੀ ਹਾਕਮਾਂ ਦੀ ਗ਼ੁਲਾਮੀ ਦੇ ਜੂਲੇ ਵਿਚੋਂ ਮੁਕਤੀ ਪ੍ਰਾਪਤ ਕਰਨ ਲਈ ਲੋਕ ਹਰ ਕੁਰਬਾਨੀ ਦੇਣ ਲਈ ਤਿਆਰ ਹੋ ਗਏ। 'ਆਜ਼ਾਦੀ ਸੰਗਰਾਮ ਦੀ ਕਵਿਤਾ : ਵਿਵੇਚਨ ਅਤੇ ਬਿਓਰਾ' ਵਿਚ ਸੁਤੰਤਰਤਾ ਅੰਦੋਲਨ ਦੇ ਵਿਭਿੰਨ ਪੜਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਸਮੇਂ ਰਚੀ ਅਤੇ ਲੋਕਪ੍ਰਿਯ ਹੋਈ ਕਵਿਤਾ ਅਤੇ ਇਸ ਦੇ ਲੋਕਾਂ 'ਤੇ ਪ੍ਰਭਾਵ ਦਾ ਜ਼ਿਕਰ ਕੀਤਾ ਗਿਆ ਹੈ। ਡਾ. ਸਿੱਧੂ, ਸ਼ਾਹ ਮੁਹੰਮਦ (ਜੀਵਨ ਕਾਲ 1782-1862) ਨੂੰ ਅੰਗਰੇਜ਼ ਵਿਰੋਧੀ ਭਾਵਨਾ ਨੂੰ ਸ਼ਬਦ ਰੂਪ ਦੇਣ ਵਾਲਾ ਪ੍ਰਥਮ ਕਵੀ ਮੰਨਦੇ ਹਨ। ਉਹ ਕਹਿੰਦੇ ਹਨ ਕਿ ਇਹ ਗੱਲ ਹੈ ਭਾਵੇਂ ਹੈਰਾਨ ਕਰਨ ਵਾਲੀ ਪਰ ਇਹ ਸੱਚ ਹੈ ਕਿ ਪਹਿਲਾਂ

ਅੰਗਰੇਜ਼- ਸਿੱਖ ਯੁੱਧ ਵਿਚ ਸਿੱਖ ਸੈਨਾ ਦੀ ਹਾਰ ਦੇ ਫਲਸਰੂਪ ਪੰਜਾਬ ਵਿਚ ਈਸਟ ਇੰਡੀਆ ਕੰਪਨੀ ਦਾ ਪਰਛਾਵਾਂ ਪੈਣ ਦੇ ਦਿਨ ਤੋਂ ਹੀ ਪੰਜਾਬੀ ਕਵੀਆਂ ਨੇ ਨਵੇਂ ਹਾਕਮ ਪ੍ਰਤੀ ਲੋਕ ਪ੍ਰਤੀਕਰਮ ਨੂੰ ਸ਼ਬਦ ਰੂਪ ਦੇਣਾ ਸ਼ੁਰੂ ਕਰ ਦਿੱਤਾ ਸੀ। ਸ਼ਾਹ ਮੁਹੰਮਦ ਨੇ ਤਾਂ ਪੰਜਾਬ ਵਿਚ ਅੰਗਰੇਜ਼ ਦੇ ਪੱਕੀ ਤਰ੍ਹਾਂ ਪੈਰ ਜਮਾਉਣ ਤੋਂ ਪਹਿਲਾਂ ਹੀ ਪੰਜਾਬੀਆਂ ਨੂੰ ਸਾਵਧਾਨ ਕਰ ਦਿੱਤਾ ਸੀ। ਉਸ ਨੇ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਈ ਪਹਿਲੀ ਜੰਗ ਤੋਂ ਤੁਰੰਤ ਪਿੱਛੋਂ ਰਚੀ ਰਚਨਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਪੰਜਾਬੀਆਂ ਦੀ ਸੂਰਬੀਰਤਾ ਅਤੇ ਲਾਸਾਨੀ ਕੁਰਬਾਨੀਆਂ ਦੇ ਰੱਜ ਕੇ ਸੋਹਲੇ ਗਾਏ ਸਨ। ਉਸ ਨੇ ਪੰਜਾਬੀਆਂ ਨੂੰ ਵਿਦੇਸ਼ੀ ਗ਼ੁਲਾਮੀ ਵਿਚ ਜੀਵਨ ਬਤੀਤ ਕਰਨ ਦੀ ਥਾਂ ਮਰਨ-ਮਾਰਨ ਦੀ ਪ੍ਰੇਰਨਾ ਦਿੰਦਿਆਂ ਲਿਖਿਆ, 'ਸ਼ਾਹ ਮੁਹੰਮਦਾ ਮਾਰ ਕੇ ਮਰੇ ਏਥੇ/ਕਦੇ ਰਾਜ ਨਾ ਹੋਏ ਮੁਥਾਜ ਯਾਰੋ।' ਇਤਿਹਾਸ ਦਾ ਹਵਾਲਾ ਦਿੰਦਿਆਂ ਡਾ. ਸਿੱਧੂ ਦੱਸਦੇ ਹਨ ਕਿ ਭਾਰਤੀ ਉਪ ਮਹਾਦੀਪ ਵਿਚੋਂ ਪੰਜਾਬ ਸਭ ਤੋਂ ਅਖੀਰ ਵਿਚ ਸ਼ਾਮਲ ਕੀਤੇ ਜਾਣ ਵਾਲਾ ਪ੍ਰਦੇਸ਼ ਸੀ। ਲਗਪਗ ਇਕ ਹਜ਼ਾਰ ਸਾਲ ਦੀ ਗ਼ੁਲਾਮੀ ਤੋਂ ਬਾਅਦ ਸ਼ੇਰ- ਏ-ਪੰਜਾਬ ਨੂੰ ਵੰਡੀ ਹੋਈ ਜਨ-ਸ਼ਕਤੀ ਨੂੰ ਇਕੱਠਾ ਕਰ ਕੇ ਪੰਜਾਬੀਆਂ ਦਾ ਰਾਜ ਕਾਇਮ ਕੀਤਾ ਸੀ ਜੋ 50-60 ਸਾਲ ਤਕ ਚੱਲਿਆ। ਮਹਾਰਾਜਾ ਰਣਜੀਤ ਸਿੰਘ ਦੇ ਜਿਊਂਦਿਆਂ ਗੋਰਿਆਂ ਨੇ ਪੰਜ ਦਰਿਆਵਾਂ ਦੀ ਧਰਤੀ 'ਤੇ ਕਬਜ਼ਾ ਕਰਨ ਦਾ ਹੀਆ ਨਾ ਕੀਤਾ। ਸ਼ੇਰ-ਏ- ਪੰਜਾਬ ਦੇ ਅੱਖਾਂ ਮੀਟਣ ਉਪਰੰਤ ਬੁਰਛਾਗਰਦੀ ਨੇ ਬ੍ਰਿਟਿਸ਼ ਹਾਕਮਾਂ ਨੂੰ ਪੰਜਾਬ 'ਤੇ ਰਾਜ ਕਰਨ ਦਾ ਖੁੱਲ੍ਹਾ ਸੱਦਾ ਦੇ ਦਿੱਤਾ ਸੀ। ਲਾਹੌਰ ਦਰਬਾਰ ਗਦਾਰਾਂ ਅਤੇ ਸਰਦਾਰਾਂ ਵਿਚ ਵੰਡਿਆ ਗਿਆ। ਜੀ- ਹਜ਼ੂਰੀਆਂ ਦੀ ਸ਼੍ਰੇਣੀ ਨੇ ਉਸ ਟਾਹਣ ਨੂੰ ਵੱਢ ਸੁੱਟਿਆ ਜਿਸ 'ਤੇ ਉਹ ਖ਼ੁਦ ਬੈਠੇ ਹੋਏ ਸਨ। ਸ਼ਾਹ ਮੁਹੰਮਦ ਇਕ ਇਤਿਹਾਸਕਾਰ ਵਾਂਗ ਇਸ ਦਰਦ ਨੂੰ ਕਵਿਤਾ ਵਿਚ ਅਨੁਵਾਦ ਕਰਦਾ ਹੋਇਆ ਲਹੂ ਦੇ ਅੱਥਰੂ ਸੁੱਟਦਾ ਹੈ। ਅੰਗਰੇਜ਼ ਕਿਉਂਕਿ ਹਿੰਦੁਸਤਾਨ ਦੇ ਬਾਕੀ ਹਿੱਸਿਆਂ 'ਤੇ ਕਾਬਜ਼ ਹੋ ਚੁੱਕੇ ਸਨ, ਇਸ ਲਈ ਸ਼ਾਹ ਮੁਹੰਮਦ ਇਸ ਨੂੰ ਹਿੰਦ ਤੇ ਪੰਜਾਬ ਦੀ ਜੰਗ ਮੰਨਦਾ ਹੈ। ਦਰਦਮੰਦ ਕਵੀ ਅੰਗਰੇਜ਼ਾਂ ਦੀ ਪੰਜਾਬ ਵਿਚ ਆਮਦ ਨੂੰ ਭਾਰੀ ਆਫ਼ਤ ਨਾਲ ਤਸ਼ਬੀਹ ਦਿੰਦਾ ਹੈ, "ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ/ ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ/ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ ਕਦੇ ਨਹੀਂ ਸੀ ਤੀਸਰੀ ਜਾਤ ਆਈ।" ਇਸ ਜੰਗਨਾਮੇ 'ਚੋਂ ਕਵੀ ਦੀ ਰਾਸ਼ਟਰਵਾਦੀ ਭਾਵਨਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਇਸੇ ਤਰ੍ਹਾਂ ਡਾ. ਸਿੱਧੂ ਨੇ ਖਜ਼ਾਨ ਸਿੰਘ ਰਚਿਤ 'ਜੰਗਨਾਮਾ ਦਿੱਲੀ ਦਾ' ਦਾ ਹਵਾਲਾ ਦਿੱਤਾ ਹੈ। ਕਵੀ ਹਿੰਦੁਸਤਾਨੀ ਸੈਨਿਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢ ਦੇਣ ਦੀ ਦ੍ਰਿੜ੍ਹਤਾ ਪ੍ਰਗਟਾਉਂਦਾ ਹੈ, "ਅਸੀਂ ਮਰਾਂਗੇ ਤੇਗ ਦੀ ਤਾਬ ਅੱਗੇ/ਜੰਗ ਕਰਾਂਗੇ ਮੋਰੇ ਲਾਇ ਕੇ ਜੀ। ਅਸੀਂ ਭੱਜ ਕੇ ਕਿਤੇ ਨਾ ਜਾਵਣਾ ਹੈ/ ਤੈਨੂੰ ਛੱਡਾਂਗੇ ਸਿੰਧ ਟਪਾਇ ਕੇ ਜੀ। ਅਸੀਂ ਜੀਵਣਾ ਮਨੋ ਵਿਸਾਰ ਬੈਠੇ/ ਥੋਡਾ ਛੱਡਾਂਗੇ ਖੋਜ ਮਿਟਾਇ ਕੇ ਜੀ।" ਇਸੇ ਤਰ੍ਹਾਂ ਭਾਈ ਚੰਦਾ ਸਿੰਘ "ਸੂਰਮਾ" (ਗੁੱਜਰਾਂਵਾਲਾ) ਰਚਿਤ ਬਾਰਾਮਾਹ ਬ੍ਰਿਟਿਸ਼ ਸਰਕਾਰ ਦੀਆਂ ਅੱਖਾਂ ਵਿਚ ਰੋੜ ਬਣ ਕੇ ਰੜਕਣ ਲੱਗੀ। ਇਹ ਰਚਨਾ ਭਾਵੇਂ ਅੰਗਰੇਜ਼ਾਂ ਵੱਲੋਂ ਨਾਮਧਾਰੀ ਮੁਖੀ ਬਾਬਾ ਰਾਮ ਸਿੰਘ

ਨੂੰ ਦੇਸ਼ ਨਿਕਾਲਾ ਦੇਣ ਉਪਰੰਤ ਉਨ੍ਹਾਂ ਦੇ ਸ਼ਰਧਾਲੂਆਂ ਵਿਚ ਪਨਪੀ ਬਿਰਹੋਂ ਦੀ ਵੇਦਨਾ ਸੀ ਪਰ ਇਸ ਨੇ ਹਾਕਮਾਂ ਦੀ ਨੀਂਦ ਉਡਾ ਦਿੱਤੀ ਸੀ। ਇਸ ਦੀਆਂ ਪੰਕਤੀਆਂ 'ਚੋਂ ਅਣਖੀਲੇ ਸਿੰਘ-ਸਰਦਾਰਾਂ ਦੀ ਦਹਿਸ਼ਤ ਦਾ ਪ੍ਰਗਟਾਅ ਹੁੰਦਾ ਹੈ, "ਗੋਰੇ ਬਹਿ ਬਹਿ ਕਰਨ ਸਲਾਹੀਂ, ਇਹ ਸਿੰਘ ਸਾਥੋਂ ਡਰਦੇ ਨਾਹੀਂ / ਇਨ੍ਹਾਂ ਨੂੰ ਖ਼ੌਫ਼ ਕਿਸੇ ਦਾ ਨਾਹੀਂ, ਬਾਝ ਅਕਾਲ ਦੇ।" ਡਾ. ਸਿੱਧੂ ਨੇ ਉਨ੍ਹੀਂ ਦਿਨੀਂ ਕੂਕਾ ਸਮੁਦਾਇ ਦੇ ਮਨਾਂ ਵਿਚ ਵਿਦਮਾਨ ਅੰਗਰੇਜ਼ ਵਿਰੋਧੀ ਭਾਵਨਾ ਪ੍ਰਗਟਾਉਣ ਵਾਲੇ ਲੋਕ ਗੀਤਾਂ ਦਾ ਵੀ ਜ਼ਿਕਰ ਕੀਤਾ ਹੈ, "ਕੂਕਿਆਂ ਦਾ ਪੰਥ ਨਿਰਾਲਾ/ਹੱਥ ਦੇ ਵਿਚ ਗੜਵੇ ਰੱਖਦੇ ਗਲ ਵਿਚ ਉੱਨ ਦੀ ਮਾਲਾ। ਅੰਗਰੇਜ਼ਾਂ ਦੀ ਈਨ ਨਾ ਮੰਨਦੇ, ਮੰਗਿਆ ਦੇਣ ਨਾ ਹਾਲਾ। ਰਾਜ ਅੰਗਰੇਜ਼ਾਂ ਦਾ, ਚੰਦ ਰੋਜ਼ ਦਾ ਚਾਲਾ।" ਅਜਿਹੇ ਲੋਕਗੀਤ ਭਾਵੇਂ ਧਾਰਮਿਕ ਜਾਂ ਖੇਤਰੀ ਭਾਵਨਾਵਾਂ ਦੀ ਉਪਜ ਸਨ, ਫਿਰ ਵੀ ਇਨ੍ਹਾਂ ਨੇ ਲੋਕ ਮਨਾਂ ਵਿਚ ਰਾਸ਼ਟਰਵਾਦੀ ਭਾਵਨਾ ਦੇ ਬੀਜ ਬੀਜਣ ਵਿਚ ਵੱਡਾ ਯੋਗਦਾਨ ਪਾਇਆ ਸੀ। ਇਸੇ ਤਰ੍ਹਾਂ ਸੌ ਸਾਲ ਪਹਿਲਾਂ 'ਅਕਾਲੀ ਲਹਿਰ' ਭਾਵੇਂ ਅੰਗਰੇਜ਼ਾਂ ਦੇ ਹੱਥਠੋਕੇ ਦੁਰਾਚਾਰੀ ਮਹੰਤਾਂ ਕੋਲੋਂ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਲਈ ਵਿੱਢੀ ਗਈ ਸੀ, ਫਿਰ ਵੀ ਇਸ ਨੇ ਆਜ਼ਾਦੀ ਦੇ ਅੰਦੋਲਨ ਨੂੰ ਵੱਡਾ ਹੁਲਾਰਾ ਦਿੱਤਾ ਸੀ। 'ਚਾਬੀਆਂ ਦਾ ਮੋਰਚਾ' ਜਿੱਤਣ ਤੋਂ ਬਾਅਦ ਮਹਾਤਮਾ ਗਾਂਧੀ ਨੇ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਖੜਕ ਸਿੰਘ ਨੂੰ ਤਾਰ ਰਾਹੀਂ ਮੁਬਾਰਕਬਾਦ ਦਿੰਦਿਆਂ ਲਿਖਿਆ ਸੀ ਕਿ ਆਜ਼ਾਦੀ ਦੀ ਪਹਿਲੀ ਜੰਗ ਜਿੱਤੀ ਗਈ ਹੈ। ਉੱਨੀਵੀਂ ਸਦੀ ਦੇ ਆਰੰਭ ਵਿਚ ਭਾਵੇਂ ਪੰਜਾਬੀਆਂ ਨੂੰ ਛਾਪੇਖਾਨੇ ਦੀ ਮਹੱਤਤਾ ਦਾ ਬੋਧ ਹੋ ਗਿਆ ਸੀ ਪਰ ਬਾਂਕੇ ਦਿਆਲ ਵੱਲੋਂ 22 ਮਾਰਚ 1907 ਨੂੰ ਲਾਇਲਪੁਰ ਵਿਚ ਹੋਏ ਕਿਸਾਨਾਂ ਦੇ ਰੋਸ ਜਲਸੇ ਵਿਚ ਸੁਣਾਈ ਕਵਿਤਾ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਇ' ਕਿਸੇ ਲੋਕ ਗੀਤ ਵਾਂਗ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਈ ਸੀ। ਬਾਰ ਦੇ ਇਲਾਕੇ 'ਚ ਆਬਿਆਨੇ ਦੀਆਂ ਦਰਾਂ ਵਧਾਏ ਜਾਣ ਦੇ ਰੋਸ ਵਜੋਂ ਵਿਉਂਤੇ ਗਏ ਜਨ-ਅੰਦੋਲਨ ਦਾ ਨਾਮ ਹੀ 'ਪਗੜੀ ਸੰਭਾਲ ਜੱਟਾ' ਪੈ ਗਿਆ ਸੀ। ਇਸ ਤੋਂ ਬਾਅਦ ਬ੍ਰਿਟਿਸ਼ ਸਰਕਾਰ ਬਾਂਕੇ ਦਿਆਲ ਦੇ ਚੌਂਵਰਕੇ 'ਝੰਗ ਸਿਆਲ' ਨੂੰ ਅੱਤਵਾਦੀ ਅਖ਼ਬਾਰ ਸਮਝ ਕੇ ਇਸ 'ਤੇ ਪੈਨੀ ਨਜ਼ਰ ਰੱਖਣ ਲੱਗ ਪਈ ਸੀ। ਇਸੇ ਤਰ੍ਹਾਂ 'ਆਜ਼ਾਦੀ ਸੰਗਰਾਮ ਦੀ ਕਵਿਤਾ' ਵਿਚ ਡਾ. ਗੁਰਦੇਵ ਸਿੰਘ ਸਿੱਧੂ ਨੇ ਗ਼ਦਰੀ ਸਾਹਿਤ, ਕਰਤਾਰ ਸਿੰਘ ਸਰਾਭਾ, ਗਿਆਨੀ ਹੀਰਾ ਸਿੰਘ 'ਦਰਦ', ਪਿਆਰਾ ਸਿੰਘ 'ਦਾਤਾ', ਮਨਸ਼ਾ ਸਿੰਘ ਦੁਖੀ, ਫਿਰੋਜਦੀਨ 'ਸ਼ਰਫ' ਤੇ ਵਿਧਾਤਾ ਸਿੰਘ 'ਤੀਰ' ਆਦਿ ਕਵੀਆਂ ਦੀਆਂ ਰਚਨਾਵਾਂ ਨੂੰ ਇਕ ਥਾਂ ਇਕੱਠਾ ਕਰਨ ਦਾ ਵੱਡਾ ਕਾਰਜ ਕੀਤਾ ਹੈ।

15 ਅਗਸਤ

# ਤਾਲਿਬਾਨ ਤੇ ਅਬਦਾਲੀ

ਅਫ਼ਗਾਨਿਸਤਾਨ 'ਤੇ ਦੋ ਦਹਾਕਿਆਂ ਬਾਅਦ ਮੁੜ ਕਬਜ਼ਾ ਕਰਨ ਵਾਲੇ ਤਾਲਿਬਾਨ ਲਈ ਅਹਿਮਦ ਸ਼ਾਹ ਅਬਦਾਲੀ (1722-1772) ਅੱਜ ਵੀ 'ਬਾਬਾ-ਏ ਕੌਮ' ਦਾ ਦਰਜਾ ਰੱਖਦਾ ਹੈ। ਕਾਬੁਲ ਦੇ ਰਾਸ਼ਟਰਪਤੀ ਭਵਨ ਵਿਚ ਅਬਦਾਲੀ ਦੀ ਤਸਵੀਰ ਅੱਜ ਵੀ ਟੰਗੀ ਹੋਈ ਹੈ ਜਿਸ ਨੂੰ ਤਾਲਿਬਾਨ ਆਪਣਾ ਮਹਾ-ਨਾਇਕ ਕਹਿ ਕੇ ਸਤਿਕਾਰ ਦਿੰਦੇ ਹਨ। ਹੇਰਾਤ (ਅਫ਼ਗਾਨਿਸਤਾਨ) ਦੇ ਜੰਮ-ਪਲ ਅਬਦਾਲੀ ਨੇ 1747 ਈਸਵੀ 'ਚ ਦੁਰਾਨੀ ਸਾਮਰਾਜ ਦੀ ਸਥਾਪਨਾ ਕਰ ਕੇ ਇਸ ਦੀਆਂ ਸਰਹੱਦਾ ਨੂੰ ਪੱਛਮ 'ਚ ਈਰਾਨ ਤੋਂ ਲੈ ਕੇ ਪੰਜਾਬ ਦੇ ਸਰਹਿੰਦ ਤਕ ਫੈਲਾਅ ਲਿਆ ਸੀ। ਆਪਣੇ ਰਾਜ ਕਾਲ ਦੌਰਾਨ ਉਸ ਨੇ ਹਿੰਦੁਸਤਾਨ ਦੇ ਚੱਪੇ-ਚੱਪੇ ਨੂੰ ਲਹੂ-ਲੁਹਾਣ ਕੀਤਾ। ਅਫ਼ਗਾਨ ਕਬੀਲਿਆਂ ਤੇ ਧਾੜਵੀਆਂ ਦੀ ਰਵਾਇਤੀ ਜਿਰਗਾ (ਪੰਚਾਇਤ) ਨੇ ਉਸ ਨੂੰ 'ਸ਼ਾਹ' ਦਾ ਖਿਤਾਬ ਦੇ ਕੇ ਨਿਵਾਜਿਆ ਸੀ। ਇਕ ਸੂਫ਼ੀ ਸੰਤ ਨੇ ਤਾਂ ਉਸ ਦੀ ਕਾਬਲੀਅਤ ਨੂੰ ਜੌਹਰੀ ਵਾਂਗ ਪਛਾਣਦਿਆਂ ਅਬਦਾਲੀ ਨੂੰ ਮੋਤੀਆਂ ਦਾ ਬੇਸ਼ਕੀਮਤੀ ਮੋਤੀ ਕਹਿ ਕੇ ਉਸ ਦੀ ਸਿਫ਼ਤ ਦੇ ਸੋਹਲੇ ਗਾਏ ਸਨ। ਦੁਰਾਨੀ ਬਾਦਸ਼ਾਹਤ ਨੂੰ ਵਸੀਹ ਕਰਨ ਲਈ ਉਸ ਨੇ ਦੀਨ ਦੇ ਨਾਮ 'ਤੇ ਜਹਾਦੀਆਂ ਦੀ ਵੱਡੀ ਫ਼ੌਜ ਖੜ੍ਹੀ ਕਰ ਲਈ ਜਿਸ ਨੇ 'ਕਾਫ਼ਿਰਾਂ' ਦਾ ਖੁਰਾ-ਖੋਜ ਮਿਟਾਉਣ ਅਤੇ ਉਨ੍ਹਾਂ ਦਾ ਮਾਲ-ਅਸਬਾਬ ਲੁੱਟਣ ਲਈ ਧਾੜੇ ਮਾਰਨੇ ਸੁਰੂ ਕਰ ਦਿੱਤੇ। ਸੰਨ 1761 ਵਿਚ ਪਾਨੀਪਤ ਦੀ ਤੀਜੀ ਲੜਾਈ ਵਿਚ ਮਰਾਠੇ ਅਤੇ ਦੁਰਾਨੀ ਆਹਮੋ ਸਾਹਮਣੇ ਸਨ। ਦੁਰਾਨੀ ਧਾੜਵੀਆਂ ਦੀ ਅਗਵਾਈ ਉਹ ਖ਼ੁਦ ਕਰ ਰਿਹਾ ਸੀ। ਸਿੱਖਾਂ ਨੇ ਮਰਾਠਿਆਂ ਦਾ ਸਾਥ ਦਿੱਤਾ ਫਿਰ ਵੀ ਉਹ ਇਹ ਜੰਗ ਹਾਰ ਗਏ ਸਨ। ਅੱਜ ਵੀ ਅਫ਼ਗਾਨੀ ਲੜਾਕੂ ਅਬਦਾਲੀ ਨੂੰ ਆਪਣੇ ਮੁਲਕ ਦਾ ਬਾਨੀ ਬਾਦਸ਼ਾਹ ਮੰਨਦੇ ਹਨ। ਪੰਜ ਹਜ਼ਾਰ ਸਾਲ ਦੀ ਤਵਾਰੀਖ ਵਿਚ ਅਬਦਾਲੀ ਨੂੰ ਸਭ ਤੋਂ ਤਾਕਤਵਰ ਤੇ ਜ਼ਹੀਨ ਬਾਦਸ਼ਾਹ ਮੰਨਿਆ ਜਾਂਦਾ ਹੈ। ਪਾਕਿਸਤਾਨ ਦਾ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਜਿਸ ਨੂੰ 'ਤਾਲਿਬਾਨ ਖ਼ਾਨ' ਕਿਹਾ ਜਾਂਦਾ ਹੈ, ਵੀ ਅਬਦਾਲੀ ਦੇ ਕਾਰਨਾਮਿਆਂ ਨੂੰ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਮੰਨਦਾ ਹੈ। ਅਫ਼ਗਾਨਿਸਤਾਨ 'ਤੇ ਕਾਬਿਜ਼ ਹੋਣ ਤੋਂ ਬਾਅਦ ਇਮਰਾਨ ਖ਼ਾਨ ਨੇ ਅਬਦਾਲੀ ਦੇ ਵਾਰਿਸਾਂ ਦੀ ਹੌਸਲਾ ਅਫ਼ਜ਼ਾਈ ਕਰਦਿਆ ਕਿਹਾ ਸੀ ਕਿ ਉਨ੍ਹਾਂ ਨੇ ਲਾਸਾਨੀ ਕੁਰਬਾਨੀਆਂ ਦੇ ਕੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਹਨ। ਇੱਥੋਂ ਤਕ ਕਿ ਪਾਕਿਸਤਾਨ ਨੇ ਇਕ ਬੈਲਿਸਟਿਕ ਮਿਜ਼ਾਈਲ ਦਾ ਨਾਮ ਵੀ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਰੱਖਿਆ ਹੋਇਆ ਹੈ। ਕਾਬੁਲ ਤੋਂ ਆਉਂਦੇ ਕਬਾਇਲੀ ਧਾੜਵੀ ਹਿੰਦੁਸਤਾਨੀਆਂ ਨੂੰ ਰੱਜ ਕੇ ਲੁੱਟਦੇ ਰਹੇ ਹਨ। ਅਫ਼ਗਾਨਿਸਤਾਨ ਵਾਪਸ ਮੁੜਨ ਵੇਲੇ ਇਨ੍ਹਾਂ ਲੁਟੇਰਿਆਂ ਨੂੰ ਹਥਿਆਰਬੰਦ

ਸਿੱਖ ਛਾਪਾਮਾਰ ਲੁੱਟ ਕੇ ਜੰਗਲਾਂ 'ਚ ਛੁਪ ਜਾਂਦੇ। ਸਿੱਖ ਦਰਅਸਲ ਅਫ਼ਗਾਨ ਗੁਰੀਲਿਆਂ ਦੀਆਂ ਅੱਖਾਂ 'ਚ ਪਿਛਲੀਆਂ ਪੰਜ ਸਦੀਆਂ ਤੋਂ ਰੜਕਦੇ ਆ ਰਹੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਆਪਣੀ ਬਾਣੀ 'ਚ ਵੀ ਕਾਬਲ ਤੋਂ ਆਏ ਹਮਲਾਵਰਾਂ ਦਾ ਜ਼ਿਕਰ ਕਰਦਿਆਂ ਹਾਅ ਦਾ ਨਾਅਰਾ ਮਾਰਿਆ ਸੀ। ਪੰਦਰਵੀਂ ਸਦੀ 'ਚ ਬਾਬਰ ਨੇ ਪੰਜਾਬ ਦੇ ਐਮਨਾਬਾਦ ਇਲਾਕੇ ਵਿਚ ਬੇਗੁਨਾਹਾਂ ਦਾ ਖ਼ੂਨ ਡੋਲ੍ਹਿਆ ਤਾਂ ਬਾਬੇ ਨਾਨਕ ਆਪਣੀ ਕਲਮ ਨਾਲ ਹਮਲਾਵਰਾਂ ਦਾ ਮੁਕਾਬਲਾ ਕਰਦਿਆਂ ਪੀੜਤਾਂ ਦੀ ਦਰਦ ਭਰੀ ਵਿਥਿਆ ਨੂੰ ਕਲਮਬੱਧ ਕੀਤਾ ਸੀ। ਬਾਬਰਬਾਣੀ ਵਿਚ ਅੰਕਿਤ ਹੈ, "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।" ਬਾਬਰ ਦੇ ਜ਼ੁਲਮ ਨੂੰ ਬਾਬਾ ਨਾਨਕ ਨੇ ਸ਼ਬਦਾਂ ਦਾ ਜਾਮਾ ਪਹਿਨਾ ਕੇ ਉਸ ਕਤਲੇਆਮ ਨੂੰ ਕਿਸੇ ਇਤਿਹਾਸਕਾਰ ਵਾਂਗ ਕਾਵਿਕ ਸ਼ੈਲੀ 'ਚ ਬਿਆਨਿਆ ਸੀ। ਖ਼ੂਨ ਖ਼ਰਾਬੇ ਨੂੰ ਵੇਖ ਕੇ ਬਾਬਾ ਨਾਨਕ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ ਸੀ। ਬਾਬਰਬਾਣੀ ਵਿਚ ਕਰੁਣਾਮਈ ਦ੍ਰਿਸ਼ ਦਾ ਵਰਣਨ ਕਰਦਿਆਂ ਬਾਬਾ ਨਾਨਕ ਕਾਬੁਲ ਤੇ ਹਿੰਦੁਸਤਾਨ ਦਾ ਜ਼ਿਕਰ ਕਈ ਵਾਰ ਕਰਦੇ ਹਨ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।" (ਖੁਰਾਸਾਨ ਦਰਅਸਲ ਅਫ਼ਗਾਨਿਸਤਾਨ ਦਾ ਪ੍ਰਾਚੀਨ ਨਾਮ ਹੈ)। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਅਫ਼ਗਾਨਿਸਤਾਨ ਦੀ ਯਾਤਰਾ ਕਰ ਕੇ ਉੱਥੇ ਆਪਣੀਆਂ ਅਮਿੱਟ ਪੈੜਾਂ ਛੱਡਦੇ ਹਨ। ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ 'ਤੇ ਗੁਰਧਾਮ ਸੁਸ਼ੋਭਿਤ ਹਨ। ਇਨ੍ਹਾਂ ਪ੍ਰਾਚੀਨ ਗੁਰਧਾਮਾਂ 'ਤੇ ਤਾਲਿਬਾਨ ਨੇ ਆਤਮਘਾਤੀ ਹਮਲੇ ਕਰ ਕੇ ਆਪਣਾ ਕਰੂਰ ਚਿਹਰਾ ਜੱਗ ਜ਼ਾਹਰ ਕੀਤਾ ਹੈ। ਦਹਿਸ਼ਤ ਤੇ ਵਹਿਸ਼ਤ ਦੇ ਸਾਏ ਹੇਠ ਰਹਿ ਰਹੇ ਅਣਗਿਣਤ ਹਿੰਦੂ-ਸਿੱਖ ਪਰਿਵਾਰ ਪਹਿਲਾਂ ਹੀ ਆਪਣੇ ਪੁਰਖਿਆਂ ਦੀ ਧਰਤੀ ਨੂੰ ਅਲਵਿਦਾ ਕਹਿ ਕੇ ਭਾਰਤ ਸਣੇ ਦੂਜੇ ਦੇਸਾਂ ਵੱਲ ਹਿਜਰਤ ਕਰ ਚੁੱਕੇ ਹਨ। ਅਲਪ ਸੰਖਿਅਕਾਂ 'ਤੇ ਕੀਤੇ ਗਏ ਜ਼ੁਲਮ ਮਗਰੋਂ ਤਾਲਿਬਾਨ ਦੀ ਫ਼ਜ਼ੀਹਤ ਹੋਈ ਤਾਂ ਹੁਣ ਉਹ ਅਫ਼ਗਾਨਿਸਤਾਨ 'ਚ ਰਹਿ ਗਏ ਮੁੱਠੀ ਭਰ ਹਿੰਦੂ ਸਿੱਖਾਂ ਨੂੰ ਦੇਸ਼ ਛੱਡਣ ਦੀ ਆਗਿਆ ਵੀ ਨਹੀਂ ਦੇ ਰਹੇ। ਬਾਬਰ ਤੋਂ ਬਾਅਦ ਅਬਦਾਲੀ ਨੇ ਅਠਾਰਵੀਂ ਸਦੀ ਵਿਚ ਪੰਜਾਬੀਆਂ ਨੂੰ ਖ਼ੂਬ ਲੁੱਟਿਆ ਤੇ ਕੁੱਟਿਆ। ਉਸ ਵੱਲੋਂ ਫੈਲਾਈ ਜਾਂਦੀ ਦਹਿਸ਼ਤ ਪੰਜਾਬੀ ਅਖਾਣਾਂ ਵਿਚ ਬੋਲਣ ਲੱਗੀ, "ਖਾਧਾ ਪੀਤਾ ਲਾਹੇ ਦਾ , ਬਾਕੀ ਅਹਿਮਦ ਸ਼ਾਹੇ ਦਾ।" ਅਬਦਾਲੀ ਤੋਂ ਬਾਅਦ ਉਸ ਦੇ ਜਾਨਸ਼ੀਨ ਵੀ ਪੰਜਾਬ ਵਿਚ ਬੁਰਛਾਗਰਦੀ ਕਰਦੇ ਰਹੇ। ਇਹ ਜੰਗ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਗੱਦੀਨਸ਼ੀਨ ਹੋਣ ਤਕ ਜਾਰੀ ਰਹੀ। ਖ਼ਾਲਸਾ ਪੰਥ ਦੀ ਸਾਜਨਾ ਸਤਾਰ੍ਹਵੀਂ ਸਦੀ ਦੇ ਅਖੀਰ, ਸੰਨ 1699 ਵਿਚ ਆਨੰਦਪੁਰ ਸਾਹਿਬ ਵਿਖੇ ਹੋਈ ਤੇ ਨਾਨਕ ਨਾਮਲੇਵਾ ਰਣਜੀਤ ਸਿੰਘ ਨੇ ਪੂਰੀ ਇਕ ਸਦੀ ਬਾਅਦ 1799 ਵਿਚ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾ ਕੇ ਅਫ਼ਗਾਨੀਆਂ ਦੇ ਦਬਦਬੇ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਸੀ। ਅਬਦਾਲੀ ਤੋਂ ਬਾਅਦ ਉਸ ਦਾ ਫ਼ਰਜ਼ੰਦ ਤੈਮੂਰ ਸ਼ਾਹ (1773-1793 ਈਸਵੀ) ਤੇ ਫਿਰ ਪੋਤਰਾ ਜ਼ਮਾਨ ਸ਼ਾਹ ਅਫ਼ਗਾਨਿਸਤਾਨ ਤਖ਼ਤ ਤੇ ਬਿਰਾਜਮਾਨ ਹੋਇਆ ਸੀ। ਸੰਨ 1793 ਵਿਚ ਗੱਦੀ 'ਤੇ ਬੈਠਦਿਆਂ ਸਾਰ ਜ਼ਮਾਨ ਸ਼ਾਹ ਨੇ ਪੰਜਾਬ ਦੇ ਹਸਨ ਅਬਦਾਲ (ਪੰਜਾ ਸਾਹਿਬ) 'ਤੇ ਹੱਲਾ ਬੋਲ ਦਿੱਤਾ ਤੇ ਫਿਰ ਅਗਲੇ ਸਾਲਾਂ

ਵਿਚ ਰੋਹਤਾਸ ਨੂੰ ਜਿੱਤ ਕੇ ਜ਼ਮਾਨ ਸ਼ਾਹ ਨੇ 1796 ਵਿਚ 30,000 ਸੈਨਿਕਾਂ ਨਾਲ ਪੰਜਾਬ ’ਤੇ ਤੀਜਾ ਧਾਵਾ ਬੋਲ ਦਿੱਤਾ। ਅਗਲੇ ਸਾਲ ਉਸ ਨੇ ਲਾਹੌਰ ’ਤੇ ਕਬਜ਼ਾ ਕਰ ਲਿਆ ਸੀ। ਹੇਰਾਤ (ਅਫ਼ਗਾਨਿਸਤਾਨ) ਵਿਚ ਉਸ ਦੇ ਭਰਾ ਸ਼ਾਹ ਮਹਿਮੂਦ ਵੱਲੋਂ ਬਗ਼ਾਵਤ ਕਰਨ ਦੀ ਖ਼ਬਰ ਸੁਣਦਿਆਂ ਸਾਰ ਉਹ ਅਫ਼ਗਾਨਿਸਤਾਨ ਵਾਪਸ ਪਰਤਿਆ ਤਾਂ ਪਿੱਛੋਂ ਭੰਗੀ ਸਰਦਾਰਾਂ ਨੇ ਲਾਹੌਰ ’ਤੇ ਕਬਜ਼ਾ ਕਰ ਲਿਆ। ਹਰ ਵੇਲੇ ਭੰਗ ਦੇ ਨਸ਼ੇ ਵਿਚ ਧੁੱਤ ਰਹਿਣ ਵਾਲੇ ਇਸ ਮਿਸਲ ਦੇ ਸਰਦਾਰਾਂ ਨੂੰ ਭੰਗੀ ਕਿਹਾ ਜਾਂਦਾ ਸੀ। ਅਕਤੂਬਰ 1798 ਈਸਵੀ ਵਿਚ ਜ਼ਮਾਨ ਸ਼ਾਹ ਨੇ ਲਾਹੌਰ ’ਤੇ ਮੁੜ ਕਬਜ਼ਾ ਕਰ ਲਿਆ। ਰਣਜੀਤ ਸਿੰਘ ਦੀ ਸ਼ੋਭਾ ਸੁਣ ਕੇ ਲਾਹੌਰੀਆਂ ਨੇ ਉਸ ਨੂੰ ਲਾਹੌਰ ’ਤੇ ਕਾਬਿਜ਼ ਹੋਣ ਦਾ ਸੱਦਾ ਦੇ ਦਿੱਤਾ। ਲਾਮ-ਲਸ਼ਕਰ ਨਾਲ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਸਾਹਮਣੇ ਪੁੱਜੇ ਮਹਾਬਲੀ ਰਣਜੀਤ ਸਿੰਘ ਨੇ ਜ਼ਮਾਨ ਸ਼ਾਹ ਨੂੰ ਲਲਕਾਰਦਿਆਂ ਕਿਹਾ, “ਬਾਹਰ ਨਿਕਲ ਅਬਦਾਲੀ ਦਿਆ ਪੋਤਰਿਆ ਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਗੱਤਕਾ ਖੇਡ।” ਚੜ੍ਹਤ ਸਿੰਘ ਦੇ ਪੋਤਰੇ ਨੇ ਅਬਦਾਲੀ ਦੇ ਪੋਤਰੇ ਨੂੰ ਭਜਾ ਕੇ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਹਮਲਾਵਰਾਂ ਦਾ ਸਦਾ ਲਈ ਰਾਹ ਰੋਕ ਦਿੱਤਾ। ਅਫ਼ਗਾਨਿਸਤਾਨ ਨੂੰ ਅਜੇਤੂ ਲੋਕਾਂ ਦੀ ਧਰਤੀ ਮੰਨਿਆ ਜਾਂਦਾ ਹੈ ਜਿੱਥੋਂ ਰੂਸ ਅਤੇ ਅਮਰੀਕਾ ਵਰਗੀਆਂ ਮਹਾ-ਸ਼ਕਤੀਆਂ ਨੂੰ ਵੀ ਪਿੱਠ ਦਿਖਾ ਕੇ ਭੱਜਣਾ ਪਿਆ ਸੀ ਪਰ ਰਣਜੀਤ ਸਿੰਘ ਅਤੇ ਉਸ ਦੇ ਸ਼ੇਰ ਦੀ ਫੁਰਤੀ ਵਾਲੇ ਹਰੀ ਸਿੰਘ ਨਲੂਆ ਵਰਗੇ ਜਰਨੈਲਾਂ ਨੇ ਅਫ਼ਗਾਨਿਸਤਾਨ ਦੇ ਉਸ ਸ਼ਾਹ ਮਾਰਗ ਨੂੰ ਪੱਕੇ ਤੌਰ ’ਤੇ ਬੰਦ ਕਰ ਦਿੱਤਾ ਜਿੱਥੋਂ ਉਹ ਢਾਈ ਸਦੀਆਂ ਤੋਂ ਵੱਧ ਸਮੇਂ ਤੋਂ ਹਮਲੇ ਕਰਦੇ ਆ ਰਹੇ ਸਨ। ਪਾਕਿਸਤਾਨ ਤਾਲਿਬਾਨ ਨੂੰ ਦੀਨੀ ਭਾਈ ਮੰਨ ਕੇ ਉਨ੍ਹਾਂ ਦੀ ਸਿੱਧੇ ਤੇ ਅਸਿੱਧੇ ਤੌਰ ’ਤੇ ਇਮਦਾਦ ਕਰਦਾ ਆ ਰਿਹਾ ਹੈ। ਤਾਲਿਬਾਨੀ ਵਿਚਾਰਧਾਰਾ ਵਾਲੇ ਲੋਕ ਅੱਜ ਵੀ ਤਵਾਰੀਖ ਦੇ ਉਨ੍ਹਾਂ ਪੰਨਿਆਂ ਨੂੰ ਪਾੜਨਾ ਚਾਹੁੰਦੇ ਹਨ ਜਿਨ੍ਹਾਂ ’ਤੇ ਸ਼ੇਰ-ਏ-ਪੰਜਾਬ ਦੀ ਸੁਨਹਿਰੀ ਜਿੱਤ ਅੰਕਿਤ ਹੈ। ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਸਾਂਝੇ ਬਾਦਸ਼ਾਹ ਦੀਆਂ ਉਹ ਤਮਾਮ ਨਿਸ਼ਾਨੀਆਂ ਨੂੰ ਨੇਸਤੋ ਨਾਬੂਦ ਕਰਨ ਲਈ ਤੁਲੇ ਹੋਏ ਹਨ। ਇਸੇ ਲਈ ਕੁਝ ਦਿਨ ਪਹਿਲਾਂ ਮੁੱਠੀ ਭਰ ਕੱਟੜਵਾਦੀ ਸਿਰਫਿਰਿਆਂ ਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਖੇ ਸਥਿਤ ਅਜਾਇਬਘਰ ਦੇ ਬਾਹਰ ਲੱਗੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਤੀਜੀ ਵਾਰ ਤੋੜ ਕੇ ਤਾਲਿਬਾਨੀ ਸੋਚ ਦਾ ਮੁਜ਼ਾਹਰਾ ਕੀਤਾ ਹੈ। ਇਮਰਾਨ ਖ਼ਾਨ ਸਰਕਾਰ ਨੇ ਭਾਵੇਂ ਇਸ ਘਟਨਾ ਦੀ ਨਿਖੇਧੀ ਕਰਦਿਆਂ ਬੁੱਤ ਨੂੰ ਦੁਬਾਰਾ ਸਥਾਪਿਤ ਕਰਨ ਦਾ ਐਲਾਨ ਕੀਤਾ ਫਿਰ ਵੀ ਹਿੰਦੂ-ਸਿੱਖਾਂ ਤੇ ਉਨ੍ਹਾਂ ਦੇ ਧਰਮ ਅਸਥਾਨਾਂ ਨੂੰ ਪਾਕਿ ’ਚ ਆਏ ਦਿਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

22 ਅਗਸਤ

# ਖੁਰਾਸਾਨ ਬਨਾਮ ਤਾਲਿਬਾਨ

ਪੰਜ ਸਦੀਆਂ ਬਾਅਦ ਖੁਰਾਸਾਨ ਦੇ ਬੁਰਛਿਆਂ ਨੇ ਇਕ ਵਾਰ ਫਿਰ ਖ਼ੂਨ ਦੀ ਹੋਲੀ ਖੇਡ ਕੇ ਦਹਿਸ਼ਤ ਅਤੇ ਵਹਿਸ਼ਤ ਦਾ ਦੌਰ ਚਲਾਇਆ ਹੈ। ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਆਈਐੱਸਆਈਐੱਸ (ਖੁਰਾਸਾਨ) ਨੇ ਅਫ਼ਗਾਨਿਸਤਾਨ ਦੇ ਚੱਪੇ-ਚੱਪੇ 'ਤੇ ਖ਼ੂਨ ਡੋਲ੍ਹਣਾ ਸ਼ੁਰੂ ਕਰ ਦਿੱਤਾ ਹੈ। ਕਾਬੁਲ ਹਵਾਈ ਅੱਡੇ 'ਤੇ ਹੋਏ ਸੱਤ ਲੜੀਵਾਰ ਧਮਾਕਿਆਂ ਪਿੱਛੇ ਵੀ ਖੁਰਾਸਾਨੀ ਬੁਰਛਿਆਂ ਦਾ ਹੱਥ ਹੈ ਜਿਸ ਵਿਚ ਅਮਰੀਕਾ ਦੇ ਫ਼ੌਜੀਆਂ ਸਣੇ ਅਣਗਿਣਤ ਨਿਰਦੋਸ਼ ਮਾਰੇ ਗਏ ਹਨ। ਪੰਜ ਸੌ ਸਾਲ ਪਹਿਲਾਂ ਸੰਨ 1521 ਵਿਚ ਜਦੋਂ ਮੁਗ਼ਲ ਸਮਰਾਟ ਬਾਬਰ ਦੇ ਲਸ਼ਕਰ ਨੇ ਨਨਕਾਣਾ ਸਾਹਿਬ ਨੇੜੇ ਐਮਨਾਬਾਦ (ਸਯੱਦਪੁਰ/ਸੈਦਪੁਰ) ਦੀ ਘੁੱਗ ਵਸਦੀ ਨਗਰੀ ਵਿਚ ਲੁੱਟਮਾਰ ਅਤੇ ਖ਼ੂਨ-ਖਰਾਬਾ ਕਰ ਕੇ ਘਰ-ਘਰ ਸੱਥਰ ਵਿਛਾਏ ਸਨ ਤਾਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਖੁਰਾਸਾਨ ਤੋਂ ਆਏ ਵਿਦੇਸ਼ੀ ਧਾੜਵੀਆਂ ਦਾ ਕਲਮ ਨਾਲ ਡਟ ਕੇ ਵਿਰੋਧ ਕਰਦਿਆਂ ਰੱਬ ਨੂੰ ਵੀ ਉਲਾਂਭਾ ਦਿੱਤਾ ਸੀ। ਕ੍ਰਾਂਤੀਕਾਰੀ ਬਾਣੀ ਵਿਚ ਪਹਿਲੀ ਵਾਰ 'ਖੁਰਾਸਾਨ' ਅਤੇ 'ਹਿੰਦੁਸਤਾਨ' ਦਾ ਜ਼ਿਕਰ ਆਇਆ ਸੀ। ਸਿੱਖ ਤਵਾਰੀਖ ਵਿਚ ਇਸ ਗੱਲ ਦਾ ਵੀ ਜ਼ਿਕਰ ਮਿਲਦਾ ਹੈ ਕਿ ਇਸ ਹਮਲੇ ਵੇਲੇ ਗੁਰੂ ਨਾਨਕ ਦੇਵ ਖ਼ੁਦ ਐਮਨਾਬਾਦ ਵਿਚ ਮੌਜੂਦ ਸਨ। ਮਜ਼ਲੂਮਾਂ ਦੀ ਅਸਹਿ ਤੇ ਅਕਹਿ ਪੀੜਾ ਨੂੰ ਵੇਖਦਿਆਂ ਗੁਰੂ ਨਾਨਕ ਨੇ ਜ਼ੁਲਮ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਤਾਂ ਉਨ੍ਹਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਵੀ ਜਾਣਾ ਪਿਆ ਸੀ। ਜਨਮ ਸਾਖੀਆਂ ਵਿਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਖੁਰਾਸਾਨ ਤੋਂ ਆਏ ਮੁਗ਼ਲਾਂ ਦੀ ਧਾੜ ਵੇਲੇ ਗੁਰੂ ਜੀ ਨੂੰ ਬੰਦੀ ਬਣਾ ਲਿਆ ਗਿਆ ਸੀ। ਆਸਾ ਮਹਲਾ ਪਹਿਲਾ ਵਿਚ ਗੁਰੂ ਨਾਨਕ ਫਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ ॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥

ਪੰਜ ਸਦੀਆਂ ਪਹਿਲਾਂ ਖੁਰਾਸਾਨ ਦੇ ਹਥਿਆਰਬੰਦ ਧਾੜਵੀਆਂ ਵੱਲੋਂ ਮਾਰੇ ਗਏ ਧਾੜੇ ਨੇ ਵਿਸ਼ਾਲ ਹਿੰਦੁਸਤਾਨ ਵਿਚ ਦਹਿਸ਼ਤ ਫੈਲਾਈ ਸੀ। ਅਜੋਕੀ ਪੀੜ੍ਹੀ ਦੇ ਖੁਰਾਸਾਨੀਆਂ ਨੇ ਤਾਂ ਆਪਣਿਆਂ ਨੂੰ ਵੀ ਨਹੀਂ ਬਖ਼ਸ਼ਿਆ। ਉਨ੍ਹਾਂ ਵੱਲੋਂ ਕੀਤੇ ਜਾ ਰਹੇ

ਹਮਲਿਆਂ ਨੇ ਅਮਰੀਕਾ ਵਰਗੀ ਮਹਾਸ਼ਕਤੀ ਨੂੰ ਵੀ ਸਕਤੇ ਵਿਚ ਪਾ ਦਿੱਤਾ ਹੈ। ਅਫ਼ਗਾਨਿਸਤਾਨ ਦੀ ਧਰਤੀ ਨੂੰ ਲਹੂ-ਲੁਹਾਣ ਕਰਨ ਤੋਂ ਬਾਅਦ ਉਸ ਦੇ ਨਿਸ਼ਾਨੇ ’ਤੇ ਪਾਕਿਸਤਾਨ, ਚੀਨ, ਨੇਪਾਲ ਅਤੇ ਹਿੰਦੁਸਤਾਨ ਸਣੇ ਕਈ ਹੋਰ ਦੇਸ ਹਨ। ਇਸਲਾਮਿਕ ਸਟੇਟ (ਖ਼ੁਰਾਸਾਨ) ਦੇ ਦਹਿਸ਼ਤਗਰਦ ਸਮਝਦੇ ਹਨ ਕਿ ਤਾਲਿਬਾਨ ਲੜਾਕੇ ਹੁਣ ਆਪਣੇ ਨਿਸ਼ਾਨੇ ਤੋਂ ਭਟਕ ਕੇ ਸਮਝੌਤਾਵਾਦੀ ਹੋ ਗਏ ਹਨ। ਇਹੀ ਕਾਰਨ ਹੈ ਕਿ ਉਹ ਅਫ਼ਗਾਨਿਸਤਾਨ ਵਿਚ ਤਾਲਿਬਾਨ ਨੂੰ ਸ਼ਰੀਅਤ ਨੂੰ ਇੰਨ-ਬਿੰਨ ਲਾਗੂ ਕਰਨ ਲਈ ਪੜ੍ਹਨੇ ਪਾ ਰਹੇ ਹਨ। ਦਰਅਸਲ ਖ਼ੁਰਾਸਾਨ ਦੀ ਧਰਤੀ ਦਾ ਖਮੀਰ ਹੀ ਅਜਿਹਾ ਹੈ ਜੋ ਇਨਸਾਨ ਨੂੰ ਹੈਵਾਨ ਬਣਾ ਦਿੰਦਾ ਹੈ। ਵੱਖ- ਵੱਖ ਸਬਦਕੋਸ਼ਾਂ ਵਿਚ ਈਰਾਨ ਦੇ ਪੂਰਬ ਅਤੇ ਅਫ਼ਗਾਨਿਸਤਾਨ ਦੇ ਪੱਛੋਂ ਦੇ ਖਿੱਤੇ ਨੂੰ ਖ਼ੁਰਾਸਾਨ ਕਿਹਾ ਜਾਂਦਾ ਸੀ। ਉਹ ਦੇਸ਼ ਜਿੱਥੇ ਸੂਰਜ ਉਗਮਦਾ ਹੈ, ਆਲੀਸ਼ਾਨ ਸਮਾਰਕਾਂ ਵਾਲੇ ਸ਼ਹਿਰ ਹੇਰਾਤ ਅਤੇ ਮਸਹਦ ਖ਼ੁਰਾਸਾਨ ਦੇਸ਼ ਦਾ ਹੀ ਹਿੱਸਾ ਹਨ। ਖ਼ੁਰਾਸਾਨ ਦੇ ਉੱਤਰ ਵਿਚ ਤੁਰਕਮਾਨਿਸਤਾਨ ਤੋਂ ਇਲਾਵਾ ਕਰਮਾਨ, ਇਸਫਹਾਨ, ਅਫ਼ਗਾਨਿਸਤਾਨ ਅਤੇ ਬਲੋਚਿਸਤਾਨ ਇਸ ਨਾਲ ਲੱਗਦੇ ਹਨ। ਖ਼ੁਰਾਸਾਨ ਦੇ ਉੱਤਰੀ ਭਾਗ ਵਿਚ ਪਹਾੜਾਂ ਦੀਆਂ ਸਮਾਨਅੰਤਰ ਲੜੀਆਂ ਹਨ। ਕੁਝ ਕੁ ਪ੍ਰਾਂਤ ਤਿਕੋਣੀ ਪਹਾੜੀਆਂ ਨਾਲ ਘਿਰੇ ਹਨ ਜਿਨ੍ਹਾਂ ਵਿਚ ਕੋਈ ਹਮਲਾਵਰ ਪ੍ਰਵੇਸ਼ ਤਾਂ ਕਰ ਸਕਦਾ ਹੈ ਪਰ ਉਸ ਨੂੰ ਬਾਹਰ ਨਿਕਲਣ ਦਾ ਰਾਹ ਨਹੀਂ ਲੱਭਦਾ ਤੇ ਆਖ਼ਰ ਇਹ ਉਨ੍ਹਾਂ ਲਈ ਕਬਰਿਸਤਾਨ ਬਣ ਜਾਂਦੇ ਹਨ। ਖ਼ੁਰਾਸਾਨ ਵਿਚ ਕਈ ਮਨਮੋਹਣੇ ਨਖਲਿਸਤਾਨ ਵੀ ਹਨ ਜੋ ਸਮੇਂ ਦੇ ਬਾਦਸ਼ਾਹਾਂ ਲਈ ਖਿੱਚ ਦਾ ਕਾਰਨ ਬਣਦੇ ਰਹੇ। ਇਸ ਖੇਤਰ ਵਿਚ ਕਈ ਨਸਲਾਂ ਦੇ ਕਬੀਲੇ ਹਨ ਜਿਨ੍ਹਾਂ ਦੀ ਫ਼ਿਤਰਤ ਇੱਕੀਵੀਂ ਸਦੀ ਵਿਚ ਵੀ ਨਹੀਂ ਬਦਲੀ। ਮੂਲ ਵਾਸੀਆਂ ਤੋਂ ਇਲਾਵਾ ਜਿਪਸੀ ਤੇ ਅਰਬੀ ਕਬੀਲਿਆਂ ਦੀ ਵੀ ਚੋਖੀ ਗਿਣਤੀ ਮਿਲਦੀ ਹੈ। ਖਣਿਜ ਪਦਾਰਥਾਂ ਨਾਲ ਭਰਪੂਰ ਧਰਤੀ ਵਿਚ ਕੈਂਸਰ ਵੀ ਉੱਗਦਾ ਹੈ ਜਿਸ ਦੇ ਫੁੱਲ ਖ਼ਿਜ਼ਾ ਵਿਚ ਵੀ ਖਿੜਦੇ ਹਨ। ਪੁਰਾਤਨ ਸਮੇਂ ਵਿਚ ਮਸਾਨ ਇਕ ਵਿਸਾਲ ਖੇਤਰ ਸੀ ਜਿਸ ਦੇ ਕਈ ਖਿੱਤੇ ਹੁਣ ਅਫ਼ਗਾਨਿਸਤਾਨ ਅਤੇ ਤੁਰਕਮਾਨਿਸਤਾਨ ਵਿਚ ਆ ਗਏ ਹਨ। ਅਫ਼ਗਾਨਿਸਤਾਨ ਦਾ ਬਲਖ ਅਤੇ ਬੁਖਾਰਾ ਵੀ ਖ਼ੁਰਾਸਾਨ ਦੇ ਵਿਸ਼ਾਲ ਖਿੱਤੇ ਦਾ ਹਿੱਸਾ ਸੀ ਜੋ ਪੰਜਾਬ ਦੇ ਅਖਾਣਾਂ ਵਿਚ ਵੀ ਬੋਲਦਾ ਹੈ, ‘ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।’ ਖ਼ੁਰਾਸਾਨ ਦੀ ਧਰਤੀ ’ਤੇ ਬਾਹੂਬਲੀਆਂ ਦੀਆਂ ਪੈੜਾਂ ਅੱਜ ਵੀ ਉੱਥੋਂ ਦੇ ਵਸਨੀਕਾਂ ਨੂੰ ਅਮਨ ਚੈਨ ਦੀ ਜ਼ਿੰਦਗੀ ਜਿਊਣ ਨਹੀਂ ਦਿੰਦੀਆਂ। ਉਨ੍ਹਾਂ ਦੀਆਂ ਰਗਾਂ ਵਿਚ ਦੌੜਦਾ ਹਮਲਾਵਰਾਂ ਦਾ ਖ਼ੂਨ ਉਨ੍ਹਾਂ ਨੂੰ ਆਤਮਘਾਤੀ ਹਮਲਿਆਂ ਲਈ ਉਕਸਾਉਂਦਾ ਰਹਿੰਦਾ ਹੈ। ਇਸਲਾਮਿਕ ਸਟੇਟ ਦੇ ਤਥਾ-ਕਥਿਤ ਖ਼ਲੀਫ਼ੇ ਬਗਦਾਦੀ ਦੀ ਮੌਤ ਤੋਂ ਬਾਅਦ ਆਈਐੱਸ ਖ਼ੁਰਾਸਾਨ ਹੁਣ ਹਥਿਆਰਾਂ ਦੇ ਜ਼ੋਰ ’ਤੇ ਦੁਨੀਆ ਨੂੰ ਜਿੱਤਣਾ ਚਾਹੁੰਦਾ ਹੈ ਜਿਸ ਦਾ ਮੁੱਖ ਨਿਸ਼ਾਨਾ ਭਾਰਤੀ ਉਪ ਮਹਾਦੀਪ ਹੈ। ਸੱਤਵੀਂ ਸਦੀ ਵਿਚ ਖ਼ੁਰਾਸਾਨ ਨੂੰ ਅਰਬਾਂ ਨੇ ਜਿੱਤਿਆ ਸੀ ਅਤੇ ਤੇਰਵੀਂ ਸਦੀ ਵਿਚ ਚੰਗੇਜ਼ ਖਾਂ ਅਤੇ ਚੌਦਵੀਂ ਸਦੀ ਵਿਚ ਤੈਮੂਰ ਨੇ ਇਸ ’ਤੇ ਕਬਜ਼ਾ ਕਰ ਲਿਆ ਸੀ। ਸੋਲਵੀਂ ਸਦੀ ਵਿਚ ਇਸ ਖਿੱਤੇ ਵਿਚ ਧੁਰ ਕੀ ਬਾਣੀ ਦੇ ਅਨਹਦ ਰੂਪ ਨੂੰ ਨਾਦੀ ਬਣਾਉਂਦਿਆਂ ਰਬਾਬ ਦੀਆਂ

ਤਰਬਾਂ ਛਿੜਦੀਆਂ ਰਹੀਆਂ। ਜਨਮ ਸਾਖੀਆਂ ਦਾ ਇਹ ਬਿਰਤਾਂਤ 'ਛੇੜ ਮਰਦਾਨਿਆ ਰਬਾਬ ਬਾਣੀ ਆਈ ਹੈ' ਉਪਰੋਕਤ ਤੱਥ ਦੀ ਗਵਾਹੀ ਭਰਦਾ ਹੈ। ਬਾਬੇ ਨਾਨਕ ਦੇ ਮੁਖਾਰਬਿੰਦ ਵਿਚੋਂ ਨਿਕਲੀ ਪਹਾੜੀ ਝਰਨੇ ਦੇ ਚਾਂਦੀ-ਵੰਨੇ ਪਾਣੀ ਮਾਫਕ ਬਾਣੀ ਤੇ ਮਰਦਾਨੇ ਦੇ ਰਬਾਬ ਦੀਆਂ ਤਰਬਾਂ ਇਲਾਹੀ ਵਿਸਮਾਦ ਸਿਰਜਦੀਆਂ ਸਨ। ਸੂਫ਼ੀਆਂ-ਸੰਤਾਂ ਦੀਆਂ ਫੇਰੀਆਂ ਨੇ ਖ਼ੁਰਾਸਾਨ/ ਅਫ਼ਗਾਨਿਸਤਾਨ ਨੂੰ ਅਣਗਿਣਤ ਫਿਰਕਿਆਂ ਅਤੇ ਧਰਮਾਂ ਦਾ ਜ਼ਿਆਰਤ ਸਥਾਨ ਬਣਾ ਦਿੱਤਾ ਸੀ। ਅੱਜ ਉਸੇ ਧਰਤੀ 'ਤੇ ਸੰਗੀਤ ਹਰਾਮ ਹੈ। ਮਕਬੂਲ ਗਾਇਕ ਫ਼ਲਾਂ ਤੇ ਸਬਜ਼ੀਆਂ ਦੀਆਂ ਰੇੜ੍ਹੀਆਂ-ਫੜ੍ਹੀਆਂ ਲਾ ਕੇ ਗੁਜ਼ਾਰਾ ਕਰ ਰਹੇ ਹਨ। ਪਹਾੜੀ ਚੱਟਾਨਾਂ ਨੂੰ ਕੁਰੇਦ ਕੇ ਮਹਾਤਮਾ ਬੁੱਧ ਦੇ ਬੁੱਤਾਂ ਨੂੰ ਜਦੋਂ ਕੱਟੜਪੰਥੀਆਂ ਨੇ ਤੋਪਾਂ ਦੇ ਗੋਲੇ ਦਾਗ ਕੇ ਫੀਤਾ-ਫੀਤਾ ਕੀਤਾ ਸੀ ਤਾਂ ਦੁਨੀਆ ਸਮਝ ਗਈ ਸੀ ਕਿ ਇਸ ਮੁਲਕ ਵਿਚ ਸ਼ਾਂਤੀ ਕਦੇ ਵੀ ਨਹੀਂ ਰਹਿ ਸਕਦੀ। ਰੂਸ ਨੇ ਪਹਿਲਾਂ ਇਕ ਦਹਾਕਾ ਅਫ਼ਗਾਨਿਸਤਾਨ ਵਿਚ ਕਮਿਊਨਿਜ਼ਮ ਸਥਾਪਤ ਕਰਨ ਦੀ ਖਤਾ ਕੀਤੀ ਸੀ। ਆਖ਼ਰ ਰੂਸੀਆਂ ਨੂੰ ਉੱਥੋਂ ਭੱਜਣਾ ਪਿਆ। ਜਾਂਦੇ ਹੋਏ ਰੂਸੀ ਫ਼ੌਜੀ ਆਪਣਾ ਅਸਲਾ ਤੇ ਹਥਿਆਰ ਉੱਥੇ ਛੱਡ ਗਏ ਜਿਨ੍ਹਾਂ ਨੂੰ ਲੜਾਕੇ ਖਿਡੌਣਿਆਂ ਵਾਂਗ ਚਲਾਉਣ ਲੱਗੇ। ਬੀਤੇ ਤੋਂ ਸਬਕ ਨਾ ਸਿੱਖਦਿਆਂ ਅਮਰੀਕਾ ਨੇ ਅਫ਼ਗਾਨਿਸਤਾਨ 'ਚ ਦੋ ਦਹਾਕਿਆਂ ਤਕ ਆਪਣੀਆਂ ਕਠਪੁਤਲੀ ਸਰਕਾਰਾਂ ਬਣਾਈਆਂ। ਅੰਬਰ ਨੂੰ ਛੂੰਹਦੇ ਦੋ ਜੋੜੇ ਮੀਨਾਰਾਂ ਵਿਚੋਂ ਜਹਾਜ਼ ਕੱਢ ਕੇ ਉਨ੍ਹਾਂ ਨੂੰ ਮਲੀਆਮੇਟ ਕਰਨ ਵਾਲੇ ਅਲਕਾਇਦਾ ਕੋਲੋਂ ਅਮਰੀਕਾ ਨੇ ਬਦਲਾ ਲੈਣ ਲਈ ਅਫ਼ਗਾਨਿਸਤਾਨ ਵਿਚ ਪੱਕੇ ਡੇਰੇ ਲਾ ਲਏ ਸਨ। ਪਾਕਿਸਤਾਨ ਦੇ ਐਬਟਾਬਾਦ ਇਲਾਕੇ ਵਿਚ ਛੁਪੇ ਹੋਏ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਨੂੰ ਅਮਰੀਕਾ ਦੇ ਸੀਲ ਕਮਾਂਡੋਆਂ ਨੇ ਮਾਰ ਮੁਕਾਇਆ ਸੀ। ਇਸ ਦੇ ਬਾਵਜੂਦ ਦੋ ਦਹਾਕਿਆਂ ਬਾਅਦ ਅਮਰੀਕਾ ਨੇ ਤਾਲਿਬਾਨ ਨਾਲ ਅੰਦਰ-ਖਾਤੇ ਸਮਝੌਤਾ ਕਰ ਕੇ ਮੈਦਾਨ-ਏ-ਜੰਗ 'ਚੋਂ ਚੁੱਪ-ਚਪੀਤੇ ਨਿਕਲਣ ਦੀ ਤਰਕੀਬ ਬਣਾਈ, ਜੋ ਉਨ੍ਹਾਂ ਅਫ਼ਗਾਨੀਆਂ ਨਾਲ ਘੋਰ ਦਗਾ ਸੀ ਜਿਨ੍ਹਾਂ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਅਮਰੀਕਾ ਦਾ ਸਾਥ ਦਿੱਤਾ ਸੀ। ਐਮਨਾਬਾਦ (ਸੈਦਪੁਰੀ) ਦੇ ਹਮਲੇ ਤੋਂ ਬਾਅਦ 500 ਸਾਲ ਬਾਅਦ ਪੂਰਾ ਅਫ਼ਗਾਨਿਸਤਾਨ 'ਮਾਸਪੁਰੀ' ਬਣ ਚੁੱਕਾ ਹੈ। ਰਾਕਟ ਲਾਂਚਰਾਂ ਦੇ ਚੱਲਣ ਨਾਲ ਚੀਥੜੇ ਉੱਡ ਰਹੇ ਹਨ ਤੇ ਕੋਈ ਉੱਡਦੇ ਜਹਾਜ਼ ਵਿਚੋਂ ਡਿੱਗ ਰਿਹਾ ਹੈ। ਔਰਤਾਂ ਦੀ ਬੇਪਤੀ, ਉਨ੍ਹਾਂ ਦਾ ਵਿਰਲਾਪ ਤੇ ਬੱਚਿਆਂ-ਬਜ਼ੁਰਗਾਂ ਦੀ ਮਿੱਝ ਵਿਚੋਂ ਬਾਬਰ ਦਾ ਲਸ਼ਕਰ ਪੰਜ ਸਦੀਆਂ ਬਾਅਦ ਵੀ ਹਰਲ-ਹਰਲ ਕਰਦਾ ਦਿਖਾਈ ਦੇ ਰਿਹਾ ਹੈ। ਅਫ਼ਸੋਸ! ਪੰਜ ਸਦੀਆਂ ਬਾਅਦ ਅਜਿਹੇ ਕਰੁਣਾਮਈ ਦ੍ਰਿਸ਼ਾਂ ਦਾ ਬਿਰਤਾਂਤ ਪੇਸ਼ ਕਰਨ ਵਾਲੀ ਕੋਈ ਮਹਾਨ ਕਲਮ ਨਹੀਂ ਦਿਖਾਈ ਦਿੰਦੀ ਜੋ ਲਿਖਦੀ, "ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।"

29 ਅਗਸਤ

# ਸੀਸੁ ਦੀਆ ਪਰੁ...

ਨੌਂਵੇਂ ਨਾਨਕ, ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 15ਵੀਂ ਵਿਧਾਨ ਦਾ ਇਕ ਰੋਜ਼ਾ ਵਿਸ਼ੇਸ਼ ਇਜਲਾਸ 'ਹਿੰਦ ਦੀ ਚਾਦਰ' ਦੇ ਰੰਗ ਵਿਚ ਰੰਗਿਆ ਹੋਇਆ ਸੀ। ਵਿਸ਼ੇਸ਼ ਸੈਸ਼ਨ ਦੌਰਾਨ ਗੁਰੂ ਜੀ ਦੀਆਂ ਸਿੱਖਿਆਵਾਂ ਤੇ ਲਾਸਾਨੀ ਕੁਰਬਾਨੀ ਨੂੰ ਲੈ ਕੇ ਵੱਖ-ਵੱਖ ਬੁਲਾਰਿਆਂ ਵੱਲੋਂ ਬੜੇ ਹੀ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਬਾਹਾਂ ਲਹਿਰਾ ਕੇ ਵਿਰੋਧ ਦਰਜ ਕਰਵਾਉਣ ਵਾਲੀ ਵਿਰੋਧੀ ਧਿਰ ਵੀ ਇੰਜ ਦਿਖਾਈ ਦੇ ਰਹੀ ਸੀ ਜਿਵੇਂ ਕਿਸੇ ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰ ਰਹੀ ਹੋਵੇ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜੇਐੱਸ ਖੇਹਰ ਦੇ ਸ਼ਰਧਾ ਵਿਚ ਗੜੁੱਚੇ ਵਿਚਾਰ ਮਿਸ਼ਨਰੀਆਂ ਨੂੰ ਵੀ ਮਾਤ ਦੇ ਰਹੇ ਸਨ। ਸਿੱਖ ਤਵਾਰੀਖ ਅਤੇ ਗੁਰਬਾਣੀ ਦੇ ਹਵਾਲੇ ਦਿੰਦਿਆਂ ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਵਰਗੀ ਕੁਰਬਾਨੀ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮਨੁੱਖੀ ਅਧਿਕਾਰਾਂ, ਮਜ਼ਲੂਮਾਂ ਦੀ ਰੱਖਿਆ ਅਤੇ ਕਿਸੇ ਦੂਜੇ ਧਰਮ ਲਈ ਸੀਸ ਭੇਟ ਕਰਨ ਵਾਸਤੇ ਖ਼ੁਦ ਮਕਤਲ ਵਿਚ ਜਾਣ ਦੀ ਮਿਸਾਲ ਸ਼ਾਇਦ ਭਵਿੱਖ ਵਿਚ ਵੀ ਕਾਇਮ ਨਹੀਂ ਹੋ ਸਕੇਗੀ। ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਪੀਕਰ ਰਾਣਾ ਕੇਪੀ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਵੀ ਗੁਰੂ ਜੀ ਦੇ ਜੀਵਨ-ਫਲਸਫ਼ੇ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਖਾਤਰ ਦਿੱਤੀ ਕੁਰਬਾਨੀ 'ਤੇ ਚਾਨਣਾ ਪਾਇਆ। 'ਬਚਿਤ੍ਰ ਨਾਟਕ' ਵਿਚ ਗੁਰੂ ਤੇਗ ਬਹਾਦਰ ਵੱਲੋਂ ਤਿਲਕ ਜੰਞ ਦੀ ਰਾਖੀ ਖਾਤਰ ਦਿੱਤੀ ਕੁਰਬਾਨੀ ਨੂੰ ਕਲਿਯੁਗ ਵਿਚ ਵਾਪਰੇ ਮਹਾਨ ਸਾਕੇ ਦੇ ਤੌਰ 'ਤੇ ਯਾਦ ਕੀਤਾ ਗਿਆ ਹੈ : ਤਿਲਕ ਜੰਞ ਰਾਖਾ ਪ੍ਰਭ ਤਾ ਕਾ/ ਕੀਨੋ ਬਡੋ ਕਲੂ ਮਹਿ ਸਾਕਾ॥ ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸ ਦੀਯਾ ਪਰੁ ਸੀ ਨ ਉਚਰੀ॥ ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥' ਇਸ ਮਾਰਗ 'ਤੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਰਚਿਆ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ਆਪ ਦਾ ਮਾਰਗ ਦਰਸ਼ਨ ਕਰ ਰਿਹਾ ਸੀ। ਆਪਣੇ ਕਰ ਕਮਲਾਂ ਨਾਲ ਵਰੋਸਾਈ ਅਨੰਦਪੁਰ ਸਾਹਿਬ ਦੀ ਨਗਰੀ ਤੋਂ ਚਾਲੇ ਪਾਉਣ ਲੱਗਿਆਂ ਉਨ੍ਹਾਂ ਦੇ ਮਨ ਆਨੰਦ ਛਾਇਆ ਹੋਇਆ ਸੀ। ਗੁਰੂ ਜੀ ਨੂੰ ਇਸ ਗੱਲ ਦੀ ਬੇਹੱਦ ਤਸੱਲੀ ਸੀ ਕਿ ਉਨ੍ਹਾਂ ਦੇ ਸਾਹਿਬਜ਼ਾਦੇ ਨੇ ਖ਼ੁਦ ਉਨ੍ਹਾਂ ਨੂੰ ਇਸ ਮਾਰਗ ਦਾ ਪਾਂਧੀ ਬਣਾਇਆ ਹੈ। ਬਾਲ ਗੁਰੂ ਦੇ ਕੋਮਲ ਹਿਰਦੇ ਵਿਚ ਕਸ਼ਮੀਰੀ ਪੰਡਿਤਾਂ ਦੀ ਦਰਦ-ਭਰੀ ਵਿੱਥਿਆ ਸੁਣ ਕੇ ਦਇਆ ਉਮੜ ਆਈ ਸੀ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ 'ਤੇ ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫ਼ਗਾਨ ਜੰਜੂ ਤੇ ਤਿਲਕਧਾਰੀਆਂ ਨੂੰ ਜਬਰਨ ਮੁਸਲਮਾਨ ਬਣਾਉਣ

ਲਈ ਅੰਨ੍ਹਾ ਤਸ਼ੱਦਦ ਢਾਹ ਰਿਹਾ ਸੀ। ਗੁਰੂ ਤੇਗ ਬਹਾਦਰ ਜਾਣਦੇ ਸਨ ਕਿ ਉਨ੍ਹਾਂ ਨੇ ਆਪਣੇ ਸਾਹਿਬਜ਼ਾਦੇ ਨੂੰ 'ਸਰਬੰਸਦਾਨੀ' ਬਣਾਉਣ ਲਈ ਇਹ ਕਦਮ ਚੁੱਕਿਆ ਸੀ। ਇਸ ਮਾਰਗ ਦੇ ਪਾਂਧੀ ਬਣਦਿਆਂ ਉਨ੍ਹਾਂ ਦਾ ਮਨ ਸ਼ਾਂਤ ਅਤੇ ਅਡੋਲ ਸੀ। ਇਤਿਹਾਸ ਉਨ੍ਹਾਂ ਦੀਆਂ ਸੰਦਲੀ ਪੈੜਾਂ ਨੂੰ ਸੰਭਾਲ ਰਿਹਾ ਸੀ। ਵਕਤ ਦੀਆਂ ਕਾਲੀਆਂ ਰਾਤਾਂ 'ਚੋਂ ਕੋਈ ਅਲਬੇਲਾ ਪਾਧੀ ਗੁਜ਼ਰ ਰਿਹਾ ਸੀ। ਉਸ ਦੇ ਹੱਥਾਂ ਵਿਚ ਫੜੀ ਮਸ਼ਾਲ ਲੋਕਾਈ ਨੂੰ ਹਨੇਰੇ ਤੋਂ ਚਾਨਣ (ਚਾਂਦਨੀ ਚੌਕ) ਵੱਲ ਵਹੀਰਾਂ ਘੱਤਣ ਦਾ ਸੁਨੇਹਾ ਦੇ ਰਹੀ ਸੀ। ਆਪ ਦੇ ਪਿਤਾ ਗੁਰੂ (ਗੁਰੂ ਹਰਗੋਬਿੰਦ ਸਾਹਿਬ) ਵੱਲੋਂ ਪਾਏ ਗਏ 'ਭਗਤੀ ਤੇ ਸਕਤੀ' ਦੇ ਪੂਰਨਿਆਂ 'ਤੇ ਚੱਲਦਿਆਂ ਉਨ੍ਹਾਂ ਨੇ ਆਨੰਦਪੁਰ ਨਗਰੀ ਤੋਂ ਚਾਂਦਨੀ ਚੌਕ ਦਾ ਤਕਰੀਬਨ 350 ਕਿਲੋਮੀਟਰ ਦਾ ਪੰਧ ਮੁਕਾਉਣਾ ਸੀ। ਮਕਤਲ ਆਪ ਨੂੰ ਬੁਲਾ ਰਿਹਾ ਸੀ। ਆਪਣੇ ਗੁਰੂ-ਦਾਦੇ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਆਪ ਜੀ ਦੇ ਇਰਾਦਿਆਂ ਨੂੰ ਹੋਰ ਗੂੜ੍ਹਾ ਕਰ ਰਹੀ ਸੀ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥" ਆਪ ਦੇ ਹਿਰਦੇ 'ਤੇ ਉੱਕਰਿਆ ਹੋਇਆ ਸੀ। ਜਲਾਦ ਜਲਾਲਦੀਨ ਦੀ ਤਲਵਾਰ ਗੁਰੂ ਜੀ ਦਾ ਬੇਤਾਬੀ ਨਾਲ ਇੰਤਜ਼ਾਰ ਕਰ ਰਹੀ ਸੀ। ਅਕਾਲ ਤਖ਼ਤ ਦੇ ਸਿਰਜਕ ਦਾ ਸਾਹਿਬਜ਼ਾਦਾ ਨਿਰਭੈਅ ਸੀ। 'ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ' ਮਹਾਵਾਕ ਵੀ ਆਪ ਜੀ ਦੇ ਹਿਰਦੇ ਵਿਚ ਵਸਿਆ ਹੋਇਆ ਸੀ। ਆਪਣੇ ਆਪ ਨੂੰ ਖ਼ੁਦਾਪ੍ਰਸਤ ਹੋਣ ਦਾ ਭਰਮ ਪਾਲਣ ਵਾਲਾ ਅੱਤਿਆਚਾਰੀ ਮੁਗ਼ਲ ਹਾਕਮ ਔਰੰਗਜ਼ੇਬ ਇਹ ਨਹੀਂ ਸੀ ਜਾਣਦਾ ਕਿ ਅੱਤ ਅਤੇ ਖ਼ੁਦਾ ਦਾ ਵੈਰ ਹੁੰਦਾ ਹੈ। ਉਸ ਨੂੰ ਦੁਨਿਆਵੀ ਬਾਦਸ਼ਾਹ ਅਤੇ ਸੱਚੇ ਪਾਤਸ਼ਾਹ ਦੀ ਤਾਕਤ ਦੇ ਫ਼ਰਕ ਦਾ ਵੀ ਅੰਦਾਜ਼ਾ ਨਹੀਂ ਸੀ। ਬਾਦਸ਼ਾਹ ਦੇ ਸਿਰ 'ਤੇ ਸਜੇ ਤਾਜ 'ਤੇ ਮਜ਼ਲੂਮਾਂ ਦੇ ਖ਼ੂਨ ਦੇ ਛਿੱਟੇ ਸਨ। ਸੱਚੇ ਪਾਤਸ਼ਾਹ ਦੀ ਦਸਤਾਰ ਹੇਠ ਉਹ ਸੀਸ ਸੀ ਜਿਸ ਨੇ ਕਲਮ ਹੋਣ ਤੋਂ ਬਾਅਦ ਵੀ ਲੰਬਾ ਪੈਂਡਾ ਮਾਰ ਕੇ ਅਨੰਦਪੁਰ ਨਗਰੀ ਵਾਪਸ ਮੁੜ ਆਉਣਾ ਸੀ। ਗੁਰੂ ਘਰ ਦਾ ਅਨਿੰਨ ਸੇਵਕ ਭਾਈ ਜੈਤਾ (ਭਾਈ ਜੀਵਨ ਸਿੰਘ) ਸਖ਼ਤ ਪਹਿਰੇ ਦੇ ਬਾਵਜੂਦ ਗੁਰੂ ਜੀ ਦਾ ਦੁਸ਼ਾਲੇ ਵਿਚ ਲਪੇਟ ਕੇ ਕੀਰਤਪੁਰ ਸਾਹਿਬ ਪੁੱਜਣ ਵਿਚ ਕਾਮਯਾਬ ਹੁੰਦੇ ਹਨ। ਇਸ ਲੰਬੇ ਸਫ਼ਰ ਦੌਰਾਨ ਭਾਈ ਜੈਤਾ ਜੀ ਆਪਣੇ ਗੁਰੂ ਦੇ ਸੀਸ ਨਾਲ ਸੰਵਾਦ ਰਚਾਉਂਦੇ ਹਨ। ਸੀਸ ਉਨ੍ਹਾਂ ਨੂੰ ਲੱਖ-ਲੱਖ ਅਸੀਸਾਂ ਦਿੰਦਾ ਪ੍ਰਤੀਤ ਹੁੰਦਾ ਹੈ। ਬਾਲ ਗੁਰੂ ਗੋਬਿੰਦ ਰਾਏ, ਮਾਤਾ ਗੁਜਰੀ ਜੀ ਅਤੇ ਬਾਕੀ ਗੁਰੂ ਪਰਿਵਾਰ ਸੀਸ ਦੀ ਭੇਟ ਸਵੀਕਾਰ ਕਰਨ ਲਈ ਅਨੰਦਪੁਰ ਤੋਂ ਕੀਰਤਪੁਰ ਪੁੱਜਦੇ ਹਨ। ਭਾਈ ਜੈਤਾ ਜੀ ਸੀਸ ਗੋਬਿੰਦ ਰਾਏ ਦੀ ਝੋਲੀ ਪਾਉਂਦੇ ਹਨ। ਬਾਲਕ ਗੁਰੂ ਦੇ ਨੈਣਾਂ ਵਿਚ ਇਲਾਹੀ ਚਮਕ ਪੈਦਾ ਹੁੰਦੀ ਹੈ। ਭਾਈ ਜੈਤਾ ਨੂੰ ਛਾਤੀ ਨਾਲ ਲਾ ਕੇ ਉਹ ਆਪਣੇ ਮੁਖਾਰਬਿੰਦ 'ਚੋਂ 'ਰੰਗਰੇਟੇ ਗੁਰੂ ਕੇ ਬੇਟੇ' ਸ਼ਬਦ ਉਚਾਰਦੇ ਹਨ। ਭਾਈ ਜੈਤਾ ਜੀ ਧੰਨ ਹੋ ਜਾਂਦੇ ਹਨ। ਓਧਰ ਗੁਰੂ ਤੇਗ ਬਹਾਦਰ ਜੀ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਸੰਭਾਲ ਕੇ ਆਪਣੇ ਗ੍ਰਹਿ ਵਿਖੇ ਲੈ ਜਾਂਦਾ ਹੈ। ਹਰਲ-ਹਰਲ ਕਰਦੀ ਮੁਗਲ ਸੈਨਾ ਨੂੰ ਧੋਖਾ ਦੇਣ ਲਈ ਉਹ ਆਪਣੇ ਘਰ ਨੂੰ ਅਗਨੀ ਹਵਾਲੇ ਕਰ ਦਿੰਦਾ ਹੈ। ਇੱਟ- ਇੱਟ ਉਸਾਰੇ ਘਰ ਨੂੰ ਆਪਣੇ ਹੱਥੀਂ ਲਾਂਬੂ ਲਾਉਣ ਦੀ ਅਜਿਹੀ

ਮਹਾਨ ਘਟਨਾ ਇਤਿਹਾਸ 'ਚ ਹੋਰ ਕਿਧਰੇ ਨਹੀਂ ਲੱਭਦੀ। ਧੜ ਸਣੇ ਸੀਸ ਅਨੰਦਪੁਰ ਵਾਪਸ ਮੁੜਦਾ ਤਾਂ ਇਸ ਨਗਰੀ ਵਿਚ ਖ਼ਾਲਸਾ ਪੰਥ ਦੀ ਸਾਜਨਾ ਦਾ ਕੋਈ ਸੁਪਨਾ ਵੀ ਨਾ ਦੇਖਦਾ। ਇਸੇ ਸੀਸ ਤੋਂ ਪ੍ਰੇਰਿਤ ਹੋ ਕੇ ਹੀ ਪੰਜ ਪਿਆਰਿਆਂ ਨੇ ਆਪਣੇ ਸੀਸ ਗੁਰੂ ਗੋਬਿੰਦ ਸਿੰਘ ਨੂੰ ਅਰਪਿਤ ਕਰ ਕੇ ਕ੍ਰਾਂਤੀ ਦਾ ਅਸਲੋਂ ਨਵਾਂ ਇਤਿਹਾਸ ਸਿਰਜਿਆ ਸੀ। ਗੁਰੂ ਜੀ ਦਾ ਸੀਸ ਅਤੇ ਧੜ ਸੰਭਾਲ ਕੇ ਭਾਈ ਜੀਵਨ ਸਿੰਘ (ਭਾਈ ਜੈਤਾ) ਅਤੇ ਭਾਈ ਲੱਖੀ ਸ਼ਾਹ ਵਣਜਾਰਾ ਨੇ ਆਪਣਾ ਨਾਮ ਵੀ ਸੁਨਹਿਰੀ ਅੱਖਰਾਂ ਵਿਚ ਲਿਖਵਾ ਲਿਆ ਹੈ। ਅੱਜ ਭਾਈ ਲੱਖੀ ਸ਼ਾਹ ਦੇ ਘਰ (ਗੁਰਦੁਆਰਾ ਰਕਾਬ ਗੰਜ) ਵਿਖੇ ਨਾਨਕ ਨਾਮਲੇਵਾ ਨਤਮਸਤਕ ਹੁੰਦੇ ਹਨ ਤੇ ਸੀਸ ਨੂੰ ਸੰਭਾਲਣ ਵਾਲੇ ਭਾਈ ਜੀਵਨ ਸਿੰਘ ਅੱਗੇ ਸੀਸ ਝੁਕਾਉਂਦੇ ਹਨ।

5 ਸਤੰਬਰ

# ਲਹੂ ਭਿੱਜੀ ਤਵਾਰੀਖ

ਫ਼ਾਰਸੀ ਲਹਿਜ਼ੇ ’ਚ ਪੰਜ ਸ਼ੇਰਾਂ ਦੀ ਧਰਤੀ ਨੂੰ ਪੰਜਸ਼ੀਰ ਕਿਹਾ ਜਾਂਦਾ ਹੈ ਜਿੱਥੇ ਤਾਲਿਬਾਨ ਨੇ ਕਬਜ਼ਾ ਕਰਨ ਦਾ ਦਾਅਵਾ ਕੀਤਾ ਹੈ। ਪੰਜਸ਼ੀਰ ਸਮੇਤ ਅਫ਼ਗਾਨਿਸਤਾਨ ਤੇ ਇਸ ਦੇ ਆਸ-ਪਾਸ ਦੀਆਂ ਪਹਾੜੀਆਂ-ਵਾਦੀਆਂ ਨੂੰ ਅਜੇਤੂ ਮੰਨਿਆ ਜਾਂਦਾ ਰਿਹਾ ਹੈ। ਭਾਰਤ, ਖ਼ਾਸ ਤੌਰ ’ਤੇ ਪੰਜਾਬ ’ਤੇ ਹਮਲਾ ਕਰਨ ਵਾਲੇ ਵਿਦੇਸ਼ੀ ਧਾੜਵੀ ਇਸੇ ਰਸਤੇ ਆ ਕੇ ਹਿੰਦੁਸਤਾਨੀਆਂ ਨੂੰ ਲੁੱਟਦੇ ਤੇ ਕੁੱਟਦੇ ਆਏ ਹਨ। ਤਵਾਰੀਖ ਗਵਾਹ ਹੈ ਕਿ ਅਫ਼ਗਾਨਿਸਤਾਨ ’ਤੇ ਜਿਸ ਨੇ ਵੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੂੰ ਆਖ਼ਰ ਮੂੰਹ ਦੀ ਖਾਣੀ ਪਈ ਹੈ। ਸਾਮਰਾਜੀ ਬਰਤਾਨੀਆ ਨੇ 19ਵੀਂ ਸਦੀ ’ਚ ਓਰਕਜ਼ਈ ਅਫਗਾਨਾਂ, ਅਫ਼ਰੀਦੀ ਅਤੇ ਉੱਥੋਂ ਦੇ ਹੋਰ ਕਬੀਲਿਆਂ ’ਤੇ ਚੜ੍ਹਾਈ ਕਰਨ ਦੀ ਹਿਮਾਕਤ ਕੀਤੀ ਪਰ ਉੱਥੇ ਵਸਦੇ ਜਾਂਬਾਜ਼ ਲੋਕਾਂ ਨਾਲ ਟਕਰਾਉਣ ਤੋਂ ਬਾਅਦ ਉਨ੍ਹਾਂ ਨੂੰ ਭਾਂਜ ਮਿਲੀ। ਦੁਨੀਆ ਦੀ ਇਕਲੌਤੀ ਸਿੱਖ ਕੌਮ ਦੇ ਸਿਰਲੱਥ ਯੋਧਿਆਂ ਨੇ ਅਜੇਤੂ ਕਹੀ ਜਾਣ ਵਾਲੀ ਇਸ ਧਰਤੀ ’ਤੇ ਫਤਿਹ ਪਾ ਕੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਸੀ। ਅੱਜ ਤੋਂ ਸਵਾ ਕੁ ਸਦੀ (124 ਸਾਲ) ਪਹਿਲਾਂ ਬ੍ਰਿਟਿਸ਼ ਸਿੱਖ ਰੈਜੀਮੈਂਟ ਦੇ ਮਹਿਜ਼ 21 ਸੈਨਿਕਾਂ ਨੇ 12 ਸਤੰਬਰ 1897 ਨੂੰ ਸਾਰਾਗੜ੍ਹੀ ਕਿਲ੍ਹੇ ਦੀ ਰੱਖਿਆ ਕਰਦਿਆਂ ਆਪਣੇ ਤੱਤੇ ਖ਼ੂਨ ਨਾਲ ਅਜਿਹਾ ਇਤਿਹਾਸ ਲਿਖਿਆ ਜਿਸ ਦੀ ਦੁਨੀਆ ’ਚ ਕੋਈ ਹੋਰ ਮਿਸਾਲ ਨਹੀਂ ਮਿਲਦੀ। ਹਜ਼ਾਰਾਂ ਦੀ ਤਾਦਾਦ ’ਚ ਆਏ ਪਠਾਣ ਲਸ਼ਕਰ ਨੇ ਸਿੱਖ ਸੈਨਿਕਾ ਨੂੰ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਉਹ ਉਨ੍ਹਾਂ ਦੇ ਰਾਹ ’ਚੋਂ ਹਟ ਜਾਣ ਕਿਉਂਕਿ ਉਨ੍ਹਾਂ ਦੀ ਸਿੱਧੀ ਲੜਾਈ ਗੋਰਿਆਂ ਨਾਲ ਹੈ। ਇਨ੍ਹਾਂ ਸਿੱਖ ਯੋਧਿਆਂ ਨੇ ਪਠਾਣਾਂ ਵੱਲੋਂ ਦਿੱਤੀ ਗਈ ਚੇਤਾਵਨੀ ਦੀ ਪਰਵਾਹ ਨਾ ਕਰਦਿਆਂ ਆਪਣੇ ਕਰਤੱਵ ਨੂੰ ਅਹਿਮੀਅਤ ਦਿੱਤੀ। ਸਿੱਖ ਇਤਿਹਾਸ ਨੇ ਉਨ੍ਹਾਂ ਨੂੰ ਸਿਖਾਇਆ ਸੀ ਕਿ ਆਪਣੀ ਰੱਤ ਡੋਲ੍ਹ ਕੇ ਹੀ ਸੁਨਹਿਰੀ ਇਤਿਹਾਸ ਸਿਰਜਿਆ ਜਾ ਸਕਦਾ ਹੈ। ਪੂਰਨ ਗੁਰਸਿੱਖ ਫ਼ੌਜੀਆਂ ਦੇ ਮੁਖਾਰਬਿੰਦ ’ਤੇ ਕਬੀਰ ਸਾਹਿਬ ਦਾ ਸਲੋਕ ‘ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ’ ਬੁਦਬੁਦਾ ਰਿਹਾ ਸੀ। ਪਠਾਣਾਂ ਦੀ ਲਲਕਾਰ ਸੁਣ ਕੇ ਇਕ ਸਿੰਘ ਨੇ ਉੱਚੀ ਆਵਾਜ਼ ’ਚ ਜਵਾਬ ਦਿੱਤਾ, ‘ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥’ ਇਸ ਲਲਕਾਰ ਤੋਂ ਬਾਅਦ ਸਾਰਾਗੜ੍ਹੀ ਕਿਲ੍ਹੇ ਤੇ ਉਸ ਦੇ ਬਾਹਰ ਖ਼ੂਨ ਡੁੱਲ੍ਹਣਾ ਸੁਭਾਵਿਕ ਸੀ। ਸਾਰਾਗੜ੍ਹੀ ਦਰਅਸਲ ਸਮਾਨਾ ਰੇਂਜ ਸਥਿਤ ਕੋਹਾਟ ਜ਼ਿਲ੍ਹੇ ਦੇ ਸਰਹੱਦੀ ਇਲਾਕੇ ਦਾ ਅਦਨਾ ਜਿਹਾ ਪਿੰਡ ਸੀ ਜੋ ਯੁੱਧ ਦੇ ਪੈਂਤੜੇ ਤੋਂ ਬੇਹੱਦ ਅਹਿਮ ਸੀ। ਸਾਰਾਗੜ੍ਹੀ, ਲੋਕਹਾਟ ਤੇ ਗੁਲਿਸਤਾਂ ਕਿਲ੍ਹਿਆਂ ਦੇ ਦਰਮਿਆਨ ਤਾਮੀਰ ਕੀਤਾ ਗਿਆ ਸੀ। ਕਿਲ੍ਹਿਆਂ ਦੀ ਲੜੀ

ਦਰਅਸਲ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ 'ਚ ਤਾਮੀਰ ਕੀਤੀ ਗਈ ਸੀ। ਮਹਾਰਾਜੇ ਦੀ ਸੈਨਾ ਦੇ ਕਮਾਂਡਰ-ਇਨ-ਚੀਫ ਹਰੀ ਸਿੰਘ ਨਲੂਆ ਨੇ ਪੇਸ਼ਾਵਰ, ਪਖਤੂਨਖਵਾ ਤੇ ਸਰਹੱਦੀ ਪੱਟੀ ਦੇ ਅਫ਼ਗਾਨ ਇਲਾਕਿਆਂ 'ਚ ਆਪਣੀ ਤਾਕਤ ਦਾ ਲੋਹਾ ਮਨਵਾਇਆ ਹੋਇਆ ਸੀ। ਵਿਦੇਸ਼ੀ ਧਾੜਵੀਆਂ ਦੇ ਸ਼ਾਹ-ਮਾਰਗ ਦੱਰਾ ਖੈਬਰ ਨੂੰ ਨੱਕਾ ਲਾਉਣ ਵਾਲਾ ਵੀ ਨਲੂਆ ਹੀ ਸੀ। ਅਜੇਤੂ ਕਹੇ ਜਾਣ ਵਾਲੇ ਇਲਾਕਿਆਂ ਨੂੰ ਜਿੱਤ ਕੇ ਨਲੂਆ ਨੇ ਆਪਣੀ ਅਜਿਹੀ ਧਾਂਕ ਜਮਾ ਲਈ ਸੀ। ਉਸ ਦੇ ਮਰਨ ਤੋਂ ਕਈ ਸਾਲ ਬਾਅਦ ਵੀ ਅਫ਼ਗਾਨ ਔਰਤਾਂ ਆਪਣੇ ਰੋ ਰਹੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਨਲੂਆ ਦਾ ਡਰਾਵਾ ਦੇ ਕੇ ਕਹਿੰਦੀਆਂ, 'ਚੁੱਪ ਕਰ ਜਾ ਨਹੀਂ ਤਾਂ ਨਲੂਆ ਆ ਜਾਵੇਗਾ।' ਉਪਰੋਕਤ ਤਿੰਨ ਕਿਲ੍ਹਿਆਂ ਦੀ ਲੜੀ 'ਚ ਫੋਰਟ ਲੋਕਹਾਰਟ ਹਿੰਦੂਕਸ਼ ਪਹਾੜਾਂ ਦੀ ਸਮਾਨਾ ਰੇਂਜ ਅਤੇ ਗੁਲਿਸਤਾਂ, ਸੁਲੇਮਾਨ ਰੇਂਜ 'ਚ ਸਥਿਤ ਹਨ। ਅੰਗਰੇਜ਼ਾਂ ਨੇ ਆਪਣੀ ਵਿਸਥਾਰਵਾਦੀ ਨੀਤੀ ਤਹਿਤ ਸਾਰਾਗੜ੍ਹੀ ਕਿਲ੍ਹੇ ਦੀ ਰੱਖਿਆ ਦਾ ਜ਼ਿੰਮਾ ਸਿੱਖ ਰੈਜੀਮੈਂਟ ਨੂੰ 21 ਅਪ੍ਰੈਲ 1894 ਨੂੰ ਸੌਂਪਿਆ ਸੀ। ਸਾਰਾਗੜ੍ਹੀ ਪੋਸਟ ਪਹਾੜ ਦੀ ਸਿਖਰਲੀ ਚੱਟਾਨ 'ਤੇ ਬਣਾਈ ਗਈ ਸੀ ਜਿਸ ਦੀ ਰਾਖੀ ਚੱਟਾਨ ਵਰਗੇ ਮਜ਼ਬੂਤ ਦਿਲ ਵਾਲੇ ਲੋਕ ਹੀ ਕਰ ਸਕਦੇ ਸਨ। ਡਿਫੈਂਸ ਦੇ ਨੁਕਤਾ-ਨਿਗਾਹ ਤੋਂ ਸਾਰਾਗੜ੍ਹੀ ਨੂੰ 'ਲਾਸਟ-ਸਟੈਂਡ ਬੈਟਲ' ਮੰਨਿਆ ਜਾਂਦਾ ਹੈ। ਭਾਵ, ਅਜਿਹੀ ਪੋਸਟ ਜੋ ਚਾਰ-ਚੁਫੇਰਿਓਂ ਦੁਸ਼ਮਣਾਂ ਨਾਲ ਘਿਰੀ ਹੋਵੇ ਤੇ ਅਜਿਹੇ ਕਿਲ੍ਹੇ ਨੂੰ ਫਤਿਹ ਕਰਨ ਤੋਂ ਬਾਅਦ ਦੁਸ਼ਮਣ ਆਪਣੇ-ਆਪ ਨੂੰ ਜੇਤੂ ਸਮਝਦਾ ਹੈ। ਇਹ ਉਸੇ ਤਰ੍ਹਾਂ ਹੈ, ਜਿਵੇਂ ਪੰਜਸ਼ੀਰ ਦੇ ਕਬਜ਼ੇ ਤੋਂ ਬਾਅਦ ਹੁਣ ਤਾਲਿਬਾਨ ਮਹਿਸੂਸ ਕਰ ਰਹੇ ਹਨ। ਨਲੂਆ (1791-1837) ਤੋਂ ਬਾਅਦ ਗਿਣਤੀ ਦੇ ਸਿੱਖ ਫ਼ੌਜੀਆਂ ਨੇ ਆਪਣੇ ਖ਼ੂਨ ਦੀ ਆਖਰੀ ਬੂੰਦ ਤਕ ਪਠਾਣ ਲਸ਼ਕਰ ਦਾ ਮੁਕਾਬਲਾ ਕੀਤਾ ਸੀ। ਉਨ੍ਹਾਂ ਕੋਲ ਸੀਮਤ ਗੋਲਾ-ਬਾਰੂਦ ਸੀ ਜਿਸ ਦੇ ਮੁੱਕਣ ਤੋਂ ਬਾਅਦ ਉਹ ਬੰਦੂਕਾਂ ਅੱਗੇ ਸੰਗੀਨਾਂ ਗੱਡ ਕੇ ਦੁਸ਼ਮਣ ਨਾਲ ਮੁਕਾਬਲਾ ਕਰਦੇ ਰਹੇ। ਇਸ ਅਸਾਵੀਂ ਜੰਗ ਨੂੰ ਅੰਗਰੇਜ਼ ਅਫ਼ਸਰ ਨੇੜੇ ਦੇ ਲੋਕਹਾਰਟ ਤੇ ਗੁਲਸਿਤਾਂ ਕਿਲ੍ਹਿਆਂ ਤੋਂ ਹਸਰਤ ਭਰੀਆਂ ਨਿਗਾਹਾਂ ਨਾਲ ਵੇਖ ਰਹੇ ਸਨ। ਓਰਕਜ਼ਈ ਅਫ਼ਗਾਨਾਂ ਤੇ ਅਫ਼ਰੀਦੀ ਕਬੀਲੇ ਦੇ ਭਾਰੀ ਲਸ਼ਕਰ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਾ ਚੱਲੀ। ਕਿਲ੍ਹੇ ਦੀ ਸੁਰੱਖਿਆ ਵਿਚ ਖਾਮੀਆਂ ਦਾ ਲਾਹਾ ਲੈਂਦੇ ਹੋਏ ਪਠਾਣ ਹਮਲਾਵਰਾਂ ਨੇ ਕੰਧ 'ਚ ਪਾੜ ਪਾ ਕੇ ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰ ਲਿਆ। ਇਹ ਜੰਗੀ ਖ਼ਬਰ ਇੰਗਲੈਂਡ ਪੁੱਜੀ ਤਾਂ ਉਸ ਵੇਲੇ ਲੰਡਨ 'ਚ ਸੰਸਦ ਦਾ ਸੈਸ਼ਨ ਚੱਲ ਰਿਹਾ ਸੀ। ਬ੍ਰਿਟਿਸ਼ ਸੰਸਦ ਮੈਂਬਰਾਂ ਨੇ ਖੜ੍ਹੇ ਹੋ ਕੇ ਸ਼ਹਾਦਤ ਪਾ ਚੁੱਕੇ ਸਿੱਖ ਸੈਨਿਕਾਂ ਦਾ ਤਾੜੀਆਂ ਮਾਰ ਕੇ ਸਨਮਾਨ ਕੀਤਾ। ਇਸ ਲੜਾਈ ਨੂੰ ਦੁਨੀਆ ਦੇ ਸਭ ਤੋਂ ਵੱਡੇ 'ਲਾਸਟ ਸਟੈਂਡਜ਼' ਵਿਚ ਥਾਂ ਹਾਸਲ ਹੋਈ। ਲੰਡਨ ਗਜ਼ਟ ਨੇ ਸਹੀਦਾਂ ਦੇ ਸੋਹਲੇ ਗਾਉਂਦਿਆਂ ਲਿਖਿਆ ਹੈ 'ਸਮੁੱਚੇ ਬਰਤਾਨੀਆ ਅਤੇ ਭਾਰਤ ਨੂੰ 36 ਸਿੱਖ ਰੈਜੀਮੈਂਟ ਦੇ ਇਨ੍ਹਾਂ ਵੀਰ ਜਵਾਨਾਂ 'ਤੇ ਮਾਣ ਹੈ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਜਿਸ ਸੈਨਾ 'ਚ ਸਿੱਖ ਲੜ ਰਹੇ ਹੋਣ, ਉਸ ਨੂੰ ਕਦੇ ਹਰਾਇਆ ਨਹੀਂ ਜਾ ਸਕਦਾ।" ਮਹਾਰਾਣੀ ਵਿਕਟੋਰੀਆ ਨੇ ਇਨ੍ਹਾਂ ਸੈਨਿਕਾਂ ਨੂੰ ਇੰਡੀਅਨ ਆਰਡਰ ਆਫ ਮੈਰਿਟ (ਉਸ ਵੇਲੇ ਦਾ ਸਰਬਉੱਚ ਸੈਨਿਕ ਮੈਡਲ) ਦੇ ਕੇ

ਆਪਣੀ ਅਕੀਦਤ ਭੇਂਟ ਕੀਤੀ। ਅਫ਼ਸੋਸ! ਦਾਦ ਨਾਮ ਦੇ ਅਸੈਨਿਕ ਨੂੰ ਕੋਈ ਦਾਦ ਨਾ ਮਿਲੀ ਕਿਉਂਕਿ ਕਾਨੂੰਨ ਮੁਤਾਬਕ ਉਸ ਨੂੰ ਹਥਿਆਰ ਚੁੱਕਣ ਦੀ ਮਨਾਹੀ ਸੀ। ਇਹ ਗੱਲ ਵੱਖਰੀ ਹੈ ਕਿ ਦਾਦ ਨੇ 20 ਪਠਾਣਾਂ ਨੂੰ ਮੌਤ ਦੇ ਘਾਟ ਉਤਾਰ ਕੇ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਲਿਆ। ਅਕਸ਼ੈ ਕੁਮਾਰ ਦੀ ਫਿਲਮ 'ਕੇਸਰੀ' ਵਿਚ ਇਸ ਅਸਾਵੀਂ ਜੰਗ ਨੂੰ ਬਾਖ਼ੂਬੀ ਫਿਲਮਾਇਆ ਗਿਆ ਹੈ। ਦਰਅਸਲ, ਹਵਲਦਾਰ ਈਸ਼ਰ ਸਿੰਘ, ਸਿਗਨਲਮੈਨ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਦੇ ਖ਼ੂਨ 'ਚ ਹੀ ਸ਼ਹਾਦਤ ਦੇਣ ਦਾ ਸੰਕਲਪ ਸੀ ਜਿਸ ਨੂੰ ਪੂਰਾ ਕਰਦਿਆਂ ਉਨ੍ਹਾਂ ਦੇ ਚਿੱਤ-ਚੇਤੇ ਵੀ ਨਾ ਆਇਆ ਕਿ ਉਹ ਉਸ ਸਾਮਰਾਜੀ ਸ਼ਕਤੀ ਲਈ ਕੁਰਬਾਨ ਹੋ ਰਹੇ ਹਨ ਜਿਸ ਨੇ ਅੱਧੀ ਸਦੀ ਪਹਿਲਾਂ ਸਾਜ਼ਿਸ਼ਾਂ ਰਚ ਕੇ ਸਿੱਖ ਰਾਜ ਹੜੱਪ ਲਿਆ ਸੀ। ਮੌਤ ਦੇ ਸਨਮੁੱਖ ਵੀ ਉਨ੍ਹਾਂ ਨੇ ਪਠਾਣਾਂ ਨੂੰ ਪਸ਼ਤੋ ਵਿਚ ਪਿੱਛੇ ਹਟਣ ਤੋਂ ਕੋਰਾ ਇਨਕਾਰ ਕਰਦਿਆਂ ਕਿਹਾ ਸੀ ਕਿ ਇਹ ਅੰਗਰੇਜ਼ਾਂ ਦਾ ਨਹੀਂ ਬਲਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਲਾਕਾ ਹੈ ਜਿਸ ਨੂੰ ਉਹ ਕਦੇ ਖ਼ਾਲੀ ਨਹੀਂ ਕਰਨਗੇ। ਉਹ ਇਸ ਤੱਥ ਤੋਂ ਅਭਿੱਜ ਸਨ ਕਿ ਸ਼ੇਰ-ਏ-ਪੰਜਾਬ ਦੇ ਅੱਖਾਂ ਮੀਟਣ ਤੋਂ ਬਾਅਦ ਤਾਂ ਅੰਗਰੇਜ਼ਾਂ ਨੇ ਸਾਜ਼ਿਸ਼ਾਂ ਰਚ ਕੇ ਲਾਹੌਰ ਦਰਬਾਰ 'ਤੇ ਕਬਜ਼ਾ ਕਰ ਲਿਆ ਸੀ। ਡੋਗਰੇ ਸਰਦਾਰਾਂ ਨੇ ਦੋ ਐਂਗਲੋ-ਸਿੱਖ ਲੜਾਈਆਂ ਵਿਚ ਅੰਗਰੇਜ਼ਾਂ ਨਾਲ ਗੰਢ-ਤੁੱਪ ਕਰ ਕੇ ਜਾਂਬਾਜ਼ ਸਿੱਖ ਸੈਨਿਕਾਂ ਨੂੰ ਹਰਵਾਇਆ ਸੀ। ਜੰਮੂ ਦਾ ਰਾਜਾ ਗੁਲਾਬ ਸਿੰਘ ਵੀ ਅੰਗਰੇਜ਼ਾਂ ਨਾਲ ਮਿਲ ਕੇ ਲਾਹੌਰ ਦਰਬਾਰ ਵਿਰੁੱਧ ਸਾਜ਼ਿਸ਼ਾਂ ਘੜ ਰਿਹਾ ਸੀ। ਇਸੇ ਕਰ ਕੇ ਉਸ ਨੂੰ ਜੰਮੂ-ਕਸ਼ਮੀਰ ਦਾ ਰਾਜ ਤੋਹਫ਼ੇ ਵਜੋਂ ਮਿਲਿਆ ਸੀ। ਲਾਲ ਸਿੰਘ ਤੇ ਤੇਜਾ ਸਿੰਘ ਵਰਗਿਆਂ ਦੀ ਗਦਾਰੀ ਦਾ ਜ਼ਿਕਰ ਤਾਂ ਲੋਕ ਕਵੀ ਸ਼ਾਹ ਮੁਹੰਮਦ ਨੇ ਵੀ 'ਜੰਗਨਾਮਾ : ਹਿੰਦ ਤੇ ਪੰਜਾਬ ਦਾ' ਵਿਚ ਕਰੁਣਾਮਈ ਸ਼ੈਲੀ ਵਿਚ ਕੀਤਾ ਹੈ। ਇਸ ਤੋਂ ਪਹਿਲਾਂ ਤਾਂ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਵਿਚ ਵਿਨਾਸ਼ਕਾਰੀ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਿਆ ਸੀ। ਹਾਂ, ਪਹਿਲੇ ਐਂਗਲੋ-ਅਫ਼ਗਾਨ ਯੁੱਧ ਦੌਰਾਨ ਸ਼ੁਰੂ- ਸ਼ੁਰੂ 'ਚ ਗੋਰਿਆਂ ਦੇ ਹੱਥ ਕੁਝ ਸਫਲਤਾ ਜ਼ਰੂਰ ਲੱਗੀ ਸੀ। ਉਨ੍ਹਾਂ ਨੇ ਦੋਸਤ ਮੁਹੰਮਦ ਖਾਂ ਨੂੰ ਭਾਂਜ ਦੇ ਕੇ ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਹਾਕਮ ਬਣਾ ਦਿੱਤਾ ਸੀ। ਨਵੰਬਰ 1841 'ਚ ਅਫ਼ਗਾਨਾਂ ਨੇ ਦੋਸਤ ਮੁਹੰਮਦ ਖਾਂ ਦੇ ਪੁੱਤਰ ਦੀ ਅਗਵਾਈ ਹੇਠ ਵਿਦਰੋਹ ਕਰ ਦਿੱਤਾ। ਅੰਗਰੇਜ਼ ਇਸ ਵਿਦਰੋਹ ਨੂੰ ਦਬਾਉਣ 'ਚ ਅਸਫਲ ਰਹੇ। ਉਹ ਆਪਣੇ 16000 ਸੈਨਿਕ ਕਾਬੁਲ ਛੱਡ ਕੇ ਜਲਾਲਾਬਾਦ ਨੂੰ ਦੌੜ ਗਏ ਸਨ। ਪੰਜਾਬ 'ਤੇ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਖ਼ਿਲਾਫ਼ ਲੜਨ ਵਾਲੇ ਸਿੱਖ ਸੈਨਿਕ ਉਨ੍ਹਾਂ ਖ਼ਾਤਰ ਅਫ਼ਗਾਨੀਆਂ ਤਕ ਨਾਲ ਭਿੜਦੇ ਹੋਏ ਕੁਰਬਾਨੀਆਂ ਦੇ ਗਏ।

12 ਸਤੰਬਰ

# ਬੜੇ ਬੇਆਬਰੂ ਹੋ ਕਰ...

ਕਾਂਗਰਸ ਹਾਈਕਮਾਨ ਵੱਲੋਂ ਵਾਰ-ਵਾਰ ਅਪਮਾਨਿਤ ਮਹਿਸੂਸ ਕਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਪੰਜਾਬ ਦੀ ਸਿਆਸਤ ਵਿਚ ਨਵੇਂ ਸਮੀਕਰਨਾਂ ਲਈ ਰਾਹ ਪੱਧਰਾ ਕਰ ਦਿੱਤਾ ਹੈ। ਚਿਰਾਂ ਤੋਂ ਲਟਕ ਰਿਹਾ ਊਠ ਦਾ ਬੁੱਲ੍ਹ ਡਿੱਗਣ ਵਾਲੇ ਦਿਨਾਂ ਵਿਚ ਕਈ ਸਿਆਸੀ ਰੰਗ ਤਮਾਸ਼ੇ ਦ੍ਰਿਸ਼ਟੀਗੋਚਰ ਹੋਣਗੇ। ਬੀਤੀ ਅੱਧੀ ਰਾਤ ਵੇਲੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਟਵੀਟ ਰਾਹੀਂ ਪੰਜਾਬ ਕਾਂਗਰਸ ਭਵਨ ਵਿਚ ਪਾਰਟੀ ਵਿਧਾਇਕਾਂ ਦੀ ਸ਼ਾਮ ਪੰਜ ਵਜੇ ਮੀਟਿੰਗ ਸੱਦ ਕੇ ਕੈਪਟਨ ਦਾ ਤਖ਼ਤਾ ਪਲਟਣ ਦਾ ਸਪਸ਼ਟ ਸੰਕੇਤ ਦੇ ਦਿੱਤਾ ਸੀ। ਕੁਝ ਦਿਨ ਪਹਿਲਾਂ ਰਾਵਤ ਨੇ ਬਾਗ਼ੀ ਧੜੇ ਦੇ ਆਗੂਆਂ ਨੂੰ ਇਹ ਕਹਿ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਅਗਾਮੀ ਵਿਧਾਨ ਸਭਾ ਚੋਣਾਂ ਕੈਪਟਨ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ। ਇਸ ਤੋਂ ਬਾਅਦ ਬਾਗ਼ੀ ਧੜੇ ਨੇ ਤਿੱਖੇ ਤੇਵਰ ਦਿਖਾਏ ਤਾਂ ਰਾਵਤ ਨੇ ਹੱਥ ਖੜ੍ਹੇ ਕਰ ਦਿੱਤੇ ਸਨ। ਦੋ ਖੇਮਿਆਂ ਵਿਚ ਵੰਡੀ ਪੰਜਾਬ ਕਾਂਗਰਸ ਦੇ ਨੇਤਾ ਤੇ ਆਮ ਵਰਕਰ ਪਿਛਲੇ ਕਈ ਮਹੀਨਿਆਂ ਤੋਂ ਦੋ ਪੁੜਾਂ ਵਿਚ ਪਿਸਦੇ ਆ ਰਹੇ ਸਨ। ਨਵਜੋਤ ਸਿੰਘ ਸਿੱਧੂ ਦੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਕੀਤੀ ਤਾਜਪੋਸ਼ੀ ਤੋਂ ਬਾਅਦ ਕੈਪਟਨ ਦਾ ਸਿੰਘਾਸਣ ਡੋਲਣ ਲੱਗ ਪਿਆ ਸੀ। ਨੇਤਾ ਲੋਕ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਲੱਗੇ ਤਾਂ ਧੜੇਬੰਦੀ ਹੋਰ ਤੇਜ਼ ਹੋ ਗਈ। ਦੁਬਿਧਾ ਵਿਚ ਰਹਿਣ ਵਾਲੇ ਨੇਤਾਵਾਂ ਲਈ ਇਹ ਔਖੀ ਘੜੀ ਸੀ। ਉਹ ਕੈਪਟਨ ਤੇ ਸਿੱਧੂ ਦੋਨਾਂ ਨੂੰ ਖ਼ੁਸ਼ ਕਰਨ ਦੇ ਰੌਂਅ ਵਿਚ ਸਨ। ਨੌਕਰਸ਼ਾਹੀ ਹੋਰ ਵੀ ਭੰਬਲਭੂਸੇ ਵਿਚ ਸੀ। ਪੰਜਾਬ ਕਾਂਗਰਸ ਭਵਨ ਵਿਚ ਸੱਦੀ ਗਈ ਵਿਧਾਇਕਾਂ ਦੀ ਮੀਟਿੰਗ ਵਿਚ ਹੋਣ ਵਾਲੇ ਸੰਭਾਵਿਤ 'ਧਮਾਕੇ' ਤੋਂ ਪਹਿਲਾਂ ਹੀ ਕੈਪਟਨ ਨੇ ਰਾਜਪਾਲ ਨੂੰ ਅਸਤੀਫ਼ਾ ਦੇ ਦਿੱਤਾ। ਜਦੋਂ ਮੁੱਖ ਮੰਤਰੀ ਦਾ ਕਾਫ਼ਲਾ ਰਾਜ ਭਵਨ ਵੱਲ ਜਾ ਰਿਹਾ ਸੀ ਤਾਂ ਉਨ੍ਹਾਂ ਦੇ ਬਹੁਤੇ ਸਾਥੀਆਂ ਨੇ ਪੰਜਾਬ ਕਾਂਗਰਸ ਭਵਨ ਦਾ ਰਾਹ ਫੜ ਲਿਆ ਸੀ। ਸਪਸ਼ਟ ਸੀ ਕਿ ਔਖੇ ਵੇਲੇ ਸਾਇਆ ਵੀ ਸਾਥ ਛੱਡ ਜਾਂਦਾ ਹੈ। ਇਸ ਵੇਲੇ ਸੁਰਜੀਤ ਪਾਤਰ ਦਾ ਸ਼ਿਅਰ ਯਾਦ ਆ ਰਿਹਾ ਸੀ "ਰੇਤਾ ਉੱਤੋਂ ਪੈੜ ਮਿਟਦਿਆਂ ਫਿਰ ਵੀ ਕੁਝ ਚਿਰ ਲਗਦਾ ਹੈ। ਕਿੰਨੀ ਛੇਤੀ ਭੁੱਲ ਗਏ ਸਾਨੂੰ ਤੇਰੇ ਯਾਰ ਨਗਰ ਦੇ ਲੋਕ।" ਕੈਪਟਨ ਵੱਲੋਂ ਮੁੱਖ ਮੰਤਰੀ ਤੋਂ ਸਾਬਕਾ ਮੁੱਖ ਮੰਤਰੀ ਬਣਨ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲਣ ਤੋਂ ਬਾਅਦ ਵੱਖ ਵੱਖ ਸ਼ਹਿਰਾਂ/ਨਗਰਾਂ ਵਿਚ ਲੱਗੇ ਉਨ੍ਹਾਂ ਦੇ ਪੋਸਟਰ ਉਤਾਰ ਦਿੱਤੇ ਗਏ। ਪੰਜ ਕੁ ਸਾਲ ਪਹਿਲਾਂ ਇਨ੍ਹਾਂ ਕਾਂਗਰਸੀ ਨੇਤਾਵਾਂ ਨੇ ਖ਼ੁਦ ਵੱਡੇ-ਵੱਡੇ ਪੋਸਟਰ ਲਗਵਾਏ ਸਨ ਅਖੇ, "ਚਾਹੁੰਦਾ ਹੈ ਪੰਜਾਬ ਕੈਪਟਨ ਦੀ ਸਰਕਾਰ।" ਇਹ

ਸ਼ਾਇਦ ਇਨਸਾਨੀ ਫ਼ਿਤਰਤ ਹੈ ਕਿ ਉਹ ਲੋੜ ਵੇਲੇ ਗਿਰਗਟ ਤੋਂ ਵੀ ਪਹਿਲਾਂ ਰੰਗ ਬਦਲ ਲੈਂਦੇ ਹਨ। ਖ਼ੈਰ, ਸਾਲ ਕੁ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਜਨਤਕ ਤੌਰ ’ਤੇ ਐਲਾਨ ਕੀਤਾ ਸੀ ਕਿ ਉਸ ਦੇ ਕੈਪਟਨ ਤਾਂ ਰਾਹੁਲ ਗਾਂਧੀ ਹਨ। ਇਸ ਤੋਂ ਬਾਅਦ ਸਿੱਧੂ ਨੇ ਪ੍ਰਿਅੰਕਾ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਨਜ਼ਦੀਕੀਆਂ ਵਧਾ ਦਿੱਤੀਆਂ ਸਨ। ਕਹਿੰਦੇ ਹਨ ਕਿ ਰਿਸ਼ਤਿਆਂ ਦੇ ਗਣਿਤ ਨੂੰ ਸਮੇਂ ਸਿਰ ਨਾ ਸਮਝਿਆ ਜਾਵੇ ਤਾਂ ਆਖ਼ਰ ਇਸ ਦਾ ਖਮਿਆਜ਼ਾ ਭੁਗਤਣਾ ਪੈ ਜਾਂਦਾ ਹੈ। ਕੈਪਟਨ ਸਾਹਿਬ ਇਸ ਗ਼ਲਤਫਹਿਮੀ ਦਾ ਸ਼ਿਕਾਰ ਹੋ ਗਏ ਕਿ ਸੋਨੀਆ ਗਾਂਧੀ ਨਾਲ ਨੇੜਤਾ ਕਾਰਨ ਉਨ੍ਹਾਂ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਕੰਧ ’ਤੇ ਲਿਖਿਆ ਨਾ ਪੜ੍ਹ ਸਕਣ ਦੀ ਖ਼ਤਾ ਕਾਰਨ ਉਨ੍ਹਾਂ ਨੂੰ ਉਮਰ ਦੀ ਸੰਧਿਆ ਵੇਲੇ ਜ਼ਲਾਲਤ ਝੇਲਣੀ ਪਈ ਹੈ। ਰਾਜਪਾਲ ਨੂੰ ਅਸਤੀਫ਼ਾ ਦੇਣ ਪਿੱਛੋਂ ਕੈਪਟਨ ਨੇ ਕਿਹਾ ਕਿ ਪਿਛਲੇ ਦੋ ਮਹੀਨਿਆਂ ਵਿਚ ਵਿਧਾਇਕਾਂ ਸਮੇਤ ਉਨ੍ਹਾਂ ਨੂੰ ਦੋ ਵਾਰ ਦਿੱਲੀ ਤਲਬ ਕੀਤਾ ਗਿਆ ਸੀ ਅਤੇ ਸ਼ਨਿੱਚਰਵਾਰ ਨੂੰ ਫਿਰ ਚੰਡੀਗੜ੍ਹ ਵਿਚ ਬੁਲਾਇਆ ਗਿਆ ਸੀ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੇ ਸੋਨੀਆ ਗਾਂਧੀ ਨੂੰ ਸਵੇਰੇ ਫੋਨ ਕਰ ਕੇ ਕਹਿ ਦਿੱਤਾ ਸੀ ਕਿ ਉਹ ਅਜਿਹੀ ਜ਼ਲਾਲਤ ਹੋਰ ਨਹੀਂ ਸਹਿਣ ਕਰ ਸਕਦੇ। ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਬੇਬਸੀ ਦੱਸਦਿਆਂ ਕਿਹਾ, “ਸੌਰੀ ਅਮਰਿੰਦਰ, ਆਪ ਅਸਤੀਫ਼ਾ ਦੇ ਦੋ।” ਅਸਤੀਫ਼ਾ ਦੇਣ ਤੋਂ ਬਾਅਦ ਕੈਪਟਨ ਦੀ ਸਰੀਰਕ ਭਾਸ਼ਾ ਭਾਵੇਂ ਸਹਿਜ ਸੀ ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਕਿ ਉਹ ਇਕ ਫ਼ੌਜੀ ਹਨ ਤੇ ਉਹ ਸਿੱਧੂ ਖ਼ਿਲਾਫ਼ ਪਾਰਟੀ ਵਿਚ ਰਹਿ ਕੇ ਮੋਰਚਾ ਖੋਲ੍ਹ ਦੇਣਗੇ। ਆਪਣੇ ਪਹਿਲੇ ਬਿਆਨ ਵਿਚ ਉਨ੍ਹਾਂ ਨੇ ਸਿੱਧੂ ਨੂੰ ਕਾਂਗਰਸ ਅਤੇ ਦੇਸ਼ ਲਈ ਤਬਾਹਕੁੰਨ ਤਕ ਕਹਿ ਦਿੱਤਾ। ਉਨ੍ਹਾਂ ਕਿਹਾ ਕਿ ਜੇ ਸਿੱਧੂ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਗਿਆ ਤਾਂ ਉਹ ਬਰਦਾਸ਼ਤ ਨਹੀਂ ਕਰਨਗੇ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਵਿੱਖ ਲਈ ਉਨ੍ਹਾਂ ਦੇ ਸਿਆਸੀ ਰਾਹ ਖੁੱਲ੍ਹੇ ਹਨ। ਵਾਰ- ਵਾਰ ਸਵਾਲ ਕਰਨ ਦੇ ਬਾਵਜੂਦ ਕੈਪਟਨ ਨੇ ਆਪਣੇ ਪੱਤੇ ਨਹੀਂ ਖੋਲ੍ਹੇ। ਪਿਛਲੇ ਮਹੀਨੇ ਨਵਜੋਤ ਸਿੱਧੂ ਨੇ ਹਾਈਕਮਾਨ ਨੂੰ ਅੱਖਾਂ ਦਿਖਾਉਂਦੇ ਹੋਏ ਕਿਹਾ ਸੀ ਕਿ ਉਹ ‘ਦਰਸ਼ਨੀ ਘੋੜਾ’ ਬਣ ਕੇ ਨਹੀਂ ਰਹਿ ਸਕਦੇ ਅਤੇ ਜੇ ਤਾਕਤ ਨਾ ਮਿਲੀ ਤਾਂ ਉਹ ‘ਇੱਟ ਨਾਲ ਇੱਟ ਖੜਕਾ ਦੇਣਗੇ।’ ਉਸ ਵੇਲੇ ਕਿਸੇ ਨੂੰ ਭਿਣਕ ਤਕ ਨਾ ਪਈ ਕਿ ਇਹ ਧਮਕੀ ਹਾਈਕਮਾਨ ਤੋਂ ਵੱਧ ਕੈਪਟਨ ਨੂੰ ਸੀ। ਗਾਲਿਬ ਦੀਆਂ ਸਤਰਾਂ ਯਾਦ ਆ ਰਹੀਆਂ ਹਨ, “ਨਿਕਲਨਾ ਖੁਲਦ (ਬਹਿਸਤ) ਸੇ ਆਦਮ ਕਾ ਸੁਨਤੇ ਆਏ ਥੇ ਲੇਕਿਨ/ ਬੜੇ ਬੇਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ।” ਸ਼ਾਹ ਮੁਹੰਮਦ ਨੇ ਵੀ ਫੁਰਮਾਇਆ ਹੈ, “ਅੱਵਲ ਹਮਦ ਜਨਾਬ ਅੱਲਾਹ ਦੀ ਨੂੰ/ ਜਿਹੜਾ ਕੁਦਰਤੀ ਖੇਲ ਬਣਾਂਵਦਾ ਈ/ ਸਫਾਂ ਪਿਛਲੀਆਂ ਸਭ ਲਪੇਟ ਲੈਂਦਾ/ਅੱਗੋਂ ਹੋਰ ਹੀ ਹੋਰ ਵਿਛਾਂਵਦਾ ਈ/ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।” ਕੈਪਟਨ ਅਮਰਿੰਦਰ ਸਿੰਘ ਜੇ ਆਪਣੀ ਪਾਰਟੀ ਦੇ ਨੇਤਾਵਾਂ, ਖਾਸ ਤੌਰ ’ਤੇ ਵਿਧਾਇਕਾਂ ਨੂੰ ਵੀ ਮਿਲਦੇ ਰਹਿੰਦੇ ਤਾਂ ਉਨ੍ਹਾਂ ਨੂੰ ਅੱਜ ਵਾਲੇ ਦਿਨ ਨਾ ਵੇਖਣੇ ਪੈਂਦੇ। ਉਹ ਭੁੱਲ ਚੁੱਕੇ ਸਨ ਕਿ ਉਹ ਮਹਾਰਾਜਾ ਨਹੀਂ ਸਗੋਂ ਲੋਕਾਂ ਦੇ ਨੁਮਾਇੰਦੇ ਹਨ। ਪੁਰਖਲੂਸ ਹੋਣ ਦੇ ਬਾਵਜੂਦ ਉਨ੍ਹਾਂ ਦੀ ਜੀਵਨ-ਸ਼ੈਲੀ ਨੇ ਆਪਣਿਆਂ ਨੂੰ ਵੀ

ਬਿਗਾਨੇ ਬਣਾ ਦਿੱਤਾ। ਜੇ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ ਵੋਟਰਾਂ ਨਾਲ ਕੀਤੇ ਵਾਅਦੇ ਵੀ ਵਫ਼ਾ ਕੀਤੇ ਹੁੰਦੇ ਤਾਂ ਨਵਜੋਤ ਸਿੱਧੂ ਉਨ੍ਹਾਂ ਨੂੰ ਠਿੱਬੀ ਨਾ ਮਾਰ ਸਕਦੇ। ਘਰ-ਘਰ ਨੌਕਰੀ ਦੇਣ ਦੀ ਬਜਾਏ ਉਹ ਆਪਣੇ ਵਿਧਾਇਕਾਂ ਦੇ ਪੁੱਤਰਾਂ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਨੂੰ ਤਰਜੀਹ ਦੇਣ ਲੱਗੇ। ਆਖ਼ਰੀ ਨੌਕਰੀ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਕਰੋੜਾਂਪਤੀ ਜਵਾਈ ਨੂੰ ਮਿਲੀ ਸੀ। ਬੇਰੁਜ਼ਗਾਰ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹੇ ਰਹੇ। ਗੁਟਕਾ ਸਾਹਿਬ ਦੀ ਸਹੁੰ ਚੁੱਕਣ ਦੇ ਬਾਵਜੂਦ ਨਸ਼ਾ-ਪੱਤਾ ਪਹਿਲਾਂ ਦੀ ਤਰ੍ਹਾਂ ਵਿਕਦਾ ਰਿਹਾ। ਸਿਆਸੀ ਵਰੋਲੇ ਉੱਡਦੇ ਰਹੇ ਪਰ ਕੈਪਟਨ ਸਾਹਿਬ ਨੇ ਉਨ੍ਹਾਂ ਦੀ ਪਰਵਾਹ ਨਾ ਕੀਤੀ। ਇਸੇ ਲਈ ਹਬੀਬ ਵੀ ਉਨ੍ਹਾਂ ਦੇ ਰਕੀਬ ਬਣ ਗਏ।

19 ਸਤੰਬਰ

# ਸੱਚ ਦੇ ਆਰ-ਪਾਰ

19 ਸਾਲ ਪੁਰਾਣੇ ਬਹੁ-ਚਰਚਿਤ ਰਣਜੀਤ ਸਿੰਘ ਹੱਤਿਆਕਾਂਡ ਦੇ ਮਾਮਲੇ ਵਿਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਰਿਆਣਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਤੋਂ ਬਾਅਦ 'ਕਾਨੂੰਨ ਦੇ ਲੰਬੇ ਹੱਥ' ਹੋਣ ਦੇ ਦਾਅਵਿਆਂ 'ਤੇ ਮੋਹਰ ਲੱਗੀ ਹੈ। ਲੋਕ ਵਿਸ਼ਵਾਸ ਅਨੁਸਾਰ ਬੇਗੁਨਾਹ ਦਾ ਡੁੱਲ੍ਹਿਆ ਖ਼ੂਨ ਗੁਨਾਹਗਾਰਾਂ ਨੂੰ ਚੈਨ ਦੀ ਨੀਂਦ ਸੌਣ ਨਹੀਂ ਦਿੰਦਾ। ਪੁਰਾਣੇ ਲੋਕ ਕਿਹਾ ਕਰਦੇ ਸਨ ਕਿ ਭਲੇ ਜ਼ਮਾਨੇ ਵਿਚ ਕਿਸੇ ਨਿਰਦੋਸ਼ ਦੇ ਕਤਲ ਤੋਂ ਬਾਅਦ ਲਾਲ ਹਨੇਰੀ ਝੁੱਲਿਆ ਕਰਦੀ ਸੀ ਜਿਸ ਨਾਲ ਆਲੇ-ਦੁਆਲੇ ਦਾ ਵੀ ਭਾਰੀ ਨੁਕਸਾਨ ਹੋ ਜਾਂਦਾ ਸੀ। ਡੇਰਾ ਸੱਚਾ ਸੌਦਾ ਦੇ ਹੀ ਪ੍ਰਬੰਧਕ ਰਹੇ ਰਣਜੀਤ ਸਿੰਘ ਦੇ ਕਤਲ ਤੋਂ ਬਾਅਦ ਵੀ ਅਜਿਹਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਮਾਮਲੇ ਵਿਚ ਡੇਰਾ ਮੁਖੀ ਤੋਂ ਇਲਾਵਾ ਚਾਰ ਹੋਰਨਾਂ ਨੂੰ ਵੀ ਦੋਸ਼ੀ ਗਰਦਾਨਿਆ ਗਿਆ ਹੈ। ਰਿਪੋਰਟਾਂ ਮੁਤਾਬਕ ਫ਼ੈਸਲਾ ਸੁਣਨ ਤੋਂ ਬਾਅਦ ਹਰਿਆਣਾ ਦੀ ਸੁਨਾਰੀਆ ਜੇਲ੍ਹ ਦੀਆਂ ਸਲਾਖਾਂ ਪਿੱਛੇ ਦਿਨ ਕਟੀ ਕਰ ਰਹੇ ਰਾਮ ਰਹੀਮ ਦੀਆਂ ਅੱਖਾਂ ਨਮ ਸਨ। ਡੇਰੇ ਦੇ ਅਖ਼ਬਾਰ 'ਸੱਚ ਕਹੂੰ' ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ 'ਆਦਿ-ਜੁਗਾਦਿ ਤੋਂ ਸੰਤ ਮਹਾਪੁਰਸ਼ਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ... ਕਿਸੇ ਵੀ ਦਰਖਤ ਨੂੰ ਛਾਂਗਣ ਨਾਲ ਉਸ ਦੀਆਂ ਟਹਿਣੀਆਂ ਹੋਰ ਵਧਦੀਆਂ ਹਨ... ਕੋਈ ਵੀ ਤਾਕਤ ਡੇਰਾ ਸੱਚਾ ਸੌਦਾ ਦੀ ਚਮਕ ਫਿੱਕੀ ਨਹੀਂ ਪਾ ਸਕਦੀ...ਝੂਠ ਦੇ ਬੱਦਲ ਚੰਨ ਨੂੰ ਕੁਝ ਸਮੇਂ ਲਈ ਲੁਕੋ ਸਕਦੇ ਹਨ, ਸਦਾ ਲਈ ਨਹੀਂ... ਕਾਲੀ ਰਾਤ ਤੋਂ ਬਾਅਦ ਚਾਨਣੀ ਰਾਤ ਜ਼ਰੂਰ ਆਉਂਦੀ ਹੈ।" ਡੇਰੇ ਦੀ ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਇਸ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਦਾ ਫ਼ੈਸਲਾ ਕੀਤਾ ਹੈ। ਦਰਅਸਲ, ਇਹ ਤੀਸਰੀ ਵਾਰ ਹੈ ਕਿ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਕ ਸਮਾਂ ਸੀ ਜਦੋਂ ਲੱਖਾਂ ਡੇਰਾ ਸ਼ਰਧਾਲੂ ਰਾਮ ਰਹੀਮ ਅੱਗੇ ਹੱਥ ਜੋੜੀ ਖੜ੍ਹੇ ਰਹਿੰਦੇ ਸਨ। ਸ਼ੁੱਕਰਵਾਰ ਵਾਲੇ ਦਿਨ ਸੁਨਾਰੀਆ ਜੇਲ੍ਹ ਦੇ ਵੱਖਰੇ ਕਮਰੇ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਡੇਰਾ ਮੁਖੀ ਨੇ ਪੇਸ਼ੀ ਭੁਗਤੀ ਤਾਂ ਆਜ਼ਜ਼ੀ ਵਿਚ ਉਸ ਨੇ ਜੱਜ ਅੱਗੇ ਖ਼ੁਦ ਹੱਥ ਜੋੜੇ ਹੋਏ ਸਨ। ਫ਼ੈਸਲੇ ਤੋਂ ਡੇਰਾ ਮੁਖੀ ਦਾ ਮਾਯੂਸ ਹੋਣਾ ਕੁਦਰਤੀ ਗੱਲ ਸੀ। ਵਿਧਾਨ ਸਭਾ ਚੋਣਾਂ ਹੋਣ ਜਾਂ ਲੋਕ ਸਭਾ, ਡੇਰਾ ਸੱਚਾ ਸੌਦਾ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ ਅਤੇ ਹਾਰ ਯਕੀਨੀ ਬਣਾਉਣ ਦੇ ਸਮਰੱਥ ਸੀ। ਇਸੇ ਲਈ ਹਰ ਸਿਆਸੀ ਪਾਰਟੀ ਦੇ ਵੱਡੇ ਤੋਂ ਵੱਡੇ ਨੇਤਾ ਡੇਰਾ ਸੱਚਾ ਸੌਦਾ ਵਿਖੇ ਨਤਮਸਤਕ ਹੋਣ ਲਈ ਜਾਇਆ ਕਰਦੇ ਸਨ। ਉੱਤਰੀ ਭਾਰਤ ਦੇ ਸੂਬਿਆਂ ਵਿਚ ਡੇਰੇ ਦੀ ਤੂਤੀ ਬੋਲਦੀ ਸੀ। 'ਅਸ਼ੀਰਵਾਦ' ਲੈਣ ਵਾਲਿਆਂ ਵਿਚ ਉਨ੍ਹਾਂ ਸਿਆਸੀ ਧਿਰਾਂ ਦੇ ਨੇਤਾਗਣ

ਵੀ ਸ਼ਾਮਲ ਸਨ ਜਿਨ੍ਹਾਂ ਨੇ ਅੱਜ-ਕੱਲ੍ਹ ਬਾਬੇ ਖ਼ਿਲਾਫ਼ ਝੰਡਾ ਚੁੱਕਿਆ ਹੋਇਆ ਹੈ। ਡੇਰਾ ਮੁਖੀ ਨੂੰ ਅਰਸ਼ ਤੋਂ ਫਰਸ਼ 'ਤੇ ਲਿਆਉਣ ਵਾਲੀ ਇਕ ਗੁੰਮਨਾਮ ਚਿੱਠੀ ਹੈ ਜੋ ਇਕ 'ਸਾਧੂ ਲੜਕੀ' ਨੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਲਿਖੀ ਸੀ। ਇਸ ਗੁੰਮਨਾਮ ਪੱਤਰ ਵਿਚ ਡੇਰੇ ਵਿਚ ਰਹਿਣ ਵਾਲੀ ਪੰਜਾਬੀ ਸਾਧਵੀ ਨੇ ਗੁਰਮੀਤ ਰਾਮ ਰਹੀਮ ਖ਼ਿਲਾਫ਼ ਸੈਂਕੜੇ ਕੁੜੀਆਂ ਦੇ ਸਰੀਰਕ ਸ਼ੋਸ਼ਣ ਦੇ ਦੋਸ਼ ਲਗਾਏ ਸਨ। ਇਨ੍ਹਾਂ ਸੰਗੀਨ ਦੋਸ਼ਾਂ ਨੇ ਡੇਰੇ ਨੂੰ ਗ੍ਰਹਿਣ ਲਗਾ ਦਿੱਤਾ ਜਿਸ ਨੇ 'ਨੇਤਰ ਦਾਨ', 'ਖ਼ੂਨ ਦਾਨ', 'ਅੰਗ ਦਾਨ' ਅਤੇ ਗ਼ਰੀਬ ਕੁੜੀਆਂ ਦੇ ਸਮੂਹਿਕ ਵਿਆਹ ਵਰਗੇ 135 ਮਾਨਵਤਾ ਦੇ ਕਲਿਆਣ ਦੇ ਪ੍ਰੋਗਰਾਮ ਵਿੱਢ ਕੇ ਕਈ ਵਿਸ਼ਵ ਰਿਕਾਰਡ ਬਣਾਏ ਸਨ। ਸਮਾਜ ਭਲਾਈ ਦੇ ਵਿਸ਼ਵ-ਪੱਧਰੀ ਕਾਰਜਾਂ ਕਰਕੇ ਲੱਖਾਂ ਹਾਸ਼ੀਆਗਤ ਲੋਕ ਡੇਰੇ ਦੇ ਪੈਰੋਕਾਰ ਬਣ ਗਏ ਸਨ। ਪ੍ਰੇਮੀਆਂ ਦੀਆਂ ਵੋਟਾਂ ਸ਼ਕਤੀਸ਼ਾਲੀ ਨੇਤਾਵਾਂ ਦੇ ਝੰਡੇ ਝੁਕਾ ਦਿੰਦੀਆਂ ਤੇ ਕਈਆਂ ਦੇ ਝੰਡੇ ਬੁਲੰਦ ਕਰ ਦਿੰਦੀਆਂ। ਵੇਖਦਿਆਂ ਹੀ ਵੇਖਦਿਆਂ ਡੇਰਾ ਸਿਆਸਤਦਾਨਾਂ ਦਾ 'ਮੱਕਾ' ਬਣ ਗਿਆ ਸੀ। ਡੇਰੇ ਕੋਲ ਅਥਾਹ ਸ਼ਕਤੀ ਆ ਗਈ। ਇਸ ਵੱਲੋਂ ਕੀਤੇ ਜਾਂਦੇ ਕਲਿਆਣਕਾਰੀ ਕਾਰਜਾਂ ਦੀ ਚਰਚਾ ਖ਼ੂਬ ਹੁੰਦੀ। ਇਸ ਦੇ ਅੰਦਰ ਹੋਰ ਕੀ ਰਿੱਝ-ਪੱਕ ਰਿਹਾ ਹੈ, ਉਸ ਦੀ ਬਾਹਰ ਕਨਸੋਅ ਤਕ ਨਾ ਆਉਂਦੀ। ਕੋਈ ਡੇਰੇ ਜਾਂ ਇਸ ਦੇ ਮੁਖੀ ਖ਼ਿਲਾਫ਼ ਚੂੰ ਤਕ ਕਰਨ ਦਾ ਹੀਆ ਨਾ ਕਰਦਾ। ਗੁੰਮਨਾਮ ਸਾਧਵੀ ਦੀ ਚਿੱਠੀ ਦੀ ਇਬਾਰਤ ਪੜ੍ਹਦਿਆਂ ਇਹ ਖ਼ੌਫ਼ ਸਮਝ ਆਉਂਦਾ ਹੈ। ਰਣਜੀਤ ਸਿੰਘ ਹੱਤਿਆਕਾਂਡ ਮਾਮਲੇ ਵਿਚ ਮੁੱਖ ਗਵਾਹ ਤੇ ਡੇਰਾ ਮੁਖੀ ਦੇ ਡਰਾਈਵਰ ਰਹੇ ਖੱਟਾ ਸਿੰਘ ਨੇ ਫ਼ੈਸਲਾ ਆਉਣ ਤੋਂ ਬਾਅਦ ਕਿਹਾ ਹੈ ਕਿ 'ਰਾਮ ਰਹੀਮ ਨੇ ਆਪਣੇ ਕਰਮਾਂ ਦਾ ਫ਼ਲ ਪਾ ਲਿਆ ਹੈ।' ਸੱਚ ਦੀ ਪਟਾਰੀ 'ਚੋਂ ਅਜੇ ਕਈ ਕੁਝ ਹੋਰ ਨਿਕਲਣ ਵਾਲਾ ਹੈ ਜੋ ਡੇਰਾ ਮੁਖੀ ਨੂੰ ਡਸਦਾ ਰਹੇਗਾ। ਡੇਰਾ ਮੁਖੀ ਨੇ ਰੱਬ ਦਾ ਦੂਤ ਹੋਣ ਦਾ ਭਰਮ ਪਾਲ ਲਿਆ ਸੀ। ਉਹ ਸੱਚਾ ਸੌਦਾ ਕਰਨ ਦੀ ਗੱਲ ਕਰਦਾ ਸੀ। ਦਰਅਸਲ, ਪੰਜ ਸੌ ਸਾਲ ਪਹਿਲਾਂ ਜਗਤ ਗੁਰੂ ਨੇ ਸੱਚਾ ਸੌਦਾ ਕੀਤਾ ਜਿਸ ਦੀ ਝਲਕ ਅੱਜ ਵੀ ਗੁਰੂ ਤੇ ਅਤੁੱਟ ਲੰਗਰਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਤਲਵੰਡੀ (ਹੁਣ ਨਨਕਾਣਾ ਸਾਹਿਬ) ਤੋਂ ਕੁਝ ਕਿਲੋਮੀਟਰ ਦੂਰ ਸਥਿਤ ਗੁਰਦੁਆਰਾ ਸੱਚਾ ਸੌਦਾ ਇਸ ਮਾਣਮੱਤੇ ਇਤਿਹਾਸ ਨੂੰ ਆਪਣੀ ਬੁੱਕਲ ਵਿਚ ਅੱਜ ਵੀ ਸਮੋਈ ਬੈਠਾ ਹੈ। ਪਿਤਾ ਮਹਿਤਾ ਕਾਲੂ ਵੱਲੋਂ ਵਪਾਰ ਲਈ ਦਿੱਤੇ ਵੀਹ ਰੁਪਿਆਂ ਦਾ ਲੰਗਰ ਭੁੱਖੇ ਸਾਧੂਆਂ ਨੂੰ ਛਕਾ ਕੇ ਬਾਬੇ ਨੇ ਸੱਚਾ ਸੌਦਾ ਕੀਤਾ ਸੀ। ਇਸ ਦੀ ਰੀਸ ਕਦਾਚਿਤ ਨਹੀਂ ਕੀਤੀ ਜਾ ਸਕਦੀ। ਸੱਚੇ ਸੌਦੇ ਦੇ ਨਾਮ 'ਤੇ ਖੋਟਾ ਸੌਦਾ ਨਹੀਂ ਕੀਤਾ ਜਾ ਸਕਦਾ। ਡੇਰਾ ਸਿਰਸਾ ਮੁਖੀ ਨੇ ਆਪਣਾ ਨਾਮ ਗੁਰਮੀਤ ਰਾਮ ਰਹੀਮ ਸਿੰਘ ਰੱਖ ਕੇ ਸਰਬ-ਸਾਂਝਾ ਹੋਣ ਦਾ ਵੀ ਢੌਂਗ ਰਚਿਆ ਸੀ। ਲੋਕ ਮਨਾਂ ਵਿਚ ਤਾਂ ਨਾਨਕ ਜਗਤ ਗੁਰੂ ਬਣ ਕੇ ਉੱਭਰਿਆ ਸੀ। ਇਸੇ ਲਈ ਕਿਹਾ ਜਾਂਦਾ ਹੈ, " ਬਾਬਾ ਨਾਨਕ ਸ਼ਾਹ ਫ਼ਕੀਰ/ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।" ਡਾ. ਮੁਹੰਮਦ ਇਕਬਾਲ ਨਾਨਕ ਦੇ ਉਪਦੇਸ਼ਾਂ ਵਿਚ ਤੌਹੀਦ ਦੀ ਆਵਾਜ਼ ਸੁਣਦਾ ਹੈ, "ਫਿਰ ਉਠੀ ਆਖ਼ਿਰ ਸਦਾ, ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਯਾ ਖ਼ਾਬ ਸੇ।" ਅੱਜ ਤਕ ਕਿਸੇ ਵੀ ਮਹਾਪੁਰਸ਼ ਬਾਰੇ ਇਸ ਤਰ੍ਹਾਂ ਦੀ ਸਰਬ-ਪ੍ਰਵਾਨਗੀ ਨਹੀਂ ਹੈ। ਸਿੱਖ ਇਤਿਹਾਸਕਾਰ

ਕਹਿੰਦੇ ਹਨ ਕਿ ਬਾਬਾ ਨਾਨਕ ਵੀ ਅਲੋਕਾਰੀ ਨਿਰੰਕਾਰੀ ਯਾਤਰੀ ਸੀ ਜੋ ਮੱਕੇ-ਮਦੀਨੇ, ਜਗਨ ਨਾਥ ਅਤੇ ਹਰਿਦੁਆਰ ਵੀ ਪਹੁੰਚ ਗਿਆ ਸੀ। ਲੋਕਧਾਰਾ ਵਿਚ ਵੀ ਜ਼ਿਕਰ ਆਉਂਦਾ ਹੈ, 'ਬਾਬੇ ਨਾਨਕ ਜੇਡ ਗੁਰੂ ਨਾ ਕੋਈ, ਜਿਨਿ ਹਰਿ ਕਾ ਨਾਮ ਪਛਾਤਾ/ ਦੁਨੀਆ ਮਾਣ ਕਰਦੀ, ਰੱਬ ਸਭਨਾ ਦਾ ਦਾਤਾ।" ਸੱਚਾ ਸੌਦਾ ਕਰਨ ਵਾਲੇ ਬਾਬੇ ਨਾਨਕ ਨੂੰ ਹਰ ਧਰਮ ਦਾ ਪੈਰੋਕਾਰ ਜਗਤ ਗੁਰੂ ਮੰਨਦਾ ਹੈ। ਸੱਚਾ ਸੌਦਾ ਕਰਨ ਵਾਲੇ ਨੂੰ ਕਦੇ ਆਂਚ ਨਹੀਂ ਆਉਂਦੀ। ਉਸ ਦੇ ਨਾਮ ਨੂੰ ਕਦੇ ਵੱਟਾ ਨਹੀਂ ਲੱਗਦਾ। ਇਹੀ ਗਾਡੀ ਰਾਹ ਹੈ। ਖ਼ਰਾ ਸੌਦਾ, 'ਤੇਰਾ ਤੇਰਾ' ਵਾਲਾ ਮਾਰਗ ਹੈ। ਇਸ ਨੂੰ ਵਪਾਰ ਸਮਝ ਕੇ ਕੁਰਾਹੇ ਪੈਣ ਵਾਲਿਆਂ ਦੇ ਪੱਲੇ ਆਖ਼ਰ ਨਿਰਾਸ਼ਾ ਹੀ ਪੈਂਦੀ ਹੈ। ਪੰਜਵੇਂ ਪਾਤਸ਼ਾਹ ਦਾ ਮਹਾਵਾਕ ਹੈ, "ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨੁ ॥" ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਡੇਰਾ ਮੁਖੀ ਨੂੰ ਇਹ ਚਾਨਣਾ ਅਵੱਸ਼ ਹੋ ਗਿਆ ਹੋਵੇਗਾ।

10 ਅਕਤੂਬਰ

# ਬਾਣੀ, ਬਾਣਾ ਤੇ ਬੇਅਦਬੀ

ਪੰਜਾਬ ਦੀ ਸੋਨ-ਵੰਨੀ ਲੋਕਧਾਰਾ ਵਿਚ ਨਿਹੰਗ ਸਿੰਘਾਂ ਦਾ ਜ਼ਿਕਰ ਅੰਬਰ 'ਤੇ ਲਿਖੀ ਤਾਰਿਆਂ ਦੀ ਇਬਾਰਤ ਵਰਗਾ ਲੱਗਦਾ ਹੈ। ਇਕ ਸਮਾਂ ਸੀ ਜਦੋਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਦਾ ਦੀਦਾਰ ਹੋਣ 'ਤੇ ਲੋਕ ਕਿਹਾ ਕਰਦੇ ਸਨ, "ਆਏ ਨੀ ਨਿਹੰਗ, ਬੂਹਾ ਖੋਲ੍ਹ ਦੇ ਨਿਸ਼ੰਗ।" ਨੀਲਾ ਬਾਣਾ ਪਾਈ ਉੱਚ-ਦੁਮਾਲੜੇ ਵਾਲੇ ਸਿੰਘ-ਸੂਰਮੇ ਜਿੱਥੇ-ਕਿਤੇ ਛਾਉਣੀ ਪਾ ਲੈਂਦੇ, ਵਿਦੇਸ਼ੀ ਧਾੜਵੀ ਉਸ ਦੇ ਨੇੜੇ ਨਾ ਫਟਕਦੇ। ਅੱਜ ਕੁਝ ਅਖੌਤੀ ਨਿਹੰਗ ਨੀਲੇ ਬਾਣੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਮੀਰ ਸਿੱਖ ਵਿਰਸੇ ਤੋਂ ਕੋਰੇ ਕੁਝ ਨਕਲੀ ਨਿਹੰਗ ਵਹਿਸ਼ਤ ਤੇ ਦਹਿਸ਼ਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਨ ਜਿਸ ਕਰਕੇ 'ਹੈਵਾਨ' ਸ਼ਬਦ ਵੀ ਬੌਣਾ ਲੱਗਦਾ ਹੈ। ਦਿੱਲੀ ਦੀਆਂ ਬਰੂਹਾਂ ਮੱਲੀ ਬੈਠੇ 'ਮੋਇਆਂ ਦੀ ਮੰਡੀ' ਨਾਲ ਸਬੰਧਤ ਜਥੇ ਦੇ ਦੋ 'ਨਿਹੰਗਾਂ' ਨੇ ਅਜਿਹਾ ਕਰੂਰਤਾ ਭਰਿਆ ਕਾਰਾ ਕੀਤਾ ਜਿਸ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਸਿੰਘੂ ਬਾਰਡਰ 'ਤੇ ਅੰਦੋਲਨਕਾਰੀ ਕਿਸਾਨ ਜਥੇਬੰਦੀਆਂ ਦੇ ਨੇੜੇ ਤੰਬੂ ਗੱਡੀ ਜਥੇ 'ਚੋਂ ਸਰਬਜੀਤ ਸਿੰਘ ਤੇ ਨਾਰਾਇਣ ਸਿੰਘ ਨਾਮ ਦੇ 'ਨਿਹੰਗਾਂ' ਨੇ ਬੇਅਦਬੀ ਦੀ ਆੜ ਵਿਚ ਤਰਨਤਾਰਨ ਦੇ ਪਿੰਡ ਚੀਮਾ ਖੁਰਦ ਦੇ ਤਿੰਨ ਧੀਆਂ ਦੇ ਬਾਪ ਲਖਬੀਰ ਸਿੰਘ (34) ਨਾਮੀ ਵਿਅਕਤੀ ਨੂੰ ਗਾਜਰ-ਮੂਲੀ ਦੀ ਨਿਆਈਂ ਵੱਢ-ਟੁੱਕ ਕੇ ਮੌਤ ਦੇ ਘਾਟ ਉਤਾਰ ਦਿੱਤਾ। ਜ਼ੁਲਮ ਦੀ ਇੰਤਹਾ ਦੇਖੋ ਕਿ ਰਹਿਮ ਦੀ ਭੀਖ ਤੋਂ ਬਾਅਦ 'ਮੌਤ' ਮੰਗ ਰਹੇ ਨਿਹੱਥੇ ਪੀੜਤ 'ਤੇ ਬਰਛਿਆਂ ਨਾਲ ਕਈ ਵਾਰ ਕੀਤੇ ਗਏ। ਸੱਚੇ ਨਿਹੰਗ ਸਿੰਘ ਅਕਾਲ ਦੇ ਉਪਾਸ਼ਕ ਹੁੰਦੇ ਹਨ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨੇ ਸੀਸ ਤਲੀਆਂ 'ਤੇ ਰੱਖ ਕੇ ਮੁਗਲਈ ਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ ਸੀ। ਆਪਣੇ ਵਿਰਸੇ 'ਤੇ ਮਾਣ ਕਰਨ ਵਾਲੇ ਸਿੰਘ ਕਿਸੇ ਨਿਤਾਣੇ 'ਤੇ ਜ਼ੁਲਮ ਕਰਨ ਦਾ ਸੁਪਨਾ ਵੀ ਨਹੀਂ ਦੇਖ ਸਕਦੇ। ਸੀਸ ਪੁਰ ਫਰਹਰੇ ਵਾਲਾ ਦੁਮਾਲੜਾ, ਖੰਡਾ-ਕਿਰਪਾਨ ਆਦਿ ਸ਼ਸ਼ਤਰ ਨੀਲੇ ਬਾਣੇ 'ਤੇ ਸਜਾ ਕੇ ਰਣ-ਤੱਤੇ ਵਿਚ ਵਹੀਰਾਂ ਘੱਤਣ ਵਾਲੇ ਸਿੰਘਾਂ ਤੋਂ ਮੁਗ਼ਲ ਫ਼ੌਜ ਵੀ ਥਰ-ਥਰ ਕੰਬਦੀ ਸੀ। ਭਾਈ ਸੁੱਖਾ ਸਿੰਘ ਨਾਲ ਹਰਿਮੰਦਰ ਸਾਹਿਬ 'ਚੋਂ ਮੱਸੇ ਰੰਘੜ ਦਾ ਸਿਰ ਨੇਜੇ 'ਤੇ ਟੰਗ ਕੇ ਲਿਆਉਣ ਵਾਲੇ ਸਰਦਾਰ ਮਹਿਤਾਬ ਸਿੰਘ ਭੰਗੂ ਦੇ ਮੁਖਾਰਬਿੰਦ 'ਚੋਂ ਅਕਸਰ ਇਹ ਸ਼ਬਦ ਨਿਕਲਦੇ ਸਨ, "ਆਪਿ ਨ ਡਰਉ ਨ ਅਵਰ ਡਰਾਵਉ।" ਗੁਰੂ ਦੀ ਫ਼ੌਜ ਅਕਾਲ ਪੁਰਖ ਤੋਂ ਇਲਾਵਾ ਨਾ ਕਿਸੇ ਤੋਂ ਡਰਦੀ ਤੇ ਨਾ ਹੀ ਕਿਸੇ ਨੂੰ ਡਰਾਉਂਦੀ ਹੈ। ਗੁਰੂ ਦੀ ਲਾਡਲੀ ਫ਼ੌਜ ਮੈਦਾਨ-ਏ-ਜੰਗ ਵਿਚ ਵੀ ਮਰਿਆਦਾ ਦਾ ਪੱਲਾ ਨਾ ਛੱਡਦੀ। ਸਿੰਘ ਦੀ ਪਰਿਭਾਸ਼ਾ ਵਿਚ ਇਹ ਸ਼ੁਮਾਰ ਹੈ ਕਿ ਉਹ ਕਿਸੇ ਨਿਹੱਥੇ, ਬਿਰਧ, ਅਬਲਾ ਨਾਰੀ, ਬੱਚੇ ਜਾਂ ਨਿਤਾਣੇ 'ਤੇ ਕਦੇ

ਵਾਰ ਨਹੀਂ ਸੀ ਕਰਦਾ। ਭੱਜੇ ਜਾਂਦੇ ਤੇ ਡਿੱਗ ਪਏ ਦੁਸ਼ਮਣ ’ਤੇ ਵਾਰ ਕਰਨਾ ਵੀ ਵਰਜਿਤ ਸੀ। ਗੁਰੂ ਦਾ ਸੱਚਾ ਸਿੱਖ ਕਿਰਪਾਨ ਨੂੰ ਤਲਵਾਰ ਵਾਂਗ ਚਲਾ ਕੇ ਜ਼ੁਲਮ ਨਹੀਂ ਸੀ ਕਰਦਾ। ਸਿੰਘੂ ਬਾਰਡਰ ’ਤੇ ਨਿਹੱਥੇ ਦਾ ਹੱਥ ਤੇ ਫਿਰ ਲੱਤ ਵੱਢਣ ਤੋਂ ਬਾਅਦ ਉਸ ਨੂੰ ਪੁਲਿਸ ਬੈਰੀਕੇਡ ਨਾਲ ਪੁੱਠਾ ਲਟਕਾਉਣਾ ਭਲਾ ਕਿਹੜੀ ਸੂਰਮਗਤੀ ਹੈ? ਆਪਣੇ ਕਾਰੇ ’ਤੇ ਪਛਤਾਵਾ ਕਰਨ ਦੀ ਬਜਾਏ ਸਰਬਜੀਤ ਸਿੰਘ ਆਪਣੀ ਕਰੂਰਤਾ ’ਤੇ ਮਾਣ ਕਰਦਾ ਹੈ। ਅਖੇ, “ 19 ਅਜਿਹੇ ਹੋਰ ਦੁਸ਼ਟ ਹਨ ਜਿਨ੍ਹਾਂ ਨੂੰ ‘ਬੇਅਦਬੀ’ ਕਰਨ ਲਈ ਪੈਸੇ ਦਿੱਤੇ ਗਏ ਹਨ। ਜੇ ਸਾਡੇ ਹੱਥੀਂ ਚੜ੍ਹ ਗਏ ਤਾਂ ਉਨ੍ਹਾਂ ਦਾ ਵੀ ਇਹੀ ਹਸ਼ਰ ਹੋਵੇਗਾ।” ਆਤਮ-ਸਮਰਪਣ ਤੋਂ ਬਾਅਦ ਦੂਜੇ ਮੁਜਰਮ ਨਾਰਾਇਣ ਸਿੰਘ ਨੇ ਕਿਹਾ ਕਿ ਉਸ ਨੂੰ ਜਦੋਂ ਪਤਾ ਲੱਗਾ ਕਿ ਬੇਅਦਬੀ ਕਰਨ ਵਾਲਾ ਅਜੇ ਵੀ ਜਿਊਂਦਾ ਹੈ ਤਾਂ ਉਸ ਨੇ ਕਿਰਪਾਨ ਮਿਆਨੋਂ ਕੱਢ ਕੇ ਉਸ ਨੂੰ ਗੱਡੀ ਚੜ੍ਹਾ ਦਿੱਤਾ। ਸਾਫ਼ ਹੈ ਕਿ ਮੁਜਰਮ ਅਤੇ ਉਨ੍ਹਾਂ ਦੇ ਸਾਥੀ ਕਬਾਇਲੀ ਸੋਚ ਦੇ ਧਾਰਨੀ ਹਨ ਜਿਨ੍ਹਾਂ ਲਈ ਮਨੁੱਖੀ ਅਧਿਕਾਰਾਂ ਦੀ ਕੀਮਤ ਫੁੱਟੀ ਕੌਡੀ ਵੀ ਨਹੀਂ ਹੈ। ਗ਼ੈਰ-ਮਨੁੱਖੀ ਕਾਰਨਾਮਿਆਂ ਨਾਲ ਕੀਰਤੀਮਾਨ ਸਥਾਪਤ ਨਹੀਂ ਕੀਤੇ ਜਾ ਸਕਦੇ। ‘ਬੇਅਦਬੀ’ ਪਿੱਛੇ ਕੋਈ ਵੱਡੀ ਸਾਜ਼ਿਸ਼ ਹੋ ਸਕਦੀ ਹੈ ਤੇ ਹੋ ਸਕਦਾ ਹੈ ਲਖਬੀਰ ਸਿੰਘ ਨੂੰ ਵਰਤਿਆ ਗਿਆ ਹੋਵੇ। ਇਸ ਦੀ ਜਾਂਚ ਕਰਵਾ ਕੇ ਅਸਲੀ ਦੋਸ਼ੀਆਂ ਨੂੰ ਬੇਨਕਾਬ ਕਰਨ ਦੀ ਲੋੜ ਹੈ ਕਿਉਂਕਿ ਗੁਰਬਾਣੀ ਦੀ ਬੇਅਦਬੀ ਸਿੱਖ ਕੌਮ ਲਈ ਅਸਹਿ ਹੈ। ਛੇ ਸਾਲ ਪਹਿਲਾਂ ਬਰਗਾੜੀ ਅਤੇ ਬਹਿਬਲ ਕਲਾਂ ਬੇਅਦਬੀ ਅਤੇ ਗੋਲ਼ੀਕਾਂਡ ਬਾਰੇ ਜਾਂਚ ਹਾਲੇ ਤਕ ਕਿਸੇ ਤਣ-ਪੱਤਣ ਨਹੀਂ ਲੱਗ ਸਕੀ ਜੋ ਅਜੇ ਵੀ ਸੰਵੇਦਨਸ਼ੀਲ ਮੁੱਦਾ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਪਟਿਆਲਾ ਵਿਚ ਵੀ ਕੁਝ ਨਿਹੰਗਾਂ ਨੇ ਇਕ ਥਾਣੇਦਾਰ ਦਾ ਗੁੱਟ ਵੱਢਿਆ ਸੀ। ‘ਦੁਸ਼ਟਾਂ ਨੂੰ ਸੋਧਾ’ ਲਾਉਣ ਦੇ ਪੱਜ ਅਜਿਹੇ ਲੋਕ ਦਰਅਸਲ ਬਾਣੇ ਨੂੰ ਬਦਨਾਮ ਕਰਦੇ ਹਨ। ਜੇ ਇਹ ਮੰਨ ਵੀ ਲਿਆ ਜਾਵੇ ਕਿ ਮ੍ਰਿਤਕ ਨੇ ਬੇਅਦਬੀ ਕੀਤੀ ਸੀ ਤਾਂ ਵੀ ਕਾਨੂੰਨ ਨੂੰ ਹੱਥ ਵਿਚ ਲੈ ਕੇ ਕਿਸੇ ਨੂੰ ‘ਸੋਧਾ’ ਲਾਉਣਾ ਕਦਾਚਿਤ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ। ਜਦੋਂ ਮੁਜਰਮਾਂ ਨੂੰ ਪੁਲਿਸ ਅੱਗੇ ਪੇਸ਼ ਕਰਨਾ ਸੀ ਤਾਂ ਉਨ੍ਹਾਂ ਦੇ ਚਿਹਰੇ ’ਤੇ ਕੋਈ ਸ਼ਿਕਨ/ਮਲਾਲ ਨਹੀਂ ਸੀ। ਅਲਬੱਤਾ ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਨੇ ਇੰਜ ਆਤਮ-ਸਮਰਪਣ ਕੀਤਾ ਜਿਵੇਂ ਉਹ ਬਸਰੇ ਦੀ ਲਾਮ ਤੋਂ ਬਾਅਦ ਵਾਪਸ ਆਏ ਹੋਣ। ਸ਼ਾਇਦ ਅਜਿਹੇ ਲੋਕਾਂ ਬਾਰੇ ਹੀ ਅਖਾਣ ਬਣਿਆ ਹੈ ਕਿ ‘ਅਕਲਾਂ ਬਾਝੋਂ ਖੂਹ ਖ਼ਾਲੀ।’ ਕੁਦਰਤੀ ਹੈ ਕਿ ਹਮਲਾਵਰਾਂ ਨੂੰ ਕਾਨੂੰਨ ਮੁਤਾਬਕ ਕਰੜੀ ਸਜ਼ਾ ਮਿਲੇਗੀ। ਗੁਰਬਾਣੀ ਦਾ ਮਹਾਵਾਕ ਹੈ, “ਅਹਿ ਕਰੁ ਕਰੇ ਸੁ ਅਹਿ ਕਰੁ ਪਾਇ।। ਕੋਈ ਨ ਪਕੜੀਐ ਕਿਸੇ ਥਾਇ” (ਭਾਵ, ਜੋ ਹੱਥ ਕਿਸੇ ਨਾਲ ਧੱਕਾ ਕਰਦਾ ਹੈ, ਉਹੀ ਹੱਥ ਸਜ਼ਾ ਭੁਗਤਦਾ ਹੈ ਅਤੇ ਇਸ ਵਿਚ ਦੇਰੀ ਨਹੀਂ ਲੱਗਦੀ)। ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਤੋਂ ਇਲਾਵਾ ਲਗਪਗ ਹਰ ਫਿਰਕੇ/ਸੰਸਥਾਵਾਂ ਨੇ ਇਸ ਕਾਇਰਤਾ ਭਰੇ ਕਾਰੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਅੰਦੋਲਨਕਾਰੀਆਂ ਨੇ ਭਾਵੇਂ ਇਸ ਨੂੰ ਮੰਦਭਾਗਾ ਕਾਰਾ ਕਿਹਾ ਹੈ ਫਿਰ ਵੀ ਉਹ ਇਸ ਤੋਂ ਪੂਰੀ ਤਰ੍ਹਾਂ ਪੱਲਾ ਨਹੀਂ ਝਾੜ ਸਕਦੇ। ਸ਼ੁਰੂ-ਸ਼ੁਰੂ ਵਿਚ ਕੁਝ ਕਿਸਾਨ ਨੇਤਾਵਾਂ ਨੇ ਨਿਹੰਗਾਂ ਵੱਲੋਂ ਉੱਥੇ ਨਿਸ਼ਾਨ ਸਾਹਿਬ ਗੱਡਣ ਤੇ ਛਾਉਣੀ ਪਾਉਣ ’ਤੇ

ਇਤਰਾਜ਼ ਜਤਾਇਆ ਸੀ ਪਰ ਸਖ਼ਤ ਆਲੋਚਨਾ ਤੋਂ ਬਾਅਦ ਉਨ੍ਹਾਂ ਨੇ ਲੰਬੀ ਚੁੱਪ ਸਾਧ ਲਈ ਸੀ। ਜੇ ਅੱਖਾਂ ਨਾ ਮੁੰਦੀਆਂ ਹੁੰਦੀਆਂ ਤਾਂ ਅਜਿਹਾ ਦੁਖਾਂਤ ਨਾ ਵਾਪਰਦਾ। ਕਹਿੰਦੇ ਹਨ ਕਿ ਕਿਸੇ ਮਜ਼ਲੂਮ ਦੀ ਹੱਤਿਆ ਦਾ ਜਿੰਨ ਅਪਰਾਧੀ ਦਾ ਕਬਰਾਂ ਤਕ ਪਿੱਛਾ ਕਰਦਾ ਹੈ। ਕਾਸ਼! ਸੰਯੁਕਤ ਕਿਸਾਨ ਮੋਰਚੇ ਦੇ ਨੇਤਾ ਨਿਹੰਗ ਜਥੇਬੰਦੀਆਂ ਨੂੰ ਅੰਦੋਲਨ ਤੋਂ ਦੂਰ ਰੱਖਣ ਦੀ ਜੁਅਰਤ ਕਰਦੇ ਤਾਂ ਅੱਜ ਤਰਨਤਾਰਨ ਦੇ ਚੀਮਾ ਖੁਰਦ ਪਿੰਡ ਵਿਚ ਪਾਟਿਆ ਖ਼ਤ ਨਾ ਪਹੁੰਚਦਾ। ਆਪਣੇ-ਆਪ ਨੂੰ ਪੰਥਕ ਅਖਵਾਉਣ ਵਾਲੀਆਂ ਜਥੇਬੰਦੀਆਂ ਨੂੰ 'ਨਿਹੰਗ' ਦੀ ਪੁਰਾਤਨ ਪਰਿਭਾਸ਼ਾ ਮੁੜ ਤਾਜ਼ਾ ਕਰਵਾਉਣ ਦੀ ਲੋੜ ਹੈ ਜਿਸ 'ਤੇ ਸਮੁੱਚੀ ਕੌਮ ਨੂੰ ਅਪਮਾਨ ਨਹੀਂ ਬਲਕਿ ਮਾਣ ਮਹਿਸੂਸ ਹੋਵੇ। ਉਹੀ ਫ਼ੌਜ ਗੁਰੂ ਦੀ ਲਾਡਲੀ ਹੋ ਸਕਦੀ ਹੈ ਜਿਸ ਦੇ ਸੂਰਮੇ ਧਰਮ-ਸਾਧਕ ਹੋਣ ਤੇ ਨਿਹੱਥੇ ਨੂੰ ਜਿਬ੍ਹਾ ਕਰਨ ਵਰਗੇ ਕਾਰੇ ਨੂੰ ਬੱਜਰ ਗੁਨਾਹ ਸਮਝਣ।

17 ਅਕਤੂਬਰ

# ਅਰੂਸਾ ਮੁੱਦਾ ਕਿਉਂ ?

ਲੋਕ ਮੁੱਦਿਆਂ ਨੂੰ ਤਿਲਾਂਜਲੀ ਦਿੰਦਿਆਂ ਅੱਜ-ਕੱਲ੍ਹ ਪਾਕਿਸਤਾਨ ਦੀ ਸਾਬਕਾ ਪੱਤਰਕਾਰ ਅਰੂਸਾ ਆਲਮ ਨੂੰ ਲੈ ਕੇ ਖ਼ੂਬ ਸਿਆਸਤ ਹੋ ਰਹੀ ਹੈ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਿਸਵਾਂ ਫਾਰਮ ਹਾਊਸ ਲੰਬਾ ਸਮਾਂ ਅਰੂਸਾ ਆਲਮ ਦਾ ਰੈਣ-ਬਸੇਰਾ ਰਿਹਾ ਹੈ। ਅਰੂਸਾ ਨੇ ਦਰਅਸਲ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਦੀਆਂ ਜਿਵੇਂ ਦੂਰੀਆਂ ਹੀ ਖ਼ਤਮ ਕਰ ਦਿੱਤੀਆਂ ਸਨ ! ਵੈਸੇ ਵੀ ਅਰੂਸਾ ਵਰਗੀਆਂ ਮਹਿਲਾਵਾਂ ਲਈ ਹੱਦਾਂ-ਸਰਹੱਦਾਂ ਬੇਮਾਅਨੇ ਹੁੰਦੀਆਂ ਹਨ। ਚੜ੍ਹਦੇ ਪੰਜਾਬ ਦੇ ਕਿਆਮ ਦੌਰਾਨ ਨੌਕਰਸ਼ਾਹੀ ਅਤੇ ਸੱਤਾਧਾਰੀ ਪਾਰਟੀ ਦੇ ਦਿੱਗਜ ਵੀ 'ਫਸਟ ਲੇਡੀ' ਨਾਲ ਤਸਵੀਰਾਂ ਖਿਚਵਾ ਕੇ ਸੋਸ਼ਲ ਮੀਡੀਆ 'ਤੇ ਪਾਉਣਾ ਆਪਣੀ ਸ਼ਾਨ ਸਮਝਦੇ ਸਨ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਕਿਸੇ ਨੇ ਜੁਰਅਤ ਨਾ ਕੀਤੀ ਕਿ ਉਹ ਅਰੂਸਾ ਦੀ 'ਵਾ ਵੱਲ ਵੀ ਵੇਖਦਾ। ਵਾਹਗਾ ਸਰਹੱਦ 'ਤੇ ਅਰੂਸਾ ਨੂੰ ਖ਼ੁਸ਼ਆਮਦੀਦ ਕਹਿਣ ਲਈ ਵਿਸ਼ੇਸ਼ ਵਿਅਕਤੀ ਪੁੱਜਦੇ। ਉਹ ਲਾਲ ਗਲੀਚਿਆਂ 'ਤੇ ਪੱਬ ਧਰਦੀ ਸਿਸਵਾਂ ਫਾਰਮ ਪਹੁੰਚ ਜਾਂਦੀ। ਉਸ ਦੀ ਖ਼ੁਸ਼ਾਮਦ ਕਰਨ ਲਈ ਪ੍ਰਭਾਵਸ਼ਾਲੀ ਲੋਕ ਕੂਹਣੀਆਂ ਮਾਰਦੇ ਹੋਏ ਇਕ-ਦੂਜੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦੇ। ਸਮਾਂ ਬਹੁਤ ਬਲਵਾਨ ਹੁੰਦਾ ਹੈ। ਉਹ ਸ਼ਾਹ-ਮਾਰਗਾਂ ਦੇ ਨਾਲ-ਨਾਲ ਪਹੇ ਤੇ ਪਗਡੰਡੀਆਂ ਵੀ ਖ਼ਤਮ ਕਰ ਦਿੰਦਾ ਹੈ। ਕੈਪਟਨ ਦੇ ਸਿੰਘਾਸਣ ਤੋਂ ਥੱਲੇ ਲਹਿਣ ਦੀ ਦੇਰ ਸੀ ਕਿ ਅਰੂਸਾ ਆਲਮ ਅਚਾਨਕ ਭਖਵਾਂ ਮੁੱਦਾ ਬਣ ਗਈ ਹੈ। ਇੰਜ ਜਾਪਦਾ ਹੈ ਜਿਵੇਂ ਬੇਰੁਜ਼ਗਾਰੀ, ਨਸ਼ੇ, ਖ਼ੁਦਕੁਸ਼ੀਆਂ ਅਤੇ ਗੁਲਾਬੀ ਸੁੰਡੀ ਆਦਿ ਕੋਈ ਮੁੱਦੇ ਹੀ ਨਾ ਰਹਿ ਗਏ ਹੋਣ। ਪਿਛਲੇ ਲੰਬੇ ਸਮੇਂ ਤੋਂ ਅਰੂਸਾ ਦਾ ਵੀਜ਼ਾ ਨਹੀਂ ਲੱਗਿਆ ਤੇ ਉਹ ਵਾਹਗਾ ਪਾਰ ਨਹੀਂ ਕਰ ਸਕੀ। ਹਾਂ, ਉਸ ਦੀ 'ਚੀਕੂਆਂ ਤੇ ਸੀਤਾ ਫ਼ਲ' ਬਾਰੇ ਵ੍ਹਟਸਐਪ ਦੀ ਪੋਸਟ ਖ਼ੂਬ ਵਾਇਰਲ ਹੋਈ ਸੀ। ਅਫ਼ਵਾਹਾਂ ਦਾ ਵੀ ਬਾਜ਼ਾਰ ਗਰਮ ਰਿਹਾ ਹੈ। ਕੋਈ ਕੁਝ ਬੋਲਦਾ ਤੇ ਕੋਈ ਕੁਝ ਹੋਰ। ਚਸਕੇ ਤੇ ਚਟਕਾਰੇ ਲਾ ਕੇ ਗੱਲਾਂ ਕਰਨੀਆਂ ਵੈਸੇ ਵੀ ਪੰਜਾਬੀਆਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। ਪੰਜਾਬ ਦੇ ਸਿਰ 'ਤੇ ਨਿੱਤ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਬਾਰੇ ਕੋਈ ਗੱਲ ਨਹੀਂ ਕਰ ਰਿਹਾ। ਫ਼ਿਲਹਾਲ 'ਖ਼ਾਲੀ ਖਜ਼ਾਨੇ' ਬਾਰੇ ਵੀ ਚਰਚਾ ਮੱਧਮ ਪੈ ਗਈ ਜਾਪਦੀ ਹੈ। ਆਗਾਮੀ ਚੋਣਾਂ ਦੇ ਮੱਦੇਨਜ਼ਰ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਰ ਸ਼੍ਰੇਣੀ ਦੇ ਲੋਕਾਂ ਨੂੰ ਵੰਡੇ ਜਾ ਰਹੇ ਗੱਫਿਆਂ ਦੀ ਚਰਚਾ ਵੀ ਘੱਟ-ਵੱਧ ਹੀ ਹੁੰਦੀ ਹੈ ਕਿ ਆਖ਼ਰ ਪੈਸਾ ਕਿੱਥੋਂ ਆਵੇਗਾ ? ਅਜਿਹੇ 'ਸਿਆਸੀ ਤੋਹਫ਼ਿਆਂ' ਦਾ ਅਸਲ ਸੇਕ ਆਉਣ ਵਾਲੀ ਸਰਕਾਰ ਨੂੰ ਹੀ ਲੱਗੇਗਾ। ਸਮਾਜਿਕ ਸਰੋਕਾਰਾਂ ਦੀ ਭਲਾ ਕਿਸ ਨੂੰ ਫ਼ਿਕਰ ਹੈ ? ਅਰੂਸਾ ਆਲਮ ਬਾਰੇ ਹੁਣ ਚਰਚਾ

ਕਰਨੀ ਸੱਪ ਲੰਘਣ ਤੋਂ ਬਾਅਦ ਲਕੀਰ ਕੁੱਟਣ ਵਾਲੀ ਗੱਲ ਹੈ। ਅਰੂਸਾ ਆਲਮ ਦਾ ਦਰਅਸਲ 'ਡਿਫੈਂਸ ਜਰਨਲਿਸਟ' ਹੋਣ ਨਾਤੇ ਪਾਕਿਸਤਾਨ ਦੇ ਫ਼ੌਜੀ ਜਰਨੈਲਾਂ ਅਤੇ ਆਈਐੱਸਆਈ ਦੇ ਉੱਚ-ਕੋਟੀ ਦੇ ਅਫ਼ਸਰਾਂ ਨਾਲ ਚੰਗਾ ਤੁਆਰਫ਼ ਰਿਹਾ ਹੈ। ਸੋਲਾਂ ਕੁ ਸਾਲ ਪਹਿਲਾਂ, ਉਹ ਹੈਦਰਾਬਾਦ ਵਿਖੇ ਹੋਈ ਸਾਊਥ ਏਸ਼ੀਆ ਫ੍ਰੀ ਮੀਡੀਆ ਕਾਨਫਰੰਸ (ਸਾਫ਼ਮਾਂ) ਦੇ ਸੱਦੇ 'ਤੇ ਪਹਿਲੀ ਵਾਰ ਦਸੰਬਰ 2006 ਵਿਚ ਵਾਹਗਾ ਰਸਤੇ ਰਾਹੀਂ ਭਾਰਤ ਆਈ ਸੀ। ਉਸ ਵੇਲੇ ਉਹ ਸਾਫ਼ਮਾਂ ਦੇ ਪਾਕਿਸਤਾਨ ਚੈਪਟਰ ਦੀ ਪ੍ਰਧਾਨ ਹੋਣ ਦੀ ਹੈਸੀਅਤ 'ਚ ਸ਼ਿਰਕਤ ਕਰਨ ਆਈ ਸੀ। ਉਸ ਵੇਲੇ ਤਕ ਕੈਪਟਨ ਅਮਰਿੰਦਰ ਸਿੰਘ ਨੇ ਅਰੂਸਾ ਦਾ ਨਾਂ ਤਕ ਨਹੀਂ ਸੀ ਸੁਣਿਆ। ਉਹ ਕਿਸ ਤਰ੍ਹਾਂ ਕੈਪਟਨ ਦੇ ਐਨਾ ਕਰੀਬ ਆ ਗਈ, ਇਹ ਅੱਜ ਤਕ ਪਹੇਲੀ ਬਣਿਆ ਹੋਇਆ ਹੈ। ਉਹ ਕੈਪਟਨ ਦੀ ਮਹਿਲਾ ਮਿੱਤਰ ਹੈ, ਇਸ ਬਾਰੇ ਖ਼ੁਦ ਸਾਬਕਾ ਮੁੱਖ ਮੰਤਰੀ ਮੰਨਦੇ ਆ ਰਹੇ ਹਨ। ਕੀ ਉਹ ਸਿਸਵਾਂ ਫਾਰਮ 'ਤੇ 'ਫਸਟ ਲੇਡੀ' ਦੀ ਹੈਸੀਅਤ ਨਾਲ ਰਹਿੰਦੀ ਰਹੀ, ਇਸ ਬਾਰੇ ਕਿਸੇ ਨੇ ਸਵਾਲ ਕਰਨ ਦੀ ਜੁਰਅਤ ਨਾ ਕੀਤੀ, ਜਵਾਬ ਆਉਣਾ ਤਾਂ ਦੂਰ ਦੀ ਕੌਡੀ ਸੀ। ਹੁਣ ਜਦੋਂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਅਰੂਸਾ ਦੇ 'ਆਈਐੱਸਆਈ' ਏਜੰਟ ਹੋਣ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦਾ ਮੋੜਵਾਂ ਉੱਤਰ ਵਾਜਿਬ ਲੱਗਦਾ ਹੈ ਕਿ ਜੇ ਅਜਿਹਾ ਸੀ ਤਾਂ ਸਮੇਂ ਦੀਆਂ ਕੇਂਦਰ ਸਰਕਾਰਾਂ ਉਸ ਨੂੰ ਵੀਜ਼ਾ ਕਿਉਂ ਦਿੰਦੀਆਂ ਰਹੀਆਂ? ਉਹ ਸਮਾਜਿਕ ਤੇ ਭੂਗੋਲਿਕ ਹੱਦਾਂ/ਸਰਹੱਦਾਂ ਟੱਪਦੀ ਰਹੀ ਤਾਂ ਉਸ ਵੇਲੇ ਇਹ ਮੁੱਦਾ ਕਿਉਂ ਨਾ ਬਣਿਆ? ਯੂ-ਟਿਊਬ ਅਤੇ ਸੋਸ਼ਲ ਮੀਡੀਆ ਦੀਆਂ ਅਣਗਿਣਤ ਸਾਈਟਾਂ 'ਤੇ ਅਰੂਸਾ, ਉਸ ਦੇ ਪਰਿਵਾਰਕ ਪਿਛੋਕੜ ਅਤੇ ਫ਼ੌਜ/ਆਈਐੱਸਆਈ ਜਰਨੈਲਾਂ ਨਾਲ ਸਬੰਧਾਂ ਬਾਰੇ ਅਣਗਿਣਤ ਪੋਸਟਾਂ ਅੱਜ ਵੀ ਵੇਖੀਆਂ ਜਾ ਸਕਦੀਆਂ ਹਨ, ਪਰ ਚੜ੍ਹਦੇ ਪੰਜਾਬ 'ਚ ਉਸ ਬਾਰੇ ਚਰਚਾ ਦੱਬੀ ਜ਼ੁਬਾਨ ਨਾਲ ਹੁੰਦੀ ਹੋਣ ਕਾਰਨ ਇਹ ਦੱਬੀ ਹੀ ਰਹੀ। ਵੈਸੇ ਵੀ ਕਿਸੇ ਦੀ ਪਰਿਵਾਰਕ ਜ਼ਿੰਦਗੀ ਵਿਚ ਝਾਕਣਾ ਸ਼ਿਸ਼ਟਾਚਾਰ ਨਹੀਂ ਮੰਨਿਆ ਜਾਂਦਾ। ਆਪਣੇ ਸਿਆਸੀ ਵਿਰੋਧੀਆਂ ਨੂੰ ਠਿੱਠ ਕਰਨ ਲਈ ਕਿਸੇ ਦੇ ਪੋਤੜੇ ਫਰੋਲਣੇ ਵੀ ਬਹੁਤਾ ਵਧੀਆ ਰੁਝਾਨ ਨਹੀਂ ਹੈ। ਦੂਜੇ ਪਾਸੇ, ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਇਸ ਨੂੰ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਅਹਿਮ ਮੁੱਦਾ ਕਹਿ ਰਹੇ ਹਨ। ਜਿੱਥੋਂ ਤਕ ਅਰੂਸਾ ਦੇ ਪਰਿਵਾਰਕ ਪਿਛੋਕੜ ਦਾ ਸਵਾਲ ਹੈ, ਉਹ ਮਰਹੂਮ ਬੇਗਮ ਅਕਲੀਮ ਅਖ਼ਤਰ ਦੀ ਬੇਟੀ ਹੈ ਜੋ ਪਾਕਿਸਤਾਨ ਦੇ ਤਤਕਾਲੀ ਸਦਰ ਯਹੀਆ ਖਾਨ ਦੀ ਮਹਿਲਾ ਮਿੱਤਰ ਹੋਣ ਕਾਰਨ 'ਜਰਨੈਲ ਰਾਣੀ' ਦੇ ਤੌਰ 'ਤੇ ਮਕਬੂਲ ਸੀ। 'ਜਰਨੈਲ ਰਾਣੀ' ਇੰਨੀ ਤਾਕਤਵਰ ਸੀ ਕਿ ਉਸ ਦੇ ਕਹਿਣ 'ਤੇ ਯਹੀਆ ਖਾਨ ਅੰਬੈਸਡਰ ਤੇ ਗਵਰਨਰ ਤਕ ਦੀਆਂ ਨਿਯੁਕਤੀਆਂ ਕਰ ਦਿੰਦੇ ਸਨ। ਜ਼ੁਲਫਕਾਰ ਅਲੀ ਭੁੱਟੋ (ਜੋ ਬਾਅਦ ਵਿਚ ਪਾਕਿ ਦੇ ਪ੍ਰਧਾਨ ਮੰਤਰੀ ਬਣੇ) ਬਰਾਸਤਾ ਅਕਲੀਮ ਅਖ਼ਤਰ ਜਨਰਲ ਯਹੀਆ ਖਾਨ ਨੂੰ ਮਿਲਿਆ ਕਰਦੇ ਸਨ। ਯਹੀਆ ਖਾਨ ਦੇ ਫ਼ੌਤ ਹੋਣ ਤੋਂ ਬਾਅਦ ਅਕਲੀਮ ਅਖ਼ਤਰ ਨੂੰ ਜੇਲ੍ਹ ਯਾਤਰਾ ਤਕ ਕਰਨੀ ਪਈ ਸੀ। ਪ੍ਰਧਾਨ ਮੰਤਰੀ ਬਣਨ 'ਤੇ ਭੁੱਟੋ ਨੇ ਅੱਖਾਂ ਬਦਲ ਲਈਆਂ ਤੇ ਉਸ ਨੇ ਅਕਲੀਮ ਅਖ਼ਤਰ ਨੂੰ ਪਾਕਿ ਦੇ ਗੁਜਰਾਤ ਸੂਬੇ ਵਿਚ 'ਹਾਊਸ ਅਰੈਸਟ' ਕਰਨ ਦਾ ਹੁਕਮ ਦੇ ਦਿੱਤਾ ਸੀ। ਭੁੱਟੋ

ਨੂੰ ਖ਼ਦਸ਼ਾ ਸੀ ਕਿ 'ਜਰਨੈਲ ਰਾਣੀ ਕੋਲ ਕੋਈ ਅਜਿਹੇ ਰਾਜ਼ ਹਨ ਜਿਨ੍ਹਾਂ ਕਾਰਨ ਹਕੂਮਤ ਦੀ ਬਦਨਾਮੀ ਹੋ ਸਕਦੀ ਹੈ। ਖ਼ੈਰ, ਜਿੱਥੋਂ ਤਕ ਅਰੂਸਾ 'ਤੇ ਹੋ ਰਹੀ ਸਿਆਸਤ ਦਾ ਸਬੰਧ ਹੈ, ਇਹ ਆਗਾਮੀ ਚੋਣਾਂ ਦਾ ਮੁੱਦਾ ਬਿਲਕੁਲ ਨਹੀਂ ਹੋਣਾ ਚਾਹੀਦਾ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਮੁੱਖ ਸਲਾਹਕਾਰ ਤੇ ਸਾਬਕਾ ਆਈਪੀਐੱਸ ਅਫ਼ਸਰ ਨੇ ਜਦੋਂ ਅਰੂਸਾ ਦੀਆਂ ਤਸਵੀਰਾਂ ਦੀ ਗੱਲ ਕੀਤੀ ਤਾਂ ਕੈਪਟਨ ਦੇ ਨਿੱਜੀ ਮੀਡੀਆ ਸਲਾਹਕਾਰ ਨੇ ਮੁਸਤਫ਼ਾ ਦੇ ਪਰਿਵਾਰਕ ਮੈਂਬਰਾਂ ਦੀਆਂ ਅਰੂਸਾ ਆਲਮ ਨਾਲ ਖਿੱਚੀਆਂ ਪੋਸਟਾਂ ਬਾਰੇ ਪਰਤਵਾਂ ਸਵਾਲ ਕਰ ਦਿੱਤਾ। ਅਰੂਸਾ ਫ਼ਿਲਹਾਲ ਖ਼ਾਮੋਸ਼ ਹੈ। ਜੇ ਉਹ ਬੋਲ ਪਈ ਤਾਂ ਕਈ ਹੋਰ ਰਾਜ਼ ਖੁੱਲ੍ਹ ਜਾਣਗੇ। ਅਜਿਹੇ ਮੁੱਦੇ ਉਛਾਲਣ ਦੀ ਬਜਾਏ ਚੰਗਾ ਹੋਵੇ ਜੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਸਰੋਕਾਰਾਂ/ਮੁੱਦਿਆਂ 'ਤੇ ਗੱਲ ਹੋਵੇ।

24 ਅਕਤੂਬਰ

# ਫ਼ਸਲੀ ਬਟੇਰੇ

ਪੱਕੀ ਫ਼ਸਲ ਚੁਗਣ ਪਿੱਛੋਂ ਉਡਾਰੀ ਮਾਰ ਜਾਣ ਵਾਲੇ ਫ਼ਸਲੀ ਬਟੇਰਿਆਂ ਦਾ ਜਦ ਵੀ ਜ਼ਿਕਰ ਚੱਲਦਾ ਹੈ ਤਾਂ ਹਰਿਆਣਾ ਵਿਧਾਨ ਸਭਾ ਹਲਕਾ ਹਸਨਪੁਰ (ਹੁਣ ਹੋਡਲ) ਦਾ 'ਲਾਲ' ਗਯਾ ਰਾਮ ਅਵੱਸ਼ ਯਾਦ ਆਉਂਦਾ ਹੈ। ਪਿਛਲੇ 54 ਸਾਲਾਂ ਤੋਂ ਉਹ ਦਲ-ਬਦਲੂਆਂ ਦਾ ਪ੍ਰਤੀਕ ਬਣਿਆ ਹੋਇਆ ਹੈ। ਗਯਾ ਰਾਮ ਦੀਆਂ ਕੂੰਜ-ਉਡਾਰੀਆਂ ਨੇ ਹੀ ਦੇਸ਼ ਦੀ ਸਿਆਸਤ ਨੂੰ 'ਆਇਆ ਰਾਮ; ਗਿਆ ਰਾਮ' ਮੁਹਾਵਰਾ ਦਿੱਤਾ ਸੀ। ਪਹਿਲੀ ਨਵੰਬਰ 1966 ਵਾਲੇ ਦਿਨ ਚੜ੍ਹਦੇ ਪੰਜਾਬ ਨੂੰ ਤਕਸੀਮ ਕਰ ਕੇ ਜਦੋਂ 'ਪੰਜਾਬੀ ਸੂਬਾ' ਅਤੇ ਹਰਿਆਣਾ, ਦੋ ਸੂਬੇ ਬਣ ਗਏ ਤਾਂ ਅਗਲੇ ਸਾਲ (1967) ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਤੋਂ ਬਾਗ਼ੀ ਹੋ ਕੇ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਗਯਾ ਰਾਮ ਨੇ ਮਹਿਜ਼ ਪੰਦਰਾਂ ਦਿਨਾਂ ਵਿਚ ਚਾਰ ਵਾਰ ਗਿਰਗਟ ਵਾਂਗ ਰੰਗ ਬਦਲ ਕੇ ਦੇਸ਼ ਦੇ ਲੋਕਤੰਤਰ ਵਿਚ ਅਸਲੋਂ ਨਵਾਂ ਇਤਿਹਾਸ ਰਚਿਆ ਸੀ। ਹਰਿਆਣਾ ਬਣਨ ਤੋਂ ਬਾਅਦ ਵਿਧਾਨ ਸਭਾ ਚੋਣਾਂ ਜਿੱਤ ਕੇ ਬਣੇ ਪਹਿਲੇ ਮੁੱਖ ਮੰਤਰੀ ਪੰਡਿਤ ਭਗਵਤ ਦਿਆਲ ਸ਼ਰਮਾ ਦੀ ਕਾਂਗਰਸ ਸਰਕਾਰ ਨੂੰ 142 ਦਿਨਾਂ ਬਾਅਦ ਤੋੜਨ ਵਿਚ ਗਯਾ ਰਾਮ ਨੇ ਅਹਿਮ ਭੂਮਿਕਾ ਨਿਭਾਈ ਸੀ। ਬਾਰਾਂ ਬਾਗ਼ੀ ਕਾਂਗਰਸੀਆਂ ਨੇ ਨਵੀਂ ਪਾਰਟੀ ਪਾਰਟੀ, ਹਰਿਆਣਾ ਕਾਂਗਰਸ ਬਣਾ ਲਈ ਜਦਕਿ ਗਯਾ ਰਾਮ ਸਣੇ ਆਜ਼ਾਦ ਜਿੱਤੇ ਉਮੀਦਵਾਰਾਂ ਨੇ ਸਾਂਝਾ ਫਰੰਟ ਬਣਾ ਲਿਆ ਸੀ। ਵਿਰੋਧੀ ਧਿਰ ਦਾ ਸਮਰਥਨ ਮਿਲਣ ਤੋਂ ਬਾਅਦ ਰਾਓ ਬਰਿੰਦਰ ਸਿੰਘ (ਵਿਸ਼ਾਲ ਹਰਿਆਣਾ ਪਾਰਟੀ) ਮੁੱਖ ਮੰਤਰੀ ਬਣ ਗਏ ਸਨ। ਗਯਾ ਰਾਮ ਦਾ ਇਕ ਵਾਰ ਫਿਰ ਮਨ ਬਦਲਿਆ ਤਾਂ ਉਹ ਫਿਰ ਪਲਾਕੀ ਮਾਰ ਕੇ ਨੌਂ ਘੰਟਿਆਂ ਲਈ ਕਾਂਗਰਸ ਵਿਚ ਚਲੇ ਗਏ। ਚੰਗੀਗੜ੍ਹ ਵਿਚ ਆਯੋਜਿਤ ਪ੍ਰੈੱਸ ਮਿਲਣੀ ਦੌਰਾਨ ਤਤਕਾਲੀ ਮੁੱਖ ਮੰਤਰੀ ਰਾਓ ਬਰਿੰਦਰ ਸਿੰਘ ਨੇ ਗਯਾ ਰਾਮ ਨੂੰ ਵੀ ਨਾਲ ਬਿਠਾ ਲਿਆ ਸੀ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਰਾਓ ਬਰਿੰਦਰ ਸਿੰਘ ਨੇ ਮੰਦ-ਮੰਦ ਮੁਸਕਰਾਉਂਦੇ ਹੋਏ ਕਿਹਾ, 'ਗਯਾ ਰਾਮ ਹੁਣ ਆਇਆ ਰਾਮ ਹੋ ਗਏ ਹਨ'। 'ਹਿਰਦਾ ਪਰਿਵਰਤਨ' ਗਯਾ ਰਾਮ ਦੀ ਫ਼ਿਤਰਤ ਬਣ ਚੁੱਕੀ ਸੀ ਤੇ ਉਸ ਨੇ ਇਕ ਵਾਰ ਫਿਰ ਯੂਨਾਈਟਿਡ ਫਰੰਟ ਵਿਚ ਵਾਪਸੀ ਦਾ ਐਲਾਨ ਕਰ ਦਿੱਤਾ। ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਐੱਸ.ਵੀ. ਚੌਹਾਨ ਨੇ ਸਦਨ ਵਿਚ 'ਆਇਆ ਰਾਮ, ਗਿਆ ਰਾਮ' ਦਾ ਜ਼ਿਕਰ ਕੀਤਾ ਤਾਂ ਇਹ ਦਲ-ਬਦਲੂਆਂ ਲਈ ਸਿਆਸੀ ਜੁਮਲਾ ਬਣ ਗਿਆ। ਗਯਾ ਰਾਮ ਨੇ ਆਪਣੇ ਲੰਬੇ ਸਿਆਸੀ ਜੀਵਨ ਵਿਚ 'ਆਰੀਆ ਸਭਾ' ਤੇ 'ਜਨਤਾ ਦਲ' ਸਣੇ ਕਈ ਪਾਰਟੀਆਂ ਬਦਲੀਆਂ। ਵਿਡੰਬਣਾ ਇਹ ਹੈ ਕਿ ਸੰਨ 2009 ਵਿਚ ਹੋਈ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਹਰਿਆਣਾ ਵਿਚ ਸਿਆਸੀ ਫ਼ਸਲੀ ਬਟੇਰਿਆਂ

ਨੇ ਕਈ ਸਰਕਾਰਾਂ ਡੇਗੀਆਂ ਤੇ ਬਣਾਈਆਂ ਸਨ। ਚੌਧਰੀ ਭਜਨ ਲਾਲ ਦੀ ਜਨ-ਹਿੱਤ ਕਾਂਗਰਸ ਦੇ ਪੰਜ ਵਿਧਾਇਕਾਂ ਨੇ ਪਾਲਾ ਬਦਲ ਕੇ ਜਦੋਂ ਕਾਂਗਰਸ ਦਾ ਹੱਥ ਫੜ ਲਿਆ ਤਾਂ ਭੁਪਿੰਦਰ ਸਿੰਘ ਹੁੱਡਾ ਲਗਾਤਾਰ ਦੂਜੀ ਵਾਰ ਮੁੱਖ ਮੰਤਰੀ ਬਣ ਗਏ। ਦੇਵੀ ਲਾਲ, ਓਮ ਪ੍ਰਕਾਸ਼ ਚੌਟਾਲਾ ਤੇ ਬੰਸੀ ਲਾਲ ਆਦਿ ਸਰਕਾਰਾਂ ਦੇ ਡਿੱਗਣ/ਬਣਨ ਵਿਚ ਵੀ ਫ਼ਸਲੀ ਬਟੇਰਿਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਦਲ-ਬਦਲੀ ਵਿਰੋਧੀ ਕਾਨੂੰਨ ਬਣਨ ਦੇ ਬਾਵਜੂਦ ਹਰਿਆਣਾ, ਗੋਆ ਤੇ ਰਾਜਸਥਾਨ ਆਦਿ ਸੂਬਿਆਂ ਵਿਚ 'ਆਇਆ ਰਾਮ, ਗਿਆ ਰਾਮ' ਦੀ ਸ਼ਤਰੰਜ ਬਾਦਸਤੂਰ ਖੇਡੀ ਜਾ ਰਹੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਲਗਪਗ ਹਰ ਸਿਆਸੀ ਪਾਰਟੀ ਵਿਚ ਦਲ-ਬਦਲੂਆਂ ਦਾ ਬੋਲਬਾਲਾ ਹੈ। ਪੁਰਖਿਆਂ ਵੱਲੋਂ ਸਿਰ ਵਾਰ ਕੇ ਹਾਸਲ ਕੀਤੇ ਗਏ ਲੋਕਤੰਤਰ ਵਿਚ ਦਰਅਸਲ ਸਿਰਾਂ ਦੀ ਗਿਣਤੀ ਕਰ ਕੇ ਹੀ ਸਰਕਾਰਾਂ ਬਣਦੀਆਂ ਹਨ। ਵਿਡੰਬਣਾ ਇਹ ਹੈ ਕਿ ਅੰਗੂਠਾ ਛਾਪ, ਅੱਧ-ਪੜ੍ਹ ਅਤੇ ਪੜ੍ਹੇ-ਲਿਖੇ ਹਰ ਵਿਅਕਤੀ ਦੀ ਵੋਟ ਦਾ ਮੁੱਲ ਬਰਾਬਰ ਹੈ। ਇਸ ਨੂੰ ਜਮਹੂਰੀਅਤ ਦੀ ਤਾਕਤ ਅਤੇ ਖ਼ੂਬਸੂਰਤੀ ਵੀ ਕਿਹਾ ਜਾਂਦਾ ਹੈ। ਆਮ ਆਦਮੀ 'ਦਾਤਾ' ਬਣ ਕੇ ਮਤਦਾਨ ਕਰਦਾ ਹੈ। ਸਿੰਘਾਸਣਾਂ 'ਤੇ ਨਜ਼ਰ ਟਿਕਾਈ ਬੈਠੇ ਨੇਤਾ ਲੋਕ ਪੰਜੀਂ ਸਾਲੀਂ ਠੂਠਾ ਫੜੀ ਆਮ ਆਦਮੀ ਦੇ ਦਰ 'ਤੇ ਖ਼ੈਰਾਤ ਲਈ ਅਲਖ ਜਗਾਉਂਦੇ ਹਨ। ਸੱਤਾ ਹਾਸਲ ਕਰਨ ਤੋਂ ਬਾਅਦ ਫਿਰ ਝੋਲੀ ਅੱਡਣ ਦੀ ਵਾਰੀ ਆਮ ਆਦਮੀ ਦੀ ਹੁੰਦੀ ਹੈ। ਸਾਡੇ ਸੰਵਿਧਾਨ ਨੇ ਦੇਸ਼ ਦੇ ਹਰ ਨਾਗਰਿਕ ਨੂੰ ਸਮਾਨਤਾ ਦਾ ਅਧਿਕਾਰ ਦੇ ਰੱਖਿਆ ਹੈ। ਅਫ਼ਸੋਸ! ਸੰਵਿਧਾਨ ਦੇ ਲਾਗੂ ਹੋਣ ਤੋਂ ਸੱਤ ਦਹਾਕਿਆਂ ਬਾਅਦ ਵੀ ਸਾਡੇ ਨੇਤਾ ਲੋਕ ਸਰੇ-ਬਾਜ਼ਾਰ ਵਿਕ ਜਾਂਦੇ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ ਸਾਡੇ ਵੋਟਰ ਵਿਚ ਅਜੇ ਤਕ ਉਹ ਸੂਝ-ਸਿਆਣਪ ਨਹੀਂ ਆਈ ਜੋ ਵਿਕਸਤ ਦੇਸ਼ਾਂ ਦੇ ਮਤਦਾਤਿਆਂ ਵਿਚ ਵੇਖਣ ਨੂੰ ਮਿਲਦੀ ਹੈ। ਸਾਡੇ ਨੇਤਾ ਲੋਕ ਦਰਅਸਲ ਇਸ ਲਈ ਵਿਕ ਜਾਂਦੇ ਹਨ ਕਿਉਂਕਿ ਸਾਡੇ ਵੋਟਰ ਵੀ ਵਿਕਦੇ ਹਨ। ਫਿਰ ਜਿਹੋ ਜੇਹੇ ਅਸੀਂ ਹੋਵਾਂਗੇ, ਉਹੋ ਜੇਹੇ ਅਸੀਂ ਆਪਣੇ ਨੁਮਾਇੰਦੇ ਚੁਣਾਂਗੇ। ਸਾਡੇ ਨੇਤਾ ਭੋਲੇ-ਭਾਲੇ ਵੋਟਰਾਂ ਨੂੰ ਭਰਮਾ ਕੇ ਜਾਂ ਲੋਭ-ਲਾਲਚ ਦੇ ਕੇ ਵੋਟਾਂ ਲੈਂਦੇ/ਖ਼ਰੀਦਦੇ ਆਏ ਹਨ। ਨਾਗਰਿਕ ਸ਼ਾਸਤਰ ਤੋਂ ਕੋਰੇ ਬਹੁਤੇ ਲੋਕਾਂ ਨੂੰ ਅਜੇ ਤਕ ਆਪਣੀ ਵੋਟ ਦੀ ਤਾਕਤ/ਕੀਮਤ ਦਾ ਅਹਿਸਾਸ ਨਹੀਂ ਹੋਇਆ। ਬਹੁਤਾਤ ਆਪਣੇ ਮੁੱਢਲੇ ਅਧਿਕਾਰਾਂ ਤੋਂ ਅਨਜਾਣ ਹੈ। ਅੱਜ ਵੀ ਸਾਡੇ ਲੋਕ ਸਮਾਜਿਕ ਅਸਮਾਨਤਾ ਦੇ ਸ਼ਿਕਾਰ ਹਨ। ਸਾਨੂੰ ਸਹਿਜੇ ਹੀ ਜਾਤ-ਪਾਤ ਜਾਂ ਫ਼ਿਰਕਾਪ੍ਰਸਤੀ ਵੰਡ ਦਿੰਦੀ ਹੈ। ਬਹੁਤੇ ਲੋਕ ਸ਼ੋਸ਼ਣ ਵਿਰੁੱਧ ਅਧਿਕਾਰਾਂ ਤੋਂ ਵੀ ਅਣਭਿੱਜ ਹਨ। ਭਾਰਤ ਭਿੰਨਤਾਵਾਂ ਦਾ ਦੇਸ਼ ਹੈ ਤੇ ਚਾਲਬਾਜ਼ ਨੇਤਾ ਜਾਂ ਉਨ੍ਹਾਂ ਦੀਆਂ ਸਿਆਸੀ/ਧਾਰਮਿਕ ਜਮਾਤਾਂ ਸਾਨੂੰ ਤਕਸੀਮ ਕਰ ਕੇ ਆਪਣਾ ਉੱਲੂ ਸਿੱਧਾ ਕਰਦੀਆਂ ਆ ਰਹੀਆਂ ਹਨ। ਇਸੇ ਦੀ ਵਜ੍ਹਾ ਕਰ ਕੇ ਸਾਡੇ ਮੌਲਿਕ ਅਧਿਕਾਰ ਵੀ ਸੁਰੱਖਿਅਤ ਨਹੀਂ ਹਨ। ਦਮਨਕਾਰੀ ਜਾਂ ਡੰਡਾਤੰਤਰ ਸਾਡੀ ਹੋਣੀ ਬਣ ਚੁੱਕਾ ਹੈ। ਜਦੋਂ ਤਕ ਅਸੀਂ ਆਪਣੇ ਨੁਮਾਇੰਦਿਆਂ ਦੇ ਆਦਰਸ਼ ਗੁਣਾਂ ਨੂੰ ਵਿਚਾਰੇ ਬਗ਼ੈਰ ਵੋਟਾਂ ਪਾਉਂਦੇ ਰਹਾਂਗੇ ਤਦ ਤਕ 'ਆਇਆ ਰਾਮ, ਗਿਆ ਰਾਮ' ਅਖਾਣ ਦੀ ਸਾਰਥਿਕਤਾ ਬਰਕਰਾਰ ਰਹੇਗੀ। ਲੋਕ ਜਦੋਂ ਯੋਗ ਨਾਗਰਿਕਾਂ ਨੂੰ ਆਪਣੇ ਨੁਮਾਇੰਦੇ ਬਣਾਉਣਗੇ ਤਦ

ਹੀ ਅਸਲੀ ਲੋਕਰਾਜ ਹੋਵੇਗਾ। ਗੱਲ ਇਕ ਸੂਬੇ ਜਾਂ ਕਿਸੇ ਵਿਸ਼ੇਸ਼ ਸਿਆਸੀ ਜਮਾਤ ਦੀ ਨਹੀਂ ਬਲਕਿ ਇੱਥੇ ਤਾਂ ਆਵਾ ਹੀ ਊਤਿਆ ਹੋਇਆ ਹੈ। ਪੰਜਾਬ ਵਿਧਾਨ ਸਭਾ ਦੇ ਚੱਲਦੇ ਸੈਸ਼ਨ ਦੌਰਾਨ 'ਆਪ' ਦੇ ਵਿਧਾਇਕ ਜਗਤਾਰ ਸਿੰਘ ਹਿੱਸੋਵਾਲ ਨੇ ਤਾਂ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਕੇ 'ਗਯਾ ਰਾਮ' ਨੂੰ ਵੀ ਮਾਤ ਦੇ ਕੇ ਲੋਕਤੰਤਰ ਵਿਚ ਨਵਾਂ ਇਤਿਹਾਸ ਰਚਿਆ ਹੈ। ਪੌਣੇ ਪੰਜ ਸਾਲ ਪਹਿਲਾਂ 'ਆਪ' 20 ਸੀਟਾਂ ਜਿੱਤ ਕੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਬਣੀ ਸੀ। ਅੱਜ ਉਸ ਕੋਲ ਸਿਰਫ਼ ਗਿਆਰਾਂ ਵਿਧਾਇਕ ਰਹਿ ਗਏ ਹਨ। ਸੌ ਸਾਲ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਨੂੰ ਤੀਜਾ ਸਥਾਨ ਹਾਸਲ ਹੋਇਆ ਸੀ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਹਰ ਸਿਆਸੀ ਪਾਰਟੀ ਦਾ 'ਆਇਆ ਰਾਮ, ਗਿਆ ਰਾਮ' ਸੁਰਖੀਆਂ ਬਟੋਰ ਸਕਦਾ ਹੈ।

14 ਨਵੰਬਰ

# ਨੇਤਾ ਬਨਾਮ ਅਭਿਨੇਤਾ

ਚੋਣਾਂ ਨੇੜੇ ਆਉਂਦੀਆਂ ਵੇਖ ਨੇਤਾ ਵੀ ਅਭਿਨੇਤਾ ਬਣ ਜਾਂਦੇ ਹਨ। ਲੱਛੇਦਾਰ ਭਾਸ਼ਣਾਂ ਰਾਹੀਂ ਵੱਡੇ-ਵੱਡੇ ਵਾਅਦਿਆਂ ਦੀ ਝੜੀ ਲਾ ਦਿੰਦੇ ਹਨ। ਇਸ ਤੋਂ ਉਲਟ, ਚੋਣਾਂ ਦੇ ਮੌਸਮ ਦੌਰਾਨ ਕਈ ਅਭਿਨੇਤਾ, ਨੇਤਾ ਬਣਨ ਦੀ ਹੋੜ ਵਿਚ ਹੁੰਦੇ ਹਨ। ਅਭਿਨੈ ਵਿਚ ਕਈ ਵਾਰ ਨੇਤਾ, ਅਭਿਨੇਤਾ ਤੋਂ ਵੀ ਅੱਗੇ ਲੰਘ ਜਾਂਦੇ ਹਨ। ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਦਾਕਾਰੀ ਦੇ ਅਜਬ ਨਜ਼ਾਰੇ ਦੇਖਣ ਨੂੰ ਮਿਲ ਰਹੇ ਹਨ। ਸਿਆਸਤਦਾਨ ਆਪਣਾ 'ਵੋਟ ਬੈਂਕ' ਪੱਕਾ ਕਰਨ ਲਈ 'ਦਾਤਾ' ਜਾਂ 'ਬਾਦਸ਼ਾਹ' ਬਣ ਜਾਂਦੇ ਹਨ। ਵੋਟਰਾਂ ਨੂੰ ਆਕਾਵਾਂ ਵੱਲੋਂ ਖਿੱਲਤਾਂ (ਖ਼ਿਲਅਤਾਂ) ਬਖਸ਼ਿਸ਼ ਹੁੰਦੀਆਂ ਹਨ। ਅਜਿਹਾ ਕਰਦਿਆਂ ਉਹ ਪੰਜਾਬ ਦੇ ਅਮੀਰ ਵਿਰਸੇ ਨੂੰ ਭੁੱਲ ਜਾਂਦੇ ਹਨ। ਪੰਜ ਦਰਿਆਵਾਂ ਦੀ ਧਰਤੀ ਬਾਰੇ ਅਕਸਰ ਕਿਹਾ ਜਾਂਦਾ ਸੀ ਕਿ ਪੰਜਾਬ ਜੇਹੀ ਬਾਦਸ਼ਾਹੀ ਕਿਧਰੇ ਨਹੀਂ ਲੱਭਦੀ। ਜਾਂ, ਪੰਜਾਬ ਵਿਚ ਜੰਮਣਾ ਸਵਾਬ ਹੈ। ਇਕ ਸਮਾਂ ਸੀ ਕਿ ਪੰਜਾਬ ਦਾ ਜਾਇਆ ਭੁੱਖਾ ਤਾਂ ਮਰਨ ਨੂੰ ਤਿਆਰ ਹੁੰਦਾ ਪਰ ਉਸ ਨੇ ਆਪਣੇ ਹੱਥਾਂ 'ਚ ਕਦੇ ਠੂਠਾ ਨਹੀਂ ਸੀ ਫੜਿਆ। ਪੰਜਾਬ ਦੀ ਰਮਣੀਕ ਧਰਤੀ 'ਤੇ ਲੋਕੋਕਤੀਆਂ ਵੀ ਛਿੱਥੀਆਂ ਪੈ ਜਾਂਦੀਆਂ ਸਨ ਕਿ ਮੰਗਤਿਆਂ ਕੋਲ ਮਨਮਰਜ਼ੀ ਦੇ ਪਕਵਾਨ ਖਾਣ ਦਾ ਅਧਿਕਾਰ ਨਹੀਂ ਹੁੰਦਾ। ਪੰਜਾਬ ਵਿਚ ਤਾਂ ਥਾਂ-ਥਾਂ ਲੱਗਦੇ ਨਾਨਾ ਪ੍ਰਕਾਰ ਦੇ ਲੰਗਰਾਂ ਵਿਚ ਕੋਈ ਵੀ ਆਪਣੀ ਮਨਪਸੰਦ ਦਾ ਪਕਵਾਨ ਖਾ ਸਕਦਾ ਹੈ। ਸਰਬੱਤ ਦੀ ਖੈਰ ਮੰਗਣ ਵਾਲਿਆਂ ਨੇ ਕਿਸੇ ਕੋਲੋਂ ਖੈਰਾਤ ਖਾਤਰ ਝੋਲੀ ਨਹੀਂ ਸੀ ਅੱਡੀ। ਹਲ ਦੀ ਹੱਥੀ ਫੜ ਕੇ ਬਾਬੇ ਨਾਨਕ ਨੇ ਉਨ੍ਹਾਂ ਨੂੰ 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਮੰਤਰ ਪੜ੍ਹਾਇਆ ਸੀ। ਉਦਾਸੀਆਂ ਤੋਂ ਕਰਤਾਰਪੁਰ ਨਗਰੀ ਵਾਪਸ ਪਰਤੇ ਬਾਬੇ ਨੇ ਖੇਤਾਂ ਵਿਚ ਖ਼ੁਦ ਕਿਰਤ ਕਮਾਈ ਕਰ ਕੇ ਲੋੜਵੰਦਾਂ ਨੂੰ ਇਸ ਦਾ ਹਿੱਸਾ ਵੰਡਿਆ ਸੀ। ਆਪਣੇ ਖੇਤਾਂ ਵਿਚ ਬੈਲਾਂ ਦੀ ਜੋੜੀ ਨਾਲ ਹਲ ਵਾਹੁੰਦਿਆਂ ਤੇ ਰਾਹਲਾਂ ਅਤੇ ਸਿਆੜ ਕੱਢਦਿਆਂ ਦੀ ਤਸਵੀਰ ਹਰ ਨਾਨਕ ਨਾਮਲੇਵਾ ਦੇ ਘਰ ਦੀ ਕੰਧ ਦਾ ਸ਼ਿੰਗਾਰ ਹੋਇਆ ਕਰਦੀ ਸੀ। ਹੱਥੀਂ ਕਾਰ ਦਾ ਮਹਾਤਮ ਦੱਸਣ ਵਾਲੀ ਤਸਵੀਰ ਹੌਲੀ-ਹੌਲੀ ਲੋਪ ਹੋਣੀ ਸ਼ੁਰੂ ਹੋ ਗਈ। ਅਜੋਕੀਆਂ ਭੁਲੇਖਾ ਪਾਊ ਤਸਵੀਰਾਂ 'ਚੋਂ ਇੰਜ ਲੱਗਦਾ ਹੈ ਜਿਵੇਂ ਨਾਨਕ ਸਾਹਿਬ ਨੇ ਸਾਰੀ ਉਮਰ 'ਆਰਾਮ' ਹੀ ਕੀਤਾ ਹੋਵੇ। ਸੱਚਾਈ ਤਾਂ ਇਹ ਹੈ ਕਿ ਜਗ ਤਾਰਨ ਤੇ ਕੁਰਾਹੇ ਪਿਆਂ ਨੂੰ ਰਾਹੇ ਪਾਉਣ ਲਈ ਗੁਰੂ ਨਾਨਕ ਸਾਹਿਬ ਨੇ ਹਜ਼ਾਰਾਂ ਕਿਲੋਮੀਟਰ ਲੰਬੀਆਂ ਉਦਾਸੀਆਂ ਕੀਤੀਆਂ ਸਨ। ਇਲਾਹੀ ਯਾਤਰੀ ਦੇ ਪੈਰਾਂ ਦੀਆਂ ਬਿਆਈਆਂ ਅਤੇ ਅਨੋਖੇ ਹਾਲੀ ਦੇ ਹੱਥਾਂ ਵਿਚ ਪਏ ਅੱਟਣ ਕਿਸੇ ਵੀ ਚਿੱਤਰਕਾਰ ਦੇ ਤਸੱਵਰ ਦਾ ਹਿੱਸਾ ਨਾ ਬਣ ਸਕੇ। ਅਫ਼ਸੋਸ! ਪੰਜਾਬ ਦੇ

ਜਾਇਆਂ ਨੇ ਵੀ ਹੱਥੀਂ ਕਾਰ ਨੂੰ ਤਿਲਾਂਜਲੀ ਦੇਣੀ ਸ਼ੁਰੂ ਕਰ ਦਿੱਤੀ। ਕੁਦਰਤੀ ਸੀ ਕਿ ਕਾਠ ਚਬਾਉਣਾ ਉਨ੍ਹਾਂ ਦੀ ਹੋਣੀ ਬਣ ਗਿਆ। ਜਿਨ੍ਹਾਂ ਦੇ ਦਰਵਾਜ਼ਿਆਂ 'ਤੇ ਹਾਥੀ ਝੂਲਦੇ ਸਨ, ਉਹ ਕੱਖੋਂ ਹੌਲਾ ਹੋਣਾ ਸ਼ੁਰੂ ਹੋ ਗਏ। ਸਾਡੇ ਨੇਤਾਵਾਂ ਨੇ ਮਾਰਗ-ਦਰਸ਼ਨ ਕਰਨ ਦੀ ਬਜਾਏ ਵਾ-ਵਰੋਲੇ ਉਡਾਉਣੇ ਸ਼ੁਰੂ ਕਰ ਦਿੱਤੇ। ਗ਼ਰੀਬ ਦੇ ਮੂੰਹ ਨੂੰ ਗੁਰੂ ਕੀ ਗੋਲਕ ਸਮਝਣ ਵਾਲੀ ਕੌਮ, ਜਿਹੜੀ ਆਟੇ ਵਿਚ ਲੂਣ ਬਰਾਬਰ ਸੀ, ਉਹ ਦੂਜਿਆਂ ਦੇ ਹੱਥਾਂ ਵੱਲ ਝਾਕਣ ਲੱਗ ਪਈ। ਸਾਡੇ ਸਿਆਸਤਦਾਨਾਂ ਨੇ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਅਟੁੱਟ ਲੰਗਰ ਲਗਾਉਣ ਵਾਲਿਆਂ ਨੂੰ 'ਆਟਾ-ਦਾਲ' ਦੀ ਚਾਟ 'ਤੇ ਲਾ ਲਿਆ। ਫਿਰ ਬਿਜਲੀ-ਪਾਣੀ ਮੁਫ਼ਤ ਕਰਨ ਦੀ ਕਵਾਇਦ ਨੇ ਮਿਹਨਤਕਸ਼ ਪੰਜਾਬੀਆਂ ਨੂੰ 'ਮੁਫ਼ਤਖੋਰੇ' ਬਣਾਉਣ ਲਈ ਕੋਈ ਕਸਰ ਨਾ ਛੱਡੀ। 'ਊਧੇ ਭਾਂਡੇ ਟਿਕੇ ਨ ਕੋਇ' ਦੀ ਲੋਕ-ਸਿਆਣਪ ਵੱਲ ਤਵੱਜੋ ਨਾ ਦਿੱਤੀ ਗਈ। ਅੰਗਰੇਜ਼ੀ ਦੀ ਕਹਾਵਤ ਹੈ ਕਿ ਕਿਸੇ ਨੂੰ ਮੱਛੀ ਦਿਉ ਤਾਂ ਉਹ ਅਗਲੇ ਦਿਨ ਫਿਰ ਭੁੱਖਾ ਹੋਵੇਗਾ। ਬਿਹਤਰ ਹੈ ਕਿ ਕਿਸੇ ਭੁੱਖੇ ਨੂੰ ਮੱਛੀ ਫੜਨ ਦੀ ਜਾਚ ਸਿਖਾਓ ਤਾਂ ਜੋ ਉਹ ਤਾਉਮਰ ਰੱਜਿਆ ਰਹਿ ਸਕੇ। ਖ਼ੂਨ-ਪਸੀਨਾ ਇਕ ਕਰ ਕੇ 'ਵੰਡ ਛਕਾਉਣ' ਵਾਲਿਆਂ ਨੂੰ ਮੁਫ਼ਤਖੋਰ ਬਣਾਉਣ ਦੀ ਕੋਸ਼ਿਸ਼ ਕਰਨ ਵਾਲੇ ਦਰਅਸਲ ਉਨ੍ਹਾਂ ਨੂੰ 'ਨਿਕੰਮੇ' ਬਣਾਉਣ ਦੀ ਹੋੜ ਵਿਚ ਹਨ। ਨਿਊਜ਼ੀਲੈਂਡ, ਕੈਨੇਡਾ, ਅਮਰੀਕਾ ਦੀਆਂ ਉਦਾਹਰਨਾਂ ਸਾਹਮਣੇ ਹਨ ਜਿੱਥੇ ਮੂਲ ਵਾਸੀਆਂ ਨੂੰ ਤਾਉਮਰ ਦੀਆਂ ਮੋਟੀਆਂ ਪੈਨਸ਼ਨਾਂ ਲਗਾ ਕੇ ਨਕਾਰਾ ਕੀਤਾ ਗਿਆ ਹੈ। ਉੱਥੋਂ ਦੇ ਮੂਲ ਵਾਸੀ ਆਪਣੀਆਂ ਸਰਕਾਰਾਂ ਵੱਲੋਂ ਮਿਲਦੀਆਂ ਖੈਰਾਤਾਂ ਕਾਰਨ ਕੰਮ ਕਰਨ ਦੀ ਬਜਾਏ ਐਸ਼ੋ-ਇਸ਼ਰਤ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵੀ ਇਨ੍ਹਾਂ ਲੀਹਾਂ 'ਤੇ ਤੁਰਦਾ ਜਾਪ ਰਿਹਾ ਹੈ। ਪੰਜਾਬੀ ਜਾਂ ਤਾਂ ਜਹਾਜ਼ ਫੜ ਕੇ ਪਰਵਾਸ ਕਰ ਰਹੇ ਹਨ ਤੇ ਜਾਂ ਰੁਜ਼ਗਾਰ ਖ਼ਾਤਰ ਟੈਂਕੀਆਂ 'ਤੇ ਚੜ੍ਹਨ ਲਈ ਮਜਬੂਰ ਹਨ। ਪਰਵਾਸ ਕਰ ਗਏ ਪੰਜਾਬੀਆਂ ਦੇ ਆਲੀਸ਼ਾਨ ਘਰਾਂ ਦੇ ਬਾਹਰ ਲਟਕੇ ਜਿੰਦਰੇ ਪੰਜਾਬ ਦੀ ਤ੍ਰਾਸਦੀ ਬਿਆਨ ਕਰਦੇ ਹਨ। ਮਿਹਨਤ ਤੋਂ ਕਿਨਾਰਾਕਸ਼ੀ ਕਰ ਰਹੇ ਪੰਜਾਬੀਆਂ ਦੇ ਕਾਰੋਬਾਰ ਚੌਪਟ ਹੋ ਰਹੇ ਹਨ। ਦੀਵਿਆਂ ਵਿਚ ਜਦ ਤੇਲ ਪਾਉਣ ਲਈ ਮਾਇਆ ਨਾ ਬਚੇ ਤਾਂ ਉਹ (ਦੀਵੇ) ਦੇਹਲੀਆਂ ਮੱਲ ਲੈਂਦੇ ਹਨ। 'ਖੇਤੀ ਕਰਮਾਂ ਸੇਤੀ' ਅਖਾਣ ਅਨੁਸਾਰ ਖੇਤੀਬਾੜੀ ਵੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ। ਸਰਕਾਰਾਂ ਦੀਆਂ ਨੀਤੀਆਂ-ਬਦਨੀਤੀਆਂ ਕਾਰਨ ਕਿਸਾਨ ਆਪਣੇ ਹੀ ਖੇਤਾਂ ਵਿਚ ਫਾਹੇ ਲੈਣ ਲਈ ਮਜਬੂਰ ਹੋ ਰਹੇ ਹਨ। ਖੈਰਾਤਾਂ ਦੀ ਲੱਗੀ ਸੇਲ ਤਾਂ ਚੋਣਾਂ ਲੰਘਣ ਤੋਂ ਬਾਅਦ ਹੀ ਖ਼ਤਮ ਹੋ ਜਾਵੇਗੀ। ਘਰ ਬੈਠੀਆਂ 18 ਸਾਲ ਤੋਂ ਵੱਧ ਉਮਰ ਦੀਆਂ ਬੀਬੀਆਂ-ਭੈਣਾਂ ਨੂੰ ਹਜ਼ਾਰ-ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਭਰਮਾਉਣ ਵਾਲਾ ਹੈ। ਮੁਫ਼ਤ ਬੱਸ ਸੇਵਾ ਦੀ ਸਹੂਲਤ ਤੋਂ ਬਾਅਦ ਔਰਤਾਂ ਕਹਿੰਦੀਆਂ ਹਨ ਕਿ ਭਾੜਾ ਭਾਵੇਂ ਵੱਧ ਲੈ ਲੈਣ ਪਰ ਉਨ੍ਹਾਂ ਨੂੰ ਅੱਡਿਆਂ 'ਤੇ ਖੜ੍ਹੀਆਂ ਨੂੰ ਦੇਖ ਕੇ ਡਰਾਈਵਰ ਬੱਸਾਂ ਨਾ ਭਜਾਉਣ। ਪੰਜਾਬ ਦੇ ਲੋਕ ਮੁਫ਼ਤ ਦੀ ਤੀਰਥ ਯਾਤਰਾ ਕਰਦੇ-ਕਰਦੇ ਵੀ ਅੱਕ-ਥੱਕ ਗਏ ਹਨ। ਤਿੰਨ ਲੱਖ ਕਰੋੜ ਦਾ ਕਰਜ਼ਾ ਉਤਾਰਨ ਲਈ ਵੀ ਕਰਜ਼ਾ ਲਿਆ ਜਾ ਰਿਹਾ ਹੈ। ਰੰਗਲੇ ਪੰਜਾਬ ਨੂੰ ਕੰਗਲਾ ਬਣਾਉਣ ਲਈ ਚਾਲਾਂ-ਕੁਚਾਲਾਂ ਚੱਲੀਆਂ ਜਾ ਰਹੀਆਂ ਹਨ। ਵਪਾਰੀਆਂ ਵਾਂਗ ਵਾਅਦੇ

ਵਫ਼ਾ ਕਰਨ ਦੀਆਂ ਗਾਰੰਟੀਆਂ ਦਿੱਤੀਆਂ ਜਾ ਰਹੀਆਂ ਹਨ। ਚੋਣਾਂ ਤੋਂ ਬਾਅਦ ਅਜਿਹੀਆਂ ਗਾਰੰਟੀਆਂ-ਵਰੰਟੀਆਂ ਦਾ ਕੀ ਬਣੇਗਾ, ਇਹ ਜਗ ਜਾਣਦਾ ਹੈ। ਅੰਬ ਵੱਢ ਕੇ ਅੱਕਾਂ ਨੂੰ ਵਾੜ ਕੀਤੀ ਜਾ ਰਹੀ ਹੈ। ਸ਼ੇਰਾਂ ਦੇ ਮੂੰਹ ਭਵਾਂ ਦੇਣ ਵਾਲੇ ਛੈਲ-ਛਬੀਲੇ ਪੰਜਾਬੀ ਹੁਣ ਕੱਦ-ਕਾਠ ਤੋਂ ਮਾਰ ਖਾ ਰਹੇ ਹਨ ਜਿਸ ਕਰਕੇ ਬਹੁਤਿਆਂ ਦੀ ਫ਼ੌਜ/ਪੁਲਿਸ ਵਿਚ ਭਰਤੀ ਤਕ ਵੀ ਨਹੀਂ ਹੁੰਦੀ। ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬੀਆਂ ਨੂੰ ਸੋਨੇ ਦੀ ਛੁਰੀ ਨਾਲ ਹਲਾਲ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਯੋਜਨਾਵਾਂ ਉਲੀਕਣ। ਲਾਰੇ-ਲੱਪੇ ਲਾ ਕੇ ਤੇ ਫੋਕੇ ਵਾਅਦੇ ਕਰ ਕੇ ਵਿਧਾਨ ਸਭਾ/ਸੰਸਦ ਦੀਆਂ ਬਰੂਹਾਂ ਟੱਪਣ ਵਾਲਿਆਂ ਨੂੰ ਸਮਾਂ ਕਦੇ ਮਾਫ਼ ਨਹੀਂ ਕਰਦਾ।

28 ਨਵੰਬਰ

# ਕਿਰਦਾਰਕੁਸ਼ੀ ਕਿਉਂ ?

ਤਹਿਜ਼ੀਬਯਾਫ਼ਤਾ ਲੋਕ ਕਿਸੇ ਦੀ ਕਿਰਦਾਰਕੁਸ਼ੀ ਨਹੀਂ ਕਰਦੇ। ਆਲੋਚਨਾ ਖ਼ਾਤਰ ਆਲੋਚਨਾ ਜਾਂ ਚਿੱਕੜ-ਉਛਾਲੀ ਕਰਨਾ ਤਾਂ ਸਨਕੀਆਂ /ਖ਼ਬਤੀਆਂ ਦੇ ਹਿੱਸੇ ਆਇਆ ਹੈ। ਉਹ ਸ਼ੀਸ਼ੇ ਦੇ ਘਰਾਂ 'ਚ ਰਹਿ ਕੇ ਵੀ ਦੂਜਿਆਂ 'ਤੇ ਪੱਥਰਬਾਜ਼ੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਸੰਕੀਰਣ ਸੋਚ ਵਾਲੇ ਬੌਣੇ ਲੋਕ ਧੀਆਂ-ਭੈਣਾਂ ਦੀ ਮਿੱਟੀ ਪਲੀਤ ਕਰਨ ਤੋਂ ਵੀ ਬਾਜ਼ ਨਹੀਂ ਆਉਂਦੇ। ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੀ 21 ਸਾਲਾ ਧੀ ਹਰਨਾਜ਼ ਕੌਰ ਸੰਧੂ ਨੇ ਲਾਰਾ ਦੱਤਾ ਤੋਂ ਬਾਅਦ 21 ਸਾਲ ਪਿੱਛੋਂ ਜਦੋਂ ਮਿਸ ਯੂਨੀਵਰਸ ਦਾ ਖ਼ਿਤਾਬ ਜਿੱਤਿਆ ਤਾਂ ਦੇਸ਼ ਭਰ ਵਿਚ ਜ਼ਸਨ ਮਨਾਇਆ ਗਿਆ। ਹਰਨਾਜ਼ ਦੀ ਪ੍ਰਾਪਤੀ 'ਤੇ ਨਾਜ਼ ਕਰਨ ਦੀ ਬਜਾਏ ਕੁਝ ਸੌੜੀ ਸੋਚ ਵਾਲਿਆਂ ਨੇ ਉਸ ਦਾ ਭੰਡੀ ਪ੍ਰਚਾਰ ਸ਼ੁਰੂ ਕਰ ਦਿੱਤਾ। ਧੀਆਂ-ਭੈਣਾਂ ਨੂੰ ਛੱਜ 'ਚ ਪਾ ਕੇ ਛੱਟਣਾ ਪੰਜਾਬੀਆਂ ਦਾ ਸੁਭਾਅ ਨਹੀਂ ਸੀ। ਪੰਜਾਬਣਾਂ ਬਾਰੇ ਆਮ ਰਾਏ ਹੈ ਕਿ ਉਹ ਜਿਸ ਖੇਤਰ ਵਿਚ ਵੀ ਕੁੱਦਦੀਆਂ ਹਨ, ਸਫਲਤਾ ਉਨ੍ਹਾਂ ਦੀ ਕਦਮਬੋਸੀ ਕਰਦੀ ਹੈ। ਹਰਨਾਜ਼ ਉਸ ਜ਼ਿਲ੍ਹੇ ਦੀ ਜੰਮਪਲ ਹੈ, ਜਿੱਥੇ ਪਾਕਿਸਤਾਨ ਵੱਲੋਂ ਆਏ ਦਿਨ ਚਾਂਦਮਾਰੀ ਹੁੰਦੀ ਰਹਿੰਦੀ ਹੈ। ਇਹ ਉਹ ਇਲਾਕਾ ਹੈ ਜਿੱਥੋਂ ਦੇ ਲੋਕ ਵਿਦੇਸ਼ੀ ਧਾੜਵੀਆਂ ਦੇ ਦੰਦ ਖੱਟੇ ਕਰਨ ਲਈ ਉਨੀਂਦਰੇ ਝਾਗਦੇ ਸਨ ਤਾਂ ਜੋ ਦੇਸ਼ ਵਾਸੀ ਚੈਨ ਦੀ ਨੀਂਦ ਸੌਂ ਸਕਣ। ਅਜਿਹੇ ਇਲਾਕੇ ਤੋਂ ਉੱਠ ਕੇ ਵਿਸ਼ਵ ਮੰਚ 'ਤੇ ਪਹੁੰਚਣਾ ਕੋਈ ਘੱਟ ਪ੍ਰਾਪਤੀ ਨਹੀਂ ਹੈ। ਜ਼ਮੀਨ ਨਾਲ ਜੁੜੇ ਹੋਣ ਦੇ ਬਾਵਜੂਦ ਹਰਨਾਜ਼ ਅੰਬਰ ਦੇ ਤਾਰਿਆਂ ਨਾਲ ਸੰਵਾਦ ਰਚਾਉਂਦੀ ਰਹੀ। ਉਸ ਦੇ ਸੁਪਨਿਆਂ ਨੂੰ ਖੰਭ ਉਸ ਦੇ ਪਰਿਵਾਰ ਨੇ ਲਾਏ। ਮਿਸ ਯੂਨੀਵਰਸ ਮੁਕਾਬਲਾ ਜਿਸਮ ਦਾ ਨਹੀਂ ਬਲਕਿ ਕਾਬਲੀਅਤ ਦੀ ਪ੍ਰਦਰਸ਼ਨੀ ਹੈ। ਉਸ ਦੇ ਆਲੋਚਕ ਕਹਿੰਦੇ ਹਨ ਕਿ 'ਸਾਡੇ ਮਾਣਮੱਤੇ ਵਿਰਸੇ ਤੇ ਪੰਜਾਬ ਦੀ ਅਣਖੀ ਮਿੱਟੀ ਦੇ ਜਾਏ ਜਿਣਸੀ ਖ਼ਾਹਿਸ਼ਾਂ ਦੀ ਮੂੰਹਜ਼ੋਰ ਹਨੇਰੀ ਅੱਗੇ ਕੱਖਾਂ ਵਾਂਗ ਉੱਡ ਰਹੇ ਹਨ। ਹਰਨਾਜ਼ ਦੇ ਸਿਰ 'ਤੇ ਧਰਿਆ ਇਹ ਤਾਜ ਅਗਲੇ ਸਾਲਾਂ 'ਚ ਹਜ਼ਾਰਾਂ ਪੰਜਾਬ ਦੀਆਂ ਬੱਚੀਆਂ ਨੂੰ ਸਰੀਰ 'ਤੇ ਲੀੜੇ ਭਾਰੇ ਲੱਗਣ ਲਾ ਦੇਵੇਗਾ।" ਅਜਿਹੀਆਂ ਟਿੱਪਣੀਆਂ ਹਰਨਾਜ਼ ਨਾਲ ਜ਼ਿਆਦਤੀ ਹਨ। ਹਰਨਾਜ਼ ਦਾ ਤਾਇਆ ਜਸਵਿੰਦਰ ਸਿੰਘ ਹਰਨਾਜ਼ ਨੂੰ ਬੀਬੀ ਧੀ ਕਹਿੰਦਾ ਹੈ। ਉਸ ਦੇ ਅਧਿਆਪਕ ਅਤੇ ਅਣਗਿਣਤ ਪ੍ਰਸ਼ੰਸਕ ਉਸ ਨੂੰ ਬੇਹੱਦ ਸਲੀਕੇ ਵਾਲੀ ਕੁੜੀ ਕਹਿ ਕੇ ਵਡਿਆਉਂਦੇ ਹਨ। ਮਿਸ ਯੂਨੀਵਰਸ ਦਾ ਖ਼ਿਤਾਬ ਜਿੱਤਣ ਤੋਂ ਬਾਅਦ ਹਰਨਾਜ਼ ਦੇ ਪਿੰਡ ਕੁਹਾਲੀ 'ਚ ਭੰਗੜਾ ਪੈਂਦਾ ਹੈ। ਸਾਦੀ ਜਿਹੀ ਕੁੜੀ ਦੀ ਅਸਧਾਰਨ ਪ੍ਰਾਪਤੀ 'ਤੇ ਬਹੁਤੇ ਲੋਕ ਮਾਣ ਮਹਿਸੂਸ ਕਰ ਰਹੇ ਹਨ। ਸੱਭਿਆਚਾਰ ਨੂੰ ਸੰਭਾਲਣਾ ਮਾਣ ਵਾਲੀ ਗੱਲ ਹੁੰਦੀ ਹੈ। ਅਮੀਰ ਵਿਰਸੇ ਨੂੰ ਸੰਭਾਲ ਕੇ ਰੱਖਣਾ ਸਾਡਾ ਸਭ

ਦਾ ਫ਼ਰਜ਼ ਹੈ ਪਰ ਸੱਭਿਆਚਾਰ ਨੂੰ ਖੜ੍ਹੇ ਪਾਣੀਆਂ ਵਾਂਗ ਸਮਝਣਾ ਵੀ ਸਿਆਣਪ ਨਹੀਂ ਹੈ। ਸਮੇਂ ਨਾਲ ਸੱਭਿਆਚਾਰ 'ਚ ਬਦਲਾਅ ਆਉਂਦੇ ਹਨ। ਸੱਭਿਆਚਾਰ 'ਚ ਤਰਲਤਾ ਨਾ ਹੁੰਦੀ ਤਾਂ ਅੱਜ ਵੀ ਅਸੀਂ ਮੱਧਕਾਲ 'ਚ ਵਿਚਰ ਰਹੇ ਹੁੰਦੇ। ਹਰ ਸਦੀ ਨਵਾਂ ਸੱਭਿਆਚਾਰ ਸਿਰਜਦੀ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਆਪਣੇ ਵਿਰਸੇ ਦੀ ਪਰਿਕਰਮਾ ਕਰਨਾ ਹੀ ਸਿਆਣਪ ਹੁੰਦੀ ਹੈ। ਗਰੈਂਡ ਫਿਨਾਲੇ ਵੇਲੇ ਉਸ ਵੱਲੋਂ ਦਿੱਤੇ ਜਵਾਬ ਨੇ ਜੱਜਾਂ ਦਾ ਦਿਲ ਜਿੱਤ ਲਿਆ, ਬਾਹਰ ਨਿਕਲੋ, ਖ਼ੁਦ ਲਈ ਬੋਲੋ ਕਿਉਂਕਿ ਤੁਸੀਂ ਆਪਣੀ ਜ਼ਿੰਦਗੀ ਦੇ ਖ਼ੁਦ ਲੀਡਰ ਹੋ' ਵਰਗੇ ਬੋਲ ਉਸ ਦੇ ਜ਼ਹੀਨ ਹੋਣ ਦਾ ਸਬੂਤ ਹਨ। ਔਰਤ ਜ਼ਾਤ ਬਾਰੇ ਮੰਦੇ ਬੋਲ ਬੋਲਣਾ ਸਾਡੇ ਦੇਸ਼ ਦੀ ਤਹਿਜ਼ੀਬ ਨਹੀਂ ਹੈ। ਕੰਜਕਾਂ ਪੂਜਣ ਵਾਲੇ ਦੇਸ਼ 'ਚ ਬੱਚੀਆਂ ਬਾਰੇ ਮੰਦੜੇ ਬੋਲ ਬੋਲਣੇ ਸ਼ੋਭਾ ਨਹੀਂ ਦਿੰਦੇ। ਪਿਛਲੇ ਹਫ਼ਤੇ ਕਰਨਾਟਕਾ ਵਿਧਾਨ ਸਭਾ 'ਚ ਕਾਂਗਰਸ ਦੇ ਵਿਧਾਇਕ ਰਮੇਸ਼ ਕੁਮਾਰ ਦੇ 'ਬਲਾਤਕਾਰ' ਦਾ ਲੁਤਫ਼ ਲੈਣ ਵਰਗਾ ਅੱਤ ਘਿਨੌਣਾ ਬਿਆਨ ਆਇਆ ਤਾਂ ਉਸ ਨੂੰ ਬਿਨਾਂ ਸ਼ਰਤ ਮਾਫ਼ੀ ਮੰਗਣੀ ਪਈ ਸੀ। ਔਰਤਾਂ ਬਾਰੇ ਬੋਲ- ਕੁਬੋਲ ਛੋਟੇਪਣ ਦੀ ਨਿਸ਼ਾਨੀ ਸਮਝਿਆ ਜਾਣਾ ਚਾਹੀਦਾ ਹੈ। ਹਰਨਾਜ਼ ਤਾਂ ਮਹਿਜ਼ 21 ਸਾਲਾਂ ਦੀ ਮੁਟਿਆਰ ਹੈ ਜਿਸ ਨੇ ਆਪਣੀ ਲਿਆਕਤ ਨਾਲ ਵਿਸ਼ਵ ਮੰਚ 'ਤੇ ਵੱਡੀ ਪ੍ਰਾਪਤੀ ਕੀਤੀ ਹੈ। ਉਹ ਵੀ ਸਮਾਂ ਸੀ ਜਦੋਂ ਵਿਸ਼ਵ 'ਚ ਸਭ ਤੋਂ ਵੱਧ ਬਾਲ ਵਿਆਹ ਭਾਰਤ 'ਚ ਹੁੰਦੇ ਸਨ। ਬੱਚੀਆਂ ਨਰਕ ਵਾਲਾ ਜੀਵਨ ਬਤੀਤ ਕਰਦੀਆਂ ਸਨ। ਧੀਆਂ ਜੰਮਣ 'ਤੇ ਘਰ 'ਚ ਸੋਗ ਵਾਲਾ ਮਾਹੌਲ ਹੋਇਆ ਕਰਦਾ ਸੀ। ਭਰੂਣ ਹੱਤਿਆਵਾਂ ਕਾਰਨ ਭਾਰਤ ਦੀ ਵਿਸ਼ਵ ਪੱਧਰ 'ਤੇ ਬਦਨਾਮੀ ਹੋਈ ਸੀ। ਕੁੱਖ ਤੋਂ ਹੀ ਔਰਤ ਦੇ ਦੁੱਖ ਦਾ ਸਫ਼ਰ ਸ਼ੁਰੂ ਹੋ ਜਾਂਦਾ ਸੀ। ਕਈ ਮੁਟਿਆਰਾਂ ਕੁੱਖ 'ਚ ਹੀ ਮਾਰ ਮੁਕਾਈਆਂ ਤੇ ਕਈ ਅਣਖ ਖ਼ਾਤਰ ਮੌਤ ਦੇ ਘਾਟ ਉਤਾਰ ਦਿੱਤੀਆਂ ਗਈਆਂ। ਸੰਨ 1929 'ਚ ਬ੍ਰਿਟਿਸ਼ ਸਰਕਾਰ ਵੇਲੇ ਬਾਲ ਵਿਆਹ ਨੂੰ ਗ਼ੈਰ- ਕਾਨੂੰਨੀ ਕਰਾਰ ਦਿੱਤਾ ਤਾਂ ਇਹ ਔਰਤ ਜ਼ਾਤ ਦੀ ਦਸ਼ਾ 'ਚ ਸੁਧਾਰ ਲਿਆਉਣ ਲਈ ਪਹਿਲਾ ਅਹਿਮ ਕਦਮ ਸੀ। ਬਸਤੀਵਾਦੀ ਸਮਿਆਂ 'ਚ ਕੁੜੀਆਂ ਅਤੇ ਮੁੰਡਿਆਂ ਦੇ ਵਿਆਹ ਲਈ ਕਾਨੂੰਨੀ ਉਮਰ ਕ੍ਰਮਵਾਰ 15 ਅਤੇ 18 ਸਾਲ ਮਿੱਥੀ ਗਈ ਸੀ। ਕੁੜੀਆਂ ਨੂੰ 'ਬੇਗਾਨਾ ਧਨ' ਸਮਝਿਆ ਜਾਂਦਾ। ਉਨ੍ਹਾਂ ਦੇ ਹੱਥ ਪੀਲੇ ਕਰਨ ਲਈ ਬਾਬਲ ਕਾਹਲਾ ਹੁੰਦਾ। ਬ੍ਰਿਟਿਸ਼ ਭਾਰਤ ਵਿਚ ਕੁਝ ਮੁਸਲਿਮ ਸੰਗਠਨਾਂ ਵੱਲੋਂ ਵਿਆਹ ਲਈ ਉਮਰ ਦੀ ਹੱਦ ਮਿੱਥਣ ਦਾ ਵਿਰੋਧ ਕੀਤਾ ਗਿਆ ਤਾਂ ਉਨ੍ਹਾਂ ਨੂੰ ਸ਼ਰੀਅਤ ਮੁਤਾਬਕ 1937 'ਚ ਇਸ ਤੋਂ ਛੋਟ ਮਿਲ ਗਈ। ਫਿਰ 1978 ਤੋਂ ਔਰਤਾਂ ਲਈ ਵਿਆਹ ਕਰਵਾਉਣ ਦੀ ਉਮਰ 18 ਸਾਲ ਤੇ ਮੁੰਡਿਆਂ ਲਈ 21 ਸਾਲ ਤਕ ਕਰ ਦਿੱਤੀ। ਅਦਾਲਤਾਂ ਵਿਚ ਬਾਲ ਵਿਆਹ ਦੀ ਰੋਕਥਾਮ ਖ਼ਿਲਾਫ਼ ਬਣੇ ਕਾਨੂੰਨਾਂ ਨੂੰ ਚੁਣੌਤੀ ਦਿੱਤੀ ਗਈ। ਕਿਸੇ ਵੇਲੇ ਭਾਰਤ ਵਿਚ ਸਤੀ ਪ੍ਰਥਾ ਦਾ ਵੀ ਬੋਲਬਾਲਾ ਸੀ। ਔਰਤ ਨੂੰ ਆਪਣੇ ਖਾਵੰਦ ਦੀ ਚਿਖਾ ਦੇ ਨਾਲ ਹੀ ਸਤੀ ਹੋਣਾ ਪੈਂਦਾ ਸੀ। ਹੁਣ ਕੇਂਦਰ ਨੇ ਕੁੜੀਆਂ ਲਈ ਵਿਆਹ ਕਰਵਾਉਣ ਦੀ ਸੀਮਾ ਵਧਾ ਕੇ 21 ਸਾਲ ਕਰ ਦਿੱਤੀ ਹੈ ਜਿਸ ਦਾ ਕੁਝ ਜਮਾਤਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਤਰਕ ਹੈ ਕਿ ਕੁੜੀ ਜਿੰਨੀ ਛੇਤੀ 'ਆਪਣੇ ਘਰ' ਚਲੀ ਜਾਵੇ ਚੰਗੀ ਹੈ। ਇੱਕੀਵੀਂ ਸਦੀ ਵਿਚ ਵੀ ਪੇਕਾ ਘਰ 'ਬੇਗਾਨਾ' ਸਮਝਿਆ ਜਾਂਦਾ ਹੈ। ਇਹ ਤਾਲਿਬਾਨੀ

ਸੋਚ ਹੈ। ਬਾਲ ਵਿਆਹਾਂ ਨਾਲ ਮੁਟਿਆਰਾਂ ਦੇ ਸੁਪਨੇ ਛਿੱਜ ਜਾਂਦੇ ਹਨ। ਕਾਨੂੰਨ ’ਚ ਸੋਧ ਹੋਣ ਨਾਲ ਜਨਸੰਖਿਆ ’ਚ ਹੋ ਰਹੇ ਵਿਸਫੋਟ ਨੂੰ ਵੀ ਠੱਲ੍ਹਿਆ ਜਾ ਸਕੇਗਾ। ਇੱਕੀ ਸਾਲਾਂ ਤਕ ਉਹ ਦੇਸ਼- ਵਿਦੇਸ਼ ਦੇ ਵੱਡੇ ਮੁਕਾਬਲਿਆਂ ’ਚ ਹਿੱਸਾ ਲੈਣ ਜੋਗੀਆਂ ਹੁੰਦੀਆਂ ਹਨ। ਇਸ ਦੀ ਤਾਜ਼ਾ ਉਦਾਹਰਣ ਹਰਨਾਜ਼ ਹੈ, ਜਿਸ ਦੀ ਪ੍ਰਾਪਤੀ ’ਤੇ ਸਭ ਨੂੰ ਮਾਣ ਹੋਣਾ ਚਾਹੀਦਾ ਹੈ।

19 ਦਸੰਬਰ

# ਬਦਲਦੇ ਸਿਆਸੀ ਸਮੀਕਰਨ

'ਸੰਯੁਕਤ ਕਿਸਾਨ ਮੋਰਚਾ' ਦੇ ਨਵੇਂ ਅਵਤਾਰ 'ਸੰਯੁਕਤ ਸਮਾਜ ਮੋਰਚਾ' ਵੱਲੋਂ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਲੜਨ ਦੇ ਐਲਾਨ ਤੋਂ ਬਾਅਦ ਪੰਜਾਬ ਵਿਚ ਸਿਆਸੀ ਭੂਚਾਲ ਆ ਗਿਆ ਹੈ। ਸਾਲ ਤੋਂ ਵੱਧ ਦਿੱਲੀ ਦੀਆਂ ਬਰੂਹਾਂ ਮੱਲ ਕੇ 'ਤਿੰਨ ਖੇਤੀ ਕਾਨੂੰਨ' ਰੱਦ ਕਰਵਾਉਣ ਤੋਂ ਬਾਅਦ ਘਰਾਂ ਨੂੰ ਪਰਤਣ ਵੇਲੇ ਜੇਤੂ ਕਿਸਾਨਾਂ ’ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਥਾਂ-ਥਾਂ ਫੁੱਲਾਂ ਦੀ ਵਰਖਾ ਹੋ ਰਹੀ ਸੀ। ਕਿਸਾਨ ਮੋਰਚੇ ਨੇ ਆਜ਼ਾਦੀ ਤੋਂ ਬਾਅਦ ਸੰਘਰਸ਼ ਦੀ ਨਵੀਂ ਇਬਾਰਤ ਲਿਖੀ ਸੀ। ਭਾਰਤੀ ਜਨਤਾ ਪਾਰਟੀ ਜਾਂ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਨੂੰ ਛੱਡ ਕੇ ਦੇਸ਼ ਦੀਆਂ ਅਣਗਿਣਤ ਸਿਆਸੀ ਜਮਾਤਾਂ ਸੰਯੁਕਤ ਕਿਸਾਨ ਮੋਰਚੇ ਦੇ ਸੋਹਲੇ ਗਾਉਂਦੀਆਂ ਨਹੀਂ ਸਨ ਥੱਕਦੀਆਂ। ਸ਼ੁਰੂ ਵਿਚ ਖੇਤੀ ਕਾਨੂੰਨਾਂ ਦੀ ਵਕਾਲਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨ ਮੋਰਚੇ ਦੇ ਦਬਾਅ ਹੇਠ ਆ ਕੇ ਭਾਜਪਾ ਨਾਲੋਂ 24 ਸਾਲ ਪੁਰਾਣਾ 'ਨਹੁੰ-ਮਾਸ' ਦਾ ਰਿਸ਼ਤਾ ਤੜੱਕ ਕਰ ਕੇ ਤੋੜ ਲਿਆ ਸੀ। ਇਸ ਅੰਦੋਲਨ ਵੇਲੇ ਨਕਸਲਬਾੜੀ ਲਹਿਰ ਤੋਂ ਵੀ ਵੱਧ ਤਿੱਖਾ ਸਾਹਿਤ ਰਚਿਆ ਗਿਆ ਸੀ। ਹੁਣ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ 22 ਕਿਸਾਨ ਜਥੇਬੰਦੀਆਂ ਨੇ ਪੰਜਾਬ ਦੀਆਂ ਸਾਰੀਆਂ 117 ਸੀਟਾਂ ’ਤੇ ਚੋਣ ਲੜਨ ਲਈ ਬਿਗੁਲ ਵਜਾਇਆ ਹੈ। ਇਸ ਐਲਾਨ ਤੋਂ ਬਾਅਦ ਸਿਆਸੀ ਪਿੜ ਵਿਚ ਕੁੱਦੇ ਕਿਸਾਨ ਨੇਤਾ ਖ਼ੁਦ ਨੂੰ ਸ਼ੀਸ਼ੇ ਦੇ ਘਰਾਂ ਵਿਚ ਬੈਠੇ ਮਹਿਸੂਸ ਕਰ ਰਹੇ ਹਨ। ਕਿਸਾਨ ਜਥੇਬੰਦੀਆਂ ਦੀ ਮੂਹਰਲੀ ਕਤਾਰ ਦੇ ਨੇਤਾ ਡਾ. ਦਰਸ਼ਨ ਪਾਲ ਦਾ ਤਰਕ ਹੈ ਕਿ ਸੱਤਾ ਲਈ ਰਾਲਾਂ ਸੁੱਟਣ ਵਾਲੇ ਹੁਣ ਕਿਸਾਨ ਨੇਤਾ ਹੋਣ ਦਾ ਰੁਤਬਾ ਗੁਆ ਲੈਣਗੇ। ਕਈ ਹੋਰ ਕਿਸਾਨ ਨੇਤਾਵਾਂ ਨੇ ਡਾ. ਦਰਸ਼ਨ ਪਾਲ ਦੇ ਉਪਰੋਕਤ ਵਿਚਾਰਾਂ ਦੀ ਤਾਈਦ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਵੀ ਇਸ ਫ਼ੈਸਲੇ ਤੋਂ ਬਾਅਦ ਖ਼ੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਸੀਨੀਅਰ ਅਕਾਲੀ ਨੇਤਾ ਵਿਰਸਾ ਸਿੰਘ ਵਲਟੋਹਾ ਨੇ ਤਾਂ ਇਸ ਫ਼ੈਸਲੇ ਨੂੰ ਖੋਟੀ ਨੀਅਤ ਦੱਸਿਆ ਹੈ। ਉਹ ਦੋਸ਼ ਲਾਉਂਦੇ ਹਨ ਕਿ ਸੰਯੁਕਤ ਕਿਸਾਨ ਨੇਤਾਵਾਂ ਨੂੰ ਅੰਦੋਲਨ ਵੇਲੇ ਵਿਦੇਸ਼ਾਂ ਤੋਂ ਕਰੋੜਾਂ ਨਹੀਂ ਬਲਕਿ ਅਰਬਾਂ ਰੁਪਿਆਂ ਦੇ ਫੰਡ ਆਏ ਹਨ ਜਿਨ੍ਹਾਂ ਨੂੰ ਸਿਆਸੀ ਲਾਹਾ ਖੱਟਣ ਲਈ ਵਰਤਿਆ ਜਾਵੇਗਾ। ਭਾਜਪਾ ਦੇ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਕਹਿੰਦੇ ਹਨ ਕਿ 'ਬਿੱਲੀ ਹੁਣ ਥੈਲੇ ’ਚੋਂ ਬਾਹਰ ਆ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਸ਼ੁਰੂ ਤੋਂ ਹੀ ਕਹਿ ਰਹੀ ਸੀ ਕਿ ਕਿਸਾਨ ਅੰਦੋਲਨ ਦਾ ਮਕਸਦ ਸਿਆਸੀ ਲਾਹਾ ਖੱਟਣਾ ਹੈ ਜੋ ਹੁਣ ਸਾਬਤ ਹੋ ਚੁੱਕਾ ਹੈ। ਕਿਸਾਨ ਮੋਰਚੇ ਤੋਂ ਬਾਅਦ ਸਿਆਸੀ ਮੈਦਾਨ ਵਿਚ ਕੁੱਦਣ ਵਾਲੇ ਨੇਤਾਵਾਂ ’ਤੇ ਉਨ੍ਹਾਂ ਦੇ ਵਿਰੋਧੀ ਦੋਸ਼ ਮੜ੍ਹ ਰਹੇ ਹਨ ਕਿ ਉਹ

ਦਿੱਲੀ ਦੀਆਂ ਬਰੂਹਾਂ ’ਤੇ ਦਮ ਤੋੜਨ ਵਾਲੇ 700 ਤੋਂ ਵੱਧ ਕਿਸਾਨਾਂ ਦੀ ਕੁਰਬਾਨੀ ਦਾ ਮੁੱਲ ਵੱਟਣ ਦੀ ਤਾਕ ਵਿਚ ਹਨ। ਕੁਦਰਤੀ ਹੈ ਕਿ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਤਿੱਖੇ ਸਵਾਲ ਕਰਨ ਵਾਲੇ ਕਿਸਾਨ ਨੇਤਾਵਾਂ ਦੀ ਹੁਣ ਜਵਾਬ ਦੇਣ ਦੀ ਵਾਰੀ ਹੈ। ਸਵਾਲਾਂ ਦੀ ਬੁਛਾੜ ਹੋ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਮੰਚਾਂ ’ਤੇ ਸਿਆਸਤਦਾਨਾਂ ਨੂੰ ਨੇੜੇ ਨਾ ਫਟਕਣ ਦੇਣ ਵਾਲੇ ਬਲਬੀਰ ਸਿੰਘ ਰਾਜੇਵਾਲ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਗਿਆ ਹੈ। ਉਂਜ ਦੇਸ਼ ਵਿਚ ਆਜ਼ਾਦੀ ਤੋਂ ਬਾਅਦ ਸ਼ੁਰੂ ਹੋਏ ਖੇਤਰੀ ਅੰਦੋਲਨਾਂ ਵਿਚੋਂ ਪਹਿਲਾਂ ਵੀ ਕਈ ਸਿਆਸੀ ਸੰਗਠਨ ਪੈਦਾ ਹੋ ਚੁੱਕੇ ਹਨ। ਆਮ ਆਦਮੀ ਪਾਰਟੀ ਦਾ ਜਨਮ ਵੀ ਤਾਂ ‘ਅੰਨਾ ਹਜ਼ਾਰੇ’ ਵੱਲੋਂ ਵਿੱਢੇ ਅੰਦੋਲਨ ’ਚੋਂ ਹੀ ਹੋਇਆ ਸੀ। ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ, ਸੰਯੁਕਤ ਅਕਾਲੀ ਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਲਈ ਕਿਸਾਨਾਂ ਵੱਲੋਂ ਸਿਆਸਤ ਵਿਚ ਕੁੱਦਣ ਦਾ ਐਲਾਨ ਹੈਰਾਨੀ ਤੇ ਪਰੇਸ਼ਾਨੀ ਵਾਲਾ ਲੱਗਦਾ ਹੈ। ਇਸ ਤੋਂ ਪਹਿਲਾਂ ਕਨਸੋਆਂ ਸਨ ਕਿ ‘ਆਪ’ ਰਾਜੇਵਾਲ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ। ‘ਆਪ’ ਦਾ ਨਾਂ ਲਏ ਬਗੈਰ ਸਿਆਸਤ ਵਿਚ ਨਵੀਂ ਪਾਰੀ ਖੇਡਣ ਦਾ ਫ਼ੈਸਲਾ ਕਰਨ ਵਾਲੇ ਨੇਤਾ ਹੁਣ ਸਪਸ਼ਟ ਸੰਕੇਤ ਦੇ ਰਹੇ ਹਨ ਕਿ ਉਨ੍ਹਾਂ ਨਾਲ ਗੱਠਜੋੜ ਕਰਨ ਵਾਲੀ ਕੋਈ ਵੀ ਹਮਖਿਆਲ ਪਾਰਟੀ ਨੂੰ ਦੂਜੀ ਕਤਾਰ ਵਿਚ ਬੈਠਣਾ ਪਵੇਗਾ। ਕਿਸਾਨਾਂ ਦੇ ਉਪਰੋਕਤ ਫ਼ੈਸਲੇ ਨਾਲ ਨਿਸ਼ਚੇ ਹੀ ਪੰਜਾਬ ਵਿਚ ਸਿਆਸੀ ਸਮੀਕਰਨ ਬਦਲ ਜਾਣਗੇ। ਅਕਾਲੀ ਦਲ ਨੂੰ ਇਸ ਫ਼ੈਸਲੇ ਨਾਲ ਵੱਡੀ ਢਾਅ ਲੱਗਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਦਾ ਵੱਡਾ ਆਧਾਰ ਪਿੰਡਾਂ ਵਿਚ ਹੀ ਮੰਨਿਆ ਜਾਂਦਾ ਹੈ। ਇਸ ਦੇ ਨਾਲ-ਨਾਲ ਦੂਜੀਆਂ ਰਵਾਇਤੀ ਪਾਰਟੀਆਂ ਵੀ ਹੱਕੀਆਂ-ਬੱਕੀਆਂ ਰਹਿ ਗਈਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਵਿਚ ਕਾਮਯਾਬ ਹੋਈਆਂ ਕਿਸਾਨ ਜਥੇਬੰਦੀਆਂ ਦਾ ਪਿੰਡਾਂ ਵਿਚ ਚੋਖਾ ਆਧਾਰ ਹੈ। ਇਹ ਵੱਖਰੀ ਗੱਲ ਹੈ ਕਿ ਕਈ ਕਿਸਾਨ ਨੇਤਾਵਾਂ ਨੇ ਸਿਆਸਤ ਵਿਚ ਕੁੱਦਣ ਵਾਲੀਆਂ ਜਥੇਬੰਦੀਆਂ ਤੋਂ ਖ਼ੁਦ ਨੂੰ ਅਲਹਿਦਾ ਕਰ ਲਿਆ ਹੈ। ਕਿਸਾਨਾਂ ਤੋਂ ਇਲਾਵਾ ਦੂਜੀਆਂ ਸਿਆਸੀ ਜਮਾਤਾਂ ਵਿਚ ਵੀ ਪਿਛਲੇ ਲੰਬੇ ਸਮੇਂ ਤੋਂ ਘਮਸਾਣ ਮਚਿਆ ਹੋਇਆ ਹੈ। ਨੇਤਾਵਾਂ ਵੱਲੋਂ ਸਿਆਸੀ ਪਾਰਟੀਆਂ ਲਿਬਾਸ ਵਾਂਗ ਬਦਲੀਆਂ ਜਾ ਰਹੀਆਂ ਹਨ। ‘ਆਪ’ ਦੇ ਕਈ ਵਿਧਾਇਕ ਪਹਿਲਾਂ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਅਤੇ ਫਿਰ ਪਲਾਕੀ ਮਾਰ ਕੇ ਵਾਪਸ ਪਰਤ ਆਏ। ਇਸੇ ਤਰ੍ਹਾਂ ਸੁੱਚਾ ਸਿੰਘ ਛੋਟੇਪੁਰ ਵਰਗੇ ਟਕਸਾਲੀ ਸਿੱਖ ਨੇਤਾ ਪਹਿਲਾਂ ‘ਆਪ’ ਦੇ ਸੂਬਾ ਕਨਵੀਨਰ ਬਣੇ, ਫਿਰ ਉਨ੍ਹਾਂ ’ਤੇ ਆਪਣਿਆਂ ਵੱਲੋਂ ਹੀ ਗੰਭੀਰ ਦੋਸ਼ ਮੜ੍ਹੇ ਗਏ ਤੇ ਆਖ਼ਰ ਉਹ ਸ਼੍ਰੋਮਣੀ ਅਕਾਲੀ ਦਲ ਦੇ ਖੇਮੇ ਵਿਚ ਚਲੇ ਗਏ। ਮਾਝੇ ਦਾ ਜਰਨੈਲ ਸਮਝੇ ਜਾਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਕਈ ਟਕਸਾਲੀ ਨੇਤਾਵਾਂ ਨੇ ਰਲ ਕੇ ਵੱਖਰਾ ਅਕਾਲੀ ਦਲ ਬਣਾ ਲਿਆ ਸੀ। ਪਿੱਛੇ

ਜੇਹੇ ਉਨ੍ਹਾਂ ਨੇ ਮੁੜ 'ਘਰ ਵਾਪਸੀ' ਕਰ ਲਈ ਹੈ। ਕਾਂਗਰਸ ਵਿਚ ਵੀ ਅਜਿਹੀ ਆਵਾਜਾਈ ਲਗਾਤਾਰ ਦੇਖਣ ਨੂੰ ਮਿਲ ਰਹੀ ਹੈ। ਪੰਜਾਬ ਵਿਚ ਸ਼ੁਰੂ ਹੋਈ 'ਆਇਆ ਰਾਮ, ਗਿਆ ਰਾਮ' ਦੀ ਸਿਆਸਤ ਨੂੰ ਵੇਖਦਿਆਂ ਪਾਕਿਸਤਾਨ ਦੇ ਹਾਸਰਸ ਕਵੀ ਖ਼ਾਲਿਦ ਮਸੂਦ ਦੀ ਇਹ ਕਵਿਤਾ ਖ਼ੂਬ ਵਾਇਰਲ ਹੋ ਰਹੀ ਹੈ : ਖੋਟਾ ਖੋਟਾ ਹੀ ਹੋਤਾ ਹੈ, ਖਰਾ ਹਮੇਸ਼ਾ ਖਰਾ ਹੀ ਹੋਤਾ ਹੈ। ਪਹਿਲੇ ਓਧਰੋਂ, ਫਿਰ ਏਧਰੋਂ, ਅਬ ਫੇਰ ਖੜ੍ਹਾ ਹੈ ਓਧਰੋਂ, ਪਬਲਿਕ ਤੰਗ ਮਗਰ, ਲੋਟਾ–ਲੋਟਾ ਹੋਤਾ ਹੈ।

26 ਦਸੰਬਰ

2022

# ਚੋਣਾਂ ਦਾ ਸ਼ੰਖਨਾਦ

ਪੰਜਾਬ ਸਣੇ ਪੰਜ ਸੂਬਿਆਂ ਵਿਚ ਚੋਣ ਬਿਗੁਲ ਵੱਜਣ ਨਾਲ ਫ਼ਿਲਹਾਲ ਲੋਕ-ਲੁਭਾਊ ਸਕੀਮਾਂ ਦੀ ਝੜੀ ਨੂੰ ਠੱਲ੍ਹ ਪਈ ਹੈ। ਕੋਰੋਨਾ ਮਹਾਮਾਰੀ ਦੀ ਤੀਜੀ ਲਹਿਰ ਦੇ ਚੱਲਦਿਆਂ ਨਿਰਵਿਘਨ ਚੋਣਾਂ ਕਰਵਾਉਣਾ ਆਪਣੇ-ਆਪ ਵਿਚ ਵੱਡੀ ਚੁਣੌਤੀ ਹੋਵੇਗੀ। ਸਿਆਸੀ ਪਾਰਟੀਆਂ ਦੇ ਚੋਣ ਮਨੋਰਥ-ਪੱਤਰ 'ਤਲੀ ਉੱਤੇ ਸਰ੍ਹੋਂ ਜਮਾਉਣ' ਵਰਗੇ ਵਾਅਦਿਆਂ ਨਾਲ ਭਰਪੂਰ ਹੋਣਗੇ ਜਿਨ੍ਹਾਂ 'ਤੇ ਵੋਟਾਂ ਤੋਂ ਬਾਅਦ ਮਿੱਟੀ ਦੀ ਮੋਟੀ ਪਰਤ ਜੰਮ ਜਾਵੇਗੀ। ਤਿੱਖੇ ਨਾਅਰਿਆਂ ਤੇ ਲਾਰਿਆਂ ਨਾਲ ਅੰਬਰ ਨੂੰ ਟਾਕੀਆਂ ਲੱਗਣਗੀਆਂ। ਵੋਟਰਾਂ ਨੂੰ ਪਲਕਾਂ 'ਤੇ ਬਿਠਾਇਆ ਜਾਵੇਗਾ। ਵੋਟਾਂ ਤੋਂ ਪਹਿਲਾਂ ਵੋਟਰਾਂ ਨੂੰ 'ਮਤਦਾਤਾ' ਕਹਿ ਕੇ ਵਡਿਆਉਣ ਵਾਲੇ ਨੇਤਾਵਾਂ ਦੀਆਂ ਅੱਖਾਂ 'ਤੇ ਜਿੱਤਣ ਤੋਂ ਬਾਅਦ ਚਰਬੀ ਚੜ੍ਹ ਜਾਵੇਗੀ। ਅੱਗ ਲੱਗੀ 'ਤੇ ਖੂਹ ਪੁੱਟਣ ਵਾਲੇ ਨੇਤਾ ਸੱਤਾ ਦੇ ਸਿੰਘਾਸਣ 'ਤੇ ਬੈਠਣ ਤੋਂ ਬਾਅਦ ਪੰਜ ਸਾਲਾਂ ਲਈ ਲੰਬੀ ਛੁੱਟੀ 'ਤੇ ਚਲੇ ਜਾਣਗੇ। ਵਿਰੋਧੀ ਦੀ ਤਾਕਤ ਨੂੰ ਪੂਰਾ ਜੋਖ ਕੇ ਆਪਣੇ ਬਾਹੂਬਲ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ। ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਲੱਖਣ ਹੋਣ ਜਾ ਰਹੀਆਂ ਹਨ। ਪੰਜ-ਆਬ ਵਿਚ ਐਤਕੀਂ ਪੰਜ ਵਿਰੋਧੀ ਪਾਰਟੀਆਂ ਚੋਣ ਦੰਗਲ ਵਿਚ ਕੁੱਦੀਆਂ ਹੋਈਆਂ ਹਨ। ਲੰਬਾ ਸਮਾਂ ਪੰਜਾਬ ਵਾਸੀਆਂ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ 'ਉਤਰ ਕਾਟੋ ਹੁਣ ਮੈਂ ਚੜ੍ਹਾਂ' ਵਾਲੀ ਖੇਡ ਦਾ 'ਆਨੰਦ' ਮਾਣਿਆ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਸੂਬਾ ਬਣਨ ਤਕ ਕਾਂਗਰਸ ਦਾ ਬੋਲਬਾਲਾ ਰਿਹਾ। ਇਕ ਨਵੰਬਰ 1966 ਨੂੰ 'ਕੁਰਬਾਨੀਆਂ' ਦੇ ਕੇ ਬਣੇ ਲੰਗੜੇ ਪੰਜਾਬ (ਪਿੱਪਲ ਦੇ ਪੱਤੇ ਵਰਗੇ) ਦਾ ਮੁੱਖ ਮੰਤਰੀ ਕਾਂਗਰਸੀ ਆਗੂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਬਣ ਗਿਆ ਤਾਂ ਅਕਾਲੀ ਆਗੂ ਖ਼ੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰਨ ਲੱਗੇ। ਇਸ ਤੋਂ ਬਾਅਦ ਕਾਂਗਰਸ ਲਈ 'ਪੰਜਾਬ ਦੀ ਦੁਸ਼ਮਣ ਜਮਾਤ' ਵਰਗੇ ਨਾਅਰੇ ਘੜੇ ਗਏ। 'ਪੰਥ ਖ਼ਤਰੇ ਵਿਚ ਹੈ' ਵਰਗੀਆਂ ਗੱਲਾਂ ਵੀ ਕਹੀਆਂ ਜਾਣ ਲੱਗੀਆਂ। ਬਾਬੇ ਨਾਨਕ ਦੀ ਤੱਕੜੀ ਜਿਹੜੀ ਹਮੇਸ਼ਾ 'ਤੇਰਾ-ਤੇਰਾ' ਤੋਲਦੀ ਸੀ, ਦੇ ਵਾਸਤੇ ਪਾ ਕੇ ਪੰਥ ਇਕੱਠਾ ਕੀਤਾ ਜਾਣ ਲੱਗਾ। ਲੋਕਾਂ ਦੇ ਜਜ਼ਬਾਤ ਨੂੰ ਟੁੰਬ ਕੇ ਅਕਾਲੀ ਸਰਕਾਰਾਂ ਬਣਦੀਆਂ ਪਰ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਆਰਟੀਕਲ 356 ਦੀ ਦੁਰਵਰਤੋਂ ਕਰ ਕੇ ਡੇਗ ਦਿੱਤੀਆਂ ਜਾਂਦੀਆਂ। ਕਈ ਅਕਾਲੀ ਸਰਕਾਰਾਂ ਆਪਣਿਆਂ ਵੱਲੋਂ ਠਿੱਬੀ ਮਾਰਨ ਕਰਕੇ ਵੀ ਡਿੱਗੀਆਂ ਸਨ। ਸੰਨ 1972 ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਪੰਥਕ ਮੁੱਦਾ ਉਛਾਲਣ ਲਈ 1973 ਵਿਚ 'ਆਨੰਦਪੁਰ ਸਾਹਿਬ ਮਤਾ' ਪਾਸ ਕਰ

ਦਿੱਤਾ। ਇਸ ਮਤੇ ਦੀ 'ਸਿੱਖਾਂ ਦਾ ਬੋਲਬਾਲਾ' ਮਦ ਨੂੰ ਲੈ ਕੇ ਕਾਂਗਰਸ ਨੇ ਇਸ ਨੂੰ 'ਵੱਖਵਾਦੀ' ਕਹਿਣਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਦੀ ਹਕੂਮਤ ਵੱਲੋਂ ਦੇਸ਼ ਵਿਚ ਐਮਰਜੈਂਸੀ ਲਗਾਈ ਗਈ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਜੇਲ੍ਹਾਂ ਭਰ ਦਿੱਤੀਆਂ। ਤੇਰਾਂ ਅਪ੍ਰੈਲ 1978 ਦੇ ਸਿੱਖ-ਨਿਰੰਕਾਰੀ ਕਾਂਡ ਨੇ ਪੰਜਾਬ ਦੀ ਸ਼ਾਂਤ ਫ਼ਿਜ਼ਾ ਨੂੰ ਲਾਂਬੂ ਲਾਉਣ ਵਾਲਾ ਕੰਮ ਕੀਤਾ। ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਵੇਲੇ ਸ੍ਰੀ ਅਕਾਲ ਤਖ਼ਤ 'ਤੇ ਮਰਜੀਵੜਿਆਂ ਨੇ 'ਕਰੋ ਜਾਂ ਮਰੋ' ਦੀਆਂ ਸਹੁੰਆਂ ਚੁੱਕੀਆਂ। ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਪਹਿਲਾਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਵੱਲੋਂ 'ਕਪੂਰੀ ਮੋਰਚਾ' ਤੇ ਫਿਰ ਅਕਾਲ ਤਖ਼ਤ ਤੋਂ 4 ਅਗਸਤ 1982 ਨੂੰ ਸੰਤ ਹਰਚੰਦ ਸਿੰਘ ਲੋਂਗੋਵਾਲ ਵੱਲੋਂ 'ਧਰਮ ਯੁੱਧ ਮੋਰਚਾ' ਲਾ ਦਿੱਤਾ ਗਿਆ। ਖ਼ੈਰ, ਨਿਰੰਕਾਰੀਆਂ ਖ਼ਿਲਾਫ਼ ਜਾਰੀ ਕੀਤੇ ਗਏ ਹੁਕਮਨਾਮੇ ਤੋਂ ਬਾਅਦ ਹੀ 'ਟਾਰਗੈੱਟ ਕਿਲਿੰਗਜ਼' ਦਾ ਆਗਾਜ਼ ਹੋ ਚੁੱਕਾ ਸੀ। ਮਿਆਨਾਂ 'ਚ ਜੰਗ ਖਾਧੀਆਂ ਸੁੱਤੀਆਂ ਤਲਵਾਰਾਂ ਸਾਣ 'ਤੇ ਚੜ੍ਹ ਗਈਆਂ। 'ਸਾਕਾ ਨੀਲਾ ਤਾਰਾ' ਤੋਂ ਪਹਿਲਾਂ ਪੰਜਾਬ ਨੇ ਕਈ ਵਾਰ ਰਾਸ਼ਟਰਪਤੀ ਰਾਜ ਦੇਖਿਆ ਸੀ। ਪੰਜਾਬ ਵਿਚ ਜਿਵੇਂ ਸ਼ਾਂਤੀ ਵਿਧਵਾ ਹੋ ਚੁੱਕੀ ਸੀ। ਕਤਲੋਗਾਰਤ ਪੰਜਾਬ ਦਾ ਜਿਵੇਂ ਹਸਤਾਖ਼ਰ ਬਣ ਗਈ ਸੀ। ਗੁਆਂਢੀ ਮੁਲਕ ਪਾਕਿਸਤਾਨ ਨੇ ਪੰਜਾਬ ਨੂੰ ਅੱਗ ਦੀ ਭੱਠੀ ਵਿਚ ਝੋਕਣ ਲਈ ਇਕ ਵੀ ਮੌਕਾ ਨਾ ਗੁਆਇਆ। ਇਹ ਉਹ ਵੇਲਾ ਸੀ ਜਦੋਂ ਸਾਡੇ ਰਹਿਬਰਾਂ ਨੇ ਆਪਣੀਆਂ ਅਕਲਾਂ ਨੂੰ ਜਿੰਦਰੇ ਮਾਰ ਕੇ ਕੁੰਜੀਆਂ ਅੰਨ੍ਹੇ ਖੂਹਾਂ ਵਿਚ ਸੁੱਟ ਦਿੱਤੀਆਂ ਸਨ। ਅੱਤਵਾਦ ਨਾਲ ਨਜਿੱਠਣ ਲਈ ਸਮੇਂ ਦੀਆਂ ਸਰਕਾਰਾਂ ਵੱਲੋਂ ਕਰਜ਼ੇ 'ਤੇ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ। ਅਮਰਵੇਲ ਵਾਂਗ ਵਧਦੇ ਕਰਜ਼ੇ ਨੂੰ ਚੁਕਾਉਣ ਲਈ ਪੰਜਾਬ ਦੇ ਹਾਕਮਾਂ ਨੂੰ ਹੋਰ ਕਰਜ਼ਾ ਲੈਣਾ ਪਿਆ। ਇਸ ਕਰਜ਼ੇ ਦੀ ਨਿੱਤ ਭਾਰੀ ਹੁੰਦੀ ਪੰਡ ਦਾ ਫ਼ਿਕਰ ਕੀਤੇ ਬਗੈਰ ਪੰਜਾਬ ਦੀਆਂ ਸਰਕਾਰਾਂ ਵੱਲੋਂ ਨਿੱਤ ਲੋਕ-ਲੁਭਾਊ ਵਾਅਦੇ ਕੀਤੇ ਗਏ। 'ਖ਼ਾਲੀ ਖਜ਼ਾਨੇ' ਦਾ ਮੂੰਹ ਖੋਲ੍ਹਣ ਨਾਲ ਅਕਾਲੀ ਅਤੇ ਕਾਂਗਰਸੀ ਵਾਰੀ ਸਿਰ ਸਰਕਾਰਾਂ ਬਣਾਉਂਦੇ ਰਹੇ। ਸਬਸਿਡੀਆਂ ਦੀ ਝੜੀ ਲਗਾਉਣ ਨਾਲ ਸੂਬੇ ਦਾ ਅਰਥਾਚਾਰਾ ਬੁਰੀ ਤਰ੍ਹਾਂ ਲੜਖੜਾ ਗਿਆ। ਪਹਿਲੀ ਵਾਰ 2014 ਵਿਚ ਆਮ ਆਦਮੀ ਪਾਰਟੀ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਜਿੱਤ ਕੇ ਤੀਜੀ ਧਿਰ ਬਣੀ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ 20 ਸੀਟਾਂ ਜਿੱਤ ਕੇ ਉਸ ਨੇ ਵਿਰੋਧੀ ਧਿਰ ਬਣ ਕੇ ਸੂਬੇ ਦੀ ਸਿਆਸਤ ਵਿਚ ਨਵਾਂ ਅਧਿਆਏ ਲਿਖ ਦਿੱਤਾ। ਇਹ ਵੱਖਰੀ ਗੱਲ ਹੈ ਕਿ 'ਆਪ' ਦੇ ਝਾੜੂ ਦੇ ਕਈ ਤੀਲ੍ਹੇ ਬਿਖਰ ਗਏ ਜੋ ਸੱਤਾਧਾਰੀ ਕਾਂਗਰਸ ਨੇ ਸੰਭਾਲ ਲਏ। ਭਾਰਤੀ ਜਨਤਾ ਪਾਰਟੀ ਜੋ ਪਹਿਲਾਂ ਅਕਾਲੀ ਦਲ ਦੀ ਬੈਸਾਖੀ ਵਾਂਗ ਸੀ, ਹੁਣ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ 'ਪੰਜਾਬ ਲੋਕ ਕਾਂਗਰਸ' ਅਤੇ ਬਾਗ਼ੀ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਨਾਲ ਰਲ ਕੇ ਚੋਣਾਂ ਲੜੇਗੀ। ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾ ਕੇ ਘਰਾਂ ਨੂੰ ਮੁੜੇ ਸੰਯੁਕਤ ਕਿਸਾਨ ਮੋਰਚੇ ਦੇ ਕੁਝ ਧੜਿਆਂ ਨੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ 117 ਸੀਟਾਂ ਤੋਂ ਚੋਣਾਂ ਲੜਨ ਦਾ ਐਲਾਨ ਕਰ ਕੇ ਚੋਣਾਂ ਨੂੰ ਬਹੁ-ਕੋਨੀ ਬਣਾ ਦਿੱਤਾ ਹੈ। ਸੱਤਾਧਾਰੀ ਕਾਂਗਰਸ ਵਿਚ ਫ਼ਿਲਹਾਲ ਖਾਨਾਜੰਗੀ ਚੱਲ ਰਹੀ ਹੈ। ਇਸ ਦੇ ਕਈ ਨੇਤਾ

ਅੱਖਾਂ ਨਾਲ ਖੱਖਰਾਂ ਲਾਹੁਣ ਨੂੰ ਕਾਹਲੇ ਹਨ। ਅੰਬ ਵੱਢ ਕੇ ਅੱਕਾਂ ਨੂੰ ਵਾੜ ਕਰਨ ਵਿਚ ਰੁੱਝੇ ਹੋਣ ਕਾਰਨ ਉਨ੍ਹਾਂ ਨੂੰ ਵਿਰੋਧੀਆਂ ਦੀ ਲੋੜ ਨਹੀਂ ਹੈ। ਉਂਜ ਦੇਖਿਆ ਜਾਵੇ ਤਾਂ ਪੰਜਾਬ ਦਾ ਆਪਣਾ ਭਵਿੱਖ ਇਨ੍ਹਾਂ ਚੋਣਾਂ ਦੇ ਨਤੀਜਿਆਂ 'ਤੇ ਨਿਰਭਰ ਕਰੇਗਾ। ਕੋਰੋਨਾ ਹਦਾਇਤਾਂ ਦੀ ਪਾਲਣਾ ਕਰਨ ਲਈ ਚੋਣ ਕਮਿਸ਼ਨ ਨੇ ਸਖ਼ਤੀ ਨਾਲ ਕਿਹਾ ਹੈ ਜਿਸ ਕਾਰਨ ਚੋਣਾਂ ਤਕ ਧਰਨਿਆਂ ਤੋਂ ਪੰਜਾਬ ਨੂੰ ਅਵੱਸ਼ ਰਾਹਤ ਮਿਲੇਗੀ। ਵੈਸੇ ਵੀ ਜਮਹੂਰੀਅਤ ਬਾਹੂਬਲੀਆਂ ਦੀ ਦਾਸੀ ਨਹੀਂ ਬਣਨੀ ਚਾਹੀਦੀ। ਇਕੱਠਾਂ 'ਤੇ ਪਾਬੰਦੀ ਕਾਰਨ ਸ਼ਾਇਦ ਇਸ ਵਾਰ ਦਾਰੂ ਦਾ ਦਰਿਆ ਵੀ ਨਾ ਵਗੇ। ਪਾਕਿਸਤਾਨ ਆਪਣੀਆਂ ਨਾਪਾਕ ਹਰਕਤਾਂ ਤੋਂ ਬਾਜ਼ ਨਹੀਂ ਆਉਣ ਵਾਲਾ, ਇਸ ਲਈ ਪ੍ਰਸ਼ਾਸਨ ਤੋਂ ਇਲਾਵਾ ਸਮੁੱਚੇ ਪੰਜਾਬੀਆਂ ਨੂੰ ਉਸ 'ਤੇ ਬਾਜ਼ ਅੱਖ ਰੱਖਣੀ ਪਵੇਗੀ।

9 ਜਨਵਰੀ

# ਬਦਲਦੇ ਸਮੀਕਰਨ

ਪੰਜਾਬ ਦੇ ਲੋਕ ਮੁੱਢ-ਕਦੀਮ ਤੋਂ ਹੀ ਭੋਲੇ-ਭਾਲੇ ਤੇ ਜਜ਼ਬਾਤੀ ਰਹੇ ਹਨ। ਸਾਡੇ ਅਲਬੇਲੇ ਕਵੀ ਪ੍ਰੋਫ਼ੈਸਰ ਪੂਰਨ ਸਿੰਘ ਦੀਆਂ ਸਤਰਾਂ, "ਪਿਆਰ ਨਾਲ ਇਹ ਕਰਨ ਗ਼ੁਲਾਮੀ/ ਜਾਨ ਕੋਹ ਆਪਣੀ ਵਾਰ ਦਿੰਦੇ" ਪੰਜਾਬੀਆਂ ਦੇ ਸੁਭਾਅ ਦਾ ਹੀ ਅਨੁਵਾਦ ਹਨ। ਜਜ਼ਬਾਤ ਦੇ ਵਹਿਣ ਵਿਚ ਉਹ ਬੇਗਾਨਿਆਂ ਖ਼ਾਤਰ ਵੀ ਜਾਨ ਨਿਛਾਵਰ ਕਰਨ ਤੋਂ ਪਿੱਛੇ ਨਹੀਂ ਹਟਦੇ। ਲੋਕ-ਸਿਆਣਪ ਅਨੁਸਾਰ ਭਾਵੁਕਤਾ ਦੇ ਤੀਬਰ ਵਹਿਣ ਵਿਚ ਹੋਸ਼-ਹਵਾਸ ਦਾ ਘੋੜਾ ਅਕਸਰ ਬੇਲਗ਼ਾਮ ਹੋ ਜਾਂਦਾ ਹੈ। ਇਸੇ ਲਈ ਉਹ ਬਹੁਤੀ ਵਾਰ ਨਫ਼ਾ-ਨੁਕਸਾਨ ਸੋਚੇ ਬਗ਼ੈਰ ਆਪਣੇ ਭਵਿੱਖ ਤਕ ਦੀ ਬਲੀ ਵੀ ਦੇ ਜਾਂਦੇ ਹਨ। ਕਿਸੇ ਵੀ ਮੰਚ ਤੋਂ ਲੱਗੇ ਜੈਕਾਰੇ ਜਾਂ ਨਾਅਰੇ ਚੁੰਬਕ ਵਾਂਗ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਪੰਜਾਬ ਦਰਅਸਲ ਵਿਦੇਸ਼ੀ ਹਮਲਾਵਰਾਂ ਦਾ ਮੁੱਖ ਦਵਾਰ ਰਿਹਾ ਹੈ। ਵਿਦੇਸ਼ੀ ਧਾੜਵੀਆਂ ਦੇ ਸਭ ਤੋਂ ਪਹਿਲਾਂ ਦੰਦ ਖੱਟੇ ਕਰਨ ਵਾਲੇ ਪੰਜਾਬੀ ਹੀ ਸਨ। 'ਗੁਰਾਂ ਦੇ ਨਾਂ 'ਤੇ ਵਸਣ ਵਾਲਾ 'ਪੰਜਾਬ' ਹਿੰਦੁਸਤਾਨ ਦੀ ਖੜਗ-ਭੁਜਾ ਅਖਵਾਇਆ। ਦੇਸ਼ ਦੀ ਆਜ਼ਾਦੀ ਖ਼ਾਤਰ ਵੀ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਹੀ ਦਿੱਤੀਆਂ। ਵਿਡੰਬਣਾ ਇਹ ਹੈ ਕਿ ਸਮੇਂ ਦੇ ਹਾਕਮਾਂ ਨੇ ਪੰਜਾਬ ਅਤੇ ਪੰਜਾਬੀਆਂ 'ਤੇ ਫ਼ਤਹਿ ਹਾਸਲ ਕਰਨ ਲਈ ਸਦਾ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਕੀਤੇ ਗਏ ਵਾਅਦੇ ਵਫ਼ਾ ਨਾ ਹੋਏ ਤਾਂ ਪੰਜਾਬੀਆਂ ਦਾ ਤੱਤਾ ਖ਼ੂਨ ਖੌਲਣ ਲੱਗ ਪਿਆ। ਲੰਬੇ ਸੰਘਰਸ਼ ਤੋਂ ਬਾਅਦ ਪੰਜਾਬੀਆਂ ਨੂੰ 'ਲੰਗੜਾ ਸੂਬਾ' ਮਿਲਿਆ ਜਿਸ ਨੇ ਉਨ੍ਹਾਂ ਦੇ ਰੋਹ ਨੂੰ ਜ਼ਰਬਾਂ ਦੇ ਦਿੱਤੀਆਂ। ਪੰਜਾਬੀ ਸੂਬਾ ਬਣਨ ਤੋਂ ਬਾਅਦ ਵੀ ਚੋਣਾਂ ਵਿਚ ਮੁੱਖ ਮੁਕਾਬਲਾ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਹੀ ਰਿਹਾ। ਪੰਜਾਬ ਨੂੰ 'ਕੈਲੀਫੋਰਨੀਆ' ਬਣਾਉਣ ਦੇ ਸੁਪਨੇ ਵੇਚੇ ਗਏ। ਆਲੇ-ਭੋਲੇ ਸੁਭਾਅ ਦੇ ਮਾਲਕ ਹੋਣ ਕਾਰਨ ਪੰਜਾਬੀ ਬਹੁਤੇ ਵਿਕਲਪਾਂ ਬਾਰੇ ਨਹੀਂ ਸਨ ਸੋਚਦੇ। ਝੋਨੇ-ਕਣਕ ਦੇ ਫ਼ਸਲੀ ਚੱਕਰ ਵਿਚ ਫਸੇ ਰਹਿਣਾ ਵੀ ਉਨ੍ਹਾਂ ਦਾ ਸਾਦਾ ਸੁਭਾਅ ਹੀ ਰਿਹਾ ਹੈ। ਵਿਭਿੰਨਤਾ ਬਾਰੇ ਸੋਚਣ ਦੀ ਜਿਵੇਂ ਉਨ੍ਹਾਂ ਕੋਲ ਵਿਹਲ ਹੀ ਨਹੀਂ ਸੀ। ਇਸ ਕਰਕੇ ਸ਼ਾਇਦ ਪੰਜਾਬ ਵਿਚ ਦੋ ਸਿਆਸੀ ਜਮਾਤਾਂ ਨੇ ਪੰਜਾਬੀਆਂ ਨੂੰ ਆਪਣੇ ਚੁੰਗਲ ਵਿਚ ਫਸਾਈ ਰੱਖਿਆ। ਸੰਨ 2014 ਵਿਚ ਆਮ ਆਦਮੀ ਪਾਰਟੀ ਤੀਜਾ ਸਿਆਸੀ ਬਦਲ ਬਣ ਕੇ ਉੱਭਰੀ ਤਾਂ ਉਸ ਨੇ ਲੋਕ ਸਭਾ ਦੀਆਂ ਚਾਰ ਸੀਟਾਂ ਜਿੱਤ ਕੇ ਨਵਾਂ ਇਤਿਹਾਸ ਸਿਰਜ ਦਿੱਤਾ। 'ਆਪ' ਦਾ ਕੇਵਲ ਪੰਜਾਬ ਵਿਚ ਹੀ ਖਾਤਾ ਖੁੱਲ੍ਹਿਆ। ਸਾਫ਼ ਹੈ ਕਿ ਭਾਜਪਾ ਦੀ ਲਹਿਰ ਹੋਣ ਦੇ ਬਾਵਜੂਦ ਪੰਜਾਬੀਆਂ ਨੇ ਵੱਖਰਾ ਸੁਰ ਅਲਾਪਿਆ ਜਿਸ ਦਾ ਕਾਰਨ ਉਨ੍ਹਾਂ ਦਾ ਵਿਲੱਖਣ ਸੁਭਾਅ ਹੈ। ਅਗਲੀਆਂ ਲੋਕ ਸਭਾ ਚੋਣਾਂ ਵਿਚ

'ਆਪ' ਦਾ ਇਕਲੌਤਾ ਸੰਸਦ ਮੈਂਬਰ ਚੁਣਿਆ ਗਿਆ ਜਦਕਿ ਕਈਆਂ ਦੀ ਜ਼ਮਾਨਤ ਜ਼ਬਤ ਹੋ ਗਈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਨੂੰ ਧੋਬੀ ਪੱਟਕਾ ਮਾਰ ਕੇ 'ਆਪ' ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਬਣ ਗਈ। ਦੋ-ਧਿਰੀ ਸਿਆਸੀ ਭੇੜ ਵਾਲੇ ਸੂਬੇ ਵਿਚ ਹੁਣ ਮੁਕਾਬਲਾ ਬਹੁ-ਕੋਣੀ ਹੈ। ਇਸੇ ਕਰਕੇ ਕੋਈ ਵੀ ਸਿਆਸੀ ਪੰਡਿਤ ਸੰਭਾਵੀ ਨਤੀਜਿਆਂ ਬਾਰੇ ਸਟੀਕ ਵਿਸ਼ਲੇਸ਼ਣ ਕਰਨ ਤੋਂ ਅਸਮਰੱਥ ਹੈ। ਇਸ ਦਾ ਵੱਡਾ ਕਾਰਨ ਬਹੁ-ਕੋਣੀ ਮੁਕਾਬਲੇ ਹਨ। ਵੈਸੇ ਵੀ ਇਹ ਦਲ-ਬਦਲੀ ਦਾ ਮੌਸਮ ਹੈ। ਕੈਬਨਿਟ ਦੇ ਅਹੁਦਿਆਂ ਦਾ ਸੁੱਖ ਮਾਣ ਚੁੱਕੇ ਆਪਣੀ ਮਾਂ-ਪਾਰਟੀ ਨੂੰ ਅਲਵਿਦਾ ਕਹਿ ਰਹੇ ਹਨ। ਜਿਨ੍ਹਾਂ ਸਿਆਸਤਦਾਨਾਂ ਨੂੰ ਆਪਣੀ ਪਾਰਟੀ ਨੇ ਟਿਕਟਾਂ ਨਹੀਂ ਦਿੱਤੀਆਂ ਉਹ ਕਿਸੇ ਹੋਰ ਦਾ ਦਰਵਾਜ਼ਾ ਖੜਕਾਅ ਰਹੇ ਹਨ। ਕੋਈ 'ਆਪ' ਦਾ ਸੀਨੀਅਰ ਨੇਤਾ ਕਾਂਗਰਸ ਦਾ 'ਹੱਥ' ਫੜ ਰਿਹਾ ਹੈ ਤਾਂ ਦੂਜੇ ਦਿਨ ਕੋਈ ਕਾਂਗਰਸੀ 'ਆਪ' ਦੀ ਛੱਤਰੀ 'ਤੇ ਜਾ ਬਹਿੰਦਾ ਹੈ। ਟਕਸਾਲੀ ਸਿੱਖ ਨੇਤਾਵਾਂ ਦਾ ਭਾਜਪਾ ਦੇ ਖੇਮੇ ਵਿਚ ਜਾਣਾ ਸਭ ਨੂੰ ਹੈਰਾਨ ਕਰ ਰਿਹਾ ਹੈ। ਅਜੇ ਕੱਲ੍ਹ ਦੀ ਗੱਲ ਹੈ ਕਿ ਭਾਜਪਾ ਨੇਤਾਵਾਂ ਦੇ ਘਿਰਾਓ ਹੋ ਰਹੇ ਸਨ। ਮਲੋਟ ਵਿਚ ਤਾਂ ਭਾਜਪਾ ਵਿਧਾਇਕ ਦੇ ਕੱਪੜੇ ਉਤਾਰਨ ਦੀ ਕੋਝੀ ਹਰਕਤ ਵੀ ਹੋਈ ਸੀ। ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਨੂੰ ਇੰਜ ਬੇਇੱਜ਼ਤ ਕਰਨਾ ਦਰਅਸਲ ਲੋਕਤੰਤਰ ਦੀ ਹੱਤਕ ਹੈ। ਤਿੰਨ ਖੇਤੀ ਕਾਨੂੰਨ ਰੱਦ ਹੋਣ ਤੋਂ ਬਾਅਦ ਸਥਿਤੀ ਨੇ ਸੁਖਾਵਾਂ ਮੋੜ ਲਿਆ ਹੈ। ਕਾਲੇ ਦਿਨਾਂ ਦੌਰਾਨ 'ਖ਼ਾਲਿਸਤਾਨ' ਦੇ ਨਾਅਰੇ ਮਾਰਨ ਵਾਲੇ ਵੀ ਜਨਤਕ ਤੌਰ 'ਤੇ ਸਿਰੋਪੇ ਪੁਆ ਕੇ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ। 'ਪੰਥ ਰਤਨ' ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਪਰਿਵਾਰਕ ਮੈਂਬਰਾਂ ਦਾ ਭਾਜਪਾ ਵਿਚ ਸ਼ਾਮਲ ਹੋਣਾ ਵੀ ਕਈ ਸੰਕੇਤ ਦੇ ਰਿਹਾ ਹੈ। ਟਕਸਾਲੀ ਨੇਤਾ ਤੇ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਕਈ ਨੇਤਾਵਾਂ ਨੂੰ ਵੀ 'ਕਮਲ' ਦੀ ਖ਼ੁਸ਼ਬੂ ਨੇ ਮੋਹ ਲਿਆ ਹੈ। ਇਨ੍ਹਾਂ ਵਿਚ ਉਹ ਨੇਤਾ ਵੀ ਸ਼ਾਮਲ ਹਨ ਜੋ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀ ਭਾਜਪਾ ਨਾਲ ਸਾਂਝ-ਭਿਆਲੀ ਨੂੰ ਲੈ ਕੇ ਪਾਣੀ ਪੀ-ਪੀ ਕੇ ਕੋਸਦੇ ਸਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ 'ਨਹੁੰ-ਮਾਸ' ਦਾ ਰਿਸ਼ਤਾ ਟੁੱਟਣ ਦਾ ਮੁੱਖ ਕਾਰਨ ਤਿੰਨ ਖੇਤੀ ਕਾਨੂੰਨ ਸਨ। ਇਸ ਤੋੜ-ਵਿਛੋੜੇ ਦੀ ਭਰਪਾਈ ਕਰਨ ਲਈ ਸੀਨੀਅਰ ਹਿੰਦੂ ਨੇਤਾਵਾਂ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਵਾਉਣਾ ਸਮੇਂ ਦੀ ਮੰਗ ਕਿਹਾ ਜਾ ਰਿਹਾ ਹੈ। ਭਾਜਪਾ ਨਾਲ ਤੋੜ-ਵਿਛੋੜੇ ਦੀ ਭਰਪਾਈ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮੰਦਰਾਂ ਦੀ ਜ਼ਿਆਰਤ ਕਰ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕੁਝ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚੇ ਦਾ ਗਠਨ ਕਰ ਕੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿਚ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਿਆ 'ਖਿੱਦੋ-ਖੂੰਡੀ' ਚੋਣ ਨਿਸ਼ਾਨ ਕਈ ਜੁਮਲਿਆਂ ਨੂੰ ਜਨਮ ਦੇ ਰਿਹਾ ਹੈ। ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ (ਸੰਯੁਕਤ) ਨੂੰ ਮਿਲੇ 'ਟੈਲੀਫੋਨ' ਚੋਣ ਨਿਸ਼ਾਨ 'ਤੇ ਵੀ ਜੁਮਲੇਬਾਜ਼ੀ ਹੋ ਰਹੀ ਹੈ। ਉਨ੍ਹਾਂ ਦੀ ਸਾਂਝ-

ਭਿਆਲੀ ਭਾਜਪਾ ਨੂੰ ਕਿੰਨਾ ਕੁ ਸਿਆਸੀ ਲਾਹਾ ਦੇਵੇਗੀ ਇਸ ਦਾ ਇੰਤਜ਼ਾਰ ਕਰਨਾ ਪਵੇਗਾ। ਲੋਕ ਚੁਟਕੀਆਂ ਲੈ ਰਹੇ ਹਨ ਕਿ ਖਿੱਦੋ ਦੀਆਂ ਲੀਰਾਂ ਖਿੱਲਰ ਸਕਦੀਆਂ ਹਨ ਤੇ ਟੈਲੀਫੋਨ ਦਾ ਜ਼ਮਾਨਾ ਨਹੀਂ ਰਿਹਾ ਕਿਉਂਕਿ ਅੱਜ-ਕੱਲ੍ਹ ਸਮਾਰਟਫੋਨਾਂ ’ਤੇ ਹੀ ਘੰਟੀਆਂ ਵੱਜਦੀਆਂ ਹਨ। ਫਿਰ ਵੀ ਬਣਦੇ ਤੇ ਢਹਿੰਦੇ ਸਮੀਕਰਨਾਂ ਬਾਰੇ ਫ਼ਿਲਹਾਲ ਭਵਿੱਖਬਾਣੀ ਕਰਨੀ ਦਰੁਸਤ ਨਹੀਂ ਹੈ। ਬਹੁਤ ਸਾਰੇ ਉਮੀਦਵਾਰਾਂ ਦੀ ਜਿੱਤ ਜਾਂ ਹਾਰ, ਹਜ਼ਾਰ-ਦੋ ਹਜ਼ਾਰ ਜਾਂ ਇਸ ਤੋਂ ਵੀ ਘੱਟ ਵੋਟਾਂ ’ਤੇ ਹੁੰਦੀ ਹੈ। ਕਈ ਵਾਰ ਆਜ਼ਾਦ, ਨਵੀਆਂ ਜਾਂ ਛੋਟੀਆਂ ਸਿਆਸੀ ਜਮਾਤਾਂ ਵੀ ਕਈਆਂ ਦੀ ਜਿੱਤ ਜਾਂ ਹਾਰ ਦਾ ਸਬੱਬ ਬਣਦੀਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਮਾਹਿਰਾਂ ਵੱਲੋਂ ਕੀਤੀਆਂ ਜਾਂਦੀਆਂ ਚੋਣ-ਭਵਿੱਖਬਾਣੀਆਂ ਦੇ ਉਲਟ ਨਤੀਜੇ ਵੀ ਵੇਖਣ ਨੂੰ ਮਿਲਦੇ ਰਹਿੰਦੇ ਹਨ।

16 ਜਨਵਰੀ

# ਚੋਣਾਂ ਦੇ ਬਦਲਦੇ ਦ੍ਰਿਸ਼

ਕਿਸੇ ਵੇਲੇ ਚੋਣਾਂ ਉਤਸਵ ਵਾਂਗ ਆਉਂਦੀਆਂ ਸਨ। ਚੋਣਾਂ ਦਾ ਐਲਾਨ ਹੁੰਦਿਆਂ ਸਾਰ ਸਭ ਨੂੰ ਚਾਅ ਚੜ੍ਹ ਜਾਂਦਾ ਸੀ। ਰੰਗ-ਬਰੰਗੀਆਂ ਝੰਡੀਆਂ ਅਨੇਕਾਂ ਰੰਗ ਬਖੇਰਦੀਆਂ। ਘਰਾਂ ਦੇ ਬਨੇਰਿਆਂ 'ਤੇ ਲੱਗੇ ਝੰਡੇ ਲੋਕਾਂ ਦੀ ਤਰਜੀਹ ਬਿਆਨ ਕਰਦੇ। ਬੱਚੇ-ਬਜ਼ੁਰਗ ਚੋਣ ਪ੍ਰਚਾਰ ਦੇ ਰੰਗ ਵਿਚ ਰੰਗੇ ਜਾਂਦੇ। ਲਲਾਰੀਆਂ ਦੀਆਂ ਪੌਂ-ਬਾਰਾਂ ਹੁੰਦੀਆਂ ਸਨ। ਸਿਆਸੀ ਜਮਾਤਾਂ ਵੱਲੋਂ ਵੰਡੇ ਜਾਂਦੇ ਚੋਣ-ਨਿਸ਼ਾਨ ਵਾਲੇ ਬਿੱਲੇ ਲਾ ਕੇ ਬੱਚੇ ਨਿੱਕੀਆਂ-ਨਿੱਕੀਆਂ ਢਾਣੀਆਂ ਵਿਚ ਵੰਡੇ ਜਾਂਦੇ। ਉਨ੍ਹਾਂ ਦੀ ਭਾਵੇਂ ਵੋਟ ਨਾ ਹੁੰਦੀ, ਫਿਰ ਵੀ ਉਹ ਆਪਣੀਆਂ ਬਾਹਾਂ ਲਹਿਰਾਉਂਦੇ ਹੋਏ ਆਪੋ-ਆਪਣੇ ਉਮੀਦਵਾਰਾਂ ਦਾ ਨਾਮ ਲੈ ਕੇ 'ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਨਾ ਥੱਕਦੇ। 'ਮੁਰਦਾਬਾਦ' ਕਹਿਣਾ ਅਜੇ ਉਨ੍ਹਾਂ ਨੇ ਸਿੱਖਿਆ ਨਹੀਂ ਸੀ। 'ਜਿੱਤੇਗਾ ਬਈ ਜਿੱਤੇਗਾ... ਵਾਲਾ ਜਿੱਤੇਗਾ' ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਉੱਠਦਾ। ਅਜੋਕੇ ਸਮੇਂ ਵਿਚ ਤਾਂ ਚੋਣਾਂ ਦੇ ਰੰਗ-ਢੰਗ ਹੀ ਬਦਲ ਗਏ ਹਨ। 'ਮੁਹੱਬਤ ਤੇ ਜੰਗ ਵਿਚ ਸਭ ਜਾਇਜ਼ ਹੁੰਦੈ' ਦੀ ਮੁਹਾਰਨੀ ਪੜ੍ਹੀ ਜਾਂਦੀ ਹੈ। ਪਹਿਲਾਂ ਦਿਲਾਂ ਨੂੰ ਦੁਖਾਉਣ ਵਾਲੀਆਂ ਜਾਂ ਚੁੱਭਵੀਆਂ ਗੱਲਾਂ ਨਹੀਂ ਸਨ ਹੁੰਦੀਆਂ। ਲੋਕ ਫ਼ਿਰਕੂ ਲੀਹਾਂ ਜਾਂ ਜਾਤਾਂ-ਪਾਤਾਂ ਵਿਚ ਵੰਡੇ ਹੋਣ ਦੇ ਬਾਵਜੂਦ ਕਿਸੇ 'ਤੇ ਜਾਤੀ/ਫ਼ਿਰਕੂ ਹਮਲੇ ਨਹੀਂ ਸਨ ਕਰਦੇ। ਚਿੱਕੜ-ਉਛਾਲੀ ਜਾਂ ਗਾਲੀ-ਗਲੋਚ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਇਸੇ ਕਰਕੇ ਚੋਣਾਂ ਵਿਚ ਇਕ-ਦੂਜੇ ਦੇ ਵਿਰੁੱਧ ਭੁਗਤਣ ਤੋਂ ਬਾਅਦ ਵੀ ਦਿਲਾਂ ਵਿਚ ਪੀਢੀਆਂ/ ਪੀਚਵੀਆਂ ਗੰਢਾਂ ਨਹੀਂ ਸਨ ਪੈਂਦੀਆਂ। ਉੱਤਰ ਪ੍ਰਦੇਸ਼/ ਬਿਹਾਰ ਤੋਂ ਆਏ ਨਾਜਾਇਜ਼ ਕੱਟਿਆਂ-ਹਥਿਆਰਾਂ ਦੀ ਠੂਹ-ਠਾਹ ਬਹੁਤ ਘੱਟ ਸੁਣਾਈ ਦਿੰਦੀ ਸੀ। ਅੱਜ ਵਾਂਗ 'ਚਿੱਟਾ' ਵੰਡ ਕੇ ਲੋਕਾਂ ਦੀ ਸੋਚ ਨੂੰ ਖੁੰਢਾ ਨਹੀਂ ਸੀ ਕੀਤਾ ਜਾਂਦਾ। ਲੋਕ ਲੋਹੜੀ ਵਾਂਗ ਟੋਲੀਆਂ ਬਣਾ ਕੇ ਘਰ-ਘਰ ਵੋਟਾਂ ਮੰਗਣ ਜਾਂਦੇ ਸਨ। ਸਿਆਸੀ ਵਿਰੋਧ ਦੇ ਬਾਵਜੂਦ ਕਾਂਗਰਸੀ, ਅਕਾਲੀ, ਕਾਮਰੇਡ ਜਾਂ ਸੰਘੀ ਬਗਲਗੀਰ ਹੁੰਦੇ। ਇਕ-ਦੂਜੇ ਨੂੰ ਉੱਡ ਕੇ ਮਿਲਦੇ। ਪੰਜਾਬੀ ਸੂਬੇ ਦਾ ਮੋਰਚਾ ਲੱਗਣ ਤੋਂ ਪਹਿਲਾਂ ਪੰਥ ਨੂੰ ਕੋਈ ਖ਼ਤਰਾ ਨਹੀਂ ਸੀ। ਹਰ ਕਿਸੇ ਦਾ ਦੀਨ-ਈਮਾਨ ਸੁਰੱਖਿਅਤ ਸੀ। ਪਹਿਲੀ ਨਵੰਬਰ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਲੱਗੇ ਰਾਸ਼ਟਰਪਤੀ ਰਾਜਾਂ ਨੇ ਪੰਜਾਬ ਦੀ ਫ਼ਿਜ਼ਾ ਹੀ ਬਦਲ ਕੇ ਰੱਖ ਦਿੱਤੀ। ਸੰਵਿਧਾਨ ਦੀ ਧਾਰਾ 356 ਦੀ ਦੁਰਵਰਤੋਂ ਨੇ ਪੰਜਾਬੀਆਂ, ਖ਼ਾਸ ਤੌਰ 'ਤੇ ਸਿੱਖਾਂ ਵਿਚ ਬੇਗਾਨਗੀ ਦਾ ਅਹਿਸਾਸ ਕਰਵਾ ਦਿੱਤਾ ਸੀ। ਕਈ ਅਕਾਲੀ ਸਰਕਾਰਾਂ ਮਸਾਂ ਸਾਲ-ਡੇਢ ਸਾਲ ਹੀ ਚੱਲ ਸਕੀਆਂ। ਗਿਆਨੀ ਜ਼ੈਲ ਸਿੰਘ ਪੰਜ ਸਾਲਾਂ ਲਈ 1972 ਵਿਚ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਪੰਥਿਕ ਮੁਹਾਵਰੇ ਵਿਚ ਅਕਾਲੀਆਂ ਨੂੰ ਸਿਆਸੀ

ਠਿੱਬੀ ਲਾਉਣੀ ਸ਼ੁਰੂ ਕਰ ਦਿੱਤੀ। ਜ਼ੈਲ ਸਿੰਘ ਸਰਕਾਰ ਵੇਲੇ ਗੁਰੂ ਗੋਬਿੰਦ ਸਿੰਘ ਮਾਰਗ ਪ੍ਰਾਜੈਕਟ ਨੇ ਸਿੱਖਾਂ ਦੀ ਰਹਿਬਰ ਹੋਣ ਦਾ ਦਾਅਵਾ ਕਰਨ ਵਾਲੀ ਜਮਾਤ ਕੋਲੋਂ ਪੰਥਿਕ ਮੁੱਦਾ ਖੋਹ ਲਿਆ। ਅਨੰਦਪੁਰ ਸਾਹਿਬ ਮਤਾ ਪਾਸ ਕਰ ਕੇ ਅਕਾਲੀਆਂ ਨੇ ਕੇਂਦਰ ਦੀ ਕਾਂਗਰਸ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਸੀ। ਅਪ੍ਰੈਲ 1978 ਵਿਚ ਬਾਦਲ ਸਰਕਾਰ ਵੇਲੇ ਹੋਏ ਸਿੱਖ-ਨਿਰੰਕਾਰੀ ਖ਼ੂਨੀ ਕਾਂਡ ਨੇ ਪੰਜਾਬ ਦੀ ਫ਼ਿਜ਼ਾ ਨੂੰ ਲਾਂਬੂ ਲਾ ਦਿੱਤਾ। ਸਾਕਾ ਨੀਲਾ ਤਾਰਾ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਵਾਪਰੇ ਸਿੱਖ ਵਿਰੋਧੀ ਦੰਗਿਆਂ ਨੇ ਪੰਜਾਬ ਦੀ ਆਬੋ-ਹਵਾ ਵਿਚ ਜ਼ਹਿਰ ਘੋਲ ਦਿੱਤਾ ਸੀ। ਖ਼ੈਰ, 1985 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕੇਂਦਰ ਦੀ ਸੱਤਾ 'ਤੇ ਕਾਬਜ਼ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਨੇ ਅਕਾਲੀ ਨੇਤਾ ਸੁਰਜੀਤ ਸਿੰਘ ਬਰਨਾਲਾ ਨਾਲ ਗੁਪਤ ਸਮਝੌਤੇ ਤਹਿਤ ਅਕਾਲੀਆਂ ਖ਼ਿਲਾਫ਼ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਚੌਵੀ ਜੁਲਾਈ 1985 ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਪੰਜਾਬ ਨੂੰ ਚੰਡੀਗੜ੍ਹ ਮਿਲਣਾ ਸੀ। ਇਸ ਦੇ ਬਾਵਜੂਦ ਚੋਣਾਂ ਵੇਲੇ ਪੰਜਾਬੀਆਂ ਵਿਚ ਬਹੁਤਾ ਚਾਅ ਜਾਂ ਉਮਾਹ ਨਹੀਂ ਸੀ। ਪੰਜਾਬ ਵਿਚ ਡੁੱਲ੍ਹਿਆ ਬੇਤਹਾਸ਼ਾ ਖ਼ੂਨ ਸੀ ਜੋ ਪੰਜਾਬੀਆਂ ਨੂੰ ਚੈਨ ਨਾਲ ਸੌਣ ਨਹੀਂ ਸੀ ਦਿੰਦਾ। ਜਦੋਂ 'ਪੰਜਾਬ ਸਮਝੌਤੇ' ਤਹਿਤ 26 ਜਨਵਰੀ 1987 ਵਿਚ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਬਰਨਾਲਾ ਸਾਹਿਬ ਖ਼ੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰਨ ਲੱਗੇ। ਬਰਨਾਲਾ ਸਰਕਾਰ ਅਤੇ ਰਾਜੀਵ ਗਾਂਧੀ ਦੀ ਕੇਂਦਰ ਸਰਕਾਰ ਦਰਮਿਆਨ ਕੁੜੱਤਣ ਸਿਖਰਾਂ 'ਤੇ ਪੁੱਜ ਗਈ ਤਾਂ 11 ਜੂਨ 1987 ਨੂੰ ਪੰਜਾਬ ਵਿਚ ਇਕ ਵਾਰ ਫਿਰ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਪੰਜਾਂ ਸਾਲਾਂ ਬਾਅਦ ਪੰਜਾਬ ਵਿਧਾਨ ਸਭਾ ਦੀਆਂ 1992 ਵਿਚ ਹੋਈਆਂ ਚੋਣਾਂ ਨੇ ਵੱਖਰਾ ਹੀ ਇਤਿਹਾਸ ਰਚ ਦਿੱਤਾ। ਖਾੜਕੂਆਂ ਦੇ ਦਬਾਅ ਹੇਠ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਦਾ ਐਲਾਨ ਕਰ ਦਿੱਤਾ ਤਾਂ ਵੋਟਾਂ ਮੌਤ ਦੇ ਸਾਏ ਹੇਠ ਪਈਆਂ ਸਨ। ਖਾੜਕੂਆਂ ਨੇ ਐਲਾਨ ਕੀਤਾ ਸੀ ਕਿ ਜਿਸ ਕਿਸੇ ਦੀ ਉਂਗਲੀ 'ਤੇ ਸਿਆਹੀ ਦਾ ਨਿਸ਼ਾਨ ਵੇਖਿਆ ਗਿਆ ਤਾਂ ਉਹ ਉਸ ਨੂੰ ਮੌਤ ਦੇ ਘਾਟ ਉਤਾਰ ਦੇਣਗੇ। ਅਜਿਹੇ ਵਿਚ ਜਮਹੂਰੀਅਤ ਅਪਾਹਜ ਹੋ ਕੇ ਰਹਿ ਗਈ। ਮਾਨਸਾ ਜ਼ਿਲ੍ਹੇ ਦੇ ਜੋਗਾ ਵਿਧਾਨ ਸਭਾ ਹਲਕੇ ਵਿਚ ਆਈਪੀਐੱਫ ਦਾ ਉਮੀਦਵਾਰ ਸੁਰਜਨ ਸਿੰਘ ਜੋਗਾ ਮਹਿਜ਼ 394 ਵੋਟਾਂ ਲੈ ਕੇ ਵਿਧਾਇਕ ਚੁਣਿਆ ਗਿਆ ਸੀ। ਉਸ ਦੇ ਵਿਰੋਧੀ ਤੇਜਾ ਸਿੰਘ (ਅਕਾਲੀ ਦਲ ਪੰਥਿਕ) ਨੂੰ ਕੇਵਲ 289 ਵੋਟਾਂ ਹੀ ਮਿਲੀਆਂ ਸਨ। ਕਾਂਗਰਸ ਦਾ ਮੁੱਖ ਮੰਤਰੀ ਬਣਨ ਵਾਲੇ ਬੇਅੰਤ ਸਿੰਘ ਨੂੰ ਜਲੰਧਰ ਛਾਉਣੀ ਤੋਂ 18449 ਵੋਟਾਂ ਹੀ ਪਈਆਂ ਸਨ। ਸਮਾਣਾ ਤੋਂ ਕੈਪਟਨ ਅਮਰਿੰਦਰ ਸਿੰਘ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਗਏ ਜਦਕਿ ਦੂਜੀ ਸੀਟ ਤੋਂ ਉਨ੍ਹਾਂ ਨੂੰ ਹਜ਼ਾਰ ਵੋਟ ਵੀ ਨਾ ਮਿਲੀ ਤੇ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਕੁੱਲ 117 ਸੀਟਾਂ 'ਚੋਂ ਭਾਜਪਾ ਛੇ, ਸੀਪੀਆਈ ਚਾਰ, ਸੀਪੀਐੱਮ ਇਕ , ਕਾਂਗਰਸ 87, ਜਨਤਾ ਦਲ (ਜੇਡੀ) ਇਕ, ਬਹੁਜਨ ਸਮਾਜ ਪਾਰਟੀ ਨੌਂ, ਕੈਪਟਨ ਅਮਰਿੰਦਰ ਸਿੰਘ ਦਾ ਪੰਥਿਕ ਅਕਾਲੀ ਦਲ ਤਿੰਨ, ਯੂਸੀਪੀਆਈ ਇਕ, ਇੰਡੀਅਨ ਪੀਪਲਜ਼ ਫਰੰਟ ਇਕ ਅਤੇ ਆਜ਼ਾਦ ਚਾਰ ਸੀਟਾਂ ਤੋਂ ਜਿੱਤੇ। ਇਹ ਬਾਕਾਇਦਾ

'ਬੁਲਟ ਬਨਾਮ ਬੈਲਟ' ਸੀ ਕਿਉਂਕਿ ਪੰਜਾਬ ਦੇ ਅਣਗਿਣਤ ਪਿੰਡਾਂ ਵਿਚ ਬੂਥ ਵੀ ਨਹੀਂ ਸਨ ਲੱਗ ਸਕੇ। ਸਹਿਮ ਦੇ ਸਾਏ ਹੇਠ ਹੋਈਆਂ ਇਨ੍ਹਾਂ ਚੋਣਾਂ ਤੋਂ ਬਾਅਦ ਬੇਅੰਤ ਸਿੰਘ ਸਰਕਾਰ ਬਣੀ ਤਾਂ ਇਸ ਨੇ ਤਤਕਾਲੀ ਡੀਜੀਪੀ ਕੇਪੀਐੱਸ ਗਿੱਲ ਨੂੰ ਖੁੱਲ੍ਹੀ ਛੁੱਟੀ ਦੇ ਕੇ ਅੱਤਵਾਦ ਨੂੰ ਜੜ੍ਹਾਂ ਤੋਂ ਪੁੱਟਣ ਦਾ ਨਿਰਣਾ ਲੈ ਲਿਆ। ਇਸ ਤੋਂ ਬਾਅਦ 1997, 2002, 2007, 2012 ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਰੌਣਕ ਜ਼ਰੂਰ ਪਰਤੀ ਪਰ ਚੋਣ ਪ੍ਰਚਾਰ ਵੇਲੇ ਕਿਰਦਾਰਕੁਸ਼ੀ ਵੀ ਚਰਮ ਸੀਮਾ 'ਤੇ ਪਹੁੰਚ ਗਈ। ਹੁਣ ਕੋਰੋਨਾ ਮਹਾਮਾਰੀ ਦੇ ਚੱਲਦਿਆਂ ਭਾਵੇਂ ਪਾਬੰਦੀਆਂ ਆਇਦ ਕੀਤੀਆਂ ਹਨ ਪਰ ਸਿਆਸੀ ਦੂਸ਼ਣਬਾਜ਼ੀ ਸੱਤਵੇਂ ਅਸਮਾਨ 'ਤੇ ਪੁੱਜ ਗਈ ਹੈ। ਇਸ ਲਈ ਇਹ ਚੋਣਾਂ ਉਤਸਵ ਦੇ ਮੁਕਾਬਲੇ ਚੋਣ ਦੰਗਲ ਵਧੇਰੇ ਲੱਗ ਰਹੀਆਂ ਹਨ।

23 ਜਨਵਰੀ

# ਬੁੱਤਾਂ ਤੋਂ ਡਰਦੇ ਕੱਟੜਪੰਥੀ

ਪਾਕਿਸਤਾਨ ਦੀ ਬੁਨਿਆਦ ਨਫ਼ਰਤ 'ਤੇ ਟਿਕੀ ਹੋਣ ਕਾਰਨ ਉੱਥੋਂ ਦੇ ਕੱਟੜਪੰਥੀ ਅੱਜ ਵੀ ਉਨ੍ਹਾਂ ਸਾਹਸੀ ਯੋਧਿਆਂ ਦੀਆਂ ਨਿਸ਼ਾਨੀਆਂ ਨੂੰ ਨੇਸਤੋ-ਨਾਬੂਦ ਕਰਨ ਦੀ ਹਿਮਾਕਤ ਕਰ ਰਹੇ ਹਨ ਜਿਨ੍ਹਾਂ 'ਤੇ 'ਕਾਫ਼ਰਾਂ' (ਗ਼ੈਰ-ਮੁਸਲਮਾਨਾਂ) ਨੇ ਫ਼ਤਿਹ ਦੀ ਇਬਾਰਤ ਖੁਣੀ ਸੀ। ਵੰਡ ਤੋਂ ਬਾਅਦ ਅਣਗਿਣਤ ਵਿਰਾਸਤੀ ਇਮਾਰਤਾਂ ਮਲਬੇ ਦੇ ਢੇਰ ਵਿਚ ਤਬਦੀਲ ਹੋ ਚੁੱਕੀਆਂ ਹਨ। ਪਾਕਿਸਤਾਨੀ ਸੂਬੇ ਖ਼ੈਬਰ ਪਖ਼ਤੂਨਖ਼ਵਾ ਦੇ ਹਜ਼ਾਰਾ ਖੇਤਰ ਦੇ ਪ੍ਰਮੁੱਖ ਸ਼ਹਿਰ ਹਰੀਪੁਰ ਦੇ ਸਿੱਦੀਕ-ਏ-ਅਕਬਰ ਚੌਕ 'ਚ ਸਥਾਪਤ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੇ ਬੁੱਤ ਨੂੰ ਢਾਹ ਦੇਣ ਦੀ ਘਿਨਾਉਣੀ ਘਟਨਾ ਵਾਪਰੀ ਹੈ। ਇਹ ਬੁੱਤ ਨਲਵਾ ਦੇ ਘੋੜੇ 'ਤੇ ਬੈਠਿਆਂ ਦਾ ਸੀ ਜਿਸ ਨੂੰ ਕਿਰਪਾਨ ਸੂਤਦਿਆਂ ਵਿਖਾਇਆ ਗਿਆ ਸੀ। ਸਿੱਖ ਸੰਗਤ ਹੀ ਨਹੀਂ, ਸਮੂਹ ਪੰਜਾਬੀਆਂ ਲਈ ਵੱਖਰੀ ਅਹਿਮੀਅਤ ਰੱਖਦਾ ਧਾਤ ਦਾ ਬਣਿਆ ਇਹ ਬੁੱਤ ਅੱਠ ਫੁੱਟ ਲੰਬਾ ਸੀ। ਦਰਅਸਲ, ਤੁਅੱਸਬੀ ਕਿਸਮ ਦੇ ਕੁਝ ਸਥਾਨਕ ਲੋਕਾਂ ਨੂੰ ਇਹੋ ਮੁੱਖ ਇਤਰਾਜ਼ ਸੀ ਕਿ ਇਸ ਚੌਕ ਦਾ ਨਾਂ ਤਾਂ 'ਸਿੱਦੀਕ-ਏ-ਅਕਬਰ' ਹੈ ਪਰ ਇਸ ਬੁੱਤ ਕਾਰਨ ਇਹ 'ਘੋੜਾ ਚੌਕ' ਦੇ ਨਾਂ ਨਾਲ ਵਧੇਰੇ ਮਕਬੂਲ ਹੋ ਗਿਆ ਸੀ। ਕੁਦਰਤੀ ਸੀ ਕਿ ਇੰਤਹਾਪਸੰਦਾਂ ਦੀਆਂ ਅੱਖਾਂ ਇਤਿਹਾਸ ਦੇ ਅਜਿਹੇ ਕਾਂਡ ਨੂੰ ਕਦੇ ਵੀ ਪੜ੍ਹਨਾ ਪਸੰਦ ਨਹੀਂ ਸਨ ਕਰਦੀਆਂ ਜੋ ਗ਼ੈਰ ਮੁਸਲਮਾਨ ਦੀ ਮਹਿਮਾ ਨੂੰ ਵਧਾਉਂਦਾ ਹੋਵੇ। ਉਨ੍ਹਾਂ ਨੂੰ ਤਾਂ ਨਲਵਾ ਦੇ ਹੱਥ ਸੂਤੀ ਹੋਈ ਕਿਰਪਾਨ ਤੋਂ ਵੀ ਡਰ ਲੱਗਦਾ ਹੋਵੇਗਾ। ਇੱਥੇ ਪਾਕਿਸਤਾਨ ਦੇ ਇਕ ਟੀਵੀ ਐਂਕਰ ਦੇ ਬੋਲ ਯਾਦ ਆਉਂਦੇ ਹਨ ਜੋ ਨਲਵਾ ਦੀ ਸਮਾਧ ਅੰਦਰ ਵੜਨ ਵੇਲੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਦਰਸ਼ਕਾਂ ਨੂੰ ਕਹਿੰਦਾ ਹੈ ਕਿ ਹੁਣ ਉਹ ਕੁਝ ਵੀ ਨਹੀਂ ਬੋਲੇਗਾ ਕਿਉਂਕਿ ਉਸ ਦੇ ਵਾਲਿਦਾਨ ਨੇ ਕਿਹਾ ਸੀ ਕਿ ਅਜਿਹਾ ਕਰਨ 'ਤੇ 'ਕਾਫ਼ਰ' ਸਮਾਧੀ 'ਚੋਂ ਉੱਠ ਖੜ੍ਹਦੇ ਹਨ। ਪਾਕਿਸਤਾਨ ਦੇ ਪ੍ਰਸਿੱਧ ਅਖ਼ਬਾਰ 'ਡਾਅਨ' ਦੀ ਰਿਪੋਰਟ ਮੁਤਾਬਕ ਹਰੀ ਸਿੰਘ ਨਲਵਾ ਦਾ ਇਹ ਬੁੱਤ ਸਤੰਬਰ 2017 'ਚ ਸੀਮੈਂਟ ਦੇ ਇਕ ਥੜ੍ਹੇ 'ਤੇ ਸਥਾਪਤ ਕੀਤਾ ਗਿਆ ਸੀ ਜਿਸ 'ਤੇ 25 ਲੱਖ ਪਾਕਿਸਤਾਨੀ ਰੁਪਏ ਖ਼ਰਚ ਹੋਏ ਸਨ। ਹੁਣ ਸਿੱਦੀਕ-ਏ-ਅਕਬਰ ਚੌਕ 'ਚ ਇਸ ਬੁੱਤ ਦੀ ਥਾਂ ਪਹਿਲੇ ਖ਼ਲੀਫ਼ਾ ਇਸਲਾਮ ਹਜ਼ਰਤ ਅਬਦੁਲ ਬਕਰ ਦੇ ਨਾਂ ਦਾ ਇਕ ਨਵਾਂ ਢਾਂਚਾ ਖੜ੍ਹਾ ਕੀਤੇ ਜਾਣ ਦਾ ਪ੍ਰਸਤਾਵ ਹੈ। ਉਂਜ ਇਸ ਗੱਲ ਦੀ ਵੀ ਚਰਚਾ ਹੈ ਕਿ ਸਿੱਖ ਫ਼ੌਜੀ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਹਰੀਪੁਰ ਦੀ ਜੀਟੀ ਰੋਡ 'ਤੇ ਮੁੜ ਸਥਾਪਤ ਕੀਤਾ ਜਾਵੇਗਾ। ਰੋਹ ਵਿਚ ਆਇਆ ਵਿਸ਼ਵ ਸਿੱਖ ਭਾਈਚਾਰਾ ਕੱਟੜਪੰਥੀਆਂ ਨੂੰ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਹਾ ਦਾ ਵੰਡ ਵੇਲੇ ਕੀਤਾ ਉਹ ਵਾਅਦਾ ਯਾਦ ਕਰਵਾ ਰਿਹਾ

ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀ ਜਾਨ-ਮਾਲ ਤੇ ਵਿਰਾਸਤ ਨੂੰ ਹਰ ਹੀਲੇ ਮਹਿਫ਼ੂਜ਼ ਰੱਖਿਆ ਜਾਵੇਗਾ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੀ ਸਥਾਪਨਾ ਅਤੇ ਘੱਟੋ-ਘੱਟ 20 ਇਤਿਹਾਸਕ ਯੁੱਧਾਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਨਲਵਾ ਦੇ ਬੁੱਤ ਨੂੰ ਹਟਾਉਣਾ ਵਾਅਦਾ-ਖ਼ਿਲਾਫ਼ੀ ਨਹੀਂ ਤਾਂ ਹੋਰ ਕੀ ਹੈ ? ਵਿਦੇਸ਼ੀ ਹਮਲਿਆਂ ਦਾ ਸ਼ਾਹ-ਮਾਰਗ ਰਹੇ 'ਦੱਰਾ ਖ਼ੈਬਰ' ਨੂੰ ਨੱਕਾ ਲਾਉਣ ਵਾਲੇ ਨਲਵਾ ਦੀ ਦਹਿਸ਼ਤ ਇੰਨੀ ਸੀ ਕਿ ਅਫ਼ਗਾਨਿਸਤਾਨ ਦੀਆਂ ਔਰਤਾਂ ਆਪਣੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਡਰਾਵਾ ਦਿੰਦੀਆਂ ਕਹਿੰਦੀਆਂ ਸਨ ਕਿ ਚੁੱਪ ਹੋ ਜਾ, ਨਹੀਂ ਤਾਂ ਨਲਵਾ ਆ ਜਾਵੇਗਾ। ਨਲਵਾ ਸਿੱਖ ਇਤਿਹਾਸ ਦਾ ਉਹ ਸੁਨਹਿਰੀ ਪੰਨਾ ਹੈ ਜਿਸ ਨੂੰ ਤਵਾਰੀਖ ’ਚੋਂ ਮਿਟਾਇਆ ਨਹੀਂ ਜਾ ਸਕਦਾ। ਜਮਰੌਦ ਦੀ ਜੰਗ ਨੇ ਨਲਵਾ ਦਾ ਨਾਮ ਵਿਸ਼ਵ ਦੇ ਪ੍ਰਮੁੱਖ ਫ਼ੌਜੀ ਜਰਨੈਲਾਂ ਦੀ ਫਹਿਰਿਸਤ ਵਿਚ ਲਿਖ ਦਿੱਤਾ ਸੀ। ਸੰਨ 1836-37 ਈਸਵੀ ਵਿਚ ਨਲਵਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਪਿਸ਼ਾਵਰ ਦੀ ਰੱਖਿਆ ਲਈ ਲਗਪਗ ਦੋ ਮਹੀਨਿਆਂ ਵਿਚ ਦੱਰਾ ਖ਼ੈਬਰ ਨੇੜੇ 'ਜਮਰੌਦ ਦਾ ਕਿਲਾ' ਤਾਮੀਰ ਕਰਵਾਇਆ ਸੀ ਜਿਸ ਦਾ ਨਾਂ 'ਫ਼ਤਿਹਗੜ੍ਹ ਸਾਹਿਬ' ਰੱਖਿਆ ਗਿਆ। ਨਲਵਾ ਜਿੱਧਰ ਵੀ ਜਾਂਦਾ, ਧਰਤੀ ਦਾ ਕਣ-ਕਣ ਉਸ ਦੇ ਪੈਰਾਂ ਨੂੰ ਚੁੰਮਦਾ ਪ੍ਰਤੀਤ ਹੁੰਦਾ। ਉਸ ਦੀ ਹਰ ਮੈਦਾਨ ਵਿਚ ਫ਼ਤਿਹ ਹੁੰਦੀ। ਅਫ਼ਗਾਨਾਂ ਦੇ ਅਚਨਚੇਤ ਹਮਲੇ ਦੇ ਬਾਵਜੂਦ ਜਮਰੌਦ ਦਾ ਕਿਲਾ ਫ਼ਤਿਹ ਨਾ ਹੋਇਆ ਪਰ ਮੰਦੇ ਭਾਗਾਂ ਨੂੰ 'ਸ਼ੇਰੇ ਅਫ਼ਗਾਨਿਸਤਾਨ' ਤੇ 'ਸ਼ੇਰਦਿਲ ਰੈਜੀਮੈਂਟ' ਦਾ ਕੋਹਿਨੂਰ ਹੀਰਾ ਤਲਵਾਰਬਾਜ਼ੀ ਦੇ ਜੌਹਰ ਦਿਖਾਉਂਦਾ ਹੋਇਆ ਇਸ ਜੰਗ ਵਿਚ ਸ਼ਹੀਦ ਹੋ ਗਿਆ ਸੀ। 'ਦਹਿਸ਼ਤਗਰਦਾਂ ਦੀ ਧਰਤੀ' ਅਖਵਾਉਣ ਕਾਰਨ ਪਾਕਿਸਤਾਨ ਤਾਂ ਪਹਿਲਾਂ ਹੀ ਪੂਰੀ ਦੁਨੀਆ ’ਚ ਅਲੱਗ-ਥਲੱਗ ਪੈ ਚੁੱਕਾ ਹੈ ਤੇ ਅਜਿਹੀਆਂ ਫ਼ਿਰਕੂ ਮੰਗਾਂ ’ਤੇ ਕਾਰਵਾਈ ਪਾਉਂਦਿਆਂ ਨਲਵਾ ਦਾ ਬੁੱਤ ਢਾਹ ਦੇਣਾ ਪਾਕਿਸਤਾਨੀ ਪ੍ਰਸ਼ਾਸਨ ਦੀ ਬੇਹੱਦ ਨਿੰਦਣਯੋਗ ਕਾਰਵਾਈ ਹੈ। ਪਿਛਲੇ ਸਾਲ ਵੀ ਕਿਸੇ ਸਿਰਫਿਰੇ ਨੇ ਲਾਹੌਰ ਕਿਲੇ ਦੇ ਬਾਹਰ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਤੋੜਿਆ ਸੀ। ਇਹ ਮੰਦਭਾਗੀ ਘਟਨਾ ਉਸ ਸ਼ਹਿਰ ਵਿਚ ਵਾਪਰੀ ਜਿਸ ਦੇ ਬਾਸ਼ਿੰਦਿਆਂ ਨੇ ਖ਼ੁਦ ਦਰਿਆਦਿਲ ਤੇ ਸ਼ੇਰਦਿਲ ਮਹਾਰਾਜੇ ਨੂੰ ਲਾਹੌਰ ’ਤੇ ਕਬਜ਼ਾ ਕਰਨ ਦੀ ਅਰਜ਼ੋਈ ਕੀਤੀ ਸੀ। ਲਾਹੌਰ ’ਤੇ ਕਾਬਿਜ਼ ਹੋਣ ਤੋਂ ਬਾਅਦ ਨਗਰ ਵਾਸੀਆਂ ਨੇ ਆਪਣੇ ਘਰਾਂ ਦੇ ਬਨੇਰਿਆਂ ’ਤੇ ਦੀਵੇ ਬਾਲੇ ਸਨ। ਬੁੱਤ ਨੂੰ ਢਾਹੁਣ ਵੇਲੇ ਕੱਟੜਪੰਥੀ ਫ਼ਿਰਕੂ ਨਾਅਰੇ ਲਾਉਂਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਨੂੰ ਕਾਫ਼ਰ ਤਕ ਕਹਿ ਰਿਹਾ ਸੀ। ਪਾਕਿਸਤਾਨ ’ਚ ਸਿੱਖਾਂ ਦੇ ਬਹੁਤ ਸਾਰੇ ਬੁਨਿਆਦੀ ਧਾਰਮਿਕ ਅਸਥਾਨ ਮੌਜੂਦ ਹਨ ਅਤੇ ਉੱਥੋਂ ਦੀ ਸਰਕਾਰ ਨੂੰ ਸਿੱਖ ਅਹਿਮੀਅਤ ਵਾਲੀਆਂ ਵਸਤਾਂ ਤੇ ਸਥਾਨਾਂ ਦੀ ਹੋਰਨਾਂ ਦੇਸ਼ਾਂ ਨਾਲੋਂ ਵਧੇਰੇ ਸਮਝ ਹੋਣੀ ਚਾਹੀਦੀ ਹੈ। ਇਸ ਮਾਮਲੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਤੀਕਰਮ ਆਉਣੇ ਵੀ ਸੁਭਾਵਕ ਹਨ। ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਇਸ ਵਾਰਦਾਤ ਦੀ ਨਿੰਦਾ ਕਰਦਿਆਂ ਆਖਿਆ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਹਰੀ ਸਿੰਘ ਨਲਵਾ ਦਾ ਬੁੱਤ ਢਾਹਿਆ ਹੈ। ਉਨ੍ਹਾਂ ਕਿਹਾ

ਹੈ ਕਿ ਪਹਿਲਾਂ ਕੁਝ ਸਮਾਜ-ਵਿਰੋਧੀ ਅਨਸਰਾਂ ਨੇ ਲਾਹੌਰ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਵੀ ਨੁਕਸਾਨ ਪਹੁੰਚਾਇਆ ਸੀ। ਓਧਰ ਕੁਝ ਮੀਡੀਆ ਰਿਪੋਰਟਾਂ ਨੇ ਸੂਤਰਾਂ ਦੇ ਹਵਾਲੇ ਨਾਲ ਆਖਿਆ ਹੈ ਕਿ ਇਹ ਬੁੱਤ ਸਥਾਨਕ ਅਧਿਕਾਰੀਆਂ ਨੇ ਕੁਝ ਮੁੱਠੀ-ਭਰ ਲੋਕਾਂ ਦੇ ਪਿੱਛੇ ਲੱਗ ਕੇ ਢਾਹਿਆ ਹੈ। ਨਲਵਾ ਦੀਆਂ ਕਸੂਰ, ਸਿਆਲੋਟ, ਅਟਕ, ਮੁਲਤਾਨ, ਕਸ਼ਮੀਰ, ਪਿਸ਼ਾਵਰ ਤੇ ਜਮਰੌਦ 'ਚ ਜਿੱਤੀਆਂ ਜੰਗਾਂ ਨੂੰ ਕੀ ਇਤਿਹਾਸ ਕਦੇ ਭੁਲਾ ਸਕਦਾ ਹੈ ? ਪਾਕਿਸਤਾਨ ਸਰਕਾਰ 'ਤੇ ਉਸ ਦੇਸ਼ ਦੇ ਖ਼ੁਦਮੁਖ਼ਤਿਆਰ ਇਵੈਕੁਈ ਪ੍ਰਾਪਰਟੀ ਟਰੱਸਟ ਬੋਰਡ ਨੂੰ ਇਸ ਮਾਮਲੇ ਦੀ ਸੁਤੰਤਰ ਜਾਂਚ ਬਿਠਾ ਕੇ ਦੋਸ਼ੀਆਂ ਦੀ ਸ਼ਨਾਖ਼ਤ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਉਣੀਆਂ ਚਾਹੀਦੀਆਂ ਹਨ।

6 ਫਰਵਰੀ

# ਪੰਜਾਬੀਅਤ ਜ਼ਿੰਦਾ ਰਹੇ

ਚੋਣਾਂ, ਲੋਕਤੰਤਰ ਦਾ ਮਹਾਨ ਪੁਰਬ ਹੁੰਦੀਆਂ ਹਨ। ਇਹ ਅਜਿਹਾ ਉਤਸਵ ਹੁੰਦੈ ਜਿਸ ਵਿਚ ਹਰ ਕੋਈ ਲਾੜੇ ਜਾਂ ਸਰਬਾਲੇ ਵਾਂਗ ਵਿਚਰਦਾ ਹੈ। ਸੱਤਾ ਦੇ ਸਿੰਘਾਸਣ 'ਤੇ ਬੈਠਣ ਲਈ ਰਾਜੇ-ਮਹਾਰਾਜੇ ਹੱਥਾਂ ਵਿਚ ਠੂਠੇ ਫੜੀ ਦਰ-ਦਰ 'ਤੇ ਅਲਖ ਜਗਾਉਂਦੇ ਫਿਰਦੇ ਹਨ। ਵੋਟਰਾਂ ਦੇ ਹੱਥਾਂ 'ਤੇ ਸਰ੍ਹੋਂ ਜੰਮਦੀ ਵੇਖੀ ਜਾ ਸਕਦੀ ਹੈ। ਦਾਰੂ ਦੇ ਦਰਿਆ ਵਿਚ ਡੁੱਬਕੀਆਂ ਲੱਗਣ ਦੇ ਨਜ਼ਾਰੇ ਵੀ ਦਿਸਦੇ ਹਨ। ਅਵਾਮ ਦੇ ਮਨ ਦੀਆਂ ਮੌਜਾਂ ਦਾ ਜਨਅੰਕਣ ਰਾਜਿਆਂ ਨੂੰ ਰੰਕ ਅਤੇ ਰੰਕਾਂ ਨੂੰ ਰਾਜੇ ਬਣਾ ਦਿੰਦਾ ਹੈ। ਅੱਜ, ਸੂਰਜ ਅਸਤ ਹੋਣ ਤੋਂ ਪਹਿਲਾਂ-ਪਹਿਲਾਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੀ ਕਿਸਮਤ ਈਵੀਐੱਮ ਮਸ਼ੀਨਾਂ ਵਿਚ ਕੈਦ ਹੋ ਜਾਵੇਗੀ। ਵੀਹ ਮਾਰਚ ਨੂੰ ਵੋਟਾਂ ਦੇ ਨਤੀਜੇ ਕਿਸੇ ਨੂੰ ਵੀ ਹੈਰਾਨ-ਪਰੇਸ਼ਾਨ ਕਰ ਸਕਦੇ ਹਨ। ਇਸ ਦਾ ਮੁੱਖ ਕਾਰਨ ਬਹੁਕੋਣੀ ਮੁਕਾਬਲੇ ਹਨ। ਕਿਸੇ ਵਕਤ ਕੋਣ-ਦੁਭਾਜਕ (ਗਣਿ) ਚੋਣਾਂ ਵੇਲੇ ਭਵਿੱਖਬਾਣੀ ਕਰਨੀ ਸਰਲ ਸੀ। ਇਸ ਵੇਲੇ ਪੰਜਾਬ ਵਿਚ ਕੋਨਿਕ ਝੁਕਾਅ ਬਹੁਤੇ ਹੋਣ ਕਾਰਨ ਸਿਆਸੀ ਪੰਡਿਤਾਂ ਵੱਲੋਂ ਬਣਾਏ ਟੇਵੇ ਗ਼ਲਤ ਸਾਬਿਤ ਹੋ ਸਕਦੇ ਹਨ। ਆਉਣ ਵਾਲੇ ਨਤੀਜੇ ਪੰਜਾਬ ਦੀ ਤਸਵੀਰ ਤੇ ਤਕਦੀਰ ਤੈਅ ਕਰਨਗੇ। ਪੰਜਾਬੀ, ਭਾਵਨਾਵਾਂ ਵਿਚ ਵਹਿਣ ਵਾਲੀ ਕੌਮ ਹੈ। ਦੇਸ਼ ਦੀ ਆਜ਼ਾਦੀ, ਖ਼ਾਸ ਤੌਰ 'ਤੇ ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬੀਆਂ ਦੇ ਜਜ਼ਬਾਤ ਦਾ ਤਰਜਮਾਂ ਵੋਟਾਂ ਵੇਲੇ ਦ੍ਰਿਸ਼ਟੀਗੋਚਰ ਹੁੰਦਾ ਆਇਆ ਹੈ। ਪਿਛੋਕੜ ਵੱਲ ਪੰਛੀ ਝਾਤ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੇ ਅਲਬੇਲੇ ਲੋਕ ਨਫ਼ੇ-ਨੁਕਸਾਨ ਦੇ ਗਣਿਤ ਤੋਂ ਅਭਿੱਜ ਹਨ। ਸਾਹਸੀ ਹੋਣ ਦੇ ਨਾਲ-ਨਾਲ ਉਹ ਭੋਲੇ-ਭਾਲੇ ਹਨ ਤੇ ਬਹੁਤੀਆਂ ਚੁਸਤੀਆਂ-ਚਲਾਕੀਆਂ ਜਾਂ ਜਰਬਾਂ-ਤਕਸੀਮਾਂ ਨਹੀਂ ਕਰਦੇ। ਦਿਲਾਂ ਦੇ ਦਰਿਆ ਲੋਕ ਉਂਜ ਵੀ ਕਿਸੇ ਦੀ ਤੁੱਛ ਜਿਹੀ 'ਮਿਹਰਬਾਨੀ' ਉੱਤੇ ਡੁੱਲ੍ਹਣ ਵਾਲੇ ਹਨ। ਦਰਅਸਲ, ਦੂਜਿਆਂ ਖ਼ਾਤਰ ਮਰ-ਮਿਟਣ ਵਾਲੀ ਕੌਮ ਹਨ ਪੰਜਾਬੀ! ਗੁਰੂਆਂ, ਸੰਤਾਂ-ਮਹਾਤਮਾਵਾਂ ਅਤੇ ਸੂਫ਼ੀ-ਸੰਤਾਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਜ਼ਰਖ਼ੇਜ਼ ਭੋਇੰ ਤੋਂ ਉਤਪੰਨ ਹੋਇਆ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਆਪਣੇ ਤੇ ਬੇਗਾਨੇ ਦੇ ਫ਼ਰਕ ਨੂੰ ਮਿਟਾਉਣ ਵਾਲਾ ਹੈ। ਪੰਜਾਬੀਆਂ ਦੀ ਫਿਰਾਖ਼ਦਿਲੀ 'ਤੇ ਦੁਨੀਆ ਨਾਜ਼ ਕਰਦੀ ਆਈ ਹੈ। ਸਾਡਾ ਸੱਭਿਆਚਾਰ ਹੀ ਦਰਅਸਲ ਮਿੱਸਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ ਮੁਸਲਮਾਨ ਕਿੱਸਾਕਾਰ ਸ਼ਾਹ ਮੁਹੰਮਦ ਖ਼ੂਨ ਦੇ ਅੱਥਰੂ ਕੇਰਦਾ ਹੈ। ਉਹ ਮਹਾਰਾਜਾ ਰਣਜੀਤ ਸਿੰਘ ਨੂੰ ਸਮੁੱਚੇ ਪੰਜਾਬੀਆਂ ਦਾ ਸਾਂਝਾ ਰਾਜਾ ਗਰਦਾਨਦਾ ਹੋਇਆ ਉਸ ਦੇ ਖ਼ੂਬ ਸੋਹਲੇ ਗਾਉਂਦਾ ਹੈ।

ਸ਼ੇਰ-ਏ-ਪੰਜਾਬ ਦੇ ਅੱਖਾਂ ਮੀਟਣ ਨਾਲ ਬੁਰਛਾਗਰਦੀ ਪੰਜਾਬੀਅਤ ਨੂੰ ਲੀਰੋ-ਲੀਰ ਕਰਦੀ ਹੈ। ਜਿਹੜਾ ਅੰਗਰੇਜ਼ ਮਹਾਰਾਜੇ ਦੇ ਜਿਊਂਦੇ-ਜੀਅ ਪੰਜਾਬ ਵੱਲ ਕੈਰੀ ਅੱਖ ਨਾਲ ਵੇਖਣ ਦਾ ਹੀਆ ਨਾ ਕਰ ਸਕਿਆ, ਪੰਜਾਬੀਆਂ ਦੀ ਪਾਟੋਧਾੜ ਤੋਂ ਬਾਅਦ ਉਹ ਹਾਕਮ ਬਣ ਗਿਆ। ਤਵਾਰੀਖ਼ ਗਵਾਹ ਹੈ ਕਿ ਪੰਜਾਬੀਅਤ ਨੂੰ ਖੋਰਾ ਲੱਗਣ ਤੋਂ ਬਾਅਦ ਪੰਜ ਦਰਿਆਵਾਂ ਦੀ ਧਰਤੀ ਲਹੂ-ਲੁਹਾਣ ਹੁੰਦੀ ਆਈ ਹੈ। ਕੋਈ ਨਾ ਕੋਈ ਦੋਖੀ ਪੰਜਾਬ ਦੀ ਧਰਤੀ ’ਤੇ ਸੇਹੇ ਦਾ ਤਕਲਾ ਗੱਡ ਜਾਂਦਾ ਹੈ ਤਾਂ ਦੇਸ਼ ਦੀ ਖੜਗ-ਭੁਜਾ ਅਖਵਾਉਣ ਵਾਲਾ ਪੰਜਾਬ ਸੰਤਾਪ ਹੰਢਾਉਂਦਾ ਹੈ। ਜਦੋਂ ਦੇਸ਼ ਦੀ ਵੰਡ ਹੋਈ ਤਾਂ ਅਣਗਿਣਤ ਪੰਜਾਬੀਆਂ ਦਾ ਖ਼ੂਨ ਡੁੱਲ੍ਹਿਆ ਸੀ। ਪੰਜਾਬੀ ਸੂਬਾ ਬਣਨ ਵੇਲੇ ਵੀ ਜੇ ਪੰਜਾਬੀਅਤ ਕਾਇਮ ਰਹਿੰਦੀ ਤਾਂ ਅੱਜ ਪੰਜਾਬ ਦੀਆਂ ਹੱਦਾਂ-ਸਰਹੱਦਾਂ ਦੂਰ-ਦੂਰ ਤਕ ਫੈਲੀਆਂ ਹੁੰਦੀਆਂ। ਫਿਰ ਨਾ ਹੀ ਦਰਿਆਈ ਪਾਣੀਆਂ ਦਾ ਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮੁੱਦਾ ਉੱਠਦਾ। ਪੰਜਾਬੀਅਤ ਨੂੰ ਲੱਗੇ ਖੋਰੇ ਨੇ ਪੰਜਾਬ ਅਤੇ ਪੰਜਾਬੀਆਂ ਦਾ ਵੱਡਾ ਨੁਕਸਾਨ ਕੀਤਾ ਹੈ। ਫਿਰਕੂ ਅਤੇ ਜਾਤ-ਪਾਤ ਦੇ ਮੁੱਦੇ ਪਿਛਲੀਆਂ ਚੋਣਾਂ ਵਿਚ ਵੀ ਉੱਠਦੇ ਰਹੇ ਹਨ। ਪਰ ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਨੇਤਾਵਾਂ ਦੇ ਵਿਗੜੇ ਬੋਲਾਂ ਨੇ ਪੰਜਾਬ ਦੇ ਮਿੱਸੇ ਸੱਭਿਆਚਾਰ ਨੂੰ ਤਾਰ-ਤਾਰ ਕਰਨ ਦੀ ਹਿਮਾਕਤ ਕੀਤੀ ਹੈ। ਅਜਿਹੀ ਕੋਸ਼ਿਸ਼ ਲੋਕ-ਮਨ ਦੀ ਚੇਤਨਾ ਨਾਲ ਖਿਲਵਾੜ ਕਰਨ ਵਾਲੀ ਹੈ। ਲੋਕ-ਚੇਤਨਾ ਵਿਰਸੇ ਨਾਲ ਜੁੜੀ ਹੁੰਦੀ ਹੈ ਤੇ ਇਸ ਨੂੰ ਛੱਲਣੀ ਕਰਨ ਵਾਲੇ ਨੂੰ ਭਵਿੱਖ ਕਦੇ ਮਾਫ਼ ਨਹੀਂ ਕਰਦਾ। ਵੈਸੇ ਵੀ ਸਾਂਝੀਵਾਲਤਾ ਪੰਜਾਬ ਅਤੇ ਪੰਜਾਬੀਆਂ ਦਾ ਮੀਰੀ ਗੁਣ ਹੈ। ਵਿਰਸੇ ਨਾਲੋਂ ਟੁੱਟ ਕੇ ਸੱਤਾ ਹਾਸਲ ਕਰਨੀ ਕਿਸੇ ਵੀ ਪੰਜਾਬੀ ਲਈ ਮਿਹਣਾ ਸਾਬਿਤ ਹੋ ਸਕਦੀ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਜ਼ਿੰਮੇਵਾਰ ਅਹੁਦੇ ’ਤੇ ਬੈਠਾ ਨੇਤਾ ਪਰਵਾਸੀਆਂ ਖ਼ਿਲਾਫ਼ ਜਨਤਕ ਮੰਚ ਤੋਂ ਹੋਕਾ ਦੇਵੇ। ਪੰਜਾਬੀ ਖ਼ੁਦ ਵੱਡੇ ਪੱਧਰ ’ਤੇ ਪਰਵਾਸ ਹੰਢਾ ਰਹੇ ਹਨ। ਗੁਰੂ ਨਾਨਕ ਦੇਵ ਖ਼ੁਦ ਨੂੰ ਬ੍ਰਹਿਮੰਡੀ ਨਾਗਰਿਕ ਮੰਨਦੇ ਸਨ ਤੇ ਉਨ੍ਹਾਂ ਲਈ ਹੱਦਾਂ-ਸਰਹੱਦਾਂ ਬੇਮਾਅਨੇ ਸਨ। ਉਦਾਸੀਆਂ ਵੇਲੇ ਉਨ੍ਹਾਂ ਨੇ ‘ਬੇਗਾਨੀਆਂ’ ਕਹੀਆਂ ਜਾਣ ਵਾਲੀਆਂ ਧਰਤੀਆਂ ’ਤੇ ਵੀ ਸੰਦਲੀ ਪੈੜਾਂ ਛੱਡੀਆਂ। ਦੂਰ-ਦੁਰਾਡੇ ਦੇ ਸੰਤਾਂ, ਮਹਾਤਮਾਵਾਂ, ਸੂਫ਼ੀਆਂ ਅਤੇ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ ਜੋ ਸਰਬ-ਸਾਂਝੀਵਾਲਤਾ ਦੇ ਮਹਾਨ ਗ੍ਰੰਥ ਵਿਚ ਬਿਰਾਜਮਾਨ ਹਨ। ਫਿਰ ਕਿਸੇ ਹੋਰ ਮਹਾਰਥੀ ਵੱਲੋਂ ਕਿਸੇ ਦੀ ਜਾਤ ਨੂੰ ਲੈ ਕੇ ਉਸ ਦਾ ਜਨਤਕ ਤੌਰ ’ਤੇ ਮਜ਼ਾਕ ਉਡਾਉਣਾ ਹਲਕੇਪਣ ਦੀ ਇੰਤਹਾ ਸੀ। ਪੰਜਾਬ, ਕ੍ਰਾਂਤੀਕਾਰ ਬਾਣੀਕਾਰਾਂ ਦੀ ਧਰਤੀ ਹੈ। ਸੰਗਤ ਅਤੇ ਪੰਗਤ ਦੀ ਪ੍ਰਥਾ ਨੇ ਜਾਤ-ਪਾਤ ਦੇ ਪੈਰੋਕਾਰਾਂ ਦੀਆਂ ਧੱਜੀਆਂ ਉਡਾਈਆਂ ਸਨ। ਖ਼ੈਰ, ਵਿਗੜੇ ਬੋਲਾਂ ਤੋਂ ਬਾਅਦ ਉਨ੍ਹਾਂ ਨੂੰ ਜਨਤਕ ਤੌਰ ’ਤੇ ਮਾਫ਼ੀ ਮੰਗਣ ਲਈ ਮਜਬੂਰ ਹੋਣਾ ਪਿਆ। ਲਗਪਗ ਹਰੇਕ ਸਿਆਸੀ ਪਾਰਟੀ ਦੇ ਕਈ ਨੇਤਾ ਆਪਣੇ ਵਿਰੋਧੀਆਂ ’ਤੇ ਜਾਤੀ ਹਮਲੇ ਕਰਦੇ ਤੇ ਇਕ-ਦੂਜੇ ਦੇ ਪੋਤੜੇ ਫਰੋਲਦੇ ਨਜ਼ਰੀਂ ਪਏ। ਅਜਿਹਾ ਵਿਵਹਾਰ ਪੰਜਾਬੀਆਂ ਦਾ ਖਾਸਾ ਨਹੀਂ ਰਿਹਾ। ਪਹਿਲਾਂ ਉਹ ਇਕ-ਦੂਜੇ ਦੇ ਪਰਿਵਾਰਾਂ ’ਤੇ ਘਟੀਆ ਕਿਸਮ ਦੇ ਲਾਂਛਣ ਕਦੇ ਨਹੀਂ ਸਨ ਲਾਉਂਦੇ। ਸਮਾਜਿਕ ਤੌਰ ’ਤੇ ਬੌਣੇ ਲੋਕਾਂ ਦੀ ਅਜਿਹੀ ਫਿਤਰਤ ਜ਼ਰੂਰ ਹੁੰਦੀ ਹੈ। ਇਹ

ਸ਼ਾਇਦ ਪਹਿਲੀਆਂ ਚੋਣਾਂ ਹਨ ਜਦੋਂ ਸੌ ਤੋਂ ਵੱਧ ਫ਼ਸਲੀ ਬਟੇਰੇ ਪੱਕੀਆਂ ਫ਼ਸਲਾਂ ਚੁਗ ਕੇ ਦੂਜੇ ਖੇਤਾਂ ਵੱਲ ਉਡਾਰੀ ਮਾਰ ਚੁੱਕੇ ਹਨ। ਗਿਰਗਟ ਵਾਂਗ ਰੰਗ ਬਦਲਣ ਵਾਲਿਆਂ ਦੀ ਬੋਲ-ਬਾਣੀ ਵੀ ਪਲੀਤ ਹੋ ਜਾਂਦੀ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ 'ਆਇਆ ਰਾਮ, ਗਿਆ ਰਾਮ' ਦਾ ਕਿਰਦਾਰ ਵੀ ਖੁੱਲ੍ਹ ਕੇ ਸਾਹਮਣੇ ਆਇਆ ਹੈ। ਅਣਖੀਲੇ ਪੰਜਾਬੀਆਂ ਦੇ ਧਰਮ-ਈਮਾਨ ਦੀ ਨਿਲਾਮੀ ਹੁੰਦੀ ਵੀ ਦ੍ਰਿਸ਼ਟੀਗੋਚਰ ਹੋਈ ਹੈ। ਮਨਰੋਥ ਪੱਤਰਾਂ ਪਿੱਛੇ ਛੁਪੇ ਹੋਏ ਸਿਆਸੀ ਮਨੋਰਥਾਂ ਨੂੰ ਸਮਝ ਕੇ ਵੋਟਾਂ ਪਾਉਣੀਆਂ ਹੀ ਸਮਝਦਾਰੀ ਹੋਵੇਗੀ। ਨਿਗਾਹਬਾਨ ਲੋਕ ਹੀ ਵੋਟ ਦੇ ਹੱਕ ਦੀ ਪਹਿਰੇਦਾਰੀ ਕਰ ਸਕਦੇ ਹਨ। ਲੋਭ-ਲਾਲਚ ਵਿਚ ਫਸਿਆ ਵੋਟਰ ਆਪਣੀਆਂ ਅਗਲੀਆਂ ਪੀੜ੍ਹੀਆਂ ਲਈ ਵੀ ਕੰਡੇ ਬੀਜ ਬੈਠਦਾ ਹੈ। ਫਿਰਕਾਪ੍ਰਸਤੀ ਅਤੇ ਜਾਤ-ਪਾਤ ਦੀਆਂ ਵਲਗਣਾਂ 'ਚੋਂ ਬਾਹਰ ਨਿਕਲ ਕੇ ਮਤਦਾਨ ਕਰਨਾ ਸਮੇਂ ਦੀ ਲੋੜ ਹੈ ਤਾਂ ਕਿ ਪੰਜਾਬੀਅਤ ਨੂੰ ਖੋਰਾ ਨਾ ਲੱਗੇ।

20 ਫਰਵਰੀ

# ਸੂਰਜਮੁਖੀ ਦੇ ਧੁਆਂਖੇ ਫੁੱਲ

ਸੂਰਜ ਦੇ ਹਮਸਫ਼ਰ, ਸੂਰਜਮੁਖੀ ਦੇ ਖੇਤਾਂ ਵਿਚ ਅੱਜ-ਕੱਲ੍ਹ ਖ਼ੁਸ਼ਬੂ ਦੀ ਥਾਂ ਬਾਰੂਦ ਦੀ ਦੁਰਗੰਧ ਆ ਰਹੀ ਹੈ। ਯੂਕਰੇਨ ਦਾ ਰਾਸ਼ਟਰੀ ਫੁੱਲ ਸੂਰਜਮੁਖੀ ਹੈ ਜਿਸ ਦੀ ਮਹਿਕ ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿਚ ਫੈਲੀ ਹੋਈ ਹੈ। ਯੂਕਰੇਨੀ ਲੋਕ ਸੂਰਜਮੁਖੀ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਦੇ ਹਨ ਜਿਸ ਨੇ ਉਨ੍ਹਾਂ ਦੇ ਦੇਸ਼ ਨੂੰ ਖ਼ੁਸ਼ਹਾਲੀ ਅਤੇ ਖੇੜਾ ਬਖ਼ਸ਼ਿਆ ਹੋਇਆ ਹੈ। ਸੂਰਜਮੁਖੀ ਦੇ ਬੀਜ ਅਤੇ ਇਸ ਦਾ ਗੁਣਕਾਰੀ ਤੇਲ ਵੀ ਕਈ ਦੇਸ਼ਾਂ ਨੂੰ ਨਿਰਯਾਤ ਹੁੰਦਾ ਹੈ। ਇਸੇ ਲਈ ਸੂਰਜਮੁਖੀ ਯੂਕਰੇਨ ਦੇ ਖੇਤਾਂ ਤੋਂ ਇਲਾਵਾ ਘਰਾਂ ਤੇ ਦੁਕਾਨਾਂ ਦੀਆਂ ਕੰਧਾਂ ’ਤੇ ਚਿਤਰਿਆ ਅਤੇ ਦਰ-ਦਰਵਾਜ਼ਿਆਂ ’ਤੇ ਵੀ ਉੱਕਰਿਆ ਨਜ਼ਰੀਂ ਪੈਂਦਾ ਹੈ। ਲੋਕ ਵਿਆਹ-ਸ਼ਾਦੀਆਂ ਅਤੇ ਖ਼ੁਸ਼ੀ ਦੇ ਸਮਾਗਮਾਂ ਵਿਚ ਸੂਰਜਮੁਖੀ ਦੇ ਹਾਰ ਪਾ ਕੇ ਖ਼ੁਸ਼ਬੂਆਂ ਵੰਡਦੇ ਹਨ। ਕਿਸੇ ਦੀ ਲੋਥ ’ਤੇ ਵੀ ਸੂਰਜਮੁਖੀ ਦੇ ਰੀਥ ਪਾ ਕੇ ਅਲਵਿਦਾ ਕਹੀ ਜਾਂਦੀ ਹੈ। ਪਰ ਬੀਤੇ ਤਿੰਨ ਦਿਨਾਂ ਤੋਂ ਖੇਤਾਂ ਵਿਚ ਤਾਂ ਕੀ, ਚਿੱਤਰਾਂ ਦੇ ਸੂਰਜਮੁਖੀ ਵੀ ਧੁਆਂਖੇ ਗਏ ਹਨ। ਅੱਜ-ਕੱਲ੍ਹ ਸੂਰਜ ਦੇ ਨਾਲ-ਨਾਲ ਧਰਤੀ ਦੀ ਪਰਿਕਰਮਾ ਕਰਦੇ ਨਜ਼ਰ ਆਉਣ ਵਾਲੇ ਸੂਰਜਮੁਖੀ ਫੁੱਲ ਬੇਹੱਦ ਉਦਾਸ ਹਨ। ਗੋਲ਼ਾਬਾਰੀ ਕਾਰਨ ਕਾਲੇ ਧੂੰਏਂ ਨੇ ਯੂਕਰੇਨ ਦੇ ਅੰਬਰ ਨੂੰ ਕੱਜਿਆ ਹੋਇਆ ਹੈ ਜਿਸ ਕਾਰਨ ਸੂਰਜ ਦੀਆਂ ਕਿਰਨਾਂ ਖੇਤਾਂ ਵਿਚ ਲਹਿਰਾਉਣ ਵਾਲੇ ਖ਼ੂਬਸੂਰਤ ਫੁੱਲਾਂ ਦੇ ਮੁੱਖੜਿਆਂ ਦਾ ਚੁੰਮਣ ਲੈਣ ਤੋਂ ਅਸਮਰੱਥ ਹਨ। ਸੂਰਜਮੁਖੀ ਦੇ ਫੁੱਲਾਂ ਨੂੰ ਜੇ ਬੰਬਾਂ ਨੇ ਤਬਾਹ ਕਰ ਦਿੱਤਾ ਤਾਂ ਯੂਕਰੇਨ ਦੀ ਕੇਵਲ ਆਰਥਿਕਤਾ ਹੀ ਨਹੀਂ ਲੜਖੜਾਏਗੀ ਬਲਕਿ ਇਸ ਦੇ ਸੱਭਿਆਚਾਰ ਨੂੰ ਨਾ ਮਿਟਣ ਵਾਲੇ ਸੱਲ ਦੇ ਜਾਵੇਗੀ ਜਿਨ੍ਹਾਂ ਦੀ ਚੀਸ ਪੀੜ੍ਹੀਆਂ ਤਕ ਮਹਿਸੂਸ ਹੁੰਦੀ ਰਹੇਗੀ। ਇਸ ਦਾ ਅੰਦਾਜ਼ਾ ਯੂਕਰੇਨ ਦੀ ਉਸ ਬਹਾਦਰ ਔਰਤ ਦੀ ਖ਼ੂਬ ਵਾਇਰਲ ਹੋ ਰਹੀ ਸੰਖੇਪ ਵੀਡੀਓ ਤੋਂ ਲਗਾਇਆ ਜਾ ਸਕਦਾ ਹੈ ਜਿਸ ਵਿਚ ਉਹ ਦੋ ਹਥਿਆਰਬੰਦ ਰੂਸੀ ਫ਼ੌਜੀਆਂ ਨਾਲ ਤਕਰਾਰ ਕਰਦੀ ਹੋਈ ਉਨ੍ਹਾਂ ਨੂੰ ਸੂਰਜਮੁਖੀ ਦੇ ਫੁੱਲ ਦਿੰਦੀ ਹੈ। ਉਸ ਦੇ ਬੋਲ, “ਇਹ ਬੀਜ ਆਪਣੀਆਂ ਜੇਬਾਂ ਵਿਚ ਪਾ ਲਓ ਤਾਂ ਕਿ ਜਦੋਂ ਤੁਸੀਂ ਏਥੇ ਦਫ਼ਨ ਹੋ ਜਾਵੋ ਤਾਂ ਉੱਥੋਂ ਸੂਰਜਮੁਖੀ ਦੇ ਫੁੱਲ ਖਿੜਨ” ਦੁਨੀਆ ਦੇ ਕਰੋੜਾਂ ਹਿਰਦਿਆਂ ਨੂੰ ਛਲਣੀ ਕਰ ਗਏ। ਯੂਕਰੇਨ, ਦਰਅਸਲ ਰੂਸ ਤੇ ਅਮਰੀਕਾ ਸਣੇ ਨਾਟੋ ਦੇਸ਼ਾਂ ਦੇ ਟਕਰਾਅ ਕਾਰਨ ਬਲੀ ਦਾ ਬੱਕਰਾ ਬਣਿਆ ਹੈ। ਦੂਜਿਆਂ ਦੀ ਚੱਕ ਵਿਚ ਆ ਕੇ ਉਸ ਨੇ ਆਪਣੀ ਪੂਛ ਨੂੰ ਖ਼ੁਦ ਅੱਗ ਲਗਾਈ ਹੈ। ਅਕਤੂਬਰ 1917 ਦੀ ਕ੍ਰਾਂਤੀ ਵਾਲਾ ਰੂਸ ਦੁਨੀਆ ਵਿਚ ਸਮਾਜਿਕ ਬਰਾਬਰੀ ਲਿਆਉਣ ਦਾ ਝੰਡਾਬਰਦਾਰ ਮੰਨਿਆ ਜਾਂਦਾ ਸੀ। ਦੁਨੀਆ ਭਰ ਦੇ ਕਿਰਤੀ-ਕਾਮਿਆਂ ਨੂੰ ‘ਇੱਕ ਹੋ ਜਾਓ’ ਦਾ ਹੋਕਾ ਦੇਣ ਵਾਲਾ ਦੇਸ਼

ਹੁਣ ਮਨੁੱਖਤਾ ਨੂੰ ਕੁਚਲਣ ਦਾ ਪ੍ਰਤੀਕ ਬਣ ਗਿਆ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਹੰਕਾਰ ਸੱਤਵੇਂ ਅਸਮਾਨ ’ਤੇ ਚੜ੍ਹਿਆ ਹੋਇਆ ਹੈ। ਯੂਕਰੇਨ ’ਤੇ ਹਰ ਤਰਫ਼ੋਂ ਤਾਬੜਤੋੜ ਹਮਲੇ ਕੀਤੇ ਗਏ ਹਨ। ਜਲ, ਥਲ ਤੋਂ ਇਲਾਵਾ ਹਵਾਈ ਸੈਨਾ ਅੱਗ ਦੇ ਗੋਲੇ ਦਾਗ ਰਹੀ ਹੈ। ਬੱਚੇ, ਬੁੱਢੇ ਅਤੇ ਜਵਾਨ, ਸਭ ਦਰੜੇ ਜਾ ਰਹੇ ਹਨ। ‘ਤਕੜੇ ਦਾ ਸੱਤੀਂ ਵੀਹੀਂ ਸੌ’ ਦੇ ਅਖਾਣ ਵਾਂਗ ਯੂਕਰੇਨ ਦੀ ਪਿੱਠ ’ਤੇ ਕੋਈ ਦੇਸ਼ ਨਹੀਂ ਆ ਰਿਹਾ ਜਿਨ੍ਹਾਂ ਦੀ ਚੱਕ ਵਿਚ ਉਸ ਨੇ ਰੂਸ ਨਾਲ ਪੰਗਾ ਲਿਆ ਸੀ। ਫ਼ਲਸਰੂਪ, ਯੂਕਰੇਨ ਨੂੰ ਨੰਗੇ ਧੜ ਇਕੱਲਿਆਂ ਹੀ ਲੜਨਾ ਪੈ ਰਿਹਾ ਹੈ। ਪੁਤਿਨ ਨੇ ਗਿੱਦੜ-ਭਬਕੀਆਂ ਮਾਰਨ ਵਾਲੇ ਦੇਸ਼ਾਂ ਨੂੰ ਲਲਕਾਰਦਿਆਂ ਕਿਹਾ ਹੈ ਕਿ ਜੋ ਵੀ ਉਨ੍ਹਾਂ ਦੀ ਜੰਗ ਵਿਚ ਆਵੇਗਾ, ਉਸ ਦੇਸ਼ ਦਾ ਹਸ਼ਰ ਉਹ ਹੋਵੇਗਾ ਜੋ ਪਹਿਲਾਂ ਕਦੇ ਨਹੀਂ ਹੋਇਆ। ਚੀਨ ਵਰਗੀ ਮਹਾਸ਼ਕਤੀ ਰੂਸ ਦੀ ਪਿੱਠ ’ਤੇ ਆ ਜਾਵੇ ਤਾਂ ਪੁਤਿਨ ਨੂੰ ਫਿਰ ਕੌਣ ਰੋਕ ਸਕਦਾ ਹੈ? ਅਮਰੀਕਾ ਵਰਗੀ ਮਹਾਸ਼ਕਤੀ ਨੇ ਪਹਿਲਾਂ ਹੀ ਅਫ਼ਗਾਨਿਸਤਾਨ ਅਤੇ ਖਾੜੀ ਦੇਸ਼ਾਂ ਵਿਚ ਕੀਤੀਆਂ ਜੰਗੀ ਮਸ਼ਕਾਂ ਤੋਂ ਇਤਿਹਾਸਕ ਸਬਕ ਸਿੱਖ ਲਏ ਹਨ। ਯੂਕਰੇਨ ਵਿਚ ਭਾਰਤ ਸਣੇ ਅਣਗਿਣਤ ਦੇਸ਼ਾਂ ’ਚੋਂ ਮੈਡੀਕਲ ਦੀ ਪੜ੍ਹਾਈ ਕਰਨ ਗਏ ਹਜ਼ਾਰਾਂ ਵਿਦਿਆਰਥੀ ਯੂਨੀਵਰਸਿਟੀਆਂ ਦੇ ਕਲਾਸ ਰੂਮਾਂ/ਹੋਸਟਲਾਂ ਦੀ ਬਜਾਏ ਬੰਕਰਾਂ ਵਿਚ ਮਨਫ਼ੀ ਤਾਪਮਾਨ ਵਿਚ ਰਹਿ ਰਹੇ ਹਨ। ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਲੈ ਕੇ ਆਪਣੇ ਬੱਚਿਆਂ ਨੂੰ ਯੂਕਰੇਨ ਭੇਜਣ ਵਾਲੇ ਮਾਂ-ਬਾਪ ਬੇਹੱਦ ਚਿੰਤਤ ਹਨ। ਸਾਡੇ ਕਈ ਨੇਤਾ ਇਨ੍ਹਾਂ ਬੱਚਿਆਂ ਨੂੰ ਸਬਕ ਦੇ ਰਹੇ ਹਨ ਕਿ ਉਹ ਯੂਕਰੇਨ ਛੱਡਣ ਦੀ ਬਜਾਏ ਹਥਿਆਰ ਚੁੱਕ ਕੇ ਰੂਸ ਖ਼ਿਲਾਫ਼ ਲੜਨ ਕਿਉਂਕਿ ਉਨ੍ਹਾਂ ਨੇ ਉਸ ਦੇਸ਼ ਦਾ ਨਮਕ ਖਾਧਾ ਹੈ। ਅਜਿਹੀਆਂ ਅਪੀਲਾਂ ਬਚਕਾਨਾ ਹਨ। ਅਜਿਹੀਆਂ ਅਪੀਲਾਂ ਉਹ ਕਰਦੇ ਹਨ ਜਿਨ੍ਹਾਂ ਦਾ ਕੋਈ ਆਪਣਾ ਜੀਅ ਉੱਥੇ ਨਹੀਂ ਫਸਿਆ। ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਦੀਆਂ ਗ਼ੈਰ-ਜ਼ਿੰਮੇਵਾਰਾਨਾ ਹਰਕਤਾਂ ਕਾਰਨ ਦੇਸ਼ ਨੂੰ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ੇਲੈਂਸਕੀ ਕੁਝ ਸਾਲ ਪਹਿਲਾਂ ਯੂਕਰੇਨ ਦੇ ਇਕ ਟੀਵੀ ਸ਼ੋਅ ਵਿਚ ਹਾਸਰਸ ਕਲਾਕਾਰ ਵਜੋਂ ਰਾਸ਼ਟਰਪਤੀ ਦਾ ਰੋਲ ਨਿਭਾਉਂਦਾ ਰਿਹਾ ਸੀ। ਕਾਮੇਡੀਅਨ ਰਾਸ਼ਟਰਪਤੀ ਨੇ ਲੋਕਾਂ ਦੇ ਦਿਲਾਂ ’ਤੇ ਅਜਿਹੀ ਛਾਪ ਛੱਡੀ ਕਿ ਉਹ ਚੋਣਾਂ ਲੜ ਕੇ ਸੱਚਮੁੱਚ ਦਾ ਰਾਸ਼ਟਰਪਤੀ ਬਣ ਗਿਆ। ਵੋਟਰਾਂ ਨੂੰ ਲੱਗਿਆ ਕਿ ਭ੍ਰਿਸ਼ਟਾਚਾਰ ਦੀ ਦਲਦਲ ’ਚੋਂ ਮੁਲਕ ਨੂੰ ‘ਕਾਮੇਡੀਅਨ ਰਾਸ਼ਟਰਪਤੀ’ ਹੀ ਕੱਢ ਸਕਦਾ ਹੈ। ‘ਰਾਜ ਨਹੀਂ ਸੇਵਾ’ ਦਾ ਜੁਮਲਾ ਯੂਕਰੇਨ ਵਿਚ ਵੀ ਕਾਫ਼ੀ ਚੱਲਿਆ ਜਿਸ ਦੀ ਬਦੌਲਤ ਜ਼ੇਲੈਂਸਕੀ ਰਾਸ਼ਟਰਪਤੀ ਬਣਨ ਵਿਚ ਕਾਮਯਾਬ ਹੋ ਗਿਆ। ਰਾਜਨੀਤਕ ਕੂਟਨੀਤੀਆਂ ਤੋਂ ਕੋਰੇ ਰਾਸ਼ਟਰਪਤੀ ਨੇ ਸਿੰਘਾਸਣ ’ਤੇ ਬੈਠ ਕੇ ਅਜਿਹੇ ਫ਼ੈਸਲੇ ਲਏ ਜਿਸ ਨਾਲ ਉਸ ਦੇ ਮੁਲਕ ਦੀ ਆਜ਼ਾਦ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਹੈ। ਅੱਜ ਇਸ ਹਾਸਰਸ ਕਲਾਕਾਰ ਦੀ ਬਿਆਨਬਾਜ਼ੀ ਸੁਣ ਕੇ ਉੱਥੋਂ ਦੇ ਬਾਸ਼ਿੰਦੇ ਹੱਸਣ ਜਾਂ ਖ਼ੁਸ਼ ਹੋਣ ਦੀ ਬਜਾਏ ਰੋਂਦੇ ਦਿਖਾਈ ਦਿੰਦੇ ਹਨ। ਯੂਕਰੇਨ ਦੇ ਰਿਹਾਇਸ਼ੀ ਇਲਾਕਿਆਂ ’ਤੇ ਬੰਬਾਰੀ ਹੋ ਰਹੀ ਹੈ। ਜ਼ਮੀਨ ਤੋਂ ਅੰਬਰ ਤਕ ਲਾਟਾਂ ਜਾਂ ਧੂੰਆਂ ਦਿਸ ਰਿਹਾ ਹੈ। ਯੂਕਰੇਨ ਦੇ ਲੋਕ ਖ਼ੁਦ ਆਪਣਾ ਦੇਸ਼ ਛੱਡ ਕੇ ਦੂਜੇ ਦੇਸ਼ਾਂ ਦੀ ਸ਼ਰਨ ਵਿਚ ਜਾਣ ਲਈ ਕਾਹਲੇ ਹਨ। ਪੱਛਮ ਨਾਲ ਲੱਗਦੀਆਂ

ਸੀਮਾਵਾਂ 'ਤੇ ਕਾਰਾਂ ਦੀਆਂ ਕਤਾਰਾਂ ਵੇਖੀਆਂ ਜਾ ਰਹੀਆਂ ਹਨ। ਦੂਤਾਵਾਸਾਂ ਦੇ ਦਰਵਾਜ਼ੇ ਬੰਦ ਹਨ। ਮਿੰਟ-ਮਿੰਟ ਬਾਅਦ ਵੱਜਦੇ ਸਾਇਰਨ ਭੈਅ-ਭੀਤ ਕਰਦੇ ਹਨ। ਗਲੋਬਲ ਲੀਡਰ ਬੇਵਸ ਹਨ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਯੂਕਰੇਨ ਨੂੰ ਸੁਰੱਖਿਆ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਇਸ ਦੀ ਮੁੱਖ ਵਜ੍ਹਾ ਰੂਸ ਨੂੰ ਮਿਲੀ ਹੋਈ ਵੀਟੋ ਦੀ ਤਾਕਤ ਵੀ ਹੈ। ਵੈਸੇ ਵੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪੱਲੇ ਕੁਝ ਨਹੀਂ ਕਿਉਂਕਿ ਇਸ ਦੀ ਮੁੱਖ ਫੰਡਿੰਗ ਵੱਡੇ ਦੇਸ਼ ਹੀ ਕਰਦੇ ਹਨ। ਜੇ ਇਸ ਦੇ ਪੱਲੇ ਕੁਝ ਹੁੰਦਾ ਤਾਂ ਕੌਮਾਂਤਰੀ ਪੱਧਰ ਦਾ ਐਲਾਨਿਆ ਹੋਇਆ ਦਹਿਸ਼ਤਗਰਦ ਅਫ਼ਗਾਨਿਸਤਾਨ ਦਾ ਰਾਸ਼ਟਰਪਤੀ ਨਾ ਬਣ ਸਕਦਾ। ਦੁਨੀਆ ਦੇ ਅਣਗਿਣਤ ਦੇਸ਼ਾਂ ਵਿਚ 170 ਜੰਗਾਂ ਜਾਂ ਖਾਨਾਜੰਗੀ ਨਾ ਹੁੰਦੀ। ਕਰੀਮੀਆ ਵੀ ਨਾ ਹੜੱਪਿਆ ਜਾਂਦਾ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਦਮ-ਖਮ ਹੁੰਦਾ ਤਾਂ ਚੀਨ ਵਰਗਾ ਵਿਸਥਾਰ-ਮੁਖੀ ਮੁਲਕ ਤਾਇਵਾਨ ਵੱਲ ਵੀ ਕੈਰੀ ਨਜ਼ਰ ਨਾ ਕਰ ਸਕਦਾ। ਚੀਨ ਤੇ ਰੂਸ ਦੇ ਰਾਸ਼ਟਰਪਤੀ ਆਪੋ-ਆਪਣੇ ਮੁਲਕਾਂ ਦੇ ਕਾਨੂੰਨਾਂ ਨੂੰ ਮੋਮ ਦਾ ਨੱਕ ਨਾ ਸਮਝਦੇ। ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਦੀ ਦਰਅਸਲ ਰੀੜ੍ਹ ਦੀ ਹੱਡੀ ਹੀ ਕਮਜ਼ੋਰ ਹੈ। ਸ਼ੀ ਜਿਨਪਿੰਗ ਵੀ ਖ਼ੁਦ ਨੂੰ ਚੀਨ ਦਾ ਤਾਉਮਰ ਰਾਸ਼ਟਰਪਤੀ ਨਾ ਗਰਦਾਨਦਾ! ਪੁਤਿਨ ਨੇ ਵੀ ਤਾਂ ਕਾਨੂੰਨ ਨੂੰ ਛਿੱਕੇ ਟੰਗ ਕੇ ਖ਼ੁਦ ਨੂੰ 2036 ਤਕ ਰੂਸ ਦਾ ਰਾਸ਼ਟਰਪਤੀ ਘੋਸ਼ਿਤ ਕੀਤਾ ਹੋਇਆ ਹੈ। ਅਥਾਹ ਸ਼ਕਤੀਆਂ ਦੇ ਸਵਾਮੀ ਫਿਰ ਕਦ ਕਿਸੇ ਦੀ ਪਰਵਾਹ ਕਰਦੇ ਹਨ। ਅਮਰੀਕਾ, ਬਰਤਾਨੀਆ ਤੇ ਹੋਰ ਕਈ ਪੱਛਮੀ ਦੇਸ਼ ਯੂਕਰੇਨ ਨਾਲ ਹਮਦਰਦੀ ਜਤਾਉਂਦੇ ਹੋਏ ਰੂਸ ਖ਼ਿਲਾਫ਼ ਮਹਿਜ਼ ਪਾਬੰਦੀਆਂ ਲਾ ਕੇ ਉਸ ਦੀ ਘੇਰਾਬੰਦੀ ਕਰਨ ਦੀ ਨੌਟੰਕੀ ਕਰ ਰਹੇ ਹਨ। ਅਜਿਹੇ ਦੇਸ਼ ਦਰਅਸਲ ਯੂਕਰੇਨ ਵਰਗੇ ਦੇਸ਼ਾਂ ਲਈ ਹਥਿਆਰਾਂ ਦੀਆਂ ਵੱਡੀਆਂ ਮੰਡੀਆਂ ਹਨ। ਉਹ ਆਪਣੇ ਪੁਰਾਣੇ ਹਥਿਆਰਾਂ ਦੇ ਜ਼ਖ਼ੀਰੇ ਇਸੇ ਤਰ੍ਹਾਂ ਕੱਢਦੇ ਹਨ। ਰੂਸ ਉਨ੍ਹਾਂ ਚੰਦ ਮੁਲਕਾਂ 'ਚੋਂ ਹੈ ਜਿਨ੍ਹਾਂ ਕੋਲ ਸਭ ਤੋਂ ਵੱਧ ਪਰਮਾਣੂ ਹਥਿਆਰ ਹਨ। ਰੂਸ ਦੇ ਮੁਕਾਬਲੇ ਯੂਕਰੇਨ ਦੀ ਮਿਲਟਰੀ ਤਾਕਤ ਪਾਸਕੂ ਵੀ ਨਹੀਂ ਹੈ। ਮਹਾਸ਼ਕਤੀਆਂ ਦੇ ਝਾਂਸੇ ਵਿਚ ਆ ਕੇ ਯੂਕਰੇਨ ਨੇ ਆਪਣੇ ਪਰਮਾਣੂ ਬੰਬਾਂ ਨੂੰ ਪਹਿਲਾਂ ਹੀ ਨਸ਼ਟ ਕਰ ਦਿੱਤਾ ਸੀ। ਉਸ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਜੇ ਉਸ ਨੇ ਅਜਿਹਾ ਕੀਤਾ ਤਾਂ ਸੰਕਟ ਵੇਲੇ ਉਹ ਉਸ ਦੀ ਇਮਦਾਦ ਲਈ ਅਵੱਸ਼ ਬਹੁੜਨਗੇ। ਧੋਖੇਬਾਜ਼ੀ ਦਾ ਇਹ ਇਤਿਹਾਸਕ ਸਬਕ ਹੈ ਜੋ ਰਹਿੰਦੀ ਦੁਨੀਆ ਤਕ ਯਾਦ ਕੀਤਾ ਜਾਵੇਗਾ। ਯੂਕਰੇਨ ਦੀ ਹੋਂਦ ਲਈ ਆਪਣੇ ਵਤਨ ਦੇ ਰਹਿਬਰਾਂ 'ਤੇ ਦੋਸ਼ ਧਰ ਕੇ ਖ਼ੁਦ ਨੂੰ ਸਭ ਤੋਂ ਵੱਡਾ ਨਾਇਕ ਸਮਝਣ ਵਾਲਾ ਪੁਤਿਨ ਅੱਜ ਜਮਹੂਰੀਅਤ ਤੇ ਮਨੁੱਖਤਾ ਵਾਲਿਆਂ ਲਈ ਖਲਨਾਇਕ ਬਣ ਕੇ ਉੱਭਰ ਰਿਹਾ ਹੈ।

27 ਫਰਵਰੀ

# ਵਾਅਦੇ ਵਫ਼ਾ ਕਰਨ ਦਾ ਵੇਲਾ

ਰਵਾਇਤੀ ਬਿੰਬ-ਬਿਰਤਾਂਤ ਅਤੇ ਮਿੱਥਾਂ ਤੋੜ ਕੇ ਦਹਾਕਾ ਪੁਰਾਣੀ 'ਆਮ ਆਦਮੀ ਪਾਰਟੀ' (ਆਪ) ਨੇ ਪੰਜਾਬ ਦੀ ਸੱਤਾ ਹਾਸਲ ਕੀਤੀ ਹੈ। ਫ਼ਿਰਕੂ ਲੀਹਾਂ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਸਰਹੱਦੀ ਸੂਬੇ ਦੇ ਵੋਟਰਾਂ ਨੇ 'ਪੰਜ ਪਾਣੀਆਂ' ਦੀ ਸਾਂਝੀ ਵਿਰਾਸਤ ਨੂੰ ਹਾਕ ਮਾਰੀ ਹੈ। ਵੰਡੀਆਂ ਪਾਉਣ ਵਾਲਾ ਕੋਈ ਵੀ ਤਰੁੱਪ ਦਾ ਪੱਤਾ ਨਹੀਂ ਚੱਲਿਆ। ਚਿਰਾਂ ਬਾਅਦ ਸਾਂਝੀਵਾਲਤਾ ਦੀ ਧਰਤੀ 'ਚੋਂ ਪੰਜਾਬੀਅਤ ਦੀ ਸੰਦਲੀ ਮਹਿਕ ਆਈ ਹੈ। ਇੱਥੇ ਬਾਤ 'ਆਪ' ਦੀ ਜਿੱਤ ਦੀ ਨਹੀਂ ਬਲਕਿ ਪੰਜਾਬੀਅਤ ਦੀ ਹੈ। ਵੋਟਰ 'ਚੋਂ ਜੇ 'ਸਿੱਖ' ਬੋਲਦਾ ਤਾਂ ਕਿਸੇ ਨਾ ਕਿਸੇ ਅਕਾਲੀ ਦਲ ਨੇ ਮੋਰਚਾ ਮਾਰ ਲੈਣਾ ਸੀ। 'ਦਲਿਤ' ਦਾ ਝਲਕਾਰਾ ਹੁੰਦਾ ਤਾਂ ਹਾਸ਼ੀਆਗਤ ਸ਼੍ਰੇਣੀ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਨੂੰ ਚਾਰ ਚੰਨ ਲਗਾ ਦੇਣੇ ਸਨ। ਵੋਟਰ 'ਚੋਂ 'ਹਿੰਦੂ' ਦੇ ਦੀਦਾਰ ਹੁੰਦੇ ਤਾਂ ਭਾਰਤੀ ਜਨਤਾ ਪਾਰਟੀ ਨੇ ਛਾ ਜਾਣਾ ਸੀ। ਰਾਜਿਆਂ-ਮਹਾਰਾਜਿਆਂ ਦੀਆਂ ਬਿਸਾਖੀਆਂ ਦੇ ਸਹਾਰੇ ਇਸ ਨੇ ਸੱਤਾ ਹਾਸਲ ਕਰ ਲੈਣੀ ਸੀ। ਸਿਵਿਆਂ 'ਤੇ ਰੋਟੀਆਂ ਸੇਕਣ ਵਾਲਿਆਂ ਦਾ ਬੋਲਬਾਲਾ ਵੋਟਾਂ ਵਿਚ ਅਨੁਵਾਦ ਹੋ ਜਾਂਦਾ ਤਾਂ ਇਹ ਕਾਲੇ ਦੌਰ ਦਾ ਆਗ਼ਾਜ਼ ਹੁੰਦਾ। ਪੰਜਾਬ ਦਾ ਵੋਟਰ ਰਵਾਇਤੀ ਪਾਰਟੀਆਂ ਤੋਂ ਅੱਕ-ਥੱਕ ਚੁੱਕਾ ਸੀ। ਬਦਲੀਆਂ-ਬਦਲਿਆਂ ਦੀ ਕੂਟਲਨੀਤੀ ਨੂੰ ਧੋਬੀ ਪੱਟੜਾ ਮਾਰ ਕੇ ਉਹ ਬਦਲਾਅ ਚਾਹੁੰਦਾ ਸੀ। 'ਆਪ' ਨੇ ਵੋਟਰ ਨੂੰ ਬਦਲ ਦੇ ਦਿੱਤਾ। ਤਵਾਰੀਖ਼ ਗਵਾਹ ਹੈ ਕਿ ਪੰਜਾਬ ਨਾ ਜ਼ੁਲਮ ਕਰਨ ਦੇ ਹੱਕ 'ਚ ਰਿਹਾ ਹੈ ਤੇ ਨਾ ਸਹਿਣ ਦੇ। ਆਕੀ ਲੋਕ ਬਾਗ਼ੀ ਹੁੰਦੇ ਹਨ ਤਾਂ ਤਖ਼ਤਾ ਪਲਟਾਉਣ ਲਈ ਵਹੀਰਾਂ ਘੱਤਦੇ ਹਨ। ਇਸੇ ਲਈ ਪੰਜਾਬ ਵਿਚ ਕਦੇ ਵੀ 'ਲੰਗੜੀ' ਸਰਕਾਰ ਨਹੀਂ ਬਣੀ। ਆਪਣੀ ਆਈ 'ਤੇ ਆਇਆ ਪੰਜਾਬੀ ਚਿਹਰੇ ਨਹੀਂ ਵੇਖਦਾ, ਬਸ ਚੋਣ ਨਿਸ਼ਾਨ ਵੇਖਦਾ ਹੈ। ਉਨ੍ਹਾਂ ਦੇ ਇਸ ਪਿਤਰੀ ਸੁਭਾਅ ਨੇ ਅਣਗਿਣਤ ਆਮ ਆਦਮੀਆਂ ਨੂੰ ਖ਼ਾਸ ਬਣਾਇਆ ਹੈ। ਪੰਜਾਬ ਦੀ ਧਰਤੀ ਹੇਠ ਜਵਾਲਾਮੁਖ ਅੰਗੜਾਈਆਂ ਲੈਂਦੇ ਹਨ। ਲੰਬੇ ਸਮੇਂ ਤੋਂ ਰਿਝ ਰਿਹਾ ਲਾਵਾ ਜਦੋਂ ਫਟਦਾ ਹੈ ਤਾਂ ਉਹ ਰਾਹ ਵਿਚ ਆਉਣ ਵਾਲਿਆਂ ਨੂੰ ਨੇਸਤੋ-ਨਾਬੂਦ ਕਰ ਦਿੰਦਾ ਹੈ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਸਪਸ਼ਟ ਕੀਤਾ ਹੈ ਕਿ ਪੰਜਾਬੀ ਜਦੋਂ ਆਈ 'ਤੇ ਆ ਜਾਣ ਤਾਂ ਵੱਡੇ-ਵੱਡੇ ਘਾਗਾਂ ਨੂੰ ਚਿੱਤ ਕਰ ਦਿੰਦੇ ਹਨ। ਉਨ੍ਹਾਂ ਦੀ ਰਹਿਮਤ ਹੋ ਜਾਵੇ ਤਾਂ ਰਾਣੇ-ਮਹਾਰਾਣੇ, ਰੰਕ ਅਤੇ ਰੰਕ ਮਹਾਰਾਜੇ ਬਣ ਜਾਂਦੇ ਹਨ। ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਦੇ ਬੋਲ ਇਹੋ ਦੱਸਦੇ ਹਨ, 'ਪੰਜਾਬ ਨਾ ਹਿੰਦੂ, ਨਾ ਮੁਸਲਮਾਨ; ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ। ਪੰਜਾਬ ਦੇ ਚੱਪੇ-ਚੱਪੇ 'ਤੇ ਗੁਰੂਆਂ, ਪੀਰਾਂ, ਸੂਫ਼ੀਆਂ-ਸੰਤਾਂ ਦੀਆਂ ਸੰਦਲੀ ਪੈੜਾਂ ਪਈਆਂ

ਮਹਿਸੂਸ ਹੁੰਦੀਆਂ ਹਨ। ਇਨ੍ਹਾਂ ਸਭ ਦੀ ਬਖਸ਼ਿਸ਼ ਸਦਕਾ ਪੰਜਾਬ ਵਿਚ 'ਮੇਰ-ਤੇਰ' ਨਹੀਂ ਦਿਸਦੀ। ਹਾਂ, ਕੁਝ ਤਾਕਤਾਂ ਪੰਜਾਬ ਅਤੇ ਪੰਜਾਬੀਆਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀ ਤਾਕ ਵਿਚ ਰਹਿੰਦੀਆਂ ਹਨ। ਬ੍ਰਿਟਿਸ਼ ਸਰਕਾਰ ਨੇ ਇਸ ਵੰਡ ਨੂੰ ਅਮਲੀਜਾਮਾ ਪਹਿਨਾਉਣ ਲਈ ਸੋਹੇ ਦਾ ਤੱਕਲਾ ਗੱਡਿਆ ਸੀ। ਵੰਡ ਵੇਲੇ ਲੱਖਾਂ ਨਿਰਦੋਸ਼ ਪੰਜਾਬੀਆਂ ਦੇ ਖ਼ੂਨ ਡੁੱਲ੍ਹਣ ਦਾ ਕਾਰਨ ਵੀ ਗੋਰੀ ਸਰਕਾਰ ਦੀਆਂ ਵੰਡ-ਪਾਊ ਨੀਤੀਆਂ-ਬਦਨੀਤੀਆਂ ਸਨ। ਵੰਡ ਤੋਂ ਬਾਅਦ ਆਜ਼ਾਦ ਹਿੰਦੁਸਤਾਨ ਵਿਚ ਵੀ ਅਜਿਹੀਆਂ ਸ਼ਰਾਰਤਾਂ ਹੁੰਦੀਆਂ ਰਹੀਆਂ। ਫਿਰਕੂ ਹਨੇਰੀਆਂ ਝੁੱਲੀਆਂ ਪਰ ਸਮਾਂ ਪਾ ਕੇ ਪੰਜਾਬੀ ਫਿਰ ਆਪਣੀ ਅਮੀਰ ਵਿਰਾਸਤ ਨੂੰ ਸਾਂਭਦੇ ਦਿਸੇ। ਸ਼੍ਰੋਮਣੀ ਅਕਾਲੀ ਦਲ ਦਾ ਸ਼ਾਨਾਂਮੱਤਾ ਇਤਿਹਾਸ ਇਸ ਦੀ ਸ਼ਾਹਦੀ ਭਰਦਾ ਹੈ। ਖ਼ੁਦ ਨੂੰ ਅਕਾਲ ਪੁਰਖ ਦੀ ਫ਼ੌਜ ਸਮਝਣ ਵਾਲੇ ਅਕਾਲੀ ਸਿਰਾਂ 'ਤੇ ਕੱਫ਼ਨ ਬੰਨ੍ਹ ਕੇ ਘਰੋਂ ਨਿਕਲਦੇ ਸਨ। ਉਨ੍ਹਾਂ ਨੇ ਦੇਸ਼ ਅਤੇ ਕੌਮ ਖ਼ਾਤਰ ਲਾਸਾਨੀ ਕੁਰਬਾਨੀਆਂ ਦਿੱਤੀਆਂ। ਉਹ ਆਪਣੇ ਕੱਚੇ ਘਰਾਂ ਨੂੰ ਪਿੱਛੇ ਛੱਡ ਕੇ ਗੁਰਧਾਮਾਂ ਨੂੰ ਪੱਕੇ ਕਰਵਾਉਣ ਲਈ ਸਿਰ ਤਲੀਆਂ 'ਤੇ ਧਰ ਕੇ ਵਹੀਰਾਂ ਘੱਤਦੇ। ਹੱਸ-ਹੱਸ ਕੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਦੇ। ਜਦੋਂ ਦਸੰਬਰ 1920 ਵਿਚ ਅਕਾਲੀ ਦਲ ਹੋਂਦ ਵਿਚ ਆਇਆ ਸੀ ਤਾਂ ਉਸ ਤੋਂ ਸੱਤ ਸਾਲ ਬਾਅਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਹੋਇਆ ਸੀ। ਉਨ੍ਹਾਂ ਦਾ ਜਨਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਮ ਤੋਂ ਦੋ ਕੁ ਸਾਲ ਬਾਅਦ ਹੋਇਆ ਸੀ। ਦੇਸ਼ ਦੀ ਵੰਡ ਵੇਲੇ ਉਹ 20 ਸਾਲਾਂ ਦੇ ਗੱਭਰੂ-ਜਵਾਨ ਸਨ। ਆਜ਼ਾਦੀ ਤੋਂ ਇਕ ਦਹਾਕਾ ਬਾਅਦ ਉਹ ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਚੁਣੇ ਗਏ। ਉਹ ਆਜ਼ਾਦੀ ਦੀ ਲਹਿਰ ਤੋਂ ਇਲਾਵਾ ਅਣਗਿਣਤ ਪੰਥਕ ਲਹਿਰਾਂ ਦੇ ਚਸ਼ਮਦੀਦ ਗਵਾਹ ਵੀ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜਾਬ ਅਤੇ ਪੰਜਾਬੀਅਤ ਖ਼ਾਤਰ ਸ਼ੁਰੂ ਕੀਤੇ ਗਏ 'ਧਰਮ ਯੁੱਧਾਂ' ਵਿਚ ਵੀ ਉਨ੍ਹਾਂ ਨੇ ਸ਼ਿਰਕਤ ਕੀਤੀ ਸੀ। ਹੁਣ ਉਮਰ ਦੀ ਸੰਧਿਆ ਵੇਲੇ ਉਨ੍ਹਾਂ ਦਾ ਚੋਣ ਹਾਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਦੂਜੇ ਅਕਾਲੀ ਦਲਾਂ ਦਾ ਹਸ਼ਰ ਬਾਦਲਾਂ ਤੋਂ ਵੀ ਮਾੜਾ ਹੈ। ਉਨ੍ਹਾਂ ਦੀ ਹੋਂਦ ਮਾਝੇ, ਦੁਆਬੇ, ਮਾਲਵੇ ਤੇ ਪੁਆਧ ਵਿਚ ਕਿਤੇ ਨਹੀਂ ਰੜਕੀ। ਬਾਦਲ ਪਰਿਵਾਰ ਦੀ ਪਹਿਲੀ ਵਾਰ ਨਮੋਸ਼ੀ ਭਰੀ ਹਾਰ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਬਾਦਲ ਪਰਿਵਾਰ ਬਸ ਇੰਨੀ ਕੁ ਤਸੱਲੀ ਜ਼ਰੂਰ ਲੈ ਸਕਦਾ ਹੈ ਕਿ ਉਹ ਭਾਵੇਂ 'ਤੇਰਾਂ' ਵਿਚ ਨਾ ਆਏ ਹੋਣ ਪਰ 'ਤਿੰਨਾਂ' ਵਿਚ ਜ਼ਰੂਰ ਆ ਗਏ ਹਨ। ਆਜ਼ਾਦੀ ਦੀ ਜੰਗ ਜਿੱਤਣ ਵਾਲੀ ਕਾਂਗਰਸ ਨੂੰ 18 ਸੀਟਾਂ ਮਿਲਣਾ ਨਮੋਸ਼ੀ ਤੋਂ ਘੱਟ ਨਹੀਂ ਹੈ। 'ਆਪ' ਦੇ ਹੱਥ ਪੰਜਾਬ ਦੀ ਵਾਗਡੋਰ ਪਹਿਲੀ ਵਾਰ ਆਈ ਹੈ। ਚੋਣਾਂ ਤੋਂ ਪਹਿਲਾਂ ਇਸ ਨੇ ਪੰਜਾਬੀਆਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ। ਪੰਜਾਬ ਦੀ ਕਾਇਆ-ਕਲਪ ਕਰਨ ਦਾ ਵੀ ਇਕਰਾਰ ਕੀਤਾ ਗਿਆ ਸੀ। 'ਗਾਰੰਟੀਆਂ' ਦੇ ਕੇ ਸੱਤਾ ਵਿਚ ਆਈ ਪਾਰਟੀ ਨੂੰ ਆਪਣੇ ਵਾਅਦੇ ਵਫ਼ਾ ਕਰਨੇ ਹੋਣਗੇ।'ਆਪ' ਲੀਡਰਸ਼ਿਪ ਨੂੰ ਰਵਾਇਤੀ ਪਾਰਟੀਆਂ ਦੀਆਂ ਬੱਜਰ ਗ਼ਲਤੀਆਂ ਤੋਂ ਸਿੱਖ ਕੇ ਪੰਜਾਬ ਦਾ ਭਵਿੱਖ ਸੰਵਾਰਨ ਲਈ ਜਦੋਜਹਿਦ ਜਾਰੀ ਰੱਖਣੀ ਹੋਵੇਗੀ। ਵੋਟਰਾਂ ਨੇ 'ਆਮ ਆਦਮੀ ਪਾਰਟੀ' ਨੂੰ 'ਖ਼ਾਸ ਆਦਮੀ ਬਣਾਇਆ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਆਪਣੇ 'ਆਮ ਆਦਮੀ' ਹੋਣ ਦੀ 'ਖ਼ਾਸੀਅਤ' ਨੂੰ ਭੁੱਲਣਾ ਨਹੀਂ

ਚਾਹੀਦਾ। ਹਲਫ਼ ਲੈਣ ਤੋਂ ਪਹਿਲਾਂ ਹੀ ਭਗਵੰਤ ਮਾਨ ਨੇ ਜਗ ਜ਼ਾਹਰ ਕੀਤਾ ਹੈ ਕਿ ਉਹ ਅਤੇ ਉਨ੍ਹਾਂ ਦੇ ਮੰਤਰੀ/ਵਿਧਾਇਕ ਸੱਤਾ ਸੰਭਾਲਣ ਤੋਂ ਬਾਅਦ ਵੀ 'ਆਮ ਆਦਮੀ' ਵਾਂਗ ਹੀ ਵਿਚਰਦੇ ਰਹਿਣਗੇ। ਭਗਵੰਤ ਮਾਨ ਲੋਕ ਮੁਹਾਵਰੇ ਵਿਚ ਗੱਲ ਕਰਦੇ ਹਨ ਜਿਸ ਦੀ ਲੋਕਤੰਤਰ ਵਿਚ ਬਹੁਤ ਮਹੱਤਤਾ ਹੈ। ਇਹੀ ਕਾਰਨ ਹੈ ਕਿ ਦਿੱਲੀ ਜਿੱਤਣ ਤੋਂ ਬਾਅਦ 'ਆਪ' ਨੇ ਪੰਜਾਬ ਦਾ ਦਿਲ ਜਿੱਤਿਆ ਹੈ। ਇਸੇ ਲਈ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੋਣਾਂ ਜਿੱਤਣ ਤੋਂ ਬਾਅਦ ਵੋਟਰਾਂ ਦਾ ਧੰਨਵਾਦ ਕਰਦਿਆਂ 'ਆਈ ਲਵ ਯੂ ਪੰਜਾਬ' ਕਿਹਾ ਹੈ। ਹੁਣ ਉਨ੍ਹਾਂ ਨੂੰ ਸੂਬੇ 'ਤੇ ਚੜ੍ਹੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਤੋਂ ਮੁਕਤ ਕਰਨ ਲਈ ਜਦੋਜਹਿਦ ਕਰਨੀ ਹੋਵੇਗੀ। ਪੰਜਾਬ ਨੂੰ ਜੇ ਨਸ਼ਾ-ਮੁਕਤ ਕਰ ਕੇ ਇੱਥੇ ਮੁੜ 'ਨਾਮ ਖੁਮਾਰੀ' ਦੀ ਬਾਤ ਚੱਲੀ ਤਾਂ 'ਆਪ' ਇਕ ਹੋਰ ਇਤਿਹਾਸ ਸਿਰਜ ਲਵੇਗੀ।

13 ਮਾਰਚ

# ਪਾਕਿ ਦੀ ਅਜਬ ਕਹਾਣੀ

ਹਰ ਪਾਸੇ ਗ਼ਦਰ ਅਤੇ ਗ਼ਦਾਰੀ ਦਾ ਬੋਲਬਾਲਾ ਹੋਣ ਕਰਕੇ ਗੁਆਂਢੀ ਮੁਲਕ ਪਾਕਿਸਤਾਨ ਹੁਣ ਤਕ ਦੇ ਸਭ ਤੋਂ ਗੰਭੀਰ ਦੌਰ ’ਚੋਂ ਗੁਜ਼ਰ ਰਿਹਾ ਹੈ। ਤਿੰਨ ਦਹਾਕੇ ਪਹਿਲਾਂ 1992 ਵਿਚ ‘ਕ੍ਰਿਕਟ ਵਰਲਡ ਕੱਪ’ ਜਿੱਤ ਕੇ ਆਪਣੇ ਦੇਸ਼ ਅਤੇ ਕੌਮ ਦੀਆਂ ਅੱਖਾਂ ਦਾ ਤਾਰਾ ਬਣਨ ਵਾਲਾ ਇਮਰਾਨ ਖ਼ਾਨ ਅੱਜ ਆਪਣੇ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕ ਰਿਹਾ ਹੈ। ਸੰਨ 1982 ਤੋਂ 1992 ਤਕ ਪਾਕਿਸਤਾਨ ਕ੍ਰਿਕਟ ਟੀਮ ਦੀ ਕਪਤਾਨੀ ਕਰਨ ਵਾਲਾ ਪਾਕਿਸਤਾਨ ਦਾ 22ਵਾਂ ਵਜ਼ੀਰ-ਏ-ਆਜ਼ਮ ਅੱਜ ਸੰਸਦ ਵਿਚ ਬੇਭਰੋਸਗੀ ਮਤੇ ਦਾ ਸਾਹਮਣਾ ਕਰੇਗਾ। ਟੀਵੀ ’ਤੇ ਲਾਈਵ ਹੋ ਕੇ ਇਮਰਾਨ ਨੇ ਦਮਗਜਾ ਮਾਰਿਆ ਹੈ ਕਿ ਉਹ ‘ਆਖ਼ਰੀ ਗੇਂਦ’ ਤਕ ਲੜੇਗਾ। ਆਪਣੇ ਅਵਾਮ ਨੂੰ ਮੁਖ਼ਾਤਿਬ ਹੁੰਦਿਆਂ ਇਮਰਾਨ ਨੇ ਕਿਹਾ ਹੈ ਕਿ ‘ਜ਼ਮੀਰਾਂ ਦਾ ਵਣਜ’ ਕਰਨ ਵਾਲਿਆਂ ਨੂੰ ਤਵਾਰੀਖ਼ ਕਦੇ ਮਾਫ਼ ਨਹੀਂ ਕਰੇਗੀ। ਆਪਣੇ ਸੰਬੋਧਨ ਵਿਚ ਉਸ ਨੇ ਆਪਣੀ ਜਾਨ ਨੂੰ ਖ਼ਤਰਾ ਦੱਸਦਿਆਂ ਕਿਹਾ ਕਿ ਉਹ ਆਪਣੇ ਦੇਸ਼ ਅਤੇ ਕੌਮ ਖ਼ਾਤਰ ਖ਼ੂਨ ਦੇ ਆਖ਼ਰੀ ਤੁਪਕੇ ਤਕ ਲੜਦਾ ਰਹੇਗਾ। ਬਰਤਾਨੀਆ ’ਚ ਬੈਠੇ ਸਾਬਕਾ ਪ੍ਰਧਾਨ ਮੰਤਰੀ ਜਨਾਬ ਨਵਾਜ਼ ਸ਼ਰੀਫ਼ ਅਤੇ ਅਮਰੀਕਾ ਦਾ ਹਵਾਲਾ ਦਿੰਦਿਆਂ ਇਮਰਾਨ ਨੇ ਦੋਸ਼ ਲਗਾਇਆ ਕਿ ਉਸ ਦੀ ਹਕੂਮਤ ਦਾ ਤਖ਼ਤਾ ਉਲਟਾਉਣ ਲਈ ਆਏ ਦਿਨ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਸਿਆਸਤ ਨੂੰ ਕ੍ਰਿਕਟ ਦਾ ਮੈਦਾਨ ਸਮਝਣ ਵਾਲਾ ਇਮਰਾਨ ਖ਼ਾਨ ਦਰਅਸਲ ਦੂਜੀਆਂ ਸਿਆਸੀ ਜਮਾਤਾਂ ਤੋਂ ਇਲਾਵਾ ਫ਼ੌਜ ਅਤੇ ਦੇਸ਼ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਰਹਿਮੋ-ਕਰਮ ’ਤੇ ਹੈ। ਵੈਸੇ ਵੀ ਪਾਕਿਸਤਾਨ ਵਿਚ ਜਮਹੂਰੀਅਤ ਜਿਬ੍ਹਾ ਹੁੰਦੀ ਆਈ ਹੈ। ਆਪਣੀ ਹੋਂਦ ਦੇ 75 ਸਾਲਾਂ ਵਿਚ ਲੋਕਤੰਤਰ ਰਾਹੀਂ ਚੁਣੀ ਹੋਈ ਕੋਈ ਵੀ ਸਰਕਾਰ ਪੰਜ ਸਾਲ ਪੂਰੇ ਨਹੀਂ ਕਰ ਸਕੀ। ਪਿਛਲੇ ਲਗਪਗ 64 ਸਾਲਾਂ ਵਿਚ ਫ਼ੌਜ ਦੀ ਮਰਜ਼ੀ ਤੋਂ ਬਿਨਾਂ ਪਾਕਿਸਤਾਨ ਵਿਚ ਪੱਤਾ ਵੀ ਨਹੀਂ ਝੁੱਲਦਾ। ਅਸਤੀਫ਼ਾ ਦੇਣ ਤੋਂ ਇਨਕਾਰੀ ਇਮਰਾਨ ਖ਼ਾਨ ਆਪਣੇ ਅਵਾਮ ਦੀਆਂ ਜ਼ਮੀਰਾਂ ਨੂੰ ਟੁੰਬਣ ਲਈ ਨਵਾਂ ਬਿਰਤਾਂਤ ਪੇਸ਼ ਕਰਦਾ ਨਜ਼ਰ ਆ ਰਿਹਾ ਹੈ। ਇਸ ਦੇ ਤਹਿਤ ਉਹ ਇਹ ਜਚਾਉਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ ਕਿ ਉਹ ਆਪਣੀ ਕੌਮ ਅਤੇ ਦੇਸ਼ ਦੀ ਅਣਖ ਖ਼ਾਤਰ ਲੜ ਰਿਹਾ ਹੈ। ਅਮਰੀਕਾ ’ਤੇ ਦੋਸ਼ ਲਾਉਂਦਿਆਂ ਉਸ ਨੇ ਕਿਹਾ ਹੈ ਕਿ ਉਸ ਨੇ ਪਾਕਿਸਤਾਨ ਦੀ ਸਰ-ਜ਼ਮੀਨ ਨੂੰ ਆਪਣੇ ਮੁਫ਼ਾਦਾਤ ਲਈ ਰੱਜ ਕੇ ਵਰਤਿਆ ਹੈ। ਪਾਕਿਸਤਾਨ ਦੇ ਹਾਕਮਾਂ ਦੀ ਇਹ ਕਮਜ਼ੋਰੀ ਰਹੀ ਹੈ ਕਿ ਉਹ ਠੂਠਾ ਫੜ ਕੇ ਅਮਰੀਕਨ ਹਾਕਮਾਂ ਕੋਲੋਂ ਖ਼ੈਰਾਤ ਮੰਗਦੇ ਰਹੇ ਹਨ। ਇਸ ਦੇ ਇਵਜ਼ ਵਜੋਂ ਪਾਕਿਸਤਾਨ ਨੂੰ ਆਪਣੇ ਹੀ ਲੋਕਾਂ ਦੀਆਂ

ਕੁਰਬਾਨੀਆਂ ਦੇਣੀਆਂ ਪਈਆਂ ਸਨ। 'ਵਫ਼ਾਦਾਰ ਗੁਲਾਮਾਂ' ਦੀ ਵਜ੍ਹਾ ਕਰਕੇ ਅਮਰੀਕਾ ਦੀਆਂ ਡਰੋਨਾਂ ਪਾਕਿਸਤਾਨ ਦੇ ਬੇਕਸੂਰ ਲੋਕਾਂ ਨੂੰ ਫੁੰਡਦੀਆਂ ਰਹੀਆਂ। ਨਿਰਦੋਸ਼ ਲੋਕਾਂ ਦੇ ਜਨਾਜ਼ੇ ਪਾਕਿਸਤਾਨ ਲਈ ਨਿੱਤ ਨਵੀਂ ਮੁਸੀਬਤ ਖੜ੍ਹੀ ਕਰਦੇ ਰਹੇ। ਗੁੱਸੇ ਵਿਚ ਆਏ ਉਨ੍ਹਾਂ ਦੇ ਵਾਰਸ ਹਥਿਆਰ ਚੁੱਕਦੇ ਜਿਸ ਦਾ ਅੰਜਾਮ ਖਾਨਾਜੰਗੀ ਹੁੰਦਾ ਹੈ। ਲਹੂ ਨਾਲ ਲਹੂ ਦੇ ਦਾਗ਼ ਧੋਣ ਦੀ ਹਿਮਾਕਤ ਨੇ ਪਾਕਿਸਤਾਨ ਨੂੰ ਆਲਮੀ ਪੱਧਰ 'ਤੇ ਦਹਿਸ਼ਤਗਰਦ ਮੁਲਕਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ। ਇਮਰਾਨ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਹਿੰਦੁਸਤਾਨ ਦੇ ਪਾਸਪੋਰਟ ਹੋਲਡਰਾਂ ਨੂੰ ਵਿਸ਼ਵ ਦੇ ਹਵਾਈ ਅੱਡਿਆਂ 'ਤੇ ਇੱਜ਼ਤ-ਮਾਣ ਮਿਲਦਾ ਹੈ। ਇਸ ਦੇ ਉਲਟ ਪਾਕਿਸਤਾਨੀ ਪਾਸਪੋਰਟ ਦੀ ਕੀਮਤ ਫੁੱਟੀ ਕੌਡੀ ਵੀ ਨਹੀਂ ਹੈ। ਪਾਕਿਸਤਾਨੀਆਂ ਨੂੰ ਵੱਖਰੀਆਂ ਕਤਾਰਾਂ ਵਿਚ ਖੜ੍ਹਾ ਕਰ ਕੇ ਜ਼ਲੀਲ ਕੀਤਾ ਜਾਂਦਾ ਹੈ। ਇਮਰਾਨ ਨੇ ਕਿਹਾ ਕਿ ਯੂਕਰੇਨ-ਰੂਸ ਜੰਗ ਦੇ ਚੱਲਦਿਆਂ ਉਸ ਦਾ ਰੂਸ ਦੇ ਸਦਰ ਨੂੰ ਮਿਲਣਾ ਅਮਰੀਕਾ ਨੂੰ ਰਾਸ ਨਹੀਂ ਆਇਆ। ਮੁਹੰਮਦ ਇਕਬਾਲ ਅਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਹਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਦਾਅਵਾ ਕਰਦਿਆਂ ਇਮਰਾਨ ਖ਼ਾਨ ਨੇ ਕਿਹਾ ਕਿ ਉਨ੍ਹਾਂ ਦੀਆਂ ਅਜਿਹੀਆਂ ਕੋਸ਼ਿਸ਼ਾਂ ਕਰਕੇ ਹੀ ਅਮਰੀਕਾ ਉਨ੍ਹਾਂ ਦੇ ਵੈਰ ਪਿਆ ਹੋਇਆ ਹੈ। ਇਮਰਾਨ ਅਨੁਸਾਰ ਅਮਰੀਕਾ ਪਾਕਿਸਤਾਨ ਵਿਚ ਹਮੇਸ਼ਾ ਕਠਪੁਤਲੀ ਵਜ਼ੀਰ-ਏ-ਆਜ਼ਮ ਚਾਹੁੰਦਾ ਹੈ ਜਿਸ ਦੀ ਡੋਰ ਉਸ ਦੇ ਹੱਥ ਵਿਚ ਹੋਵੇ। ਉਹ ਆਪਣੇ 22 ਕਰੋੜ ਮੁਲਕ ਵਾਸੀਆਂ ਨੂੰ ਸਿੱਧਾ ਸਵਾਲ ਕਰਦਾ ਹੈ, 'ਕੀ ਇਹੀ ਸਾਡੀ ਔਕਾਤ ਹੈ ?' ਜੇ ਅਮਰੀਕਾ ਤੇ ਬਰਤਾਨੀਆ ਵਰਗੀਆਂ ਸਾਮਰਾਜੀ ਤਾਕਤਾਂ ਅੱਗੇ ਹੀ ਝੁਕਣਾ ਹੈ ਤਾਂ ਫਿਰ ਕਾਇਦੇ ਆਜ਼ਮ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਜੇਹਾਦ ਛੇੜਨ ਦੀ ਕੀ ਲੋੜ ਸੀ ? ਦਰਅਸਲ, ਪਾਕਿਸਤਾਨ 75 ਸਾਲ ਪਹਿਲਾਂ ਆਜ਼ਾਦ ਜ਼ਰੂਰ ਹੋ ਗਿਆ ਸੀ ਪਰ ਜ਼ਿਹਨੀ ਗੁਲਾਮੀ ਦੇ ਸੰਗਲਾਂ ਨਾਲ ਅਜੇ ਵੀ ਨੂੜਿਆ ਪਿਆ ਹੈ। ਆਪਣੇ ਪੂਰਵਜ ਹੁਕਮਰਾਨਾਂ 'ਤੇ ਦੋਸ਼ ਧਰਦਿਆਂ ਇਮਰਾਨ ਨੇ ਕਿਹਾ ਕਿ ਸੱਤਾ ਵਿਚ ਬਣੇ ਰਹਿਣ ਖ਼ਾਤਰ ਉਨ੍ਹਾਂ ਨੇ ਫ਼ੌਜੀਆਂ ਤੇ ਮੁਨਸਫਾਂ ਤਕ ਨੂੰ ਕੀਮਤੀ ਪਲਾਟਾਂ ਤੇ ਫਾਰਮ ਹਾਊਸਾਂ ਦੀਆਂ ਖੈਰਾਤਾਂ ਵੰਡੀਆਂ ਸਨ। ਇਮਰਾਨ ਉਨ੍ਹਾਂ 'ਤੇ ਅਵਾਮ ਨੂੰ ਰੱਜ ਕੇ ਕੁੱਟਣ ਅਤੇ ਲੁੱਟਣ ਦੇ ਵੀ ਇਲਜ਼ਾਮਾਤ ਲਾਉਂਦਾ ਹੈ। ਸਵਿੱਸ ਬੈਂਕਾਂ ਵਿਚ ਉਨ੍ਹਾਂ ਵੱਲੋਂ ਭਾਰੀ ਕਾਲਾ ਧਨ ਜਮ੍ਹਾ ਕਰਵਾਉਣ ਦਾ ਵੀ ਦੋਸ਼ ਧਰਦਾ ਹੈ। ਸਪਸ਼ਟ ਤੌਰ 'ਤੇ ਉਹ ਆਖ਼ਰੀ ਦਮ ਤਕ ਉਸ ਤੋਂ ਕੰਨੀ ਖਿਸਕਾ ਗਏ ਸੰਸਦ ਮੈਂਬਰਾਂ ਦੀ ਜ਼ਮੀਰ ਨੂੰ ਝੰਜੋੜ ਰਿਹਾ ਹੈ। ਉਹ ਪਾਕਿਸਤਾਨ ਦੇ ਮੀਡੀਆ ਨੂੰ ਵੀ ਕੋਸਦਾ ਹੈ। ਉਸ ਦੀ ਕਿਰਦਾਰਕੁਸ਼ੀ ਕਰਨ ਲਈ ਮੀਡੀਆ ਕਰਮੀਆਂ ਨੂੰ ਵਿਕਾਊ ਕਹਿਣ ਤੋਂ ਵੀ ਨਹੀਂ ਝਿਜਕਦਾ। ਇਕ ਸਮਾਂ ਸੀ ਜਦੋਂ ਇਹੀ ਮੀਡੀਆ ਇਮਰਾਨ ਖ਼ਾਨ ਨੂੰ ਦੇਸ਼ ਦਾ ਮਹਾਨ ਨਾਇਕ ਕਹਿੰਦਾ ਨਹੀਂ ਸੀ ਥੱਕਦਾ। ਉਸ ਨੂੰ ਨਾਇਕ ਤੋਂ ਖ਼ਲਨਾਇਕ ਬਣਾਉਣ ਵਾਲੇ ਪਾਕਿਸਤਾਨੀ ਮੀਡੀਆ ਦਾ ਇੰਜ ਬਦਲ ਜਾਣਾ ਇਮਰਾਨ ਲਈ ਹੈਰਾਨੀ ਤੋਂ ਵੱਧ ਪਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ। ਸੱਚਮੁੱਚ ਹੀ ਇਮਰਾਨ ਆਪਣੀ ਸਿਆਸੀ ਪਾਰੀ ਦਾ ਆਖ਼ਰੀ ਓਵਰ ਖੇਡ ਰਿਹਾ ਹੈ। ਪਾਕਿਸਤਾਨ ਦੀ ਤਵਾਰੀਖ ਵਿਚ ਨੇਤਾ ਲੋਕ ਤਖ਼ਤ ਤੋਂ ਤਖ਼ਤੇ ਤਕ ਸਫ਼ਰ ਕਰਦੇ ਨਜ਼ਰ

ਆਏ ਹਨ। ਪਾਕਿਸਤਾਨ ਦੀ ਆਰਥਿਕ ਤੌਰ ’ਤੇ ਖਸਤਾ ਹੋ ਚੁੱਕੀ ਹਾਲਤ ਬਾਰੇ ਕੋਈ ਨਹੀਂ ਸੋਚ ਰਿਹਾ। ਬਲੋਚਿਸਤਾਨ, ਪਖਤੂਨਖਵਾ ਅਤੇ ਸਿੰਘ ’ਚ ਬਾਗ਼ੀ ਸਿਰ ਚੁੱਕ ਰਹੇ ਹਨ। ਇਸਲਾਮਾਬਾਦ ਤੋਂ ਲਾਹੌਰ ਤਕ ਬੇਹੱਦ ਤੱਤੀਆਂ ਸਿਆਸੀ ਹਨੇਰੀਆਂ ਝੁੱਲ ਰਹੀਆਂ ਹਨ। ਆਲਮੀ ਪੱਧਰ ’ਤੇ ਵੀ ਪਾਕਿਸਤਾਨ ਅਲੱਗ-ਥਲੱਗ ਹੋ ਚੁੱਕਾ ਹੈ। ਇਮਰਾਨ ਖ਼ੁਦ ਮੰਨਦਾ ਹੈ ਕਿ ਉਹ ਮੁਲਕ ਦੀਆਂ ਬੁਲੰਦੀਆਂ ਦਾ ਚਸ਼ਮਦੀਦ ਗਵਾਹ ਰਿਹਾ ਹੈ ਜੋ ਹੁਣ ਨੀਵਾਣਾਂ ਨੂੰ ਛੋਹ ਰਿਹਾ ਹੈ। ਇਸ ਦਾ ਅਰਥਚਾਰਾ ਪਾਕਿਸਤਾਨ ’ਚੋਂ ਨਿਕਲੇ ਬੰਗਲਾਦੇਸ਼ ਤੋਂ ਵੀ ਬਦਤਰ ਹੈ। ਉਸਤਾਦ ਦਾਮਨ ਦੀਆਂ ਸਤਰਾਂ ਆਤਮਸਾਤ ਕਰੋ : ਪਾਕਿਸਤਾਨ ਦੀ ਅਜਬ ਏ ਵੰਡ ਹੋਈ, ਥੋੜ੍ਹਾ ਏਸ ਪਾਸੇ, ਥੋੜ੍ਹਾ ਓਸ ਪਾਸੇ। ਇਹਨਾਂ ਜਰਾਹਾਂ ਨੇ ਕੀ ਇਲਾਜ ਕਰਨਾ, ਮਹਰਮ ਏਸ ਪਾਸੇ, ਫੋੜਾ ਓਸ ਪਾਸੇ।

3 ਅਪ੍ਰੈਲ

# ਚੰਡੀਗੜ੍ਹ ਤੇ ਪੰਜਾਬੀਅਤ

ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਦੇ ਲਗਪਗ ਪੰਜਾਹ ਘੁੱਗ ਵਸਦੇ ਪਿੰਡਾਂ ਦੀਆਂ ਮੋਹੜੀਆਂ ਪੁੱਟ ਕੇ ਵਸਾਇਆ ਗਿਆ ਦੇਸ਼ ਦਾ ਪਹਿਲਾ ਯੋਜਨਾਬੱਧ 'ਖ਼ੂਬਸੂਰਤ ਸ਼ਹਿਰ' ਚੰਡੀਗੜ੍ਹ ਮੁੜ ਸੁਰਖੀਆਂ ਵਿਚ ਹੈ। ਪੱਥਰਾਂ ਦੇ ਇਸ ਸ਼ਹਿਰ ਨੇ 28 ਪਿੰਡ ਤਾਂ ਪੂਰੀ ਤਰ੍ਹਾਂ ਨਿਗਲ ਲਏ ਜਦਕਿ ਬਾਕੀ 22 ਪਿੰਡਾਂ ਦੀਆਂ ਕੁਝ ਨਿਸ਼ਾਨੀਆਂ ਜ਼ਰੂਰ ਨਜ਼ਰ ਆਉਂਦੀਆਂ ਹਨ। ਮਲਬੇ ਦਾ ਢੇਰ ਬਣੇ ਇਨ੍ਹਾਂ ਪਿੰਡਾਂ ਦੇ ਖੂਹਾਂ 'ਤੇ ਵਸਦਾ ਰੱਬ ਪਰਦੇਸੀ ਹੋ ਗਿਆ ਸੀ। ਕੰਧਾਂ-ਕੰਧੋਲੀਆਂ 'ਤੇ ਸੁਆਣੀਆਂ ਵੱਲੋਂ ਚਿਤਰੇ ਪੈਲਾਂ ਪਾਉਂਦੇ ਮੋਰ-ਮੋਰਨੀਆਂ ਜਿਬਹਾ ਹੋ ਗਏ ਸਨ। ਇਨ੍ਹਾਂ ਕਈ ਪਿੰਡਾਂ ਵਿਚ ਵੰਡ ਤੋਂ ਬਾਅਦ ਲਹਿੰਦੇ ਪੰਜਾਬ ਵਿਚੋਂ ਉੱਜੜ ਕੇ ਆਏ ਲੋਕ ਵੀ ਵਸੇ ਸਨ ਜਿਨ੍ਹਾਂ ਨੂੰ ਚੰਡੀਗੜ੍ਹ ਦੇ ਨਿਰਮਾਣ ਨੇ ਦੁਬਾਰਾ ਉਜੜਨ ਲਈ ਮਜਬੂਰ ਕੀਤਾ ਸੀ। ਸਮੇਂ ਦੇ ਹਾਕਮਾਂ ਨੇ ਦਰਅਸਲ ਉਨ੍ਹਾਂ ਨੂੰ ਸਾਂਝੇ ਪੰਜਾਬ ਦੀ ਵਿਰਾਸਤੀ ਰਾਜਧਾਨੀ ਲਾਹੌਰ ਬਦਲੇ ਚੰਡੀਗੜ੍ਹ ਦਾ ਹੁਸੀਨ ਸ਼ਹਿਰ ਤੋਹਫ਼ੇ ਵਜੋਂ ਦੇਣ ਦਾ ਸੁਪਨਾ ਵੇਚਿਆ ਸੀ। ਫਰਾਂਸੀਸੀ ਆਰਕੀਟੈਕਟ ਲੀ ਕਾਰਬੂਜ਼ੀਅਰ ਦੀ ਆਧੁਨਿਕ ਭਵਨ-ਉਸਾਰੀ ਅਤੇ ਇਮਾਰਤਸਾਜ਼ੀ ਕਲਾ ਨੇ ਅਵੱਸ਼ ਦੁਨੀਆ ਦਾ ਦਿਲ ਜਿੱਤਿਆ ਸੀ ਪਰ ਪੁਰਖਿਆਂ ਦੇ ਢਹਿ-ਢੇਰੀ ਹੋਏ ਪਿੰਡਾਂ ਦਾ ਸਦਾ ਲਈ ਲੋਪ ਹੋ ਜਾਣਾ ਦਿਲ-ਸ਼ਿਕਨੀ ਦਾ ਸਬੱਬ ਸੀ। ਪੰਜਾਬੀ ਸੂਬਾ ਬਣਨ ਦੇ ਛਪੰਜਾ ਸਾਲਾਂ ਬਾਅਦ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਣ ਤੋਂ ਬਾਅਦ ਉਹ ਠੱਗਿਆ-ਠੱਗਿਆ ਮਹਿਸੂਸ ਕਰਦੇ ਹਨ। ਆਪਣੀ ਅਉਧ ਦੀ ਸ਼ਾਮ ਹੰਢਾ ਰਹੇ ਬਜ਼ੁਰਗਾਂ ਦੀਆਂ ਥੱਕੀਆਂ ਹੋਈਆਂ ਅਤੇ ਉਦਾਸ ਅੱਖਾਂ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ 'ਚੋਂ ਆਪਣੇ ਪਿੰਡਾਂ ਦੀਆਂ ਗੁਆਚ ਚੁੱਕੀਆਂ ਸੱਥਾਂ, ਟੋਭਿਆਂ-ਫਿਰਨੀਆਂ ਅਤੇ ਲਾਲ ਡੋਰਿਆਂ ਨੂੰ ਲੱਭ ਰਹੀਆਂ ਪ੍ਰਤੀਤ ਹੁੰਦੀਆਂ ਹਨ। ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ ਦੀ ਗੋਦ ਨੂੰ ਸੱਖਣਾ ਕਰ ਕੇ ਹੋਂਦ ਵਿਚ ਆਇਆ 'ਕੰਕਰੀਟ ਦਾ ਜੰਗਲ' ਉਨ੍ਹਾਂ ਲਈ ਕਸ਼ਟਦਾਇਕ ਹੈ। ਉਹ ਆਪਣੇ ਲਹਿਲਹਾਉਂਦੇ ਖੇਤਾਂ ਨੂੰ ਢੂੰਡਦੇ ਹਨ ਜਿਨ੍ਹਾਂ ਨੂੰ ਨਸ਼ਟ ਹੁੰਦਿਆਂ ਉਨ੍ਹਾਂ ਨੇ ਆਪਣੇ ਅੱਖੀਂ ਦੇਖਿਆ ਸੀ। ਉਨ੍ਹਾਂ ਦੀ ਨਵੀਂ ਪੀੜ੍ਹੀ ਆਪਣਾ ਅਮੀਰ ਵਿਰਸਾ ਗੁਆ ਚੁੱਕੀ ਹੈ ਕਿਉਂਕਿ ਚੰਡੀਗੜ੍ਹ ਨੇ ਹੁਣ ਆਪਣਾ ਨਿਵੇਕਲਾ ਸੱਭਿਆਚਾਰ ਸਿਰਜ ਲਿਆ ਹੈ। ਸੰਨ 1952-53 ਤੋਂ ਲੈ ਕੇ ਪਹਿਲੀ ਨਵੰਬਰ 1966 ਤਕ ਚੰਡੀਗੜ੍ਹ ਪੰਜਾਬ ਦੀ ਹੀ ਰਾਜਧਾਨੀ ਸੀ। ਅਕਾਲੀ ਮੋਰਚਿਆਂ ਤੋਂ ਬਾਅਦ ਪਹਿਲੀ ਨਵੰਬਰ 1966 ਨੂੰ ਭਾਸ਼ਾ ਦੇ ਆਧਾਰ 'ਤੇ ਪੰਜਾਬ ਨੂੰ 'ਲੰਗੜਾ ਸੂਬਾ' ਮਿਲਿਆ ਤਾਂ ਨਵੇਂ ਹੋਂਦ ਵਿਚ ਆਏ ਹਰਿਆਣਾ ਦੇ ਨਾਲ ਚੰਡੀਗੜ੍ਹ ਨੂੰ ਸਾਂਝੀ ਰਾਜਧਾਨੀ ਘੋਸ਼ਿਤ ਕਰ ਦਿੱਤਾ ਗਿਆ। ਮਹਾ ਪੰਜਾਬ ਦੇ ਹੋਰ ਟੁਕੜੇ ਹੋ ਗਏ। ਮਹਿੰਦਰ ਸਿੰਘ ਰੰਧਾਵਾ ਨੇ ਚੰਡੀਗੜ੍ਹ

ਵਿਚ ਪੰਜਾਬੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਸਿਰਤੋੜ ਯਤਨ ਕੀਤੇ। ਇਸ ਨੂੰ ਹਰਿਆ-ਭਰਿਆ ਰੱਖਣ ਲਈ ਚੌਕ-ਚੁਰਾਹਿਆਂ ਅਤੇ ਮਾਰਗਾਂ 'ਤੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। ਤੀਹ ਏਕੜ ਵਿਚ ਜ਼ਾਕਿਰ ਹੁਸੈਨ ਰੋਜ਼ ਗਾਰਡਨ ਤਾਮੀਰ ਕਰਵਾਇਆ ਗਿਆ ਜਿਸ ਵਿਚ 1600 ਕਿਸਮਾਂ ਦੇ 50,000 ਤੋਂ ਵੱਧ ਗੁਲਾਬ ਦੇ ਬੂਟੇ ਹਰ ਕਿਸੇ ਦਾ ਦਿਲ ਮੋਂਹਦੇ ਹਨ। ਲੋਕ-ਕਲਾਵਾਂ ਨੂੰ ਜ਼ਿੰਦਾ ਰੱਖਣ ਲਈ ਹਰ ਸੰਭਵ ਯਤਨ ਕੀਤਾ ਗਿਆ। ਲੀ ਕਾਰਬੂਜ਼ੀਅਰ ਦੀਆਂ ਡਿਜ਼ਾਈਨ ਕੀਤੀਆਂ ਦਿਲਕਸ਼ ਇਮਾਰਤਾਂ ਦੀਆਂ ਧੁੰਮਾਂ ਵਿਸ਼ਵ ਭਰ ਵਿਚ ਪਈਆਂ। ਕੈਪੀਟੋਲ ਕੰਪਲੈਕਸ, ਜਿਸ ਵਿਚ ਪੰਜਾਬ ਤੇ ਹਰਿਆਣਾ ਵਿਧਾਨ ਸਭਾਵਾਂ, ਹਾਈ ਕੋਰਟ ਅਤੇ ਸਿਵਲ ਸਕੱਤਰੇਤ ਸ਼ਾਮਲ ਹਨ। ਸੈਨਤਾਂ ਮਾਰਦਾ 'ਓਪਨ ਹੈਂਡ' (ਖੁੱਲ੍ਹਾ ਤੇ ਵਿਸ਼ਾਲ ਹੱਥ), ਪੰਜਾਬੀਆਂ ਦੀ ਖੁੱਲ੍ਹਦਿਲੀ ਦੇ ਪ੍ਰਤੀਕ ਵਜੋਂ ਸਭ ਨੂੰ ਆਪਣੇ ਵੱਲ ਖਿੱਚਦਾ ਹੈ। ਕੈਪੀਟੋਲ ਕੰਪਲੈਕਸ ਨੂੰ ਯੂਨੈਸਕੋ ਨੇ ਵੀ ਵਿਰਾਸਤੀ ਥਾਂ ਹੋਣ ਦੀ ਮਾਨਤਾ ਦੇ ਰੱਖੀ ਹੈ। 'ਓਪਨ ਹੈਂਡ' ਭਾਵੇਂ ਹੱਥ ਨਾਲ ਹੱਥ ਅਤੇ ਦਿਲਾਂ ਨਾਲ ਦਿਲ ਮਿਲਾ ਕੇ ਮਾਨਵਤਾ ਦਾ ਸੰਦੇਸ਼ ਦਿੰਦਾ ਹੈ ਪਰ ਪਹਿਲੀ ਨਵੰਬਰ 1966 ਤੋਂ ਬਾਅਦ 60:40 ਅਨੁਪਾਤ ਵਿਚ ਚੰਡੀਗੜ੍ਹ ਦੀ ਹੋਈ ਵੰਡ ਨੇ ਦਿਲਾਂ ਵਿਚ ਤਰੇੜਾਂ ਪਾਉਣ ਦਾ ਕੰਮ ਕੀਤਾ ਹੈ। ਸਿਵਲ ਸਕੱਤਰੇਤ ਅਤੇ ਵਿਧਾਨ ਸਭਾ ਇਮਾਰਤਾਂ ਵਿਚ ਕੰਧਾਂ ਉਸਰ ਆਈਆਂ ਹਨ। ਪੰਜਾਬ ਦੀ ਅਸੈਂਬਲੀ ਵਿਚ ਸੱਤ ਵਾਰ 'ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ' ਵਾਲਾ ਮਤਾ ਪਾਸ ਹੋਇਆ ਹੈ। ਕੰਧ ਓਹਲੇ ਪ੍ਰਦੇਸ ਵਾਂਗ ਹਰਿਆਣਾ ਵਿਧਾਨ ਸਭਾ ਨੇ ਵੀ ਇਸੇ ਤਰਜ਼ 'ਤੇ ਮਤੇ ਪਾਸ ਕੀਤੇ ਹਨ। ਇਸ ਤੋਂ ਇਲਾਵਾ ਅੰਤਰ-ਰਾਜੀ ਦਰਿਆਵਾਂ ਦੀ ਵੰਡ ਨੂੰ ਲੈ ਕੇ ਦੋਨਾਂ ਵਿਧਾਨ ਸਭਾਵਾਂ ਦੇ ਸੈਸ਼ਨਾਂ ਦੌਰਾਨ ਪਾਣੀ ਵਿਚ ਮਧਾਣੀ ਪਾ ਕੇ ਖ਼ੂਬ ਰਿੜਕਿਆ ਜਾਂਦਾ ਹੈ। ਹੋਰ ਤਾਂ ਹੋਰ, ਦੇਵ ਭੂਮੀ ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਿਚ ਵੀ ਚੰਡੀਗੜ੍ਹ 'ਤੇ ਹੱਕ ਜਤਾਇਆ ਜਾ ਰਿਹਾ ਹੈ। ਪਾਣੀਆਂ ਦੇ ਮਸਲੇ 'ਤੇ ਹਿਮਾਚਲ ਦਾ ਇਕ ਵਿਧਾਇਕ ਤਾਂ ਇੱਥੋਂ ਤਕ ਕਹਿ ਗਿਆ ਕਿ ਦਰਿਆਵਾਂ 'ਤੇ ਕੇਵਲ ਤੇ ਕੇਵਲ 'ਦੇਵ-ਭੂਮੀ' ਦਾ ਹੱਕ ਹੈ। ਉਸ ਦਾ ਤਰਕ ਸੀ ਕਿ ਪਹਾੜਾਂ 'ਤੇ ਜੰਮੀ ਬਰਫ਼ ਪਿਘਲਦੀ ਹੈ ਤਾਂ ਦਰਿਆਵਾਂ ਵਿਚ ਪਾਣੀ ਜਾਂਦਾ ਹੈ। ਉਸ ਭਲੇਮਾਣਸ ਨੂੰ ਕੋਈ ਪੁੱਛੇ ਕਿ ਦੁਨੀਆ ਦਾ ਕੋਈ ਪਹਾੜੀ ਇਲਾਕਾ ਇੰਨੇ ਪਾਣੀ ਨੂੰ ਸੰਭਾਲ ਸਕਦਾ ਹੈ? ਦੁਨੀਆ ਵਿਚ ਰਾਈਪੇਰੀਅਨ ਨਿਯਮਾਂ ਅਨੁਸਾਰ ਪਾਣੀਆਂ 'ਤੇ ਪਹਿਲਾ ਹੱਕ ਉਨ੍ਹਾਂ ਸੂਬਿਆਂ ਦਾ ਹੁੰਦਾ ਹੈ ਜਿਨ੍ਹਾਂ 'ਚੋਂ ਦਰਿਆ ਗੁਜ਼ਰਦੇ ਹਨ। ਆਖ਼ਰ ਸੋਕਾ ਅਤੇ ਡੋਬਾ, ਦੋਨੋ ਮੈਦਾਨੀ ਸੂਬਿਆਂ ਨੂੰ ਹੀ ਤਾਂ ਝੇਲਣੇ ਪੈਂਦੇ ਹਨ। ਖ਼ੈਰ, ਸਿਆਸਤ ਚੀਜ਼ ਹੀ ਅਜੀਬ ਹੈ। ਸਿਆਸੀ ਮੁਫ਼ਾਦਾਂ ਦੇ ਮੱਦੇਨਜ਼ਰ ਭਾਈਚਾਰਕ ਸਾਂਝਾਂ ਨੂੰ ਤਾਰ-ਤਾਰ ਕੀਤਾ ਜਾਂਦਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਹੋਂਦ ਵਿਚ ਆਏ ਸੂਬਿਆਂ ਨੇ ਨਵੀਆਂ ਰਾਜਧਾਨੀਆਂ ਬਣਾਈਆਂ ਹਨ। ਪਿਤਰੀ ਸੂਬਿਆਂ ਦੀਆਂ ਰਾਜਧਾਨੀਆਂ ਉਨ੍ਹਾਂ ਕੋਲੋਂ ਕਦੇ ਨਹੀਂ ਖੋਹੀਆਂ ਗਈਆਂ। ਫਿਰ ਪੰਜਾਬ ਨਾਲ ਅਜਿਹਾ ਸਲੂਕ ਕਿਉਂ ਹੋ ਰਿਹਾ ਹੈ? ਦੇਸ਼ ਦੀ ਖੜਗ-ਭੁਜਾ ਅਤੇ ਅੰਨ ਦਾ ਕਟੋਰਾ ਕਹੇ ਜਾਣ ਵਾਲੇ ਪੰਜਾਬ ਨੇ ਦੇਸ਼ ਖ਼ਾਤਰ ਲਾਸਾਨੀ ਕੁਰਬਾਨੀਆਂ ਕੀਤੀਆਂ ਹਨ। ਚੌਵੀ ਜੁਲਾਈ 1985 ਨੂੰ ਤਤਕਾਲੀ ਪ੍ਰਧਾਨ

ਮੰਤਰੀ ਰਾਜੀਵ ਗਾਂਧੀ ਅਤੇ ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਲਿਖਤੀ ਸਮਝੌਤੇ (ਪੰਜਾਬ ਸਮਝੌਤਾ) ਤਹਿਤ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਸੀ। ਸੈਂਤੀ ਸਾਲ ਬੀਤ ਜਾਣ ਦੇ ਬਾਵਜੂਦ ਅਮਲ ਹੋਣ ਦੀ ਬਜਾਏ ਇਸ ਮੁੱਦੇ 'ਤੇ ਸਿਆਸਤ ਹੋ ਰਹੀ ਹੈ। ਅਜਿਹੇ ਜਜ਼ਬਾਤੀ ਮੁੱਦੇ ਨੂੰ ਮਿਲ-ਬੈਠ ਕੇ ਹੱਲ ਕਰ ਲੈਣਾ ਚਾਹੀਦਾ ਹੈ। ਪਿਛਲੀਆਂ ਕੇਂਦਰ ਸਰਕਾਰਾਂ ਦੇ ਵਿਛਾਏ ਕੰਡਿਆਂ ਨੂੰ ਚੁਣ ਲੈਣਾ ਸਮੇਂ ਦੀ ਮੰਗ ਹੈ ਕਿਉਂਕਿ ਅਜਿਹੇ ਭਾਵਨਾਤਮਕ ਮੁੱਦਿਆਂ ਦਾ ਜਨੂੰਨੀ ਲੋਕ ਹਮੇਸ਼ਾ ਲਾਹਾ ਲੈਣ ਦੀ ਤਾਕ ਵਿਚ ਰਹਿੰਦੇ ਹਨ। ਅਜਿਹਾ ਨਾ ਕੀਤਾ ਗਿਆ ਤਾਂ ਚੰਡੀਗੜ੍ਹ ਦਾ ਮਸਲਾ ਸੁਲਝਣ ਦੀ ਬਜਾਏ ਹੋਰ ਉਲਝਦਾ ਦਿਖਾਈ ਦੇਵੇਗਾ ਜੋ ਖਿੱਤੇ ਵਿਚ ਅਸ਼ਾਂਤੀ ਦਾ ਸਬੱਬ ਬਣ ਸਕਦਾ ਹੈ।

10 ਅਪ੍ਰੈਲ

# ਉਦਾਸ ਮੌਸਮ ਤੇ ਉਦਾਸੀ

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀਆਂ ਵਾਰਾਂ ਅਤੇ ਉਦਾਸ ਮੌਸਮਾਂ ਨੂੰ ਬਦਲਣ ਦਾ ਹੋਕਾ ਦੇਣ ਵਾਲੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੇ ਰੋਹੀਲੇ ਗੀਤਾਂ ਨੂੰ ਗਾ ਕੇ ਸੱਤਾ ਹਾਸਲ ਕਰਨ ਵਾਲੇ ਭਗਵੰਤ ਮਾਨ ਨੇ ਬਤੌਰ ਮੁੱਖ ਮੰਤਰੀ ਇਕ ਮਹੀਨਾ ਪੂਰਾ ਕਰ ਲਿਆ ਹੈ। ਨਕਸਲਬਾੜੀ ਲਹਿਰ ’ਚੋਂ ਉੱਠੇ ਉਦਾਸੀ ਨੇ ਕਾਲੇ ਦੌਰ ਦੀ ਹਿੱਕ ’ਤੇ ਸੁਨਹਿਰੀ ਇਬਾਰਤ ਲਿਖ ਕੇ ਲਹੂ-ਪੀਣੀਆਂ ਸਰਾਲਾਂ ਦੇ ਸਾਹ ਸੂਤੇ ਸਨ। ਤਿੰਨ ਦਿਨਾਂ ਬਾਅਦ ਉਦਾਸੀ ਦਾ 83ਵਾਂ ਜਨਮ ਦਿਨ ਹੈ। ਉਹ ਬਰਨਾਲਾ ਜ਼ਿਲ੍ਹੇ ਦੇ ਰਾਏਸਰ ਪਿੰਡ ਦਾ ਜੰਮ-ਪਲ ਸੀ। ਪਹਿਲਾਂ ਇਹ ਪਿੰਡ ਸੰਗਰੂਰ ਜ਼ਿਲ੍ਹੇ ਵਿਚ ਪੈਂਦਾ ਸੀ। ਕੁਦਰਤੀ ਹੈ ਕਿ ਪਿਤਰੀ ਜ਼ਿਲ੍ਹੇ ਦੇ ਜੁਝਾਰੂ ਕਵੀ ਦਾ ਪ੍ਰਭਾਵ ਭਗਵੰਤ ਮਾਨ ਦੇ ਕੋਮਲ ਮਨ ’ਤੇ ਅਵੱਸ਼ ਪਿਆ ਹੋਵੇਗਾ। ਸਿਆਸੀ ਪਿੜ ਵਿਚ ਕੁੱਦਣ ਤੋਂ ਪਹਿਲਾਂ ਭਗਵੰਤ ਮਾਨ ਸਿਰਜਣਾਤਮਕ ਕਾਮੇਡੀ ਕਰਦਿਆਂ ਸਮਾਜ ਵਿਚ ਕੈਂਸਰ ਵਾਂਗ ਫੈਲੇ ਭ੍ਰਿਸ਼ਟਾਚਾਰ ’ਤੇ ਕਟਾਖਸ਼ ਕਰਦੇ ਰਹੇ ਹਨ। ਸ਼ਹੀਦ-ਏ-ਆਜ਼ਮ ਤੋਂ ਇਲਾਵਾ ਉਦਾਸੀ ਨੇ ਭਗਵੰਤ ਮਾਨ ਦੀ ਵਿਚਾਰਧਾਰਾ ਨੂੰ ਖ਼ੂਬ ਤਰਾਸ਼ਿਆ ਹੈ। ਲਹੂ-ਭਿੱਜੇ ਬੋਲਾਂ ਰਾਹੀਂ ਉਦਾਸੀ ਨੇ ਸੂਰਜ ਨੂੰ ਕੰਮੀਆਂ ਦੇ ਵਿਹੜੇ ਮਘਦਾ ਰਹਿਣ ਦੀ ਅਰਜ਼ੋਈ ਕੀਤੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਹ ਆਪਣੇ ਫਿਲਮੀ ਅਭਿਨੇਤਾ ਸਾਥੀ ਕਰਮਜੀਤ ਅਨਮੋਲ ਨਾਲ ਬਸੰਤੀ ਦਸਤਾਰ ਸਜਾ ਕੇ ਓਪਨ ਜੀਪ ’ਚੋਂ ਉਦਾਸੀ ਦਾ ਗੀਤ, “ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ/ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵੇਹੜੇ” ਹੇਕ ਲਾ ਕੇ ਗਾਉਂਦਾ ਤਾਂ ਲੋਕ ਅੱਸ਼-ਅੱਸ਼ ਕਰ ਉੱਠਦੇ ਸਨ। ਕਿਸੇ ਵੇਲੇ ਕੱਕੀ ਰੇਤਾ ਦੇ ਟਿੱਬਿਆਂ ਵਾਲੇ ਅਣਵੰਡੇ ਸੰਗਰੂਰ ਅਤੇ ਬਠਿੰਡਾ ਜ਼ਿਲ੍ਹੇ ਆਰਥਿਕ ਤੌਰ ’ਤੇ ਬੇਹੱਦ ਪੱਛੜੇ ਹੋਏ ਸਨ। ਅੰਨਦਾਤੇ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਰੁਝਾਨ ਵੀ ਮਾਲਵੇ ਦੇ ਇਸ ਖਿੱਤੇ ’ਚੋਂ ਹੀ ਸ਼ੁਰੂ ਹੋਇਆ ਸੀ। ਪੀੜ੍ਹੀ-ਦਰ-ਪੀੜ੍ਹੀ ਕਰਜ਼ੇ ਦੀ ਪੰਡ ਭਾਰੀ ਹੁੰਦੀ ਰਹਿੰਦੀ। ਸ਼ਾਹੂਕਾਰਾਂ ਦਾ ਕਰਜ਼ਾ ਉਤਾਰਨ ਲਈ ਅਗਲੀਆਂ ਪੀੜ੍ਹੀਆਂ ਨੂੰ ਵੀ ਭਾਰੀ ਮਿਹਨਤ-ਮੁਸ਼ੱਕਤ ਕਰਨੀ ਪੈਂਦੀ। ਅਜਿਹੀ ਆਰਥਿਕ ਮੰਦਹਾਲੀ ਨੂੰ ਉਦਾਸੀ ਨੇ ਸ਼ਬਦ ਦਿੱਤੇ ਹਨ, “ਜਿੱਥੇ ਬੰਦਾ ਜੰਮਦਾ ਸੀਰੀ ਹੈ/ਟਕਿਆਂ ਦੀ ਮੀਰੀ-ਪੀਰੀ ਹੈ/ਜਿੱਥੇ ਕਰਜ਼ੇ ਹੇਠ ਪੰਜੀਰੀ ਹੈ/ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ/ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।” ਉਦਾਸੀ ਅਜਿਹੇ ਨਿਜ਼ਾਮ ਨੂੰ ਬਦਲਣ ਦੀ ਗੱਲ ਕਰਦਾ ਹੈ, “ਹਾੜੀਆਂ ਦੇ ਹਾਣੀਓਂ ਵੇ, ਸੌਣੀਆਂ ਦੇ ਸਾਥੀਓ ਵੇ/ਕਰ ਲਵੋ ਦਾਤੀਆਂ ਤਿਆਰ/ਚੁੱਕੋ ਵੇ ਹਥੌੜਿਆਂ ਨੂੰ/ਤੋੜੋ ਹਿੱਕ ਪੱਥਰਾਂ ਦੀ/ਅੱਜ ਸਾਨੂੰ ਲੋੜੀਂਦੇ ਅੰਗਾਰ।” ਸੀਰੀ ਅਤੇ ਜੱਟ ਦੀ ਸਾਂਝੀ ਦਰਦ ਭਰੀ ਵਿਥਿਆ

ਦਾ ਵਰਣਨ ਕਰਦਾ ਉਦਾਸੀ ਕਹਿੰਦਾ ਹੈ, 'ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ/ਬੋਹਲਾਂ ਵਿੱਚੋਂ ਨੀਰ ਵਗਿਆ। ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ/ਤੂੜੀ 'ਚੋਂ ਪੁੱਤ ਜੱਗਿਆ।" ਉਦਾਸੀ ਇਨਕਲਾਬ ਦੀ ਗੱਲ ਕਰਦਾ ਹੈ। 'ਇਨਕਲਾਬ' ਆਉਣ ਤੋਂ ਬਾਅਦ ਉਦਾਸੀ ਸ਼ਾਇਦ ਓਨਾ ਯਾਦ ਨਹੀਂ ਆਵੇਗਾ ਜਿੰਨਾ ਚੋਣਾਂ ਤੋਂ ਪਹਿਲਾਂ ਆਉਂਦਾ ਸੀ। ਉਦਾਸੀ ਦੇ ਬੋਲ ਸਮੇਂ ਦੇ ਵਦਾਨ 'ਤੇ ਛੈਣਿਆਂ-ਹਥੌੜਿਆਂ ਵਾਂਗ ਵੱਜਦੇ ਹਨ। "ਸਾਡੇ ਪਿੰਡ ਵਿਚ ਤੇਰੇ ਗਲ ਚੀਥੜੇ/ਨੀ ਮੇਰੀਏ ਜਵਾਨ ਕਣਕੇ। ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ, ਤੂੰ ਸੋਨੇ ਦਾ ਪਟੋਲਾ ਬਣ ਕੇ। ਤੂੰ ਭੀ ਬਣ ਗਿਆ ਗਮਾਂ ਦਾ ਗਮੰਤਰੀ, ਓ! ਮੇਰੇ ਬੇ-ਜ਼ੁਬਾਨ ਢੱਗਿਆ।" ਅਜਿਹੇ ਬੋਲ ਸ਼ਾਇਦ ਹੀ ਕਿਸੇ ਹਾਕਮ ਨੂੰ ਟੁੰਬਦੇ ਹੋਣ। ਉਂਜ ਵੀ 'ਇਨਕਲਾਬ' ਤੋਂ ਬਾਅਦ ਇਨਕਲਾਬ ਦੀਆਂ ਬਾਤਾਂ-ਬਤੌਲੀਆਂ ਬੇਮੌਸਮੀ ਬਰਸਾਤ ਵਾਂਗ ਹੀ ਲੱਗਣਗੀਆਂ! ਵੱਖਰੀ ਗੱਲ ਹੈ ਕਿ ਉਦਾਸੀ ਦੀਆਂ ਨਜ਼ਮਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਚਾਨਣ ਵੰਡਦੀਆਂ ਰਹਿਣਗੀਆਂ। ਨਕਸਲਬਾੜੀ ਲਹਿਰ 'ਚੋਂ ਉਪਜਿਆ ਇਕ ਹੋਰ ਕ੍ਰਾਂਤੀਕਾਰੀ ਕਵੀ ਲਾਲ ਸਿੰਘ 'ਦਿਲ' ਉਦਾਸੀ ਨੂੰ ਸ਼ਰਧਾਂਜਲੀ ਦਿੰਦਾ ਲਿਖਦਾ ਹੈ, "ਇਕ ਚਾਨਣ ਅਤੇ ਇਕ ਹਨੇਰਾ/ ਛਿੜਿਆ ਹੋਇਆ ਯੁੱਧ ਲੰਮੇਰਾ। ਜਿੱਥੇ ਨਾ ਰਿਸ਼ਮਾਂ ਦਾ ਪਹਿਰਾ, ਧਰੇ ਹਨੇਰਾ ਡੰਡਾ-ਡੇਰਾ।" ਜੁਝਾਰੂ-ਕਾਵਿ ਸਮੇਂ ਦੀਆਂ ਜ਼ਾਲਮ ਸਰਕਾਰਾਂ ਦੇ ਖ਼ਿਲਾਫ਼ ਜੂਝ ਰਹੇ ਲੋਕਾਂ ਦੇ ਮੁਖਾਰਬਿੰਦ 'ਤੇ ਹੋਇਆ ਕਰਦਾ ਹੈ। ਸ਼ਹੀਦ-ਏ-ਆਜ਼ਮ ਦੀ ਵਿਚਾਰਧਾਰਾ ਵੀ ਲੁੱਟਚੋਘਾਂ ਦਾ ਤਖ਼ਤਾ ਉਲਟਾਉਣ ਲਈ ਸਹਾਇਕ ਹੁੰਦੀ ਹੈ। ਸਮੇਂ ਦੀ ਬ੍ਰਿਟਿਸ਼ ਸਰਕਾਰ ਅਤੇ ਨਰਮ-ਦਲੀਆਂ ਲਈ ਉਹ 'ਅੱਤਵਾਦੀ' ਹੀ ਸੀ। ਦਿੱਲੀ ਦੀ ਕੇਂਦਰੀ ਵਿਧਾਨ ਸਭਾ ਵਿਚ ਬੰਬ ਸੁੱਟ ਕੇ ਅੰਨ੍ਹੀ-ਬੋਲੀ ਸਰਕਾਰ ਦੇ ਕੰਨ ਖੋਲ੍ਹਣ ਦੇ ਬਾਵਜੂਦ ਉਹ ਅਹਿੰਸਕ ਸੀ। ਕਿਸੇ ਵੀ ਨਿਰਦੋਸ਼ ਦੇਸੀ ਹੋਵੇ ਜਾਂ ਬਦੇਸ਼ੀ ਨੂੰ ਜਾਨੋਂ ਮਾਰਨਾ ਉਸ ਦਾ ਮਕਸਦ ਨਹੀਂ ਸੀ। ਇਸੇ ਲਈ ਦਿਲ ਵਿਚ ਸਰਫ਼ਰੋਸ਼ੀ ਦੀ ਤਮੰਨਾ ਲੈ ਕੇ ਸੰਘਰਸ਼ ਕਰਨ ਵਾਲਾ ਭਗਤ ਸਿੰਘ ਹਰ ਦਿਲ ਅਜ਼ੀਜ਼ ਬਣ ਗਿਆ। ਉਹ ਜਾਤ-ਪਾਤ ਤੇ ਫ਼ਿਰਕਾਪ੍ਰਸਤੀ ਦੇ ਕੋਹੜ ਨੂੰ ਵੱਢ ਕੇ ਸਮਾਜ ਨੂੰ ਇਕ ਧਾਗੇ ਵਿਚ ਪਰੋਣ ਦਾ ਇੱਛੁਕ ਸੀ। ਵਤਨ ਖ਼ਾਤਰ ਮਰ ਮਿਟਣ ਲਈ ਉਹ ਸਦਾ ਤਤਪਰ ਰਹਿੰਦਾ। ਜਦੋਂ ਭਗਤ ਸਿੰਘ ਦੇ ਪਿਤਾ ਨੇ ਉਸ ਦੀ ਫਾਂਸੀ ਦੇ ਸਬੰਧ ਵਿਚ ਉਸ ਨੂੰ ਨਿਰਦੋਸ਼ ਸਾਬਿਤ ਕਰਨ ਲਈ ਸਪੈਸ਼ਲ ਟ੍ਰਿਬਿਊਨਲ ਵਿਚ ਦਰਖ਼ਾਸਤ ਦਿੱਤੀ ਤਾਂ ਉਹ ਤਿਲਮਿਲਾ ਉੱਠਿਆ। ਆਪਣੀ ਫਾਂਸੀ ਤੋਂ ਪਹਿਲਾਂ ਆਪਣੇ ਪਿਤਾ ਨੂੰ ਸਖ਼ਤ ਸ਼ਬਦਾਂ ਵਿਚ ਲਿਖੀ ਚਿੱਠੀ ਵਿਚ ਭਗਤ ਸਿੰਘ ਇਸ ਨੂੰ ਨਾ ਕਾਬਿਲੇ-ਬਰਦਾਸ਼ਤ ਕਾਰਵਾਈ ਕਹਿੰਦਾ ਹੈ। "ਇਸ ਖ਼ਬਰ ਨੇ ਮੇਰੇ ਦਿਲ ਦੀ ਸਾਰੀ ਸ਼ਾਂਤੀ ਖ਼ਤਮ ਕਰ ਦਿੱਤੀ ਹੈ। ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੇ ਵਾਲਦਾਨਾ ਜਜ਼ਬਿਆਂ ਦਾ ਪੂਰਾ ਇਹਤਰਾਮ ਕਰਦਾ ਹਾਂ। ਇਸ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਲਾਹ-ਮਸ਼ਵਰਾ ਕੀਤੇ ਬਗ਼ੈਰ ਅਜਿਹੀ ਦਰਖ਼ਾਸਤ ਦੇਣ ਦਾ ਕੋਈ ਹੱਕ ਨਹੀਂ ਸੀ... ਮੇਰੀ ਜ਼ਿੰਦਗੀ ਐਨੀ ਕੀਮਤੀ ਨਹੀਂ ਹੈ ਜਿੰਨੀ ਤੁਸੀਂ ਖ਼ਿਆਲ ਕਰਦੇ ਹੋ। ਘੱਟੋ-ਘੱਟ ਮੇਰੇ ਲਈ ਕੀਮਤੀ ਨਹੀਂ ਕਿ ਇਸ ਨੂੰ ਅਸੂਲਾਂ ਦੀ ਕੁਰਬਾਨੀ ਕਰਨ ਦੀ ਕੀਮਤ 'ਤੇ ਬਚਾਇਆ ਜਾਵੇ।" ਕੁਰਬਾਨੀ ਦਾ ਅਜਿਹਾ ਜਜ਼ਬਾ ਹੀ ਭਗਤ ਸਿੰਘ ਨੂੰ

ਸ਼ਾਇਦ ਸ਼ਹੀਦ-ਏ-ਆਜ਼ਮ ਬਣਾਉਂਦਾ ਹੈ। ਫਾਂਸੀ ਦੀ ਸਜ਼ਾ ਐਲਾਨੇ ਜਾਣ ਤੋਂ ਬਾਅਦ ਸੈਂਟਰਲ ਜੇਲ੍ਹ ਲਾਹੌਰ ਵਿਚ ਮੁਲਾਕਾਤ ਕਰਨ ਆਏ ਭਰਾ ਕੁਲਤਾਰ ਦਾ ਗੱਚ ਭਰ ਜਾਂਦਾ ਹੈ। ਭਗਤ ਸਿੰਘ ਨੇ ਫਾਂਸੀ-ਕੋਠੜੀ 'ਚੋਂ ਭਰਾ ਨੂੰ ਜਜ਼ਬਾਤੀ ਪੱਤਰ ਲਿਖਿਆ, "ਅੱਜ ਤੇਰੀਆਂ ਅੱਖਾਂ 'ਚੋਂ ਅੱਥਰੂ ਝਰਦੇ ਵੇਖ ਕੇ ਬੜਾ ਦੁੱਖ ਹੋਇਆ। ਤੇਰੇ ਅੱਥਰੂ ਮੇਰੇ ਤੋਂ ਸਹਿਣ ਨਹੀਂ ਹੁੰਦੇ। ਬਰਖ਼ੁਰਦਾਰ, ਹੁਣ ਤੁਸੀਂ ਹਿੰਮਤ ਨਾਲ ਪੜ੍ਹਨਾ ਤੇ ਸਿਹਤ ਦਾ ਖ਼ਿਆਲ ਰੱਖਣਾ ਹੈ। ਹੌਸਲੇ ਨਾਲ ਰਹਿਣਾ ਅਤੇ ਹੋਰ ਕੀ ਲਿਖਾਂ... ਕੀ ਕਹਾਂ... ਸੁਣੋ : ਉਸੇ ਯਹ ਫ਼ਿਕਰ ਹੈ ਹਰਦਮ, ਨਯਾ ਤਰਜ਼ੇ-ਜਫ਼ਾ ਕਯਾ ਹੈ, ਹਮੇਂ ਯਹ ਸ਼ੌਕ ਹੈ ਕਿ ਦੇਖੇਂ, ਸਿਤਮ ਕੀ ਇੰਤਹਾ ਕਯਾ ਹੈ।" ਭਗਤ ਸਿੰਘ ਆਪਣੇ ਵੀਰ ਨੂੰ ਹੌਸਲਾ ਦਿੰਦਾ ਹੋਇਆ 'ਖ਼ੁਸ਼ ਰਹੋ ਐ ਅਹਿਲੇ ਵਤਨ, ਹਮ ਤੋਂ ਸਫ਼ਰ ਕਰਤੇ ਹੈਂ' ਲਿਖ ਕੇ ਪੱਤਰ ਖ਼ਤਮ ਕਰਦਾ ਹੈ। ਸ਼ਹੀਦ-ਏ-ਆਜ਼ਮ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦਾ ਪ੍ਰਣ ਲੈ ਕੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਬਤੌਰ ਮੁੱਖ ਮੰਤਰੀ ਹਲਫ਼ ਲੈਣ ਵਾਲਾ ਭਗਵੰਤ ਮਾਨ ਦੇਸ਼ ਦੀ ਆਜ਼ਾਦੀ ਖ਼ਾਤਰ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਲੋਚਦਾ ਹੈ। ਹਲਫ਼ ਲੈਣ ਵੇਲੇ ਉਸ ਨੇ ਐਲਾਨ ਕੀਤਾ ਸੀ ਕਿ ਉਸ ਦੇ ਹੱਥ ਹਰਾ ਪੈੱਨ ਆਉਣ ਤੋਂ ਬਾਅਦ ਪੰਜਾਬ ਦਾ ਮੁਹਾਂਦਰਾ ਬਦਲ ਜਾਵੇਗਾ। ਆਪਣੀ 30 ਦਿਨਾਂ ਦੀ ਹਕੂਮਤ ਦਾ 'ਰਿਪੋਰਟ ਕਾਰਡ' ਜਨਤਕ ਕਰਦਿਆਂ ਭਗਵੰਤ ਮਾਨ ਨੇ ਚੋਣਾਂ ਤੋਂ ਪਹਿਲਾਂ ਕੀਤੇ ਕਈ ਮਹੱਤਵਪੂਰਨ ਵਾਅਦਿਆਂ ਨੂੰ ਵਫ਼ਾ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ 'ਚ ਪਹਿਲੀ ਜੁਲਾਈ ਤੋਂ 300 ਯੂਨਿਟ ਮੁਫ਼ਤ ਬਿਜਲੀ, ਸਰਕਾਰੀ ਦਫ਼ਤਰਾਂ ਵਿਚ ਆਪਣੀ ਫੋਟੋ ਦੀ ਬਜਾਏ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਤਸਵੀਰਾਂ, ਇਕ ਵਿਧਾਇਕ-ਇਕ ਪੈਨਸ਼ਨ ਅਤੇ 23 ਮਾਰਚ ਨੂੰ ਸ਼ਹੀਦੀ ਦਿਵਸ ਮੌਕੇ ਸਰਕਾਰੀ ਛੁੱਟੀ ਦਾ ਐਲਾਨ ਕਰਨਾ ਆਦਿ ਸ਼ਾਮਲ ਹਨ। ਮਾਨ ਕੋਲ ਜ਼ਿੰਦਗੀ ਦਾ ਕਸ਼ੀਦਿਆ ਹੋਇਆ ਤਜਰਬਾ ਹੈ। ਉਨ੍ਹਾਂ ਨੂੰ ਆਮ ਆਦਮੀ ਦੀ ਵੇਦਨਾ ਦਾ ਅਹਿਸਾਸ ਹੈ। ਬਤੌਰ ਕਲਾਕਾਰ ਵੀ ਉਨ੍ਹਾਂ ਨੇ ਆਮ ਲੋਕਾਂ ਦੀ ਪੀੜਾ ਨੂੰ ਮਹਿਸੂਸ ਕੀਤਾ ਜਾਪਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਜਦੋਂ ਆਮ ਆਦਮੀ ਆਈ 'ਤੇ ਆ ਜਾਵੇ ਤਾਂ ਸੱਚਮੁੱਚ ਹੀ ਤਖ਼ਤਾ ਪਲਟ ਜਾਂਦਾ ਹੈ। ਮੁੱਖ ਮੰਤਰੀ ਦੀ ਕੁਰਸੀ ਹੀਰੇ-ਜਵਾਹਰਾਤ ਨਾਲ ਜੜਿਆ ਖੰਭ ਖਿਲਾਰੀ ਪੈਲਾਂ ਪਾਉਂਦਾ ਤਖ਼ਤ-ਤਾਊਸ ਨਹੀਂ ਜੋ ਕਿਸੇ ਨੂੰ ਵਿਰਸੇ ਵਿਚ ਮਿਲਦਾ ਸੀ। ਇਹ ਤਾਂ ਆਮ ਆਦਮੀ ਦਾ ਬਖਸ਼ਿਸ਼ ਕੀਤਾ ਰਾਜ ਸਿੰਘਾਸਣ ਹੈ ਜਿਸ ਦੇ ਪਾਵੇ ਉਦਾਸੀ ਦੀਆਂ ਲੰਬੀਆਂ ਹੇਕਾਂ ਨਾਲ ਹਿੱਲ ਜਾਂਦੇ ਹਨ। ਲੋਕਾਂ ਨਾਲ ਜੁੜੇ ਸਰੋਕਾਰਾਂ ਪ੍ਰਤੀ ਉਦਾਸੀਨਤਾ ਉਦਾਸੀ ਦੇ ਬੋਲ ਯਾਦ ਕਰਵਾ ਸਕਦੀ ਹੈ ਜੋ ਉਦਾਸ ਮੌਸਮ ਨੂੰ ਬਦਲਣ ਦਾ ਹੋਕਾ ਦਿੰਦੇ ਹਨ।

17 ਅਪ੍ਰੈਲ

# 400 ਸਾਲ ਗੁਰੂ ਦੇ ਨਾਲ

ਨੌਂਵੇਂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਜੀ ਕਰੁਣਾ, ਦਇਆ, ਸਾਹਸ ਅਤੇ ਕੁਰਬਾਨੀ ਦੇ ਅਥਾਹ ਸਾਗਰ ਹਨ ਜਿਨ੍ਹਾਂ ਦੀ ਅਦੁੱਤੀ ਸ਼ਖ਼ਸੀਅਤ ਦਾ ਵਰਣਨ ਕਰਨ ਲਈ ਦੁਨੀਆ ਦੀ ਹਰ ਭਾਸ਼ਾ ਊਣੀ ਭਾਸਦੀ ਹੈ। ਆਪ ਜੀ ਦੀ ਰਚੀ ਹੋਈ ਬਾਣੀ ਗਾਗਰ ਵਿਚ ਸਾਗਰ ਨਿਆਈਂ ਹੈ ਜਿਸ ਦਾ ਗਾਇਨ ਕਰਨ ਵੇਲੇ ਸਰੀਰ ਦਾ ਰੋਮ-ਰਮੋ ਸਾਜ਼ ਹੁੰਦੈ ਤੇ ਕਾਦਰ ਦੀ ਕੁਦਰਤ ਸਾਜਿੰਦਾ ਬਣ ਜਾਂਦੀ ਹੈ। ਗੁਰੂ ਜੀ ਵੱਲੋਂ ਦਿੱਤੀ ਗਈ 'ਗਿਆਨੀ-ਧਿਆਨੀ ਯੋਧਾ' ਦੀ ਪਰਿਭਾਸ਼ਾ ਅਲੌਕਿਕ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

(ਭਾਵ, ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵਾ ਨਹੀਂ ਦਿੰਦਾ ਤੇ ਨਾ ਹੀ ਕਿਸੇ ਦੇ ਡਰਾਵੇ (ਧੌਂਸ) ਨੂੰ ਮੰਨਦਾ ਹੈ, ਉਸ ਨੂੰ ਹੀ ਧਾਰਮਿਕ ਬੁਲੰਦੀ ਵਾਲਾ ਮੰਨਿਆ ਜਾਂਦਾ ਹੈ।) ਨਿਰਭਉ ਅਤੇ ਨਿਰਵੈਰ ਸਿੱਖੀ ਦੇ ਮੂਲ ਮੰਤਰ 'ਚ ਅੰਕਿਤ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਨਿਰਭਉ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਤੇ ਅਮਲੀ ਜਾਮਾ ਗੁਰੂ ਤੇਗ ਬਹਾਦਰ ਜੀ ਨੇ ਪਹਿਨਾਇਆ ਹੈ। ਪਹਿਲੇ ਨਾਨਕ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤ ਮਾਰਗਿ ਪੈਰੁ ਧਰੀਜੈ ॥ ਸਿਰ ਦੀਜੈ ਕਾਣਿ ਨ ਕੀਜੈ।" ਸ਼ਬਦ ਰਾਹੀਂ ਸਿਰ ਭੇਟਾ ਕਰਨ ਸਮੇਂ ਕਿਸੇ ਕਿਸਮ ਦੀ ਕਾਣ ਜਾਂ ਝਿਜਕ ਨਾ ਦਿਖਾਉਣ ਦਾ ਸੁਨੇਹਾ ਦਿੰਦੇ ਹਨ। ਇਹ 'ਪ੍ਰੇਮ ਖੇਲਣ ਕਾ ਚਾਉ' ਵਾਲਿਆਂ ਲਈ ਪ੍ਰਥਮ ਸ਼ਰਤ ਹੈ ਕਿ ਉਹ ਤਲੀਆਂ 'ਤੇ ਸੀਸ ਟਿਕਾ ਕੇ ਘਰੋਂ ਨਿਕਲਣ। ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੇ ਕੁਰਬਾਨੀ ਦੀ ਪਰਿਭਾਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ। ਮਨੁੱਖੀ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਕੋਈ ਆਪਣਾ ਸੀਸ ਭੇਟ ਕਰਨ ਲਈ ਖ਼ੁਦ ਮਕਤਲ ਵਿਚ ਜਾਂਦਾ ਹੈ। ਅਦਭੁਤ ਕਿਸਮ ਦੀ ਕ੍ਰਾਂਤੀ ਦਾ ਆਗ਼ਾਜ਼ ਗੁਰੂ ਸਾਹਿਬ ਵੱਲੋਂ ਸ਼ਿਵਾਲਿਕ ਦੀਆਂ ਹੁਸੀਨ ਪਹਾੜੀਆਂ ਦੀ ਗੋਦ ਵਿਚ ਵਰਸੋਏ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਤੋਂ ਹੁੰਦਾ ਹੈ। ਮੁਗ਼ਲਾਂ ਦੇ ਜ਼ੁਲਮ ਤੋਂ ਸਤਾਏ ਹੋਏ ਕਸ਼ਮੀਰੀ ਪੰਡਿਤ ਜਦੋਂ ਫ਼ਰਿਆਦ ਲੈ ਕੇ ਗੁਰੂ ਨਗਰੀ ਅਨੰਦਪੁਰ ਪੁੱਜੇ ਤਾਂ ਆਪਣੇ ਸਾਹਿਬਜ਼ਾਦੇ, ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ) ਦੇ ਕਹਿਣ 'ਤੇ ਉਹ ਆਪਣਾ ਸੀਸ ਭੇਟ ਕਰਨ ਲਈ ਦਿੱਲੀ ਵੱਲ ਕੂਚ ਕਰਦੇ ਹਨ। ਇਹ ਉਹੀ ਸੀਸ ਸੀ ਜਿਸ ਨੇ ਦਿੱਲੀ ਦੀ ਸਰਦਲ 'ਤੇ ਕਲਮ ਹੋਣ ਤੋਂ ਬਾਅਦ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਰਾਹੀਂ ਅਨੰਦਪੁਰ ਸਾਹਿਬ ਵਾਪਸ ਮੁੜ ਕੇ ਇਨਕਲਾਬ ਲਿਆਉਣਾ ਸੀ। ਸੀਸ ਅਤੇ ਧੜ ਦਾ ਅਲੱਗ-ਅਲੱਗ ਸਸਕਾਰ ਨੇ ਭਾਈ

ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰੇ ਦਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ ਦਰਜ ਕਰਵਾ ਦਿੱਤਾ। ਕਬੀਰ ਸਾਹਿਬ ਨੇ ਵੀ ਅਜਿਹੀ ਕੁਰਬਾਨੀ ਦਾ ਵਰਣਨ ਕਰਦਿਆਂ ਸ਼ਬਦ ਰਚਿਆ ਹੈ, “ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥” ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦੀ ਮਿਸਾਲ ਪੈਦਾ ਕਰਨ ਲਈ ਨੌਵੇਂ ਪਾਤਸ਼ਾਹ ਨੇ ਜ਼ਾਲਮ ਦੀਆਂ ਬਰੂਹਾਂ ’ਤੇ ਦਸਤਕ ਦਿੱਤੀ। ਇਸ ਲਾਸਾਨੀ ਮਿਸਾਲ ਤੋਂ ਬਾਅਦ ਆਮ ਲੋਕਾਂ ਹੱਥ ਮਸ਼ਾਲਾਂ ਆ ਗਈਆਂ। ਜ਼ੁਲਮ ਦੀ ਜੜ੍ਹ ਪੁੱਟਣ ਲਈ ਲੋਕਾਂ ਨੇ ਦਿੱਲੀ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਜਿਹੇ ਕਾਫ਼ਲਿਆਂ ਵਿਚ ਫ਼ਾਸਲੇ ਨਹੀਂ ਹੁੰਦੇ। ਵਿਚਾਰਧਾਰਕ ਤੌਰ ’ਤੇ ਇਕ-ਦੂਜੇ ਨਾਲ ਜੁੜੇ ਲੋਕ ਸੁਰਖ ਸਵੇਰਿਆਂ ਦਾ ਸੁਨੇਹਾ ਬਣ ਕੇ ਵਿਚਰਦੇ ਹਨ। ਜੀਵਨ ਮੁੱਲਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਕਾਫ਼ਲੇ ਜਿੱਥੇ ਕਿਤੇ ਵੀ ਪੜਾਅ ਕਰਦੇ, ਉਨ੍ਹਾਂ ਥਾਵਾਂ ਦੀ ਆਭਾ ਨੂੰ ਚਾਰ ਚੰਨ ਲਗਾ ਦਿੰਦੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਉਨ੍ਹਾਂ ਦੇ ਮਾਰਗ ਰੁਸ਼ਨਾਏ ਸਨ। ਇਹ ਮੀਰੀ-ਪੀਰੀ ਅਤੇ ਭਗਤੀ-ਸ਼ਕਤੀ ਦੇ ਸੁਮੇਲ ਦੀ ਬਦੌਲਤ ਹੀ ਸੀ। ਮੀਰੀ-ਪੀਰੀ ਦੇ ਸੰਕਲਪ ਨੇ ਜ਼ੁਲਮ ਨਾਲ ਲਤਾੜਿਆਂ ਦਾ ਮਾਰਗ-ਦਰਸ਼ਨ ਕਰਨਾ ਸ਼ੁਰੂ ਕੀਤਾ ਸੀ। ਦਰਅਸਲ, ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਸਾਹਿਬਜ਼ਾਦੇ, ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨ ਕੇ ਜ਼ਾਲਮ ਨਾਲ ਸਿੱਧੀ ਜੰਗ ਵੱਲ ਰੁਖ਼ ਮੋੜਿਆ ਸੀ। ਆਪ ਦਾ ਮੰਨਣਾ ਸੀ ਕਿ ਭਗਤੀ ਨਾਲੋਂ ਟੁੱਟ ਕੇ ਸ਼ਕਤੀ ਦਿਸ਼ਾਹੀਣ ਹੋ ਜਾਂਦੀ ਹੈ ਤੇ ਰਾਕਸ਼ ਬਿਰਤੀ ਇਨਸਾਨੀਅਤ ਦਾ ਘਾਣ ਕਰਨ ’ਤੇ ਤੁਲ ਜਾਂਦੀ ਹੈ। ਅਣਖ, ਸਵੈਮਾਣ ਤੇ ਮਾਨਵਤਾ ਦੀ ਭਲਾਈ ਖ਼ਾਤਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਮਾਨਵਤਾ ਦੀ ਭਲਾਈ ਖ਼ਾਤਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੋਣਾ ਸਮੇਂ ਦੀ ਲੋੜ ਸੀ। ਦਰਿਆ ਦੇ ਕਿਨਾਰਿਆਂ ਵਾਂਗ ਦੋਨੋਂ ਸਮਾਨਾਂਤਰ ਹੁੰਦੇ ਹੋਏ ਵੀ ਇਕ-ਦੂਜੇ ਦੇ ਪੂਰਕ ਬਣੇ ਹੋਣੇ ਚਾਹੀਦੇ ਹਨ। ਦੋਨੋਂ ਕਿਨਾਰੇ ਮਿਲ ਜਾਣ ਤਾਂ ਦਰਿਆ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਂਦੀ ਹੈ। ਲੋਹੇ ਨੂੰ ਕੱਟਣ ਲਈ ਸਰਬਲੋਹ ਦੀ ਜ਼ਰੂਰਤ ਸੀ। ਸਰਬਲੋਹ ’ਚੋਂ ਕਿਰਪਾਨ ਨੇ ਜਨਮ ਲਿਆ ਜੋ ਮੀਰੀ ਦਾ ਚਿੰਨ੍ਹ ਸੀ। ਦਸਮ ਪਾਤਸ਼ਾਹ ਨੇ ਖੰਡੇ ਤੇ ਖੜਗ ਨੂੰ ਅਕਾਲ ਪੁਰਖ ਦੀ ਸਿਰਜਣਾਤਮਕ ਸ਼ਕਤੀ ਕਿਹਾ ਹੈ, “ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ” (ਚੰਡੀ ਦੀ ਵਾਰ)। ਅਕਾਲ ਪੁਰਖ ਇਸ ਤਰ੍ਹਾਂ ਨਿਰਗੁਣ ਨਿਰਾਕਾਰ ਅਵਸਥਾ ਤੋਂ ‘ਕਰਤਾ’ ਦੇ ਸਰਗੁਣ ਸਰੂਪ ਵਿਚ ਖੜਗਧਾਰੀ ਦਿਸਦਾ ਹੈ। ਖੜਗ ‘ਪੀਰੀ’ ਦਾ ਰੂਪ ਹੈ। ਜਾਬਰ ਬਾਬਰ ਦੇ ਹਿੰਦੁਸਤਾਨ ’ਤੇ ਕੀਤੇ ਹਮਲੇ ਤੋਂ ਬਾਅਦ ਖਲਕ ‘ਬਾਬੇ ਕੇ’ ਤੇ ‘ਬਾਬਰ ਕੇ’ ਦੋ ਖੇਮਿਆਂ ਵਿਚ ਵੰਡੀ ਗਈ ਸੀ। ਪਹਿਲੇ ਨਾਨਕ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਗੁਰੂ ਤੇਗ ਬਹਾਦਰ ਨੇ ਤਲਵਾਰ ਦੇ ਜ਼ੋਰ ’ਤੇ ਕੀਤੀ ਜਾ ਰਹੀ ਮਜ਼ਹਬੀ ਤਬਦੀਲੀ ਖ਼ਿਲਾਫ਼ ਵਿਲੱਖਣ ਸੰਗਰਾਮ ਛੇੜਿਆ ਸੀ। ਛੇਵੇਂ ਪਾਤਸ਼ਾਹ ਵੱਲੋਂ ਮੀਰੀ-ਪੀਰੀ ਦੇ ਮਾਰਗ ’ਤੇ ਉਹ ਅਡੋਲ ਚੱਲ ਰਹੇ ਸਨ ਕਿ ਸ਼ਕਤੀ ਨਾਲੋਂ ਵਿਯੋਗੀ ਭਗਤੀ ਆਪਣਾ ਬਚਾਓ ਕਰਨ ਤੋਂ ਅਸਮਰੱਥ ਰਹਿੰਦੀ ਹੈ। ਜੀਵਨ-ਜਲੌਅ ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਦੋਨੋਂ ਸ਼ਕਤੀਆਂ ਦੇ ਸੁਮੇਲ ਦੇ ਨਾਲ-ਨਾਲ ਉਨ੍ਹਾਂ ਦੀ

ਭਿੰਨਤਾ ਵੀ ਬਰਕਰਾਰ ਰਹੇ। ਆਪ ਜੀ ਵੱਲੋਂ ਦਰਸਾਏ ਮਾਰਗ ਦੀ ਬਦੌਲਤ ਹੀ 'ਸਿੱਖੀ ਧਾਰਾ' ਭਾਰਤ ਦੀ ਮਹਾਧਾਰਾ ਵਿਚ ਵਹਿੰਦੇ ਹੋਏ ਵੀ ਲੋਪ ਨਹੀਂ ਹੋਈ। 'ਸਿੱਖ ਫ਼ਲਸਫ਼ੇ ਦੀ ਭੂਮਿਕਾ' ਵਿਚ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਪ੍ਰਸਤੁਤ ਕਰਦਿਆਂ ਲਿਖਿਆ ਹੈ ਕਿ ਸ਼ਹਾਦਤ ਅੱਤਿਆਚਾਰ ਵਿਰੁੱਧ ਸੱਭਿਆਚਾਰ ਹੈ, ਤਸ਼ੱਦਦ ਖ਼ਿਲਾਫ਼ ਸਹਿਣਸ਼ੀਲਤਾ ਦੀ ਵਿਜੈ। ਸ਼ਹੀਦੀ ਮਜਬੂਰੀ ਨਹੀਂ ਬਲਕਿ ਸਿਦਕ ਸਬੂਰੀ ਹੈ। ਇਹ ਨਿਰਭੈ ਸ਼ਕਤੀ ਹੀ ਨਹੀਂ, ਨਿਰਵੈਰ ਬਿਰਤੀ ਵੀ ਹੈ। ਨਿਰਭੈ ਸ਼ਕਤੀ ਦੀ ਜਵਾਲਾ ਹੀ ਨਹੀਂ ਜਾਗਦੀ, ਨਿਰਵੈਰ ਬਿਰਤੀ ਦਾ ਪ੍ਰਕਾਸ਼ ਵੀ ਹੁੰਦਾ ਹੈ। ਜਦੋਂ ਮਨੁੱਖ ਆਪਣੇ-ਆਪ ਨੂੰ ਜਾਣ ਕੇ ਆਪਣੀ ਮਨੁੱਖਤਾ ਨੂੰ ਪਛਾਣ ਕੇ ਪਰਮ ਹਸਤੀ ਦਾ ਅੰਸ਼ ਤਸੱਵਰ ਕਰਦਾ ਹੈ ਤਾਂ ਉਸ ਵਿਚ ਅਥਾਹ ਅਤੇ ਅਸਗਾਹ ਸ਼ਕਤੀ ਜਾਗਦੀ ਹੈ ਜੋ ਉਸ ਨੂੰ ਨਿਰਭੈ ਯੋਗ ਬਣਾਉਂਦੀ ਹੈ। ਅਜਿਹੀ ਭਾਵਨਾ ਸਿਰ ਤਲੀ 'ਤੇ ਰੱਖ ਕੇ ਆਪਣੇ ਇਸ਼ਟ ਦੀ ਗਲੀ ਵਿਚ ਜਾਣ ਲਈ ਸੈਨਤਾਂ ਮਾਰਦੀ ਹੈ। ਡਾ. ਆਹਲੂਵਾਲੀਆ ਦਾ ਕਥਨ ਹੈ ਕਿ ਪੁਰਾਣਾ ਸੰਤੋਖ, ਪੁਰਾਣਾ ਗਿਆਨ ਤੇ ਪੁਰਾਣਾ ਸਤਿ ਤਿੰਨੇ ਹੀ ਵੰਗਾਣ, ਲਲਕਾਰੇ ਜਾਣ, ਦੁਰਕਾਰੇ ਜਾਣ ਤਾਂ ਇਤਿਹਾਸਕ ਪਾਲ ਆਉਣ ਬਹੁੜਦਾ ਹੈ ਜਦੋਂ 'ਬਡੋ ਕਲੂ ਮਹਿ ਸਾਕਾ' ਕਰਨ ਲਈ ਕਿਸੇ ਮਹਾਪੁਰਖ ਨੂੰ ਚਾਂਦਨੀ ਚੌਂਕ ਵਿਖੇ ਸਿਰੁਰ ਨਾ ਦਿੰਦੇ ਹੋਏ ਸੀਸ ਭੇਟ ਕਰਨਾ ਹੁੰਦਾ ਹੈ ਤਾਂ ਜੋ ਨਵੀਂ ਪ੍ਰਭਾਤ ਦਾ ਉਦੈ ਹੋ ਸਕੇ। ਵੀਰਵਾਰ 21 ਅਪ੍ਰੈਲ ਵਾਲੇ ਦਿਨ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ ਤੋਂ ਸੰਗਤ ਨੂੰ ਮੁਖਾਤਿਬ ਹੋਏ ਸਨ। ਲਾਲ ਕਿਲ੍ਹਾ ਸ਼ਕਤੀ ਦਾ ਚਿੰਨ੍ਹ ਹੈ ਜੋ ਚਾਂਦਨੀ ਚੌਂਕ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਹੈ। ਇਹ ਪਹਿਲੀ ਵਾਰ ਸੀ ਕਿ ਕਿਸੇ ਪ੍ਰਧਾਨ ਮੰਤਰੀ ਨੇ ਸੂਰਜ ਢਲਣ ਤੋਂ ਬਾਅਦ ਲਾਲ ਕਿਲ੍ਹੇ ਤੋਂ ਸੰਬੋਧਨ ਕੀਤਾ ਹੋਵੇ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਵਾਲੀ ਰਾਤ ਤੋਂ ਬਾਅਦ ਨਵੀਂ ਪ੍ਰਭਾਤ ਦਾ ਜਨਮ ਹੋਇਆ ਸੀ। ਸੂਰਜ ਝਕਾਨੀ ਦੇ ਕੇ ਪੱਛਮ ਦੇ ਬੱਦਲਾਂ ਵਿਚ ਲੁਕਣ-ਮੀਟੀ ਖੇਡਣ ਲਈ ਛੁਪਿਆ ਸੀ ਜਿਸ ਨੇ ਪੂਰਬ ਵੱਲੋਂ ਫਿਰ ਉਦੈ ਹੋਣਾ ਸੀ। ਇਸ ਲਈ ਸੂਰਜ ਅਸਤਣ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਸੰਬੋਧਨ ਜਾਂ ਗੁਰਬਾਣੀ ਦਾ ਗਾਇਨ ਇਸ ਅਦੁੱਤੀ ਸ਼ਹਾਦਤ ਨੂੰ ਲਾਲ ਤੇ ਕੇਸਰੀ ਸਲਾਮ ਸੀ। ਬਚਿਤ੍ਰ ਨਾਟਕ 'ਚ ਗੁਰੂ ਗੋਬਿੰਦ ਸਿੰਘ ਫੁਰਮਾਉਂਦੇ ਹਨ,

ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਇਹ 'ਧਰਮ ਯੁੱਧ' ਦਾ ਅਨੋਖਾ ਆਗ਼ਾਜ਼ ਸੀ। ਇਸੇ ਲਈ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਜਾਂ 'ਧਰਮ ਦੀ ਚਾਦਰ' ਕਹਿ ਕੇ ਵਡਿਆਇਆ ਜਾਂਦਾ ਹੈ।

24 ਅਪ੍ਰੈਲ

# ਸਾਂਝੀਵਾਲਤਾ ਦੇ ਦੁਸ਼ਮਣ

ਵਿਰਾਸਤੀ ਸ਼ਹਿਰ ਪਟਿਆਲਾ ਵਿਚ ਦੋ ਧੜਿਆਂ ਦਰਮਿਆਨ ਹੋਈਆਂ ਹਿੰਸਕ ਝੜਪਾਂ ਨੇ ਪੰਜਾਬ ਦਾ ਉਹ ਕਾਲਾ ਦੌਰ ਯਾਦ ਕਰਵਾ ਦਿੱਤਾ ਜਦੋਂ ਸਰਹੱਦੀ ਸੂਬਾ ਪੰਜਾਬ, ਇਕ ਦਹਾਕੇ ਤੋਂ ਵੀ ਵੱਧ ਸਮੇਂ ਲਈ ਫ਼ਿਰਕਾਪ੍ਰਸਤੀ ਦੇ ਅਗਨਿ ਕੁੰਡ ਵਿਚ ਸੜਦਾ ਰਿਹਾ ਸੀ। ਲੋਕ ਸਿਆਣਪ ਅਨੁਸਾਰ ਨਫ਼ਰਤ ਦੀਆਂ ਚੰਗਿਆੜੀਆਂ ਪਾਣੀਆਂ ਨੂੰ ਵੀ ਲਾਂਬੂ ਲਗਾ ਦਿੰਦੀਆਂ ਹਨ। ਅਜਿਹੀ ਅੱਗ ਵੇਖਦਿਆਂ ਹੀ ਵੇਖਦਿਆਂ ਜੰਗਲ ਦੀ ਅੱਗ ਵਾਂਗ ਘੁੱਗ ਵਸਦੇ ਨਗਰ-ਖੇੜਿਆਂ ਦੇ ਗਲੀਆਂ-ਕੂਚਿਆਂ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। 'ਜ਼ਿੰਦਾਬਾਦ' ਅਤੇ 'ਮੁਰਦਾਬਾਦ' ਦੀ ਮੁਹਾਰਨੀ ਅੰਬਰ ਦਾ ਵੀ ਸੀਨਾ ਚਾਕ ਕਰ ਦਿੰਦੀ ਹੈ। ਭਾਂਬੜ ਬਣਨ ਤੋਂ ਪਹਿਲਾਂ ਹੀ ਚੰਗਿਆੜੀ ਨੂੰ ਬੁਝਾ ਦਿੱਤਾ ਜਾਵੇ ਤਾਂ ਹੈਵਾਨੀਅਤ ਨੂੰ ਨਾਸ਼ ਕੀਤਾ ਜਾ ਸਕਦਾ ਹੈ। ਅਫ਼ਸੋਸ ! ਇਹ ਮੰਦਭਾਗੀ ਹਿੰਸਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਵਾਪਰੀ ਜਦੋਂ ਕਿ ਕੁਝ ਦਿਨ ਪਹਿਲਾਂ ਆਪ ਜੀ ਦਾ 401ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਸੀ। ਗੁਰੂ ਤੇਗ ਬਹਾਦਰ ਬਰਾਸਤਾ ਪਟਿਆਲਾ ਦਿੱਲੀ ਦੇ ਚਾਂਦਨੀ ਚੌਕ ਵਿਚ ਆਪਣਾ ਸੀਸ ਭੇਟ ਕਰਨ ਲਈ ਪੁੱਜੇ ਸਨ। ਸਾਡੀ ਲੋਕਧਾਰਾ ਵਿਚ ਨੌਵੇਂ ਨਾਨਕ ਨੂੰ 'ਹਿੰਦ ਦੀ ਚਾਦਰ' ਤੇ 'ਧਰਮ ਦੀ ਚਾਦਰ' ਕਹਿ ਕੇ ਪੁਕਾਰਿਆ ਜਾਂਦਾ ਹੈ। ਜ਼ਾਲਮ ਮੁਗ਼ਲਾਂ ਦੇ ਸਤਾਏ ਕਸ਼ਮੀਰੀ ਪੰਡਿਤ ਜਦ ਅਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਏ ਤਾਂ ਉਨ੍ਹਾਂ ਨੇ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਇ ਦਾ ਮਸ਼ਵਰਾ ਮੰਨ ਕੇ ਚਾਂਦਨੀ ਚੌਕ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਗੁਰੂ ਗੋਬਿੰਦ ਸਿੰਘ ਨੂੰ 'ਸਰਬੰਸ ਦਾਨੀ' ਬਣਾਉਣ ਖ਼ਾਤਰ ਹੀ ਆਪ ਨੇ ਇਹ ਅਦੁੱਤੀ ਮਾਰਗ ਚੁਣਿਆ ਸੀ। ਪਟਿਆਲਾ ਵਾਸੀ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੇ ਹਨ ਕਿ ਗੁਰੂ ਜੀ 'ਤਿਲਕ ਜੰਞੂ' ਦਾ ਰਾਖਾ ਬਣਨ ਖ਼ਾਤਰ ਇਸ ਨਗਰੀ 'ਚੋਂ ਵਿਚਰੇ ਸਨ। 'ਦਸਮ ਗ੍ਰੰਥ' ਵਿਚ ਗੁਰੂ ਫ਼ੁਰਮਾਉਂਦੇ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ।।

ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥ ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤੀ ਤੋਂ ਬਾਅਦ ਪਟਿਆਲਾ ਦੀ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋ ਗਈ ਸੀ। ਨਗਰ ਨਿਵਾਸੀ ਉਨ੍ਹਾਂ ਦੇ ਚਰਨਾਂ ਦੀ ਧੂੜ ਨੂੰ ਆਪਣੇ ਮਸਤਕ 'ਤੇ ਲਾ ਕੇ ਨਿਹਾਲ ਹੋ ਜਾਂਦੇ। ਆਪ ਜੀ ਦੀਆਂ ਪਾਈਆਂ ਸੰਦਲੀ ਪੈੜਾਂ ਨੂੰ ਸੰਭਾਲਣ ਲਈ ਗੁਰਧਾਮ ਤਾਮੀਰ ਹੋਏ। ਸ਼ਾਇਦ ਇਸੇ ਲਈ ਪਟਿਆਲਾ ਜ਼ਿਲ੍ਹੇ

ਵਿਚ ਫ਼ਿਰਕੂ ਫ਼ਸਾਦ ਘੱਟ-ਵੱਧ ਹੀ ਹੋਏ ਹਨ। ਅੱਤਵਾਦ ਦੇ ਦੌਰ ਵਿਚ ਸ਼ਰਾਰਤੀ ਅਨਸਰਾਂ ਨੇ ਇਸ ਰਿਆਸਤੀ-ਵਿਰਾਸਤੀ ਸ਼ਹਿਰ ਦੇ ਅਮਨ ਨੂੰ ਲਾਂਬੂ ਲਗਾਉਣ ਦੀਆਂ ਨਾਪਾਕ ਕੋਸ਼ਿਸ਼ਾਂ ਜ਼ਰੂਰ ਕੀਤੀਆਂ ਪਰ ਉਹ ਬਹੁਤਾ ਕਾਮਯਾਬ ਨਹੀਂ ਹੋਏ। ਪਟਿਆਲਾ ਵਿਚ ਸਾਂਝੀਵਾਲਤਾ ਦੀਆਂ ਤੰਦਾਂ ਬਹੁਤ ਮਜ਼ਬੂਤ ਹਨ। ਸ਼ਾਇਦ ਇਹੀ ਕਾਰਨ ਸੀ ਕਿ ਸ਼ਾਂਤੀ ਭੰਗ ਕਰਨ ਅਤੇ ਫ਼ਿਰਕੂ ਫ਼ਸਾਦ ਕਰਵਾਉਣ ਦੀ ਹਿਮਾਕਤ ਕਰਨ ਵਾਲੇ ਦੀ ਭੁਗਤ ਉਸ ਦੇ ਆਪਣੇ ਹੀ ਭਾਈਚਾਰੇ ਨੇ ਸਵਾਰ ਦਿੱਤੀ। ਅਜਿਹੀ ਤਵੱਕੋ ਦੂਜੇ ਭਾਈਚਾਰੇ ਤੋਂ ਵੀ ਕੀਤੀ ਜਾ ਰਹੀ ਹੈ। ਪੰਜਾਬ ਅਤੇ ਪੰਜਾਬੀਆਂ ਨੇ ਸ਼ੁਰੂ ਤੋਂ ਹੀ ਸੰਤਾਪ ਭੋਗਿਆ ਹੈ। ਦੋਖੀਆਂ ਨੂੰ ਪਤਾ ਹੈ ਕਿ ਜੇ ਪੰਜਾਬੀ ਇਕ ਮੰਚ ’ਤੇ ਇਕੱਠੇ ਹੋ ਗਏ ਤਾਂ ਇਹ ਵੱਡੀ ਤਾਕਤ ਬਣ ਕੇ ਦੁਨੀਆ ’ਤੇ ਛਾ ਜਾਣਗੇ। ਇਸ ਸਾਂਝ ਨੂੰ ਤਾਰ-ਤਾਰ ਕਰਨ ਲਈ ਕੋਝੀਆਂ/ਹੋਛੀਆਂ ਸ਼ਰਾਰਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਅੰਗਰੇਜ਼ਾਂ ਨੇ ‘ਪਾੜੋ ਤੇ ਰਾਜ ਕਰੋ’ ਦੀ ਬਦਨੀਤੀ ਤਹਿਤ ਪੰਜ ਪਾਣੀਆਂ ਦੀ ਧਰਤੀ ’ਤੇ ਜ਼ਹਿਰ ਦੇ ਬੀਜ ਬੀਜੇ। ਦੇਸ਼ ਦੀ ਵੰਡ ਵੇਲੇ ਸਭ ਤੋਂ ਵੱਧ ਜਾਨੀ ਤੇ ਮਾਲੀ ਨੁਕਸਾਨ ਬੰਗਾਲੀਆਂ ਜਾਂ ਪੰਜਾਬੀਆਂ ਦਾ ਹੋਇਆ ਸੀ। ਨਾਨਕ, ਵਾਰਿਸ ਤੇ ਬੁੱਲ੍ਹੇ ਦੀ ਸਾਂਝੀ ਧਰਤੀ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਵਿਚ ਵੰਡੀ ਗਈ। ਦਰਿਆ ਵੰਡੇ ਗਏ। ਇਸ ਦੇ ਬਾਵਜੂਦ ਪੰਜਾਬੀਆਂ ਦੀ ਬੋਲ-ਬਾਣੀ ਤੇ ਅੰਬਰ ਵਰਗਾ ਸਾਂਝਾ ਸੱਭਿਆਚਾਰ ਤਕਸੀਮ ਨਾ ਹੋਇਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਨੂੰ ਮੁੜ ਵੰਡਣ ਲਈ ਕੋਸ਼ਿਸ਼ਾਂ ਸ਼ੁਰੂ ਹੋਈਆਂ। ਪੁਨਰਗਠਨ ਤੋਂ ਬਾਅਦ ਅੱਸੀਵਿਆਂ ਵਿਚ ਫਿਰ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਲਈ ਦੋਖੀ ਸਰਗਰਮ ਹੋਏ। ਸਾਡੇ ਚੰਦਰੇ ਗੁਆਂਢ, ਪਾਕਿਸਤਾਨ ਨੇ ਸਾਕਾ ਨੀਲਾ ਤਾਰਾ ਤੋਂ ਬਾਅਦ ਸਿੱਖਾਂ ਵਿਚ ਫੈਲੇ ਬੇਗਾਨਗੀ ਦੇ ਅਹਿਸਾਸ ਨੂੰ ਖ਼ੂਬ ਹਵਾ ਦਿੱਤੀ। ਇਕ ਵਾਰ ਫਿਰ ਪੰਜਾਬ ਦੀ ਧਰਤੀ ਲਹੂ-ਲੁਹਾਣ ਹੋ ਗਈ। ਅਣਗਿਣਤ ਨਿਰਦੋਸ਼ਾਂ ਦਾ ਖ਼ੂਨ ਡੁੱਲ੍ਹਣ ਤੋਂ ਬਾਅਦ ਬਹਾਲ ਹੋਇਆ ਅਮਨ-ਕਾਨੂੰਨ ਦੋਖੀਆਂ ਨੂੰ ਫਿਰ ਚੁੱਭ ਰਿਹਾ ਹੈ। ਪਟਿਆਲਾ ਵਿਚ ਹੋਈਆਂ ਹਿੰਸਕ ਝੜਪਾਂ ਇਸ ਦਾ ਪ੍ਰਤੱਖ ਸਬੂਤ ਹਨ। ਅਫ਼ਵਾਹਾਂ ਲੰਬੀ ਪਰਵਾਜ਼ ਭਰਨ ਵਾਲੇ ਪੰਛੀਆਂ ਦੇ ਖੰਭਾਂ ’ਤੇ ਫਟ ਉੱਕਰ ਜਾਂਦੀਆਂ ਹਨ। ਕਿਰਪਾਨਾਂ ਮਿਆਨਾਂ ਵਿੱਚੋਂ ਬਾਹਰ ਆ ਜਾਂਦੀਆਂ ਹਨ। ਤ੍ਰਿਸ਼ੂਲ ਪਹਿਲਾਂ ਹੀ ਬਾਹਰ ਹੁੰਦੇ ਹਨ। ਭਰਾਵਾਂ ਵਾਂਗ ਜੀਵਨ ਬਸਰ ਕਰਦੇ ਅਚਾਨਕ ਜਾਨੀ ਦੁਸ਼ਮਣ ਬਣ ਜਾਂਦੇ ਹਨ। ਦੁਨੀਆ ਦਾ ਕੋਈ ਧਰਮ ਨਫ਼ਰਤ ਕਰਨਾ ਨਹੀਂ ਸਿਖਾਉਂਦਾ। ਫਿਰ ਵੀ ‘ਰੱਬ ਰਾਖਾ’ ਕਹਿਣ ਵਾਲੇ ਲੋਕ ਰੱਬ ਦੇ ਰਖਵਾਲੇ ਬਣਨ ਲਈ ਆਪਣੀਆਂ ਜਾਨਾਂ ਤਕ ਵਾਰਨ ਨੂੰ ਤਿਆਰ ਹੋ ਜਾਂਦੇ ਹਨ। ਫ਼ਿਰਕਾਪ੍ਰਸਤੀ ਦੇ ਭਾਂਬੜ ਵਿਚ ਮਚਦੇ ਲੋਕ ਆਪਣੇ ਅਮੀਰ ਵਿਰਸੇ ਨੂੰ ਵਿਸਰ ਜਾਂਦੇ ਹਨ। ਉਨ੍ਹਾਂ ਨੂੰ ਆਪਣਾ ਸੁਨਹਿਰੀ ਇਤਿਹਾਸ ਵੀ ਯਾਦ ਨਹੀਂ ਰਹਿੰਦਾ ਕਿ ਗੁਰੂ ਤੇਗ ਬਹਾਦਰ ਨੇ ਆਪਣਾ ਸੀਸ ਭੇਟ ਕਰਨ ਦਾ ਫ਼ੈਸਲਾ ਕਿਉਂ ਲਿਆ ਸੀ! ਬਾਬਾ ਆਲਾ ਸਿੰਘ ਦੀ ਪੱਤੀ (ਪੱਟੀ) ਵਾਲਾ ਪਟਿਆਲਾ ਸਾਡੇ ਸਾਂਝੇ ਸੱਭਿਆਚਾਰ ਵਿਚ ਧੜਕਦਾ ਹੈ। ਜੁਗਨੀ, ਮਾਹੀਆ ਅਤੇ ਲੋਕ ਬੋਲੀਆਂ ਪਟਿਆਲਾ ਦੇ ਜ਼ਿਕਰ ਤੋਂ ਬਿਨਾਂ ਅਧੂਰੀਆਂ ਹਨ। ਪਟਿਆਲੇ ਦੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਸ਼ਾਹੀ ਘਰਾਣੇ ਨੇ ਕਾਲੀ ਮਾਤਾ ਦੀ

ਜੋਤ ਕੋਲਕਾਤਾ ਤੋਂ ਇੱਥੇ ਲਿਆਂਦੀ ਸੀ। ਪਟਿਆਲਾ ਸਥਿਤ ਸ਼ਰਧਾ ਦੇ ਧਾਮ ਸਭ ਦੇ ਸਾਂਝੇ ਹਨ। ਪਟਿਆਲਾ ਨੂੰ ਪੰਜਾਬ ਦੀ ਮਿੰਨੀ ਰਾਜਧਾਨੀ ਸਮਝਿਆ ਜਾਂਦਾ ਹੈ ਜਿੱਥੇ ਹਰ ਭਾਈਚਾਰੇ ਦੇ ਲੋਕ ਵਸਦੇ ਹਨ। ਆਲ੍ਹਾ ਤਾਲੀਮ ਦਾ ਵੀ ਇਹ ਕੇਂਦਰ ਰਿਹਾ ਹੈ। ਦੇਸ਼ ਦਾ ਪਹਿਲਾ ਡਿਗਰੀ ਕਾਲਜ, ਮਹਿੰਦਰਾ ਕਾਲਜ ਵੀ ਇੱਥੇ ਖੁੱਲ੍ਹਿਆ ਸੀ। ਇਜ਼ਰਾਈਲ ਦੀ 'ਹੀਬਰੋ ਯੂਨੀਵਰਸਿਟੀ' ਤੋਂ ਬਾਅਦ 'ਪੰਜਾਬੀ ਯੂਨੀਵਰਸਿਟੀ' ਪਟਿਆਲਾ ਦੁਨੀਆ ਦਾ ਦੂਜਾ ਵਿਸ਼ਵ-ਵਿਦਿਆਲਾ ਹੈ ਜੋ ਮਾਤ ਭਾਸ਼ਾ ਦੇ ਨਾਂ 'ਤੇ ਹੋਂਦ ਵਿਚ ਆਇਆ ਹੈ। ਸ਼ਾਹੀ ਠਾਠ-ਬਾਠ ਵਾਲੇ ਸ਼ਹਿਰ ਵਿਚ ਕੋਈ ਫ਼ਿਰਕੂ ਨਾਅਰਾ ਅਸਮਾਨੀ ਬਿਜਲੀ ਵਾਂਗ ਡਿੱਗਿਆ ਤਾਂ ਕਾਲੇ ਦੌਰ ਦੀ ਕੁਸੈਲੀ ਯਾਦ ਆਉਣੀ ਕੁਦਰਤੀ ਵਰਤਾਰਾ ਸੀ। ਕਹਿੰਦੇ ਹਨ ਕਿ ਕਬਾਇਲੀ ਬਿਰਤੀ ਅੰਗੜਾਈ ਲਵੇ ਤਾਂ ਨਗਰ-ਖੇੜੇ ਜੰਗਲ ਦਾ ਰੂਪ ਧਾਰਨ ਕਰ ਲੈਂਦੇ ਹਨ। 'ਰੱਬ ਦੇ ਠੇਕੇਦਾਰ' ਸਿਵਿਆਂ 'ਤੇ ਰੋਟੀਆਂ ਰਾੜ੍ਹਨ ਲਈ ਉਤਾਵਲੇ ਹੋ ਜਾਂਦੇ ਹਨ। ਕੁਦਰਤੀ ਹੈ ਕਿ ਅਜਿਹੀ ਵਿਸਫੋਟਕ ਸਥਿਤੀ ਵਿਚ ਸੰਗੀਤ ਦਾ 'ਪਟਿਆਲਾ ਘਰਾਣਾ' ਮਾਤਮੀ ਧੁਨਾਂ ਛੇੜਦਾ। ਅਮਨ ਦੀਆਂ ਘੁੱਗੀਆਂ ਦਾ ਉਦਾਸ ਹੋ ਜਾਣਾ ਉਦਾਸ ਮੌਸਮਾਂ ਦੀ ਆਮਦ ਦਾ ਸੁਨੇਹੜਾ ਹੁੰਦਾ ਹੈ। ਸੱਤ ਸਮੁੰਦਰ ਪਾਰ ਬੈਠੇ ਮੌਤ ਦੇ 'ਫਰਿਸ਼ਤੇ' ਫ਼ਿਜ਼ਾ ਨੂੰ ਜ਼ਹਿਰੀਲਾ ਬਣਾਉਣ ਦਾ ਸਬੱਬ ਬਣਦੇ ਹਨ। ਸੰਚਾਰ ਸਾਧਨ ਜਾਣੇ-ਅਨਜਾਣੇ ਇਨ੍ਹਾਂ ਮੌਤ ਦੇ ਸੌਦਾਗਰਾਂ ਨੂੰ ਲੋੜੋਂ ਵੱਧ ਤਵੱਜੋ ਦੇ ਕੇ ਉਨ੍ਹਾਂ ਦਾ 'ਸੌਦਾ' ਵੇਚਣ ਵਿਚ ਇਮਦਾਦ ਕਰਦੇ ਹਨ। ਪ੍ਰਸ਼ਾਸਨ ਦੀ ਮੁਸਤੈਦੀ ਤੋਂ ਇਲਾਵਾ ਅਮਨ-ਪਸੰਦ ਲੋਕਾਂ ਦਾ ਸਾਂਝਾ ਹੰਭਲਾ ਹੀ ਅਜਿਹੇ ਅਨਸਰਾਂ ਦੇ ਨਾਪਾਕ ਇਰਾਦਿਆਂ ਨੂੰ ਪਸਤ ਕਰ ਸਕਦਾ ਹੈ। ਹਰ ਪੰਜਾਬੀ ਦੀ ਜ਼ੁਬਾਨ 'ਤੇ ਪੰਜਾਬੀ ਦੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਦੀਆਂ ਰਚੀਆਂ ਇਹ ਸਤਰਾਂ "ਪੰਜਾਬ ਨਾ ਹਿੰਦੂ, ਨਾ ਮੁਸਲਮਾਨ/ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ" ਹੋਣੀਆਂ ਚਾਹੀਦੀਆਂ ਹਨ। ਮੱਧਕਾਲ ਦੀ 'ਭਗਤੀ ਲਹਿਰ' ਦੌਰਾਨ ਸਿੱਖ ਧਰਮ ਦੇ ਬਾਨੀ ਨੇ ਦੇਸ਼-ਦੇਸ਼ਾਂਤਰ ਦੀਆਂ ਉਦਾਸੀਆਂ ਕਰ ਕੇ ਭਾਈਚਾਰਕ ਸਾਂਝ ਨੂੰ ਪਕੇਰਾ ਕਰਨ ਦੀ ਮਿਸਾਲ ਪੈਦਾ ਕੀਤੀ ਸੀ। ਉਹ ਜਿੱਥੇ ਕਿਤੇ ਵੀ ਗਏ, ਉੱਥੋਂ ਦੇ ਸੰਤਾਂ-ਭਗਤਾਂ ਦੀ ਰਚੀ ਇਲਾਹੀ ਬਾਣੀ ਨਾਲ ਲੈ ਕੇ ਆਏ। ਪੰਜਵੇਂ ਨਾਨਕ ਨੇ ਇਨ੍ਹਾਂ ਅਧਿਆਤਮਕ ਨਦੀਆਂ ਨੂੰ ਸਰਬ-ਸਾਂਝੀਵਾਲਤਾ ਦੇ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਲਿਆ। ਦਸਵੇਂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਮੁੱਚੀ ਬਾਣੀ ਨੂੰ ਗੁਰਤਾ ਗੱਦੀ ਸੌਂਪ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਸੇਵਕ ਕਦੇ ਵੀ ਮੇਰ-ਤੇਰ ਵਿਚ ਨਹੀਂ ਪੈਂਦੇ। ਇਸੇ ਲਈ ਤਾਂ ਪੰਜਾਬ ਗੁਰਾਂ ਦੇ ਨਾਮ 'ਤੇ ਵਸਦਾ ਹੈ।

1 ਮਈ

# ਫ਼ਸਲਾਂ, ਨਸਲਾਂ ਦਾ ਮੁੱਦਾ

ਜਥੇਦਾਰ ਅਕਾਲ ਤਖ਼ਤ, ਗਿਆਨੀ ਹਰਪ੍ਰੀਤ ਸਿੰਘ ਦੇ ਮੁਖਾਰਬਿੰਦ 'ਚੋਂ ਉਚਰੇ 'ਫ਼ਸਲਾਂ ਤੇ ਨਸਲਾਂ' ਦੀ ਬਰਬਾਦੀ ਬਾਰੇ ਚਿੰਤਾ ਜ਼ਾਹਰ ਕਰਦੇ ਬੋਲਾਂ ਨੇ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਉਨ੍ਹਾਂ ਨੇ ਦੋਸ਼ ਲਗਾਇਆ ਹੈ ਕਿ ਅਜਿਹਾ ਵਰਤਾਰਾ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ। ਸਟੇਟ ਦੇ ਮੱਥੇ ਦੋਸ਼ ਮੜ੍ਹਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਹੀ ਧਰਤੀ ਤੋਂ ਉਜਾੜ ਕੇ ਫਿਰ ਉਸ ਦੇ ਖ਼ੁਦ ਵਾਰਸ ਬਣਨ ਦੇ ਵੀ ਮਨਸੂਬੇ ਘੜੇ ਜਾ ਰਹੇ ਹਨ। ਸਿੱਖ ਕੌਮ ਦਾ ਘਾਣ ਕਰਨ ਲਈ ਨਵੇਂ ਬਿਰਤਾਂਤ ਸਿਰਜਣ ਦਾ ਵੀ ਦੋਸ਼ ਲਗਾਇਆ ਗਿਆ ਹੈ। ਪੰਜਾਬ 'ਚ ਖੁੰਬਾਂ ਵਾਂਗ ਹੋਂਦ 'ਚ ਆਏ ਟੈਸਟ ਟਿਊਬ ਬੇਬੀ ਸੈਂਟਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਸੈਂਟਰਾਂ 'ਚ ਪੰਜਾਬ ਦੀਆਂ ਕੁੜੀਆਂ 'ਤੇ ਗ਼ੈਰ-ਪੰਜਾਬੀਆਂ ਦਾ ਸੀਮਨ ਵਰਤ ਕੇ ਅਗਲੀਆਂ ਪੀੜ੍ਹੀਆਂ ਨੂੰ ਬਰਬਾਦ ਕਰਨ ਦੀ ਵੀ ਸਾਜ਼ਿਸ਼ ਹੈ। ਦਰਅਸਲ, ਟੈਸਟ ਟਿਊਬ ਬੇਬੀ ਤੇ ਕਿਰਾਏ ਦੀਆਂ ਕੁੱਖਾਂ (ਸਰੋਗੇਸੀ) ਰਾਹੀਂ ਬੱਚੇ ਪੈਦਾ ਕਰਨਾ ਆਲਮੀ ਵਰਤਾਰਾ ਬਣ ਚੁੱਕਾ ਹੈ। ਕਈ ਖੋਜੀਆਂ ਲਈ ਅਜਿਹੀਆਂ ਖੋਜਾਂ ਵਰਦਾਨ ਤੇ ਕਈਆਂ ਲਈ ਸਰਾਪ ਸਿੱਧ ਹੋਈਆਂ ਸਨ। ਚਾਰ ਦਹਾਕੇ ਪਹਿਲਾਂ ਵੀਹਵੀਂ ਸਦੀ ਵਿਚ ਟੈਸਟ ਟਿਊਬ ਬੇਬੀ ਪੈਦਾ ਕਰਨ ਵਾਲੇ ਨੂੰ ਨੋਬਲ ਪੁਰਸਕਾਰ ਮਿਲ ਗਿਆ ਜਦਕਿ ਭਾਰਤ 'ਚ ਦੂਜਾ ਟੈਸਟ ਟਿਊਬ ਬੇਬੀ ਪੈਦਾ ਕਰਨ ਵਾਲੇ ਨੂੰ ਸਮਾਜ ਤੇ ਆਪਣੇ ਹੀ ਭਾਈਚਾਰੇ ਵੱਲੋਂ ਇੰਨਾ ਜ਼ਲੀਲ ਕੀਤਾ ਗਿਆ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ ਸੀ। ਪਾਕਿਸਤਾਨ ਤੇ ਕਈ ਮੁਸਲਿਮ ਬਹੁ-ਸੰਖਿਆ ਵਾਲੇ ਦੇਸ਼ਾਂ ਦੇ ਕਈ ਮੁੱਲਾਂ-ਮੌਲਾਣਿਆਂ ਨੇ ਅਜਿਹੇ ਗ਼ੈਰ-ਕੁਦਰਤੀ ਵਰਤਾਰੇ ਖ਼ਿਲਾਫ਼ ਪਿਛਲੀ ਸਦੀ 'ਚ ਹੀ ਫ਼ਤਵੇ ਤੇ ਫ਼ੁਰਮਾਨ ਜਾਰੀ ਕਰ ਦਿੱਤੇ ਸਨ। ਇਸ ਹਿਸਾਬ ਨਾਲ ਸਿੱਖ ਕੌਮ ਦੇ ਸਰਬਰਾਹ ਨੂੰ ਇਸ 'ਤੇ ਚਿੰਤਾ ਜ਼ਾਹਰ ਕਰਨ ਲਈ 44 ਸਾਲ ਲੱਗ ਗਏ! ਗ਼ੈਰ-ਕੁਦਰਤੀ ਸਾਧਨਾਂ ਤੇ ਸਰੋਤਾਂ ਰਾਹੀਂ ਔਲਾਦ ਪੈਦਾ ਕਰਨ ਦੀ ਇੱਛਾ ਜਾਂ ਚੋਖੀ ਫ਼ਸਲ ਲੈਣ ਦੇ ਲੋਭ-ਲਾਲਚ ਕਾਰਨ ਅੰਧਾ-ਧੁੰਦ ਜ਼ਹਿਰਾਂ ਦਾ ਛਿੜਕਾਅ ਕਰਨ ਪਿੱਛੇ ਸੱਤਾ ਨਾਲੋਂ ਸਮਾਜ ਕਿਤੇ ਵੱਧ ਜ਼ਿੰਮੇਵਾਰ ਹੈ। ਪੱਚੀ ਜੁਲਾਈ 1978 ਨੂੰ ਲੂਈਸ ਬਰਾਊਨ ਨਾਂ ਦੀ ਪਹਿਲੀ ਟੈਸਟ ਟਿਊਬ ਬੇਬੀ ਦਾ ਜਨਮ ਮਾਨਚੈਸਟਰ (ਇੰਗਲੈਂਡ) ਦੇ ਓਲਡਹਮ ਹਸਪਤਾਲ 'ਚ ਹੋਇਆ ਤਾਂ ਇਹ ਖ਼ਬਰ ਅਚੰਭੇ ਤੋਂ ਘੱਟ ਨਹੀਂ ਸੀ ਲੱਗ ਰਹੀ। ਦੁਨੀਆ ਦੀ ਦੂਜੀ ਟੈਸਟ ਟਿਊਬ ਬੇਬੀ 69 ਦਿਨਾਂ ਪਿੱਛੋਂ ਭਾਰਤ ਦੇ ਪੁਣੇ 'ਚ 3 ਅਕਤੂਬਰ 1978 ਨੂੰ ਜਨਮੀ ਜਿਸ ਦਾ ਨਾਮ ਦੁਰਗਾ ਉਰਫ਼ ਕਨੂਪ੍ਰਿਆ ਅਗਰਵਾਲ ਰੱਖਿਆ ਗਿਆ। ਪਹਿਲੀ ਟੈਸਟ ਟਿਊਬ ਬੱਚੀ ਨੂੰ ਦੁਨੀਆ 'ਚ

ਲਿਆਉਣ ਵਾਲੇ ਡਾਕਟਰ ਦੀ ਤਿੰਨ ਦਹਾਕੇ ਕਿਸੇ ਨੇ ਸਾਰ ਨਾ ਲਈ ਤੇ ਉਹ ਬਿਨਾਂ ਕਿਸੇ ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੁਰਸਕਾਰ ਦੇ ਫ਼ੌਤ ਹੋ ਗਿਆ। ਪਰ ਚਾਰ ਅਕਤੂਬਰ 2010 ਨੂੰ ਬ੍ਰਾਊਨ ਦੇ ਦੂਜੇ ਸਾਥੀ ਡਾਕਟਰ ਨੂੰ ਉਸ ਵਰ੍ਹੇ ਦਾ ਨੋਬਲ ਪੁਰਸਕਾਰ (ਮੈਡੀਸਨ) ਹਾਸਲ ਹੋ ਗਿਆ। ਭਾਰਤ ਵਿਚ ਪੈਦਾ ਹੋਣ ਵਾਲੀ ਕਨੂਪ੍ਰਿਆ ਉਰਫ਼ ਦੁਰਗਾ ਦੇ ਵਿਧਾਤਾ ਡਾਕਟਰ ਸੁਭਾਸ਼ ਮੁਖੋਪਾਧਿਆਏ (ਮੁਖਰਜੀ) ਨੂੰ ਆਪਣੇ ਹੀ ਦੇਸ਼ 'ਚ ਇੰਨਾ ਕੁ ਜ਼ਲੀਲ ਹੋਣਾ ਪਿਆ ਕਿ ਉਹ 19 ਜੂਨ 1981 ਨੂੰ ਖ਼ੁਦਕੁਸ਼ੀ ਕਰ ਗਿਆ। ਪਾਕਿਸਤਾਨ ਵਿਚ 'ਇਨ ਵਿਟਰੋ' ਤਕਨੀਕ (ਆਈਵੀਐੱਫ) ਦੀ ਸ਼ੁਰੂਆਤ ਅੱਸੀਵਿਆਂ'ਚ ਹੋਈ ਸੀ। ਉੱਥੇ ਪਹਿਲੇ ਟੈਸਟ ਟਿਊਬ ਬੇਬੀ ਦਾ ਜਨਮ 1989 ਵਿਚ ਹੋਇਆ ਤਾਂ ਆਈਵੀਐੱਫ ਸੈਂਟਰ ਦੇ ਮਾਲਕ ਡਾਕਟਰ ਰਾਸ਼ਿਦ ਨੂੰ ਮੌਲਾਣਿਆਂ ਦਾ ਗੁੱਸਾ ਝੇਲਣਾ ਪਿਆ ਸੀ। ਇਸ ਬੱਚੀ ਦੇ ਜਨਮ ਨੂੰ 'ਹਰਾਮ' ਤਕ ਨਾਲ ਜੋੜ ਦਿੱਤਾ ਗਿਆ। ਸਮਾਜਿਕ ਤੌਰ 'ਤੇ ਵੀ ਡਾਕਟਰ ਰਾਸ਼ਿਦ ਨੂੰ ਕਾਫ਼ੀ ਜ਼ਲੀਲ ਹੋਣਾ ਪਿਆ। ਉਸੇ ਪਾਕਿਸਤਾਨ 'ਚ ਅੱਜ ਤਕ ਹਜ਼ਾਰਾਂ ਬੱਚਿਆਂ ਨੇ ਇਸ ਤਕਨੀਕ ਰਾਹੀਂ ਦੁਨੀਆ ਦੇਖੀ ਹੈ। ਸਰੋਗੇਸੀ ਤਕਨੀਕ ਰਾਹੀਂ ਔਰਤ-ਮਰਦ ਦੇ ਆਂਡੇ ਤੇ ਸ਼ੁਕਰਾਣੂ ਦੇ ਰਲੇਵੇਂ ਨੂੰ ਕਿਸੇ ਹੋਰ ਔਰਤ ਦੀ ਬੱਚੇਦਾਨੀ (ਕਿਰਾਏ ਦੀ ਕੁੱਖ) ਵਿਚ ਰੱਖਿਆ ਜਾਂਦਾ ਹੈ। ਸਮਾਜਿਕ ਤੌਰ 'ਤੇ ਸਰੋਗੇਸੀ ਦਾ ਵੀ ਕਾਫ਼ੀ ਵਿਰੋਧ ਹੋਇਆ ਸੀ ਪਰ ਸਮਾਂ ਪਾ ਕੇ ਹੁਣ ਸਭ ਕੁਝ ਸ਼ਾਂਤ ਹੋ ਗਿਆ ਹੈ। ਵਿਸ਼ਵ ਭਰ 'ਚ ਪਹਿਲਾਂ ਵਾਂਗ ਹੁਣ ਇਸ ਦਾ ਵਿਰੋਧ ਨਹੀਂ ਹੋ ਰਿਹਾ। ਅਜਿਹੀ ਤਕਨੀਕ ਭਾਵੇਂ ਕੁਦਰਤ ਦੇ ਨਿਯਮਾਂ ਦੇ ਉਲਟ ਹੈ ਫਿਰ ਵੀ ਇਸ 'ਚ ਕਿਸੇ ਸਰਕਾਰ ਦਾ ਕਸੂਰ ਨਹੀਂ ਬਲਕਿ ਸਮਾਜ ਨੇ ਇਸ ਨੂੰ ਪ੍ਰਵਾਨ ਕਰ ਲਿਆ ਹੈ। ਦੁਨੀਆ ਭਰ ਦੇ ਲੱਖਾਂ ਬੇਔਲਾਦ ਲੋਕਾਂ ਦੇ ਵਿਹੜਿਆਂ ਵਿਚ ਇਸ ਖੋਜ ਦੀ ਬਦੌਲਤ ਖੇੜਾ ਆਇਆ ਹੈ। ਸਪਸ਼ਟ ਹੈ ਕਿ ਟੈਸਟ ਟਿਊਬ ਬੇਬੀ ਸੈਂਟਰ ਕੇਵਲ ਪੰਜਾਬ ਹੀ ਨਹੀਂ ਬਲਕਿ ਦੁਨੀਆ ਦੇ ਕੋਨੇ-ਕੋਨੇ ਵਿਚ ਖੁੱਲ੍ਹੇ ਹੋਏ ਹਨ ਤੇ ਬਾਂਝ ਲੋਕ ਕਿਸੇ ਦਬਾਅ ਦੀ ਬਜਾਏ ਮਨ-ਮਰਜ਼ੀ ਨਾਲ ਔਲਾਦ ਹਾਸਲ ਕਰ ਰਹੇ ਹਨ। ਸਿੰਘ ਸਾਹਿਬ ਵੱਲੋਂ ਉਠਾਇਆ ਦੂਜਾ ਮੁੱਦਾ ਪਰਵਾਸ ਨਾਲ ਜੁੜਿਆ ਹੋਇਆ ਹੈ। ਪਰਵਾਸ ਦਾ ਮੁੱਖ ਕਾਰਨ ਦੇਸ਼ ਵਿਚ ਰੋਜ਼ੀ-ਰੋਟੀ ਦੀ ਘਾਟ ਹੈ। ਇਸੇ ਵਜ੍ਹਾ ਕਰਕੇ 'ਬਰੇਨ ਤੇ ਮਨੀ ਡਰੇਨ' ਹੋ ਰਹੀ ਹੈ। ਦਰਅਸਲ, ਪਰਵਾਸ ਵੀ ਸਦੀਆਂ ਪੁਰਾਣਾ ਵਰਤਾਰਾ ਹੈ। ਜ਼ੁਲਮ ਦਾ ਸ਼ਿਕਾਰ ਪਾਰਸੀ ਜਾਂ ਹੋਰ ਲੁੱਟੀਆਂ-ਕੁੱਟੀਆਂ ਜਾਣ ਵਾਲੀਆਂ ਕੌਮਾਂ ਨੂੰ ਇਕ ਪਾਸੇ ਰੱਖ ਲਈਏ ਤਾਂ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪਰਵਾਸ ਮੁੱਢ-ਕਦੀਮ ਤੋਂ ਹੀ ਹਰੀਆਂ ਚਰਾਂਦਾਂ ਦੀ ਤਲਾਸ਼ ਨਾਲ ਜੁੜਿਆ ਹੋਇਆ ਰੁਝਾਨ ਹੈ। ਪਰਵਾਸ ਕਰਨ ਦੀ ਹੋੜ ਦੇ ਕਾਰਨਾਂ ਦਾ ਜਵਾਬ ਵੀ ਸਿੰਘ ਸਾਹਿਬ ਦੀ ਤਕਰੀਰ 'ਚੋਂ ਹੀ ਲੱਭਿਆ ਜਾ ਸਕਦਾ ਹੈ। ਉਨ੍ਹਾਂ ਦਾ ਸਵਾਲ ਹੈ ਕਿ ਬੇਰੁਜ਼ਗਾਰੀ ਤਾਂ ਸਮਝ ਆਉਂਦੀ ਹੈ ਪਰ 50-50 ਏਕੜ ਦੇ ਮਾਲਕ ਤੇ ਸਰਕਾਰੀ ਨੌਕਰੀਆਂ ਕਰਨ ਵਾਲੇ ਵੀ ਵਿਦੇਸ਼ਾਂ ਵੱਲ ਵਹੀਰਾਂ ਕਿਉਂ ਘੱਤ ਰਹੇ ਹਨ ? ਸਪਸ਼ਟ ਹੈ ਕਿ ਅਜਿਹਾ ਪਰਵਾਸ ਮਜਬੂਰੀ ਜਾਂ ਸਾਜ਼ਿਸ਼ ਵੱਸ ਨਹੀਂ ਹੈ। ਰਹੀ ਗੱਲ ਫ਼ਸਲਾਂ ਦੀ ਬਰਬਾਦੀ ਦੀ। ਕਰਜ਼ੇ ਵਿਚ ਡੁੱਬੇ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਅੰਨਦਾਤੇ ਦੀ ਅਜਿਹੀ ਦੁਰਦਸ਼ਾ ਲਈ ਸਮੇਂ ਦੀਆਂ ਸਰਕਾਰਾਂ ਨੂੰ ਮਾਫ਼ ਨਹੀਂ ਕੀਤਾ

ਜਾ ਸਕਦਾ। ਦੂਜੇ ਪਾਸੇ, 'ਹੱਥੀਂ ਕਾਰ' ਦਾ ਮਹਾਤਮ ਵਿਸਾਰ ਕੇ ਕਿਸਾਨ ਟਰੈਕਟਰਾਂ ਤੇ ਆਧੁਨਿਕ ਖੇਤੀਬਾੜੀ ਮਸ਼ੀਨਾਂ 'ਤੇ ਨਿਰਭਰ ਹੋ ਗਏਹਨ। ਕਰਜ਼ਾ ਚੁੱਕ ਕੇ ਟਰੈਕਟਰ ਖ਼ਰੀਦੇ ਜਾਂਦੇ ਹਨ। ਜਦੋਂ ਲੋਨ ਨਹੀਂ ਉਤਰਦਾ ਤਾਂ ਇਹ ਟਰੈਕਟਰ ਮੰਡੀਆਂ ਵਿਚ ਅੱਧੀ ਕੀਮਤ 'ਤੇ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਜੈਵਿਕ ਖੇਤੀ/ਕੁਦਰਤੀ ਖੇਤੀ ਬੀਤੇ ਦੀ ਬਾਤ ਬਣ ਕੇ ਰਹਿ ਗਈ ਹੈ। ਅੰਧਾ-ਧੁੰਦ ਜ਼ਹਿਰਾਂ ਦਾ ਛਿੜਕਾਅ ਅਤੇ ਜੀਐੱਮ ਬੀਜਾਂ ਰਾਹੀਂ ਪੰਜਾਬ ਦੀ ਜ਼ਰਖੇਜ਼ ਧਰਤੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਜਥੇਦਾਰ ਅਕਾਲ ਤਖ਼ਤ ਅਜਿਹੇ ਵਰਤਾਰੇ ਨੂੰ 'ਧਰਤੀ ਨਾਲ ਬਲਾਤਕਾਰ' ਕਰ ਕੇ ਉਗਾਈ ਫ਼ਸਲ ਕਹਿੰਦੇ ਹਨ। ਵੇਖਿਆ ਜਾਵੇ ਤਾਂ ਫ਼ਸਲਾਂ ਤੇ ਨਸਲਾਂ ਦੀ ਬਰਬਾਦੀ ਦਾ ਦੋਸ਼ ਇਕੱਲਾ ਸਰਕਾਰਾਂ ਨੂੰ ਹੀ ਕਿਉਂ ਦਿੱਤਾ ਜਾਵੇ ? ਕੀ ਇਸ 'ਚ ਅਸੀਂ ਖ਼ੁਦ ਵੀ ਤਾਂ ਸ਼ਾਮਲ ਨਹੀਂ ਹਾਂ ?

8 ਮਈ

# ਰਹਿਬਰੀ ਦਾ ਸਵਾਲ

ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਲਈ ਫਿਰ ਤੋਂ ਖ਼ਤਰਨਾਕ ਮਨਸੂਬੇ ਘੜੇ ਜਾ ਰਹੇ ਹਨ। ਤਲਵਾਰਾਂ ਸੂਤੀਆਂ ਵੇਖ ਕੇ ਉਨ੍ਹਾਂ ਲੋਕਾਂ ਦੇ ਸਾਹ ਸੂਤੇ ਜਾ ਰਹੇ ਹਨ ਜਿਨ੍ਹਾਂ ਨੇ ਅੱਸੀਵਿਆਂ ਵਿਚ ਅੱਤਵਾਦ ਆਪਣੇ ਪਿੰਡਿਆਂ 'ਤੇ ਹੰਢਾਇਆ ਸੀ। ਇਸ ਕਾਲੇ ਦੌਰ ਵਿਚ ਘਰ ਦੇ ਹੀ ਚਿਰਾਗਾਂ ਨੇ ਆਪਣੇ ਹੱਸਦੇ-ਵੱਸਦੇ ਘਰਾਂ ਨੂੰ ਅਗਨਿ-ਭੇਟ ਕੀਤਾ ਸੀ। ਇਸ ਦਾ ਹਾਸਲ ਸਰਕਾਰੀ ਅੱਤਵਾਦ ਸੀ। ਪੁਲਿਸ ਘਰਾਂ ਦੀਆਂ ਚੁਗਾਠਾਂ ਤਕ ਪੁੱਟ ਕੇ ਲੈ ਗਈ ਅਤੇ ਚੁੱਲ੍ਹਿਆਂ 'ਤੇ ਘਾਹ ਉੱਗ ਆਇਆ ਸੀ। ਪਾਕਿਸਤਾਨ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦੀਆਂ ਨਾਪਾਕ ਸਾਜ਼ਿਸ਼ਾਂ ਨੇ ਚੜ੍ਹਦੇ ਪੰਜਾਬ ਵਿਚ ਗੜਬੜ ਫੈਲਾਉਣ ਲਈ ਹਰ ਸੰਭਵ ਇਮਦਾਦ ਦਿੱਤੀ। 'ਸਾਕਾ ਨੀਲਾ ਤਾਰਾ' ਤੋਂ ਬਾਅਦ ਵਾਹਗਾ ਟੱਪਣ ਵਾਲੇ ਨੌਜਵਾਨਾਂ ਦੀ ਖ਼ੂਬ ਮਹਿਮਾਨ ਨਿਵਾਜ਼ੀ ਕਰ ਕੇ ਉਨ੍ਹਾਂ ਨੂੰ ਸਵੈ-ਚਾਲਕ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਗਈ। ਸਮੇਂ ਦੀ ਹਕੂਮਤ ਅਜਿਹੇ ਹਾਲਾਤ ਨਾਲ ਨਜਿੱਠਣ ਲਈ ਅਸਫਲ ਰਹੀ ਤੇ ਅੱਤਵਾਦ ਦੀ ਅੱਗ ਨੇ ਹਰ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਉਸ ਸਮੇਂ ਦੀ ਸਿੱਖ ਲੀਡਰਸ਼ਿਪ ਵੀ ਸਮੇਂ ਦੀ ਨਬਜ਼ ਪਛਾਣ ਨਾ ਸਕੀ। ਉਨ੍ਹਾਂ ਦੀ ਸਾਜ਼ਿਸ਼ੀ ਚੁੱਪ ਨੇ ਸੇਕ ਮੱਠਾ ਨਾ ਹੋਣ ਦਿੱਤਾ। ਉਨ੍ਹਾਂ ਨੇ ਕੰਧ 'ਤੇ ਲਿਖੀ ਇਬਾਰਤ ਨੂੰ ਪੜ੍ਹਨ ਦੀ ਬਜਾਏ ਕਬੂਤਰ ਵਾਂਗ ਅੱਖਾਂ ਮੀਟਣੀਆਂ ਬਿਹਤਰ ਸਮਝਿਆ। ਅੱਤਵਾਦ ਦੇ ਸੇਕ ਤੋਂ ਬਚਾਉਣ ਲਈ ਆਲ੍ਹਾ ਨੇਤਾਵਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਦਿੱਤਾ। ਆਮ ਲੋਕਾਂ ਦੇ ਬੱਚਿਆਂ ਦਾ 'ਵਿਦੇਸ਼' ਇੰਟੈਰੋਗੇਸ਼ਨ ਸੈਂਟਰ ਬਣ ਗਿਆ। ਇਨ੍ਹਾਂ ਤਸੀਹਾ ਕੇਂਦਰਾਂ ਵਿਚ ਪੁੱਠੇ ਲਟਕਾਏ ਗਏ ਨੌਜਵਾਨ ਹੁਣ ਬਿਰਧ ਅਵਸਥਾ ਵਿਚ ਹਨ। ਉਨ੍ਹਾਂ ਨੂੰ ਜਾ ਕੇ ਪੁੱਛੋ ਅੱਤਵਾਦ ਦਾ ਹਾਸਲ ਕੀ ਹੁੰਦਾ ਹੈ! ਮੋਏ ਪੁੱਤਾਂ ਨੂੰ ਯਾਦ ਕਰ ਕੇ ਕੀਰਨੇ ਪਾਉਂਦੀਆਂ ਮਾਵਾਂ ਦੱਸ ਸਕਦੀਆਂ ਹਨ ਕਿ 'ਕਾਲੇ ਦੌਰ' ਨੇ ਕਿਵੇਂ ਉਨ੍ਹਾਂ ਕੋਲੋਂ ਬੁਢਾਪੇ ਦੀਆਂ ਡੰਗੋਰੀਆਂ ਖੋਹ ਲਈਆਂ ਸਨ। ਭਰਾਵਾਂ ਦੇ ਗੁੱਟਾਂ 'ਤੇ ਰੱਖੜੀਆਂ ਸਜਾਉਣ ਵਾਲੀਆਂ ਪੀੜਤ ਭੈਣਾਂ ਦਾ ਹਾਲ ਪੁੱਛੋ ਜਿਨ੍ਹਾਂ ਦੇ ਵੀਰ ਘਰੋਂ ਗਏ ਪਰ ਮੁੜ ਕੇ ਵਾਪਸ ਨਹੀਂ ਆਏ। ਸਮੇਂ ਦੀ ਸਿੱਖ ਲੀਡਰਸ਼ਿਪ ਇਸ ਲੋਕ ਸਿਆਣਪ ਤੋਂ ਅਵੇਸਲੀ ਰਹੀ ਕਿ ਲੰਬੀਆਂ ਲੜਾਈਆਂ ਜਿੱਤਣ ਲਈ ਜੋਸ਼ ਨਾਲੋਂ ਹੋਸ਼ ਦੀ ਵੱਧ ਲੋੜ ਹੁੰਦੀ ਹੈ। ਸਮੇਂ ਦੀ ਨਜ਼ਾਕਤ ਨੂੰ ਭਾਂਪਦਿਆਂ ਹੌਸਲਾ ਦਿਖਾਉਣ ਵਾਲਿਆਂ ਨੂੰ ਇਤਿਹਾਸ ਹਮੇਸ਼ਾ ਯਾਦ ਰੱਖਦਾ ਹੈ। ਉਨ੍ਹਾਂ ਦੀ ਜੁਰੱਅਤ ਨੂੰ ਸਦਾ ਸਲਾਮ ਕੀਤੀ ਜਾਂਦੀ ਹੈ। ਸਵਾਰਥ ਨੂੰ ਸਨਮੁੱਖ ਰੱਖਦਿਆਂ ਮੌਨ ਧਾਰਨ ਵਾਲੇ 'ਰਹਿਬਰਾਂ' ਨੂੰ ਤਵਾਰੀਖ਼ ਕਦੇ ਮਾਫ਼ ਨਹੀਂ ਕਰਦੀ ਜੋ ਆਪਣੀ ਪੀੜ੍ਹੀ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਅੱਗੇ ਨਹੀਂ ਆਉਂਦੇ। ਸਿਆਣਿਆਂ ਦਾ ਕਥਨ ਹੈ ਕਿ ਤੱਤੇ

ਨਾਅਰਿਆਂ ਨਾਲ ਸਮੁੰਦਰ ਦਾ ਪਾਣੀ ਵੀ ਉਬਲਣ ਲੱਗ ਪੈਂਦਾ ਹੈ। ਤੱਤੇ ਨਾਅਰੇ ਲਾਉਣ ਵਾਲੇ ਦਰਅਸਲ ਆਪਣੀ ਹੀ ਕੌਮ ਲਈ ਬਾਰੂਦ ਬਣ ਜਾਂਦੇ ਹਨ। ਵਿਦੇਸ਼ਾਂ ਵਿਚ ਮੌਜਾਂ ਮਾਣ ਰਹੇ ਕਈ ਲੋਕ ਆਪਣੀ ਕੌਮ ਨੂੰ ਭੜਕਾਉਣ ਅਤੇ ਆਪਣੀਆਂ ਹਕੂਮਤਾਂ ਖ਼ਿਲਾਫ਼ ਬਗ਼ਾਵਤ ਦਾ ਝੰਡਾ ਉਠਾਉਣ ਲਈ ਉਕਸਾਉਂਦੇ ਹਨ। ਪਾਕਿਸਤਾਨ ਦਾ ਖ਼ੁਫ਼ੀਆਤੰਤਰ ਬਲਦੀ ’ਤੇ ਤੇਲ ਪਾਉਣ ਦਾ ਕੰਮ ਕਰਦਾ ਹੈ। ਭਾਂਬੜ ਮਚਾਉਣ ਲਈ ਤੀਲੀ ਨਹੀਂ ਡਾਲਰਾਂ ਦੀ ਚਿਲਕੋਰ ਕਾਫ਼ੀ ਹੁੰਦੀ ਹੈ। ਬੇਰੁਜ਼ਗਾਰੀ ਦੇ ਥਪੇੜੇ ਖਾ ਰਹੇ ਨੌਜਵਾਨ, ਜਿਨ੍ਹਾਂ ਦੇ ਘਰਾਂ ’ਚ ਗ਼ੁਰਬਤ ਕਾਰਨ ਭੰਗ ਭੁੱਜਦੀ ਹੈ, ਲੋਭ ਵਿਚ ਆ ਕੇ ਉਹ ਕਾਰਾ ਕਰ ਬਹਿੰਦੇ ਹਨ ਜਿਸ ਨਾਲ ਉਨ੍ਹਾਂ ਦਾ ਸਾਰਾ ਪਰਿਵਾਰ ਪਛਤਾਵੇ ਵਿਚ ਝੁਲਸਦਾ ਰਹਿੰਦਾ ਹੈ। ਕਾਲੇ ਦੌਰ ਵਿਚ ਹੰਢਾਏ ਘੋਰ ਸੰਤਾਪ ’ਤੇ ਚਿੰਤਨ ਕਰਨ ਲਈ ਸਿਰ ਜੋੜਨ ਦੀ ਲੋੜ ਹੈ। ਕਾਲੇ ਦੌਰ ਦਾ ਹਾਸਲ ਤਾਂ ਕਾਲੀਆਂ ਬਿੱਲੀਆਂ ਅਤੇ ਕਾਲੀਆਂ ਸੂਚੀਆਂ ਹੀ ਸਨ। ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਨਿਰਦੋਸ਼ਾਂ ਦਾ ਕਿੰਨਾ ਖ਼ੂਨ ਡੋਲ੍ਹਿਆ ਹੋਣੈ, ਇਸ ਦਾ ਅੰਦਾਜ਼ਾ ਲਾਉਣਾ ਬੇਹੱਦ ਮੁਸ਼ਕਲ ਹੈ। ਕਾਲੀ ਸੂਚੀ ਨੂੰ ਖ਼ਤਮ ਕਰਵਾਉਣ ਲਈ ਲੰਬਾ ਸਮਾਂ ਇੰਤਜ਼ਾਰ ਕਰਨਾ ਪਿਆ ਸੀ। ਅੱਜ ਵੀ ਕਈ ਨੌਜਵਾਨ ਆਪਣੀਆਂ ਸਜ਼ਾਵਾਂ ਭੋਗਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਹਨ। ਆਪਣੀਆਂ ਵਾਜਿਬ ਮੰਗਾਂ ਨੂੰ ਮਨਵਾਉਣ ਲਈ ਸੰਘਰਸ਼ ਵਿੱਢਿਆ ਗਿਆ ਸੀ। ਮੋਰਚੇ ਲੱਗੇ ਸਨ। ਇਸ ਪਿੱਛੋਂ ਪੁਲਿਸ ਦਾ ਦਮਨ-ਚੱਕਰ ਚੱਲਿਆ ਸੀ। ਫ਼ੌਜੀ ਐਕਸ਼ਨ, ਸਿੱਖ ਵਿਰੋਧੀ ਦੰਗਿਆਂ ਨੇ ਸਮੇਂ ਦੀ ਕੇਂਦਰੀ ਹਕੂਮਤ ਦੇ ਚਿਹਰੇ ਤੋਂ ਸੈਕੂਲਰਿਜ਼ਮ ਦਾ ਨਕਾਬ ਉਤਾਰਿਆ ਸੀ। ਜਮਹੂਰੀਅਤ ਦਾ ਭਾਂਡਾ ਚੁਰਾਹੇ ਭੰਨਿਆ ਗਿਆ ਸੀ। ਕੌਮ ਨੇ ਲੰਬਾ ਸਮਾਂ ਬੇਗਾਨਗੀ ਦਾ ਸੰਤਾਪ ਹੰਢਾਇਆ ਸੀ। ਕੌਮ ਨੇ ਕਾਲੇ ਦੌਰ ਦੌਰਾਨ ਕੀ ਖੱਟਿਆ ਤੇ ਕੀ ਗੁਆਇਆ, ਦਾ ਮੁਲਾਂਕਣ ਕਰਨ ਦਾ ਸਮਾਂ ਹੈ ਹੁਣ। ਅਜਿਹਾ ਨਾ ਕੀਤਾ ਗਿਆ ਤਾਂ ਪੰਜਾਬ ਤੇ ਪੰਜਾਬੀਆਂ ਨੂੰ ਫਿਰ ਪਛਤਾਉਣਾ ਪਵੇਗਾ। ਪੁਲਾਂ ਹੇਠੋਂ ਲੰਘ ਗਏ ਪਾਣੀ ਅਤੇ ਲੰਘਿਆ ਸਮਾਂ ਕਦੇ ਵਾਪਸ ਨਹੀਂ ਆਉਂਦਾ। ਰਾਤ ਦੇ ਹਨੇਰੇ ਵਿਚ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਦੀ ਵਿਧਾਨ ਸਭਾ ਦੀਆਂ ਕੰਧਾਂ ’ਤੇ ‘ਖ਼ਾਲਿਸਤਾਨ’ ਲਿਖਣ ਨਾਲ ਕੋਈ ਵੱਖਰਾ ਦੇਸ਼ ਬਣਨ ਵਾਲਾ ਨਹੀਂ ਹੈ। ਗ਼ਰੀਬ ਘਰਾਂ ਦੇ ਬੱਚੇ ਡਾਲਰਾਂ ਦੇ ਲਾਲਚ ਵਿਚ ਅਜਿਹਾ ਕਾਰਾ ਕਰ ਬਹਿੰਦੇ ਹਨ ਜਿਸ ਨਾਲ ਉਹ ਮੰਝਧਾਰ ਵਿਚ ਬੁਰੀ ਤਰ੍ਹਾਂ ਫਸ ਜਾਂਦੇ ਹਨ। ਹਿਮਾਚਲ ਦੇ ਮੁੱਖ ਮੰਤਰੀ ਅਤੇ ਹੋਰਨਾਂ ਨੂੰ ਧਮਕੀਆਂ ਦੇਣ ਤੋਂ ਪਹਿਲਾਂ ਇਨ੍ਹਾਂ ਲੋਕਾਂ ਨੂੰ ਸੋਚਣਾ ਚਾਹੀਦਾ ਸੀ ਕਿ ਉੱਥੇ ਰਹਿ ਰਹੇ ਘੱਟ-ਗਿਣਤੀ ਸਿੱਖਾਂ ਲਈ ਇਹ ਵੱਡੀ ਬਿਪਤਾ ਦਾ ਸਬੱਬ ਬਣ ਸਕਦੀਆਂ ਹਨ। ਖ਼ੁਦ ਨੂੰ ਕੌਮ ਦੇ ਰਹਿਬਰ ਸਮਝਣ ਵਾਲਿਆਂ ਦੀ ਨਪੀ-ਤੁਲੀ ਚੁੱਪ ਭਾਈਚਾਰੇ ਲਈ ਘਾਤਕ ਸਿੱਧ ਹੋ ਸਕਦੀ ਹੈ। ਸ਼ਰਾਰਤ ਕਰ ਕੇ ਹਰਾਰਤ ਪੈਦਾ ਕਰਨ ਵਾਲਿਆਂ ਨੂੰ ਵੀ ਬੀਤ ਚੁੱਕੇ ਕਾਲੇ ਦੌਰ ਤੋਂ ਸਬਕ ਲੈਣ ਦੀ ਲੋੜ ਹੈ। ਪਾਕਿਸਤਾਨ ਸਾਡਾ ਮਿੱਤਰ ਨਹੀਂ ਹੈ, ਇਹ ਗੱਲ ਪੱਲੇ ਬੰਨ੍ਹਣ ਵਾਲੀ ਹੈ। ਨੱਬੇਵਿਆਂ ਵਿਚ ਜਦੋਂ ਪੰਜਾਬ ਵਿਚ ਅੱਤਵਾਦ ਦਾ ਦੌਰ ਖ਼ਤਮ ਹੋਇਆ ਤਾਂ ਪਾਕਿਸਤਾਨ ਨੇ ਕਸ਼ਮੀਰ ਵੱਲ ਰੁਖ਼ ਕੀਤਾ ਸੀ। ਅੱਜ ਕਸ਼ਮੀਰ ਦੇ ਚੱਪੇ-ਚੱਪੇ ’ਤੇ ਫ਼ੌਜ ਬਾਜ਼ ਅੱਖ ਰੱਖ ਰਹੀ ਹੈ ਇਸ ਲਈ ਆਈਐੱਸਆਈ ਨੇ ਹੁਣ ਪੰਜਾਬ ’ਤੇ ਧਿਆਨ ਕੇਂਦ੍ਰਿਤ ਕਰ ਲਿਆ

ਹੈ। ਤਰਨਤਾਰਨ ਅਤੇ ਅੰਮ੍ਰਿਤਸਰ ਦੀ ਸਰਹੱਦੀ ਪੱਟੀ 'ਚ ਆਏ ਦਿਨ ਪਾਕਿਸਤਾਨ ਵੱਲੋਂ ਡਰੋਨ ਆ ਰਹੇ ਹਨ। ਮੁਹਾਲੀ ਦੇ ਇੰਟੈਲੀਜੈਂਸ ਦਫ਼ਤਰ 'ਤੇ ਹਮਲੇ ਲਈ ਵਰਤਿਆ ਗਿਆ ਰਾਕੇਟ ਲਾਂਚਰ ਅਤੇ ਗ੍ਰਨੇਡ ਵੀ ਇਸੇ ਜ਼ਰੀਏ ਆਇਆ ਸੀ। ਪੰਜਾਬ ਪੁਲਿਸ ਨੇ ਇਸ ਨੂੰ ਅੱਤਵਾਦੀ ਕਾਰਾ ਦੱਸਿਆ ਹੈ ਜਿਸ 'ਚ ਬੱਬਰ ਖ਼ਾਲਸਾ ਇੰਟਰਨੈਸ਼ਨਲ, ਕੈਨੇਡਾ ਅਤੇ ਪਾਕਿਸਤਾਨ ਵਿਚ ਬੈਠੇ ਖਾੜਕੂ ਤੇ ਗੈਂਗਸਟਰ ਸ਼ਾਮਲ ਹਨ। ਅਜਿਹੀ ਸਥਿਤੀ 'ਚ ਕੌਮ ਦੇ ਰਹਿਬਰਾਂ ਦਾ ਫ਼ਰਜ਼ ਹੈ ਕਿ ਉਹ ਖੁੱਲ੍ਹ ਕੇ ਅੱਗੇ ਆਉਣ ਅਤੇ ਹਿੰਸਕ ਕਾਰਵਾਈਆਂ 'ਚ ਸ਼ਾਮਲ ਹੋਣ ਤੋਂ ਨੌਜਵਾਨਾਂ ਨੂੰ ਵਰਜਣ।

15 ਮਈ

# ਜਹਾ ਦਾਣੇ ਤਹਾਂ ਖਾਣੇ...

ਗੁੱਸੇ ਨੂੰ ਚੰਡਾਲ ਮੰਨਿਆ ਗਿਆ ਹੈ ਜੋ ਹਮੇਸ਼ਾ ਬਾਰੂਦ ਦੇ ਕਗਾਰ 'ਤੇ ਬੈਠਾ ਹੁੰਦਾ ਹੈ। ਗੁਸੈਲ ਅਤੇ ਤਾਮਸੀ ਸੁਭਾਅ ਵਾਲਾ ਵਿਅਕਤੀ ਗੁਣਾਂ ਦੀ ਗੁਥਲੀ ਹੋਣ ਦੇ ਬਾਵਜੂਦ ਕਦੇ ਨਾ ਕਦੇ ਖੁਆਰ ਜ਼ਰੂਰ ਹੁੰਦਾ ਹੈ। ਵਕਤ ਤਾਂ ਅੱਥਰਾ ਅਰਬੀ ਘੋੜਾ ਹੁੰਦਾ ਹੈ ਜਿਸ 'ਤੇ ਕਾਠੀ ਪਾਉਣੀ ਮੁਹਾਲ ਹੁੰਦੀ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਣ ਵਾਲੇ ਅੰਬਰ 'ਤੇ ਸਿਤਾਰੇ ਵਾਂਗ ਚਮਕਦੇ-ਦਮਕਦੇ ਰਹਿੰਦੇ ਹਨ। ਕ੍ਰਿਕਟਰ ਤੋਂ ਸਿਆਸਤਦਾਨ ਬਣ ਕੇ ਕੌਮਾਂਤਰੀ ਪ੍ਰਸਿੱਧੀ ਹਾਸਲ ਕਰਨ ਵਾਲੇ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਦਾ ਤਾਮਸੀ ਸੁਭਾਅ ਲੈ ਬੈਠਾ ਹੈ। ਨਵਜੋਤ ਦੀ ਇਮਾਨਦਾਰੀ ਦੀ ਸ਼ਾਹਦੀ ਉਸ ਦੇ ਵਿਰੋਧੀ ਵੀ ਭਰਦੇ ਹਨ। ਉਹ ਜਿਸ ਖੇਤਰ ਵਿਚ ਵੀ ਗਿਆ, ਉਸ ਨੇ ਬੁਲੰਦੀਆਂ ਨੂੰ ਛੋਹਿਆ ਹੈ। ਕਾਮਯਾਬੀ ਉਸ ਦੀ ਕਦਮਬੋਸ਼ੀ ਕਰਦੀ ਆਈ ਹੈ। ਊਰਜਾ ਨਾਲ ਲਬਾਲਬ ਭਰਿਆ ਹੋਣ ਕਰਕੇ ਉਸ ਨੇ ਕਲਾ ਦੇ ਖੇਤਰ ਵਿਚ ਵੀ ਖ਼ੂਬ ਨਾਮਣਾ ਖੱਟਿਆ ਹੈ। ਇਸ ਸਭ ਦੇ ਬਾਵਜੂਦ ਅੱਗ ਫੱਕਣਾ ਸੁਭਾਅ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਬਣ ਕੇ ਉੱਭਰਿਆ ਹੈ। ਇਹੀ ਕਾਰਨ ਹੈ ਕਿ ਤੱਤੇ ਸੁਭਾਅ ਨੇ ਉਸ ਨੂੰ ਜੇਲ੍ਹ ਦੀ ਯਾਤਰਾ ਕਰਵਾ ਦਿੱਤੀ ਹੈ। ਪਟਿਆਲਾ ਕੇਂਦਰੀ ਜੇਲ੍ਹ ਦੀ ਬੈਰਕ ਨੰਬਰ 10 ਉਸ ਦਾ ਨਵਾਂ ਸਿਰਨਾਵਾਂ ਬਣ ਗਿਆ ਹੈ। ਚੌਂਤੀ ਸਾਲ ਪੁਰਾਣੇ ਰੋਡ ਰੇਜ ਕੇਸ ਦੀ ਰੀਵਿਊ ਪਟੀਸ਼ਨ ਵੇਲੇ ਸੁਪਰੀਮ ਕੋਰਟ ਨੇ ਉਸ ਨੂੰ ਇਕ ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਸੀ। ਪਟਿਆਲਾ ਵਿਖੇ ਪਾਰਕਿੰਗ ਨੂੰ ਲੈ ਕੇ ਹੋਇਆ ਮਾਮੂਲੀ ਤਕਰਾਰ 65 ਸਾਲਾ ਗੁਰਨਾਮ ਸਿੰਘ ਲਈ ਜਾਨਲੇਵਾ ਸਾਬਿਤ ਹੋਇਆ ਜਦੋਂ ਨਵਜੋਤ ਸਿੱਧੂ ਨੇ ਉਸ ਬਜ਼ੁਰਗ ਦੇ ਸਿਰ 'ਤੇ ਜ਼ੋਰ ਦੇਣੀ ਘਸੁੰਨ ਜੜ ਦਿੱਤਾ ਸੀ। ਹਸਪਤਾਲ ਪਹੁੰਚ ਕੇ ਗੁਰਨਾਮ ਸਿੰਘ ਰੱਬ ਨੂੰ ਪਿਆਰਾ ਹੋ ਗਿਆ। ਨਵਜੋਤ ਉਸ ਵੇਲੇ ਮਹਿਜ਼ 25 ਸਾਲਾਂ ਦਾ ਸੀ। ਇਨ੍ਹਾਂ ਹੱਥਾਂ ਦੇ ਬਲਬੂਤੇ ਹੀ ਸ਼ੈਰੀ ਨੇ ਬੱਲੇਬਾਜ਼ੀ ਕਰਦਿਆਂ ਚੌਕੇ-ਛੱਕੇ ਲਗਾ ਕੇ ਆਲਮੀ ਮਕਬੂਲੀਅਤ ਹਾਸਲ ਕੀਤੀ ਸੀ। ਸੁਪਰੀਮ ਕੋਰਟ ਨੇ ਟਿੱਪਣੀ ਕਰਦਿਆਂ ਕਿਹਾ ਕਿ ਰਿਸ਼ਟ-ਪੁਸ਼ਟ ਜਵਾਨ ਵਿਅਕਤੀ ਦਾ ਹੱਥ ਹੀ ਉਸ ਦਾ ਹਥਿਆਰ ਹੁੰਦਾ ਹੈ। ਨਵਜੋਤ ਨੂੰ ਇੰਨਾ ਗੁੱਸਾ ਆਉਣਾ ਸਮਝ ਤੋਂ ਬਾਹਰ ਹੈ। ਗੁੱਸਾ ਉਸ ਦੇ ਗੁਣਾਂ ਨੂੰ ਗ੍ਰਹਿਣ ਵਾਂਗ ਲੱਗਿਆ ਹੈ। ਤੂੰ-ਤੜੱਕ ਕਰਨਾ ਤੇ ਛੋਟੀ ਜਿਹੀ ਗੱਲ ਤੋਂ ਅੱਗ-ਬਗੂਲਾ ਹੋ ਜਾਣਾ ਉਸ ਦੀ ਬਹੁ-ਪੱਖੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਔਗੁਣ ਹੈ। ਪ੍ਰੈੱਸ ਕਾਨਫਰੰਸਾਂ ਦੌਰਾਨ ਵੀ ਨਵਜੋਤ ਨੂੰ ਪੱਤਰਕਾਰਾਂ ਨਾਲ ਉਲਝਦਿਆਂ ਲੋਕਾਂ ਨੇ ਆਮ ਦੇਖਿਆ ਹੈ। ਉਸ ਦੇ ਵਿਰੋਧੀ ਕਹਿੰਦੇ ਹਨ ਕਿ ਨਵਜੋਤ ਪੈਰਾਂ 'ਤੇ ਕੁਹਾੜਾ ਨਹੀਂ ਸਗੋਂ ਕੁਹਾੜੇ 'ਤੇ ਪੈਰ ਮਾਰਨ ਵਾਲਾ ਵਿਅਕਤੀ ਹੈ। ਸਮਾਂ ਬਹੁਤ ਬਲਵਾਨ ਹੈ ਜੋ ਮਹਾਬਲੀਆਂ 'ਤੇ ਸਵਾਰੀ ਕਰਦਾ

ਆਇਆ ਹੈ। ਇਹ ਦਰਿਆਵਾਂ ਦਾ ਰੁਖ਼ ਮੋੜ ਸਕਦਾ ਹੈ ਅਤੇ ਅੰਬਰੋਂ ਤਾਰੇ ਵੀ ਤੋੜ ਸਕਦਾ ਹੈ। ਮਾੜਾ ਸਮਾਂ ਰਾਜਿਆਂ ਨੂੰ ਰੰਕ ਬਣਾ ਦਿੰਦਾ ਹੈ ਤੇ ਆਮ ਆਦਮੀ ਨੂੰ ਸਿੰਘਾਸਣ ’ਤੇ ਬਿਠਾ ਦਿੰਦਾ ਹੈ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਗ ਨੇ ਜਦੋਂ ਐਲਾਨ ਕੀਤਾ ਸੀ ਕਿ ਨਵਜੋਤ ਸਿੱਧੂ ਲਈ ਉਨ੍ਹਾਂ ਦੇ ਕਿਵਾੜ ਬੰਦ ਹਨ ਤਾਂ ਸਿੱਧੂ ਦੇ ਆਪਣਿਆਂ ਨੇ ਹੀ ਉਸ ਤੋਂ ਕਿਨਾਰਾਕਸ਼ੀ ਕਰ ਲਈ ਸੀ। ਸਮੇਂ ਨੇ ਕਰਵਟ ਬਦਲੀ ਤਾਂ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਤੋਂ ਉਤਾਰ ਕੇ ਸਿੱਧੂ ਨੂੰ ਪਾਰਟੀ ਦਾ ਨਵਾਂ ਕਪਤਾਨ ਬਣਾ ਦਿੱਤਾ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਸਿਤਾਰੇ ਗਰਦਸ਼ ਵਿਚ ਆ ਗਏ। ਰਾਤ ਉਹ ਬਤੌਰ ਮੁੱਖ ਮੰਤਰੀ ਸੁੱਤੇ ਸਨ ਤੇ ਅਗਲੀ ਸਵੇਰ ਉਹ ਸਾਬਕਾ ਹੋ ਗਏ। ਸਿਸਵਾਂ ਫਾਰਮ ਹਾਊਸ ਜਿੱਥੇ ਮਿਲਣ ਵਾਲਿਆਂ ਦਾ ਤਾਂਤਾ ਲੱਗਾ ਹੁੰਦਾ ਸੀ, ’ਚ ਅਚਾਨਕ ਸੰਨਾਟਾ ਛਾ ਗਿਆ। ਪਟਿਆਲੇ ਦੇ ਮੋਤੀ ਮਹਿਲ ਵਿਚ ਵੀ ਸੁੰਨ-ਮਸਾਣ ਪਸਰ ਗਈ। ਨਵਜੋਤ ਸਿੱਧੂ ਦਾ ਪਟਿਆਲਾ ਨਿਵਾਸ ਸਥਾਨ ਕਾਂਗਰਸੀਆਂ ਲਈ ਨਵਾਂ ਤੀਰਥ ਅਸਥਾਨ ਬਣ ਗਿਆ ਸੀ। ਇਸੇ ਤਰ੍ਹਾਂ ਚਰਨਜੀਤ ਸਿੰਘ ਚੰਨੀ ਦੀ ਕੈਪਟਨ ਸਰਕਾਰ ’ਚੋਂ ਵਿਦਾਇਗੀ ਦੀਆਂ ਗੱਲਾਂ ਚੱਲ ਰਹੀਆਂ ਸਨ ਕਿ ਉਨ੍ਹਾਂ ਦੇ ਸਿਰ ’ਤੇ ਮੁੱਖ ਮੰਤਰੀ ਦਾ ਤਾਜ ਸਜ ਗਿਆ। ਸੁਨੀਲ ਜਾਖੜ, ਸੁਖਜਿੰਦਰ ਸਿੰਘ ਰੰਧਾਵਾ ਅਤੇ ਨਵਜੋਤ ਸਿੰਘ ਸਿੱਧੂ ਦਾ ਮੁੱਖ ਮੰਤਰੀ ਬਣਨ ਦਾ ਖਵਾਬ ਚਕਨਾਚੂਰ ਹੋਇਆ ਤਾਂ ਕਾਂਗਰਸ ਵਿਚ ਨਵੇਂ ਸਮੀਕਰਨ ਬਣਨੇ ਸ਼ੁਰੂ ਹੋ ਗਏ। ਵਫ਼ਾਦਾਰੀਆਂ ਬਦਲ ਗਈਆਂ। ਸੁਨੀਲ ਜਾਖੜ ਦੇ ਦਿਲ ਦਾ ਦਰਦ ਸ਼ਾਇਰੀ ਰਾਹੀਂ ਛਲਕਿਆ, “ਦਿਲ ਭੀ ਤੋੜਾ ਤੋ ਸਲੀਕੇ ਸੇ ਨਾ ਤੋੜਾ ਤੁਮਨੇ/ਬੇਵਫ਼ਾਈ ਕੇ ਭੀ ਆਦਾਬ ਹੂਆ ਕਰਤੇ ਹੈਂ।” ਅੱਧੀ ਸਦੀ ਕਾਂਗਰਸ ਪਾਰਟੀ ਦੇ ਉੱਚ ਅਹੁਦਿਆਂ ’ਤੇ ਸੇਵਾ ਕਰਨ ਤੋਂ ਬਾਅਦ ਉਹ ਭਾਰਤੀ ਜਨਤਾ ਪਾਰਟੀ ਵਿਚ ਚਲੇ ਗਏ। ਜਿਹੜੀ ਪਾਰਟੀ ਨੂੰ ਉਹ ਪਾਣੀ ਪੀ-ਪੀ ਕੇ ਕੋਸਦੇ ਸਨ, ਅੱਜ ਉਸ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ। ਭਾਈ ਵੀਰ ਸਿੰਘ ਅਨੁਸਾਰ ਸਮਾਂ ‘ਉਡੰਦਾ ਜਾਂਵਦਾ’ ਹੈ। ਸ਼ਾਹੀ ਸ਼ਹਿਰ ਪਟਿਆਲਾ ਵਿਚ ਵੀ ਸਮੇਂ ਨੇ ਅਜਬ ਖੇਡ ਰਚਾਈ। ਨਵਜੋਤ ਸਿੰਘ ਸਿੱਧੂ ਸਜੇ-ਧਜੇ ਹਾਥੀ ’ਤੇ ਸਵਾਰ ਹੋ ਕੇ ਮਹਿੰਗਾਈ ਵਿਰੁੱਧ ਮਾਰਚ ਕੱਢ ਕੇ ਹਟੇ ਸਨ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਵੱਲੋਂ ਸੁਣਾਈ ਇਕ ਸਾਲ ਦੀ ਬਾਮੁਸ਼ੱਕਤ ਕੈਦ ਦੀ ਬੁਰੀ ਖ਼ਬਰ ਮਿਲ ਗਈ। ਉਨ੍ਹਾਂ ਲਈ ਇਹ ਕਿਸੇ ਮਨਹੂਸ ਸੁਪਨੇ ਵਾਂਗ ਸੀ। ਕੁਝ ਚਿਰ ਪਹਿਲਾਂ ਤਾਂ ਉਹ ਝੂਲਦੇ ਹੋਏ ਹਾਥੀ ’ਤੇ ਸਵਾਰ ਸਨ ਤੇ ਉਸ ਤੋਂ ਅਗਲੇ ਦਿਨ ਉਨ੍ਹਾਂ ਨੂੰ ਸਲਾਖਾਂ ਪਿੱਛੇ ਜਾਣਾ ਪੈਣਾ ਸੀ। ਰਾਜਾਸ਼ਾਹੀ ਵੇਲੇ ਸ਼ਿੰਗਾਰੇ ਹੋਏ ਹਾਥੀਆਂ ’ਤੇ ਬੈਠ ਕੇ ਜਲੂਸ ਵਿਚ ਜਾਣਾ ਆਮ ਦ੍ਰਿਸ਼ ਸੀ। ਕਈ ਲੋਕ ਹਾਥੀਆਂ ਦੀ ਸਵਾਰੀ ਨੂੰ ਜਾਦੂਈ ਟੋਟਕਿਆਂ ਨਾਲ ਜੋੜ ਕੇ ਵੀ ਵੇਖਦੇ ਹਨ। ਸਮੇਂ ਦਾ ਕੌੜਾ-ਕੁਸੈਲਾ ਸੱਚ ਸਭ ਦੇ ਸਾਹਮਣੇ ਹੈ। ਇਕ ਵਾਰ ਇਸੇ ਭਰਮ ਨੂੰ ਪਾਲਦਿਆਂ ਚੰਨੀ ਨੇ ਵੀ ਹਾਥੀ ਦੀ ਸਵਾਰੀ ਕੀਤੀ ਸੀ। ਸੰਨ 1978 ਦੀ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਜਗਦੇਵ ਸਿੰਘ ਵੀ ਹਾਥੀ ’ਤੇ ਸਵਾਰ ਹੋ ਕੇ ਲੁਧਿਆਣਾ ਦੇ ਬਾਜ਼ਾਰਾਂ ਵਿਚੋਂ ਜਲੂਸ ਦੀ ਸ਼ਕਲ ਵਿਚ ਨਿਕਲੇ ਸਨ। ਉਸ ਤੋਂ ਬਾਅਦ ਉਨ੍ਹਾਂ ਦਾ ਜੋ ਹਸ਼ਰ ਹੋਇਆ, ਜੱਗ ਜਾਣਦਾ ਹੈ। ਦਰਅਸਲ, ਸਿੰਘਾਸਣ

’ਤੇ ਬੈਠਣਾ ਜਾਂ ਹਾਥੀਆਂ ’ਤੇ ਸਵਾਰ ਹੋਣ ਤੋਂ ਬਾਅਦ ਬੰਦਾ ਜ਼ਮੀਨ ਤੋਂ ਦੂਰ ਹੋ ਜਾਂਦਾ ਹੈ। ਖ਼ੈਰ, ਸਿਆਣੇ ਕਹਿੰਦੇ ਹਨ ਕਿ ਸਮਾਂ ਇੱਕੋ ਜਿਹਾ ਨਹੀਂ ਰਹਿੰਦਾ। ਇਸ ’ਤੇ ਮੰਥਨ ਕਰਨਾ ਚਾਹੀਦਾ ਹੈ ਕਿ ਸਿੱਧੂ ਨੂੰ ਅਜਿਹੇ ਦਿਨ ਕਿਉਂ ਵੇਖਣੇ ਪਏ ? ਸਿਆਣੇ ਇਹ ਵੀ ਕਹਿੰਦੇ ਹਨ ਕਿ ਦਾਣਾ-ਪਾਣੀ ਬੰਦੇ ਨੂੰ ਖਿੱਚ ਕੇ ਲੈ ਜਾਂਦਾ ਹੈ। ਗੁਰਬਾਣੀ ਦਾ ਵੀ ਫੁਰਮਾਨ ਹੈ, “ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ ਨਵਜੋਤ ਸਿੱਧੂ ਨੇ ਸ਼ਾਇਦ ਹੀ ਅਜਿਹਾ ਤਸੱਵਰ ਕੀਤਾ ਹੋਵੇਗਾ ਕਿ ਜੇਲ੍ਹ ਦਾ ਦਾਣਾ-ਪਾਣੀ ਉਸ ਨੂੰ ਖਿੱਚ ਕੇ ਬਿਕਰਮ ਸਿੰਘ ਮਜੀਠੀਆ ਦਾ ਗੁਆਂਢੀ ਬਣਾ ਦੇਵੇਗਾ ਜਿਸ ਨਾਲ ਉਨ੍ਹਾਂ ਦਾ ਛੱਤੀ ਦਾ ਅੰਕੜਾ ਹੈ। ਬਿਕਰਮ ਨੇ ਵੀ ਕਿਹੜਾ ਇੰਜ ਸੋਚਿਆ ਹੋਣੈ ! ਇਹ ਦੋਨਾਂ ਲਈ ਆਤਮ-ਮੰਥਨ ਦਾ ਸਮਾਂ ਹੈ।

22 ਮਈ

# ਮੁਹਾਰਾਂ ਮੋੜਦਾ ਸੁੱਚਾ ਅੱਥਰੂ

ਇੱਕੀ ਸਾਲ ਪਹਿਲਾਂ 1991 ਵਿਚ ਗੁਰਧਾਮਾਂ ਦੀ ਜ਼ਿਆਰਤ ਕਰਨ ਲਈ ਨਿਕਲੇ 10 ਸਿੱਖਾਂ ਨੂੰ ਅੱਤਵਾਦੀ ਕਹਿ ਕੇ ਉਨ੍ਹਾਂ ਦੇ ਖ਼ੂਨ ਨਾਲ ਹੱਥ ਰੰਗਣ ਵਾਲੇ 34 ਪੁਲਿਸ ਮੁਲਾਜ਼ਮਾਂ (ਮੁਲਜ਼ਮਾਂ) ਦੀ ਇਲਾਹਾਬਾਦ ਹਾਈ ਕੋਰਟ (ਲਖਨਊ ਬੈਂਚ) ਵੱਲੋਂ ਜ਼ਮਾਨਤ ਅਰਜ਼ੀ ਰੱਦ ਕਰਨਾ ਸਾਬਤ ਕਰਦਾ ਹੈ ਕਿ ਕਾਨੂੰਨ ਮੋਮ ਦੀ ਨੱਕ ਨਹੀਂ ਜਿਸ ਨੂੰ ਜਿੱਧਰ ਮਰਜ਼ੀ ਮਰੋੜਿਆ ਜਾ ਸਕਦਾ ਹੈ। ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਪੀੜਤ ਪਰਿਵਾਰਾਂ ਦੇ ਸਬਰ ਦਾ ਭਾਵੇਂ ਇਮਤਿਹਾਨ ਲਿਆ ਜਾ ਰਿਹਾ ਹੈ, ਫਿਰ ਵੀ ਕੋਰਟ ਦੇ ਇਸ ਫ਼ੈਸਲੇ ਨਾਲ ਉਨ੍ਹਾਂ ਨੂੰ ਜ਼ਰੂਰ ਧਰਵਾਸਮਿਲਿਆ ਹੋਵੇਗਾ। ਜ਼ਮਾਨਤ ਰੱਦ ਹੋਣਾ ਇਹ ਵੀ ਦਰਸਾਉਂਦਾ ਹੈ ਕਿ ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਜਸਟਿਸ ਰਮੇਸ਼ ਸਿਨਹਾ ਅਤੇ ਜਸਟਿਸ ਬ੍ਰਿਜ ਰਾਜ ਸਿੰਘ ਦੇ ਬੈਂਚ ਨੇ ਦੋਸ਼ੀਆਂ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਇਨ੍ਹਾਂ ਵਰਦੀਧਾਰੀ ਮੁਲਜ਼ਮਾਂ ਨੇ ਬੇਕਸੂਰ ਲੋਕਾਂ 'ਤੇ ਬੇਰਹਿਮੀ ਨਾਲ ਅਣਮਨੁੱਖੀ ਤਸ਼ੱਦਦ ਢਾਹ ਕੇ ਫਿਰ ਉਨ੍ਹਾਂ ਨੂੰ ਝੂਠੇ ਮੁਕਾਬਲੇ ਵਿਚ ਮਾਰਿਆ ਸੀ। ਜੱਜ ਸਾਹਿਬਾਨ ਦੀਆਂ ਕਰੁਣਾਮਈ ਟਿੱਪਣੀਆਂ ਪੜ੍ਹ ਕੇ ਉਰਦੂ ਦੇ ਮਕਬੂਲ ਸ਼ਾਇਰ ਰਾਹਤ ਇੰਦੌਰੀ ਦੇ ਸ਼ੇਅਰਾਂ ਦੀ ਪਰਿਕਰਮਾ ਕਰਨ ਲਈ ਮਜਬੂਰ ਹੋਣਾ ਪਿਆ :

ਇੰਸਾਫ਼ ਜ਼ਾਲਿਮੋਂ ਕੀ ਹਿਮਾਇਤ ਮੇਂ ਜਾਏਗਾ,<br>
ਯੇ ਹਾਲ ਹੈ ਤੋ ਕੌਨ ਅਦਾਲਤ ਮੇਂ ਜਾਏਗਾ।<br>
ਦਸਤਾਰ ਨੋਂਚ-ਨਾਚ ਕੇ ਅਹਬਾਬ (ਮਿੱਤਰ) ਲੇ ਉੜੇ,<br>
ਸਰ ਬਚ ਗਯਾ ਹੈ ਯੇ ਭੀ ਸ਼ਰਾਫ਼ਤ ਮੇਂ ਜਾਏਗਾ।

ਮੁਨਸਫਾਂ, ਕਾਜ਼ੀਆਂ, ਮੁਫ਼ਤੀਆਂ, ਨਿਆਂ-ਅਧੀਸ਼ਾਂ ਅਤੇ ਆਦਿਲਾਂ-ਅਦਲੀਆਂ ਵੱਲੋਂ 'ਸੱਚ ਨੂੰ ਫਾਂਸੀ' ਚਾੜ੍ਹਨ ਦੀ ਸਦੀਆਂ ਪੁਰਾਣੀ ਲੰਬੀ ਫਹਿਰਿਸਤ ਹੈ। ਪੀੜਤ ਜਾਂ ਮ੍ਰਿਤਕਾਂ ਦੇ ਪਰਿਵਾਰ ਇਨਸਾਫ਼ ਲੈਣ ਲਈ ਅਦਾਲਤਾਂ ਦੇ ਚੱਕਰ ਲਾਉਂਦੇ ਮਰ-ਮੁੱਕ ਜਾਂਦੇ ਹਨ। ਆਦਿਲਾਂ ਦੇ ਕਈ ਫ਼ੈਸਲੇ ਤਾਂ ਪੀੜਤਾਂ ਦੇ ਪਰਲੋਕ ਸਿਧਾਰਨ ਤੋਂ ਬਾਅਦ ਆਉਂਦੇ ਹਨ। ਫਿਰ ਇਨਸਾਫ਼ ਦੀ ਤੱਕੜੀ ਫੜੀ ਕਾਨੂੰਨ ਦੀ ਦੇਵੀ ਦੀਆਂ ਅੱਖਾਂ 'ਤੇ ਘੁੱਟ ਕੇ ਬੰਨ੍ਹੀ ਹੋਈ ਪੱਟੀ ਦੀ ਯਾਦ ਆਉਂਦੀ ਹੈ। ਇਲਾਹਾਬਾਦ ਹਾਈ ਕੋਰਟ ਦੇ ਬੈਂਚ ਨੇ 'ਕਾਨੂੰਨ ਅੰਨ੍ਹਾ ਹੁੰਦਾ ਹੈ' ਦੇ ਭਰਮ ਨੂੰ ਤੋੜਿਆ ਹੈ। ਜੱਜ ਸਾਹਿਬਾਨ ਦੀਆਂ ਭਾਵਪੂਰਤ ਟਿੱਪਣੀਆਂ ਉਨ੍ਹਾਂ ਦੀਆਂ ਪਾਕ ਰੂਹਾਂ 'ਚੋਂ ਨਿਕਲੀਆਂ ਹਨ। ਇਨਸਾਫ਼ ਦੇ ਤਰਾਜ਼ੂ'ਚ ਪਾਸਕੂ ਹੋਵੇ, ਤੱਕੜੀ ਦਾ ਪਲੜਾ ਉਲਾਰ ਹੋਵੇ ਤਾਂ ਮੁਨਸ਼ਫ਼ ਦਾ ਨਾਮ ਕਾਲੇ ਹਰਫ਼ਾਂ ਵਿਚ ਲਿਖਿਆ ਜਾਂਦਾ ਹੈ। 'ਭਾਰਤ ਦੀ ਦੁਰਦਸ਼ਾ' ਦਰਸਾਉਂਦੀ ਤੀਹਵੀਂ ਵਾਰ ਵਿਚ ਭਾਈ

ਗੁਰਦਾਸ ਫੁਰਮਾਉਂਦੇ ਹਨ, "ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ।" ਸਪਸ਼ਟ ਹੈ ਕਿ ਮੁਨਸਫ਼ਾਂ 'ਚ ਵੱਢੀਖੋਰੀ ਦਾ ਵਰਤਾਰਾ ਸਦੀਆਂ ਪੁਰਾਣਾ ਹੈ। ਸੁਰਜੀਤ ਪਾਤਰ ਇਨਸਾਫ਼ ਦੀ ਲੰਬੀ ਪ੍ਰਕਿਰਿਆ ਬਾਰੇ ਲਿਖਦਾ ਹੈ, "ਏਨਾ ਉੱਚਾ ਤਖ਼ਤ ਸੀ ਅਦਲੀ ਰਾਜੇ ਦਾ/ਮਜ਼ਲੂਮਾਂ ਦੀ ਉਮਰ ਹੀ ਰਾਹ ਵਿਚ ਬੀਤ ਗਈ।" ਮਜ਼ਲੂਮਾਂ ਨੂੰ ਸਮੇਂ ਸਿਰ ਇਨਸਾਫ਼ ਨਾ ਮਿਲੇ ਤਾਂ ਜ਼ਾਲਮਾਂ ਦੀ ਚੜ੍ਹ ਮਚ ਜਾਂਦੀ ਹੈ। ਉਹ ਕਾਨੂੰਨ ਦੀਆਂ ਚੋਰ-ਮੋਰੀਆਂ ਦਾ ਲਾਹਾ ਲੈ ਕੇ ਇਨਸਾਫ਼ ਦੇ ਮੰਦਰ ਨੂੰ ਸੰਨ੍ਹ ਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਧਰਮਕੰਡੇ ਦਾ ਕੋਈ ਪਲੜਾ ਉਲਾਰ ਹੋ ਜਾਵੇ ਤਾਂ ਮਜ਼ਲੂਮਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕਿਆ ਜਾਂਦਾ ਹੈ। ਇਲਾਹਾਬਾਦ ਹਾਈ ਕੋਰਟ ਦੇ ਬੈਂਚ ਨੇ ਹੱਤਿਆਰੇ 34 ਸਿਪਾਹੀਆਂ ਨੂੰ ਜ਼ਮਾਨਤ ਨਾ ਦੇ ਕੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦਾ ਕਾਰਜ ਕੀਤਾ ਹੈ ਤਾਂ ਜੋ ਇਹ ਨਾਸੂਰ ਬਣ ਕੇ ਅਗਲੀਆਂ ਪੀੜ੍ਹੀਆਂ ਤਕ ਦਾ ਸਫ਼ਰ ਨਾ ਕਰਨ। ਇਕ ਪੀੜ੍ਹੀ ਨੂੰ ਇਨਸਾਫ਼ ਨਾ ਮਿਲੇ ਤਾਂ ਪੀੜਤਾਂ ਦੀ ਅਸਹਿ ਅਤੇ ਅਕਹਿ ਪੀੜਾ ਅਗਲੀਆਂ ਪੀੜ੍ਹੀਆਂ ਨੂੰ ਵੀ ਸਹਿਣੀ ਪੈਂਦੀ ਹੈ। ਇੰਜ ਇਲਾਹਾਬਾਦ ਹਾਈ ਕੋਰਟ ਨੇ ਆਮ ਲੋਕਾਂ ਦਾ ਅਦਾਲਤਾਂ 'ਚ ਟੁੱਟਿਆ ਭਰੋਸਾ ਬਹਾਲ ਕੀਤਾ ਹੈ। ਕੇਸ ਦੀ ਗਹਿਨ ਪੜਚੋਲ ਕਰਦਿਆਂ ਮੁਨਸਫ਼ਾਂ ਨੇ ਕਿਹਾ ਕਿ ਜੇ ਵਾਕਈ ਮ੍ਰਿਤਕਾਂ ਦਾ ਕੋਈ ਅਪਰਾਧਕ ਪਿਛੋਕੜ ਹੁੰਦਾ ਤਾਂ ਵੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਸੀ। ਕਾਨੂੰਨ ਦੇ ਰਖਵਾਲਿਆਂ ਵੱਲੋਂ ਲੋਕਾਂ ਨੂੰ ਵਹਿਸ਼ੀ ਢੰਗ ਨਾਲ ਮਾਰਨਾ, ਵਾੜ ਖੇਤ ਨੂੰ ਖਾਣ ਦੇ ਤੁੱਲ ਹੈ। ਜ਼ਿਕਰਯੋਗ ਹੈ ਕਿ ਬਾਰਾਂ ਜੁਲਾਈ 1991 ਨੂੰ 25 ਤੀਰਥ ਯਾਤਰੀਆਂ ਦਾ ਜਥਾ, ਗੁਰਦੁਆਰਾ ਨਾਨਕ ਮਤਾ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਜ਼ਿਆਰਤ ਕਰਨ ਤੋਂ ਬਾਅਦ ਆਪਣੇ ਘਰਾਂ ਨੂੰ ਪਰਤ ਰਿਹਾ ਸੀ ਕਿ ਪੁਲਿਸ ਨੇ ਪੀਲੀਭੀਤ ਵਿਚ 10 ਸਿੱਖ ਨੌਜਵਾਨਾਂ ਨੂੰ ਬੱਸ ਵਿਚੋਂ ਉਤਾਰ ਕੇ ਤਿੰਨ ਵੱਖ-ਵੱਖ ਥਾਵਾਂ 'ਤੇ ਝੂਠੇ ਮੁਕਾਬਲੇ ਬਣਾ ਕੇ ਮਾਰ ਦਿੱਤਾ ਸੀ। ਕੁਝ ਪੁਲਿਸ ਮੁਲਾਜ਼ਮ ਬਾਕੀ ਤੀਰਥ ਯਾਤਰੀਆਂ ਦੀ ਬੱਸ 'ਚ ਬੈਠ ਗਏ। ਉਸ ਤੋਂ ਬਾਅਦ ਦੋਸ਼ੀ ਸਾਰਾ ਦਿਨ ਬੱਸ ਨੂੰ ਏਧਰ-ਓਧਰ ਘੁਮਾਉਂਦੇ ਰਹੇ ਤੇ ਆਖ਼ਰ ਪੀਲੀਭੀਤ ਦੇ ਇਕ ਗੁਰਦੁਆਰੇ 'ਚ ਛੱਡ ਕੇ ਗ਼ਾਇਬ ਹੋ ਗਏ। ਦੂਜੇ ਪਾਸੇ ਫ਼ਰਜ਼ੀ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਤੀਰਥ ਯਾਤਰੀ ਨੌਜਵਾਨਾਂ ਦੀਆਂ ਲਾਸ਼ਾਂ ਤਾਂ ਬਰਾਮਦ ਹੋ ਗਈਆਂ ਪਰ 11ਵੇਂ ਨਾਬਾਲਗ ਯਾਤਰੀ ਦਾ ਕੋਈ ਥਹੁ-ਪਤਾ ਨਹੀਂ ਲੱਗਾ। ਮ੍ਰਿਤਕ ਪਰਿਵਾਰਾਂ ਨੇ ਇਨ੍ਹਾਂ ਮੁਕਾਬਲਿਆਂ ਨੂੰ ਫ਼ਰਜ਼ੀ ਦੱਸਦੇ ਹੋਏ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ 15 ਮਈ 1992 ਨੂੰ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੇਸ ਸੀਬੀਆਈ ਨੂੰ ਸੌਂਪਿਆ ਸੀ। ਜਾਂਚ ਪਿੱਛੋਂ ਸੀਬੀਆਈ ਨੇ 57 ਮੁਲਾਜ਼ਮਾਂ ਨੂੰ ਫ਼ਰਜ਼ੀ ਪੁਲਿਸ ਮੁਕਾਬਲਿਆਂ ਦਾ ਦੋਸ਼ੀ ਗਰਦਾਨਿਆ ਸੀ ਜਿਨ੍ਹਾਂ 'ਚੋਂ ਹੁਣ ਤਕ 10 ਦੋਸ਼ੀਆਂ ਦੀ ਮੌਤ ਹੋ ਚੁੱਕੀ ਹੈ। ਪੀਲੀਭੀਤ ਫ਼ਰਜ਼ੀ ਮੁਕਾਬਲੇ ਉਸ ਵੇਲੇ ਕੀਤੇ ਗਏ ਜਦੋਂ ਪੰਜਾਬ 'ਤੇ ਦਹਿਸ਼ਤ ਅਤੇ ਵਹਿਸ਼ਤ ਦਾ ਮਨਹੂਸ ਸਾਇਆ ਆਮ ਲੋਕਾਂ ਦਾ ਜੀਵਨ ਦੁੱਭਰ ਕਰ ਰਿਹਾ ਸੀ। ਇਨ੍ਹਾਂ ਮੁਕਾਬਲਿਆਂ ਤੋਂ ਪਹਿਲਾਂ 15 ਜੂਨ 1991 ਨੂੰ ਲੁਧਿਆਣਾ ਨੇੜੇ ਬੱਦੋਵਾਲ ਅਤੇ ਕਿਲਾ ਰਾਏਪੁਰ ਵਿਚ ਅੱਤਵਾਦੀਆਂ ਨੇ ਦੋ ਰੇਲਗੱਡੀਆਂ ਨੂੰ ਜ਼ੰਜੀਰਾਂ ਨਾਲ ਖਿੱਚ ਕੇ ਰੋਕਣ ਤੋਂ

ਬਾਅਦ ਅੰਧਾ-ਧੁੰਦ ਫਾਇਰਿੰਗ ਕੀਤੀ ਜਿਸ ਵਿਚ 80 ਬੇਕਸੂਰ ਮੁਸਾਫ਼ਰ ਮਾਰੇ ਗਏ ਸਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਵਾਪਰੇ ਇਸ ਦਰਦਨਾਕ ਕਾਂਡ ਨੇ ਸਿੱਖਾਂ ਦੇ ਕਿਰਦਾਰ ਨੂੰ ਵਿਸ਼ਵ ਪੱਧਰ ’ਤੇ ਦਾਗ਼ਦਾਰ ਕੀਤਾ ਸੀ। ਪੰਜਾਬ ਤੋਂ ਬਾਹਰ ਦਸਤਾਰਧਾਰੀ ਸਿੱਖ ਨੂੰ ਅੱਤਵਾਦੀ ਸਮਝਿਆ ਜਾਣ ਲੱਗਾ। ਸਿੱਖਾਂ ਨੂੰ ਆਪਣੇ ਹੀ ਮੁਲਕ ਵਿਚ ਬੇਗਾਨਗੀ ਦਾ ਅਹਿਸਾਸ ਹੋ ਰਿਹਾ ਸੀ। ਰੇਲਗੱਡੀਆਂ ’ਤੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ (ਕੇਐੱਲਐੱਫ) ਦੇ ਹਥਿਆਰਬੰਦ ਕਾਰਕੁੰਨਾਂ ਵੱਲੋਂ ਅੰਨ੍ਹੇਵਾਹ ਗ਼ੋਲੀਆਂ ਦਾ ਵਰ੍ਹਾਇਆ ਮੀਂਹ ਕਈ ਘਰਾਂ ਦੇ ਚਿਰਾਗ਼ ਬੁਝਾ ਗਿਆ ਸੀ। ਨਿਰਦੋਸ਼ਾਂ ਦੇ ਖ਼ੂਨ ਦੇ ਛਿੱਟੇ ਨਿਰਦੋਸ਼ ਦਸਤਾਰਧਾਰੀ ਸਿੱਖਾਂ ’ਤੇ ਵੀ ਪੈ ਗਏ। ਅੱਤਵਾਦੀ ਆਪਣਾ ਕਾਰਾ ਕਰ ਕੇ ਛਪਨ ਹੋ ਗਏ। ਇਸ ਕਾਂਡ ਪਿੱਛੇ ਪਾਕਿਸਤਾਨ ਦੀ ਨਾਪਾਕ ਸਾਜ਼ਿਸ਼ ਸੀ ਜਿਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦਾ ਬਹਾਨਾ ਦੇ ਦਿੱਤਾ। ਇਹ ਚੋਣਾਂ 1987 ਵਿਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਡੇਗਣ ਮਗਰੋਂ ਪੰਜ ਸਾਲ ਪੰਜਾਬ ਵਿਚ ਰਾਸ਼ਟਰਪਤੀ ਰਾਜ ਲੱਗਣ ਤੋਂ ਬਾਅਦ ਹੋ ਰਹੀਆਂ ਸਨ। ਰੇਲਾਂ ਵਿਚ ਮਾਰੇ ਗਏ ਬੇਕਸੂਰ ਲੋਕਾਂ ਦੀ ਹੱਤਿਆ ਦਾ ਮੁੱਲ ਨਿਰਦੋਸ਼ ਸਿੱਖ ਤੀਰਥ ਯਾਤਰੀਆਂ ਨੂੰ ਪੀਲੀਭੀਤ ਵਿਚ ਉਤਾਰਨਾ ਪਿਆ ਸੀ। ਪੰਜਾਬ ’ਚ ਜਦੋਂ ਨਫ਼ਰਤੀ ਹਿੰਸਾ ਦੇ ਭਾਂਬੜ ਮਚ ਰਹੇ ਸਨ, ਆਏ ਦਿਨ ਫ਼ਰਜ਼ੀ ਮੁਕਾਬਲਿਆਂ ’ਚ ਨੌਜਵਾਨ ਮਾਰੇ ਜਾ ਰਹੇ ਸਨ, ਉਦੋਂ ਸਾਡੇ ਨੇਤਾਵਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ’ਚ ਪੜ੍ਹਨ ਲਈ ਭੇਜਿਆ ਸੀ। ਕਾਲੇ ਦੌਰ ਵੇਲੇ ਹਜ਼ਾਰਾਂ ਲੋਕ ਅੱਤਵਾਦੀਆਂ ਜਾਂ ਪੁਲਿਸ ਹੱਥੋਂ ਅਣਿਆਈ ਮੌਤੇ ਮਾਰੇ ਗਏ ਸਨ। ਅੱਤਵਾਦੀਆਂ ਦੀ ਦਹਿਸ਼ਤ ਤੇ ਸਰਕਾਰੀ ਦਹਿਸ਼ਤ ਦੀ ਚੱਕੀ ਵਿਚ ਆਮ ਲੋਕ ਪਿਸ ਰਹੇ ਸਨ। ‘ਸਰਬੱਤ ਦਾ ਭਲਾ’ ਮੰਗਣ ਵਾਲੀ ਸਮੁੱਚੀ ਕੌਮ ’ਤੇ ਸਵਾਲੀਆ ਨਿਸ਼ਾਨ ਲੱਗ ਰਹੇ ਸਨ। ਸਿੱਖ ਨੌਜਵਾਨਾਂ ਲਈ ਪੰਜਾਬ ਅਤੇ ਇਸ ਤੋਂ ਬਾਹਰ ਖ਼ਤਰਾ ਹੀ ਖ਼ਤਰਾ ਸੀ। ਇਹ ਉਹ ਸਮਾਂ ਸੀ ਜਦੋਂ ਕੋਈ ਸ਼ਸਤਰਧਾਰੀ ਸਿੰਘ ਬੱਸ ’ਚ ਸਵਾਰ ਹੋ ਜਾਂਦਾ ਤਾਂ ਰਾਤ-ਬਰਾਤੇ ਸਫ਼ਰ ਕਰਨ ਵਾਲੇ ਯਾਤਰੂ ਖ਼ੁਦ ਨੂੰ ਸੁਰੱਖਿਅਤ ਸਮਝਦੇ ਸਨ। ਮੁੱਠੀ ਭਰ ਹਥਿਆਰਬੰਦ ਨੌਜਵਾਨਾਂ ਨੇ ਪੰਜਾਬ ਦੀ ਸਾਂਝੀਵਾਲਤਾ ਨੂੰ ਛਿੱਕੇ ਟੰਗ ਕੇ ਆਪਣੇ ਅਮੀਰ ਵਿਰਸੇ ਨਾਲ ਧਰੋਹ ਕਮਾਇਆ ਸੀ। ਇਲਾਹਾਬਾਦ ਦੇ ਮੁਨਸਫ਼ਾਂ ਨੇ ਦੋਸ਼ੀ ਪੁਲਿਸ ਵਾਲਿਆਂ ਨੂੰ ਲਾਹਨਤਾਂ ਪਾ ਕੇ ਮ੍ਰਿਤਕਾਂ ਦੀਆਂ ਰੂਹਾਂ ਨੂੰ ਸਕੂਨ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਨੂ ਬਾਲਾ ਦੀਆਂ ਸਤਰਾਂ ਆਤਮਸਾਤ ਕਰੋ :

ਪਿਘਲਿਆ ਹੈ ਆਂਦਰਾਂ ਵਿਚ ਜੰਮਿਆ ਲਹੂ, ਰੁਕ ਗਈ ਸੀ ਜੋ ਕਹਾਣੀ ਹੋ ਗਈ ਮੁੜ ਕੇ ਸ਼ੁਰੂ।

ਖ਼ੂਨ ’ਚੋਂ ਉੱਠੀ ਸਦਾਅ ਪੌਣਾਂ ਦਾ ਵੀ ਰਾਹ ਰੋਕਦੀ, ਸੋ ਮੁਹਾਰਾਂ ਮੋੜ ਦਿੰਦਾ ਇਕ ਸੁੱਚਾ ਅੱਥਰੂ।

29 ਮਈ

# ਰੁੱਖ ਤੇ ਮਨੁੱਖ ਦਾ ਨਾਤਾ

ਅੱਜ ਵਿਸ਼ਵ ਵਾਤਾਵਰਨ ਦਿਵਸ ਦੇ ਅਵਸਰ ’ਤੇ ਰੁੱਖ ਅਤੇ ਮਨੁੱਖ ਦੇ ਮੁੱਢ-ਕਦੀਮੀਂ ਰਿਸ਼ਤੇ ਨੂੰ ਸਮਝਣ ਲਈ ਵਿਦਵਾਨ ਲੇਖਕ ਜੀਐੱਸ ਰਿਆਲ ਦੀ ਵਡਮੁੱਲੀ ਪੁਸਤਕ, ‘ਸ਼ਬਦਾਂ ਦੀਆਂ ਲਿਖਤਾਂ’ ਦਾ ਪਾਠ ਕਰਨਾ ਜ਼ਰੂਰੀ ਜਾਪਦਾ ਹੈ। ਮਨੁੱਖ ਨੂੰ ਦਰਅਸਲ ਪੰਜ ਤੱਤਾਂ/ ਭੂਤਾਂ (ਭੌਤਿਕ ਪਦਾਰਥਾਂ, ਪੌਣ, ਪਾਣੀ, ਪ੍ਰਿਥਵੀ, ਅਗਨਿ ਅਤੇ ਅਕਾਸ਼) ਦਾ ਬਣਿਆ ਪੁਤਲਾ ਸਮਝਿਆ ਜਾਂਦਾ ਹੈ ਜਿਸ ਨੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਨ ਉਪਰੰਤ ਮੁੜ ਇਨ੍ਹਾਂ ਤੱਤਾਂ ਵਿਚ ਹੀ ਵਿਲੀਨ ਹੋ ਜਾਣਾ ਹੁੰਦਾ ਹੈ। ਆਪਣੇ ਜੀਵਨ-ਕਾਲ ਦੌਰਾਨ ਕਾਦਰ ਦੇ ਇਸ ਪੁਤਲੇ ਦਾ ਰੁੱਖਾਂ ਨਾਲ ਨਾਤਾ ਬਚਪਨ ਤੋਂ ਪਰਲੋਕ ਸਿਧਾਰਨ ਤਕ ਰਹਿੰਦਾ ਹੈ। ਪੰਜ ਭੂਤਾਂ ਦਾ ਪੁਤਲਾ ਅਤੇ ਪੰਜ ਭੌਤਿਕ ਪਦਾਰਥ ਸਦਾ ਇਕ-ਦੂਜੇ ਦੇ ਅੰਗ-ਸੰਗ ਰਹਿੰਦੇ ਹਨ। ਇਨ੍ਹਾਂ ਵਿਚ ਸਮਤੋਲ/ ਤਵਾਜ਼ਨ ਬੇਹੱਦ ਜ਼ਰੂਰੀ ਹੈ। ਵਿਗੜਿਆ ਤਵਾਜ਼ਨ ਵਾਤਾਵਰਨ ਨੂੰ ਗੰਧਲਾ ਕਰਦਾ ਹੈ ਜਿਸ ਦੇ ਭਿਅੰਕਰ ਸਿੱਟੇ ਆਖਿਰ ਮਨੁੱਖ ਨੂੰ ਹੀ ਝੇਲਣੇ ਪੈਂਦੇ ਹਨ। ਵਿਗੜੇ ਸਮਤੋਲ ਦਾ ਹਾਸਲ ਆਲਮੀ ਤਪਸ਼ ਹੈ ਜਿਸ ਨੇ ਅਜੋਕੇ ਮਨੁੱਖ ਦੀਆਂ ਚਿੰਤਾਵਾਂ ਕਈ ਗੁਣਾ ਵਧਾ ਦਿੱਤੀਆਂ ਹਨ। ਇਲਾਹੀ ਬਾਣੀ ਵਿਚ ਵੀ ਪੌਣ-ਪਾਣੀ ਦਾ ਕਈ ਥਾਈਂ ਜ਼ਿਕਰ ਆਉਂਦਾ ਹੈ। ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਪੌਣ-ਪਾਣੀ ਨੂੰ ਮਾਤਾ-ਪਿਤਾ ਦਾ ਦਰਜਾ ਦਿੰਦੇ ਹਨ, “ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤ ॥” ਵਾਤਾਵਰਨ ਸਵੱਛ ਹੈ ਤਾਂ ਮਨੁੱਖ ਲਈ ਸਾਹ ਲੈਣਾ ਸੌਖਾ ਹੁੰਦਾ ਹੈ। ਪਸ਼ੂ-ਪੰਛੀ ਵੀ ਕੁਦਰਤ ਦੀ ਗੋਦ ਵਿਚ ਖੇਡ ਕੇ ਇਲਾਹੀ ਅਨੰਦ ਮਾਣਦੇ ਹਨ। ਜੀਐੱਸ ਰਿਆਲ ਲਿਖਦੇ ਹਨ ਕਿ ਕੁਦਰਤ ਦਾ ਇਕ ਮਹੱਤਵਪੂਰਨ ਦਸਤੂਰ ਸਮੂਹ ਜਾਤੀਆਂ, ਉਪ-ਜਾਤੀਆਂ ਦੀ ਵੰਸ਼ ਨੂੰ ਜਾਰੀ ਰੱਖਣਾ ਹੈ। ਇਕੋ ਬੂਟੇ ਨੂੰ ਲੱਗਦੇ ਅਣਗਿਣਤ ਬੀਜ ਅਤੇ ਇਨ੍ਹਾਂ ਦੇ ਪਰਸਾਰ ਦੇ ਅਨੋਖੇ ਢੰਗ-ਤਰੀਕੇ ਅਜਿਹੀ ਮਨਸੂਬਾਬੰਦੀ ਵਿਚ ਸ਼ਾਮਲ ਹੁੰਦੇ ਹਨ। ਜੀਵ-ਜੰਤੂਆਂ ਦੇ ਜੋੜੇ ਹਨ ਜੋ ਜਿਨਸੀ ਖਿੱਚ ਵਿਚ ਬੱਝੇ ਅਚਨਚੇਤ ਜੀਵਨ-ਜੋਤ ਨੂੰ ਅਗਾਂਹ ਤੋਰਦੇ ਹਨ। ਇੱਥੇ ਹਰ ਇਕ ਚੀਜ਼ ਦੂਜੇ ਨਾਲ ਬੱਝੀ ਪਈ ਹੈ। ਵਿਸ਼ੇਸ਼ ਜਾਤੀ ਦੇ ਕੀਟ ਇਕ ਵਿਸ਼ੇਸ਼ ਜਾਤੀ ਦੇ ਫੁੱਲਾਂ ਦੇ ਰੰਗ-ਗੰਧ ਅਤੇ ਰਸ ਨੂੰ ਮਾਣਦੇ ਫੁੱਲਾਂ ਦੇ ਪਰਾਗ-ਕਣਾਂ (ਨਰ-ਅੰਸ਼ਾਂ) ਨੂੰ ਪਰਾਗ-ਕੋਸ਼ (ਮਾਦਾ ਭਾਗ) ਤਕ ਪਹੁੰਚਾਉਣ ਦੀ ਵਿਚੋਲਗੀ ਕਰਦੇ ਬਨਸਪਤੀ ਦੀ ਪ੍ਰਜਣਨ-ਕਿਰਿਆ ਨੂੰ ਸੰਭਵ ਬਣਾਉਂਦੇ ਹਨ। ਕੀਟਾਂ ਦੁਆਰਾ ਪਰਾਗਣ ਦੇ ਵਿਚਾਰ ਤੋਂ ਰਾਤ ਨੂੰ ਖਿੜਨ ਵਾਲੇ ਫੁੱਲ ਆਮ ਤੌਰ ’ਤੇ ਸਫੈਦ ਅਤੇ ਮਹਿਕਦਾਰ ਹੁੰਦੇ ਹਨ ਤਾਂ ਜੋ ਰਾਤੀਂ ਗਸ਼ਤ ਕਰਨ ਵਾਲੇ ਕੀਟ ਇਨ੍ਹਾਂ ਦੀ ਆਸਾਨੀ ਨਾਲ

ਸ਼ਨਾਖ਼ਤ ਕਰ ਸਕਣ। ਕੋਈ ਸਮਾਂ ਸੀ ਜਦੋਂ ਮਨੁੱਖ ਦੀ ਜ਼ਿੰਦਗੀ ਬੜੀ ਸਿੱਧ-ਪੱਧਰੀ ਸੀ। ਉਹ ਕੁਦਰਤ ਨਾਲ ਇਕਮਿਕ ਸੀ। ਇਸ ਦੇ ਹਰ ਪ੍ਰਗਟਾਵੇ ਨੂੰ ਉਹ ਬੜੀ ਨੀਝ ਨਾਲ ਦੇਖਦਾ ਸੀ। ਹਰ ਵਸਤੂ ਵਿਚ ਉਸ ਨੂੰ ਵਿਲੱਖਣਤਾ ਤੇ ਰਹੱਸ ਦਾ ਝਉਲਾ ਪੈਂਦਾ ਸੀ। ਪ੍ਰਾਚੀਨ ਮਨੁੱਖ ਦੀ ਤੱਕਣੀ ਤੀਖਣ ਸੀ। ਧਰਤੀ 'ਚ ਦੱਬੇ ਮਟਮੈਲੇ ਬੀਜ 'ਚੋਂ ਰੰਗ-ਬਿਰੰਗੇ ਫੁੱਲ ਖਿੜਦੇ ਹਨ। ਅਦਨੇ ਬੀਜ 'ਚੋਂ ਉਸੇ ਜਾਤੀ ਦੇ ਫਲਦਾਰ ਬੂਟੇ ਮਨੁੱਖ ਦੇ ਜ਼ਾਇਕੇ ਨੂੰ ਸੈਨਤਾਂ ਮਾਰਦੇ ਹਨ। ਮਨੁੱਖ ਸ਼ੁਰੂ ਤੋਂ ਹੀ ਸਮੁੰਦਰ ਦੀਆਂ ਤਹਿਆਂ ਫਰੋਲਦਾ ਆਇਆ ਹੈ। ਉਹ ਭਾਂਤ-ਭਾਂਤ ਦੇ ਵਿਲੱਖਣ ਜੀਵ-ਜੰਤੂਆਂ ਦੇ ਦੀਦਾਰ ਕਰਦਾ। ਅੰਬਰ ਦੇ ਆਰ-ਪਾਰ ਵੇਖਦਾ। ਅਸਮਾਨ 'ਚ ਪਈ ਸਤਰੰਗੀ ਪੀਂਘ ਝੂਟਣਾ ਲੋਚਦਾ। ਚੰਨ-ਤਾਰਿਆਂ ਨਾਲ ਬਾਤਾਂ ਪਾਉਂਦਾ ਰਾਤ ਅੱਖਾਂ ਥੀਂ ਲੰਘਾ ਦਿੰਦਾ। ਕੁਦਰਤ ਨਾਲ ਨੇੜਤਾ ਨੇ ਕਾਦਰ ਦੀਆਂ ਪਾਈਆਂ ਪਹੇਲੀਆਂ ਨੂੰ ਸੁਲਝਾਉਣ 'ਚ ਇਮਦਾਦ ਕੀਤੀ। ਜਿਨ੍ਹਾਂ ਰਹੱਸਾਂ ਦੀ ਉਹ ਪੁਣ-ਛਾਣ ਕਰਨ ਤੋਂ ਅਸਮਰੱਥ ਸੀ, ਉਨ੍ਹਾਂ ਦਾ ਉਸ ਨੇ ਮਾਨਵੀਕਰਨ ਕਰ ਦਿੱਤਾ। ਤੇਤੀ ਕਰੋੜ ਦੇਵੀ-ਦੇਵਤੇ ਉਸ ਦੀ ਕੁਦਰਤ ਨੂੰ ਪੜ੍ਹਨ ਦੀ ਜਗਿਆਸਾ 'ਚੋਂ ਪ੍ਰਗਟ ਹੋਏ ਹਨ। ਤੂਤ ਦੇ ਰੁੱਖ ਨੂੰ 'ਬ੍ਰਹਮ-ਬਿਰਛ' (ਬ੍ਰਹਮ ਦਾਰੂ) ਦੀ ਪਦਵੀ ਹਾਸਲ ਹੋ ਗਈ। ਇੰਜ ਹੀ ਬਿਲ ਦੇ ਬਿਰਛ ਦੀਆਂ ਪੱਤੀਆਂ ਇੰਨੀਆਂ ਪਵਿੱਤਰ ਮੰਨੀਆਂ ਗਈਆਂ ਹਨ ਕਿ ਇਹ ਦੇਵਤਿਆਂ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ। ਰਿਆਲ ਮੁਤਾਬਕ ਇਸੇ ਵਿਸ਼ੇਸ਼ਤਾ ਕਾਰਨ ਇਸ ਨੂੰ 'ਸ਼ਿਵ-ਬਿਰਛ' ਕਿਹਾ ਗਿਆ ਹੈ। ਅੰਬ ਦੇ ਰੁੱਖ ਲਈ 'ਕੋਇਲ ਦਾ ਘਰ' (ਕੋਕਿਲਾ-ਵਾਸ) ਦੀ ਘਾੜਤ ਕਾਵਿਮਈ ਹੈ। ਦਰਖਤਾਂ ਦੇ ਨਾਮਕਰਨ ਵਿਚ ਉਨ੍ਹਾਂ ਦੇ ਰਸਾਇਣਕ ਗੁਣਾਂ ਦਾ ਵੀ ਹੱਥ ਹੈ। ਮਸਲਨ, ਸ਼ਰੀਂਹ ਦੇ ਰੁੱਖ ਨੂੰ 'ਜ਼ਹਿਰ-ਮਾਰ' (ਵਿਸ਼-ਘਾਤਨ) ਕਿਹਾ ਗਿਆ ਹੈ। ਰਿਆਲ ਨੇ ਦਰਖ਼ਤਾਂ ਨੂੰ ਇਕ ਨਵੇਂ ਕੋਣ ਤੋਂ ਦੇਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਰੁੱਖਾਂ ਤੇ ਮਨੁੱਖਾਂ ਦੀ ਆਪਸੀ ਸਦਭਾਵਨਾ ਬਣੀ ਰਹੇ। ਪਿੱਪਲ ਨੂੰ ਉਹ ਦੇਵ-ਕਾਮਤ ਬਿਰਛ ਕਹਿੰਦੇ ਹਨ। ਇਸ ਦੇ ਵੱਡ-ਆਕਾਰ ਤੇ ਪਸਾਰ ਤੋਂ ਕਿਸੇ ਦੈਵੀ ਸ਼ਕਤੀ ਦੀ ਝਲਕ ਮਿਲਦੀ ਹੈ ਜਦਕਿ ਇਸ ਦੀ ਬਣਤਰ ਤੇ ਸਡੋਲਤਾ ਤੋਂ ਸੁਹਜ ਅਤੇ ਸ਼ਾਨ ਦਾ ਪ੍ਰਭਾਵ ਉਤਪੰਨ ਹੁੰਦਾ ਹੈ। ਦੇਵਤੇ ਅਮਰ ਅਤੇ ਪੂਜਨੀਕ ਹਨ। ਇਸ ਦੇ ਟਾਕਰੇ ਪਿੱਪਲ ਨੂੰ ਸੱਤਯ ਅਤੇ ਸੇਵਯ ਦੇ ਨਾਂ ਨਾਲ ਨਿਵਾਜਿਆ ਗਿਆ ਹੈ। ਇਸ ਨੂੰ ਦੇਵਤਿਆਂ ਦੇ ਰਹਿਣ ਦੀ ਥਾਂ ਜਾਂ ਮੰਦਿਰ (ਦੇਵ-ਭਵਨ) ਦਾ ਦਰਜਾ ਦਿੱਤਾ ਗਿਆ ਹੈ। ਗੌਤਮ ਨੂੰ ਪਿੱਪਲ ਹੇਠ ਗਿਆਨ ਦੀ ਪ੍ਰਾਪਤੀ ਹੋਈ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਿੱਪਲ ਵਿਚ ਵਿਸ਼ਨੂ ਭਗਵਾਨ ਦਾ ਵਾਸਾ ਹੈ। ਲੌਕਿਕ ਪੱਧਰ 'ਤੇ ਪਿੱਪਲ-ਪੱਤੀਆਂ ਕੰਨਾਂ ਵਿਚ ਲਟਕਾਉਣ ਵਾਲੇ ਇਕ ਗਹਿਣੇ ਦਾ ਨਾਮ ਹੈ। ਪਿੱਪਲ ਦੇ ਪੱਤੇ ਦੇ ਸਿਖਰਲੇ ਨੋਕਦਾਰ ਭਾਗ ਤੋਂ ਪਿੱਪਲ, ਤਲਵਾਰ ਦੀ ਨੋਕ ਦਾ ਰੂਪ ਧਾਰਨ ਕਰਦਾ ਹੈ। ਵਾਰਿਸ ਨੇ ਹੀਰ ਦੇ ਤਲਵਾਰ ਵਰਗੇ ਨੱਕ ਨੂੰ 'ਅਲਫ਼-ਹੁਸੈਨੀ' (ਹਜ਼ਰਤ ਅਲੀ ਦੀ ਤਲਵਾਰ ਦਾ ਨਾਂ) ਦਾ ਪਿੱਪਲਾ ਕਹਿ ਕੇ ਸਲਾਹਿਆ ਗਿਆ ਹੈ। ਪਿੰਡ ਵਿਚ ਪਿੱਪਲ ਦੀ ਇਕ ਨਿਵੇਕਲੀ ਥਾਂ ਅਤੇ ਵਿਅਕਤੀਤਵ ਹੁੰਦਾ ਹੈ। ਇਹ ਇਕ ਧਰਤ-ਚਿੰਨ੍ਹ (ਲੈਂਡ-ਮਾਰਕ) ਦਾ ਕੰਮ ਕਰਦਾ ਹੈ। ਇਸ ਤੱਥ ਦੀ ਗਵਾਹੀ ਸਾਡੇ ਲੋਕ-ਗੀਤਾਂ ਵਿਚ, 'ਸਾਮ੍ਹਣੀ ਗਲੀ ਵਿਚ ਘਰ ਤੇ ਪਿੱਪਲ ਨਿਸ਼ਾਨੀ' ਦੇ ਰੂਪ ਵਿਚ

ਮਿਲਦੀ ਹੈ। ਇਨ੍ਹਾਂ ਵੱਡ-ਆਕਾਰੀ ਰੁੱਖਾਂ 'ਤੇ ਕੁਹਾੜਾ ਚਲਾਉਣਾ ਮਹਾਂ ਪਾਪ ਮੰਨਿਆ ਜਾਂਦਾ ਸੀ। ਕਈ ਵਾਰ ਪਿੱਪਲ ਕੰਧਾਂ ਵਿਚ ਉੱਗ ਕੇ ਇਨ੍ਹਾਂ ਨੂੰ ਪਾੜ ਦਿੰਦੇ ਹਨ ਤਾਂ ਵੀ ਉਨ੍ਹਾਂ ਨੂੰ ਵੱਢਿਆ ਨਹੀਂ ਜਾਂਦਾ। ਇੱਥੋਂ ਤਕ ਕਿ ਪਿੱਪਲ ਦੀ ਲੱਕੜ ਨੂੰ ਬਾਲਣਾ ਵੀ ਪਾਪ ਸਮਝਿਆ ਜਾਂਦਾ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਨੇ ਮਨੁੱਖ ਦੇ ਪੈਰਾਂ ਵਿਚ ਭੱਖੜਾ ਬੀਜਿਆ ਹੈ। ਰਿਆਲ ਦਾ ਮਸ਼ਵਰਾ ਹੈ ਕਿ ਪੁਰਾਤਨ ਰੁੱਖਾਂ ਨੂੰ 'ਵਿਰਾਸਤੀ' ਦਰਜਾ ਦੇ ਕੇ ਇਨ੍ਹਾਂ ਨੂੰ ਸਾਂਭਣ ਦੀ ਲੋੜ ਹੈ। ਜੇ ਉਨ੍ਹਾਂ ਦੀ ਸਾਂਭ-ਸੰਭਾਲ ਨਾ ਕੀਤੀ ਗਈ ਤਾਂ ਬਹੁਤ ਦੇਰ ਹੋ ਜਾਵੇਗੀ। ਫਿਰ ਹੱਥੀਂ ਦਿੱਤੀਆਂ ਗੰਢਾਂ ਮੂੰਹ ਨਾਲ ਵੀ ਨਹੀਂ ਖੁੱਲ੍ਹਣੀਆਂ। ਇਨ੍ਹਾਂ ਪ੍ਰਾਚੀਨ ਰੁੱਖਾਂ ਨੂੰ ਰਿਆਲ ਸਾਹਿਬ 'ਚਿੜੀਆ-ਘਰ' ਦੇ ਤੁੱਲ ਸਮਝਦੇ ਹਨ ਜੋ ਅਨੇਕਾਂ ਪੰਖੇਰੂਆਂ ਦਾ ਰੈਣ-ਬਸੇਰਾ ਹੁੰਦੇ ਹਨ। ਪੰਜ ਭੌਤਿਕ ਪਦਾਰਥਾਂ ਵਿੱਚੋਂ ਇਕ ਅਕਾਸ਼ ਹੈ। ਰਿਆਲ ਨੇ 'ਚੰਦਰ-ਕਥਾ' ਵਿਚ ਅੰਬਰ ਨਾਲ ਜੁੜੀਆਂ ਕਈ ਕਥਾ-ਕਹਾਣੀਆਂ ਅਤੇ ਇਸ ਦੇ ਰਹੱਸਾਂ ਨੂੰ ਪਰਤ-ਦਰ-ਪਰਤ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਮਨੁੱਖ ਆਦਿ ਕਾਲ ਤੋਂ ਹੀ ਆਕਾਸ਼ ਵਿਚ ਬਲਦੀਆਂ ਜੋਤਾਂ ਨੂੰ ਬੜੀ ਨੀਝ ਅਤੇ ਉਤਸੁਕਤਾ ਨਾਲ ਤੱਕਦਾ ਆਇਆ ਹੈ। ਅੰਬਰ ਦੇ ਦੀਦਾਰ ਕਰਦਾ ਉਹ ਅਚੰਭਿਤ ਹੁੰਦਾ। ਕੁਦਰਤ ਦੀ ਲੀਲ੍ਹਾ ਦੇ ਰਹੱਸ ਨੂੰ ਅਨੁਵਾਦ ਕਰਨ ਦੀ ਉਸ ਕੋਲ ਵਿਗਿਆਨਕ ਦ੍ਰਿਸ਼ਟੀ ਨਹੀਂ ਸੀ। ਇਸ ਲਈ ਚੰਨ-ਤਾਰਿਆਂ ਨਾਲ ਮਿੱਥਾਂ ਜੁੜਨਾ ਸੁਭਾਵਿਕ ਸੀ। ਬੱਚਿਆਂ ਨੂੰ ਚੰਦ ਆਪਣਾ ਮਾਮਾ ਲੱਗਦਾ ਹੈ। ਮਿਥਿਹਾਸ ਅਨੁਸਾਰ ਦੇਵਤਿਆਂ ਨੇ ਜਦੋਂ ਸਮੁੰਦਰ ਰਿੜਕਿਆ ਤਾਂ 14 ਰਤਨਾਂ 'ਚੋਂ ਇਕ ਚੰਦਰਮਾ ਸੀ। ਇਸ ਤਰ੍ਹਾਂ ਹਵਾ ਦੀ ਗਿਣਤੀ ਵੀ ਪੰਜਾਂ ਤੱਤਾਂ ਅਰਥਾਤ ਭੂਤਾਂ (ਭੌਤਿਕ ਪਦਾਰਥਾਂ) 'ਚ ਸ਼ੁਮਾਰ ਹੈ। ਹਵਾ ਨੂੰ ਜਿੱਥੇ ਦੇਵਤਾ ਮੰਨਿਆ ਜਾਂਦਾ ਹੈ, ਓਥੇ ਪ੍ਰੇਤ ਵਜੋ ਵੀ ਜਾਨਿਆ ਜਾਂਦਾ ਹੈ। ਸਾਹ, ਜੀਵਨ ਦਾ ਪ੍ਰਤੀਕ ਹਨ। ਸਾਹ ਨੂੰ ਜ਼ੋਰ ਦੀ ਬਾਹਰ ਕੱਢਣ ਨਾਲ ਅੱਗ ਮਘਾਈ ਵੀ ਜਾ ਸਕਦੀ ਹੈ ਤੇ ਬੁਝਾਈ ਵੀ ਜਾ ਸਕਦੀ ਹੈ। ਅੱਗ ਜਾਂ ਅਗਨਿ ਵੀ ਪੰਜ ਭੂਤਾਂ ਵਿਚ ਸ਼ਾਮਲ ਹੈ। ਤੀਲਾਂ ਵਾਲੀ ਡੱਬੀ ਦੀ ਕਾਢ ਤੋਂ ਪਹਿਲਾਂ, ਘਰੇਲੂ ਅੱਗ ਨੂੰ ਵਡਮੁੱਲੀ ਸ਼ੈਅ ਸਮਝਦਿਆਂ ਸੰਭਾਲ ਕੇ ਰੱਖਿਆ ਜਾਂਦਾ ਸੀ। ਸੰਸਕ੍ਰਿਤ 'ਅਗਨਿ ਰਕਸ਼ਣ' ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ। ਪੱਥਰ ਜਾਂ ਲੱਕੜੀ ਵਿਚੋਂ ਅਗਨਿ ਪ੍ਰਗਟ ਕਰਨਾ ਬੇਹੱਦ ਮੁਹਾਲ ਕਾਰਜ ਸੀ। 'ਸ਼ਬਦਾਂ ਦੀਆਂ ਲਿਖਤਾਂ' ਵਿਚ ਇਸ ਦਾ ਖ਼ੂਬਸੂਰਤ ਬਿਰਤਾਂਤ ਦਿੱਤਾ ਗਿਆ ਹੈ। ਘਰ ਦਾ ਸੁਆਮੀ ਘਰੇਲੂ ਅੱਗ ਨੂੰ ਆਪਣੇ ਪਿਤਾ ਤੋਂ ਪ੍ਰਾਪਤ ਕਰਦਾ ਤੇ ਫਿਰ ਆਪਣੀ ਸੰਤਾਨ ਹਵਾਲੇ ਕਰਦਾ ਦੱਸਿਆ ਗਿਆ ਹੈ। ਜੇ ਅੱਗ ਬੁਝ ਜਾਂਦੀ ਤਾਂ ਗੁਆਂਢੀਆਂ ਤੋਂ ਮੰਗ ਕੇ ਲਿਆਂਦੀ ਜਾਂਦੀ। ਅੱਗ ਦੀ ਕਾਢ ਤੋਂ ਬਾਅਦ ਮਨੁੱਖ ਨੇ ਬਹੁਤ ਵਿਕਾਸ ਕੀਤਾ ਸੀ। ਅੱਗ ਦਾ ਸਦਉਪਯੋਗ ਨਾ ਹੋਵੇ ਤਾਂ ਇਹ ਵਿਨਾਸ਼ ਦਾ ਪ੍ਰਤੀਕ ਬਣ ਜਾਂਦੀ ਹੈ।

5 ਜੂਨ

# ਉੱਚੇ ਦਰ ’ਤੇ ਹਮਲਾ

ਅਫ਼ਗਾਨਿਸਤਾਨ ਵਿਚ ਇਕ ਵਾਰ ਫਿਰ ਕੱਟੜਪੰਥੀਆਂ ਨੇ ਨਾਨਕ ਦੇ ਉੱਚੇ ਦਰ ’ਤੇ ਹਮਲਾ ਕਰ ਕੇ ਬੁਜ਼ਦਿਲੀ ਦਾ ਸਬੂਤ ਦਿੱਤਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਅਫ਼ਗਾਨਿਸਤਾਨ ਵੱਲੋਂ ਗੁਰਧਾਮਾਂ ’ਤੇ ਕਈ ਹਮਲੇ ਹੋ ਚੁੱਕੇ ਹਨ ਜਿਨ੍ਹਾਂ ’ਚ ਕਈ ਨਿਹੱਥੇ ਅਤੇ ਨਿਰਦੋਸ਼ ਸਿੱਖਾਂ ਨੇ ਜਾਨ ਗੁਆਈ ਹੈ। ਮੁਸਲਮਾਨਾਂ ਦੇ ਮੁਕਾਬਲੇ ਸਿੱਖਾਂ/ਹਿੰਦੂਆਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ। ਪਿਛਲੇ ਸਾਲ 16 ਅਗਸਤ ਨੂੰ ਦੋ ਦਹਾਕਿਆਂ ਬਾਅਦ ਜਦੋਂ ਤਾਲਿਬਾਨ ਨੇ ਸੱਤਾ ਹਥਿਆਈ ਤਾਂ ਅਵਾਮ ਵਿਚ ਖਲਬਲੀ ਮਚ ਗਈ ਸੀ। ਦਹਿਸ਼ਤਗ੍ਰਸਤ ਲੋਕ ਆਪਣੀ ਮਿੱਟੀ ਦਾ ਮੋਹ ਤਿਆਗ ਕੇ ਮੁਲਕ ’ਚੋਂ ਪਲਾਇਨ ਕਰ ਰਹੇ ਸਨ। ਹਫੜਾ-ਦਫੜੀ ’ਚ ਜਹਾਜ਼ ਦੇ ਪਰਾਂ ਨੂੰ ਫੜ ਕੇ ਵਤਨ ਤੋਂ ਰੁਖ਼ਸਤ ਹੋਣ ਦੀ ਕੋਸ਼ਿਸ਼ ਕਰਨ ਵਾਲੇ ਕੁਝ ਅਫ਼ਗਾਨ ਨਾਗਰਿਕਾਂ ਦੇ ਉੱਡਦੇ ਜਹਾਜ਼ ’ਚੋਂ ਡਿੱਗਣ ਵਾਲਾ ਭਿਅੰਕਰ ਮੰਜ਼ਿਰ ਪੂਰੇ ਆਲਮ ਨੇ ਦੇਖਿਆ ਸੀ। ਦਹਿਸ਼ਤ ਦੇ ਸਾਏ ਵਿਚ ਸੱਤਾ ਸੰਭਾਲਣ ਤੋਂ ਬਾਅਦ ਤਾਨਾਸ਼ਾਹ ਤਾਲਿਬਾਨ ਨੇ ਅਵਾਮ ਨੂੰ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਦਾ ਭਰੋਸਾ ਦਿੱਤਾ ਸੀ। ਇਸ ਦੇ ਬਾਵਜੂਦ ਬਹੁਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਣੇ ਆਪਣੇ ਬਾਲ-ਬੱਚਿਆਂ ਨੂੰ ਲੈ ਕੇ ਭਾਰਤ ਪੁੱਜ ਗਏ ਸਨ। ਇਕ ਸਮਾਂ ਸੀ ਜਦੋਂ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਆਬਾਦੀ ਪੰਜ ਲੱਖ ਦੇ ਕਰੀਬ ਸੀ। ਅੱਜ ਹਾਲਾਤ ਇਹ ਹਨ ਕਿ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਗਿਣਤੀ ਸੈਂਕੜਿਆਂ ਤਕ ਮਹਿਦੂਦ ਹੋ ਗਈ ਹੈ। ਇਹ ਉਹ ਸ਼ਰਧਾਵਾਨ ਸਿੱਖ ਹਨ ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਗੈਰ ਗੁਰਧਾਮਾਂ ਦੀ ਸੇਵਾ-ਸੰਭਾਲ ਕੀਤੀ ਹੋਈ ਹੈ। ਕੱਟੜਪੰਥੀਆਂ ਨੇ ‘ਸਰਬੱਤ ਦਾ ਭਲਾ’ ਮੰਗਣ ਵਾਲੀ ਕੌਮ ਦੇ ਧਾਮ ’ਤੇ ਹਮਲਾ ਕਰ ਕੇ ਸਿੱਖਾਂ ਦੀ ਅਫ਼ਗਾਨਿਸਤਾਨ ਨਾਲ ਪੰਜ ਸਦੀਆਂ ਤੋਂ ਵੱਧ ਵਾਲੀ ਸਾਂਝ ਨੂੰ ਤੋੜਨ ਦੀ ਹਿਮਾਕਤ ਕੀਤੀ ਹੈ। ਪਸ਼ਤੋ ਵਿਚ ਤਾਲਿਬਾਨ ਦਾ ਅਰਥ ‘ਵਿਦਿਆਰਥੀ’ ਹੈ ਤੇ ਸਿੱਖ ਦਾ ਅਰਥ ਸਿਖਿਆਰਥੀ ਹੈ। ਮੁਸਲਮਾਨ ਅਤੇ ਸਿੱਖ ਦੋਨੋਂ ਇਕ ਹੀ ਰੱਬ ਦੀ ਇਬਾਦਤ ਕਰਦੇ ਹਨ। ਦੋਹਾਂ ਫਿਰਕਿਆਂ ਦੇ ਅਕੀਦਿਆਂ ’ਚ ਕਈ ਸਮਾਨਤਾਵਾਂ ਹਨ। ਵੈਸੇ ਵੀ ਕੋਈ ਧਰਮ ਇਕ-ਦੂਜੇ ਨਾਲ ਵੈਰ ਕਮਾਉਣ ਦੀ ਸਿੱਖਿਆ ਨਹੀਂ ਦਿੰਦਾ। ਤਾਲਿਬਾਨ ਦੀ ਕਾਇਰਤਾ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਮਲਾਲਾ ਯੂਸਫਜ਼ਈ ਵਰਗੀਆਂ ਮਾਸੂਮ ਵਿਦਿਆਰਥਣਾਂ ’ਤੇ ਵੀ ਹਮਲਾ ਕਰਨ ਤੋਂ ਸੰਕੋਚ ਨਹੀਂ ਕਰਦਾ। ਸੰਨ 2001 ਵਿਚ ਅੰਤਰਰਾਸ਼ਟਰੀ ਵਿਰੋਧ ਦੇ ਬਾਵਜੂਦ ਇਸਲਾਮਿਕ ਕੱਟੜਪੰਥੀਆਂ ਨੇ ਮੱਧ ਅਫ਼ਗਾਨਿਸਤਾਨ ਸਥਿਤ ਬਾਮਿਆਨ ਦੀਆਂ ਪਹਾੜੀਆਂ ’ਚ ਚੱਟਾਨ ਨੂੰ ਕੱਟ ਕੇ ਬਣਾਏ ਮਹਾਤਮਾ ਬੁੱਧ ਦੇ

ਵਿਸ਼ਾਲ ਬੁੱਤ ਨੂੰ ਤੋਪਾਂ ਨਾਲ ਟੁਕੜੇ-ਟੁਕੜੇ ਕਰ ਦਿੱਤਾ ਸੀ। ਅਹਿੰਸਾ ਦੇ ਮਸੀਹਾ ਨੂੰ ਤਹਿਸ-ਨਹਿਸ ਕਰਨ ਲਈ ਬਾਰੂਦ ਦੀ ਵਰਤੋਂ ਕਰਨ ਨਾਲ ਤਾਲਿਬਾਨ ਦੀ ਵਿਸ਼ਵ ਭਰ ਵਿਚ ਤੋਏ-ਤੋਏ ਹੋਈ ਸੀ। ਪਸ਼ਤੂਨ ਅੰਦੋਲਨ ਦਾ ਆਗਾਜ਼ ਦਰਅਸਲ ਮਦਰੱਸਿਆਂ 'ਚੋਂ ਹੋਇਆ ਸੀ। ਸਾਊਦੀ ਅਰਬ ਤੋਂ ਆਈ ਮਣਾਂ-ਮੂੰਹੀ ਦੌਲਤ ਦੀ ਬਦੌਲਤ ਮਦਰੱਸਿਆਂ 'ਚੋਂ ਸੁੰਨੀ ਇਸਲਾਮ ਦਾ ਪ੍ਰਚਾਰ ਹੁੰਦਾ ਸੀ। ਜਿਸ ਨਾਲ ਸ਼ੀਆ ਮੁਸਲਮਾਨਾਂ ਖ਼ਿਲਾਫ਼ ਜਿਹਾਦ ਖੜ੍ਹਾ ਹੋਇਆ ਸੀ। ਇਸਲਾਮਿਕ ਦੇਸ਼ਾਂ ਦੀਆਂ ਗਲੀਆਂ ਤੇ ਕੂਚਿਆਂ ਨੂੰ ਸ਼ੀਆ ਮੁਸਲਮਾਨਾਂ ਦੇ ਖ਼ੂਨ ਨਾਲ ਰੰਗਿਆ ਜਾ ਰਿਹਾ ਸੀ। ਗਿਆਰਾਂ ਸਤੰਬਰ 2001 ਨੂੰ ਨਿਊਯਾਰਕ ਦੇ ਜੁੜਵੇਂ ਮੀਨਾਰਾਂ 'ਚੋਂ ਜਹਾਜ਼ ਕੱਢ ਕੇ ਵਰਲਡ ਟਰੇਡ ਸੈਂਟਰ ਨੂੰ ਮਲੀਆਮੇਟ ਕਰਨ ਤੋਂ ਬਾਅਦ ਅਲ-ਕਾਇਦਾ ਦੀ ਸ਼ਾਮਤ ਆ ਗਈ ਸੀ। ਅਜਿਹੇ ਹਾਲਾਤ ਵਿਚ ਪਾਕਿਸਤਾਨ ਅਲ-ਕਾਇਦਾ ਦੇ ਦਹਿਸ਼ਤਪਸੰਦਾਂ ਲਈ ਪਸੰਦੀਦਾ ਪਨਾਹਗਾਹ ਬਣ ਗਿਆ। ਪਾਕਿਸਤਾਨ ਦੇ ਐਬਟਾਬਾਦ ਵਿਚ ਅਮਰੀਕਾ ਵੱਲੋਂ ਅਲ-ਕਾਇਦਾ ਦੇ ਬਾਨੀ ਓਸਾਮਾ-ਬਿਨ-ਲਾਦੇਨ ਨੂੰ ਮਾਰ ਕੇ ਉਸ ਦੀ ਲੋਥ ਨੂੰ ਸਪੁਰਦ-ਏ-ਖ਼ਾਕ ਕਰਨ ਦੀ ਬਜਾਏ ਸਮੁੰਦਰ ਦੀਆਂ ਲਹਿਰਾਂ ਦੇ ਹਵਾਲੇ ਕਰ ਕੇ ਦਹਿਸ਼ਤ ਦਾ ਬੀਜ ਨਾਸ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ। ਹਕੀਕਤ ਇਸ ਦੇ ਉਲਟ ਨਿਕਲੀ। ਦਹਿਸ਼ਤਗਰਦੀ ਦੀਆਂ ਜੜ੍ਹਾਂ ਕੈਂਸਰ ਤੋਂ ਵੀ ਤੇਜ਼ੀ ਨਾਲ ਕਈ ਹੋਰ ਮੁਲਕਾਂ ਵਿਚ ਫੈਲ ਗਈਆਂ ਸਨ। ਅਮਰੀਕੀ ਗੱਠਜੋੜ ਫ਼ੌਜ ਨੇ ਤਾਲਿਬਾਨ ਨੂੰ 2001 ਵਿਚ ਹੀ ਸੱਤਾ ਤੋਂ ਬਾਹਰ ਕਰ ਦਿੱਤਾ ਸੀ। ਇਸ ਦੇ ਬਾਵਜੂਦ ਤਾਲਿਬਾਨ ਜ਼ਖ਼ਮੀ ਸ਼ੇਰਾਂ ਵਾਂਗ ਦਹਿਸ਼ਤ ਫੈਲਾ ਕੇ ਆਪਣੀ ਹੋਂਦ ਜਤਾਉਂਦੇ ਰਹੇ। ਆਖਿਰ ਅਮਰੀਕਾ ਨੂੰ ਦੋ ਦਹਾਕਿਆਂ ਤੋਂ ਬਾਅਦ ਅਫ਼ਗਾਨਿਸਤਾਨ ਦੀ ਧਰਤੀ ਨੂੰ ਅਲਵਿਦਾ ਕਹਿਣੀ ਪਈ ਅਤੇ ਉੱਥੋਂ ਦੇ ਰਾਸ਼ਟਰਪਤੀ ਨੂੰ ਮੁਲਕ ਛੱਡ ਕੇ ਭੱਜਣਾ ਪਿਆ ਸੀ। ਅਜਿਹੇ ਫ਼ੈਸਲੇ ਤੋਂ ਬਾਅਦ ਅਮਰੀਕਾ ਦੇ ਸਦਰ ਜੋਅ ਬਾਇਡਨ ਦੀ ਵਿਸ਼ਵ ਪੱਧਰ 'ਤੇ ਕਿਰਕਿਰੀ ਹੋਈ ਸੀ। ਸੱਤਾ ਸੰਭਾਲਣ ਵਾਲਿਆਂ ਵਿਚ ਅੰਤਰਰਾਸ਼ਟਰੀ ਪੱਧਰ ਦੇ ਦਹਿਸ਼ਤਗਰਦ ਵੀ ਸ਼ਾਮਲ ਸਨ ਜਿਨ੍ਹਾਂ ਦੇ ਸਿਰ 'ਤੇ ਅਮਰੀਕਾ ਨੇ ਵੀ ਲੱਖਾਂ ਡਾਲਰ ਦਾ ਇਨਾਮ ਰੱਖਿਆ ਸੀ। ਪਾਕਿਸਤਾਨ, ਦੁਨੀਆ ਦੇ ਉਨ੍ਹਾਂ ਤਿੰਨ ਮੁਲਕਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੇ ਤਾਲਿਬਾਨ ਦੀ ਹਕੂਮਤ ਨੂੰ ਸਭ ਤੋਂ ਪਹਿਲਾਂ ਮਾਨਤਾ ਦਿੱਤੀ ਸੀ। ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਸ਼ਾਮਲ ਹਨ। ਸ਼ਰੀਆ ਕਾਨੂੰਨ ਨੂੰ ਇੰਨ-ਬਿੰਨ ਲਾਗੂ ਕਰਨ ਦਾ ਦਾਅਵਾ ਕਰਨ ਵਾਲੇ ਤਾਲਿਬਾਨ ਗੈਰ-ਮੁਸਲਮਾਨਾਂ ਨੂੰ ਕਾਫ਼ਰ ਸਮਝਦੇ ਹਨ। ਕੁੜੀਆਂ ਨੂੰ ਸਕੂਲੇ ਜਾਣੋਂ ਵਰਜਦੇ ਹਨ। ਟੈਲੀਵਿਜ਼ਨ ਦੀਆਂ ਐਂਕਰ ਕੁੜੀਆਂ 'ਤੇ ਹਮਲੇ ਆਮ ਵਰਤਾਰਾ ਹਨ। ਸੰਗੀਤ ਕੰਨਾਂ ਵਿਚ ਪੈਣ ਸਾਰ ਤਾਲਿਬਾਨ ਪਾਗਲ ਹੋ ਜਾਂਦੇ ਹਨ। ਅਫ਼ਗਾਨਿਸਤਾਨ ਵਿਚ ਸਾਜ਼ ਚੁੱਪ ਹਨ। ਪਹਾੜੀ ਝਰਨਿਆਂ ਅਤੇ ਰੁੱਖਾਂ 'ਚੋਂ ਲੰਘਦੀ ਪੁਰੇ ਦੀ ਪੌਣ ਦੇ ਸੰਗੀਤ ਨੂੰ ਖੰਡਿਤ ਕਰਨ ਲਈ ਅਗਨੀ ਹਥਿਆਰਾਂ ਦਾ ਸਹਾਰਾ ਲਿਆ ਜਾਂਦਾ ਹੈ। ਗੁਰਦੁਆਰਿਆਂ 'ਤੇ ਹਮਲੇ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਬਾਣੀ ਰਾਗਾਂ 'ਚ ਰਚੀ ਹੋਈ ਹੈ। ਕੱਟੜਪੰਥੀ ਇਸ ਤੱਥ ਤੋਂ ਅਣਭਿੱਜ ਹਨ ਕਿ ਸਾਂਝੀਵਾਲਤਾ ਦੇ ਗ੍ਰੰਥ ਵਿਚ ਪੰਜਾਬੀ ਦੇ ਆਦਿ ਕਵੀ ਅਤੇ ਸੂਫ਼ੀ

ਸੰਤ ਬਾਬਾ ਫ਼ਰੀਦ ਜੀ ਦੀ ਬਾਣੀ ਵੀ ਅੰਕਿਤ ਹੈ। ਅਫ਼ਗਾਨਿਸਤਾਨ 'ਚ ਰਹਿ ਗਏ ਚੰਦ ਸਿੱਖ ਪਰਿਵਾਰ ਕਹਿੰਦੇ ਹਨ ਕਿ ਜੇ ਉੱਥੇ ਗੁਰਧਾਮ ਨਾ ਹੁੰਦੇ ਤਾਂ ਉਹ ਆਪਣੇ ਪੁਰਖਿਆਂ ਦੀ ਧਰਤੀ ਨੂੰ ਕਦੋਂ ਦੇ ਅਲਵਿਦਾ ਕਹਿ ਗਏ ਹੁੰਦੇ। ਅੱਠ ਸਾਲ ਪਹਿਲਾਂ 15 ਅਗਸਤ 2014 ਨੂੰ ਬਰਾਸਤਾ ਬੈਲਜੀਅਮ 35 ਸਿੱਖ ਸ਼ਿਪਿੰਗ ਕੰਟੇਨਰ ਵਿਚ ਲੁਕ ਕੇ ਲੰਡਨ ਦੀ ਬੰਦਰਗਾਹ ਵਿਖੇ ਪੁੱਜ ਗਏ ਸਨ। ਇਨ੍ਹਾਂ 'ਚ 13 ਬੱਚੇ ਵੀ ਸ਼ਾਮਲ ਸਨ। ਕੰਟੇਨਰ ਵਿਚ ਕੋਈ ਬਾਰੀ ਜਾਂ ਖਿੜਕੀ ਨਾ ਹੋਣ ਕਾਰਨ ਇਕ ਸਿੱਖ ਦੀ ਮੌਤ ਹੋ ਗਈ ਸੀ। ਇਸ ਖ਼ਬਰ ਦੇ ਨਸ਼ਰ ਹੋਣ ਨਾਲ ਸਨਸਨੀ ਫੈਲ ਗਈ ਜਿਸ ਨਾਲ ਇਸਲਾਮਿਕ ਕੱਟੜਪੰਥੀਆਂ ਦਾ ਕਰੂਰ ਚਿਹਰਾ ਬੇਨਕਾਬ ਹੋਇਆ ਸੀ। ਤਾਲਿਬਾਨ ਦੇ ਮੁੜ ਕਬਜ਼ੇ ਤੋਂ ਬਾਅਦ ਅਫ਼ਗਾਨਿਸਤਾਨ ਵਿਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ।

19 ਜੂਨ

# ਪਹਿਲਾ ਪਾਣੀ ਜੀਉ ਹੈ...

ਦੁਨੀਆ ਭਰ ਦੀਆਂ ਤਮਾਮ ਮੁੱਢ-ਕਦੀਮੀ ਸੱਭਿਅਤਾਵਾਂ ਦਾ ਜਨਮ ਦਰਿਆਵਾਂ ਅਤੇ ਸਮੁੰਦਰਾਂ ਦੇ ਕਿਨਾਰਿਆਂ 'ਤੇ ਹੀ ਹੋਇਆ ਸੀ। ਦਰਿਆਵਾਂ ਕੰਢੇ ਨਗਰ ਅਤੇ ਸਾਗਰਾਂ ਕਿਨਾਰੇ ਮਹਾਨਗਰ ਵਸ ਗਏ। ਮਨੁੱਖ ਪੰਜ ਭੂਤਾਂ (ਪਦਾਰਥਿਕ ਤੱਤਾਂ) ਤੋਂ ਬਣਿਆ ਪੁਤਲਾ ਹੈ ਜਿਸ ਵਿਚ ਪੌਣ, ਪਾਣੀ, ਅਗਨੀ, ਮਿੱਟੀ ਤੇ ਅਕਾਸ਼ ਸ਼ਾਮਲ ਹਨ। ਇਨ੍ਹਾਂ ਪੰਜਾਂ 'ਚੋਂ ਕਿਸੇ ਵੀ ਤੱਤ ਨੂੰ ਮਨਫ਼ੀ ਕਰ ਦੇਈਏ ਤਾਂ ਮਨੁੱਖ ਦੀ ਹੋਂਦ ਹੀ ਖ਼ਤਮ ਹੋ ਸਕਦੀ ਹੈ। ਪਾਣੀ ਤੋਂ ਬਿਨਾਂ ਤਾਂ ਮਨੁੱਖ ਚੰਦ ਘੜੀਆਂ ਦਾ ਮਹਿਮਾਨ ਹੁੰਦਾ ਹੈ। ਗੁਰਬਾਣੀ ਵਿਚ ਅੰਕਿਤ ਹੈ, "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" ਅਰਥਾਤ ਪਾਣੀ ਖ਼ੁਦ ਜੀਵ ਹੈ ਜਿਸ ਨਾਲ ਹਰੇਕ ਜੀਵ ਜਿਊਂਦਾ ਹੈ। ਪਾਣੀ ਤੋਂ ਬਗ਼ੈਰ ਜੀਵਨ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ। ਪੰਜਾਬ ਦਾ ਨਾਮਕਰਨ ਅਠਖੇਲੀਆਂ ਕਰਦੇ ਪੰਜ-ਆਬ (ਪੰਜ ਦਰਿਆਵਾਂ) ਦੀ ਬਦੌਲਤ ਹੋਂਦ ਵਿਚ ਆਇਆ ਹੈ। ਦੇਵ ਭੂਮੀ, ਹਿਮਾਚਲ 'ਚੋਂ ਹੱਥ ਦੀਆਂ ਪੰਜ ਉਂਗਲੀਆਂ ਵਾਂਗ ਨਿਕਲਦੇ ਦਰਿਆਵਾਂ ਨੇ ਇਸ ਧਰਤੀ ਨੂੰ ਜਰਖੇਜ਼ ਬਣਾਇਆ ਸੀ। ਅੰਮ੍ਰਿਤ-ਵੰਨੇ ਕਲਕਲ ਵਗਦੇ ਦਰਿਆਵਾਂ ਨੇ ਦੂਰ-ਦੁਰਾਡੇ ਵਸਦੇ ਆਦਮ-ਹੱਵਾ ਦੇ ਜਾਇਆਂ ਨੂੰ ਆਪਣੇ ਵੱਲ ਖਿੱਚਿਆ। ਮਹਿੰਜੋਦੜੋ ਤੇ ਹੜੱਪਾ ਸੱਭਿਅਤਾਵਾਂ ਦਾ ਪੰਘੂੜਾ ਰਹੇ ਪੰਜ ਪਾਣੀਆਂ ਦੇ ਕਿਨਾਰਿਆਂ 'ਤੇ ਰਿਗਵੇਦ ਵਰਗੇ ਪ੍ਰਾਚੀਨ ਗ੍ਰੰਥ ਰਚੇ ਗਏ। ਸਵੱਸ਼ ਪੌਣ-ਪਾਣੀ ਦੀ ਬਦੌਲਤ ਹੋਂਦ ਵਿਚ ਆਈਆਂ ਹਰੀਆਂ ਚਰਾਂਦਾਂ ਨੇ ਇਸ ਖਿੱਤੇ ਨੂੰ ਅੰਤਾਂ ਦੀ ਖੁਸ਼ਹਾਲੀ ਬਖ਼ਸ਼ੀ ਸੀ। ਪਾਣੀ, ਦਰਅਸਲ ਪੰਜਾਬ ਦਾ ਸਭ ਤੋਂ ਵੱਡਾ ਕੁਦਰਤੀ ਸਰੋਤ ਹੈ। ਪੰਜਾਬ ਦਾ ਸਭ ਤੋਂ ਵੱਡਾ ਦੁਖਾਂਤ ਇਸ ਦਾ ਭੂਗੋਲਿਕ ਤੌਰ 'ਤੇ ਤਕਸੀਮ ਹੁੰਦੇ ਰਹਿਣਾ ਹੈ। ਇਸ ਤੋਂ ਵੀ ਵੱਡੀ ਤ੍ਰਾਸਦੀ ਪੰਜਾਬੀਆਂ ਦਾ ਵੰਡੇ ਜਾਣਾ ਹੈ। ਦੇਸ਼ ਦੀ ਵੰਡ ਵੇਲੇ ਸਾਡੇ ਢਾਈ-ਢਾਈ ਦਰਿਆ ਚੜ੍ਹਦੇ ਤੇ ਲਹਿੰਦੇ ਪੰਜਾਬਾਂ 'ਚ ਵੰਡੇ ਗਏ। ਮੁਲਕ ਦੀ ਤਕਸੀਮ ਵੇਲੇ ਸਾਡੀ ਲੋਕਧਾਰਾ ਵਿਚ ਧੜਕਣ ਵਾਲੀ ਰਾਵੀ ਨਿਰਦੋਸ਼ਾਂ ਦੇ ਖ਼ੂਨ ਨਾਲ ਲਹੂ-ਲੁਹਾਣ ਹੋ ਗਈ ਸੀ। ਇਸ ਤੋਂ ਬਾਅਦ ਪਹਿਲੀ ਨਵੰਬਰ 1966 ਨੂੰ ਪੰਜਾਬ ਦੇ ਪੁਨਰਗਠਨ ਨੇ ਅੰਤਰ-ਰਾਜੀ ਦਰਿਆਵਾਂ ਦੀ ਵੰਡ ਦੇ ਰੇੜਕੇ ਨੂੰ ਜਨਮ ਦਿੱਤਾ। ਪਾਣੀ ਭਾਵੇਂ ਦੁਨੀਆ ਭਰ ਦਾ ਵੱਡਾ ਮੁੱਦਾ ਹੈ ਪਰ ਪੰਜਾਬ ਲਈ ਇਹ ਬੇਹੱਦ ਸੰਵੇਦਨਸ਼ੀਲ ਮਸਲਾ ਬਣ ਕੇ ਉੱਭਰਿਆ ਹੈ। ਸਿਆਣੇ ਕਹਿੰਦੇ ਹਨ ਕਿ ਪਾਣੀਆਂ ਨੂੰ ਭਾਵੇਂ ਅੱਗ ਨਹੀਂ ਲੱਗ ਸਕਦੀ ਪਰ ਜੇ ਲੱਗ ਜਾਵੇ ਤਾਂ ਬੁਝਣ ਦਾ ਨਾਂ ਨਹੀਂ ਲੈਂਦੀ। ਅੰਤਰ-ਰਾਜੀ ਦਰਿਆਵਾਂ ਦੇ ਪਾਣੀਆਂ ਨੂੰ ਜਿੰਨਾ ਵੀ ਰਿੜਕਿਆ ਗਿਆ, ਓਨਾ ਹੀ ਰੇੜਕਾ ਵਧਿਆ ਹੈ। ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ 29 ਮਈ 2022 ਨੂੰ

ਹੋਏ ਸਨਸਨੀਖੇਜ਼ ਕਤਲ ਤੋਂ ਬਾਅਦ ਚੰਦ ਦਿਨ ਪਹਿਲਾਂ ਰਿਲੀਜ਼ ਹੋਏ ਉਸ ਦੇ ਗੀਤ 'ਐੱਸਵਾਈਐੱਲ' ਨੇ ਉਬਲਦੇ ਪਾਣੀਆਂ ਵਿਚ ਮਧਾਣੀ ਪਾ ਕੇ ਇਸ ਮੁੱਦੇ ਨੂੰ ਇਕ ਵਾਰ ਫਿਰ ਮਘਾ ਦਿੱਤਾ ਹੈ। ਯੂਟਿਊਬ 'ਤੇ ਆਲਮੀ ਪੱਧਰ 'ਤੇ ਟਰੈਂਡ ਕਰ ਰਹੇ ਇਸ ਗੀਤ ਬਾਰੇ ਲੱਖਾਂ ਟਿੱਪਣੀਆਂ ਆ ਰਹੀਆਂ ਹਨ। ਕਈ ਉਸ ਦੇ ਸੋਹਲੇ ਗਾ ਰਹੇ ਹਨ ਤੇ ਕਈ ਉਸ ਨੂੰ ਬੁਰਾ-ਭਲਾ ਕਹਿ ਰਹੇ ਹਨ। ਗੀਤ ਦੇ ਨਾਲ ਦਿੱਤੀਆਂ ਵੀਡੀਓ ਕਾਤਰਾਂ ਬਾਰੇ ਵੀ ਵੱਖਰੀ-ਵੱਖਰੀ ਪ੍ਰਤੀਕ੍ਰਿਆ ਆਈ ਹੈ। ਕਤਲ ਤੋਂ ਬਾਅਦ ਵੀ ਵਿਵਾਦਾਂ ਨੇ ਉਸ ਦਾ ਖਹਿੜਾ ਨਹੀਂ ਛੱਡਿਆ। ਪੰਜਾਬੀ ਦਾ ਉਹ ਪਹਿਲਾ ਗੀਤਕਾਰ/ਗਾਇਕ ਹੈ ਜਿਸ ਦੇ ਕਈ ਗੀਤ ਬਿਲਬੋਰਡ ਮਿਊਜ਼ਿਕ ਸੂਚੀ ਵਿਚ ਸਭ ਤੋਂ ਵੱਧ ਸੁਣੇ ਜਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਅੱਠ ਅਪ੍ਰੈਲ 1982 ਨੂੰ ਕਪੂਰੀ ਪਿੰਡ ਵਿਖੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਗਾਉਣ ਤੋਂ ਗਿਆਰਾਂ ਸਾਲ ਬਾਅਦ (11 ਜੂਨ 1993) ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਮੂਸੇ ਵਿਚ ਸਿੱਧੂ ਮੂਸੇਵਾਲਾ ਦਾ ਜਨਮ ਹੋਇਆ ਸੀ। ਇਸ ਤੋਂ ਵੀ ਵੱਧ ਹੈਰਾਨੀ ਇਸ ਗੱਲ ਦੀ ਹੈ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਜਿਸ ਖਾੜਕੂ ਬਲਵਿੰਦਰ ਸਿੰਘ ਜਟਾਣਾ ਦਾ ਗੀਤ ਵਿਚ ਜ਼ਿਕਰ ਕੀਤਾ ਗਿਆ ਹੈ, ਉਹ ਵੀ ਮੂਸੇਵਾਲਾ ਦੇ ਜਨਮ ਤੋਂ ਪਹਿਲਾਂ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਜਟਾਣਾ ਨੇ ਆਪਣੇ ਸਾਥੀਆਂ ਸਣੇ ਐੱਸਵਾਈਐੱਲ ਦੇ ਚੀਫ ਇੰਜੀਨੀਅਰ ਐੱਮਐੱਸ ਸੀਕਰੀ ਅਤੇ ਐੱਸਈ ਅਵਤਾਰ ਔਲਖ ਨੂੰ ਉਸ ਵੇਲੇ ਗੋਲ਼ੀਆਂ ਨਾਲ ਭੁੰਨ ਦਿੱਤਾ ਸੀ ਜਦੋਂ ਉਹ ਚੰਡੀਗੜ੍ਹ ਦੇ 26 ਸੈਕਟਰ ਵਿਚ ਆਪਣੇ ਦਫ਼ਤਰ ਵਿਚ ਮੀਟਿੰਗ ਕਰ ਰਹੇ ਸਨ। ਵਿਰੋਧੀਆਂ ਦਾ ਤਰਕ ਹੈ ਕਿ ਜਟਾਣੇ ਨੂੰ ਨਾਇਕ ਵਜੋਂ ਪੇਸ਼ ਕਰ ਕੇ ਸਿੱਧੂ ਮੂਸੇਵਾਲਾ ਨੇ ਬੰਦੂਕ ਸੱਭਿਆਚਾਰ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਿਲਬੋਰਡ ਮਿਊਜ਼ਿਕ ਚਾਰਟ ਅਤੇ ਯੂਟਿਊਬ 'ਤੇ ਛਾਏ ਹੋਏ ਮਰਹੂਮ ਗਾਇਕ ਦੇ ਦੀਵਾਨੇ ਗੈਰ-ਪੰਜਾਬੀ ਵੀ ਹਨ ਜਿਨ੍ਹਾਂ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਦੀ ਉੱਕਾ ਜਾਣਕਾਰੀ ਨਹੀਂ ਹੈ। ਇਸ ਦੇ ਬਾਵਜੂਦ ਕਮਾਲ ਦੀ ਪੰਜਾਬੀ ਬੀਟ ਉਨ੍ਹਾਂ ਨੂੰ ਨੱਚਣ-ਕੁੱਦਣ ਲਈ ਮਜਬੂਰ ਕਰਦੀ ਹੈ। ਨਵੀਂ ਪੀੜ੍ਹੀ ਦੇ ਦਿਲਾਂ 'ਤੇ ਉਹ ਛਾਇਆ ਹੋਇਆ ਹੈ। ਐੱਸਵਾਈਐੱਲ ਦਾ ਕੇਸ ਸੁਪਰੀਮ ਕੋਰਟ ਵਿਚ ਹਾਲੇ ਪੈਂਡਿੰਗ ਹੈ। ਕੇਸ ਦਾ ਫ਼ੈਸਲਾ ਪੰਜਾਬ ਦੇ ਵਿਰੁੱਧ ਆਇਆ ਤਾਂ ਇਹ ਗੀਤ ਨਿਸ਼ਚੇ ਹੀ ਭੜਕਾਹਟ ਪੈਦਾ ਕਰ ਸਕਦਾ ਹੈ। ਸਿੱਧੂ ਮੂਸੇਵਾਲਾ ਨੇ ਪਿਛਲੀ ਵਿਧਾਨ ਸਭਾ ਚੋਣ ਕਾਂਗਰਸ ਦੀ ਟਿਕਟ 'ਤੇ ਲੜੀ ਸੀ ਅਤੇ ਉਹ ਹਾਰ ਗਿਆ ਸੀ। 'ਐੱਸਵਾਈਐੱਲ' ਦੇ ਆਲੋਚਕ ਕਹਿੰਦੇ ਹਨ ਕਿ ਇਸ ਗੀਤ ਵਿਚ ਉਸ ਨੇ ਆਪਣੀ ਪਾਰਟੀ ਦੇ ਖ਼ਿਲਾਫ਼ ਇਕ ਅੱਖਰ ਵੀ ਨਹੀਂ ਬੋਲਿਆ। ਸਤਲੁਜ-ਯਮੁਨਾ ਲਿੰਕ ਕੈਨਾਲ ਦਾ ਇਤਿਹਾਸ ਇੰਦਰਾ ਗਾਂਧੀ ਅਤੇ ਕਾਂਗਰਸ ਦੀਆਂ ਨੀਤੀਆਂ-ਬਦਨੀਤੀਆਂ ਦੀ ਪਰਿਕਰਮਾ ਕਰਦਾ ਦਿਖਾਈ ਦਿੰਦਾ ਹੈ। ਤਵਾਰੀਖ ਕੂਕ-ਕੂਕ ਕੇ ਕਹਿੰਦੀ ਹੈ ਕਿ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ 'ਤੇ ਦਬਾਅ ਪਾ ਕੇ ਇੰਦਰਾ ਗਾਂਧੀ ਨੇ ਦਰਿਆਈ ਪਾਣੀਆਂ ਦੀ ਵੰਡ ਦਾ ਕੇਸ ਸੁਪਰੀਮ ਕੋਰਟ 'ਚੋਂ ਵਾਪਸ ਕਰਵਾਇਆ ਸੀ। ਜਦੋਂ ਉਸ ਨੇ ਨਾਂਹ-ਨੁੱਕਰ ਕੀਤੀ ਤਾਂ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ

ਅਹੁਦੇ ਤੋਂ ਫਾਰਗ ਕਰ ਦਿੱਤਾ ਸੀ। 'ਕੇਸ ਵਾਪਸ ਲੈਣਾ ਪੰਜਾਬ ਲਈ ਖ਼ੁਦਕੁਸ਼ੀ ਬਰਾਬਰ ਹੋਵੇਗਾ' ਦਾ ਰਾਗ ਅਲਾਪਣ ਵਾਲਾ ਮੁੱਖ ਮੰਤਰੀ ਦਬਾਅ ਵਿਚ ਆ ਗਿਆ ਤੇ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਨਾਲ ਵਿਤਕਰੇ ਦਾ ਮੁੱਢ ਬੰਨ੍ਹ ਗਿਆ। ਕਪੂਰੀ ਵਿਖੇ ਐੱਸਵਾਈਐੱਲ ਦਾ ਟੱਕ ਲਾਉਣ ਵੇਲੇ ਕੈਪਟਨ ਅਮਰਿੰਦਰ ਸਿੰਘ ਬਤੌਰ ਲੋਕ ਸਭਾ ਮੈਂਬਰ ਉੱਥੇ ਹਾਜ਼ਰ ਸੀ। ਭਾਵੇਂ ਸੰਨ 2004 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵਿਧਾਨ ਸਭਾ ਵਿਚ ਪਾਣੀਆਂ ਦੇ ਤਮਾਮ ਸਮਝੌਤਿਆਂ 'ਤੇ ਲਕੀਰ ਫੇਰ ਦਿੱਤੀ ਸੀ ਪਰ ਉਸ ਤਰੀਕ ਤਕ ਦੂਜੇ ਸੂਬਿਆਂ ਨੂੰ ਜਾ ਰਹੇ ਪਾਣੀ ਦੀ ਮਿਕਦਾਰ ਨੂੰ ਬਰਕਰਾਰ ਰੱਖਣ 'ਤੇ ਸਹੀ ਪਾਈ ਗਈ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਰਮਿਆਨ 24 ਜੁਲਾਈ 1985 ਨੂੰ ਹੋਏ ਸਿੱਧੇ ਸਮਝੌਤੇ ਤਹਿਤ ਐੱਸਵਾਈਐੱਲ ਦਾ ਅਧੂਰਾ ਕੰਮ 15 ਅਗਸਤ 1986 ਨੂੰ ਪੂਰਾ ਕਰਨ ਲਈ ਸਹਿਮਤੀ ਬਣੀ ਸੀ। ਇਤਿਹਾਸ ਨੂੰ ਸਮਨੁੱਖ ਰੱਖ ਕੇ ਜੇ ਗੀਤ ਦੀ ਰਚਨਾ ਕੀਤੀ ਗਈ ਹੁੰਦੀ ਤਾਂ ਉਪਰੋਕਤ ਤੱਥਾਂ ਦਾ ਵੀ ਜ਼ਿਕਰ ਹੋ ਜਾਣਾ ਸੀ। ਹਾਂ, ਇਹ ਇਕ ਕੌੜਾ-ਕੁਸੈਲਾ ਤੱਥ ਹੈ ਕਿ ਅੰਤਰ-ਰਾਜੀ ਝਗੜਿਆਂ-ਝਮੇਲਿਆਂ ਦੀ ਜੜ੍ਹ ਪੰਜਾਬ ਦੀ ਹੁੰਦੀ ਰਹੀ ਤਕਸੀਮ ਹੈ। ਮਗਰਬੀ ਤੇ ਮਸ਼ਰਕੀ (ਚੜ੍ਹਦਾ ਤੇ ਲਹਿੰਦਾ) ਪੰਜਾਬਾਂ ਦੀ ਵੰਡ ਨਾ ਹੁੰਦੀ ਤਾਂ ਸਾਡੇ ਰੰਗਲੇ ਪੰਜਾਬ ਦੀ ਧਰਤੀ 'ਤੇ ਅੱਜ ਵੀ ਪੰਜ ਦਰਿਆ ਵਹਿੰਦੇ ਹੁੰਦੇ ਜਿਨ੍ਹਾਂ ਨੇ ਅਣਗਿਣਤ ਪ੍ਰੀਤ ਕਹਾਣੀਆਂ ਨੂੰ ਜਨਮ ਦਿੱਤਾ ਹੈ। ਮੂਸੇਵਾਲੇ ਦਾ ਗੀਤ ਮਹਾ ਪੰਜਾਬ ਦੀ ਵਕਾਲਤ ਕਰਦਾ ਹੋਇਆ ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਮੰਗ ਰਿਹਾ ਹੈ। ਪੰਜਾਬ ਨਾ ਵੰਡਿਆ ਜਾਂਦਾ ਤਾਂ ਐੱਸਵਾਈਐੱਲ ਵਰਗੇ ਨਾਮੁਰਾਦ ਮਸਲੇ ਵੀ ਨਾ ਖੜ੍ਹੇ ਹੁੰਦੇ। ਤੇ ਨਾ ਹੀ 'ਤੁਪਕੇ' ਦੇ ਬੋਲ ਨਾਲ ਆਇਆ ਭਾਵਨਾਵਾਂ ਦਾ ਸੈਲਾਬ ਹੱਦਾਂ-ਬੰਨੇ ਰੋੜ੍ਹ ਰਿਹਾ ਹੁੰਦਾ। ਪੁਲਾਂ ਹੇਠੋਂ ਲੰਘ ਗਿਆ ਪਾਣੀ ਵਾਪਸ ਨਹੀਂ ਆਉਣਾ ਤੇ ਨਾ ਹੀ ਲੰਘ ਗਿਆ ਸਮਾਂ। ਤੇ ਨਾ ਹੀ ਸਮੇਂ ਨੂੰ ਪੁੱਠਾ ਗੇੜਾ ਦੇ ਕੇ ਮਹਾਪੰਜਾਬ ਨੂੰ ਮੁੜ ਬਹਾਲ ਕੀਤਾ ਜਾ ਸਕਦਾ ਹੈ। ਕਾਸ਼! ਪੰਜਾਬ ਦੇ ਟੁਕੜੇ ਨਾ ਹੁੰਦੇ ਤੇ ਨਾ ਹੀ ਦਿਲਾਂ ਦੇ। ਅਜਿਹੇ ਮਸਲਿਆਂ ਨੂੰ ਹੁਣ ਰਲ-ਮਿਲ ਕੇ ਹੱਲ ਕਰਨ ਦੀ ਲੋੜ ਹੈ। ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪੰਜ ਪਾਣੀਆਂ ਦੇ ਜਾਏ ਅੱਜ ਬੂੰਦ-ਬੂੰਦ ਨੂੰ ਤਰਸ ਰਹੇ ਹਨ। ਨਾਸਾ ਨੇ ਵੀ ਇਸ਼ਾਰਾ ਕੀਤਾ ਹੈ ਕਿ ਜੇ ਪੰਜਾਬ ਦੀ ਧਰਤੀ ਹੇਠਲਾ ਪਾਣੀ ਇੰਜ ਹੀ ਹੇਠਾਂ ਜਾਂਦਾ ਰਿਹਾ ਤਾਂ ਅਗਲੇ ਕੁਝ ਸਾਲਾਂ ਵਿਚ ਇਸ 'ਚੋਂ ਮਾਰੂਥਲ ਦਾ ਝਲਕਾਰਾ ਮਿਲਣਾ ਸ਼ੁਰੂ ਹੋ ਜਾਵੇਗਾ ਤੇ 'ਹਰੀ ਕ੍ਰਾਂਤੀ' ਲਿਆਉਣ ਵਾਲੇ ਖਿੱਤੇ 'ਚੋਂ ਹਰਿਆਵਲ ਲੋਪ ਹੋ ਜਾਵੇਗੀ।

26 ਜੂਨ

# ਖ਼ਤਰਨਾਕ ਰੁਝਾਨ

ਦੁਨੀਆ ਦੇ ਸਭ ਤੋਂ ਵੱਡੇ ਮੇਲਜੋਲ ਸੇਵਾ ਵਜੋਂ ਉੱਭਰੇ 'ਸੋਸ਼ਲ ਮੀਡੀਆ' ਦੀ ਭਰੋਸੇਯੋਗਤਾ 'ਤੇ ਨਿੱਤ ਉਂਗਲਾਂ ਉੱਠ ਰਹੀਆਂ ਹਨ। ਵੱਖ-ਵੱਖ ਸਾਈਟਾਂ ਦੇ ਵਰਤੋਂਕਾਰਾਂ ਨੂੰ ਗੁਮਰਾਹ ਹੋਣ ਤੋਂ ਬਚਾਉਣ ਲਈ ਕਈ ਸਜੱਗ ਅਦਾਰਿਆਂ ਨੇ 'ਰਿਐਲਿਟੀ ਚੈੱਕ' ਬਣਾਏ ਹੋਏ ਹਨ। ਇੱਕੀਵੀਂ ਸਦੀ ਵਿਚ 'ਸੋਸ਼ਲ ਮੀਡੀਆ' ਨੇ ਪੂਰੇ ਆਲਮ ਨੂੰ 'ਵਿਸ਼ਵ ਪਿੰਡ' ਬਣਾਉਣ ਲਈ ਪੁਲ ਉਸਾਰੇ ਸਨ। ਸੂਚਨਾਵਾਂ ਦੇ ਅਦਾਨ-ਪ੍ਰਦਾਨ ਵਿਚ ਆਈ ਕ੍ਰਾਂਤੀ ਨੂੰ ਵਰਦਾਨ ਸਮਝਿਆ ਜਾ ਰਿਹਾ ਸੀ। ਇਹ ਭਰਮ ਉਦੋਂ ਟੁੱਟਣਾ ਸ਼ੁਰੂ ਹੋਇਆ ਜਦੋਂ ਗੈਰ-ਸਮਾਜੀ ਅਨਸਰਾਂ ਨੇ 'ਸੋਸ਼ਲ ਮੀਡੀਆ' ਦੀ ਕੁਵਰਤੋਂ/ਦੁਰਵਰਤੋਂ ਕਰ ਕੇ ਸਮਾਜ ਵਿਚ ਨਫ਼ਰਤ ਫੈਲਾਉਣੀ ਸ਼ੁਰੂ ਕਰ ਦਿੱਤੀ। ਕਈ ਦੇਸ਼ਾਂ ਵਿਚ ਸਮਾਜਿਕ ਲਹਿਰਾਂ ਦਾ ਸਬੱਬ ਬਣਨ ਵਾਲਾ 'ਸੋਸ਼ਲ ਮੀਡੀਆ' ਹੁਣ ਸਮਾਜ ਨੂੰ ਜੋੜਨ ਦੀ ਬਜਾਏ ਤੋੜਨ ਦਾ ਕਾਰਨ ਬਣ ਰਿਹਾ ਹੈ। ਗੈਰ-ਜ਼ਿੰਮੇਵਾਰਾਨਾ ਪੋਸਟ ਜੰਗਲ ਦੀ ਅੱਗ ਤੋਂ ਵੀ ਤੇਜ਼ੀ ਨਾਲ ਸੱਤ ਸਮੁੰਦਰ ਪਾਰ ਕਰ ਜਾਂਦੀ ਹੈ। ਸੰਚਾਰ ਮਾਧਿਅਮਾਂ ਦੀ ਭਰਮਾਰ ਨੇ ਦੁਨੀਆ ਨੂੰ ਵਖ਼ਤ ਪਾਇਆ ਹੋਇਆ ਹੈ। ਵਰਤੋਂਕਾਰਾਂ ਲਈ ਸੱਚ ਅਤੇ ਝੂਠ ਦਾ ਨਿਤਾਰਾ ਕਰਨਾ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਤਕਨੀਕ ਦੀ ਦੁਰਵਰਤੋਂ ਹੋਰ ਵੀ ਖ਼ਤਰਨਾਕ ਸਾਬਿਤ ਹੋ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਮਹਾਰਾਸ਼ਟਰ ਵਿਚ ਮਚਿਆ ਸਿਆਸੀ ਤੂਫ਼ਾਨ ਸੀ। ਸ਼ਿਵ ਸੈਨਾ ਦੀ ਖਾਨਾਜੰਗੀ ਵੇਲੇ ਤਤਕਾਲੀ ਮੁੱਖ ਮੰਤਰੀ ਊਧਵ ਠਾਕਰੇ ਦੇ ਕਰੀਬੀ ਸੰਸਦ ਮੈਂਬਰ ਸੰਜੇ ਰਾਊਤ ਦੇ ਰੋਣੇ ਚਿਹਰੇ ਵਾਲੀ ਵੀਡੀਓ ਖ਼ੂਬ ਵਾਇਰਲ ਹੋਈ। ਘੋਖ-ਪੜਤਾਲ ਤੋਂ ਬਾਅਦ ਪਤਾ ਲੱਗਾ ਕਿ ਰਾਊਤ ਦੀ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ ਜਿਸ ਕਾਰਨ ਉਸ ਦੇ ਸਹਿਜ ਚਿਹਰੇ ਨੂੰ ਰੋਣਹਾਕਾ ਬਣਾਇਆ ਗਿਆ ਸੀ। ਵੀਡੀਓ ਦੇਖਣ ਵਾਲਿਆਂ ਨੂੰ ਲੱਗ ਰਿਹਾ ਸੀ ਜਿਵੇਂ ਊਧਵ ਠਾਕਰੇ ਦੀ ਟੁੱਟ ਰਹੀ ਸਰਕਾਰ ਦਾ ਜ਼ਿਕਰ ਕਰਦਿਆਂ ਰਾਊਤ ਰੋ ਪਏ ਹੋਣ। ਦਰਅਸਲ, ਇਕ ਨੈਸ਼ਨਲ ਚੈਨਲ ਨੂੰ ਇੰਟਰਵਿਊ ਦੇਣ ਵਾਲੀ ਵੀਡੀਓ ਕਾਤਰ ਵਿਚ ਸਨੈਪਚੈਟ ਦਾ 'ਕ੍ਰਾਈਂਗ' ਫਿਲਟਰ ਇਸਤੇਮਾਲ ਕਰ ਕੇ ਰਾਊਤ ਦੀ ਖਿੱਲੀ ਉਡਾਈ ਗਈ ਸੀ। 'ਕ੍ਰਾਈਂਗ ਫਿਲਟਰ' ਭਾਵੇਂ ਕਿਸੇ ਵੀ ਆਮ ਵੀਡੀਓ ਵਿਚ ਮਜ਼ਾਹੀਆ ਰੰਗ ਭਰਨ ਜਾਂ ਦਿਲਲਗੀ ਲਈ ਸ਼ੁਰੂ ਕੀਤਾ ਗਿਆ ਸੀ ਪਰ ਕਿਸੇ ਵੱਡੇ ਸਿਆਸਤਦਾਨ ਦੀ ਕਿਰਦਾਰਕੁਸ਼ੀ ਲਈ ਕੀਤੀ ਗਈ ਇਸ ਦੀ ਦੁਰਵਰਤੋਂ ਬੇਹੱਦ ਮੰਦਭਾਗੀ ਹੈ। ਅਜਿਹਾ ਕਾਰਾ ਬੇਹੱਦ ਖ਼ਤਰਨਾਕ ਹੈ ਜੋ ਸਾਡੇ ਮੁਹਾਵਰਿਆਂ ਨੂੰ ਵੀ ਠਿੱਠ ਕਰਨ ਬਰਾਬਰ ਹੈ। 'ਕੈਮਰਾ ਕਦੇ ਕਾਣਾ ਨਹੀਂ ਹੁੰਦਾ' ਜਾਂ ਸ਼ੀਸ਼ਾ ਝੂਠ ਨਹੀਂ ਬੋਲਦਾ! ਤਕਨੀਕ ਦੀ ਦੁਰਵਰਤੋਂ ਨੇ ਕੈਮਰੇ ਤੇ ਸ਼ੀਸ਼ੇ ਦੀ ਆਭਾ ਨੂੰ ਧੁੰਦਲਾ ਕੀਤਾ ਹੈ।

ਵੀਡੀਓਗ੍ਰਾਫੀ ਤੋਂ ਪਹਿਲਾਂ ਸਟਿੱਲ ਕੈਮਰਾ ਘਟਨਾਵਾਂ ਨੂੰ ਕੈਦ ਕਰਦਾ ਸੀ। ਪੱਤਰਕਾਰੀ ਦੀ ਪਰਿਭਾਸ਼ਾ ਵਿਚ, 'ਇਕ ਤਸਵੀਰ ਹਜ਼ਾਰ ਸ਼ਬਦਾਂ ਦੇ ਬਰਾਬਰ' ਸਮਝੀ ਜਾਂਦੀ ਸੀ। ਕੈਮਰੇ ਦੀ ਅੱਖ ਕਦੇ ਧੋਖਾ ਨਹੀਂ ਸੀ ਖਾਂਦੀ। ਕੈਮਰੇ ਨੇ ਇਤਿਹਾਸ ਨੂੰ ਸੰਭਾਲਣ ਲਈ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਵਿਚ ਤਸਵੀਰਾਂ ਨਾਲ ਛੇੜਛਾੜ ਦਾ ਪਹਿਲਾ ਕੇਸ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਆਇਆ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ 'ਤੇ ਦੋਸ਼ ਲਾਇਆ ਸੀ ਕਿ ਚੋਣਾਂ ਵੇਲੇ ਉਹ ਪਟਿਆਲੇ ਦੇ ਨਿਰੰਕਾਰੀ ਭਵਨ ਵਿਚ ਗਏ ਸਨ। ਇਨ੍ਹਾਂ ਦੋਸ਼ਾਂ ਨੂੰ ਸਾਬਿਤ ਕਰਨ ਲਈ ਜਥੇਦਾਰ ਅਕਾਲ ਤਖ਼ਤ ਨੂੰ ਤਸਵੀਰਾਂ ਵੀ ਭੇਜੀਆਂ ਗਈਆਂ। ਅਕਾਲ ਤਖ਼ਤ ਵੱਲੋਂ ਕਰਵਾਈ ਗਈ ਜਾਂਚ-ਪੜਤਾਲ ਵਿਚ ਦਾਅਵਾ ਕੀਤਾ ਗਿਆ ਕਿ ਤਸਵੀਰਾਂ ਨਾਲ ਛੇੜਛਾੜ ਕੀਤੀ ਗਈ ਸੀ। 'ਸੋਸ਼ਲ ਮੀਡੀਆ' ਦੀ ਆਮਦ ਤੋਂ ਬਾਅਦ ਫੋਟੋਆਂ ਤਾਂ ਕੀ, ਵੀਡੀਓਜ਼ ਨਾਲ ਵੀ ਵੱਡੇ ਪੱਧਰ 'ਤੇ ਛੇੜਛਾੜ ਹੋ ਰਹੀ ਹੈ। ਜਦੋਂ ਇਨ੍ਹਾਂ ਦੀ ਸੱਚਾਈ ਜੱਗ ਜ਼ਾਹਰ ਹੁੰਦੀ ਹੈ ਤਾਂ ਬਹੁਤ ਵੱਡਾ ਨੁਕਸਾਨ ਪਹਿਲਾਂ ਹੀ ਹੋ ਚੁੱਕਾ ਹੁੰਦਾ ਹੈ। ਰਾਊਤ ਦੀ ਵੀਡੀਓ ਕਲਿੱਪ ਨਾਲ ਕੀਤੀ ਗਈ ਗੜਬੜ ਤੋਂ ਬਾਅਦ ਰਾਹਤ ਇੰਦੌਰੀ ਦਾ ਸ਼ੇਅਰ ਯਾਦ ਆ ਰਿਹਾ ਹੈ, "ਹਰ ਵਕਤ ਨਯਾ ਚੇਹਰਾ, ਹਰ ਵਕਤ ਨਯਾ ਵਜੂਦ/ ਆਦਮੀ ਨੇ ਆਦਮੀ ਕੋ ਹੈਰਤ ਮੇਂ ਡਾਲ ਦੀਆ।" 'ਕ੍ਰਾਈਂਗ ਫਿਲਟਰ' ਕਾਰਨ "ਹਰ ਚਿਹਰਾ ਖੁੱਲ੍ਹੀ ਕਿਤਾਬ ਨਹੀਂ" ਰਹੇਗਾ। ਸਰੀਰ ਦੇ ਚਿੰਨ੍ਹ-ਚੱਕਰ, ਹੁਲੀਆ, ਚਿਹਰੇ ਦੇ ਹਾਵ-ਭਾਵ ਸਭ ਨੂੰ 'ਕ੍ਰਾਈਂਗ ਫਿਲਟਰ' ਬਦਲਣ ਦੇ ਸਮਰੱਥ ਹੈ। 'ਫੇਸਬੁੱਕ' ਦੇ ਈਜਾਦ ਹੋਣ ਤੋਂ ਪਹਿਲਾਂ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੇ 'ਮੁੱਖ ਦੀ ਕਿਤਾਬ' ਦਾ ਜ਼ਿਕਰ ਕੀਤਾ ਸੀ। ਫ਼ਰਜ਼ਾਂ ਤੋਂ ਵਿਹਲਾ ਹੋ ਕੇ ਉਹ 'ਮੁੱਖ ਦੀ ਕਿਤਾਬ' (ਫੇਸਬੁੱਕ) ਪੜ੍ਹਨ ਵਿਚ ਮਸਰੂਫ਼ ਹੋ ਜਾਂਦਾ ਹੈ ਸੀ। ਬਟਾਲਵੀ ਅੱਜ ਜਿਊਂਦਾ ਹੁੰਦਾ ਤਾਂ 'ਮੁੱਖ ਦੀ ਕਿਤਾਬ' (ਫੇਸਬੁੱਕ) ਨੇ ਉਸ ਦੇ ਕਈ ਭਰਮ ਤੋੜ ਦੇਣੇ ਸਨ। ਅੰਦਰਲੇ ਹਾਵ-ਭਾਵ ਚਿਹਰੇ ਤੋਂ ਪੜ੍ਹੇ ਜਾਂਦੇ ਹਨ ਪਰ ਅਜੋਕੇ ਸਮੇਂ ਫੇਸਬੁੱਕ ਨੂੰ ਪੜ੍ਹ ਕੇ ਕੋਈ ਵੀ ਗੁਮਰਾਹ ਹੋ ਸਕਦਾ ਹੈ। ਦੁਨੀਆ ਦੀ ਹਰ ਸਿਆਸੀ ਪਾਰਟੀ ਨੇ 'ਸਿਟੀਜ਼ਨ ਜਰਨਲਿਜ਼ਮ' ਲਈ 'ਨਿੱਜੀ ਪੱਤਰਕਾਰ' ਰੱਖੇ ਹੋਏ ਹਨ। ਝੂਠ-ਫਰੇਬ ਪਰੋਸਣ ਲਈ ਉਨ੍ਹਾਂ ਨੂੰ ਚੋਖੀ ਮਾਇਆ ਮਿਲਦੀ ਹੈ। ਰਵਾਇਤੀ ਮੀਡੀਆ ਦੇ ਮੁਕਾਬਲੇ ਇਨ੍ਹਾਂ ਅਖੌਤੀ ਪੱਤਰਕਾਰਾਂ ਦੀ ਵਫ਼ਾਦਾਰੀ ਸਮਾਜ ਦੀ ਬਜਾਏ ਆਪਣੇ ਆਕਾਵਾਂ ਨਾਲ ਹੁੰਦੀ ਹੈ। ਇਸੇ ਲਈ ਸਮਾਜਿਕ ਮੀਡੀਆ 'ਤੇ ਗੈਰ-ਸਮਾਜਿਕ ਸੂਚਨਾਵਾਂ ਦਾ ਹੜ੍ਹ ਆਇਆ ਹੋਇਆ ਹੈ। ਇਕ ਫ਼ਰਜ਼ੀ ਪੋਸਟ ਕਿਸੇ ਨੂੰ ਵੀ ਅਰਸ਼ ਤੋਂ ਫਰਸ਼ 'ਤੇ ਲਿਆ ਸਕਦੀ ਹੈ। ਕੋਈ ਵੀ ਭੱਦਰ-ਪੁਰਸ਼ ਬਿਨਾਂ ਕਿਸੇ ਅਪਰਾਧ ਕੀਤੇ ਕਟਹਿਰੇ ਵਿਚ ਖੜ੍ਹ ਸਕਦਾ ਹੈ। ਇਹੀ ਕਾਰਨ ਹੈ ਕਿ ਵ੍ਹਟਸਐਪ, ਫੇਸਬੁੱਕ, ਟਵਿੱਟਰ ਆਦਿ ਨੇ ਸ਼ਿਕਾਇਤਾਂ ਮਿਲਣ ਤੋਂ ਬਾਅਦ ਕਈਆਂ ਦੇ ਖਾਤੇ ਬੰਦ ਕੀਤੇ ਹਨ। ਪਿਛਲੇ ਮਹੀਨੇ ਵ੍ਹਟਸਐਪ ਨੇ 19 ਲੱਖ ਭਾਰਤੀਆਂ ਦੇ ਅਕਾਊਂਟ ਬੈਨ ਕੀਤੇ ਸਨ। ਕੇਂਦਰ ਸਰਕਾਰ ਨੇ ਯੂ-ਟਿਊਬ 'ਤੇ ਭਾਰਤ ਵਿਰੋਧੀ ਪ੍ਰਚਾਰ ਕਰ ਰਹੇ ਕਈ ਚੈਨਲਾਂ 'ਤੇ ਰੋਕ ਲਾਈ ਹੈ। ਅਪ੍ਰੈਲ ਮਹੀਨੇ ਭਾਰਤ ਨੇ 16 ਲੱਖ ਯੂ-ਟਿਊਬ ਚੈਨਲ ਬੰਦ ਕੀਤੇ ਸਨ

ਜਿਨ੍ਹਾਂ ਵਿਚ ਛੇ ਪਾਕਿਸਤਾਨੀ ਸਨ। ਇਸ ਤੋਂ ਪਹਿਲਾਂ ਚਾਰ ਪਾਕਿਸਤਾਨੀ ਚੈਨਲਾਂ ਸਣੇ 18 ਯੂ-ਟਿਊਬ ਚੈਨਲ ਬੰਦ ਕੀਤੇ ਗਏ ਸਨ। ਇਨ੍ਹਾਂ ਪਾਬੰਦੀਸ਼ੁਦਾ ਚੈਨਲਾਂ ਦੇ ਲੱਖਾਂ ਸਬਸਕ੍ਰਾਈਬਰ ਅਤੇ ਕਰੋੜਾਂ ਦਰਸ਼ਕ ਸਨ। ਸੋਸ਼ਲ ਮੀਡੀਆ ਦੀ ਕੁਵਰਤੋਂ ਕਰ ਕੇ ਨਫ਼ਰਤ ਤੇ ਹਿੰਸਾ ਫੈਲਾਉਣ ਦਾ ਕੁਕਰਮ ਆਲਮੀ ਪੱਧਰ ’ਤੇ ਹੋ ਰਿਹਾ ਹੈ। ਇਸ ਦੀ ਕਰੂਰ ਮਿਸਾਲ ਉਦੈਪੁਰ ਦੇ ਦਰਜੀ ਕਨ੍ਹਈਆ ਲਾਲ ਦਾ ਸਿਰ ਕਲਮ ਕਰਨ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ’ਤੇ ਪਾਉਣਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਕਈ ਨਿਰਆਧਾਰ ਪੋਸਟਾਂ ਨੇ ਆਮ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਿੱਛੇ ਜਿਹੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇੰਤਕਾਲ ਦੀ ਫ਼ਰਜ਼ੀ ਪੋਸਟ ਨੇ ਵੀ ਸੋਸ਼ਲ ਮੀਡੀਆ ਦੀ ਭਰੋਸੇਯੋਗਤਾ ’ਤੇ ਪ੍ਰਸ਼ਨ ਚਿੰਨ੍ਹ ਲਗਾਇਆ ਸੀ। ਆਪ੍ਰੇਸ਼ਨ ਗੰਗਾ ਤਹਿਤ ਰੂਸ-ਯੂਕਰੇਨ ਜੰਗ ਦੌਰਾਨ ਭਾਰਤੀ ਵਿਦਿਆਰਥੀਆਂ ਦੀ ਦੇਸ਼ ਵਾਪਸੀ ਵੇਲੇ ਉਨ੍ਹਾਂ ਦੇ ਹੱਥ ਵਿਚ ਤਿਰੰਗੇ ਸਨ। ਇਕ ਫ਼ਰਜ਼ੀ ਪੋਸਟ ਵਿਚ ਕਿਹਾ ਗਿਆ ਕਿ ਭਾਰਤੀਆਂ ਤੋਂ ਇਲਾਵਾ ਤੁਰਕੀ ਅਤੇ ਪਾਕਿਸਤਾਨ ਦੇ ਨਾਗਰਿਕ ਵੀ ਤਿਰੰਗੇ ਨੂੰ ਢਾਲ ਬਣਾ ਕੇ ਯੂਕਰੇਨ ਵਿਚੋਂ ਨਿਕਲ ਰਹੇ ਹਨ। ‘ਵਿਸ਼ਵਾਸ ਨਿਊਜ਼’ ਨੇ ਤੱਥਾਂ ਦੀ ਜਾਂਚ ਤੋਂ ਬਾਅਦ ਇਨ੍ਹਾਂ ਦਾਅਵਿਆਂ ਨੂੰ ਬੇਬੁਨਿਆਦ ਦੱਸਿਆ। ਜਦੋਂ ਚਰਨਜੀਤ ਸਿੰਘ ਚੰਨੀ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਸੋਸ਼ਲ ਮੀਡੀਆ ’ਤੇ ਵਿਦੇਸ਼ ਰਹਿੰਦੇ ਉਨ੍ਹਾਂ ਦੇ ਹਮਨਾਮ ਗਾਇਕ ਦੀ ਕੈਸੇਟ ਦਾ ਕਵਰ ਖ਼ੂਬ ਵਾਇਰਲ ਹੋਇਆ। ਕੈਸੇਟ ਦੇ ਕਵਰ ’ਤੇ ਲੱਗੀ ਫੋਟੋ ਦੀ ਜਾਂਚ ਕੀਤੀ ਗਈ ਤਾਂ ਖ਼ੁਲਾਸਾ ਹੋਇਆ ਕਿ ਇਸ ਦਾ ਤਤਕਾਲੀ ਮੁੱਖ ਮੰਤਰੀ ਨਾਲ ਦੂਰ ਦਾ ਵੀ ਵਾਸਤਾ ਨਹੀਂ। ਪਿੱਛੇ ਜਿਹੇ ਜੇਲ੍ਹ ਬੈਠੇ ਗੈਂਗਸਟਰਾਂ ਵੱਲੋਂ ਫੇਸਬੁੱਕ ’ਤੇ ਆਪਣੇ ਵਿਰੋਧੀਆਂ ਨੂੰ ਧਮਕੀਆਂ ਦੇਣ ਦੇ ਕਈ ਵੀਡੀਓ ਵਾਇਰਲ ਹੋਏ ਸਨ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਹੈਕਰਾਂ ਨੇ ਵੀ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੂੰ ਵਖ਼ਤ ਪਾਇਆ ਹੋਇਆ ਹੈ। ਇੰਟਰਨੈੱਟ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੇ ਦੇਸ਼ਾਂ ’ਚ ਭਾਰਤ ਚੰਦ ਮੁਲਕਾਂ ਵਿਚ ਆਉਂਦਾ ਹੈ। ਭਾਰਤੀ ਵਰਤੋਂਕਾਰ ਇੰਟਰਨੈੱਟ ’ਤੇ ਔਸਤਨ ਦੋ-ਢਾਈ ਘੰਟੇ ਬਿਤਾਉਂਦਾ ਹੈ ਜਦਕਿ ਫਿਲਪੀਨ ’ਚ ਇਹ ਅੰਕੜਾ ਦੁੱਗਣਾ ਹੈ। ਜਾਪਾਨ ਵਿਚ ਇੰਟਰਨੈੱਟ ਦਾ ਸਦਉਪਯੋਗ ਹੁੰਦਾ ਹੈ ਤੇ ਉੱਥੋਂ ਦਾ ਵਰਤੋਂਕਾਰ ਔਸਤ ਇਕ ਘੰਟੇ ਤੋਂ ਵੱਧ ਸਮਾਂ ਸੋਸ਼ਲ ਸਾਈਟਾਂ ’ਤੇ ਖ਼ਰਚ ਕਰਦਾ ਹੈ। ਇਹ ਕੁਦਰਤੀ ਹੈ ਕਿ ਇੰਟਰਨੈੱਟ ਦੀ ਬੇਲੋੜੀ ਵਰਤੋਂ ਵਿਅਕਤੀ ਦੀ ਮਾਨਸਿਕਤਾ ਨੂੰ ਅਪਾਹਜ ਕਰਨ ਦਾ ਕੰਮ ਕਰਦੀ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ।

3 ਜੁਲਾਈ

# ਬਾਰੂਦ ’ਤੇ ਲਿਖੇ ਹਰਫ਼

ਚੜ੍ਹਦੇ ਸੂਰਜ ਦੀ ਧਰਤੀ ਕਹੇ ਜਾਣ ਵਾਲੇ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਦੀ ਹੱਤਿਆ ਅਤੇ ਹਿੰਸਕ ਮੁਜ਼ਾਹਰਿਆਂ ਪਿੱਛੋਂ ਸ੍ਰੀਲੰਕਾ ਦੇ ਸਦਰ ਗੋਟਬਾਯਾ ਦਾ ਪਰਿਵਾਰ ਸਣੇ ਰਾਸ਼ਟਰਪਤੀ ਭਵਨ ’ਚੋਂ ਫ਼ਰਾਰ ਹੋਣਾ ਆਲਮੀ ਪੱਧਰ ’ਤੇ ਮੀਡੀਆ ਦੀਆਂ ਸੁਰਖੀਆਂ ਬਣਿਆ ਹੋਇਆ ਹੈ। ਦੋਨਾਂ ਨੇਤਾਵਾਂ ਦਾ ਸਬੰਧ ਉੱਘੇ ਸਿਆਸੀ ਘਰਾਣਿਆਂ ਨਾਲ ਹੈ ਜਿਨ੍ਹਾਂ ਨੇ ਆਪੋ-ਆਪਣੇ ਦੇਸ਼ ਵਿਚ ਸਭ ਤੋਂ ਵੱਧ ਸਮੇਂ ਲਈ ਰਾਜ ਕੀਤਾ। ਸ਼ਿੰਜੋ ਦੀ ਹੱਤਿਆ ਤੋਂ ਬਾਅਦ ਜਾਪਾਨ ਆਪਣੀ ਰਫ਼ਤਾਰ ਨਾਲ ਚੱਲ ਰਿਹਾ ਹੈ ਜਦਕਿ ਸ੍ਰੀਲੰਕਾ ਵਿਚ ਉੱਠੇ ਲਾਵੇ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਭਾਂਬੜ ਮਚਾਇਆ ਹੋਇਆ ਹੈ। ਦੋਨਾਂ ਦੇਸ਼ਾਂ ਵਿਚ ਅਹਿੰਸਾ ਦੇ ਪੁਜਾਰੀ ਮਹਾਤਮਾ ਬੁੱਧ ਦੀ ਛਾਪ ਹੈ। ਇਸ ਦੇ ਬਾਵਜੂਦ ਸ੍ਰੀਲੰਕਾ ਅਤੇ ਜਾਪਾਨ ਵਿਚ ਗੌਤਮ ਬੁੱਧ ਦੇ ਸਤੂਪ ਵੱਖਰੀ-ਵੱਖਰੀ ਬੋਲੀ ਬੋਲਦੇ ਦਿਖਾਈ ਦਿੰਦੇ ਹਨ। ਸ੍ਰੀਲੰਕਾ ਵਿਚ ਬੰਦੂਕ ਸੱਭਿਆਚਾਰ ਨੇ ਦੇਸ਼ ਨੂੰ ਤਬਾਹੀ ਦੇ ਕਿਨਾਰੇ ਖੜ੍ਹਾ ਕੀਤਾ ਹੈ ਜਦਕਿ ਜਾਪਾਨ ਦੇ ਲੋਕ ਦੂਜੀ ਸੰਸਾਰ ਜੰਗ ਵੇਲੇ ਸੰਨ 1945 ਵਿਚ ਹੈਂਕੜਬਾਜ਼ ਅਮਰੀਕਾ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਨੂੰ ਪਰਮਾਣੂ ਬੰਬਾਂ ਨਾਲ ਉਡਾਉਣ ਤੋਂ ਬਾਅਦ ਬਾਰੂਦ ਦੀ ਗੰਧ ਤੋਂ ਵੀ ਨਫ਼ਰਤ ਕਰਦੇ ਆਏ ਹਨ। ਸਮੁੰਦਰ ਨਾਲ ਘਿਰੇ ਦੋਵੇਂ ਟਾਪੂ ਦੇਸ਼ਾਂ ਦੀ ਤਵਾਰੀਖ਼ ਦਾ ਮੁਤਾਲਿਆ ਕਰਦਿਆਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਲੰਕੇਸ਼ਵਰ (ਰਾਵਣ) ਦੀ ਰਾਜਧਾਨੀ ਰਹੇ ਸ੍ਰੀਲੰਕਾ ਨੇ ਇਤਿਹਾਸ ਤੋਂ ਕੁਝ ਨਹੀਂ ਸਿੱਖਿਆ ਜਾਪਦਾ। ਮਰਿਆਦਾ ਨੂੰ ਤਿਲਾਂਜਲੀ ਦੇਣ ਵਾਲੇ ਰਾਵਣ ਦੀ ਬਦੀ ਕਾਰਨ ‘ਸੋਨੇ ਦੀ ਲੰਕਾ’ ਸੜ ਕੇ ਤਬਾਹ ਹੋ ਗਈ ਸੀ। ਨਵਰਾਤਰਿਆਂ ਦੇ ਦਸਵੇਂ ਦਿਨ (ਵਿਜਯ ਦਸ਼ਮੀ-ਦੁਸ਼ਹਿਰਾ) ਮਰਿਆਦਾ ਪਰਸ਼ੋਤਮ ਸ੍ਰੀ ਰਾਮ ਨੇ ਰਾਵਣ ਦਾ ਵੱਧ ਕੀਤਾ ਸੀ। ਇਸ ਦਿਵਸ ਨੂੰ ਬਦੀ ’ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਰਾਵਣ ਤੇ ਉਸ ਦੇ ਸਾਥੀਆਂ ਦੇ ਅੱਜ ਵੀ ਪੁਤਲੇ ਫੂਕੇ ਜਾਂਦੇ ਹਨ। ਰਾਮਾਇਣ ਕਾਲ ਤੋਂ ਹੀ ਸ੍ਰੀਲੰਕਾ ਵਿਚ ਸਾੜ-ਫੂਕ ਹੁੰਦੀ ਆ ਰਹੀ ਹੈ। ਸ੍ਰੀਲੰਕਾ ਵਿਚ ਅੱਜ ਵੀ ਨੀਤੀਆਂ ਦੀ ਬਜਾਏ ਬਦਨੀਤੀਆਂ ਨੇ ਦੇਸ਼ ਨੂੰ ਕੱਖੋਂ ਹੌਲੇ ਕੀਤਾ ਹੋਇਆ ਹੈ। ਰਾਜਪਕਸ਼ੇ ਘਰਾਣੇ ਹੱਥ ਸੱਤਾ ਦੀ ਡੋਰ ਆਉਣ ਤੋਂ ਬਾਅਦ ਸ੍ਰੀਲੰਕਾ ਰਸਾਤਲ ਵੱਲ ਜਾਣਾ ਸ਼ੁਰੂ ਹੋ ਗਿਆ। ਇਸ ਘਰਾਣੇ ਕੋਲ ਜਦੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਆਏ ਤਾਂ ਉਨ੍ਹਾਂ ਨੇ ਸੰਤਰੀ ਤੋਂ ਮੰਤਰੀ ਤਕ ਦੇ ਰੁਤਬੇ ‘ਅੰਨ੍ਹਾ ਵੰਡੇ ਸ਼ਰੀਣੀਆਂ, ਮੁੜ-ਮੁੜ ਆਪਣਿਆਂ ਨੂੰ’ ਦੀ ਲੋਕੋਕਤੀ ਵਾਂਗ ਆਪਣੇ ਨਾਤੇਦਾਰਾਂ ਨੂੰ ਦੇਣੇ ਸ਼ੁਰੂ ਕਰ ਦਿੱਤੇ। ਭਾਈ-ਭਤੀਜਾਵਾਦ ਕਾਰਨ ਭ੍ਰਿਸ਼ਟਾਚਾਰ ਚਰਮ ਸੀਮਾ ’ਤੇ ਪੁੱਜ ਗਿਆ। ਕੋਰੋਨਾ ਮਹਾਮਾਰੀ ਨੇ ਦੇਸ਼ ਦੇ ਅਰਥਚਾਰੇ ਦਾ ਭੱਠਾ ਬਿਠਾ ਦਿੱਤਾ

ਹੈ। ਸੈਰ-ਸਪਾਟਾ ਉਦਯੋਗ ਬੰਦ ਹੋਣ ਕਾਰਨ ਖ਼ਜ਼ਾਨੇ 'ਚੋਂ ਵਿਦੇਸ਼ੀ ਮੁਦਰਾ ਲੋਪ ਹੋ ਗਈ ਜਿਸ ਦਾ ਅਸਰ ਦਰਾਮਦ 'ਤੇ ਪੈਣਾ ਲਾਜ਼ਮੀ ਸੀ। ਪੈਟਰੋਲ ਪੰਪਾਂ 'ਤੇ ਲੰਬੀਆਂ ਕਤਾਰਾਂ ਦਿਸਣ ਲੱਗੀਆਂ। ਲੋਕ ਭੁੱਖਮਰੀ ਦਾ ਸ਼ਿਕਾਰ ਹੋਣ ਲੱਗੇ। ਰਾਜਪਕਸ਼ੇ ਪਰਿਵਾਰ ਨੇ ਕਬੂਤਰ ਵਾਂਗ ਅੱਖਾਂ ਮੀਟੀਆਂ ਹੋਈਆਂ ਸਨ। ਦੇਸ਼ ਦੇ ਭਵਿੱਖ ਬਾਰੇ ਸੋਚਣ ਦੀ ਬਜਾਏ ਉਹ ਐਸ਼-ਪ੍ਰਸਤੀ ਕਰਨ ਵਿਚ ਮਸਰੂਫ਼ ਸਨ। ਫ਼ਲਸਰੂਪ ਅਵਾਮ ਦਾ ਗੁੱਸਾ ਭੜਕ ਪਿਆ। ਰੋਹ ਵਿਚ ਆਏ ਲੋਕਾਂ ਨੇ ਰਾਜਪਕਸ਼ੇ ਪਰਿਵਾਰ ਦੀਆਂ ਪੁਸ਼ਤੈਨੀ ਰਿਹਾਇਸ਼ਗਾਹਾਂ ਨੂੰ ਅੱਗ ਹਵਾਲੇ ਕਰਨਾ ਆਰੰਭ ਕਰ ਦਿੱਤਾ। ਮਈ ਵਿਚ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੂੰ ਪਰਿਵਾਰ ਸਣੇ ਨੇਵੀ ਬੇਸ (ਸਮੁੰਦਰੀ ਅੱਡੇ) 'ਤੇ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ। ਸੋਸ਼ਲ ਮੀਡੀਆ ਨੇ ਮਹਿੰਦਾ ਰਾਜਪਕਸ਼ੇ ਅਤੇ ਉਸ ਦੇ ਪਰਿਵਾਰ ਵੱਲੋਂ ਭੱਜ ਕੇ ਜਹਾਜ਼ ਵਿਚ ਬੈਠਦਿਆਂ ਦੀ ਵੀਡੀਓ ਕਲਿੱਪ ਦਿਖਾ ਕੇ ਚੰਗੀ ਮਿੱਟੀ ਪਲੀਤ ਕੀਤੀ ਸੀ। ਇਸ ਦੇ ਬਾਵਜੂਦ ਮਹਿੰਦਾ ਰਾਜਪਕਸ਼ੇ ਦਾ ਭਰਾ ਗੋਟਬਾਯਾ ਰਾਜਪਕਸ਼ੇ ਕੰਧ 'ਤੇ ਲਿਖੇ ਨੂੰ ਪੜ੍ਹਨ ਦੀ ਬਜਾਏ ਰਾਸ਼ਟਰਪਤੀ ਦੇ ਅਹੁਦੇ ਨਾਲ ਚਿਪਕਿਆ ਰਿਹਾ। ਆਖ਼ਰ ਉਸ ਨੂੰ ਵੀ ਪਰਿਵਾਰ ਸਮੇਤ ਰਾਸ਼ਟਰਪਤੀ ਭਵਨ 'ਚੋਂ ਭੱਜਣਾ ਪਿਆ ਜਿਸ ਕਾਰਨ ਸ੍ਰੀਲੰਕਾ ਦਾ ਇਤਿਹਾਸ ਕਲੰਕਿਤ ਹੋਇਆ ਹੈ। ਗੁੱਸੇ ਵਿਚ ਪਾਗਲ ਹੋਏ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰਪਤੀ ਭਵਨ 'ਤੇ ਕਬਜ਼ਾ ਕਰ ਲਿਆ। ਮੁਜ਼ਾਹਰਾਕਾਰੀਆਂ ਵੱਲੋਂ ਰਾਸ਼ਟਰਪਤੀ ਭਵਨ ਦੇ ਤਲਾਬ ਵਿਚ ਤਾਰੀਆਂ ਲਾਉਣ ਅਤੇ ਰਾਜਪਕਸ਼ੇ ਦੇ ਬੈੱਡਰੂਮ ਵਿਚ ਧਮੱਚੜ ਮਚਾਉਂਦਿਆਂ ਦੇ ਦ੍ਰਿਸ਼ ਵੱਖਰੀ ਤਰ੍ਹਾਂ ਦਾ ਇਤਿਹਾਸ ਸਿਰਜ ਗਏ। ਕੋਰੋਨਾ ਮਹਾਮਾਰੀ ਕਾਰਨ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਝੰਬੇ ਗਏ ਦੇਸ਼ ਦੀ ਮਜਬੂਰੀ ਦਾ ਲਾਹਾ ਲੈਂਦਿਆਂ ਡਰੈਗਨ (ਚੀਨ) ਨੇ ਉਸ ਨੂੰ ਅੰਤਾਂ ਦਾ ਕਰਜ਼ਾਈ ਕਰ ਦਿੱਤਾ। ਦੂਜੇ ਪਾਸੇ ਦੂਜੀ ਵਿਸ਼ਵ ਜੰਗ ਵਿਚ ਬੁਰੀ ਤਰ੍ਹਾਂ ਤਬਾਹ ਹੋਏ ਜਾਪਾਨ ਨੇ ਕੁਕਨੂਸ ਵਾਂਗ ਆਪਣੀ ਰਾਖ 'ਚੋਂ ਹੰਭਲਾ ਮਾਰ ਕੇ ਪਰਵਾਜ਼ ਭਰੀ ਤੇ ਵਿਕਾਸ ਦੀਆਂ ਸਿਖ਼ਰਾਂ ਨੂੰ ਛੋਹ ਲਿਆ। ਅਹਿੰਸਾ ਜਾਪਾਨੀਆਂ ਦਾ ਸਭ ਤੋਂ ਵੱਡਾ ਹਥਿਆਰ ਬਣ ਗਿਆ। ਜਿੱਥੇ ਸ੍ਰੀਲੰਕਾ ਵਿਚ ਰਾਜਪਕਸ਼ੇ ਕਾਲੇ ਸ਼ੀਸ਼ੇ ਵਾਲੀਆਂ ਗੱਡੀਆਂ ਵਿਚ ਆਪਣੇ ਵਿਰੋਧੀਆਂ ਨੂੰ ਅਗਵਾ ਕੇ ਉਨ੍ਹਾਂ 'ਤੇ ਤਸ਼ੱਦਦ ਢਾਹੁੰਦੇ, ਉੱਥੇ ਸ਼ਿੰਜ਼ੋ ਘਰਾਣੇ ਦੇ ਸਿਆਸਤਦਾਨ ਆਪਣੇ ਦੇਸ਼ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਦਿਨ-ਰਾਤ ਤਰਕੀਬਾਂ ਘੜਦੇ। ਦਰਅਸਲ, ਜਾਪਾਨੀ ਲੋਕ ਆਪਣੇ ਵਤਨ ਖ਼ਾਤਰ ਆਪਣੀ ਜਾਨ ਦੀ ਬਾਜ਼ੀ ਵੀ ਲਗਾ ਦਿੰਦੇ ਪਰ ਕਿਸੇ ਬੇਦੋਸ਼ੇ ਦੇ ਖ਼ੂਨ ਨਾਲ ਹੱਥ ਰੰਗਣ ਨੂੰ ਉਹ ਮਹਾਪਾਪ ਸਮਝਦੇ ਹਨ। ਇਸੇ ਲਈ ਜਾਪਾਨ ਨੇ ਹਥਿਆਰਾਂ ਤੋਂ ਤੌਬਾ ਕਰਦਿਆਂ ਫ਼ੌਜ ਰੱਖਣ ਨੂੰ ਤਰਜੀਹ ਨਹੀਂ ਦਿੱਤੀ। ਸ੍ਰੀਲੰਕਾ ਜਾਂ ਭਾਰਤ ਦੇ ਲੋਕਾਂ ਵਾਂਗ ਕਿਸੇ ਜਾਪਾਨੀ ਦੇ ਮੋਢਿਆਂ 'ਤੇ ਦੁਨਾਲੀ ਟੰਗੀ ਨਹੀਂ ਮਿਲਦੀ। ਓਥੇ ਕੋਈ ਹਥਿਆਰ ਨਹੀਂ ਰੱਖ ਸਕਦਾ। ਸ਼ਿੰਜ਼ੋ ਦੇ ਹਤਿਆਰੇ ਵੱਲੋਂ ਗੰਨ ਘਰੇ ਬਣਾਈ ਦੱਸੀ ਜਾਂਦੀ ਹੈ। ਸਮਝਿਆ ਜਾਂਦਾ ਹੈ ਕਿ ਇਸ ਕਤਲ ਪਿੱਛੇ ਕਿਸੇ ਕੌਮਾਂਤਰੀ ਸਾਜ਼ਿਸ਼ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸ ਵਿਚ ਚੀਨ ਨੇ ਮੋਹਰੀ ਭੂਮਿਕਾ ਨਿਭਾਈ ਹੋਵੇ। ਦਰਅਸਲ, ਜਾਪਾਨ, ਭਾਰਤ, ਅਮਰੀਕਾ ਅਤੇ ਆਸਟ੍ਰੇਲੀਆ (ਕਵਾਡ ਦੇਸ਼) ਦਾ ਸਾਂਝਾ ਮੰਚ ਚੀਨ ਦੀ

ਵਿਸਥਾਰਵਾਦੀ ਨੀਤੀ ਲਈ ਵੱਡੀ ਚੁਣੌਤੀ ਬਣਿਆ ਹੋਇਆ ਸੀ। ਸ਼ਿੰਜੋ ਨੇ ਜਾਪਾਨ ਦੇ ਪ੍ਰਧਾਨ ਮੰਤਰੀ ਹੁੰਦਿਆਂ ਪ੍ਰਸ਼ਾਂਤ ਮਹਾਸਾਗਰ ਜਾਂ ਹਿੰਦ ਮਹਾਸਾਗਰ ਵਿਚ ਪੁਖਤਾ ਮੋਰਚਾਬੰਦੀ ਕੀਤੀ ਹੋਈ ਸੀ ਜਿਸ ਕਾਰਨ ਡਰੈਗਨ ਸਮੁੰਦਰ ਦੀਆਂ ਲਹਿਰਾਂ ਤੋਂ ਵੀ ਘਬਰਾਉਂਦਾ ਸੀ। ਉਹ ਸੰਵਿਧਾਨ ਵਿਚ ਤਰਮੀਮ ਕਰ ਕੇ ਫ਼ੌਜ ਲਈ ਬਜਟ ਮੁਹੱਈਆ ਕਰਨ ਦੀ ਵਕਾਲਤ ਕਰਦਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਉਦੋਂ ਦੇ ਸਬੰਧ ਸਨ ਜਦੋਂ ਉਹ ਹਾਲੇ ਗੁਜਰਾਤ ਦੇ ਮੁੱਖ ਮੰਤਰੀ ਸਨ। ਉਹ ਜਾਪਾਨ ਦੇ ਪਹਿਲੇ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਭਾਰਤ ਦੇ ਸਭ ਤੋਂ ਵੱਧ ਪੰਜ ਚੱਕਰ ਲਗਾ ਕੇ ਇੱਥੋਂ ਦੇ ਸੱਭਿਆਚਾਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਹ ਪ੍ਰਧਾਨ ਮੰਤਰੀ ਮੋਦੀ ਨਾਲ ਗੰਗਾ ਕਿਨਾਰੇ ਆਰਤੀ ਵਿਚ ਵੀ ਸ਼ਾਮਲ ਹੋਏ। ਉਹ ਸਾਬਰਮਤੀ ਆਸ਼ਰਮ ਵੀ ਗਏ। ਨਿਕਟਵਰਤੀ ਸਾਂਝ ਕਾਰਨ ਭਾਰਤ ਵਿਚ ਇਕ ਦਿਨ ਦਾ ਸ਼ੋਕ ਮਨਾਇਆ ਗਿਆ ਅਤੇ ਉਨ੍ਹਾਂ ਦੇ ਸਨਮਾਨ ਵਿਚ ਤਿਰੰਗਾ ਝੁਕਾਇਆ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਭਾਵੁਕ ਹੁੰਦਿਆਂ ਟਵੀਟ ਕੀਤਾ ਕਿ ਉਨ੍ਹਾਂ ਨੇ ਪਰਮ ਮਿੱਤਰ ਅਤੇ ਭਾਰਤ ਹਿਤੈਸ਼ੀ ਗੁਆ ਲਿਆ ਹੈ। ਸ਼ਿੰਜੋ ਦੇ ਭਾਰਤੀ ਮੂਲ ਦੇ ਜਾਪਾਨੀ ਨਾਗਰਿਕਾਂ ਨਾਲ ਵੀ ਗੂੜ੍ਹੇ ਸਬੰਧ ਸਨ। ਸੁਨਾਮੀ ਤੋਂ ਬਾਅਦ ਤਬਾਹ ਹੋਏ ਮਹਾਨਗਰਾਂ ਨੂੰ ਮੁੜ ਉਸਾਰਨ ਲਈ ਉਨ੍ਹਾਂ ਦੀ ਭੂਮਿਕਾ ਨੂੰ ਜਾਪਾਨ ਕਦੇ ਨਹੀਂ ਵਿਸਾਰ ਸਕਦਾ। ਵਸੋਂ ਵਾਲੇ ਲਗਪਗ 400 ਟਾਪੂਆਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਸਿਰਤੋੜ ਯਤਨ ਕੀਤੇ। ਸਦਾ ਮੰਦ-ਮੰਦ ਮੁਸਕਰਾਉਣ ਵਾਲੇ ਸ਼ਿੰਜੋ ਨੂੰ ਜਾਪਾਨੀਆਂ ਨੇ ਹੀ ਨਹੀਂ ਸਗੋਂ ਭਾਰਤੀਆਂ ਨੇ ਵੀ ਨਮ ਅੱਖਾਂ ਨਾਲ ਅਲਵਿਦਾ ਕਿਹਾ ਹੈ। ਉਹ ਜਾਪਾਨ ਦੇ ਪ੍ਰਥਮ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੂੰ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਅਜਿਹੇ ਅਮਨ-ਪਸੰਦ ਨੇਤਾ ਨੂੰ ਚੀਨ ਵਰਗਾ ਸਾਮਰਾਜੀ ਸੋਚ ਵਾਲਾ ਮੁਲਕ ਕਿਵੇਂ ਸਹਿਣ ਕਰਦਾ! ਸ਼ਿੰਜੋ ਨੇ ਕੋਰੋਨਾ ਮਹਾਮਾਰੀ ਲਈ ਚੀਨ ਨੂੰ ਜ਼ਿੰਮੇਵਾਰ ਠਹਿਰਾ ਕੇ ਵੀ ਦੁਸ਼ਮਣੀ ਮੁੱਲ ਲਈ ਸੀ ਜਿਸ ਲਈ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਮੁੱਲ ਤਾਰਨਾ ਪਿਆ ਹੈ। ਅਮਨ-ਪਸੰਦ ਦੇਸ਼ 'ਚ ਅੱਤਵਾਦ ਨੇ ਦਸਤਕ ਦੇ ਕੇ ਜਾਪਾਨ ਵਾਸੀਆਂ ਲਈ ਚਿੰਤਾ ਵਧਾ ਦਿੱਤੀ ਹੈ। ਚੀਨ ਦੇ ਸੋਸ਼ਲ ਮੀਡੀਆ ਦੀਆਂ ਪੋਸਟਾਂ "ਥੈਂਕ ਯੂ ਐਂਟੀ-ਚੀਨ ਹੀਰੋ" ਬਹੁਤ ਕੁਝ ਕਹਿੰਦੀਆਂ ਹਨ। ਡਰੈਗਨ ਨੂੰ ਸਰਦੀਆਂ 'ਚ ਵੀ ਪਸੀਨਾ ਦਿਵਾਉਣ ਵਾਲੇ ਸ਼ਿੰਜੋ ਦੇ ਤੁਰ ਜਾਣ ਪਿੱਛੋਂ ਸੰਸਾਰ ਲਈ ਚਿੰਤਾ ਤੇ ਚਿੰਤਨ ਦੀ ਘੜੀ ਹੈ। ਦੁਸ਼ਮਣ ਦੇ ਘਾਤਕ ਮਨਸੂਬਿਆਂ ਨੂੰ ਰੋਕਣ ਲਈ ਹੁਣ ਕਵਾਡ ਦੇਸ਼ਾਂ ਨੂੰ ਹੋਰ ਗੰਭੀਰ ਹੋਣਾ ਪਵੇਗਾ।

10 ਜੁਲਾਈ

# ਖ਼ੂਨੀ ਪੈੜਾਂ

ਇਕ ਸਦੀ ਪਹਿਲਾਂ ਸੱਤ ਸਮੁੰਦਰ ਪਾਰ ਕੈਨੇਡਾ ਦੀ ਧਰਤੀ ਪੰਜਾਬੀਆਂ, ਖ਼ਾਸ ਤੌਰ ’ਤੇ ਸਿੱਖਾਂ ਲਈ ਸੁਪਨਿਆਂ ਦਾ ਦੇਸ਼ ਸੀ। ਜਾਪਾਨੀ ਮਾਲ-ਵਾਹਕ ਜਹਾਜ਼ ‘ਕਾਮਾਗਾਟਾ ਮਾਰੂ’ ਕਾਂਡ ਇਸ ਤੱਥ ਦੀ ਸ਼ਾਹਦੀ ਭਰਦਾ ਹੈ। ‘ਨਾਨਕ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ’ ਦਾ ਨਿੱਤ ਜਾਪ ਕਰਨ ਵਾਲੇ ਜੁਝਾਰੂ ਵਪਾਰੀ ਬਾਬਾ ਗੁਰਦਿੱਤ ਸਿੰਘ (1860-1954) ਨੇ ਕਾਮਾਗਾਟਾ ਮਾਰੂ ਨੂੰ ਕਿਰਾਏ ’ਤੇ ਲੈਣ ਤੋਂ ਬਾਅਦ ਇਸ ਦਾ ਨਾਮ ‘ਗੁਰੂ ਨਾਨਕ ਜਹਾਜ਼’ ਰੱਖ ਦਿੱਤਾ ਸੀ। ਚਾਰ ਅਪ੍ਰੈਲ 1914 ਨੂੰ ਹਾਂਗਕਾਂਗ ਤੋਂ ਠਿੱਲ੍ਹ ਕੇ 23 ਮਈ ਨੂੰ ਇਹ ਵੈਨਕੂਵਰ ਪੁੱਜਾ ਸੀ। ਬਹੁਤਾਤ ਸਿੱਖਾਂ ਦੀ ਸੀ (376 ’ਚੋਂ ਸਿਰਫ਼ 30 ਮੁਸਾਫ਼ਿਰ ਗ਼ੈਰ-ਸਿੱਖ ਸਨ)। ਕੈਨੇਡਾ ਦੀਆਂ ਸਥਾਨਕ ਅਖ਼ਬਾਰਾਂ ਨੇ ‘ਗੁਰੂ ਨਾਨਕ ਜਹਾਜ਼’ ਦੀ ਆਮਦ ਨੂੰ ‘ਪੂਰਬ ਵੱਲੋਂ ਹਮਲਾ’ ਵਜੋਂ ਬਦਨਾਮ ਕੀਤਾ ਤੇ ਇਸ ਦੀ ਸਮੁੰਦਰ ਵਿਚ ਹੀ ਘੇਰਾਬੰਦੀ ਕਰ ਲਈ ਗਈ। ਕੈਨੇਡਾ ਦੀ ਨਾਗਰਿਕਤਾ ਸਿੱਧ ਕਰਨ ਵਾਲੇ 22 ਮੁਸਾਫਿਰਾਂ ਤੋਂ ਇਲਾਵਾ ਜਹਾਜ਼ ਨੂੰ ਬੇਰੰਗ ਮੋੜ ਦਿੱਤਾ ਗਿਆ ਸੀ। ਭਾਰਤ ਪੁੱਜ ਕੇ ਕਲਕੱਤਾ ਦੇ ਬਜਬਜ ਘਾਟ ’ਤੇ ਜੋ ਭਾਣਾ ਵਾਪਰਿਆ, ਉਸ ਨੂੰ ਮਨੁੱਖੀ ਅਧਿਕਾਰਾਂ ਦੇ ਘਾਣ ਵਜੋਂ ਲਿਆ ਗਿਆ ਜਿਸ ਦੀ ਮਾਫ਼ੀ ਸੌ ਸਾਲ ਬਾਅਦ ਕੈਨੇਡਾ ਸਰਕਾਰ ਨੇ ਸੰਸਦ ਵਿਚ ਮੰਗੀ ਸੀ। ਖ਼ੈਰ, ਇਸ ਕਾਂਡ ਤੋਂ ਬਾਅਦ ਵੀ ਪੰਜਾਬੀਆਂ ਨੇ ਕੈਨੇਡਾ ਪਰਵਾਸ ਕਰਨ ਲਈ ਲਗਾਤਾਰ ਹੰਭਲੇ ਮਾਰੇ। ਕੈਨੇਡਾ ਵਿਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਸ਼ੁਰੂ-ਸ਼ੁਰੂ ਵਿਚ ਅਣਗਿਣਤ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਸੀ। ਕਰੜੀ ਮਿਹਨਤ-ਮੁਸ਼ੱਕਤ ਤੋਂ ਬਾਅਦ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੇ ਉਸ ਧਰਤੀ ’ਤੇ ਡੂੰਘੀਆਂ ਜੜ੍ਹਾਂ ਲਾਈਆਂ। ਅੱਜ ਕੈਨੇਡਾ ਵਿਚ ਪੰਜਾਬੀਆਂ ਦਾ ਬੋਲਬਾਲਾ ਹੈ। ਬੀਤੇ ਲੰਬੇ ਸਮੇਂ ਤੋਂ ਕਈ ਪੰਜਾਬੀ/ਸਿੱਖ ਕੈਨੇਡਾ ਵਿਚ ਮੰਤਰੀ ਵੀ ਬਣਦੇ ਆ ਰਹੇ ਹਨ। ਕੈਨੇਡਾ ਦੇ ਏਅਰਪੋਰਟਾਂ ’ਤੇ ਉਤਰਦਿਆਂ ਸਾਰ ਪੰਜਾਬੀ ਵਿਚ ਵੱਡੇ ਅੱਖਰਾਂ ਵਿਚ ਲਿਖੀ ਇਬਾਰਤ, ‘ਜੀ ਆਇਆਂ ਨੂੰ’ ਤੁਹਾਡਾ ਸਵਾਗਤ ਕਰਦੀ ਹੈ। ਕੈਨੇਡਾ ਦੇ ਹਰ ਸੂਬੇ ਵਿਚ ਉਸਰੇ ਆਲੀਸ਼ਾਨ ਗੁਰਧਾਮ ਸਿੱਖਾਂ ਦੀ ਖ਼ੁਸ਼ਹਾਲੀ ਦਾ ਪ੍ਰਤੱਖ ਸਬੂਤ ਹਨ। ਆਰਥਿਕ, ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਕੈਨੇਡੀਅਨ ਸਿੱਖਾਂ ਨੇ ਬੁਲੰਦੀਆਂ ਨੂੰ ਛੋਹਿਆ ਹੈ। ਇਨ੍ਹਾਂ ਪ੍ਰਾਪਤੀਆਂ ਕਰਕੇ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੇ ਅਗਲੀਆਂ ਪੀੜ੍ਹੀਆਂ ਦੇ ਰਾਹ ਵਿਚ ਆਉਣ ਵਾਲੇ ਕੰਡੇ ਚੁਗੇ ਸਨ। ਉਸ ਤੋਂ ਅਗਲੀ ਪੀੜ੍ਹੀ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ-ਵੱਟ ਕੇ ਕੈਨੇਡਾ ਪਰਵਾਸ ਕਰਨ ਨੂੰ ਤਰਜੀਹ ਦੇਣ ਲੱਗੀ। ਜ਼ਮੀਨਾਂ ਵੇਚਣ ਤਕ ਤਾਂ ਠੀਕ ਸੀ, ਇਕ ਸਮਾਂ ਆਇਆ ਜਦੋਂ ਲੋਕ

ਆਪਣੀਆਂ ਜ਼ਮੀਰਾਂ ਵੇਚ ਕੇ ਵੀ ਕੈਨੇਡਾ ਵਿਚ ਵਸਣ ਨੂੰ ਕਾਹਲੇ ਪੈ ਗਏ। ਖ਼ੂਨ ਦੇ ਰਿਸ਼ਤਿਆਂ ਵਿਚ 'ਕਾਗ਼ਜ਼ੀ-ਵਿਆਹ' ਕਰ ਕੇ ਕੈਨੇਡਾ ਦੀ ਪੀਆਰ ਲੈਣ ਵਾਲਿਆਂ ਦੀ ਵਜ੍ਹਾ ਕਰਕੇ ਵੀ ਅਸੀਂ ਕਈ ਵਾਰ ਬਦਨਾਮੀ ਖੱਟੀ ਹੈ। ਕਬੂਤਰਬਾਜ਼ੀ ਦੀਆਂ ਖ਼ਬਰਾਂ ਨਸ਼ਰ ਹੋਣ ਤੋਂ ਬਾਅਦ ਵੀ ਮੱਥੇ 'ਤੇ ਕਲੰਕ ਲੱਗਦੇ ਰਹੇ ਹਨ। ਇਸ ਦੀ ਤਾਜ਼ਾ ਉਦਾਹਰਨ ਮਕਬੂਲ ਪੰਜਾਬੀ ਗਾਇਕ ਦਲੇਰ ਮਹਿੰਦੀ ਹੈ ਜੋ ਅੱਜ-ਕੱਲ੍ਹ ਪਟਿਆਲਾ ਜੇਲ੍ਹ ਦੀ ਹਵਾ ਖਾ ਰਿਹਾ ਹੈ। ਸਮੁੰਦਰ ਪਾਰ ਦੀਆਂ ਧਰਤੀਆਂ ਜਿਵੇਂ ਪੰਜਾਬੀਆਂ ਨੂੰ ਹਾਕਾਂ ਮਾਰਦੀਆਂ ਹਨ। ਉਹ ਹਰ ਹੀਲਾ-ਵਸੀਲਾ ਜੁਟਾ ਕੇ ਪਰਵਾਸ ਕਰਨਾ ਲੋਚਦੇ ਹਨ। ਮਾਲਟਾ ਕਿਸ਼ਤੀ ਤ੍ਰਾਸਦੀ ਨੇ ਪੰਜਾਬੀਆਂ ਦੇ ਇਸ ਗ਼ੈਰ-ਕਾਨੂੰਨੀ ਪਰਵਾਸ ਦੇ ਰੁਝਾਨ ਨੂੰ ਜੱਗ ਜ਼ਾਹਰ ਕੀਤਾ ਸੀ। ਅਜਿਹਾ ਰੁਝਾਨ ਸੱਪ ਦੀ ਸਿਰੀ ਤੋਂ ਪੈਸਾ ਚੁੱਕਣ ਵਰਗਾ ਹੁੰਦਾ ਹੈ। ਹੱਦਾਂ-ਸਰਹੱਦਾਂ ਪੰਜਾਬੀਆਂ ਲਈ ਜਿਵੇਂ ਬੇਮਾਅਨਾ ਹੋਣ! ਅੱਜ-ਕੱਲ੍ਹ ਹਜ਼ਾਰਾਂ ਪੰਜਾਬੀ ਵਿਦਿਆਰਥੀ ਹਰ ਸਾਲ ਪਰਵਾਸ ਕਰ ਰਹੇ ਹਨ ਜਿਸ ਕਰਕੇ ਅਰਬਾਂ ਰੁਪਿਆ ਵਿਦੇਸ਼ ਜਾ ਰਿਹਾ ਹੈ। ਜਿਨ੍ਹਾਂ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਰੱਜ ਕੇ ਕਮਾਈ ਕਰ ਲਈ ਹੈ, ਉਨ੍ਹਾਂ 'ਚੋਂ ਕਈ ਔਝੜੇ ਰਾਹ ਪਏ ਦਿਖਾਈ ਦਿੰਦੇ ਹਨ। ਚੀਨੀਆਂ ਵਾਂਗ ਕਈ ਪੰਜਾਬੀ ਨਸ਼ਿਆਂ ਦੀ ਤਸਕਰੀ ਕਰ ਕੇ ਰਾਤੋ-ਰਾਤ ਅਮੀਰ ਬਣਨਾ ਚਾਹੁੰਦੇ ਹਨ। ਉਨ੍ਹਾਂ ਦੀ ਗੈਂਗਵਾਰ ਨੇ ਪੰਜਾਬ ਅਤੇ ਪੰਜਾਬੀਆਂ ਦਾ ਨਾਮ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਹੈ। ਬੀਤੇ ਕੁਝ ਸਾਲਾਂ ਵਿਚ ਖ਼ਾਨਾਜੰਗੀ ਨੇ ਵੀ ਅਮਨ-ਪਸੰਦ ਪੰਜਾਬੀਆਂ ਨੂੰ ਡੂੰਘੀ ਚਿੰਤਾ ਵਿਚ ਡੋਬਿਆ ਹੋਇਆ ਹੈ। ਉਨ੍ਹਾਂ ਦੀ ਹਿੰਸਕ ਵਾਰਦਾਤਾਂ ਵਿਚ ਸ਼ਮੂਲੀਅਤ ਅਣਗਿਣਤ ਸਵਾਲ ਖੜ੍ਹੇ ਕਰਦੀ ਹੈ। 'ਰੱਜਿਆ ਢਿੱਡ ਫ਼ਾਰਸੀ ਬੋਲੇ' ਦੇ ਅਖਾਣ ਵਾਂਗ ਸ਼ਾਇਦ ਕਈ ਲੋਕਾਂ ਨੇ ਹੁਣ ਪੁੱਠਾ ਰਾਹ ਅਖ਼ਤਿਆਰ ਕਰ ਲਿਆ ਹੈ। ਉਣੱਤੀ ਮਈ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡਾ ਮੂਸਾ ਨੇੜੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸਨਸਨੀਖੇਜ਼ ਕਤਲ ਦੀਆਂ ਤਾਰਾਂ ਵੀ ਕੈਨੇਡਾ ਨਾਲ ਜੁੜੀਆਂ ਹੋਈਆਂ ਹਨ। ਭਾਰਤ ਤੋਂ ਭੱਜ ਕੇ ਕੈਨੇਡਾ ਵਸਦੇ ਗੈਂਗਸਟਰ ਗੋਲਡੀ ਬਰਾੜ ਨੇ ਖ਼ੁਦ ਮੰਨਿਆ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਉਸ ਦਾ ਹੱਥ ਹੈ। ਵੀਡੀਓ ਜਾਰੀ ਕਰ ਕੇ ਗੋਲਡੀ ਬਰਾੜ ਨੇ ਖ਼ੁਲਾਸਾ ਕੀਤਾ ਹੈ ਕਿ ਮੂਸੇਵਾਲਾ ਨੇ ਆਪਣੀ ਜਾਨ ਬਖ਼ਸ਼ਣ ਲਈ ਉਸ ਨੂੰ ਦੋ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਬਾਵਜੂਦ ਉਸ ਨੂੰ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਗੋਲ਼ੀਆਂ ਮਾਰ ਕੇ ਛਲਣੀ ਕੀਤਾ ਗਿਆ ਸੀ। ਸਿੱਧੂ ਮੂਸੇਵਾਲਾ ਦਾ ਅਜੇ ਸਿਵਾ ਵੀ ਠੰਢਾ ਨਹੀਂ ਸੀ ਹੋਇਆ ਕਿ ਵੈਨਕੂਵਰ ਵਿਚ ਧਨਾਢ ਸਿੱਖ ਆਗੂ ਰਿਪੁਦਮਨ ਸਿੰਘ ਮਲਿਕ ਨੂੰ ਉਸ ਦੇ ਵੇਅਰਹਾਊਸ ਦੇ ਬਾਹਰ ਚਿੱਟੇ ਦਿਨ ਗੋਲ਼ੀਆਂ ਮਾਰ ਕੇ ਢੇਰ ਕਰ ਦਿੱਤਾ ਗਿਆ। ਕੈਨੇਡਾ ਦੀਆਂ ਜਾਂਚ-ਏਜੰਸੀਆਂ ਨੇ ਭਾਵੇਂ ਮੀਡੀਆ ਨੂੰ ਅਪੀਲ ਕੀਤੀ ਹੈ ਕਿ ਮਲਿਕ ਦੇ ਹੱਤਿਆਰਿਆਂ ਬਾਰੇ ਕਿਸੇ ਵੀ ਕਿਸਮ ਦੀ ਕਿਆਸ-ਅਰਾਈ ਤੋਂ ਗੁਰੇਜ਼ ਕੀਤਾ ਜਾਵੇ, ਫਿਰ ਵੀ ਅਜਿਹੇ 'ਹਾਈ ਪ੍ਰੋਫਾਈਲ' ਕਤਲ ਕੇਸ ਬਾਰੇ ਚਰਚਾ ਬੰਦ ਨਹੀਂ ਹੋ ਸਕਦੀ। ਇਕ ਧਿਰ ਦਾ ਕਹਿਣਾ ਹੈ ਕਿ ਕਿਸੇ ਵੇਲੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਖਾੜਕੂ ਜਥੇਬੰਦੀ ਦਾ ਆਗੂ ਰਹੇ ਮਲਿਕ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਨਵਰੀ ਵਿਚ ਪੱਤਰ ਲਿਖਿਆ ਸੀ ਜਿਸ

ਵਿਚ ਉਨ੍ਹਾਂ ਨੇ ਸਿੱਖਾਂ ਦੀ ਬਲੈਕ ਲਿਸਟ ਖ਼ਤਮ ਕਰਨ ਤੋਂ ਇਲਾਵਾ ਸਿੱਖ ਸ਼ਤਾਬਦੀਆਂ ਮਨਾਉਣ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ 'ਬਾਲ ਦਿਵਸ' ਵਜੋਂ ਮਨਾਉਣ ਲਈ ਮੋਦੀ ਦੀ ਸ਼ਲਾਘਾ ਕੀਤੀ ਸੀ। ਅਜਿਹਾ ਗੁਣਗਾਨ ਕਰਨ ਤੋਂ ਬਾਅਦ ਉਹ ਗਰਮ-ਖਿਆਲੀਆਂ ਦੀਆਂ ਅੱਖਾਂ ਵਿਚ ਰੜਕ ਰਿਹਾ ਸੀ। ਇਸ ਧਿਰ ਦਾ ਮੰਨਣਾ ਹੈ ਕਿ 'ਬਲੈਕ ਲਿਸਟ' ਵਿੱਚੋਂ ਨਾਮ ਨਿਕਲਣ ਪਿੱਛੋਂ ਮਲਿਕ ਭਾਰਤ ਆਇਆ ਸੀ ਤੇ ਉਸ ਨੇ ਲਗਪਗ 25 ਸਾਲਾਂ ਬਾਅਦ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਸਨ। ਜੂਨ 1985 ਵਿਚ ਏਅਰ ਇੰਡੀਆਂ ਦੇ ਕਨਿਸ਼ਕ ਹਵਾਈ ਜਹਾਜ਼ ਨੂੰ ਹਵਾ ਵਿਚ ਵਿਸਫੋਟ ਨਾਲ ਉਡਾਉਣ ਦੇ ਮੁੱਖ ਸਾਜ਼ਿਸ਼ ਘਾੜਿਆਂ ਵਿਚ ਹੋਣ ਦੇ ਦੋਸ਼ ਕਰਕੇ ਉਸ ਨੇ ਲਗਪਗ ਪੰਜ ਸਾਲ ਕੈਦ ਵੀ ਕੱਟੀ ਸੀ। ਸਬੂਤਾਂ ਦੀ ਘਾਟ ਕਾਰਨ ਮਲਿਕ ਅਤੇ ਉਸ ਦੇ ਸਾਥੀ ਅਜਾਇਬ ਸਿੰਘ ਬਾਗੜੀ ਨੂੰ ਬਰੀ ਕਰ ਦਿੱਤਾ ਸੀ। ਦੂਜੇ ਪਾਸੇ ਇਕ ਹੋਰ ਸਾਜ਼ਿਸ਼ਕਰਤਾ ਇੰਦਰਜੀਤ ਸਿੰਘ ਰਿਆਤ ਜੋ ਪਹਿਲਾਂ ਵਾਅਦਾ ਮਾਫ਼ ਗਵਾਹ ਬਣਿਆ ਤੇ ਫਿਰ ਗਵਾਹੀ ਤੋਂ ਮੁੱਕਰ ਗਿਆ, ਨੂੰ ਲੰਬੀ ਸਜ਼ਾ ਹੋਈ ਸੀ। ਪਿਛਲੇ ਅਰਸੇ ਤੋਂ ਖਾੜਕੂ ਪਿਛੋਕੜ ਵਾਲਾ ਮਲਿਕ ਭਾਰਤ ਸਰਕਾਰ ਨਾਲ ਪੁਲ਼ ਦਾ ਕੰਮ ਕਰ ਰਿਹਾ ਸੀ। ਗਰਮ ਖਿਆਲੀ ਹਰ ਹਾਲਤ ਵਿਚ ਇਸ ਪੁਲ਼ ਨੂੰ ਤੋੜਨ ਦੀ ਤਾਕ ਵਿਚ ਸਨ। ਇਕ ਟੀਵੀ ਚੈਨਲ 'ਚ ਉਸ ਨੇ ਖ਼ਾਲਿਸਤਾਨ ਦੀ ਮੰਗ ਅਤੇ ਰੈਫਰੈਂਡਮ-2020 ਦੀ ਖੁੱਲ੍ਹ ਕੇ ਵਿਰੋਧਤਾ ਕੀਤੀ ਸੀ। ਇਸ ਤੋਂ ਇਲਾਵਾ ਮਲਿਕ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾਂ ਦਾ ਵੀ ਦੋਸ਼ੀ ਮੰਨਿਆ ਗਿਆ ਸੀ। ਇਨ੍ਹਾਂ ਤਮਾਮ ਕਿਆਸ-ਅਰਾਈਆਂ ਤੋਂ ਇਲਾਵਾ ਇਹ ਗੈਂਗਸਟਰਾਂ ਦੇ ਗੁਰਗਿਆਂ ਜਾਂ ਮਲਿਕ ਦੇ ਨਿੱਜੀ ਦੁਸ਼ਮਣਾਂ ਵੱਲੋਂ ਭਾੜੇ ਦੇ ਕਾਤਲਾਂ ਰਾਹੀਂ ਕੀਤੇ ਗਏ ਕਾਰੇ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਈ ਇਸ ਨੂੰ 'ਰੱਬ ਦੀ ਲਾਠੀ' ਨਾਲ ਵੀ ਜੋੜ ਕੇ ਦੇਖ ਰਹੇ ਹਨ ਜੋ ਬੇਆਵਾਜ਼ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਨਿਸ਼ਕ ਕਾਂਡ ਵਿਚ ਮਾਰੇ ਗਏ 329 ਮੁਸਾਫਿਰਾਂ ਨੂੰ ਸਬੂਤਾਂ ਦੀ ਘਾਟ ਕਾਰਨ ਅਦਾਲਤ ਨੇ ਇਨਸਾਫ਼ ਦੇਣ ਤੋਂ ਪੱਲਾ ਝਾੜ ਦਿੱਤਾ ਸੀ ਪਰ 'ਉੱਪਰਲੀ ਅਦਾਲਤ' ਨੇ ਉਨ੍ਹਾਂ ਨੂੰ 'ਇਨਸਾਫ਼' ਦੇ ਦਿੱਤਾ ਹੈ। ਜਿੰਨੇ ਮੂੰਹ ਓਨੀਆਂ ਗੱਲਾਂ। ਕਿਸੇ ਵੀ ਤਰ੍ਹਾਂ 75 ਸਾਲਾਂ ਦੇ ਉੱਚ-ਦੁਮਾਲੜੇ ਵਾਲੇ ਬਜ਼ੁਰਗ ਸਿੱਖ ਨੇਤਾ ਰਿਪੁਦਮਨ ਸਿੰਘ ਮਲਿਕ ਦੇ ਹੌਲਨਾਕ ਕਤਲ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕੈਨੇਡਾ ਪੁਲਿਸ/ਸਰਕਾਰ ਲਈ ਇਹ ਵੱਡੀ ਚੁਣੌਤੀ ਹੈ ਕਿ ਕਾਤਲਾਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਨੂੰ ਮਿਲੀ ਸਜ਼ਾ ਦੇਵੇ। ਇਸ ਦੇ ਨਾਲ ਹੀ ਕੈਨੇਡਾ ਵਿਚ ਰਹਿ ਰਹੇ ਗੋਲਡੀ ਬਰਾੜ ਤੇ ਉਸ ਦੇ ਸਾਥੀਆਂ ਨੂੰ ਫੜ ਕੇ ਭਾਰਤ ਹਵਾਲੇ ਕਰੇ।

17 ਜੁਲਾਈ

# ਦਸਤਾਵੇਜ਼ੀ ਫ਼ਰੇਬ

ਸੈਂਤੀ ਸਾਲ ਪਹਿਲਾਂ 24 ਜੁਲਾਈ 1985 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਲਿਖਤੀ 'ਪੰਜਾਬ ਸਮਝੌਤੇ' ਤੋਂ ਬਾਅਦ ਪੁਲਾਂ ਹੇਠੋਂ ਬਹੁਤ ਪਾਣੀ ਲੰਘ ਚੁੱਕਾ ਹੈ। ਸਮਝੌਤੇ ਤੋਂ ਬਾਅਦ ਪੰਥ 'ਸਰਦਾਰਾਂ' ਤੇ 'ਗ਼ਦਾਰਾਂ', ਦੋ ਖੇਮਿਆਂ ਵਿਚ ਵੰਡਿਆ ਦਿਸ ਰਿਹਾ ਸੀ। ਕਈਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਸੰਤ ਲੌਂਗੋਵਾਲ ਨੇ 'ਪੰਜਾਬ ਸਮਝੌਤੇ' ਉੱਪਰ ਨਹੀਂ ਬਲਕਿ ਮੌਤ ਦੇ ਪਰਵਾਨੇ 'ਤੇ ਦਸਤਖ਼ਤ ਕੀਤੇ ਸਨ ਜੋ ਸਹੀ ਸਾਬਿਤ ਹੋਇਆ। ਇਹ ਪਹਿਲੀ ਵਾਰ ਸੀ ਕਿ ਆਜ਼ਾਦ ਭਾਰਤ ਵਿਚ ਪ੍ਰਧਾਨ ਮੰਤਰੀ ਅਤੇ ਕਿਸੇ ਖੇਤਰੀ ਪਾਰਟੀ ਦੇ ਪ੍ਰਧਾਨ ਦਰਮਿਆਨ ਸਿੱਧਾ ਲਿਖਤੀ ਸਮਝੌਤਾ ਹੋਇਆ ਹੋਵੇ! ਇਸ ਸਮਝੌਤੇ ਤੋਂ ਪਹਿਲਾਂ ਸਾਕਾ ਨੀਲਾ ਤਾਰਾ ਪਿੱਛੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਦੋ ਸਿੱਖ ਬਾਡੀਗਾਰਡਾਂ ਵੱਲੋਂ ਹੱਤਿਆ ਹੋਈ ਅਤੇ ਸਿੱਖ-ਵਿਰੋਧੀ ਦੰਗੇ ਦਿੱਲੀ, ਕਾਨਪੁਰ/ਬੋਕਾਰੋ ਵਿਚ ਭੜਕ ਪਏ। ਫ਼ਲਸਰੂਪ ਪੰਜਾਬ ਦੇ ਕੋਨੇ-ਕੋਨੇ ਵਿਚ ਭਾਂਬੜ ਮਚ ਰਹੇ ਸਨ। ਸਿੱਖ ਭਾਈਚਾਰੇ ਵਿਚ ਬੇਗਾਨਗੀ ਦਾ ਅਹਿਸਾਸ ਸੀ। ਦੁੱਖਾਂ ਦੇ ਵਰੋਲੇ ਉੱਡ ਰਹੇ ਸਨ। ਆਪਣੀ ਮਾਤਾ ਦੀ ਹੱਤਿਆ ਤੋਂ ਬਾਅਦ ਭੜਕੇ ਦੰਗਿਆਂ ਬਾਰੇ "ਜਦੋਂ ਕੋਈ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ" ਬਚਕਾਨਾ ਬਿਆਨ ਦੇਣ ਵਾਲਾ ਰਾਜੀਵ ਗਾਂਧੀ ਕੁਝ ਮਹੀਨਿਆਂ ਵਿਚ ਹੀ ਸਿਆਣਾ ਹੋ ਗਿਆ ਜਾਪਦਾ ਸੀ। ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਈਆਂ ਲੋਕ ਸਭਾ ਚੋਣਾਂ ਵਿਚ 404 ਸੀਟਾਂ ਜਿੱਤਣ ਤੋਂ ਬਾਅਦ ਰਾਜੀਵ ਗਾਂਧੀ ਦੇ ਹੌਸਲੇ ਬੁਲੰਦ ਹੋ ਗਏ ਤੇ ਉਹ ਸਾਕਾ ਨੀਲਾ ਤਾਰਾ ਅਤੇ ਦਿੱਲੀ ਦੰਗਿਆਂ ਵਿਚ ਜ਼ਖ਼ਮੀ ਹੋਈ ਸਿੱਖ ਮਾਨਸਿਕਤਾ 'ਤੇ ਮੱਲ੍ਹਮ-ਪੱਟੀ ਕਰਨ ਲਈ ਉਤਾਵਲਾ ਹੋ ਗਿਆ। ਰਾਜੀਵ ਨੇ ਸਭ ਤੋਂ ਪਹਿਲਾਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਹੰਢੇ-ਵਰਤੇ ਸਿਆਸਤਦਾਨ ਅਰਜੁਨ ਸਿੰਘ ਨੂੰ ਮਾਰਚ 1985 ਵਿਚ ਪੰਜਾਬ ਦਾ ਰਾਜਪਾਲ ਬਣਾ ਦਿੱਤਾ। ਪੰਜਾਬ ਸਮੱਸਿਆ ਦੀ ਤਾਣੀ ਉਲਝਾਉਣ ਵਾਲੇ ਅਤੇ ਇੰਦਰਾ ਗਾਂਧੀ ਦੇ ਨਿਕਟ-ਵਰਤੀ ਰਹੇ ਸਲਾਹਕਾਰਾਂ ਨੂੰ ਨੇੜੇ ਨਾ ਫਟਕਣ ਦਿੱਤਾ। ਇੱਥੋਂ ਤਕ ਕਿ ਖ਼ੁਦ ਨੂੰ ਇੰਦਰਾ ਗਾਂਧੀ ਦਾ ਝਾੜੂ-ਬਰਦਾਰ ਕਹਿਣ ਵਾਲੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਉਨ੍ਹਾਂ ਦੇ ਕੱਟੜ ਸਿਆਸੀ ਦੁਸ਼ਮਣ ਦਰਬਾਰਾ ਸਿੰਘ ਅਤੇ ਬੂਟਾ ਸਿੰਘ ਕੋਲੋਂ ਵੀ 'ਸਿੱਖ-ਮੱਤ' ਲੈਣੀ ਬੰਦ ਕਰ ਦਿੱਤੀ। 'ਬੱਦਲ ਨੀਵਾਂ ਹੋ ਕੇ ਹੀ ਵਰ੍ਹਦਾ ਹੈ' ਦੇ ਅਖਾਣ ਮੁਤਾਬਿਕ ਰਾਜੀਵ ਗਾਂਧੀ ਕਿਸੇ ਵੀ ਕੀਮਤ 'ਤੇ ਸਿੱਖ ਭਾਈਚਾਰੇ ਦਾ ਦਿਲ ਜਿੱਤਣਾ ਲੋਚਦਾ ਸੀ। ਰਾਜਪਾਲ ਦਾ ਅਹੁਦਾ ਸੰਭਾਲਦਿਆਂ ਸਾਰ ਅਰਜੁਨ ਸਿੰਘ ਨੇ ਪੰਥਕ ਸਫ਼ਾਂ ਵਿਚ ਆਪਣੀ

ਪੈਂਠ ਬਣਾਉਣੀ ਸ਼ੁਰੂ ਕਰ ਦਿੱਤੀ। ਉਹ ਅਜਿਹਾ ਸੂਤਰਧਾਰ ਸੀ ਜੋ ਘਾਗ ਸਿਆਸਤਦਾਨਾਂ ਨੂੰ ਕਾਠ ਦੀਆਂ ਪੁਤਲੀਆਂ ਵਾਂਗ ਨਚਾਉਣ ਵਿਚ ਨਿਪੁੰਨ ਸੀ। ਉਸ ਨੂੰ ਇਲਮ ਸੀ ਕਿ ਸਿੱਖ ਸਿਆਸਤ ਲੰਬੇ ਸਮੇਂ ਤੋਂ 'ਸੰਤਾਂ' ਦੁਆਲੇ ਘੁੰਮਦੀ ਆਈ ਹੈ। ਅਰਜੁਨ ਸਿੰਘ ਕੋਲ ਅਰਜੁਨ ਵਾਂਗ ਮੱਛੀ ਦੀ ਅੱਖ ਨੂੰ ਵਿੰਨ੍ਹਣ ਦੀ ਮੁਹਾਰਤ ਸੀ। ਉਹ ਜਾਣਦਾ ਸੀ ਕਿ ਠੰਢਾ ਲੋਹਾ ਹੀ ਤੱਤੇ ਲੋਹੇ ਨੂੰ ਵੱਢ ਸਕਦਾ ਹੈ। ਉਸ ਦੀ ਬਾਜ਼ ਅੱਖ ਠੰਢੇ ਦਿਮਾਗ ਵਾਲੇ ਸੰਤ ਲੌਂਗੋਵਾਲ 'ਤੇ ਟਿਕ ਗਈ। ਅਰਜੁਨ ਸਿੰਘ ਭਾਵੇਂ ਸਾਬਤ ਕਦਮੀਂ ਚੱਲ ਰਿਹਾ ਸੀ, ਫਿਰ ਵੀ ਉਹ ਚਾਹੁੰਦਾ ਸੀ ਕਿ ਲੌਂਗੋਵਾਲ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੱਲਬਾਤ ਦੀ ਮੇਜ਼ ਦੁਆਲੇ ਬਿਠਾਇਆ ਜਾਵੇ। ਦਿੱਲੀ ਨਾਲ ਮੱਥਾ ਲਾਉਣ ਲਈ ਅਕਾਲ ਤਖ਼ਤ ਤੋਂ ਮੋਰਚਾ ਵਿੱਢਣ ਵਾਲੇ ਸੰਤ ਲੌਂਗੋਵਾਲ ਨੂੰ ਭਰਮਾਉਣ ਲਈ ਕਈ ਚਾਲਾਂ ਚੱਲੀਆਂ ਗਈਆਂ। ਪਿੰਡ ਦੇ ਡੇਰੇ ਤੋਂ ਉੱਠ ਕੇ ਜੰਗਜੂ ਕੌਮ ਦਾ ਮੋਰਚਾ ਡਿਕਟੇਟਰ ਬਣਿਆ ਸੰਤ ਲੌਂਗੋਵਾਲ ਇਤਿਹਾਸ ਤੋਂ ਕੋਰਾ ਸਾਬਿਤ ਹੋਇਆ। ਉਨ੍ਹਾਂ ਕੋਲ ਸੱਤਾ ਅਭਿਲਾਸ਼ੀਆਂ ਦੀਆਂ ਅੱਖਾਂ ਵਿਚ ਲੋਭ ਅਤੇ ਦਿਲਾਂ ਵਿਚ ਪਸਰੇ ਕਪਟ ਨੂੰ ਭਾਂਪਣ ਦੀ ਵਿੱਦਿਆ ਨਹੀਂ ਸੀ। ਅਰਜੁਨ ਸਿੰਘ ਨੇ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਵਰਗੇ ਨਰਮ-ਖ਼ਿਆਲੀ ਪਰ ਸੱਤਾ ਦੇ ਲੋਭੀ ਅਕਾਲੀ ਨੇਤਾਵਾਂ 'ਤੇ ਡੋਰੇ ਪਾ ਲਏ। ਜੋਧਪੁਰ ਜੇਲ੍ਹ ਵਿਚ ਬੈਠੇ ਗਰਮ-ਖਿਆਲੀ ਨੌਜਵਾਨ ਨੇਤਾਵਾਂ ਨਾਲ ਵੀ ਕੇਂਦਰ ਦੀ ਸਮਾਨਾਂਤਰ ਗੱਲਬਾਤ ਚੱਲਦੀ ਰਹੀ। ਉਨ੍ਹਾਂ ਨੂੰ ਬਿਨਾਂ ਕਿਸੇ ਪ੍ਰੋਡਕਸ਼ਨ ਵਾਰੰਟ ਦੇ ਜਹਾਜ਼ ਵਿਚ ਚੜ੍ਹਾ ਕੇ ਕੇਂਦਰ ਦੀ ਸੱਤਾ 'ਤੇ ਕਾਬਜ਼ ਨੇਤਾਵਾਂ ਨਾਲ ਗੁਪਤ ਤਰੀਕੇ ਨਾਲ ਦਿੱਲੀ ਵਿਖੇ ਮਿਲਾਇਆ ਗਿਆ। ਇਸ ਦੇ ਬਾਵਜੂਦ ਅਰਜੁਨ ਸਿੰਘ ਨਰਮ-ਖ਼ਿਆਲੀ ਨੇਤਾਵਾਂ ਨਾਲ ਗੱਲ ਮੁਕਾ ਕੇ ਪੰਜਾਬ ਵਿਚ ਸ਼ਾਂਤੀ ਬਹਾਲ ਕਰਵਾਉਣ ਦੀ ਤਾਕ ਵਿਚ ਸੀ। ਪੰਜਾਬ ਦੀ ਵਾਗਡੋਰ ਸੰਭਾਲਣ ਲਈ ਕਾਹਲੇ ਬਰਨਾਲਾ ਤੇ ਬਲਵੰਤ ਸਿੰਘ ਨੇ ਕਿਵੇਂ ਨਾ ਕਿਵੇਂ ਸੰਤ ਲੌਂਗੋਵਾਲ ਨੂੰ ਰਾਜੀਵ ਗਾਂਧੀ ਨਾਲ ਮੀਟਿੰਗ ਲਈ ਮਨਾ ਲਿਆ। 'ਪੰਜਾਬ ਸਮਝੌਤੇ' ਲਈ ਉਹ ਇੰਨੇ ਕਾਹਲੇ ਸਨ ਕਿ ਉਨ੍ਹਾਂ ਨੇ ਇਸ ਸੰਧੀ 'ਤੇ ਸਹੀ ਪਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ 'ਹੋਮ ਵਰਕ' ਵੀ ਨਹੀਂ ਸੀ ਕੀਤਾ। ਇਹ ਸਮਝੌਤਾ ਦਰਅਸਲ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵਰਗੇ ਟਕਸਾਲੀ ਅਕਾਲੀਆਂ ਨੂੰ ਠਿੱਬੀ ਲਾ ਕੇ ਸਹੀਬੰਦ ਕੀਤਾ ਗਿਆ ਸੀ। ਰਾਜੀਵ-ਲੌਂਗੋਵਾਲ ਇਕਰਾਰਨਾਮੇ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸੁੱਖ ਦਾ ਸਾਹ ਲਿਆ ਪਰ ਰਸਗੁੱਲੇ ਖਾਣ ਤੋਂ ਬਾਅਦ ਮੌਤ ਸਾਏ ਵਾਂਗ ਲੌਂਗੋਵਾਲ ਦਾ ਪਿੱਛਾ ਕਰਨ ਲੱਗ ਪਈ। ਮਸਾਂ 25 ਦਿਨ੍ਹਾਂ ਬਾਅਦ ਲੌਂਗੋਵਾਲ ਨੂੰ ਸ਼ੇਰਪੁਰ ਦੇ ਗੁਰਦੁਆਰੇ ਵਿਚ ਉਸ ਵੇਲੇ ਗੋਲ਼ੀਆਂ ਨਾਲ ਛਲਣੀ ਕਰ ਦਿੱਤਾ ਜਦੋਂ ਉਹ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਅਰਦਾਸ ਕਰਨ ਉਪਰੰਤ ਮੱਥਾ ਟੇਕਣ ਲਈ ਝੁਕੇ ਸਨ। 'ਪੰਜਾਬ ਸਮਝੌਤੇ' ਤੋਂ ਬਾਅਦ ਗਰਮ-ਖ਼ਿਆਲੀ ਕਹਿ ਰਹੇ ਸਨ ਕਿ ਇਸ ਦਸਤਾਵੇਜ਼ 'ਤੇ ਸਹੀ ਪਾਉਣ ਨਾਲ ਪੰਜਾਬ ਨੇ ਖੱਟਿਆ ਘੱਟ ਤੇ ਗੁਆਇਆ ਵੱਧ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਹਵਾਲਾ ਦਿੰਦੇ ਉਹ ਕਟਾਕਸ਼ ਕਰਦੇ ਹਨ, "ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ, ਸਗੋਂ ਕੁੰਜੀਆਂ ਹੱਥ ਫੜਾ ਆਏ।" ਪੰਜਾਬ ਵਿਚ ਖ਼ੂਨ ਦੀਆਂ

ਨਦੀਆਂ ਵਹਿਣ ਪਿੱਛੋਂ ਅਜਿਹੇ ਅਹਿਦਨਾਮਾ/ਸੰਧੀ 'ਤੇ ਦਸਤਖ਼ਤ ਕਰਨ ਲਈ ਵੱਡੇ ਜਿਗਰੇ ਦੀ ਲੋੜ ਸੀ। ਸੰਤ ਲੌਂਗੋਵਾਲ ਨੇ ਭਾਵੇਂ ਡਰਦੇ-ਡਰਦੇ ਇਸ 'ਤੇ ਦਸਤਖ਼ਤ ਕੀਤੇ ਸਨ, ਫਿਰ ਵੀ ਬਲ਼ ਰਹੇ ਪੰਜਾਬ ਵਿਚ ਸ਼ਾਂਤੀ ਬਹਾਲ ਕਰਨ ਲਈ ਉਨ੍ਹਾਂ ਨੇ ਇਹ ਜੋਖ਼ਮ ਭਰਿਆ ਕਦਮ ਚੁੱਕਿਆ ਸੀ। ਰਾਜੀਵ ਅਤੇ ਅਰਜੁਨ ਸਿੰਘ, ਦੋਨਾਂ ਨੂੰ ਪਤਾ ਸੀ ਕਿ ਇਸ ਅਹਿਦਨਾਮੇ 'ਤੇ ਸਹੀ ਪਾਉਣ ਤੋਂ ਬਾਅਦ ਸੰਤ ਲੌਂਗੋਵਾਲ ਦਾ ਹਸ਼ਰ ਕੀ ਹੋਵੇਗਾ। ਕਹਿੰਦੇ ਹਨ ਕਿ ਦਿਲ ਵਿਚ ਕਪਟ ਹੋਵੇ ਤਾਂ ਸਾਹਮਣੇ ਬੈਠੇ ਬੰਦੇ ਦਾ ਸਹਿਜੇ ਹੀ ਅਮਨ-ਚੈਨ ਚੁਰਾਇਆ ਜਾ ਸਕਦਾ ਹੈ। ਲੌਂਗੋਵਾਲ ਨੂੰ ਇਹ ਭਰਮ ਸੀ ਕਿ 'ਪੰਜਾਬ ਸਮਝੌਤਾ ਪਰਸਪਰ ਵਿਸ਼ਵਾਸ/ਸਦਭਾਵਨਾ ਤਹਿਤ ਹੋ ਰਿਹਾ ਹੈ। ਅਜਿਹਾ ਭਰੋਸਾ ਨਾ ਹੋਵੇ ਤਾਂ ਅਸਮਾਨੀ ਬਿਜਲੀ ਡਿੱਗਣ ਦਾ ਝਉਲਾ ਪੈਂਦਾ ਹੈ। ਸਮਝੌਤੇ ਤੋਂ ਬਾਅਦ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਬਿਨਾਂ ਬਰਨਾਲਾ ਸਰਕਾਰ ਦਾ ਡਿੱਗਣਾ ਆਪਣੇ-ਆਪ ਵਿਚ ਪੰਜਾਬ ਨਾਲ ਹੋਏ ਦਗ਼ੇ ਦੀ ਦਰਦ ਭਰੀ ਦਾਸਤਾਨ ਹੈ। ਦਸਤਖ਼ਤ ਕਰਨ ਵਾਲੇ ਰਾਜੀਵ ਤੇ ਲੌਂਗੋਵਾਲ ਤੋਂ ਇਲਾਵਾ ਸਮਝੌਤੇ ਵੇਲੇ ਨਾਲ ਬੈਠੇ ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਤੇ ਅਰਜੁਨ ਸਿੰਘ ਸਾਰੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ। ਸੈਂਤੀ ਸਾਲਾਂ ਬਾਅਦ ਇਸ ਸਮਝੌਤੇ ਦੀ ਇਕ ਵੀ ਮੱਦ ਲਾਗੂ ਨਾ ਹੋਣਾ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਅਪਮਾਨ ਹੈ। 'ਖਿੜਿਆ ਫੁੱਲ ਗ਼ੁਲਾਬ ਦਾ, ਚੰਡੀਗੜ੍ਹ ਪੰਜਾਬ ਦਾ' ਦੇ ਨਾਅਰਿਆਂ ਵਾਲੇ ਪੋਸਟਰਾਂ ਨੂੰ ਲੋਕ ਸੰਪਰਕ ਵਿਭਾਗ ਨੇ ਉਦੋਂ ਅਗਨ-ਭੇਟ ਕਰ ਦਿੱਤਾ ਜਦੋਂ ਵਾਅਦੇ ਮੁਤਾਬਿਕ 26 ਜਨਵਰੀ 1986 ਨੂੰ ਰਾਜਧਾਨੀ ਪੰਜਾਬ ਨੂੰ ਨਾ ਦਿੱਤੀ ਗਈ। ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਸਲਾ ਤਾਂ ਹੋਰ ਵੀ ਗੁੰਝਲਦਾਰ ਬਣ ਗਿਆ ਹੈ। ਦਰਿਆਈ ਪਾਣੀਆਂ ਵਿਚ ਅਜੇ ਵੀ ਮਧਾਣੀ ਪਈ ਹੋਈ ਹੈ। ਆਲ ਇੰਡੀਆ ਗੁਰਦੁਆਰਾ ਐਕਟ ਤਾਂ ਕੀ ਬਣਨਾ ਸੀ ਸਗੋਂ ਹਰਿਆਣਾ ਨੇ ਵੱਖਰੀ ਕਮੇਟੀ ਬਣਾ ਕੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਕਮੇਟੀ ਦਾ ਦਾਇਰਾ ਹੋਰ ਸੁੰਗੇੜ ਦਿੱਤਾ ਹੈ। ਸੂਬਿਆਂ ਨੂੰ ਮਜ਼ਬੂਤ ਕਰਨ, ਕੇਂਦਰ ਦੀਆਂ ਸ਼ਕਤੀਆਂ ਦਾ ਵਿਕੇਂਦਰੀਕਰਨ ਤਾਂ ਬਸ ਅਨੰਦਪੁਰ ਸਾਹਿਬ ਮਤੇ ਵਿਚ ਹੀ ਸੰਭਾਲਿਆ ਰਹਿ ਗਿਆ ਹੈ। ਇਨ੍ਹਾਂ ਸੈਂਤੀ ਸਾਲਾਂ ਵਿਚ 1973 ਨੂੰ ਪਾਸੇ ਕੀਤੇ ਗਏ ਅਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਵਾਉਣ ਲਈ ਅਕਾਲੀ ਦਲ ਨੇ ਵੀ ਕਿਹੜੀ ਗੰਭੀਰਤਾ ਦਿਖਾਈ ਹੈ? ਪੰਜਾਬ ਪਹਿਲਾਂ ਵੀ ਅਣਗਿਣਤ ਵਿਤਕਰਿਆਂ ਦਾ ਸ਼ਿਕਾਰ ਰਿਹਾ ਹੈ ਪਰ 'ਪੰਜਾਬ ਸਮਝੌਤਾ' ਨਾ ਲਾਗੂ ਹੋਣਾ ਦਸਤਾਵੇਜ਼ੀ ਫ਼ਰੇਬ ਹੈ ਜੋ ਵਿਸ਼ਵਾਸਘਾਤ ਵਜੋਂ ਤਵਾਰੀਖ਼ ਦੇ ਕਾਲੇ ਪੰਨੇ ਵਜੋਂ ਯਾਦ ਕੀਤਾ ਜਾਂਦਾ ਰਹੇਗਾ।

24 ਜੁਲਾਈ

# ਇੰਜ ਨਹੀਂ ਕਰੀਦੇ !

ਡਾਕਟਰ ਨੂੰ ਮਸੀਹਾ ਜਾਂ ਰੱਬ ਦਾ ਦੂਜਾ ਰੂਪ ਸਮਝਿਆ ਜਾਂਦਾ ਹੈ। ਕੋਰੋਨਾ ਮਹਾਮਾਰੀ ਵੇਲੇ ਡਾਕਟਰਾਂ 'ਤੇ ਫੁੱਲਾਂ ਦੀ ਵਰਖਾ ਦੇ ਦ੍ਰਿਸ਼ ਦਿਲ ਨੂੰ ਟੁੰਬਦੇ ਸਨ। ਮਰੀਜ਼ਾਂ ਨੂੰ ਬਚਾਉਂਦੇ-ਬਚਾਉਂਦੇ ਕਈ ਡਾਕਟਰ ਰੱਬ ਨੂੰ ਪਿਆਰੇ ਹੋ ਗਏ ਸਨ। ਇਸੇ ਲਈ ਉਨ੍ਹਾਂ ਨੂੰ ਕੋਰੋਨਾ ਯੋਧੇ ਹੋਣ ਦਾ ਮਾਣ-ਸਨਮਾਨ ਮਿਲਦਾ ਸੀ। ਦੂਜੇ ਪਾਸੇ ਇਸ ਭਾਈਚਾਰੇ ਦੀਆਂ 'ਕਾਲੀਆਂ ਭੇਡਾਂ' ਨੇ ਇਸ ਪਵਿੱਤਰ ਪੇਸ਼ੇ ਨੂੰ ਦਾਗ਼ਦਾਰ ਕੀਤਾ ਸੀ। ਪ੍ਰਾਈਵੇਟ ਹਸਪਤਾਲਾਂ ਨੂੰ ਪੰਜ ਤਾਰਾ ਹੋਟਲਾਂ ਵਾਂਗ ਚਲਾਉਣ ਵਾਲੇ 'ਡਾਕਟਰਾਂ' ਨੇ ਇਸ ਮਹਾਮਾਰੀ ਦੌਰਾਨ ਨੋਟਾਂ ਦੇ ਅੰਬਾਰ ਲਗਾ ਲਏ ਸਨ। ਕੋਰੋਨਾ ਮਹਾਮਾਰੀ ਵਿਚ ਇਕ ਯੋਧੇ ਵਾਂਗ ਕੰਮ ਕਰਨ ਵਾਲਿਆਂ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫ਼ਰੀਦਕੋਟ ਦੇ ਉਪ-ਕੁਲਪਤੀ ਡਾ. ਰਾਜ ਬਹਾਦੁਰ ਦਾ ਨਾਮ ਵੀ ਸ਼ਾਮਲ ਹੈ। ਅਫ਼ਸੋਸ ! ਕੋਰੋਨਾ ਦੀ ਲਹਿਰ ਮੱਠੀ ਹੋਣ ਤੋਂ ਬਾਅਦ ਡਾਕਟਰਾਂ ਦੀ ਅਹਿਮੀਅਤ ਘਟਦੀ ਦਿਖੀ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੇ ਸੱਤਰਾਂ ਨੂੰ ਟੱਪੇ ਇਸ ਡਾਕਟਰ ਨੂੰ ਸਿਹਤ ਮੰਤਰੀ ਦੇ ਦੌਰੇ ਦੌਰਾਨ ਜ਼ਲੀਲ ਕਰਨ ਪਿੱਛੋਂ ਇਹ ਮਾਮਲਾ ਰਾਸ਼ਟਰੀ ਪੱਧਰ 'ਤੇ ਤੂਲ ਫੜਦਾ ਦਿਸ ਰਿਹਾ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਇਸ ਮੰਦਭਾਗੀ ਘਟਨਾ ਨੂੰ ਸਮੁੱਚੇ ਡਾਕਟਰੀ ਭਾਈਚਾਰੇ ਦਾ ਅਪਮਾਨ ਦੱਸਿਆ ਹੈ। ਮਾਲਵੇ ਦਾ ਮਿੰਨੀ ਪੀਜੀਆਈ ਸਮਝੇ ਜਾਂਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ (ਹਸਪਤਾਲ) ਦੇ ਇਕ ਵਾਰਡ (ਚਮੜੀ ਵਿਭਾਗ) ਦਾ ਨਿਰੀਖਣ ਕਰਨ ਵੇਲੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਜਦੋਂ ਫਟੇ-ਪੁਰਾਣੇ ਮੁਸ਼ਕ ਮਾਰਦੇ ਗੱਦਿਆਂ ਨੂੰ ਤੱਕਿਆ ਤਾਂ ਉਹ ਆਪਣੇ ਗੁੱਸੇ 'ਤੇ ਕਾਬੂ ਨਾ ਪਾ ਸਕੇ। ਹਸਪਤਾਲ ਪ੍ਰਸ਼ਾਸਨ ਦੀ ਇਹ ਬੱਜਰ ਗ਼ਲਤੀ ਸੀ ਕਿ ਉਨ੍ਹਾਂ ਨੇ ਉੱਲੀ ਮਾਰੇ ਗੱਦਿਆਂ ਨੂੰ ਕੱਜਣ ਲਈ ਬੈੱਡਾਂ 'ਤੇ ਦੁੱਧ-ਚਿੱਟੀਆਂ ਚਾਦਰਾਂ ਪਾਈਆਂ ਹੋਈਆਂ ਸਨ। ਅਜਿਹੀ ਲਿੱਪਾ-ਪੋਚੀ ਪ੍ਰਸ਼ਾਸਨ ਦੀ ਨੀਅਤ 'ਤੇ ਅਵੱਸ਼ ਉਂਗਲ ਧਰਦੀ ਹੈ। ਵਾਰਡਾਂ ਦੀ ਅਜਿਹੀ ਖ਼ਸਤਾ ਹਾਲਤ ਬਜਟ ਦੀ ਘਾਟ, ਪ੍ਰਸ਼ਾਸਨ ਦੀ ਅਣਗਹਿਲੀ ਜਾਂ ਕਿਸੇ ਘਪਲੇ ਦਾ ਵੀ ਸੰਕੇਤ ਕਹੀ ਜਾ ਸਕਦੀ ਸੀ। ਇਸ ਸਭ ਦੇ ਬਾਵਜੂਦ ਅਣਗਹਿਲੀ ਜਾਂ ਭ੍ਰਿਸ਼ਟਾਚਾਰ ਨਾਲ ਨਜਿੱਠਣ ਵੇਲੇ ਵੀ ਸ਼ਿਸ਼ਟਾਚਾਰ ਦਾ ਪੱਲਾ ਨਹੀਂ ਸੀ ਛੱਡਣਾ ਚਾਹੀਦਾ। ਮੀਡੀਆ ਦੇ ਸਾਹਮਣੇ, ਨਾਕਸ ਪ੍ਰਬੰਧ ਨੂੰ ਉਜਾਗਰ ਕਰਨ ਲਈ ਵਾਈਸ ਚਾਂਸਲਰ ਨੂੰ ਬੈੱਡ 'ਤੇ ਲਿਟਣ ਲਈ ਕਹਿਣਾ ਸ਼ਿਸ਼ਟਾਚਾਰ ਦੇ ਉਲਟ ਹੀ ਸਮਝਿਆ ਜਾਵੇਗਾ। ਚੰਗਾ ਹੁੰਦਾ ਜੇ ਮੰਤਰੀ ਆਪਣੇ ਗੁੱਸੇ ਨੂੰ ਪੀ ਕੇ ਹਸਪਤਾਲ ਦੀ ਖ਼ਸਤਾ ਹਾਲਤ ਬਾਰੇ ਉੱਚ-ਪੱਧਰੀ ਜਾਂਚ ਦੇ ਆਦੇਸ਼ ਦੇ ਦਿੰਦੇ। ਇਸ ਮੁੱਦੇ ਨੂੰ ਭੁਨਾਉਣ ਲਈ ਵਿਰੋਧੀ ਧਿਰ ਨੇ 'ਆਪ' ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ

ਦਿੱਤਾ ਹੈ। ਅੱਧੀ ਰਾਤ ਨੂੰ ਅਸਤੀਫ਼ਾ ਦੇਣ ਤੋਂ ਬਾਅਦ ਡਾ. ਰਾਜ ਬਹਾਦੁਰ ਮੁਹਾਲੀ ਦੇ ਸਰਕਾਰੀ ਹਸਪਤਾਲ ਵਿਚ ਪੁੱਜ ਕੇ ਖ਼ੁਦ ਆਪ੍ਰੇਸ਼ਨ ਕਰਦੇ ਦਿਖਾਈ ਦਿੱਤੇ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੀ ਓਥੇ ਪਹੁੰਚ ਗਏ। ਉਨ੍ਹਾਂ ਨੇ ਜਦੋਂ ਡਾਕਟਰ ਰਾਜ ਬਹਾਦੁਰ ਦੇ ਮੱਥਾ ਟੇਕਿਆ ਤਾਂ ਮਾਹੌਲ ਜਜ਼ਬਾਤੀ ਹੋ ਗਿਆ। ਅਸਤੀਫ਼ਾ ਦੇ ਚੁੱਕੇ ਵਾਈਸ ਚਾਂਸਲਰ ਦਾ ਦਰਦ ਛਲਕਿਆ ਤਾਂ ਉਨ੍ਹਾਂ ਦੇ ਹੰਝੂ ਵਹਿ ਤੁਰੇ। ਇਸ ਤੋਂ ਪਿੱਛੋਂ ਕਈਆਂ ਦਾ ਕਹਿਣਾ ਸੀ ਕਿ ਅੱਥਰੂਆਂ ਵਿਚ ਵੀ ਕਈ ਵਾਰ ਸੈਲਾਬ ਹੁੰਦਾ ਹੈ। ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਈ ਹੋਰ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ। ਸਾਰਿਆਂ ਨੇ ਇਕ ਸੁਰ ਵਿਚ ਸਿਹਤ ਮੰਤਰੀ ਦੇ ਵਿਵਹਾਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਦਾ ਅਸਤੀਫ਼ਾ ਮੰਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਮਾਹੌਲ ਨੂੰ ਸ਼ਾਂਤ ਕਰਨ ਲਈ ਡਾਕਟਰ ਰਾਜ ਬਹਾਦੁਰ ਨੂੰ ਆਪਣਾ ਦੋਸਤ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਫ਼ਰਜ਼ ਨਿਭਾਉਂਦਿਆਂ ਤਲਖੀਆਂ ਹੋ ਜਾਂਦੀਆਂ ਹਨ ਪਰ ਇਸ ਮਾਮਲੇ ਨੂੰ ਵਧੀਆ ਤਰੀਕੇ ਨਾਲ ਨਿਪਟਾਇਆ ਜਾ ਸਕਦਾ ਸੀ। ਜੌੜਾਮਾਜਰਾ ਦੇ ਆਪਣੇ ਸਾਥੀ ਕੈਬਨਿਟ ਮੰਤਰੀ ਫ਼ੌਜਾ ਸਿੰਘ ਵੀ ਵਾਈਸ ਚਾਂਸਲਰ ਦੇ ਹੱਕ ਵਿਚ ਭੁਗਤੇ ਹਨ। ਦੂਜੇ ਪਾਸੇ ਸੱਤਾਧਾਰੀ ਪਾਰਟੀ ਦੇ ਕੁਝ ਨੇਤਾਵਾਂ ਨੇ ਖੁੱਲ੍ਹ ਕੇ ਕਿਹਾ ਹੈ ਕਿ ਮਾਫ਼ੀ ਤਾਂ ਉਸ ਨੂੰ ਮੰਗਣੀ ਚਾਹੀਦੀ ਹੈ ਜਿਸ ਦਾ ਕਸੂਰ ਹੈ। ਡਾ. ਰਾਜ ਬਹਾਦੁਰ ਤੋਂ ਬਾਅਦ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ, ਮੈਡੀਕਲ ਸੁਪਰਡੈਂਟ ਸਣੇ ਕਈਆਂ ਨੇ ਅਸਤੀਫ਼ੇ ਦੇ ਦਿੱਤੇ। ਅਸਤੀਫ਼ਿਆਂ ਦੀ ਝੜੀ ਤੋਂ ਬਾਅਦ ਸਿਹਤ ਮੰਤਰੀ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦਿੱਤੀਆਂ। ਮੁੱਖ ਮੰਤਰੀ ਵੱਲੋਂ ਇਸ ਮਾਮਲੇ 'ਤੇ ਖ਼ੇਦ ਪ੍ਰਗਟਾਉਣਾ ਜਿੱਥੇ ਉਨ੍ਹਾਂ ਦੀ ਫਿਰਾਖ਼ਦਿਲੀ ਹੈ ਓਥੇ ਸਿਹਤ ਮੰਤਰੀ ਅਤੇ ਚੁਣੇ ਹੋਏ ਹੋਰ ਲੋਕ ਨੁਮਾਇੰਦਿਆਂ ਨੂੰ ਵੀ ਸਪਸ਼ਟ ਸੁਨੇਹਾ ਹੈ। ਪਿਛਲੇ ਦਿਨੀਂ ਡਿਪਟੀ ਕਮਿਸ਼ਨਰ ਜਲੰਧਰ ਦੇ ਦਫ਼ਤਰ ਵਿਚ ਦਾਖ਼ਲ ਹੋ ਕੇ ਹੰਗਾਮਾ ਕਰਨ ਤੋਂ ਬਾਅਦ ਸਥਾਨਕ ਵਿਧਾਇਕ ਨੇ ਮਾਫ਼ੀ ਮੰਗੀ ਸੀ। ਅਜਿਹੀਆਂ ਕਈ ਹੋਰ ਉਦਾਹਰਨਾਂ ਹਨ। ਸੱਤਾ ਦਾ ਨਸ਼ਾ ਸਿਰ ਨੂੰ ਨਹੀਂ ਚੜ੍ਹਨਾ ਚਾਹੀਦਾ। ਮੁੱਖ ਮੰਤਰੀ ਦਾ ਬਿਆਨ ਵੀ ਇਸ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਨੇ ਵਾਈਸ ਚਾਂਸਲਰ ਦੀ ਕਾਬਲੀਅਤ ਦੀ ਸ਼ੋਭਾ ਕਰਦਿਆਂ ਕਿਹਾ ਕਿ ਡਾ. ਰਾਜ ਬਹਾਦੁਰ ਨੇ ਉਨ੍ਹਾਂ ਦੇ ਪਿਤਾ ਦਾ ਵੀ ਸਫਲ ਆਪ੍ਰੇਸ਼ਨ ਕੀਤਾ ਸੀ ਜਦੋਂ ਉਹ ਰੀੜ੍ਹ ਦੀ ਹੱਡੀ ਵਿਚ ਜ਼ਖ਼ਮ ਹੋਣ ਤੋਂ ਬਾਅਦ ਚੰਡੀਗੜ੍ਹ ਦੇ ਸੈਕਟਰ 32 ਸਥਿਤ ਹਸਪਤਾਲ ਵਿਚ ਦਾਖ਼ਲ ਹੋਏ ਸਨ। ਜਿੱਥੋਂ ਤਕ ਪੰਜਾਬ ਦੇ ਸਰਕਾਰੀ ਹਸਪਤਾਲਾਂ ਦਾ ਸਵਾਲ ਹੈ, ਇਨ੍ਹਾਂ 'ਚ ਖਾਂਦੇ-ਪੀਂਦੇ ਘਰਾਂ ਦੇ ਲੋਕ ਦਾਖ਼ਲ ਹੋਣ ਲੱਗਿਆਂ ਹਜ਼ਾਰ ਵਾਰ ਸੋਚਦੇ ਹਨ। ਆਮ ਆਦਮੀ ਜਦੋਂ ਭੁੱਲ-ਭੁਲੇਖੇ ਜਾਂ ਮਜਬੂਰੀਵਸ ਸਰਕਾਰੀ ਹਸਪਤਾਲਾਂ ਵਿਚ ਦਾਖ਼ਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਬੇਹੱਦ ਖੱਜਲ-ਖੁਆਰ ਹੋਣਾ ਪੈਂਦਾ ਹੈ। ਕਈ ਵਾਰ ਇਕ ਬਿਮਾਰੀ ਦਾ ਇਲਾਜ ਕਰਵਾਉਣ ਵਾਲੇ ਕਈ ਹੋਰ ਬਿਮਾਰੀਆਂ ਸਹੇੜ ਲੈਂਦੇ ਹਨ। ਇਸੇ ਲਈ ਆਮ ਆਦਮੀ ਪਾਰਟੀ ਚੰਗੀ ਸਿਹਤ ਤੇ ਬਿਹਤਰ ਸਿੱਖਿਆ ਸੇਵਾਵਾਂ ਪ੍ਰਦਾਨ ਕਰਨ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਸੀ। ਆਜ਼ਾਦੀ ਦਿਵਸ 'ਤੇ 75 ਮੁਹੱਲਾ ਕਲੀਨਿਕਾਂ ਕਾਇਮ ਕਰਨਾ ਇਸ ਮਕਸਦ ਨੂੰ ਪੂਰਾ ਕਰਨ ਲਈ ਪਹਿਲਾ

ਕਦਮ ਹੈ। ਇਸ ਦੇ ਨਾਲ ਹੀ ਪਹਿਲਾਂ ਚੱਲ ਰਹੇ ਸਰਕਾਰੀ ਮੈਡੀਕਲ ਅਦਾਰਿਆਂ ਦੀ ਕਾਇਆਕਲਪ ਕਰਨੀ ਵੀ ਬੇਹੱਦ ਜ਼ਰੂਰੀ ਹੈ। ਇਸ ਵੇਲੇ ਕਈ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਰੂੰ, ਮੱਲ੍ਹਮ ਅਤੇ ਸਿਰ ਦਰਦ ਤਕ ਦੀਆਂ ਗੋਲ਼ੀਆਂ ਵੀ ਪੱਲਿਓਂ ਖ਼ਰੀਦਣੀਆਂ ਪੈਂਦੀਆਂ ਹਨ। ਵੱਡੇ-ਵੱਡੇ ਕਈ ਏਕੜਾਂ ਵਿਚ ਫੈਲੇ ਸਰਕਾਰੀ ਹਸਪਤਾਲ, ਛੋਟੇ-ਛੋਟੇ ਪ੍ਰਾਈਵੇਟ ਹਸਪਤਾਲਾਂ ਸਾਹਮਣੇ ਬੌਣੇ ਲੱਗਦੇ ਹਨ। ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿਚ ਸਟਾਫ਼ ਦੀ ਘਾਟ ਹੈ। ਉੱਚ-ਵਿੱਦਿਆ ਹਾਸਲ ਡਾਕਟਰ ਆਪਣੇ ਹਸਪਤਾਲ ਖੋਲ੍ਹਣ ਨੂੰ ਤਰਜੀਹ ਦਿੰਦੇ ਹਨ। ਮੈਡੀਕਲ ਲੈਬਾਰਟਰੀਆਂ ਨਾਲ ਬੱਝੀ ਹੋਈ ਕਮਿਸ਼ਨ ਨੇ ਵੀ ਡਾਕਟਰੀ ਦੇ ਪਵਿੱਤਰ ਪੇਸ਼ੇ ਨੂੰ ਬਦਨਾਮ ਕਰ ਰੱਖਿਆ ਹੈ। ਸਰਕਾਰੀ ਹਸਪਤਾਲਾਂ ਦੇ ਮੁਕਾਬਲੇ ਕਈ ਨੀਮ-ਹਕੀਮਾਂ ਦੀ ਵੀ ਚਾਂਦੀ ਹੈ। ਆਪਣੇ ਵਾਅਦੇ ਮੁਤਾਬਿਕ ਜੇ ਆਪ ਸਰਕਾਰ ਬਿਹਤਰ ਸਿਹਤ ਸਹੂਲਤਾਂ ਦੇਣ ਵਿਚ ਕਾਮਯਾਬ ਹੋ ਗਈ ਤਾਂ ਨਿਸ਼ਚੇ ਹੀ ਆਮ ਆਦਮੀ ਨੂੰ ਵੱਡੀ ਰਾਹਤ ਮਿਲੇਗੀ। ਮਾਲਵੇ ਦੇ 10 ਜ਼ਿਲ੍ਹਿਆਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਨ ਦੇ ਮਕਸਦ ਨਾਲ ਸਥਾਪਤ ਕੀਤੇ ਗਏ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੀ ਹਾਲਤ ਵੀ ਬੇਹੱਦ ਖਸਤਾ ਹੈ। ਫ਼ਰੀਦਕੋਟ ਦੇ ਦੋ ਵਿਧਾਇਕਾਂ ਨੇ ਵਿਧਾਨ ਸਭਾ ਵਿਚ ਇਹ ਮੁੱਦਾ ਚੁੱਕਿਆ ਸੀ। ਕਈ ਜਥੇਬੰਦੀਆਂ ਵੀ ਲੰਬੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਯੂਨੀਵਰਸਿਟੀ/ਹਸਪਤਾਲ ਦੇ ਬਾਹਰ ਧਰਨੇ 'ਤੇ ਬੈਠੀਆਂ ਹੋਈਆਂ ਹਨ। ਇਨ੍ਹਾਂ ਵੱਲੋਂ ਵਾਈਸ ਚਾਂਸਲਰ 'ਤੇ ਵੀ ਕਈ ਤਰ੍ਹਾਂ ਦੀ ਇਲਜ਼ਾਮ-ਤਰਾਸ਼ੀ ਕੀਤੀ ਜਾਂਦੀ ਰਹੀ ਹੈ ਜੋ ਜਾਂਚ ਦਾ ਵਿਸ਼ਾ ਹੋ ਸਕਦਾ ਹੈ। ਕਈ ਵਾਰ ਤਾਂ ਮਰੀਜ਼ਾਂ ਦੇ ਪਰਿਵਾਰਕ ਮੈਂਬਰ ਵੀ ਧਰਨਿਆਂ 'ਤੇ ਬੈਠਦੇ ਰਹੇ ਹਨ। ਉਪ ਕੁਲਪਤੀ ਦੀ ਬੋਲ-ਬਾਣੀ ਬਾਰੇ ਵੀ ਕਈਆਂ ਨੇ ਇਤਰਾਜ਼ ਜਤਾਏ ਸਨ। ਇਸ ਸਭ ਦੇ ਬਾਵਜੂਦ ਕਿਸੇ ਵੱਕਾਰੀ ਅਹੁਦੇ 'ਤੇ ਬੈਠੇ ਵਿਅਕਤੀ ਦੀ ਜਨਤਕ ਤੌਰ 'ਤੇ ਲਾਹ-ਪਾਹ ਕਰਨ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜਿੱਥੋਂ ਤਕ ਡਾਕਟਰ ਰਾਜ ਬਹਾਦੁਰ ਦਾ ਸਵਾਲ ਹੈ, ਉਨ੍ਹਾਂ ਕੋਲ ਘੱਟੋ-ਘੱਟ 45 ਸਾਲ ਦਾ ਖੋਜ ਤੇ ਅਧਿਆਪਨ ਦਾ ਤਜਰਬਾ ਹੈ। ਸੋਸ਼ਲ ਮੀਡੀਆ 'ਤੇ ਟਿੱਪਣੀਆਂ ਦਾ ਹੜ੍ਹ ਆਇਆ ਹੋਇਆ ਹੈ। ਕਈ ਡਾਕਟਰ ਰਾਜ ਬਹਾਦੁਰ ਦੇ ਤੇ ਕਈ ਮੰਤਰੀ ਦੇ ਹੱਕ ਵਿਚ ਭੁਗਤੇ ਹਨ। ਇਨ੍ਹਾਂ 'ਚੋਂ ਸਭ ਤੋਂ ਦਿਲਚਸਪ ਇਹ ਹੈ ਕਿ ਡਾਕਟਰ ਤਾਂ ਮੰਤਰੀ ਬਣ ਸਕਦਾ ਹੈ (ਭਗਵੰਤ ਮਾਨ ਸਰਕਾਰ ਵਿਚ ਵੀ ਮੰਤਰੀ ਹਨ) ਪਰ ਸਿਹਤ ਮੰਤਰੀ ਡਾਕਟਰ ਬਣਨ ਦਾ ਸੁਪਨਾ ਵੀ ਨਹੀਂ ਲੈ ਸਕਦਾ! ਇਹ ਟਿੱਪਣੀ ਸਿਹਤ ਮੰਤਰੀ ਦੀ ਵਿੱਦਿਅਕ ਯੋਗਤਾ ਨੂੰ ਲੈ ਕੇ ਕੀਤੀ ਗਈ ਜਾਪਦੀ ਹੈ।

31 ਜੁਲਾਈ

# ਅੱਖਾਂ 'ਚ ਬਲ਼ਦੇ ਸਿਵੇ

ਭੂਗੋਲਿਕ ਤੌਰ 'ਤੇ ਰੂਸ ਤੋਂ ਬਾਅਦ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਦੇਸ਼ ਕੈਨੇਡਾ ਵਿਚ ਪੰਜਾਬੀਆਂ ਨੇ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਸਰ ਕਰ ਕੇ ਭਾਰਤ, ਖ਼ਾਸ ਤੌਰ 'ਤੇ ਪੰਜਾਬ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਦਰਜ ਕੀਤਾ ਹੈ। ਪੰਜਾਬੀਆਂ ਦੀਆਂ ਮਾਣਯੋਗ ਪ੍ਰਾਪਤੀਆਂ ਪਿੱਛੇ ਸਾਡੇ ਗ਼ਦਰੀ ਬਾਬਿਆਂ ਅਤੇ ਸਿਰਲੱਥ ਯੋਧਿਆਂ ਦੀ ਸੌ ਸਾਲ ਤੋਂ ਵੱਧ ਦੀ ਘਾਲਣਾ ਬੋਲਦੀ ਹੈ। ਨਾਨਕ ਨਾਮ ਲੇਵਾ ਪੰਜਾਬੀਆਂ ਨੇ ਸ਼ੁਰੂ ਵਿਚ ਨਸਲੀ ਵਿਤਕਰਿਆਂ ਦੀ ਪਰਵਾਹ ਨਾ ਕਰਦੇ ਹੋਏ ਮਿਹਨਤ-ਮੁਸ਼ੱਕਤ ਨਾਲ ਉੱਥੇ ਆਪਣੀ ਕੌਮ ਦੀਆਂ ਜੜ੍ਹਾਂ ਡੂੰਘੀਆਂ ਗੱਡ ਦਿੱਤੀਆਂ ਸਨ। ਅੱਜ ਪੰਜਾਬੀਆਂ ਦਾ ਸੜਕਾਂ ਤੋਂ ਲੈ ਕੇ ਸੰਸਦ ਤਕ ਬੋਲਬਾਲਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪਰਵਾਸੀ ਪੰਜਾਬੀਆਂ ਨੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਦਿਆਂ ਆਪਣੀ ਅਮੀਰ ਵਿਰਾਸਤ ਦਾ ਪੱਲਾ ਕਦੇ ਨਹੀਂ ਸੀ ਛੱਡਿਆ। ਕਿਰਤ ਕਰਦੇ, ਵੰਡ ਛਕਦੇ ਅਤੇ ਨਾਮ ਜਪਦੇ ਪੰਜਾਬੀਆਂ ਨੇ ਕੈਨੇਡੀਅਨ ਲੋਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡੀ। ਸਿੱਖ ਭਾਈਚਾਰੇ ਨਾਲ ਜੁੜੇ ਲੋਕ ਬਾਣੀ ਤੇ ਬਾਣੇ ਦੇ ਪੱਕੇ ਸਨ ਅਤੇ ਉਨ੍ਹਾਂ ਨੇ ਥਾਂ-ਥਾਂ ਲੰਗਰ ਲਗਾ ਕੇ ਕਮਾਈ ਦੇ ਨਾਲ-ਨਾਲ ਆਪਣੇ ਦੇਸ਼ ਅਤੇ ਕੌਮ ਦਾ ਨਾਮ ਖ਼ੂਬ ਚਮਕਾਇਆ। ਆਲੀਸ਼ਾਨ ਗੁਰਧਾਮ ਉਸਾਰ ਕੇ ਉਨ੍ਹਾਂ ਨੇ ਆਪਣੀ ਵੱਖਰੀ ਸ਼ਾਨ ਸਥਾਪਤ ਕਰ ਲਈ। ਅਫ਼ਸੋਸ! ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਕੋਲੋਂ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਸੰਭਾਲਣ ਲਈ ਬਹੁਤਾ ਸਮਾਂ ਹੀ ਨਾ ਰਿਹਾ। ਉਹ ਡਾਲਰਾਂ ਦੇ ਅੰਬਾਰ ਲਾਉਣ ਵਿਚ ਮਸਰੂਫ਼ ਹੋ ਗਏ। ਲਗਜ਼ਰੀ ਗੱਡੀਆਂ ਰੱਖਣ ਤੇ ਮਹਿਲ-ਮਾੜੀਆਂ ਉਸਾਰਨ ਦੇ ਸ਼ੌਕ ਨੇ ਕਈ ਮਿਹਨਤੀ ਪੰਜਾਬੀਆਂ ਨੂੰ ਕੁਰਾਹੇ ਪਾ ਦਿੱਤਾ। ਕੈਨੇਡਾ ਵਿਚ ਪੰਜਾਬੀਆਂ ਦੀਆਂ ਜੜ੍ਹਾਂ ਨੂੰ ਹਰਾ ਰੱਖਣ ਲਈ ਨਵੀਂ ਪੀੜ੍ਹੀ ਕੋਲ ਜਿਵੇਂ ਕੋਈ ਰੋਲ ਮਾਡਲ ਨਹੀਂ ਹੈ। ਵਿਰਸੇ ਨੂੰ ਸੰਭਾਲਣ ਲਈ ਪ੍ਰਚਾਰ ਦੀ ਘਾਟ ਰੜਕ ਰਹੀ ਹੈ। ਗੈਂਗਵਾਰ ਦੀਆਂ ਖ਼ਬਰਾਂ ਨੇ ਪੰਜਾਬ ਅਤੇ ਪੰਜਾਬੀਆਂ ਦੇ ਨਾਮ ਨੂੰ ਵੱਟਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ-ਕੱਲ੍ਹ ਕੈਨੇਡਾ ਦੀ ਧਰਤੀ 'ਤੇ ਪੰਜਾਬੀ ਗੈਂਗਸਟਰਾਂ ਦੀ ਦਹਿਸ਼ਤ ਤੇ ਵਹਿਸ਼ਤ ਨਾਲ ਪੰਜਾਬੀ ਭਾਈਚਾਰਾ ਨਮੋਸ਼ੀ ਝੇਲ ਰਿਹਾ ਹੈ। ਕੈਨੇਡਾ ਦੀ ਧਰਤੀ ਮਹਾਸਾਗਰਾਂ ਨਾਲ ਘਿਰੀ ਹੋਈ ਹੈ। ਜਿਨ੍ਹਾਂ ਮਹਾਸਾਗਰਾਂ ਦੇ ਆਰ-ਪਾਰ ਪੰਜ ਦਰਿਆਵਾਂ ਦੇ ਮੂਲ ਵਾਸੀਆਂ ਦਾ ਡੰਕਾ ਵੱਜਦਾ ਸੀ, ਅੱਜ ਉੱਥੇ ਬਦਨਾਮੀ ਹੋ ਰਹੀ ਹੈ। ਖਾਨਾਜੰਗੀ ਪੰਜਾਬੀ ਭਾਈਚਾਰੇ ਦਾ ਖਾਨਾ ਖ਼ਰਾਬ ਕਰ ਰਹੀ ਹੈ। ਕੈਨੇਡਾ ਪੁਲਿਸ ਨੇ ਜਿਨ੍ਹਾਂ 11 ਖੂੰਖਾਰ ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ ਹੈ, ਉਨ੍ਹਾਂ 'ਚ ਨੌਂ ਪੰਜਾਬੀ ਹਨ। ਪੁਲਿਸ ਨੇ ਇਨ੍ਹਾਂ ਗੈਂਗਸਟਰਾਂ ਦੀਆਂ ਤਸਵੀਰਾਂ ਜਾਰੀ ਕਰ ਕੇ ਲੋਕਾਂ ਨੂੰ ਉਨ੍ਹਾਂ ਤੋਂ ਦੂਰੀ

ਬਣਾਉਣ ਦੀ ਤਾਕੀਦ ਕੀਤੀ ਹੈ। ਬ੍ਰਿਟਿਸ਼ ਕੋਲੰਬੀਆ ਕੰਬਾਈਨਡ ਫੋਰਸ ਸਪੈਸ਼ਲ ਇਨਫੋਰਸਮੈਂਟ ਯੂਨਿਟ ਨੇ ਸਾਂਝੇ ਤੌਰ ’ਤੇ ਚਿਤਾਵਨੀ ਦਿੰਦਿਆਂ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਇਨ੍ਹਾਂ ਗੈਂਗਸਟਰਾਂ ਦੇ ਗੁਰਗਿਆਂ ਦਾ ਸਿੱਧੂ ਮੂਸੇਵਾਲ ਦੇ ਕਤਲ ਵਿਚ ਵੀ ਹੱਥ ਹੋ ਸਕਦਾ ਹੈ। ਮੂਸੇਵਾਲ ਦੇ ਕਤਲ ਦੀ ਜ਼ਿੰਮੇਵਾਰੀ ਕੈਨੇਡਾ ਵਿਚ ਰੂਪੋਸ਼ ਹੋਏ ਗੋਲਡੀ ਬਰਾੜ ਨੇ ਲਈ ਸੀ ਜਿਸ ਦੀਆਂ ਤਾਰਾਂ ਦੇਸ਼-ਵਿਦੇਸ਼ ਦੇ ਗੈਂਗਸਟਰਾਂ ਨਾਲ ਜੁੜੀਆਂ ਹੋਈਆਂ ਹਨ। ਸੂਚੀ ਵਿਚ ਦਰਜ ਗਿਆਰਾਂ, ਸ਼ਕੀਲ ਬਸਰਾ, ਜਗਦੀਪ ਚੀਮਾ, ਬਰਿੰਦਰ ਧਾਲੀਵਾਲ, ਗੁਰਪ੍ਰੀਤ ਧਾਲੀਵਾਲ, ਸਰੂਪ ਗਿੱਲ, ਸੁਮਦੀਸ਼ ਗਿੱਲ, ਸੁਖਦੀਪ, ਅਮਰਪ੍ਰੀਤ ਸਮਰਾ, ਰਵਿੰਦਰ ਸਮਰਾ ਅਤੇ ਦੋ ਹੋਰ ਗੈਰ ਪੰਜਾਬੀਆਂ ਦੇ ਨਾਮ ਸ਼ਾਮਲ ਹਨ। ਇਹ ਸਾਰੇ ਗੈਂਗਸਟਰ ਬੰਦੂਕ ਸੱਭਿਆਚਾਰ ਨੂੰ ਪਰਣਾਏ ਹੋਏ ਹਨ। ‘ਰੌਬਿਨਹੁੱਡ ਅਕਸ’ ਉਨ੍ਹਾਂ ਨੂੰ ਕੁਰਾਹੇ ਪਾ ਰਿਹਾ ਹੈ। ਜੇ ਇਹ ਪੰਜਾਬੀ ਆਪਣੇ ਅਮੀਰ ਵਿਰਸੇ ’ਚੋਂ ਆਪਣੇ ਨਾਇਕ ਚੁਣਦੇ ਤਾਂ ਇਸ ਪਹੁੰਚ ਨੇ ਉਨ੍ਹਾਂ ਦਾ ਨਾਮ ਹੋਰ ਚਮਕਾਉਣਾ ਸੀ। ਪੰਜਾਬੀ ਲੋਕਧਾਰਾ ਵਿਚ ਦੁੱਲਾ ਭੱਟੀ, ਜੱਗਾ ਡਾਕੂ ਅਤੇ ਜਿਊਣਾ ਮੋੜ ਵਰਗੇ ਨਾਇਕ ਹਨ ਜਿਨ੍ਹਾਂ ਨੂੰ ਸਮੇਂ ਦੀ ਹਕੂਮਤ ਖਲਨਾਇਕ ਜਾਂ ਬਾਗ਼ੀ ਕਹਿੰਦੀ ਸੀ। ਉਹ ਪੰਜਾਬੀ ਸੱਭਿਆਚਾਰ ਦੇ ਰੌਬਿਨਹੁੱਡ ਸਨ ਜੋ ਅਮੀਰਾਂ ਨੂੰ ਲੁੱਟ ਕੇ ਗ਼ਰੀਬਾਂ ਨੂੰ ਖਿੱਲਤਾਂ ਤੇ ਲੁੱਟਿਆ ਮਾਲ ਵੰਡਦੇ। ਹਾਕਮਾਂ ਦੀਆਂ ਅੱਖਾਂ ਵਿਚ ਉਹ ਰੜਕਦੇ ਰਹਿੰਦੇ। ਇਸ ਤੋਂ ਵੀ ਪਿੱਛੇ ਝਾਤ ਮਾਰੀਏ ਤਾਂ ਸਿੱਖ ਸੱਭਿਆਚਾਰ ਵਿਚ ਤੇਗ ਨਾਲੋਂ ਪਹਿਲਾਂ ਦੇਗ ਦਾ ਨਾਮ ਜਪਿਆ ਜਾਂਦਾ ਹੈ। ਵਾਹਿਗੁਰੂ ਜੀ ਦਾ ਖ਼ਾਲਸਾ ਆਪਣੀ ਹਰ ਫ਼ਤਿਹ ਵਾਹਿਗੁਰੂ ਦੇ ਖਾਤੇ ਵਿਚ ਹੀ ਲਿਖਦਾ। ਖ਼ੁਦਮੁਖ਼ਤਿਆਰ ਹਾਕਮ ਆਪਣੇ ਨਾਮ ’ਤੇ ਸਿੱਕੇ ਚਲਾਉਂਦੇ ਆਏ ਹਨ ਪਰ ਖ਼ਾਲਸੇ ਨੇ ਆਪਣੇ ਗੁਰੂਆਂ ਦੇ ਨਾਮ ’ਤੇ ਸਿੱਕੇ ਚਲਾਏ ਹਨ। ਖ਼ਾਲਸਾ ਹਮੇਸ਼ਾ ਜੋਸ਼ ਅਤੇ ਹੋਸ਼ ਦਾ ਤਵਾਜ਼ਨ ਰੱਖਦਾ ਆਇਆ ਹੈ। ਸਿੱਖੀ ਵਿਚ ਸੰਤ ਪਹਿਲਾਂ ਅਤੇ ਸਿਪਾਹੀ ਦਾ ਦਰਜਾ ਬਾਅਦ ਵਿਚ ਆਉਂਦਾ ਹੈ। ਹਥਿਆਰਾਂ ਨੂੰ ਉਹ ਗ਼ਰੀਬ-ਗਊ ਦੀ ਰੱਖਿਆ ਜਾਂ ਆਤਮ-ਰੱਖਿਆ ਲਈ ਵਰਤਦਾ ਰਿਹਾ ਹੈ। ਅਕਾਲ ਪੁਰਖ ਦੀ ਫ਼ੌਜ ਮਜ਼ਲੂਮਾਂ ਖ਼ਾਤਰ ਜਾਨਾਂ ਨਿਛਾਵਰ ਕਰਦੀ ਆਈ ਹੈ। ਪਾਤਸ਼ਾਹੀ ਦਸਵੀਂ ਦਾ ਮਹਾਵਾਕ “ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰੁ ਨ ਦੀਆ॥” ਨਾਨਕ ਨਾਮਲੇਵਾ ਦਾ ਮਾਰਗ ਦਰਸ਼ਨ ਕਰਦਾ ਆਇਆ ਹੈ। ਜਦੋਂ ਬਾਕੀ ਸਾਰੇ ਰਸਤੇ ਬੰਦ ਹੋ ਜਾਣ ਅਤੇ ਜ਼ੁਲਮ ਦੀ ਇੰਤਹਾ ਹੋ ਜਾਵੇ ਤਾਂ ਪਾਪੀ ਦਾ ਨਾਸ਼ ਕਰਨ ਲਈ ਸ਼ਸਤਰ ਚੁੱਕਣ ਨੂੰ ਵਾਜਿਬ ਠਹਿਰਾਇਆ ਗਿਆ ਹੈ। ਜ਼ਫ਼ਰਨਾਮਾ ਵਿਚ ਫ਼ੁਰਮਾਨ ਹੈ, “ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥” ਸੋਚ ਨੂੰ ਸਾਣ ’ਤੇ ਲਾਉਂਦੇ ਰਹਿਣ, ਸ਼ਸਤਰ ਅਤੇ ਸ਼ਾਸਤਰ ਦੇ ਸੁਮੇਲ ਨਾਲ ਹੀ ਸਿਹਤਮੰਦ ਅਤੇ ਸੁਹਾਵਣਾ ਸਮਾਜ ਸਿਰਜਿਆ ਜਾ ਸਕਦਾ ਹੈ। ਕਿਸੇ ਵੀ ਧਰਮ ਯੁੱਧ ਵਿਚ ਹਥਿਆਰ ਪਾਪੀ/ਪਾਪ ਦਾ ਨਾਸ਼ ਕਰਨ ਲਈ ਵਰਤੇ ਜਾਂਦੇ ਹਨ। ਪਾਪ ਕਰਨ ਲਈ ਨਹੀਂ। ਸਾਡੇ ਅਜੋਕੇ ਗੀਤਕਾਰ/ਗਾਇਕ ਨਾਜਾਇਜ਼ ਹਥਿਆਰ ਰੱਖਣ ਵਾਲਿਆਂ ਦਾ ਖ਼ੂਬ ਗੁਣਗਾਨ ਕਰ ਰਹੇ ਹਨ। “ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਓਸ ਪਿੰਡ ਤੋਂ ਬਿਲੋਂਗ ਕਰਦਾ” ਜਾਂ “ਖੇਡਣਗੇ ਜੱਟ, ਅੱਜ ਖ਼ੂਨ ਦੀਆਂ ਹੋਲੀਆਂ... ਚੱਕ ਲਓ

ਰਿਵਾਲਵਰ ਰਫਲਾਂ ਕਬਜ਼ਾ ਲੈਣਾ ਏ", ਵਰਗੇ ਗੀਤਾਂ ਦੇ ਬੋਲ ਨਵਾਂ ਸੱਭਿਆਚਾਰ ਸਿਰਜ ਰਹੇ ਹਨ। ਇਨ੍ਹਾਂ ਗੀਤਕਾਰਾਂ ਨੂੰ ਮਹਿਬੂਬਾ ਵੀ ਯੂਪੀ ਦੇ ਨਾਜਾਇਜ਼ ਹਥਿਆਰਾਂ ਵਰਗੀ (ਖ਼ੂਬਸੂਰਤ ਜਾਂ ਮਨ ਭਾਉਂਦੀ) ਦਿਸਦੀ ਹੈ। ਰਾਤੋ-ਰਾਤ ਅਮੀਰ ਬਣਨ ਦੀ ਤਾਂਘ ਨੇ ਸਾਡੀ ਨੌਜਵਾਨੀ ਨੂੰ ਜੇਲ੍ਹਾਂ ਵਿਚ ਰੁਲਣ ਲਈ ਮਜਬੂਰ ਕੀਤਾ ਹੋਇਆ ਹੈ। ਨਸ਼ਿਆਂ ਦੇ ਬੇਤਹਾਸ਼ਾ ਕਾਲੇ ਕਾਰੋਬਾਰ ਨੇ ਵੀ ਪੰਜਾਬੀਆਂ ਦਾ ਭਵਿੱਖ ਧੁੰਦਲਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪੰਜ ਦਰਿਆਵਾਂ ਦੀ ਰਮਣੀਕ ਤੇ ਗੁਰੂਆਂ, ਸੂਫ਼ੀਆਂ-ਸੰਤਾਂ ਦੀ ਚਰਨ ਛੋਹ ਧਰਤੀ ਨੂੰ 'ਉੜਤਾ ਪੰਜਾਬ' ਵਰਗੇ ਲਕਬ ਮਿਲਣਾ ਸਾਡੇ ਲਈ ਮਿਹਣਾ ਨਹੀਂ ਸਗੋਂ ਲੱਖ ਲਾਹਣਤ ਵਰਗਾ ਮਹਿਸੂਸ ਹੋ ਰਿਹਾ ਹੈ। ਲੋਕ ਕਥਾਵਾਂ ਵਿਚ ਦਰਜ ਹੈ ਕਿ ਗੁਰੂ ਸਾਹਿਬ ਦਾ ਘੋੜਾ ਵੀ ਪੋਸਤ ਦੇ ਖੇਤਾਂ ਵਿਚ ਵੜਨ ਤੋਂ ਇਨਕਾਰੀ ਹੋ ਗਿਆ ਸੀ। 'ਕੁੜੀ ਮਾਰ/ਨੜੀ ਮਾਰ' ਨੂੰ ਪੰਥ 'ਚੋਂ ਹਮੇਸ਼ਾ ਛੇਕਿਆ ਸਮਝਿਆ ਜਾਂਦਾ ਸੀ ਤੇ ਉਸ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਸੀ ਰੱਖੀ ਜਾਂਦੀ। ਮਾਇਆਜਾਲ ਵਿਚ ਫਸਿਆ ਨੌਜਵਾਨ ਔਝੜੇ ਰਾਹ ਵਿਚ ਪੈ ਗਿਆ ਹੈ। ਇਹ ਦਲਦਲ ਵਾਂਗ ਹੈ ਜਿੱਥੇ ਪੁੱਟਿਆ ਹਰ ਕਦਮ ਰਿਸਾਤਲ ਵੱਲ ਲਿਜਾਂਦਾ ਹੈ। ਅਪਰਾਧ ਦੀ ਦੁਨੀਆ ਵਿਚ ਅੰਦਰ ਜਾਣ ਦਾ ਰਾਹ ਹੁੰਦਾ ਹੈ, ਬਾਹਰ ਨਿਕਲਣ ਦਾ ਨਹੀਂ। ਮਾਇਆ ਤਾਂ ਭਗਤ ਜਨਾਂ ਦੀ ਦਾਸੀ ਹੈ "ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਿਲ ਪਾਵੈ।" ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ, "ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।" ਅਜਿਹਾ ਗੁਰਮਤ ਪ੍ਰਚਾਰ ਨਿਸ਼ਚੇ ਹੀ ਸਾਡੀ ਨਵੀਂ ਪੀੜ੍ਹੀ ਨੂੰ ਮਾਇਆ ਦੇ ਅੰਬਾਰ ਲਾਉਣ ਲਈ ਲਾਈ ਜਾ ਰਹੀ ਚੂਹਾ-ਦੌੜ ਤੋਂ ਬਚਾ ਸਕਦਾ ਹੈ। ਪਿਛਲੇ ਦਿਨੀਂ ਦੋ ਪੰਜਾਬੀ ਗੈਂਗਸਟਰਾਂ ਮਨਿੰਦਰ ਧਾਲੀਵਾਲ ਅਤੇ ਸਤਵਿੰਦਰ ਗਿੱਲ ਦਾ ਕੈਨੇਡਾ ਵਿਚ ਕਤਲ ਹੋਣਾ ਜਾਂ ਵੈਨਕੂਵਰ ਦੇ ਉੱਘੇ ਕਾਰੋਬਾਰੀ ਰਿਪਦੁਮਨ ਸਿੰਘ ਮਲਿਕ ਦਾ ਦਿਨ-ਦਿਹਾੜੇ ਕਤਲ ਪੰਜਾਬੀ ਭਾਈਚਾਰੇ ਲਈ ਕਿਸੇ ਸਨਸਨੀ ਤੋਂ ਘੱਟ ਨਹੀਂ ਹੈ। ਬ੍ਰਦਰਜ਼ ਕੀਪਰ ਗੈਂਗ ਦੇ ਮਨਿੰਦਰ ਧਾਲੀਵਾਲ ਦਾ ਭਰਾ ਹਰਬ ਧਾਲੀਵਾਲ ਵੀ ਪਿਛਲੇ ਸਾਲ ਹੀ ਕਤਲ ਹੋਇਆ ਸੀ। ਕੈਨੇਡਾ ਵਿਚ ਬੈਠੇ ਗੈਂਗਸਟਰਾਂ ਦੇ ਇਸ਼ਾਰਿਆਂ 'ਤੇ ਭਾਰਤ, ਖ਼ਾਸ ਤੌਰ 'ਤੇ ਪੰਜਾਬ ਵਿਚ ਸਨਸਨੀਖੇਜ਼ ਕਤਲ ਹੋ ਰਹੇ ਹਨ। ਸਿੱਧੂ ਮੂਸੇਵਾਲ ਦੇ ਬੁੱਤ 'ਤੇ ਕੁੜੀਆਂ ਵੱਲੋਂ ਰੱਖੜੀਆਂ ਬੰਨ੍ਹਣ ਦਾ ਦ੍ਰਿਸ਼ ਦੇਖ ਕੇ ਕਾਲਜੇ ਦਾ ਰੁੱਗ ਭਰਿਆ ਗਿਆ। ਮਾਪਿਆਂ ਦਾ ਇਕਲੌਤਾ ਪੁੱਤਰ ਗੈਂਗਵਾਰ ਦੀ ਹੀ ਤਾਂ ਭੇਟ ਚੜ੍ਹਿਆ ਹੈ। ਸਿਵਿਆਂ ਵਿਚ ਬਲਦੇ ਸਿਵਿਆਂ ਦਾ ਸੇਕ ਸਾਕ-ਸਬੰਧੀਆਂ ਦੀਆਂ ਅੱਖਾਂ 'ਚ ਕਦੇ ਮੱਠਾ ਨਹੀਂ ਪੈਂਦਾ, ਇਸ ਤੱਥ ਨੂੰ ਸਮਝਣ ਦੀ ਲੋੜ ਹੈ।

7 ਅਗਸਤ

# ਘਰ-ਘਰ ਤਿਰੰਗਾ

ਅੱਜ ਹਰ ਘਰ ਦੇ ਬਨੇਰੇ 'ਤੇ ਲਹਿਰਾ ਰਿਹਾ ਤਿਰੰਗਾ ਉਨ੍ਹਾਂ ਮਹਾਨ ਸੰਗਰਾਮੀਆਂ ਦੇ ਦਿਲਾਂ ਵਿਚ ਉੱਠੀਆਂ ਤਰੰਗਾਂ ਦਾ ਹੀ ਤਰਜਮਾ ਕਰ ਰਿਹਾ ਹੈ ਜਿਨ੍ਹਾਂ ਨੇ 75 ਸਾਲ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੇ ਸੀਸ ਤਲੀਆਂ 'ਤੇ ਰੱਖੇ ਸਨ। ਬੇਘਰਿਆਂ ਨੂੰ ਜ਼ਰੂਰ ਇਸ ਦਾ ਮਲਾਲ ਹੈ ਕਿ ਕਾਸ਼! ਉਨ੍ਹਾਂ ਦੇ ਸਿਰਾਂ 'ਤੇ ਛੱਤ ਹੁੰਦੀ ਤੇ ਉਹ ਵੀ ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ ਮਨਾਉਣ ਲਈ ਆਪਣੇ ਬਨੇਰਿਆਂ 'ਤੇ ਤਿਰੰਗਾ ਲਹਿਰਾ ਰਹੇ ਹੁੰਦੇ। ਵਿਡੰਬਣਾ ਇਹ ਹੈ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਕਰੋੜਾਂ ਲੋਕ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ, 'ਕੁੱਲੀ, ਗੁੱਲੀ ਤੇ ਜੁੱਲੀ' ਨੂੰ ਤਰਸ ਰਹੇ ਹਨ। ਅੱਜ ਵੀ ਅਣਗਿਣਤ ਲੋਕਾਂ ਨੂੰ ਫੁੱਟਪਾਥਾਂ 'ਤੇ ਰਾਤਾਂ ਗੁਜ਼ਾਰਨੀਆਂ ਪੈਂਦੀਆਂ ਹਨ ਅਤੇ ਨਸ਼ੇ ਵਿਚ ਧੁੱਤ ਕੋਈ ਅਮੀਰਜ਼ਾਦਾ ਉਨ੍ਹਾਂ ਨੂੰ ਦਰੜਦਾ ਹੋਇਆ ਅੱਗੇ ਨਿਕਲ ਜਾਂਦਾ ਹੈ। ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਅਣਗਿਣਤ ਦੇਸ਼ ਭਗਤਾਂ ਨੇ ਅਕਹਿ ਅਤੇ ਅਸਹਿ ਤਸੀਹੇ ਝੱਲੇ ਸਨ। ਆਜ਼ਾਦੀ ਦਾ ਐਲਾਨ ਕਰਨ ਵੇਲੇ ਬ੍ਰਿਟਿਸ਼ ਸਰਕਾਰ ਨੇ ਸਾਡੇ ਵਿਸ਼ਾਲ ਮੁਲਕ ਨੂੰ ਤਕਸੀਮ ਕਰ ਦਿੱਤਾ ਜਿਸ ਤੋਂ ਬਾਅਦ ਹੋਈ ਵੱਢ-ਟੁੱਕ ਨੇ ਲੱਖਾਂ ਨਿਰਦੋਸ਼ਾਂ ਦੀ ਜਾਨ ਲੀਲ ਲਈ। ਆਜ਼ਾਦੀ ਦਾ ਦਿਨ ਉਨ੍ਹਾਂ ਗ਼ਦਰੀ ਬਾਬਿਆਂ ਨੂੰ ਯਾਦ ਕਰਨ ਦਾ ਦਿਹਾੜਾ ਹੈ ਜਿਨ੍ਹਾਂ ਨੇ 19ਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਬੇਗਾਨੀਆਂ ਧਰਤੀਆਂ ਤੋਂ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹੋਕਾ ਦਿੱਤਾ ਸੀ। ਗ਼ਦਰੀ ਬਾਬਿਆਂ ਵੱਲੋਂ ਕੱਢੇ ਜਾਂਦੇ ਅੱਠ ਸਫ਼ਿਆਂ ਦੇ ਮੁਫ਼ਤ ਵੰਡੇ ਜਾਣ ਵਾਲੇ 'ਗ਼ਦਰ' ਅਖ਼ਬਾਰ ਦਾ ਹਰ ਹਰਫ਼ ਅੰਗਾਰਿਆਂ ਵਾਂਗ ਮਘਦਾ ਹੁੰਦਾ। ਵਪਾਰਕ ਇਸ਼ਤਿਹਾਰਾਂ ਲਈ 'ਗ਼ਦਰ' ਵਿਚ ਕੋਈ ਥਾਂ ਨਹੀਂ ਸੀ। ਹਾਂ, ਇਕ ਇਸ਼ਤਿਹਾਰ ਜ਼ਰੂਰ ਛਪਦਾ, ਜਿਸ ਦੀ ਇਬਾਰਤ ਦਿਲਾਂ ਨੂੰ ਟੁੰਬਦੀ :

ਲੋੜ ਹੈ : ਸਿਰਲੱਥ ਯੋਧਿਆਂ ਦੀ ; ਤਨਖ਼ਾਹ : ਮੌਤ।
ਮਾਣ-ਸਨਮਾਨ : ਸ਼ਹਾਦਤ ਤੇ ਆਜ਼ਾਦੀ
ਸਥਾਨ : ਭਾਰਤ ਦੀ ਰਣਭੂਮੀ।

ਦੇਖਦੇ ਹੀ ਦੇਖਦੇ 'ਗ਼ਦਰ' ਹਰਮਨ ਪਿਆਰਾ ਹੋ ਗਿਆ। ਪਰਵਾਸੀ ਭਾਰਤੀਆਂ ਦੀ ਲਗਪਗ 90 ਫ਼ੀਸਦੀ ਆਬਾਦੀ ਅਨਪੜ੍ਹ/ਅੱਧਖੜ ਸੀ। ਇਸ ਦੇ ਬਾਵਜੂਦ ਉਨ੍ਹਾਂ ਨੇ 'ਗ਼ਦਰ' ਲਈ ਦਿਲ ਖੋਲ੍ਹ ਕੇ ਚੰਦਾ ਦਿੱਤਾ। ਇਨ੍ਹਾਂ ਵਤਨ-ਪ੍ਰਸਤ ਬੱਬਰਾਂ ਤੇ ਗ਼ਦਰੀ ਬਾਬਿਆਂ ਦੀ ਜਨਮ-ਭੂਮੀ ਪੰਜਾਬ ਸੀ ਜਿਨ੍ਹਾਂ ਨੇ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਦੇਸ਼ਾਂ 'ਚ ਆਜ਼ਾਦੀ ਦੀ ਮਸ਼ਾਲ ਜਗਾਈ ਸੀ। ਗ਼ੁਲਾਮੀ ਦੀ ਲੰਬੀ ਰਾਤ ਗੁਜ਼ਰ ਜਾਣ

ਤੋਂ ਬਾਅਦ ਹੋਈ ਪ੍ਰਭਾਤ ਦੀ ਲਾਲੀ 'ਚੋਂ ਨਿਰਦੋਸ਼ਾਂ ਦਾ ਖ਼ੂਨ ਟਪਕ ਰਿਹਾ ਸੀ ਜੋ ਫ਼ਿਰਕੂ ਫਸਾਦਾਂ ਦੀ ਭੇਟ ਚੜ੍ਹੇ ਸਨ। ਵਾਹਗਾ-ਅਟਾਰੀ ਨੂੰ ਚੀਰਦੀ ਹੋਈ ਰੈੱਡਕਲਿੱਫ ਲਾਈਨ ਨੇ ਹਮਸਾਇਆਂ ਨੂੰ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਦਿੱਤਾ। ਇਹ ਉਹ ਦਰਦ ਕਹਾਣੀਆਂ ਹਨ ਜਿਨ੍ਹਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਬੇਚੈਨ ਕਰਦੇ ਰਹਿਣਾ ਹੈ। ਵੰਡ ਦਰਅਸਲ ਦੇਸ਼ ਦੀ ਨਹੀਂ ਬਲਕਿ ਪੰਜਾਬ ਅਤੇ ਬੰਗਾਲ ਦੀ ਹੋਈ ਸੀ ਜਿੱਥੋਂ ਦੇ ਜਾਇਆਂ ਨੇ ਆਜ਼ਾਦੀ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਸਨ। 'ਸੁਬਹ-ਏ-ਆਜ਼ਾਦੀ' ਨਜ਼ਮ ਵਿਚ ਫ਼ੈਜ਼ ਅਹਿਮਦ ਫ਼ੈਜ਼ ਨੇ ਲਹੂ-ਲਹਾਣ ਤੇ ਛਿੱਜੀ ਹੋਈ ਆਜ਼ਾਦੀ ਨੂੰ ਬੋਲ ਦਿੱਤੇ ਹਨ :

ਯੇ ਦਾਗ਼-ਦਾਗ਼ ਉਜਾਲਾ, ਯੇ ਸ਼ਬਗ਼ਜ਼ੀਦਾ ਸਹਰ
ਵੋ ਇੰਤਜ਼ਾਰ ਥਾ ਜਿਸ ਕਾ, ਯੇ ਵੋ ਸਹਰ ਤੋ ਨਹੀਂ।

ਸਮੇਂ ਦੀਆਂ ਜ਼ਾਲਮ ਆਰੀਆਂ ਅਤੇ ਕੁਹਾੜੀਆਂ ਨੇ ਨਹੁੰ-ਮਾਸ ਦੇ ਰਿਸ਼ਤਿਆਂ ਨੂੰ ਬੇਦਰਦੀ ਨਾਲ ਚੀਰ/ਵੱਢ-ਟੁੱਕ ਸੁੱਟਿਆ ਸੀ। ਅਜਿਹੇ ਭਿਅੰਕਰ ਦ੍ਰਿਸ਼ ਦੀ ਤਸਵੀਰਕਸ਼ੀ ਕਰਨਾ ਜਾਂ ਉਨ੍ਹਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣਾ ਆਸਾਨ ਨਹੀਂ ਹੈ। ਅੰਮ੍ਰਿਤਾ ਨੂੰ ਵੰਡ ਦੇ ਦੁਖਾਂਤ ਨੇ ਐਸਾ ਹਲੂਣਿਆ ਕਿ ਉਹ ਵਾਰਿਸ ਸ਼ਾਹ ਨੂੰ ਕਬਰਾਂ 'ਚੋਂ ਹਾਕਾਂ ਮਾਰ ਕੇ ਬੁਲਾਉਂਦੀ ਹੈ ਤੇ ਪਿਛਲੀ ਸਦੀ ਦੇ ਮਹਾਂ ਸੰਤਾਪ ਨੂੰ ਬੈਂਤਾਂ ਵਿਚ ਢਾਲਣ ਦੀ ਅਰਜ਼ੋਈ ਕਰਦੀ ਹੈ। ਸਆਦਤ ਹਸਨ ਮੰਟੋ ਵਰਗੇ ਸੰਵੇਦਨਸ਼ੀਲ ਅਫਸਾਨਾ ਨਿਗਾਰ ਨੇ ਮੁਲਕ ਦੀ ਤਕਸੀਮ 'ਤੇ ਲਹੂ ਭਿੱਜੇ ਅਫ਼ਸਾਨੇ ਲਿਖੇ। ਸਮੇਂ ਦੀ ਹਿੱਕ 'ਤੇ ਵੱਜੀਆਂ ਨਹੁੰਦਰਾਂ ਤੇ ਝਰੀਟਾਂ ਨੂੰ ਬਿਆਨਣਾ ਆਸਾਨ ਕਾਰਜ ਨਹੀਂ ਸੀ। ਲਹਿੰਦੇ ਪੰਜਾਬ ਵਿਚ ਰਹਿ ਗਏ ਕਈ ਸਿੱਖਾਂ ਨੇ ਇਸਲਾਮ ਧਾਰ ਲਿਆ ਤੇ ਚੜ੍ਹਦੇ ਪੰਜਾਬ ਵਿਚ ਕਈ ਮੁਸਲਮਾਨ ਹਿੰਦੂ/ਸਿੱਖ ਬਣ ਗਏ। ਜਦੋਂ ਇੱਕੋ ਮਾਂ-ਬਾਪ ਦੇ ਜਾਏ ਮੁਸਲਮਾਨ ਤੇ ਸਿੱਖ ਭਰਾ ਬਗਲਗੀਰ ਹੁੰਦੇ ਹਨ ਤਾਂ ਧਰਮ ਉਨ੍ਹਾਂ ਵਿੱਚੋਂ ਮਨਫ਼ੀ ਹੋ ਜਾਂਦਾ ਹੈ। ਖ਼ੂਨ ਦੀ ਸਾਂਝ ਸੱਚਮੁੱਚ ਬੇਹੱਦ ਨਿਆਰੀ ਹੈ ਜੋ ਧਰਮ ਪਰਿਵਰਤਨ ਦੇ ਬਾਵਜੂਦ ਫਿੱਕੀ ਨਹੀਂ ਪੈਂਦੀ। ਵਿਸ਼ਾਲ ਮੁਲਕ ਦੇ ਬਟਵਾਰੇ ਲਈ ਸਿਰਜਿਆ ਗਿਆ ਬਿਰਤਾਂਤ 75 ਸਾਲਾਂ ਬਾਅਦ ਵੀ ਛਿੱਥਾ ਦਿਖਾਈ ਦਿੰਦਾ ਹੈ। ਸ਼ੀਸ਼ਾ ਇਤਿਹਾਸ ਦਾ ਮੂੰਹ ਚਿੜਾਉਂਦਾ ਪ੍ਰਤੀਤ ਹੁੰਦਾ ਹੈ। ਬਦਨੀਤੀਆਂ ਨਾਲ ਘੜੀਆਂ ਨੀਤੀਆਂ ਦਾ ਪਰਦਾਫਾਸ਼ ਹੁੰਦਾ ਹੈ। ਬਟਵਾਰੇ ਨੇ ਪੰਜਾਬ ਦੀ ਜਰਖ਼ੇਜ਼ ਭੋਇੰ ਨੂੰ ਤਕਸੀਮ ਕਰ ਕੇ ਪੰਜਾਬੀਆਂ ਦੇ ਦੁੱਖੜਿਆਂ ਨੂੰ ਜਰਬਾਂ ਦੇਣ ਦਾ ਕੰਮ ਕੀਤਾ ਸੀ। ਇਸ ਨੇ ਅਜਿਹੇ ਜ਼ਖ਼ਮ ਦਿੱਤੇ ਜਿਨ੍ਹਾਂ 'ਤੇ ਕਦੇ ਵੀ ਅੰਗੂਰ ਨਹੀਂ ਆਉਣਾ। ਅਟਾਰੀ ਅਤੇ ਵਾਹਗੇ ਦਰਮਿਆਨ ਲੱਗੀ ਕੰਡਿਆਲੀ ਤਾਰ ਨੇ ਪੰਜਾਬੀ ਨੂੰ ਗੁਰਮੁਖੀ ਅਤੇ ਸ਼ਾਹਮੁਖੀ ਲਿਪੀਆਂ ਵਿਚ ਭਾਵੇਂ ਵੰਡ ਦਿੱਤਾ ਫਿਰ ਵੀ ਮਾਂ-ਬੋਲੀ ਨੇ ਸਾਂਝ ਦੇ ਪੁਲ ਨੂੰ ਟੁੱਟਣ ਨਹੀਂ ਦਿੱਤਾ। ਇਸੇ ਸਾਂਝ ਕਰਕੇ ਲਾਹੌਰ ਤੇ ਅੰਮ੍ਰਿਤਸਰ ਅਜੇ ਵੀ ਜੁੜਵੇਂ ਸ਼ਹਿਰ ਸਮਝੇ ਜਾਂਦੇ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ 75 ਸਾਲ ਬੀਤਣ ਦੇ ਬਾਵਜੂਦ ਨਾਨਕ, ਫ਼ਰੀਦ, ਬੁੱਲ੍ਹੇ ਸ਼ਾਹ, ਸ਼ਿਵ ਅਤੇ ਵਾਰਿਸ ਸ਼ਾਹ ਆਦਿ ਅਜੇ ਵੰਡੇ ਨਹੀਂ ਗਏ। ਸੱਭਿਆਚਾਰ ਦੇ ਤਾਣੇ-ਪੇਟੇ ਦੀ ਹਰ ਤੰਦ ਵਿਚ ਦੋਨਾਂ ਪੰਜਾਬਾਂ ਦੀ ਸਾਂਝ, ਮਾਂ-ਬੋਲੀ ਦੇ ਜਿਊਂਦੇ ਰਹਿਣ ਤਕ ਅਟੁੱਟ ਰਹਿਣ

ਵਾਲੀ ਹੈ। ਇਸ ਦੇ ਬਾਵਜੂਦ ਪੰਜ ਦਰਿਆਵਾਂ ਵਿਚ ਸੁੱਟੀਆਂ ਬੇਗੁਨਾਹਾਂ ਦੀਆਂ ਲਾਸ਼ਾਂ ਹਮੇਸ਼ਾ ਅੱਥਰੂਆਂ 'ਚ ਤੈਰਦੀਆਂ ਮਹਿਸੂਸ ਹੋਣਗੀਆਂ। ਜਦ ਕੋਈ ਟੁਕੜਾ-ਟੁਕੜਾ ਪੰਜਾਬ ਦੀਆਂ ਬਾਤਾਂ-ਬਤੋਲੀਆਂ ਪਾਵੇਗਾ, ਤਾਂ ਲਹੂ ਭਿੱਜਾ ਇਤਿਹਾਸ ਬੇਚੈਨ ਕਰਦਾ ਰਹੇਗਾ। ਇਹ ਵੀ ਇਤਿਹਾਸਕ ਤੱਥ ਹੈ ਕਿ ਜਾਗਦੀਆਂ ਜ਼ਮੀਰਾਂ ਵਾਲੇ ਲੋਕ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਆਪਣੇ ਪਰਾਣਾਂ ਦੀ ਅਹੂਤੀ ਦਿੰਦੇ ਆਏ ਹਨ। ਭਾਰਤ ਵਾਸੀਆਂ ਨੇ ਵੀ ਆਜ਼ਾਦੀ ਖ਼ਾਤਰ ਮਣਾਂ-ਮੂੰਹੀਂ ਖ਼ੂਨ ਡੋਲ੍ਹਿਆ ਹੈ। ਤਿਰੰਗੇ ਦੇ ਅਪਮਾਨ ਦੀ ਜਦੋਂ ਕੋਈ ਖ਼ਬਰ ਆਉਂਦੀ ਹੈ ਤਾਂ ਨਿਸ਼ਚੇ ਹੀ ਦਿਲ 'ਤੇ ਵਦਾਣ ਵੱਜਦੇ ਹਨ। ਤਿਰੰਗਾ ਲਹਿਰਾਉਣ ਦੀ ਅਪੀਲ ਦਾ ਵਿਰੋਧ ਕਰਨ ਦਾ ਸੱਦਾ ਵੀ ਕਈ ਵਾਰ ਉਨ੍ਹਾਂ ਵੱਲੋਂ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਭਾਰਤੀ ਸੰਵਿਧਾਨ ਦੀ ਰੱਖਿਆ ਕਰਨ ਦਾ ਹਲਫ਼ ਲਿਆ ਹੁੰਦਾ ਹੈ।

14 ਅਗਸਤ

# ਟੁਕੜਾ-ਟੁਕੜਾ ਇਤਿਹਾਸ

ਲੋਕ ਗਾਥਾਵਾਂ ਤੇ ਲੋਕਧਾਰਾ ਵਿਚ ਕਲ਼ਕਲ਼ ਵਹਿੰਦਾ ਪੰਜ-ਆਬ ਅਤੇ ਹਕੀਕੀ ਪੰਜਾਬ ਦਰਮਿਆਨ ਵੱਡਾ ਖੱਪਾ ਪੈ ਚੁੱਕਾ ਹੈ। 'ਅਤੀਤ ਦੇ ਸੂਰਮਗਤੀ ਵਾਲੇ ਕਿੱਸਿਆਂ 'ਤੇ ਗੁਮਾਨ ਕਰਦਾ ਪੰਜਾਬ ਰੋਜ਼ਮਰ੍ਹਾ ਦੇ ਕਈ ਖ਼ੌਫ਼ਨਾਕ ਮੰਜ਼ਿਰਾਂ ਸੰਗ ਜੂਝ ਰਿਹਾ ਹੈ। ਹਰੇ ਇਨਕਲਾਬ ਨੇ ਇਸ ਦੇ ਪੌਣ-ਪਾਣੀ ਨੂੰ ਪਲੀਤ ਕੀਤਾ ਹੈ ਤਾਂ ਡੇਢ ਦਹਾਕਾ ਚੱਲੇ ਖਾੜਕੂਵਾਦ ਨੇ ਇਸ ਦੇ ਅਰਥਚਾਰੇ ਤੇ ਰਾਜ-ਪ੍ਰਬੰਧ ਨੂੰ ਅਸਤ-ਵਿਅਸਤ ਕਰ ਦਿੱਤਾ ਹੈ।' "ਜਿਤ ਦੁਆਰੈ ਉਬਰੈ ਤਿਤੈ ਲੈਹ ਉਬਾਰਿ" ਦੀ ਸੱਦ ਦੇਣ ਵਾਲਾ ਸਿੱਖ ਧਰਮ ਵੀ ਸੰਕਟ ਦੀ ਘੜੀ ਵਿਚ ਹੈ। ਉਪਰੋਕਤ ਕਥਨ ਪੰਜਾਬ ਨੂੰ ਨਵੇਂ ਜ਼ਾਵੀਏ ਤੋਂ ਆਂਕਣ ਅਤੇ ਅਤੀਤ-ਵਰਤਮਾਨ ਵਿਚ ਪਏ ਵੱਡੇ ਪਾੜੇ ਦਾ ਮੁਲਾਂਕਣ ਕਰਨ ਵਾਲੇ ਪੱਤਰਕਾਰ ਅਤੇ ਸਾਹਿਤਕਾਰ ਅਮਨਦੀਪ ਸੰਧੂ ਦੀ ਪੁਸਤਕ, 'ਪੰਜਾਬ-ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ' ਦੀ ਚੋਲੀ 'ਤੇ ਉੱਕਰਿਆਂ ਮਿਲਦਾ ਹੈ। ਆਪਣੇ 'ਦਿਲ ਦੇ ਸੁਰਾਖ਼' ਤੇ ਇਸ ਵਿਚਲੇ ਸੱਖਣੇਪਣ ਨੂੰ ਭਰਨ ਲਈ ਉਸ ਨੇ ਖੋਜ-ਬੀਣ ਦਾ ਬੀੜਾ ਚੁੱਕਿਆ ਤੇ ਪੰਜਾਬ ਦੀ ਰੂਹ ਦੇ ਦੀਦਾਰ ਕਰਨ ਲਈ ਸਰਹੱਦੀ ਸੂਬੇ ਦੀ ਕਈ ਸਾਲ ਜ਼ਿਆਰਤ ਕੀਤੀ। ਪੰਜਾਬੀ ਕਵੀ ਤੇ ਚਿੰਤਕ ਮਨਮੋਹਨ ਅਨੁਸਾਰ ਸਾਹਿਤਕ ਪੱਤਰਕਾਰੀ ਦੀ ਰੂਪ-ਵਿਧਾ ਦੇ ਦ੍ਰਿਸ਼ਟੀਕੋਣ ਤੋਂ ਲਿਖੀ ਗਈ ਇਸ ਪੁਸਤਕ ਦਾ ਬਿਰਤਾਂਤ ਇਤਿਹਾਸਕ ਤੱਥਾਂ 'ਚੋਂ ਨਿਕਲੇ ਅਤੇ ਕੀਤੀਆਂ ਯਾਤਰਾਵਾਂ 'ਚੋਂ ਕਸ਼ੀਦੇ ਅਨੁਭਵਾਂ ਨਾਲ ਘੁਲ-ਮਿਲ ਕੇ ਜ਼ਮੀਨੀ ਹਕੀਕਤ ਤੇ ਯਥਾਰਥ ਨੂੰ ਉਘਾੜਦਾ ਹੈ। ਸੰਧੂ ਦਰਅਸਲ ਰੁੜਕੇਲੇ (ਉੜੀਸਾ) ਦਾ ਜੰਮਪਲ ਹੈ ਜਿਸ ਦੇ ਦਿਲ ਵਿਚ ਅਜੋਕੇ ਪੰਜਾਬ ਨੂੰ ਅਤੀਤ ਦੇ ਪੰਜਾਬ ਦੀ ਖਿੜਕੀ 'ਚੋਂ ਤੱਕਣ ਦੀ ਰੀਝ ਜਾਗਦੀ ਹੈ। ਆਪਣੇ ਪੁਰਖਿਆਂ ਦੀ ਮਿੱਟੀ ਪਰਵਾਸੀਆਂ ਨੂੰ ਹਮੇਸ਼ਾ ਆਵਾਜ਼ਾਂ ਮਾਰਦੀ ਆਈ ਹੈ। ਇਸ ਵੇਲੇ ਬੰਗਲੌਰ ਵਰਗੇ ਮਹਾਨਗਰ ਵਿਚ ਰਹਿ ਰਿਹਾ ਅਮਨਦੀਪ ਉਨ੍ਹਾਂ ਰਾਹਾਂ 'ਤੇ ਤੁਰ ਪੈਂਦਾ ਹੈ ਜਿਨ੍ਹਾਂ ਦੀ ਉਹ ਸਾਰ ਨਹੀਂ ਜਾਣਦਾ। ਇਹੀ ਕਾਰਨ ਹੈ ਕਿ ਉਹ ਪੰਜਾਬ ਦੀ ਪੇਸ਼ਕਾਰੀ ਤੇ ਹਕੀਕਤ ਦਰਮਿਆਨ ਪਏ ਪਾੜੇ ਦੀ ਭਾਵਪੂਰਤ ਤਸਵੀਰਕਸ਼ੀ ਕਰਨ ਵਿਚ ਕਾਮਯਾਬ ਹੁੰਦਾ ਹੈ। ਉਸ ਵੱਲੋਂ ਪੇਸ਼ ਕੀਤੇ ਗਏ ਸਮਕਾਲੀ ਪੰਜਾਬ ਦਾ ਬਿਰਤਾਂਤ ਬੇਜੋੜ ਹੈ। ਭੂਮਿਕਾ ਦਾ ਆਗ਼ਾਜ਼ "ਜੇ ਤੂੰ ਪੰਜਾਬ ਨੂੰ ਜਾਨਣਾ ਚਾਹੁੰਦੈਂ ਤਾਂ ਲਾਸ਼ਾਂ ਗਿਣਨ ਲਈ ਤਿਆਰ ਹੋ ਜਾ" ਦਿਲ ਨੂੰ ਧੂਹ ਪਾਉਂਦਾ ਹੈ। ਅਤੀਤ ਨੂੰ ਫਰੋਲਣ ਲਈ ਉਹ ਜ਼ਹੀਨ ਫੋਟੋਗ੍ਰਾਫਰ ਸੱਤਪਾਲ ਦਾਨਿਸ਼ ਵੱਲੋਂ ਖਿੱਚੀਆਂ ਹੋਈਆਂ ਮੂੰਹ ਬੋਲਦੀਆਂ ਤਸਵੀਰਾਂ ਦਾ ਮੁਤਾਲਿਆ ਕਰਦਾ ਹੈ। ਦਾਨਿਸ਼ ਨੇ ਕੈਮਰੇ ਦੀ ਅੱਖ ਥਾਣੀਂ ਪੰਜਾਬ ਨੂੰ ਵੱਖੋ-ਵੱਖ ਜ਼ਾਵੀਏ ਤੋਂ ਦੇਖਿਆ ਹੈ। ਵਾਕਈ ਉਸ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ

ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਆਪਣੀਆਂ ਤਸਵੀਰਾਂ ਵਿਚ ਸਹੇਜਿਆ ਹੈ। ਅਜਿਹੀ ਇਕ ਤਸਵੀਰ ਸ੍ਰੀ ਅਕਾਲ ਤਖ਼ਤ ਦੀ ਹੈ। ਸਾਕਾ ਨੀਲਾ ਤਾਰਾ ਵੇਲੇ ਬੁਰੀ ਤਰ੍ਹਾਂ ਢਹਿ-ਢੇਰੀ ਹੋਈ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਨੂੰ 'ਸਰਕਾਰੀ ਕਾਰ ਸੇਵਾ' ਰਾਹੀਂ ਨਵਾਂ ਰੂਪ ਦਿੱਤਾ ਗਿਆ ਸੀ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ। ਫ਼ੈਸਲਾ ਹੋਇਆ ਕਿ ਨਵੀਂ ਇਮਾਰਤ ਨੂੰ ਢਾਹ ਕੇ ਮਰਿਆਦਾ ਅਨੁਸਾਰ 'ਕਾਰ ਸੇਵਾ' ਰਾਹੀਂ ਉਸ ਨੂੰ ਮੁੜ ਉਸਾਰਿਆ ਜਾਵੇਗਾ। ਗੈਂਤੀਆਂ ਨਾਲ ਪੁਰਾਤਨ ਥੜ੍ਹੇ ਨੂੰ ਢਾਹੁਣ ਵੇਲੇ ਦੀ ਤਸਵੀਰ ਨੂੰ ਦਾਨਿਸ਼ ਨੇ ਕੈਮਰੇ ਵਿਚ ਕੈਦ ਕਰ ਲਿਆ ਸੀ। ਉਸ ਵੇਲੇ ਕੁਝ ਸੂਝਵਾਨ ਸੱਜਣਾਂ ਦੇ ਦਖ਼ਲ ਦੇਣ 'ਤੇ ਪੁਰਾਤਨ ਥੜ੍ਹਾ ਬਚ ਗਿਆ ਸੀ। ਇਹ ਤਸਵੀਰ ਚੀਖ਼-ਚੀਖ਼ ਕੇ ਕਹਿ ਰਹੀ ਸੀ ਕਿ ਕਿਵੇਂ ਅਸੀਂ ਖ਼ੁਦ ਆਪਣੀਆਂ ਵਿਰਾਸਤੀ ਇਮਾਰਤਾਂ ਨੂੰ ਗੈਂਤੀਆਂ-ਹਥੌੜਿਆਂ ਨਾਲ ਤੋੜ-ਭੰਨ ਕੇ ਮਰਮਰੀ ਇਮਾਰਤਾਂ ਉਸਾਰੀਆਂ ਹਨ। ਅੱਜ ਸਾਡੀ ਪੀੜ੍ਹੀ ਪੁਰਾਤਨ ਇਮਾਰਤਾਂ ਨੂੰ ਨਿਹਾਰਨ ਲਈ ਤਰਸ ਰਹੀ ਹੈ ਜਿਨ੍ਹਾਂ ਨਾਲ ਸਾਡੀ ਅਮੀਰ ਵਿਰਾਸਤ ਜੁੜੀ ਹੋਈ ਹੈ। ਤਾਂਤੀ ਸਾਜ਼ ਜੇ ਕਿਧਰੇ ਦਿਖਾਈ ਦਿੰਦੇ ਹਨ ਤਾਂ ਉਨ੍ਹਾਂ 'ਚੋਂ ਇਲਾਹੀ ਧੁਨਾਂ ਕੱਢਣ ਵਾਲਾ ਵਿਰਲਾ-ਟਾਵਾਂ ਹੀ ਦਿਖਾਈ ਦਿੰਦਾ ਹੈ। 'ਤੇਰਾ ਤੇਰਾ ਤੋਲਣ ਵਾਲੀ ਤੱਕੜੀ ਤੇ ਉਹ ਵੱਟੇ ਮੌਲਿਕ ਰੂਪ ਵਿਚ ਦਿਖਾਈ ਨਹੀਂ ਦਿੰਦੇ। ਬੇਬੇ ਨਾਨਕੀ ਦਾ ਸਦੀਆਂ ਪੁਰਾਣਾ (ਪੰਜਾਬ ਦਾ ਸਭ ਤੋਂ ਪ੍ਰਾਚੀਨ ਘਰ) ਵੀ ਕਾਰ ਸੇਵਾ ਦੀ ਭੇਟ ਚੜ੍ਹ ਗਿਆ। ਜਿੱਧਰ ਜਾਓ, ਮਕਰਾਨੇ ਦਾ ਮਰਮਰ ਨਜ਼ਰੀਂ ਆਉਂਦਾ ਹੈ। ਗੁਰੂ ਨਗਰੀ ਅੰਮ੍ਰਿਤਸਰ ਵਿਚ ਵੀ ਟਾਵੀਂ-ਟਾਵੀਂ ਪੁਰਾਤਨ ਇਮਾਰਤ ਬਚੀ ਹੈ। ਅਮਨਦੀਪ ਕਹਿੰਦਾ ਹੈ ਕਿ, "ਜਿਵੇਂ ਕਿ ਰੂਹਾਨੀ ਥਾਵਾਂ ਬਾਰੇ ਕਿਹਾ ਜਾਂਦੈ, ਮੈਨੂੰ ਲੱਗਦੈ ਅੰਮ੍ਰਿਤਸਰ ਵੀ ਤੁਹਾਨੂੰ ਸੱਦ ਲੈਂਦਾ ਹੈ।" ਲੰਬੇ ਅਰਸੇ ਬਾਅਦ ਉਹ ਗੁਰੂ ਨਗਰੀ ਦੀਆਂ ਗਲੀਆਂ ਤੇ ਕੂਚੇ-ਕੱਟੜੇ ਕੱਛਦਾ ਹੈ। ਲੰਬੇ ਵਕਫ਼ੇ ਬਾਅਦ ਉਹ ਜਦੋਂ ਅੰਮ੍ਰਿਤਸਰ ਪੁੱਜਦਾ ਹੈ ਤਾਂ ਪੰਜਾਬੀ ਸੂਬਾ ਬਣੇ ਨੂੰ ਅੱਧੀ ਸਦੀ ਤੋਂ ਵੱਧ ਸਮਾਂ ਹੋ ਗਿਆ ਹੁੰਦਾ ਹੈ। 'ਅੱਤਵਾਦੀਆਂ ਦੀਆਂ ਬੰਦੂਕਾਂ ਵੀ ਪੱਚੀ ਸਾਲ ਪਹਿਲਾਂ ਚੁੱਪ ਹੋ ਗਈਆਂ ਸਨ।' ਉਹ ਦੇਖਣਾ ਚਾਹੁੰਦਾ ਹੈ ਕਿ 'ਕਾਲੇ ਦਹਾਕੇ' ਤੋਂ ਬਾਅਦ ਸੂਫ਼ੀਆਂ-ਸੰਤਾਂ ਤੇ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਵਿਚ ਸ਼ਾਂਤੀ ਪਰਤੀ ਕਿ ਨਹੀਂ। ਦਾਨਿਸ਼ ਦੀਆਂ ਖਿੱਚੀਆਂ ਤਸਵੀਰਾਂ ਦੇ ਉਹ ਆਰ-ਪਾਰ ਝਾਕਦਾ ਹੈ ਜਿਨ੍ਹਾਂ ਵਿਚ ਟੁਕੜਾ-ਟੁਕੜਾ ਇਤਿਹਾਸ ਬੋਲਦਾ ਹੈ। ਤੇਰਾਂ ਅਪ੍ਰੈਲ 1978 ਨੂੰ ਵਾਪਰੇ ਸਿੱਖ-ਨਿਰੰਕਾਰੀ ਕਾਂਡ ਤੋਂ 1984 ਤਕ ਦੀਆਂ ਤਸਵੀਰਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਚਿਹਰੇ ਦੇ ਹਾਵ-ਭਾਵ ਬਦਲਦੇ ਦਿਖਾਈ ਦਿੰਦੇ ਹਨ। ਪਹਿਲੀਆਂ ਤਸਵੀਰਾਂ ਵਿਚ ਭਿੰਡਰਾਂਵਾਲੇ ਦੇ ਚਿਹਰੇ 'ਤੇ ਸਿਫ਼ਤੀ ਤਬਦੀਲੀ ਪੜ੍ਹੀ ਜਾ ਸਕਦੀ ਹੈ। ਅਗਲੀਆਂ ਤਸਵੀਰਾਂ ਵਿਚ ਉਸ ਦੇ ਚਿਹਰੇ ਤੇ ਹਾਵ-ਭਾਵ ਵਿਚ ਕਠੋਰਤਾ ਵਧਦੀ ਜਾਂਦੀ ਹੈ। ਅਮਨਦੀਪ ਦੀ ਤੀਖਣ ਨਜ਼ਰ ਦੱਸਦੀ ਹੈ ਕਿ ਸਮੇਂ ਦੇ ਨਾਲ-ਨਾਲ ਭਿੰਡਰਾਂਵਾਲੇ ਦੇ ਨੈਣ-ਨਕਸ਼ਾਂ ਵਿਚ ਵਧਦੀ ਕਠੋਰਤਾ ਬਹੁਤ ਕੁਝ ਗੁੱਝਾ ਦਰਸਾਉਂਦੀ ਹੈ। ਤਸਵੀਰਾਂ ਦਾ ਵਰਣਨ ਮਾਰਮਿਕ ਹੈ। "ਇਨ੍ਹਾਂ 'ਚੋਂ ਦੋ ਤਸਵੀਰਾਂ ਮੇਰੀ ਰੂਹ ਵਿਚ ਧਸ ਗਈਆਂ। ਅਕਤੂਬਰ 1982 ਦੇ ਕਿਸੇ ਦਿਨ ਖਿੱਚੀ ਪਹਿਲੀ ਫੋਟੋ ਵਿਚ ਭਿੰਡਰਾਂਵਾਲਾ ਤੇ ਲੌਂਗੋਵਾਲ ਤਾਲਾ ਮਾਰ ਕੇ ਬੰਦ ਕੀਤੇ ਦਰਵਾਜ਼ੇ

ਸਾਹਮਣੇ ਪਈ ਮੰਜੀ ’ਤੇ ਬੈਠੇ ਹਨ। ਲੰਬਾ ਸਮਾਂ ਬੀਤਣ ਤੋਂ ਬਾਅਦ ਹੁਣ ਕੋਈ ਵੀ ਇਸ ਬੰਦ ਦਰਵਾਜ਼ੇ ਨੂੰ ਭਾਰਤੀ ਰਾਸ਼ਟਰ ਵੱਲ ਖੁੱਲ੍ਹਦਾ ਪ੍ਰਵੇਸ਼ ਦੁਆਰ ਕਹਿ ਸਕਦਾ ਹੈ। ਦੋਵੇਂ ਬੰਦ ਦਰਵਾਜ਼ੇ ਦੇ ਬਾਹਰ ਖੜ੍ਹੇ ਇੰਜ ਜਾਪਦੇ ਹਨ ਜਿਵੇਂ ਮਸ਼ਵਰਾ ਕਰ ਰਹੇ ਹੋਣ ਕਿ ਇਸ ਬੂਹੇ ਨੂੰ ਖੋਲ੍ਹਣਾ ਕਿੰਜ ਹੈ, ਤਾਂ ਕਿ ਪੰਜਾਬ ਦੇ ਮੁੱਦੇ ਦੇਸ਼ ਦੇ ਬਿਆਨੀਏ ਦਾ ਹਿੱਸਾ ਬਣ ਸਕਣ। ਦੂਜੀ ਫੋਟੋ ਕੁਝ ਮਹੀਨਿਆਂ ਬਾਅਦ ਸਰਦ ਰੁੱਤ ਦੀ ਹੈ। ਲੋਈਆਂ ਦੀ ਬੁੱਕਲ ਮਾਰੀ ਭਿੰਡਰਾਂਵਾਲਾ ਤੇ ਲੌਂਗੋਵਾਲ ਮੰਜੀ ’ਤੇ ਬੈਠੇ ਬਾਟੀਆਂ ਵਿਚ ਦੁੱਧ ਛਕ ਰਹੇ ਹਨ। ਖਾਣ-ਪੀਣ ਤੇ ਦੋਸਤੀ ਦੀ ਸਾਂਝ ਵਾਲੀ ਇਹ ਫੋਟੋ ਪਹਿਲੀ ਨਾਲੋਂ ਜ਼ਿਆਦਾ ਨਿੱਘੀ ਜਾਪਦੀ ਹੈ। ਪਰ ਇਸ ਵਿਚਲਾ ਤਣਾਅ ਵੀ ਪ੍ਰਤੱਖ ਦਿਖਾਈ ਦਿੰਦਾ ਹੈ। ਭਿੰਡਰਾਂਵਾਲੇ ਦੀਆਂ ਨਜ਼ਰਾਂ ਲੌਂਗੋਵਾਲ ਦੇ ਚਿਹਰੇ ’ਤੇ ਗੱਡੀਆਂ ਹੋਈਆਂ ਹਨ ਜਦਕਿ ਲੌਂਗੋਵਾਲ, ਭਿੰਡਰਾਂਵਾਲੇ ਦੀ ਬਾਟੀ ਵੱਲ ਝਾਕ ਰਿਹਾ ਹੈ। ਇਨ੍ਹਾਂ ਤਸਵੀਰਾਂ ਦੀ ਪੜ੍ਹਤ ਦੱਸਦੀ ਹੈ ਕਿ ਕਿਵੇਂ ਇਨ੍ਹਾਂ ਦੋਵਾਂ ਆਗੂਆਂ ਦਰਮਿਆਨ ਸਮੀਕਰਨ ਬਦਲ ਰਹੇ ਹਨ। ਦ੍ਰਿੜ੍ਹ ਸੰਕਲਪੀ ਭਿੰਡਰਾਂਵਾਲਾ ਭਾਰਤੀ ਸਟੇਟ ਨਾਲ ਦਸਤਪੰਜਾ ਲੈਣ ਲਈ ਤਿਆਰ-ਬਰ-ਤਿਆਰ ਹੈ ਜਦਕਿ ਲੌਂਗੋਵਾਲ, ਅਧੀਨਗੀ ਕਬੂਲ ਕਰ ਕੇ ਭਾਰਤੀ ਸਟੇਟ ਨਾਲ ਸਮਝੌਤਾ ਕਰਨ ਦੀ ਇੱਛਾ ਰੱਖਦਾ ਜਾਪਦਾ ਹੈ।” ਇਨ੍ਹਾਂ ਤਸਵੀਰਾਂ ਦਾ ਵੱਖਰੇ ਜ਼ਾਵੀਏ ਤੋਂ ਕੀਤਾ ਮੁਲਾਂਕਣ ਪੱਤਰਕਾਰੀ ਵਿਚ ਪੜ੍ਹੀ ਜਾਂਦੀ ਪਰਿਭਾਸ਼ਾ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਇਕ ਭਾਵਪੂਰਤ ਤਸਵੀਰ ਹਜ਼ਾਰ ਸ਼ਬਦਾਂ ਦੇ ਤੁੱਲ ਹੁੰਦੀ ਹੈ। ਅਜਿਹੀਆਂ ਤਸਵੀਰਾਂ ਸਤਰਾਂ ਦੇ ਵਿਚਕਾਰ ਖ਼ਾਲੀ ਰਹਿ ਜਾਂਦੇ ਸਥਾਨ ਨੂੰ ਵੀ ਭਰ ਦਿੰਦੀਆਂ ਹਨ। ਕੁਝ ਵੀ ਅਣਕਿਹਾ ਨਹੀਂ ਰਹਿ ਜਾਂਦਾ। ਅਮਨਦੀਪ ਸੰਧੂ ਦਾ ਪੰਜਾਬ (ਪੰਜਾਬੀ ਰੂਪ ਯਾਦਵਿੰਦਰ ਸਿੰਘ ਤੇ ਮੰਗਤ ਰਾਮ) ਲਹੂ-ਭਿੱਜੀ ਤਵਾਰੀਖ਼ ਦੀਆਂ ਬਿਖਰੀਆਂ ਕਾਤਰਾਂ ਨੂੰ ਇਕੱਠਿਆਂ ਕਰ ਕੇ ਉਸ ਦੀ ਸ਼ਬਦਾਂ ਰਾਹੀਂ ਤਸਵੀਰਕਸ਼ੀ ਕਰਦਾ ਹੈ। ਇਸ ਤਸਵੀਰ ਵਿਚ 1947 ਦੀ ਵੰਡ ਨਾਲ ਲਹੂ-ਲੁਹਾਣ ਹੋਏ ਪੰਜਾਬ ਦੇ ਨਕਸ਼ੇ ਦਾ ਜ਼ਿਕਰ ਹੈ। ਸੰਨ 1966 ਵਿਚ ਪੰਜਾਬ ਦੀ ਇਕ ਹੋਰ ਤਕਸੀਮ ਹੋਈ ਜਿਸ ਦੇ ਨਾਲ ਇਸ ਦਾ ਆਕਾਰ ਸੁੰਗੜ ਕੇ ਦਿਲ ਦੀ ਸ਼ਕਲ ਦਾ ਰਹਿ ਗਿਐ। ਹੁਣ ਇਹ ਆਪਣੇ ਅਸਲੀ ਆਕਾਰ ਦੇ ਸੱਤਵੇਂ ਹਿੱਸੇ ਦੇ ਬਰਾਬਰ ਹੈ। ਅਮਨਦੀਪ ਅਨੁਸਾਰ ਬਟਵਾਰੇ ਨੇ ਸਾਂਝੀ ਜ਼ੁਬਾਨ ਬੋਲਣ ਵਾਲੇ ਪੰਜਾਬੀਆਂ ਤੇ ਉਨ੍ਹਾਂ ਦੀ ਸਾਂਝੀਵਾਲਤਾ ਵਾਲੀ ਰਹਿਤਲ ਵਿੱਚੋਂ ਪਣਪੀ ਪੰਜਾਬੀਅਤ ਨੂੰ ਲੀਰੋ-ਲੀਰ ਕਰ ਦਿੱਤੈ ਤੇ ਇੱਥੋਂ ਦੀ ਲੋਕਾਈ ਨੂੰ ਪੱਕੇ ਤੌਰ ’ਤੇ ਹਿੰਦੂ, ਮੁਸਲਿਮ ਤੇ ਸਿੱਖ ਵਿਚ ਵੰਡ ਦਿੱਤੈ। ਇਹ ਪੰਜ-ਆਬਾਂ ਦੀ ਧਰਤੀ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਜਿਸ ਨਾਲ ਸਮੇਂ ਨੇ ਕਦੇ ਇਨਸਾਫ਼ ਨਹੀਂ ਕੀਤਾ।

21 ਅਗਸਤ

# ਅੱਧੀ ਸਦੀ ਦਾ ਹਾਸਲ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੈਕਾਰੇ ਛੱਡ ਕੇ ਪਾਸ ਕੀਤਾ ਗਿਆ 'ਅਨੰਦਪੁਰ ਸਾਹਿਬ ਮਤਾ' ਉਹ ਅਹਿਮ ਦਸਤਾਵੇਜ਼ ਹੈ ਜਿਸ ਨੂੰ ਘੜਨ ਵਾਲਾ ਸ਼੍ਰੋਮਣੀ ਅਕਾਲੀ ਦਲ ਖ਼ੁਦ ਇਸ ਨੂੰ ਵਿਸਾਰ ਚੁੱਕਾ ਜਾਪਦਾ ਹੈ। ਪੰਜਾਹ ਸਾਲ ਪਹਿਲਾਂ ਇਸ ਮਤੇ ਦਾ ਮੂਲ ਖਰੜਾ ਰਿਟਾਇਰਡ ਆਈਸੀਐੱਸ ਅਫ਼ਸਰ ਸਿਰਦਾਰ ਕਪੂਰ ਸਿੰਘ ਨੇ ਸੰਨ 1972 ਵਿਚ ਤਿਆਰ ਕੀਤਾ ਸੀ। ਅਗਲੇ ਸਾਲ 16-17 ਅਕਤੂਬਰ ਵਾਲੇ ਦਿਨ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਨਕਲਾਬੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਮਤੇ ਨੂੰ ਪਾਸ ਕੀਤਾ ਸੀ। ਚਾਰ ਕੁ ਸਾਲਾਂ ਦੇ ਅੰਦਰ, 28 ਅਗਸਤ 1977 ਵਾਲੇ ਦਿਨ ਅਕਾਲੀ ਦਲ ਦੇ ਜਨਰਲ ਹਾਊਸ ਨੇ ਇਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਸੀ। ਇਸ ਮਤੇ 'ਤੇ ਤਤਕਾਲੀ ਸਕੱਤਰ ਅਕਾਲੀ ਦਲ, ਗਿਆਨੀ ਅਜਮੇਰ ਸਿੰਘ ਦੇ ਦਸਤਖ਼ਤ ਹਨ। ਵਿਡੰਬਣਾ ਇਹ ਹੈ ਕਿ ਅਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਅਕਾਲੀ ਦਲ ਨੇ ਲੰਬੀ ਜਦੋਜਹਿਦ ਕੀਤੀ ਪਰ ਇਸ ਦੇ ਪੱਲੇ ਕਾਣੀ ਕੌਡੀ ਵੀ ਨਹੀਂ ਪਈ। ਅਲਬੱਤਾ ਇਸ ਮਤੇ 'ਤੇ ਚੜ੍ਹੀ ਸਮੇਂ ਦੀ ਗਰਦ ਨੂੰ ਝਾੜਨ ਵਾਲਾ ਕੋਈ ਨਹੀਂ ਦਿਸ ਰਿਹਾ। ਖਰੜੇ ਨੂੰ ਤਿਆਰ ਕਰਨ ਤੇ ਇਸ ਨੂੰ ਪਾਸ ਕਰਨ ਵਾਲੇ ਦਿੱਗਜ ਅਕਾਲੀ ਨੇਤਾ ਇਕ-ਇਕ ਕਰ ਕੇ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਚੁੱਕੇ ਹਨ। ਪੁਰਾਣੇ ਟਕਸਾਲੀਆਂ 'ਚੋਂ ਚੰਦ ਕੁ ਨੇਤਾ ਬਚੇ ਹਨ ਜਿਨ੍ਹਾਂ ਦੇ ਮੁਖਾਰਬਿੰਦ 'ਚੋਂ ਅਨੰਦਪੁਰ ਸਾਹਿਬ ਮਤੇ ਦਾ ਜ਼ਿਕਰ ਕਦੇ ਨਹੀਂ ਸੁਣਿਆ। ਅਨੰਦਪੁਰ ਦੀ ਇਨਕਲਾਬੀ ਧਰਤੀ ਦਰਅਸਲ ਪੰਥ ਦਰਦੀਆਂ ਨੂੰ ਹਮੇਸ਼ਾ ਹਾਕਾਂ ਮਾਰਦੀ ਆਈ ਹੈ। ਸੰਕਟ ਦੀ ਘੜੀ ਵਿਚ ਅਕਾਲੀ ਦਲ ਨੂੰ ਅਨੰਦਪੁਰ ਸਾਹਿਬ ਜ਼ਰੂਰ ਯਾਦ ਆ ਜਾਂਦਾ ਹੈ। ਫਲਸਰੂਪ ਉਹ ਨੀਲੇ ਘੋੜੇ ਦੀਆਂ ਟਾਪਾਂ ਦੇ ਨਿਸ਼ਾਨਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਓਥੇ ਪੁੱਜਦੇ ਹਨ। ਸੱਤਾ ਹਾਸਲ ਹੋ ਜਾਵੇ ਤਾਂ ਫਿਰ ਇਸ ਧਰਤੀ ਦਾ ਖ਼ਿਆਲ ਘੱਟ-ਵੱਧ ਹੀ ਆਉਂਦਾ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ ਢਾਈ-ਢਾਈ ਦਰਿਆਵਾਂ ਵਿਚ ਤਕਸੀਮ ਹੋ ਗਿਆ ਸੀ। ਚੜ੍ਹਦੇ ਅਤੇ ਲਹਿੰਦੇ ਪੰਜਾਬ ਨੂੰ ਰੈਡਕਲਿੱਫ ਲਾਈਨ ਨੇ ਵੰਡ ਦਿੱਤਾ ਸੀ। 'ਪੰਜਾਬੀ ਸੂਬਾ' ਬਣਾਉਣ ਲਈ ਲਾਏ ਮੋਰਚੇ ਤੋਂ ਬਾਅਦ ਪੰਜ ਆਬਾਂ ਦੀ ਧਰਤੀ ਦਾ ਭੂਗੋਲਿਕ ਖੇਤਰ ਹੋਰ ਸੁੰਗੜ ਗਿਆ ਸੀ। ਪੰਜਾਬ ਦੇ ਪਿੰਡ ਉਜਾੜ ਕੇ ਬਣਾਇਆ ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਦੋ ਸੂਬਿਆਂ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ। ਪੱਥਰਾਂ ਦੇ ਇਸ ਸ਼ਹਿਰ ਦੇ ਪਸ਼ਾਸਕ ਵੀ ਪੱਥਰ ਦਿਲ ਸਾਬਿਤ ਹੋਏ ਜਿਨ੍ਹਾਂ ਨੇ ਮਾਂ-ਬੋਲੀ ਪੰਜਾਬੀ ਨੂੰ ਇਸ ਦਾ ਬਣਦਾ ਹੱਕ ਕਦੇ ਨਹੀਂ ਦਿੱਤਾ। ਟੁੱਟੇ ਦਿਲਾਂ ਦੀਆਂ ਤਰੇੜਾਂ 'ਚੋਂ ਫੁੱਟਿਆ ਲਾਵਾ ਮੋਰਚਿਆਂ ਦਾ ਸਬੱਬ ਬਣਿਆ। ਪੰਜਾਬ ਦੀ ਧਰਤੀ ਲਹੂ-

ਲੁਹਾਣ ਹੁੰਦੀ ਰਹੀ ਜਿਸ ਲਈ ਕੇਂਦਰ ਦੀਆਂ ਏਜੰਸੀਆਂ ਸਿੱਧੇ-ਅਸਿੱਧੇ ਰੂਪ ਵਿਚ ਜ਼ਿੰਮੇਵਾਰ ਸਨ। ਫਲਸਰੂਪ ਧਾਰਮਿਕ ਨੇਮਾਵਲੀ ਅਤੇ ਰਾਜਨੀਤਕ ਟੀਚਿਆਂ ਵਾਲੇ ਬਹੁ-ਚਰਚਿਤ ਅਨੰਦਪੁਰ ਸਾਹਿਬ ਮਤੇ ਦੀ ਲੋਅ ਵਿਚ ਅਕਾਲੀ ਦਲ ਨੇ ਸਮੇਂ ਦੀਆਂ ਕਾਂਗਰਸ ਸਰਕਾਰਾਂ ਨਾਲ ਦਸਤਪੰਜਾ ਲਿਆ। ਐਮਰਜੈਂਸੀ ਦਾ ਐਲਾਨ ਕਰਨ ਤੋਂ ਬਾਅਦ ਅਕਾਲੀਆਂ ਨੇ ਜੇਲ੍ਹਾਂ ਭਰ ਦਿੱਤੀਆਂ। ਜੇਲ੍ਹਾਂ ਤੂੜੀਆਂ ਹੋਣ ਕਾਰਨ ਯੂਨੀਵਰਸਿਟੀਆਂ ਆਦਿ ਨੂੰ 'ਓਪਨ ਜੇਲ੍ਹਾਂ' ਵਿਚ ਬਦਲਿਆ ਗਿਆ। ਸਮੇਂ ਦੇ ਹਾਕਮਾਂ ਦੀ ਨੀਂਦ ਹਰਾਮ ਹੋ ਗਈ। ਅਕਾਲੀ ਦਲ ਅਨੰਦਪੁਰ ਸਾਹਿਬ ਮਤੇ ਮੁਤਾਬਿਕ ਸੂਬਿਆਂ ਨੂੰ ਖ਼ੁਦਮੁਖ਼ਤਿਆਰੀ ਦਿਵਾਉਣ ਲਈ ਬਜ਼ਿੱਦ ਸੀ। ਕੇਂਦਰ ਸਰਕਾਰ ਨੂੰ ਗੋਡਿਆਂ ਭਾਰ ਹੋਣਾ ਪਿਆ ਤੇ ਆਖ਼ਰ ਦੇਸ਼ ਵਾਸੀਆਂ ਨੂੰ ਐਮਰਜੈਂਸੀ ਤੋਂ ਨਿਜਾਤ ਮਿਲੀ। ਇਸ ਗੱਲ ਦੀ ਰੜਕ ਇੰਦਰਾ ਗਾਂਧੀ ਦੀਆਂ ਅੱਖਾਂ ਵਿਚ ਸਦਾ ਰੜਕਦੀ ਰਹੀ। ਉਹ ਅਕਾਲੀਆਂ ਨੂੰ ਹਰ ਕੀਮਤ 'ਤੇ ਸਬਕ ਸਿਖਾਉਣਾ ਚਾਹੁੰਦੀ ਸੀ। ਜਨਤਾ ਪਾਰਟੀ ਦੀ ਸਰਕਾਰ ਟੁੱਟਣ ਤੋਂ ਬਾਅਦ ਇੰਦਰਾ ਗਾਂਧੀ ਦੀ ਸਰਕਾਰ ਮੁੜ ਬਣੀ ਤਾਂ ਉਸ ਨੇ ਅਨੰਦਪੁਰ ਸਾਹਿਬ ਮਤੇ ਦੀ ਇਕ ਵੀ ਮੱਦ ਨਾ ਮੰਨੀ। ਅੰਤਰ-ਰਾਜੀ ਦਰਿਆਈ ਪਾਣੀਆਂ ਦੀ ਤਕਸੀਮ ਅਹਿਮ ਮਸਲਾ ਸੀ। ਅਨੰਦਪੁਰ ਸਾਹਿਬ ਮਤੇ ਅਨੁਸਾਰ ਪੰਜਾਬ 'ਚੋਂ ਲੰਘਦੇ ਦਰਿਆਵਾਂ ਦਾ ਪਾਣੀ ਗ਼ੈਰ-ਰਾਈਪੇਰੀਅਨ ਸੂਬਿਆਂ ਨੂੰ ਦੇ ਕੇ ਸੂਬੇ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਸੀ। ਅੰਤਰਰਾਸ਼ਟਰੀ ਕਾਨੂੰਨ ਤਹਿਤ ਦਰਿਆਈ ਪਾਣੀਆਂ 'ਤੇ ਪਹਿਲਾ ਅਧਿਕਾਰ ਉਨ੍ਹਾਂ ਸੂਬਿਆਂ ਦਾ ਹੁੰਦਾ ਹੈ ਜਿਨ੍ਹਾਂ 'ਚੋਂ ਦਰਿਆਵਾਂ ਦਾ ਲਾਂਘਾ ਹੋਵੇ। 'ਮਤੇ' ਮੁਤਾਬਿਕ ਸੂਬਿਆਂ ਨੂੰ ਵੱਧ ਅਧਿਕਾਰ ਤਾਂ ਕੀ ਮਿਲਣੇ ਸਨ, ਇੰਦਰਾ ਸਰਕਾਰ ਨੇ ਅਕਾਲੀਆਂ ਨਾਲ ਸਿੱਧੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ ਸੀ। ਇੰਦਰਾ ਗਾਂਧੀ ਨੇ ਜਦੋਂ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਗਾਇਆ ਤਾਂ ਪੰਜਾਬ ਦੇ ਦਰਿਆਵਾਂ ਦੇ ਪਾਣੀ ਉਬਾਲੇ ਮਾਰਨ ਲੱਗੇ। ਐੱਸਵਾਈਐੱਲ ਦੀ ਖੁਦਾਈ ਰੋਕਣ ਲਈ ਮੋਰਚਾ ਲੱਗਾ। ਇਸ ਤੋਂ ਬਾਅਦ ਚਾਰ ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਧਰਮ ਯੁੱਧ' ਮੋਰਚਾ ਲਗਾ ਦਿੱਤਾ। ਸਵਾ ਲੱਖ 'ਮਰਜੀਵੜਿਆਂ' ਨੇ ਧਰਮ ਹੇਤ ਸੀਸ ਕਟਵਾਉਣ ਦਾ ਪ੍ਰਣ ਲਿਆ ਸੀ। ਇਨ੍ਹਾਂ 'ਚ ਕਈ ਟਕਸਾਲੀ ਅਕਾਲੀ ਵੀ ਸ਼ਾਮਲ ਸਨ ਜੋ ਬਾਅਦ 'ਚ ਆਪਣੀਆਂ ਚੀਚੀਆਂ ਨੂੰ ਖ਼ੂਨ ਲਗਾ ਕੇ 'ਜ਼ਿੰਦਾ ਸ਼ਹੀਦ' ਅਖਵਾਏ। 'ਅਨੰਦਪੁਰ ਸਾਹਿਬ ਮਤਾ' ਪਾਸ ਕਰਨ ਦੇ ਕਾਰਨਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਦੇਸ਼ ਦੀ ਵੰਡ ਵੇਲੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਅਕਾਲੀ ਦਲ ਨੇ ਪਾਕਿਸਤਾਨ ਦੀ ਬਜਾਏ ਭਾਰਤ ਦੀ ਚੋਣ ਕੀਤੀ ਸੀ। ਮਹਾਤਮਾ ਗਾਂਧੀ ਅਤੇ ਜਵਾਹਰਲਾਲ ਨਹਿਰੂ ਵਰਗੇ ਵੱਡੇ ਕਾਂਗਰਸੀ ਨੇਤਾਵਾਂ ਨੇ ਅਕਾਲੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਿੱਖਾਂ ਨੂੰ ਬਣਦਾ ਮਾਣ-ਤਾਣ ਮਿਲੇਗਾ। ਵੰਡ ਵੇਲੇ ਪੰਜਾਬੀਆਂ, ਖ਼ਾਸ ਤੌਰ 'ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ ਜਿਸ ਦੀ ਪੀੜਾ ਆਉਣ ਵਾਲੀਆਂ ਨਸਲਾਂ ਨੂੰ ਵੀ ਮਹਿਸੂਸ ਹੁੰਦੀ ਰਹੇਗੀ। ਦੇਸ਼ ਆਜ਼ਾਦ ਹੋਇਆ ਤਾਂ 'ਪੰਜਾਬੀ ਸੂਬਾ' ਬਣਨ ਤਕ ਗ਼ੈਰ-ਅਕਾਲੀ ਹੀ ਸੂਬੇ ਦੇ ਮੁੱਖ ਮੰਤਰੀ ਬਣਦੇ ਰਹੇ। ਸੰਨ 1966 ਵਿਚ ਪੰਜਾਬ ਦੇ ਪੁਨਰਗਠਨ ਵੇਲੇ ਚੰਡੀਗੜ੍ਹ ਸਮੇਤ ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬੀ

ਸੂਬੇ ਤੋਂ ਬਾਹਰ ਰਹਿ ਗਏ ਜਿਸ ਨੇ ਅਕਾਲੀ ਦਲ ਨੂੰ ਮੁੜ ਮੋਰਚਿਆਂ ਦੇ ਰਾਹ 'ਤੇ ਤੋਰ ਦਿੱਤਾ। ਅਕਾਲੀ ਸਰਕਾਰਾਂ ਬਣਦੀਆਂ ਤਾਂ ਉਹ ਪੰਜ ਸਾਲਾਂ ਦੀ ਪਾਰੀ ਖੇਡਣ ਦੀ ਬਜਾਏ ਧਾਰਾ 356 ਲਾ ਕੇ ਤੋੜ ਦਿੱਤੀਆਂ ਜਾਂਦੀਆਂ। ਸੰਨ 1971 'ਚ ਹੋਈਆਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਤੇਰਾਂ 'ਚੋਂ ਕੇਵਲ ਇਕ ਸੀਟ ਹਾਸਲ ਹੋਈ ਤਾਂ ਇਸ ਦੇ ਨੇਤਾਵਾਂ ਨੂੰ ਪੰਥ ਖ਼ਤਰੇ ਵਿਚ ਦਿਸਣ ਲੱਗ ਪਿਆ। ਜਦੋਂ 1972 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ 117 ਵਿਚੋਂ ਮਹਿਜ਼ 24 ਸੀਟਾਂ ਹਾਸਲ ਹੋਈਆਂ ਤਾਂ ਅਕਾਲੀਆਂ ਕੋਲੋਂ ਸੱਤਾ ਸਿੰਘਾਸਣ ਦੂਰ ਹੋ ਗਿਆ। ਇਸੇ ਸਾਲ 'ਚ ਹੀ ਅਨੰਦਪੁਰ ਸਾਹਿਬ ਮਤੇ ਦਾ ਖਰੜਾ ਤਿਆਰ ਹੋਇਆ ਜੋ ਹੁਣ ਇਤਿਹਾਸ ਬਣ ਚੁੱਕਾ ਹੈ।

28 ਅਗਸਤ

# ਸੁਨਹਿਰੀ ਵਿਰਸਾ ਤੇ ਅੱਜ

ਸ਼੍ਰੋਮਣੀ ਅਕਾਲੀ ਦਲ ਦੀ ਸੁਨਹਿਰੀ ਤਵਾਰੀਖ਼ ਸਿਰਲੱਥ ਯੋਧਿਆਂ ਦੀ ਤੱਤੀ ਰੱਤ ਨਾਲ ਲਿਖੀ ਹੋਈ ਹੈ। ਇਹ ਧਰਮ ਹੇਤ ਸੀਸ ਭੇਟ ਕਰਨ, ਬੰਦ-ਬੰਦ ਕਟਵਾਉਣ, ਖੋਪਰੀਆਂ ਲੁਹਾਉਣ, ਚਰਖੜੀਆਂ 'ਤੇ ਚੜ੍ਹਨ, ਪੁੱਠੀਆਂ ਖੱਲਾਂ ਲੁਹਾਉਣ, ਆਰਿਆਂ ਨਾਲ ਚਿਰਵਾਏ ਜਾਣ, ਦੇਗਾਂ ਚਲਾਉਣ ਤੇ ਤੇਗਾਂ ਵਾਹੁਣ ਵਾਲਿਆਂ ਦੀ ਮਾਣਮੱਤੀ ਜਮਾਤ ਹੈ। 'ਮਹਾਨ ਕੋਸ਼' ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਅਕਾਲੀ 'ਕਮਲ ਜਯੋਂ ਜਲ ਵਿਚ ਅਲੇਪ ਸਦਾ' ਵਾਂਗ ਹੈ ਜਿਸ ਦੇ ਮੁੱਖ 'ਤੇ ਧਰਮ ਯੁੱਧ ਦਾ ਨਾਮ ਸੁਣ ਕੇ ਲਾਲੀ ਚੜ੍ਹਦੀ ਹੈ। ਸਿੱਖ ਵਿਰਸੇ ਦੀ ਗੱਲ ਕਰੀਏ ਤਾਂ ਅਕਾਲੀਆਂ ਨੇ ਸਿਰਾਂ 'ਤੇ ਕੱਫ਼ਣ ਬੰਨ੍ਹ ਕੇ ਗੁਰਧਾਮਾਂ ਨੂੰ ਵਿਭਚਾਰੀ ਤੇ ਭ੍ਰਿਸ਼ਟਾਚਾਰੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਸਨ। ਆਪਣੇ ਘਰਾਂ ਦਾ ਮੋਹ ਤਿਆਗ ਕੇ ਅਕਾਲੀਆਂ ਨੇ ਜਦੋਂ ਗੁਰੂ ਘਰ ਆਜ਼ਾਦ ਕਰਵਾ ਲਏ ਤਾਂ ਫਿਰ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਮਰਕੱਸੇ ਕਰ ਲਏ। ਮੂਲਮੰਤਰ ਵਿਚ ਦਰਜ ਅਕਾਲ ਪੁਰਖ ਦੀ ਪਰਿਭਾਸ਼ਾ ਉਨ੍ਹਾਂ ਦੇ ਮਨ-ਮਸਤਕ 'ਤੇ ਖ਼ੁਣੀ ਹੋਈ ਸੀ। ਉਹ ਖ਼ੁਦ ਨੂੰ ਅਕਾਲ ਪੁਰਖ਼ ਕੀ ਫ਼ੌਜ ਸਮਝ ਕੇ ਨਿਰਭਉ ਤੇ ਨਿਰਵੈਰ ਹੋ ਕੇ ਮੈਦਾਨ-ਏ-ਜੰਗ ਵਿਚ ਸੀਸ ਤਲੀਆਂ 'ਤੇ ਰੱਖ ਕੇ ਉਤਰਦੇ। ਕਬੀਰ ਸਾਹਿਬ ਦਾ ਸ਼ਲੋਕ, "ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ' ਉਨ੍ਹਾਂ ਦੇ ਮੁਖਾਰਬਿੰਦ 'ਤੇ ਹੁੰਦਾ। "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ" ਉਨ੍ਹਾਂ ਦਾ ਤਹੱਈਆ ਹੁੰਦਾ। ਦਰਅਸਲ, ਮੁਗ਼ਲਾਂ ਨਾਲ ਢਾਈ-ਫੱਟ ਦੀ ਲੜਾਈ ਲਈ ਸਿੰਘ-ਸੂਰਮਿਆਂ ਨੂੰ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ 'ਤੇ ਸੌਣ ਲਈ ਮਜਬੂਰ ਹੋਣਾ ਪਿਆ ਸੀ। ਅਜਿਹੇ ਹਾਲਾਤ ਵਿਚ ਗੁਰਧਾਮਾਂ ਦੀ ਸਾਂਭ-ਸੰਭਾਲ ਮਹੰਤਾਂ ਦੇ ਹੱਥ ਆ ਗਈ। ਸ਼ੁਰੂ-ਸ਼ੁਰੂ ਵਿਚ ਮਹੰਤਾਂ ਨੇ ਸਿੱਖ ਰਹਿਤ-ਮਰਿਆਦਾ ਦਾ ਪੂਰਾ ਖ਼ਿਆਲ ਰੱਖਿਆ ਸੀ। ਸਮੇਂ ਦੇ ਨਾਲ ਉਹ ਭ੍ਰਿਸ਼ਟਾਚਾਰ ਵਿਚ ਲਿਪਤ ਹੋ ਗਏ। ਬ੍ਰਿਟਿਸ਼ ਹਕੂਮਤ ਦੇ ਉਹ ਹੱਥਠੋਕੇ ਬਣ ਗਏ। ਗੋਰੀ ਹਕੂਮਤ ਦੇਸ਼ ਤੇ ਕੌਮ ਖ਼ਾਤਰ ਲੜਨ-ਮਰਨ ਵਾਲਿਆਂ ਦਾ ਮਨੋਬਲ ਤੋੜਨ ਲਈ ਮਨਸੂਬੇ ਘੜਨ ਲੱਗੀ। ਮਹੰਤਾਂ ਦੀ ਪੁਸ਼ਤ-ਪਨਾਹੀ ਨੇ ਸਿੱਖ ਕੌਮ ਨੂੰ ਖੱਖੜੀ-ਖੱਖੜੀ ਕਰਨ ਲਈ ਪਿੜ ਤਿਆਰ ਕੀਤਾ। ਗੁਰਧਾਮਾਂ ਨੂੰ ਮਹੰਤਾਂ ਨੇ ਅੱਯਾਸ਼ੀ ਦੇ ਅੱਡਿਆਂ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਦਸਵੰਧ ਕੱਢਣ ਵਾਲੀ ਕੌਮ ਲਈ ਗੁਰੂ ਕੀ ਗੋਲਕ ਗੁਰੂ ਦਾ ਮੂੰਹ ਸੀ। ਗੋਲਕ ਦੀ ਦੁਰਵਰਤੋਂ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਗੁਰਸਿੱਖਾਂ ਨੇ ਗੁਰਧਾਮਾਂ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ। ਬ੍ਰਿਟਿਸ਼ ਸਰਕਾਰ ਨੇ ਮਹੰਤਾਂ ਦੀ ਪਿੱਠ ਠੋਕਣੀ

ਜਾਰੀ ਰੱਖੀ। ਕੌਮ-ਪ੍ਰਸਤਾਂ ਦਾ ਖ਼ੂਨ ਖੌਲਿਆ। ਉਨ੍ਹਾਂ ਨੇ ਜਥੇਬੰਦ ਹੋ ਕੇ ਮਹੰਤਾਂ ਦੇ ਨਾਲ-ਨਾਲ ਸਰਕਾਰ ਨਾਲ ਵੀ ਮੱਥਾ ਲਾ ਲਿਆ। ਜਾਂਬਾਜ਼ਾਂ ਦਾ ਖ਼ੂਨ ਡੁੱਲ੍ਹਿਆ। ਇਸ ਰੱਤ 'ਚੋਂ ਕਸ਼ੀਦੇ ਗੁਰਮਤਿਆਂ ਨੇ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ। ਲੰਬੀ ਜਦੋਜਹਿਦ ਤੋਂ ਬਾਅਦ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੋਇਆ। ਮਹਿਜ਼ ਸੱਤ ਕੁ ਸਾਲਾਂ ਬਾਅਦ ਅੱਠ ਦਸੰਬਰ 1927 ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਹੋਇਆ। ਉਨ੍ਹਾਂ ਦੇ ਜਨਮ ਤਕ ਅਕਾਲੀਆਂ ਨੇ ਮਹਾਨ ਕੁਰਬਾਨੀਆਂ ਸਦਕਾ ਨਨਕਾਣਾ ਸਾਹਿਬ, ਚਾਬੀਆਂ ਦਾ ਮੋਰਚਾ ਅਤੇ ਗੁਰੂ ਕੇ ਬਾਗ ਦਾ ਮੋਰਚਾ ਜਿੱਤ ਕੇ ਬ੍ਰਿਟਿਸ਼ ਹਕੂਮਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (1925) ਦਾ ਐਕਟ ਪਾਸ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸਿੱਖ ਕੌਮ ਦੇ ਹੱਥ ਆ ਗਈ। ਪਾਰਲੀਮੈਂਟ ਦੁਆਰਾ ਪਾਸ ਕੀਤੇ ਗਏ ਐਕਟ ਮੁਤਾਬਿਕ ਸ਼੍ਰੋਮਣੀ ਕਮੇਟੀ ਨੂੰ ਜਮਹੂਰੀ ਲੀਹਾਂ 'ਤੇ ਚਲਾਇਆ ਗਿਆ। ਅਫ਼ਸੋਸ! ਸ਼ਤਾਬਦੀ ਮਨਾਉਣ ਵੇਲੇ ਗੁਰੂ ਗ੍ਰੰਥ ਅਤੇ ਪੰਥ ਦੀ ਪਰਿਕਰਮਾ ਕਰਨ ਵਾਲੀ ਸਿਆਸੀ ਤੇ ਧਾਰਮਿਕ ਸੁਮੇਲ ਵਾਲੀ ਜਮਾਤ ਢਹਿੰਦੀਆਂ ਕਲਾਂ ਵਿਚ ਦਿਖਾਈ ਦਿੱਤੀ। ਅੱਧੀ ਸਦੀ ਪਹਿਲਾਂ ਸੰਨ 1970 ਵਿਚ ਪੰਥ ਦੀ ਮੂਹਰਲੀ ਕਤਾਰ ਦੇ ਨੇਤਾ ਹੋਣ ਨਾਤੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਇਹ ਵੱਖਰੀ ਗੱਲ ਹੈ ਕਿ ਮਹਿਜ਼ 272 ਦਿਨਾਂ ਬਾਅਦ ਉਨ੍ਹਾਂ ਦੀ ਚੁਣੀ ਹੋਈ ਸਰਕਾਰ ਨੂੰ ਧਾਰਾ 356 ਲਗਾ ਕੇ ਤੋੜ ਦਿੱਤਾ ਗਿਆ। ਪੰਜਾਬ ਦੇਸ਼ ਦਾ ਅਜਿਹਾ ਇਕਲੌਤਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਸਮੇਂ ਲਈ ਰਾਸ਼ਟਰਪਤੀ ਰਾਜ ਰਿਹਾ ਹੈ। ਇਹੀ ਵਜ੍ਹਾ ਹੈ ਕਿ ਅਕਾਲੀਆਂ ਨੇ ਕਾਂਗਰਸ ਪਾਰਟੀ ਨੂੰ ਸਦਾ ਪੰਥ ਦੀ ਦੁਸ਼ਮਣ ਜਮਾਤ ਦੱਸਦਿਆਂ ਇਸ ਨਾਲ ਮੱਥਾ ਲਾਈ ਰੱਖਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਤਖ਼ਤ ਨੂੰ ਲਲਕਾਰਿਆ ਜਾਂਦਾ ਰਿਹਾ। ਪੰਥ ਦੀ ਨਜ਼ਰ-ਏ-ਇਨਾਇਤ ਸਦਕਾ ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਵੱਧ ਸਮਾਂ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। ਐਮਰਜੈਂਸੀ ਵੇਲੇ ਵੀ ਅਕਾਲੀ ਦਲ ਨੇ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ ਸੀ। ਸ਼ਹੀਦਾਂ ਦੇ ਸੀਸਾਂ ਅਤੇ ਗੁਰੂ ਸਾਹਿਬਾਨ ਦੀਆਂ ਅਸੀਸਾਂ ਨਾਲ ਬਣੇ ਅਕਾਲੀ ਦਲ ਨੇ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ। ਸਮੇਂ ਦੇ ਨਾਲ ਅਕਾਲੀ ਦਲ 'ਤੇ ਪਰਿਵਾਰਵਾਦ ਭਾਰੂ ਪੈ ਗਿਆ। ਕਾਂਗਰਸ ਸਣੇ ਦੇਸ਼ ਦੀਆਂ ਹੋਰ ਸਿਆਸੀ ਪਾਰਟੀਆਂ ਵੀ ਪਰਿਵਾਰਵਾਦ ਤੋਂ ਅਭਿੱਜ ਨਹੀਂ ਹਨ। ਨਿਸ਼ਕਾਮ ਪਾਰਟੀ ਵਰਕਰਾਂ ਨੂੰ ਅਜਿਹੇ ਰੁਝਾਨ ਨੇ ਬੇਹੱਦ ਨਿਰਾਸ਼ ਕੀਤਾ। ਅਕਾਲੀ ਦਲ ਵਿਚ ਮੀਰੀ-ਪੀਰੀ ਦੇ ਮਹਾਨ ਸਿਧਾਂਤ ਤੋਂ ਮੁੱਖ ਮੋੜ ਕੇ ਧਰਮ 'ਤੇ ਸਿਆਸਤ ਭਾਰੂ ਹੋ ਗਈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਾਂਗ ਲੜੀਆਂ ਜਾਣ ਲੱਗੀਆਂ। ਉਮੀਦਵਾਰਾਂ ਦੀ ਚੋਣ ਸਿਆਸੀ ਜਰਬਾਂ-ਤਕਸੀਮਾਂ ਦੇ ਆਧਾਰ 'ਤੇ ਹੋਣ ਲੱਗੀ ਤਾਂ ਅਕਾਲੀ ਦਲ ਦੇ ਪੰਥਿਕ ਆਧਾਰ ਨੂੰ ਖੋਰਾ ਲੱਗਣਾ ਕੁਦਰਤੀ ਵਰਤਾਰਾ ਸੀ। ਸ਼ਾਇਦ ਹੀ ਅਜਿਹਾ ਕੋਈ ਵੱਡਾ ਅਕਾਲੀ ਨੇਤਾ ਹੋਵੇ ਜਿਸ ਨੇ ਆਪਣੇ ਪੁੱਤਰ, ਧੀ ਜਾਂ ਜਵਾਈ ਨੂੰ ਅੱਗੇ ਨਹੀਂ ਕੀਤਾ। ਟਕਸਾਲੀ ਅਕਾਲੀ ਦਰੀਆਂ ਵਿਛਾਉਣ ਜੋਗੇ ਰਹਿ ਗਏ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ 'ਤੇ ਅਕਾਲੀ ਦਲ ਬੁਰੀ ਤਰ੍ਹਾਂ ਘਿਰ

ਗਿਆ ਜਿਸ ਕਰਕੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਤਾਬਦੀ ਹੰਢਾ ਚੁੱਕੀ ਪਾਰਟੀ ਨੂੰ ਮਹਿਜ਼ ਤਿੰਨ ਸੀਟਾਂ ਹੀ ਹਾਸਲ ਹੋਈਆਂ। ਸਿੱਖ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਸਿੰਘ ਸਾਹਿਬਾਨ ਦੇ ਹੁਕਮਨਾਮਿਆਂ 'ਤੇ ਵੀ ਕਿੰਤੂ-ਪ੍ਰੰਤੂ ਹੋਣ ਲੱਗੇ। ਮੁਤਵਾਜ਼ੀ ਜਥੇਦਾਰਾਂ ਦੀ ਨਿਯੁਕਤੀ ਅਸਲੋਂ ਨਵੀਂ ਪਿਰਤ ਹੈ। ਇਸ ਕਦਮ ਨਾਲ ਪੰਥ ਵਿਚਲੀ ਫੁੱਟ ਜਗ ਜ਼ਾਹਰ ਹੋ ਗਈ। ਸਿਰਸਾ ਡੇਰਾ ਮੁਖੀ ਨੂੰ ਪਹਿਲਾਂ ਮਾਫ਼ੀ ਦੇਣ ਤੋਂ ਬਾਅਦ ਹੁਕਮਨਾਮਾ ਵਾਪਸ ਲੈਣਾ ਕਈ ਸਵਾਲ ਖੜ੍ਹੇ ਕਰ ਗਿਆ। ਟਕਸਾਲੀ ਅਕਾਲੀ ਪੰਥਿਕ ਕਦਰਾਂ-ਕੀਮਤਾਂ ਨੂੰ ਪਰਣਾਏ ਹੋਏ ਸਨ। ਉਨ੍ਹਾਂ ਨੇ ਕਦੇ ਵੀ ਕਿਸੇ ਅਹੁਦੇ ਦੀ ਝਾਕ ਨਹੀਂ ਸੀ ਰੱਖੀ। ਅਕਾਲੀ ਦਲ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਇਸ ਦੇ ਮੁਖੀ ਨੇ ਆਪਣੇ ਫਰਜ਼ੰਦ ਨੂੰ ਜਾਨਸ਼ੀਨ ਬਣਾਇਆ ਹੋਵੇ। ਤਿਆਗੀਆਂ ਤੇ ਬੈਰਾਗੀਆਂ ਦੀ ਜਮਾਤ ਦਾ ਆਪਣੇ ਵਿਰਸੇ ਤੋਂ ਮੁੱਖ ਮੋੜਨਾ ਅਕਾਲੀ ਦਲ ਨੂੰ ਮਹਿੰਗਾ ਪਿਆ ਹੈ। ਸੌ ਸਾਲ ਦੇ ਵਕਫ਼ੇ ਮਗਰੋਂ ਫਿਰ ਦੂਜੀ ਗੁਰਦੁਆਰਾ ਸੁਧਾਰ ਦੀ ਲਹਿਰ ਬਾਰੇ ਪੁਨਰ ਵਿਚਾਰਾਂ ਹੋ ਰਹੀਆਂ ਹਨ। ਮਹਾਨ ਸਿੱਖ ਸੰਸਥਾਵਾਂ ਵਿਚ ਨਵੀਂ ਰੂਹ ਫੂਕ ਕੇ ਇਨ੍ਹਾਂ ਦੀ ਪੁਨਰ-ਸੁਰਜੀਤੀ ਦੀ ਚਰਚਾ ਚੱਲ ਰਹੀ ਹੈ। ਸਿੰਘ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਤਰਜ਼ 'ਤੇ ਪੁਨਰ-ਜਾਗ੍ਰਿਤੀ ਲਹਿਰ ਚਲਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ। ਸੰਨ 1892 ਨੂੰ ਹੋਂਦ 'ਚ ਆਏ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਇਲਾਵਾ ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਨੇ ਅਣਗਿਣਤ ਚਿੰਤਕ ਪੈਦਾ ਕੀਤੇ ਜੋ ਪੰਥ ਦੀ ਚੜ੍ਹਦੀ ਕਲਾ ਲਈ ਚਿੰਤਨ ਵਿਚ ਜੁਟੇ ਰਹਿੰਦੇ ਸਨ। ਉਨ੍ਹਾਂ ਦਾ ਤਰਕ ਸੀ ਕਿ ਸਿੱਖ ਨੇਤਾ ਪਹਿਲਾਂ ਆਪਣੇ 'ਚ ਸੁਧਾਰ ਲਿਆਉਣਗੇ ਤਾਂ ਹੀ ਅਕਾਲੀ ਲਹਿਰ ਨੂੰ ਬੂਰ ਪਵੇਗਾ। ਟਕਸਾਲੀ ਨੇਤਾ ਸ਼ਰੇਆਮ ਕਿਹਾ ਕਰਦੇ ਸਨ ਕਿ ਜਿੰਨੀ ਦੇਰ ਆਪਣੇ ਅੰਦਰਲੇ ਵਿਕਾਰਾਂ ਖ਼ਿਲਾਫ਼ ਜੰਗ ਨਾ ਜਿੱਤੀ ਗਈ ਤਾਂ ਫਿਰ ਕੌਮ ਤੇ ਦੇਸ਼ ਖ਼ਾਤਰ ਵਿੱਢੀ ਜਾਣ ਵਾਲੀ ਜੰਗ ਅਧੂਰੀ ਰਹੇਗੀ। ਆਪਣੇ ਅੰਤਹਕਰਨ ਅਤੇ ਮਨ-ਮਸਤਕ 'ਚ ਦੀਵੇ ਬਾਲ ਕੇ ਹੀ ਬਾਹਰਲਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ। ਆਪਣੇ ਕਿਰਦਾਰ ਨੂੰ ਬੁਲੰਦੀਆਂ 'ਤੇ ਪਹੁੰਚਾ ਕੇ ਟਕਸਾਲੀ ਅਕਾਲੀਆਂ ਨੇ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਛਿਪਣ ਲਗਾ ਦਿੱਤਾ ਸੀ। ਟਕਸਾਲੀ ਅਕਾਲੀਆਂ ਵਾਲੇ ਜਜ਼ਬੇ ਨੂੰ ਆਪਣੇ ਅੰਦਰ ਵਸਾਉਣ ਲਈ ਅਹੁਦਿਆਂ ਦੇ ਮੋਹ ਨੂੰ ਤਿਲਾਂਜਲੀ ਦੇਣੀ ਹੋਵੇਗੀ। ਲੋਭ ਉਹ ਵਿਕਾਰ ਹੈ ਜਿਸ ਨੂੰ ਭਸਮ ਕੀਤੇ ਬਗ਼ੈਰ ਮਾਣ-ਮਰਿਆਦਾ ਨੂੰ ਬਹਾਲ ਨਹੀਂ ਕੀਤਾ ਜਾ ਸਕਦਾ। ਅਕਾਲੀ ਦਲ 'ਸਰਬੱਤ ਦਾ ਭਲਾ' ਵਾਲੀ ਸੋਚ ਨੂੰ ਪਰਣਾਇਆ ਹੋਇਆ ਹੈ। ਤੱਤੇ ਨਾਅਰੇ ਲਗਾ ਕੇ ਸਮਾਜ ਨੂੰ ਤਕਸੀਮ ਕਰਨ ਵਾਲੀਆਂ ਤਾਕਤਾਂ ਤੋਂ ਵੀ ਸੁਚੇਤ ਰਹਿਣਾ ਸਮੇਂ ਦੀ ਲੋੜ ਹੈ।

4 ਸਤੰਬਰ

# ਗਾਲ੍ਹ ਨਹੀਂ ਕੱਢਣੀ!

ਪੰਜ ਦਰਿਆਵਾਂ ਦੇ ਕੰਢਿਆਂ ’ਤੇ ਵਸਣ ਵਾਲੇ ਦਰਿਆਦਿਲ ਲੋਕਾਂ ਦੀ ਮਾਖਿਓਂ ਮਿੱਠੀ ਮਾਂ-ਬੋਲੀ ਪਿਛਲੇ ਕਈ ਦਹਾਕਿਆਂ ਤੋਂ ਸੌੜੀ ਸਿਆਸਤ ਦੀ ਸ਼ਿਕਾਰ ਰਹੀ ਹੈ। ਦਿਲਾਂ ਵਿਚ ਡੂੰਘੀਆਂ ਜੜ੍ਹਾਂ ਫੈਲਾਈ ਬੈਠੇ ਤਅੱਸਬ ਨੇ ਪਹਿਲਾਂ ਪ੍ਰਾਚੀਨ ਪੰਜਾਬ ਦੇ ਚੁਹੱਦਿਆਂ-ਦਿਸਹੱਦਿਆਂ ਨੂੰ ਤਕਸੀਮ ਕੀਤਾ ਤੇ ਫਿਰ ਪੰਜਾਬੀਆਂ ਨੂੰ ਬਟਿਆਂ ਵਿਚ ਵੰਡਣ ਦੇ ਮਨਸੂਬੇ ਘੜਨੇ ਸ਼ੁਰੂ ਕਰ ਦਿੱਤੇ। ਇਕ ਸਮੇਂ ਸੱਤ ਨਦੀਆਂ ਵਾਲਾ ‘ਸੱਤ-ਨਦ’ ਸੁੰਗੜ ਕੇ ਪੰਜ-ਨਦੀਆਂ ਵਾਲਾ ‘ਪੰਜ-ਨਦ’ ਕਿਹਾ ਜਾਂਦਾ ਸੀ। ਇਸਲਾਮ ਦੇ ਆਗਮਨ ਤੋਂ ਬਾਅਦ ਇਹ ‘ਪੰਜ-ਆਬ’ ਕਿਹਾ ਜਾਣ ਲੱਗਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵੱਖ-ਵੱਖ ਸੱਭਿਆਚਾਰਾਂ ਦੇ ਖਮੀਰ ਨੇ ਹੋਰ ਅਮੀਰ ਬਣਾ ਦਿੱਤਾ। ਅਰਬੀ, ਫਾਰਸੀ ਤੇ ਉਰਦੂ ਦੇ ਅਲਫ਼ਾਜ਼ ਦੇ ਢੁੱਕਵੇਂ ਉਚਾਰਨ ਲਈ ਪੰਜ ਅੱਖਰਾਂ (ਸ਼, ਖ਼, ਗ਼, ਜ਼, ਫ਼) ਹੇਠ ਬਿੰਦੀਆਂ ਪੈ ਗਈਆਂ। ਮੁਲਕ ਤਕਸੀਮ ਹੋਇਆ ਤਾਂ ਢਾਈ ਦਾ ਪਹਾੜਾ ਪੜ੍ਹ ਕੇ ਦਰਿਆ ਵੀ ਵੰਡ ਦਿੱਤੇ। ਅੰਗਰੇਜ਼ੀ ਅਤੇ ਵਿਸ਼ਵ ਦੀਆਂ ਹੋਰ ਵਿਕਸਤ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਵੱਖ-ਵੱਖ ਬੋਲੀਆਂ/ਤਹਿਜ਼ੀਬਾਂ ਨੇ ਅਮੀਰੀ ਬਖਸ਼ੀ ਹੈ। ਜਿਵੇਂ ਸਮੁੰਦਰ ’ਚੋਂ ਨਦੀਆਂ-ਨਾਲਿਆਂ ਤੇ ਚੋਆਂ ਨੂੰ ਨਿਖੇੜਿਆ ਨਹੀਂ ਜਾ ਸਕਦਾ ਤਿਵੇਂ ‘ਪੰਜ-ਆਬ’ ਵਿਚੋਂ ‘ਆਬ’ ਮਨਫ਼ੀ ਨਹੀਂ ਕੀਤਾ ਜਾ ਸਕਦਾ। ‘ਆਬ’ ਤੋਂ ਹੀ ‘ਆਬਸ਼ਾਰ’ (ਪਾਣੀ ਦੀ ਝਲਾਰ, ਝਲਾਰ ਜਾਂ ਝਰਨਾ) ਤੇ ਹੋਰ ਸ਼ਬਦ ਵਿਕਸਤ ਹੋਏ ਹਨ। ਖ਼ਬਰ, ਖ਼ਬਰਗੀਰੀ ਤੇ ਅਖ਼ਬਾਰ ਦਾ ਮੂਲ ਵੀ ਅਰਬੀ ਭਾਸ਼ਾ ਹੈ। ‘ਖ਼ਾਲਸਾ’ ਅਤੇ ‘ਸਰਦਾਰ’ ਕ੍ਰਮਵਾਰ ਅਰਬੀ ਤੇ ਫ਼ਾਰਸੀ ਭਾਸ਼ਾ ਦੇ ਸ਼ਬਦ ਹਨ। ‘ਸਰਦੀ’ (ਫ਼ਾਰਸੀ), ‘ਦੇਗ-ਤੇਗ ਫ਼ਤਿਹ’, ‘ਅਰਦਾਸ’, ‘ਗੁਰੂ’, ‘ਸਾਹਿਬ’, ‘ਕਲਗੀ’, ‘ਸੰਤ’, ‘ਸਿਪਾਹੀ’, ‘ਗੁਰਮੁਖੀ’, ‘ਦਿਲ’, ‘ਦਰਿਆ’, ‘ਸ਼ੀਸ਼ਾ’, ‘ਕਲਗੀ’, ‘ਸੱਚਾ ਪਾਤਸ਼ਾਹ’, ‘ਦਮਾਮਾ’, ‘ਸ਼ਹੀਦ’, ‘ਸਾਹਿਬਜ਼ਾਦਾ’, ‘ਸ਼ਹਿਰ’, ‘ਢੋਲ’, ‘ਕਿਰਸਾਨ’, ‘ਵੈਣ’, ‘ਕੌਮ’, ‘ਕੋਹ’, ‘ਸਿਰੋਪਾ’, ‘ਰਹਿਰਾਸ’, ‘ਰੱਬ’, ‘ਰੇਗਿਸਤਾਨ’, ‘ਨੌਨਿਹਾਲ’, ‘ਨੌਜਵਾਨ’, ‘ਪੈੜ’,‘ਰੁਮਾਲਾ’, ‘ਰੂਹ’, ‘ਬਹਾਦਰ’, ‘ਭੰਗੜਾ’, ‘ਭੱਤਾ’, ‘ਫ਼ੌਜ’, ‘ਬੱਚਾ’, ‘ਆਰਾ’ ਅਤੇ ‘ਆਲਮਗੀਰ’ ਵਰਗੇ ਸ਼ਬਦਾਂ ਨੂੰ ਭਲਾ ਪੰਜਾਬੀ ਦੇ ਸ਼ਬਦਕੋਸ਼ ’ਚੋਂ ਕੌਣ ਕੱਢ ਸਕਦਾ ਹੈ? ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਕਈ ਹੋਰ ਭਾਸ਼ਾਵਾਂ ਦੇ ਰਲੇਵੇਂ ਨੇ ਪੰਜਾਬੀ ਮਾਂ-ਬੋਲੀ ਦੇ ਖ਼ਜ਼ਾਨੇ ਨੂੰ ਮਾਲਾਮਾਲ ਕੀਤਾ ਹੈ। ਗੁਰੂ ਸਾਹਿਬਾਨ, ਭਗਤਾਂ, ਸੂਫ਼ੀਆਂ-ਸੰਤਾਂ ਅਤੇ ਕਿੱਸਾਕਾਰਾਂ ਆਦਿ ਨੇ ਪੰਜਾਬੀ ਨੂੰ ਸਰਬ-ਸਾਂਝੀਵਾਲਤਾ ਦੀ ਬੋਲੀ ਬਣਾਉਣ ਹਿੱਤ ਅਮੁੱਲਾ ਯੋਗਦਾਨ ਪਾਇਆ ਹੈ। ਛੇਵੀਂ-ਸੱਤਵੀਂ ਸਦੀ ਵਿਚ ਹੀ ਨਾਥ-ਜੋਗੀਆਂ ਦੀ ਸਾਧ-ਭਾਸ਼ਾ ਤੇ ਅਪਭ੍ਰੰਸ਼ ’ਚੋਂ ਪੰਜਾਬੀ ਦਾ ਝਲਕਾਰਾ ਮਿਲਣਾ ਸ਼ੁਰੂ ਹੋ ਗਿਆ ਸੀ। ਪੰਜਾਬੀ

ਦੇ ਆਦਿ ਕਵੀ ਬਾਬਾ ਫ਼ਰੀਦ ਜੀ ਨੇ ਪੰਜਾਬੀ ਨੂੰ ਟਕਸਾਲੀ ਬਣਾਉਣ ਲਈ ਪੱਕੀ ਬੁਨਿਆਦ ਰੱਖੀ ਹੈ। ਪੰਜਾਬੀ ਦਾ ਤਲੱਫ਼ਜ਼ ਇਸ ਨੂੰ ਹੋਰਨਾਂ ਬੋਲੀਆਂ/ਭਾਸ਼ਾਵਾਂ ਤੋਂ ਨਿਆਰਾ ਬਣਾਉਂਦਾ ਹੈ। ਕਈਆਂ ਨੇ ਡੂੰਘੀ ਸਾਜ਼ਿਸ਼ ਤਹਿਤ ਪੰਜਾਬੀਆਂ ਨੂੰ ਖੇਰੂੰ-ਖੇਰੂੰ ਕਰਨ ਲਈ ਵਿਉਂਤਾਂ ਘੜੀਆਂ। ਸਰਬ-ਸਾਂਝੀ ਬੋਲੀ 'ਤੇ ਨਸਲੀ ਪਾਣ ਚੜ੍ਹਾਉਣ ਦੀ ਹਿਮਾਕਤ ਕੀਤੀ ਗਈ। ਪੰਜਾਬੀਆਂ ਵਿਚ ਹੀਣ-ਭਾਵਨਾ ਭਰਨ ਲਈ ਇਸ ਨੂੰ 'ਗਵਾਰਾਂ' ਦੀ ਬੋਲੀ ਤਕ ਗਰਦਾਨਿਆ ਗਿਆ। ਗਾਲੀ-ਗਲੋਚ ਨੇ ਇਸ ਦੀ ਅਮੀਰ ਵਿਰਾਸਤ ਨੂੰ ਖੋਰਾ ਲਾਉਣਾ ਆਰੰਭ ਕੀਤਾ। ਆਪਣੀ ਬੋਲੀ 'ਤੇ ਮਾਣ ਕਰਨ ਦੀ ਬਜਾਏ ਕਈ ਉੱਚ-ਘਰਾਣੇ ਇਸ ਤੋਂ ਕਿਨਾਰਾ ਕਰਨ ਲੱਗੇ। ਕਿਸੇ ਨੀਤੀ-ਬਦਨੀਤੀ ਤਹਿਤ ਗਾਲ੍ਹਾਂ ਪੰਜਾਬੀ ਤਹਿਜ਼ੀਬ ਦਾ ਅਨਿੱਖੜਵਾਂ ਅੰਗ ਸਮਝੀਆਂ ਜਾਣ ਲੱਗੀਆਂ। ਪੰਜਾਬੀ ਮਾਂ-ਬੋਲੀ/ਭਾਸ਼ਾ ਦਾ ਵਿਰਸਾ ਤੇ ਵਿਰਾਸਤ ਤਾਂ ਇਹੋ ਜਿਹੀ ਨਹੀਂ ਸੀ! ਸਾਡੇ ਸੱਭਿਆਚਾਰ ਵਿਚ ਮਾਵਾਂ-ਭੈਣਾਂ ਅਤੇ ਧੀਆਂ-ਧਿਆਣੀਆਂ ਦੀ ਇੱਜ਼ਤ-ਆਬਰੂ ਖਾਤਰ ਆਪਣੀਆਂ ਜਾਨਾਂ ਤਕ ਵਾਰਦੇ ਆਏ ਹਨ। ਪੰਜਾਬੀ ਸੱਭਿਆਚਾਰ 'ਚ ਦੁੱਲੇ ਭੱਟੀ ਵਰਗਿਆਂ ਨੂੰ ਐਵੇਂ ਤਾਂ ਨਹੀਂ ਯਾਦ ਕੀਤਾ ਜਾਂਦਾ। ਉਹ ਮੁਸਲਮਾਨ ਭੱਟੀ ਹੋਣ ਦੇ ਬਾਵਜੂਦ ਗ਼ਰੀਬ ਬ੍ਰਾਹਮਣ ਦੀਆਂ ਧੀਆਂ ਨੂੰ ਅਗਵਾਕਾਰਾਂ ਦੇ ਚੁੰਗਲ 'ਚੋਂ ਛੁਡਵਾ ਕੇ ਉਨ੍ਹਾਂ ਦੇ ਵਿਆਹ ਰਚਾਉਂਦਾ ਹੈ। ਅੱਜ ਦੂਜਿਆਂ ਦੀ ਕਿਰਦਾਰਕੁਸ਼ੀ ਕਰਨਾ ਪੰਜਾਬੀਆਂ ਦਾ ਸੁਭਾਅ ਬਣਦਾ ਜਾ ਰਿਹਾ ਹੈ। ਦੂਜਿਆਂ ਦੀਆਂ ਧੀਆਂ-ਭੈਣਾਂ ਨੂੰ ਆਪਣੀਆਂ ਬੇਟੀਆਂ ਸਮਝਣ ਵਾਲੇ ਪੰਜਾਬੀ 'ਮਾਂ-ਭੈਣ' ਦੀ ਗਾਲ੍ਹ ਕੱਢਣ ਲੱਗਿਆਂ ਮਿੰਟ ਨਹੀਂ ਲਾਉਂਦੇ। ਅਜਿਹੀਆਂ ਗਾਲ੍ਹਾਂ ਨੂੰ ਕਿਸੇ ਆਮ ਆਦਮੀ ਨੇ ਨਹੀਂ ਬਲਕਿ ਗੁਰਦਾਸ ਮਾਨ ਵਰਗੇ ਮਕਬੂਲ ਗਾਇਕ ਨੇ ਵਾਜਿਬ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਪੰਜਾਬੀਆਂ ਨੇ ਕਈ ਦਹਾਕਿਆਂ ਤਕ ਆਪਣੀਆਂ ਪਲਕਾਂ 'ਤੇ ਬਿਠਾਇਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦਾਸ ਮਾਨ ਨੇ ਵੱਖਰੀ ਤਰਜ਼ ਅਤੇ ਸ਼ੈਲੀ ਵਿਚ ਗੀਤ ਲਿਖ ਅਤੇ ਗਾ ਕੇ ਮਾਂ-ਬੋਲੀ ਦੀ ਮਹਾਨ ਸੇਵਾ ਕੀਤੀ ਹੈ। ਮਾਂ-ਬੋਲੀ ਨੇ ਵੀ ਉਸ ਨੂੰ ਜ਼ਮੀਨ ਤੋਂ ਚੁੱਕ ਕੇ ਅੰਬਰ ਦਾ ਤਾਰਾ ਬਣਾਇਆ ਸੀ। ਤਿੰਨ ਕੁ ਸਾਲ ਪਹਿਲਾਂ 2019 ਵਿਚ ਕੈਨੇਡਾ ਵਿਚ ਲਾਈਵ ਸ਼ੋਅ ਦੌਰਾਨ ਉਸ ਦੇ ਮੂੰਹ 'ਚੋਂ ਨਿਕਲੇ ਅਪਸ਼ਬਦਾਂ ਨੇ ਉਸ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਂਦਾ। ਇਕ ਸ਼ੋਅ ਦੇ ਲੱਖਾਂ ਰੁਪਏ ਲੈਣ ਵਾਲਾ ਗੁਰਦਾਸ ਮਾਨ ਜਦੋਂ ਦਿੱਲੀ ਦੀਆਂ ਬਰੂਹਾਂ ਮੱਲੀ ਬੈਠੇ ਕਿਸਾਨਾਂ ਦੀ ਸਟੇਜ 'ਤੇ ਮੁਫ਼ਤ ਗਾਉਣ ਲਈ ਚੜ੍ਹਨ ਲੱਗਾ ਤਾਂ ਉਸ ਨੂੰ ਬੇਰੰਗ ਮੋੜ ਦਿੱਤਾ ਗਿਆ। ਲੋਕ-ਹਿਤੈਸ਼ੀ ਲਿਖਤਾਂ ਅਤੇ ਸਾਫ਼-ਸੁਥਰੀ ਗਾਇਕੀ ਦੇ 'ਬਾਬਾ ਬੋਹੜ' ਨੂੰ ਜੜ੍ਹਾਂ ਤੋਂ ਉਖਾੜ ਕੇ ਪਰ੍ਹਾਂ ਸੁੱਟ ਦਿੱਤਾ। ਜਿਨ੍ਹਾਂ ਗਾਇਕਾਂ ਨੇ ਮਾਨ ਦੇ ਕੰਧਾੜੇ 'ਤੇ ਚੜ੍ਹ ਕੇ ਮੇਲਾ ਵੇਖਿਆ ਸੀ, ਉਹ ਵੀ ਉਸ ਦਾ ਤਮਾਸ਼ਾ ਦੇਖਣ ਲੱਗੇ। ਚੰਗਾ ਹੁੰਦਾ ਜੇ ਮਾਨ ਮਾਫ਼ੀ ਮੰਗ ਕੇ ਜਾਂ ਢੁੱਕਵਾਂ ਸਪਸ਼ਟੀਕਰਨ ਦੇ ਕੇ ਉਦੋਂ ਹੀ ਖਹਿੜਾ ਛੁਡਵਾ ਲੈਂਦੇ। ਕੈਨੇਡਾ ਦੇ ਸ਼ੋਅ ਦੌਰਾਨ ਮਾਨ ਦੇ ਮੂੰਹੋਂ ਨਿਕਲੇ ਅਪਸ਼ਬਦ ਤੋਂ ਬਾਅਦ ਮਾਨ ਇਕ ਹੋਰ ਵਿਵਾਦ ਵਿਚ ਘਿਰ ਗਿਆ ਜਿਸ ਤੋਂ ਬਾਅਦ ਉਸ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਹੋ ਗਿਆ। ਮਾਨ ਦਰਅਸਲ ਨਕੋਦਰ ਸਥਿਤ ਇਕ ਸਾਈਂ ਦੇ ਡੇਰੇ ਦਾ ਮੁਰੀਦ ਹੈ। ਉਸ ਨੇ

ਆਪਣੇ ਸਾਈਂ ਨੂੰ ਗੁਰੂ ਅਮਰਦਾਸ ਜੀ ਦੀ ਕੁੱਲ ਦਾ ਦੱਸਿਆ ਤਾਂ ਉਸ ਦੀ ਵੀਡੀਓ ਜੰਗਲ ਦੀ ਅੱਗ ਵਾਂਗ ਵਾਇਰਲ ਹੋ ਗਈ। ਇਸ ਤੋਂ ਬਾਅਦ ਮਾਨ ਖ਼ੁਦ ਨੂੰ ਕੱਖੋਂ ਹੌਲਾ ਸਮਝਣ ਲੱਗ ਪਿਆ। ਆਪਣੇ ਯੂਟਿਊਬ ਚੈਨਲ ’ਤੇ ਗੁਰਦਾਸ ਮਾਨ ਨੇ ਦੋਨਾਂ ਹੱਥਾਂ ਨਾਲ ਕੰਨ ਫੜ ਕੇ ਮਾਫ਼ੀ ਮੰਗਣ ਵਾਲੀ ਪੋਸਟ ਵੀ ਪਾਈ ਪਰ ਫਿਰ ਵੀ ਵਿਵਾਦ ਮੱਠਾ ਨਾ ਪਿਆ। ਸੁਖਮਨੀ ਸਾਹਿਬ ਦੀ ਟੂਕ, “ਸੰਤ ਕਾ ਨਿੰਦਕੁ ਮਹਾ ਅਤਤਾਈ/ਸੰਤ ਕਾ ਨਿੰਦਕੁ ਖਿਨੁ ਟਿਕਨੁ ਨਾ ਪਾਈ/ਸੰਤ ਕਾ ਨਿੰਦਕੁ ਮਹਾ ਹਤਿਆਰਾ/ਸੰਤ ਕਾ ਨਿੰਦਕੁ ਮਹਾ ਹਤਿਆਰਾ॥” ਬੋਲ ਕੇ ਉਸ ਨੇ ਆਪਣੇ-ਆਪ ਨੂੰ ਬੇਗੁਨਾਹ ਹੋਣ ਦਾ ਤਰਲਾ ਮਾਰਿਆ ਸੀ। ਉਸ ਨੇ ਇਹ ਵੀ ਕਿਹਾ ਕਿ ਜੇ ਉਸ ਦੀ ਕੋਈ ਗੱਲ ਗ਼ਲਤੀ ਨਾਲ ਵੀ ਕਿਸੇ ਦੇ ਦਿਲ ਨੂੰ ਠੇਸ ਪਹੁੰਚਾ ਗਈ ਹੋਵੇ ਤਾਂ ਉਹ ਸੌ-ਸੌ ਵਾਰ ਮਾਫ਼ੀ ਮੰਗਦਾ ਹੈ। ਲਿੱਲੜੀਆਂ ਕੱਢਣ ਤੇ ਤੌਬਾ ਕਰਨ ਦੇ ਬਾਵਜੂਦ ਗੁਰਦਾਸ ਮਾਨ ਦਾ ਖਹਿੜਾ ਨਾ ਛੁੱਟਿਆ। ਲਗਪਗ ਤਿੰਨ ਸਾਲਾਂ ਦੇ ਵਕਫ਼ੇ ਬਾਅਦ ਗੁਰਦਾਸ ਮਾਨ ਵੱਲੋਂ ਯੂਟਿਊਬ ਚੈਨਲ ’ਤੇ ਰਿਲੀਜ਼ ਕੀਤੇ ਗਏ ‘ਗੱਲ ਸੁਣੋ ਪੰਜਾਬੀ ਦੋਸਤੋ’ ਗਾਣੇ ਵਿਚ ਉਸ ਦਾ ਦਰਦ ਛਲਕਿਆ ਹੈ। ਕੈਨੇਡਾ ਵਿਚ ਲਾਈਵ ਸ਼ੋਅ ਦੌਰਾਨ ਇਕ ਸ਼ਖ਼ਸ ਵੱਲੋਂ ‘ਮਾਂ-ਬੋਲੀ ਦਾ ਗ਼ਦਾਰ’ ਲਿਖੀ ਇਬਾਰਤ ਵਾਲੀ ਤਖ਼ਤੀ ਨੂੰ ਪੜ੍ਹ ਕੇ ਉਹ ਭੜਕ ਪਿਆ ਸੀ ਅਤੇ ਉਸ ਦੇ ਮੂੰਹੋਂ ਗਾਲ੍ਹ ਨਿਕਲ ਗਈ ਸੀ। ਅਜਿਹਾ ਵਿਰੋਧ ਉਸ ਵੱਲੋਂ ਹਿੰਦੀ ਨੂੰ ਰਾਸ਼ਟਰ ਦੀ ਭਾਸ਼ਾ ਬਣਾਉਣ ਲਈ ਕੀਤੀ ਗਈ ਵਕਾਲਤ ਕਰਕੇ ਹੋਇਆ ਸੀ। ਨਵੇਂ ਗੀਤ ਵਿਚ ਉਸ ਨੇ ਆਪਣੇ ਮੂੰਹੋਂ ਨਿਕਲੀ ਗਾਲ੍ਹ ਨੂੰ ਸਹੀ ਦੱਸ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਗੀਤ ਤੋਂ ਪਹਿਲਾਂ ਸੰਖੇਪ ਪਟਕਥਾ ਚੱਲਦੀ ਹੈ ਜਿਸ ’ਚ ਉਸ ਪੰਜਾਬੀ ਲੇਖਕ ਦੀ ਖਿੱਲੀ ਉਡਾਈ ਗਈ ਹੈ ਜਿਸ ਨੇ ਆਪਣੀ ਕਿਤਾਬ ਹਿੰਦੀ ’ਚ ਅਨੁਵਾਦ ਕਰਵਾਈ ਸੀ। ‘ਰੋਡ ਰੇਜ’ ਵੇਲੇ ਭਦਰ-ਪੁਰਸ਼ ਦਿਸਦੇ ਵੱਡੀ ਉਮਰ ਵਾਲੇ ਵਿਅਕਤੀ ਦੇ ਮੂੰਹੋਂ ਵੀ ਗਾਲ੍ਹ ਨਿਕਲਦੀ ਦਿਖਾਈ ਗਈ ਹੈ ਜਿਸ ਦੇ ਗਲਮੇ ’ਚ ਇਕ ਨੌਜਵਾਨ ਹੱਥ ਪਾਉਂਦਾ ਹੈ। ਫਿਰ ਗੀਤ ਦਾ ਆਗਾਜ਼ ਹੁੰਦਾ ਹੈ, “ਗੱਲ ਸੁਣੋ ਪੰਜਾਬੀ ਦੋਸਤੋ/ਕੁਝ ਕਰ ਲੈਂਦੇ ਸੋਚ ਵਿਚਾਰ/ਬਿਨ ਸੋਚੇ ਕੱਢ ਲਈ/ਲਫ਼ਜ਼ਾਂ ਦੀ ਤੇਜ਼ ਕਟਾਰ।” ਉਹ ਤਰਕ ਦਿੰਦਾ ਹੈ ਕਿ ਜਦੋਂ ਉਸ ਦੇ ਸਾਈਂ/ਮਾਈਂ ਨੂੰ ਗਾਲ੍ਹ ਕੱਢੀ ਗਈ ਤਾਂ ਉਹ ਕਿਵੇਂ ਚੁੱਪ ਰਹਿ ਸਕਦਾ ਸੀ (ਫੜ ਫੋਟੋ ਮੇਰੇ ਸਾਈਂ ਦੀ/ਮਾਈਂ ਦੀ/ਕਰਦੇ ਦੁਰਵਿਵਹਾਰ/ਕੱਢਦੇ ਗਾਲ੍ਹਾਂ ਮਾਂ ਨੂੰ ਜੰਮਿਆਂ ਪੁੱਤ ਗ਼ਦਾਰ/ਮੈਨੂੰ ਕਿਉਂ ਨਾ ਗੁੱਸਾ ਆਂਵਦਾ/ਕਿਉਂ ਨਾ ਨਿਕਲਦੀ ਗਾਲ੍ਹ ?)। ਪੰਜਾਬੀ ਮਾਂ-ਬੋਲੀ ਨਾਲ ਅੰਤਾਂ ਦਾ ਪਿਆਰ ਕਰਨ ਵਾਲੇ ਤੇ ਬਾਕੀ ਬੋਲੀਆਂ ਦਾ ਸਤਿਕਾਰ ਕਰਨ ਵਾਲੇ ਬਾਕਮਾਲ ਗਾਇਕ ਦੇ ਮੂੰਹੋਂ ਅਜਿਹਾ ਤਰਕ ਹਜ਼ਮ ਨਹੀਂ ਹੁੰਦਾ।

11 ਸਤੰਬਰ

# ...ਪੀ ਪੀ ਹੋਇ ਖੁਆਰੁ

ਗੁਰੂ ਨਗਰੀ ਅੰਮ੍ਰਿਤਸਰ ਦੇ ਥਾਨਾ ਮਕਬੂਲਪੁਰਾ ਅਧੀਨ ਪੈਂਦੇ ਇਲਾਕੇ ਵਿਚ ਨਸ਼ੇ ਦਾ ਸੇਵਨ ਕਰਨ ਉਪਰੰਤ ਲੜਖੜਾਉਂਦੀ ਹੋਈ ਲਾਲ ਸੂਟ ਪਾਈ ਸੱਜ ਵਿਆਹੀ ਕੁੜੀ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਨਸਨੀ ਫੈਲ ਗਈ ਤਾਂ ਪ੍ਰਸ਼ਾਸਨ ਕੁੰਭਕਰਨੀ ਨੀਂਦ 'ਚੋਂ ਅੱਭੜਵਾਹੇ ਉੱਠਿਆ। ਇਸ ਤੋਂ ਬਾਅਦ ਤਰਨਤਾਰਨ ਦੇ ਸਕੂਲ ਨੇੜੇ ਨਸ਼ੇ ਵਿਚ ਧੁੱਤ ਔਰਤ ਬੇਹੋਸ਼ੀ ਦੀ ਹਾਲਤ ਵਿਚ ਮਿਲੀ। ਇਨ੍ਹਾਂ ਦੋਵਾਂ ਘਟਨਾਵਾਂ ਨੇ ਸੰਵੇਦਨਸ਼ੀਲ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਔਰਤਾਂ ਨੂੰ ਨਸ਼ੇ ਦੀ ਲਤ ਲੱਗਣੀ ਅਸਲੋਂ ਨਵਾਂ ਵਰਤਾਰਾ ਲੱਗ ਰਿਹਾ ਹੈ। ਇਸ ਤੋਂ ਪਹਿਲਾਂ 'ਉੜਤਾ ਪੰਜਾਬ' ਦੇ ਲਕਬ ਵਾਲੇ ਸਰਹੱਦੀ ਸੂਬੇ ਵਿਚ ਨਸ਼ਾ ਮਰਦਾਂ ਤਕ ਹੀ ਸੀਮਤ ਸਮਝਿਆ ਜਾਂਦਾ ਸੀ। ਲੋਕ ਪੁੱਛਦੇ ਹਨ ਕੀ ਇਹ ਉਹੀ ਪੰਜਾਬ ਹੈ ਜਿੱਥੇ ਲੋਕਾਂ ਨੂੰ ਨਾਮ ਦੀ ਖੁਮਾਰੀ ਦਿਨ-ਰਾਤ ਚੜ੍ਹੀ ਰਹਿੰਦੀ ਸੀ। ਮਕਬੂਲਪੁਰਾ ਦਰਅਸਲ ਅੰਮ੍ਰਿਤਸਰ-ਜਲੰਧਰ ਸ਼ਾਹ-ਮਾਰਗ 'ਤੇ ਹਾਸ਼ੀਆਗਤ ਲੋਕਾਂ ਦੀ ਬਸਤੀ ਹੈ। 'ਮਕਬੂਲ' ਅਰਬੀ ਮੂਲ ਦਾ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਕਬੂਲ ਕੀਤਾ ਹੋਇਆ, ਮਨਭਾਉਂਦਾ, ਮਨੋਹਰ, ਸੁਹਾਵਣਾ, ਸੁਖਦਾਈ ਅਤੇ ਮਹਿਬੂਬ ਆਦਿ ਹੈ। ਮਕਬੂਲ ਹੋਣਾ ਇਕ ਮੁਹਾਵਰਾ ਵੀ ਹੈ। ਇਸ ਦੇ ਉਲਟ ਮਕਬੂਲਪੁਰਾ ਨਸ਼ਿਆਂ ਦੇ ਬੇਤਹਾਸ਼ਾ ਸੇਵਨ ਕਾਰਨ ਬਦਨਾਮ ਹੋਇਆ ਪਿਆ ਹੈ। ਇਕ ਸਮਾਂ ਸੀ ਜਦੋਂ ਮਕਬੂਲਪੁਰਾ ਨੂੰ ਭਾਈ ਲਾਲੋਆਂ ਦੀ ਨਗਰੀ ਹੋਣ ਦਾ ਮਾਣ ਸੀ। ਇੱਥੋਂ ਦੇ ਬਾਸ਼ਿੰਦੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰ ਕੇ ਪ੍ਰਭੂ ਦੇ ਗੁਣ ਗਾਉਂਦੇ ਸਨ। ਸੱਚੀ-ਸੁੱਚੀ ਨੇਕ ਕਮਾਈ ਲਈ ਉਹ ਦਿਨ-ਰਾਤ ਗਾੜ੍ਹਾ ਪਸੀਨਾ ਵਹਾਉਂਦੇ। ਅਫ਼ਸੋਸ ! ਨਸ਼ੇ ਦੇ ਤਸਕਰਾਂ ਨੇ ਹੱਡ-ਭੰਨਵੀਂ ਮਿਹਨਤ 'ਤੇ ਡਾਕਾ ਮਾਰਨਾ ਸ਼ੁਰੂ ਕੀਤਾ ਤੇ 'ਮਕਬੂਲ' ਦਾ ਅਰਥ 'ਬਦਨਾਮ' ਹੋ ਗਿਆ। ਮਕਬੂਲਪੁਰਾ ਵਿਚ ਆਏ ਦਿਨ ਮਾਵਾਂ ਦੇ ਕਮਾਊ ਪੁੱਤਰ ਨਸ਼ਿਆਂ ਦੀ ਭੇਟ ਚੜ੍ਹਦੇ ਰਹੇ ਪਰ ਪ੍ਰਸ਼ਾਸਨ ਘੂਕ ਸੁੱਤਾ ਰਿਹਾ। ਵੀਹਵੀਂ ਸਦੀ ਦੇ ਆਖ਼ਰੀ ਸਾਲ ਛਪੀ ਰਿਪੋਰਟ 'ਵਿਧਵਾਵਾਂ ਦੀ ਬਸਤੀ ਮਕਬੂਲਪੁਰਾ' ਨੇ ਪਾਠਕਾਂ ਨੂੰ ਹਲੂਣ ਕੇ ਰੱਖ ਦਿੱਤਾ ਸੀ। ਸੰਨ 1999 ਵਿਚ ਛਪੀ ਅਖ਼ਬਾਰ ਦੇ ਪਹਿਲੇ ਪੰਨੇ ਦੀ ਖ਼ਬਰ ਅਨੁਸਾਰ ਨਸ਼ਿਆਂ ਨੇ ਤਿੰਨ ਸਾਲਾਂ ਵਿਚ ਘੱਟੋ-ਘੱਟ ਤੀਹ ਲੋਕਾਂ ਦੀ ਜਾਨ ਲੈ ਲਈ ਸੀ। ਖ਼ਬਰ ਛਪਣ ਤੋਂ ਬਾਅਦ ਸਮਾਜ ਸੇਵੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਮਕਬੂਲਪੁਰਾ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਸ਼ਾਇਦ ਹੀ ਕੋਈ ਅਜਿਹਾ ਅਖ਼ਬਾਰ, ਮੈਗਜ਼ੀਨ ਜਾਂ ਇਲੈਕਟ੍ਰਾਨਿਕ ਚੈਨਲ ਹੋਵੇ ਜਿਸ ਨੇ ਮਕਬੂਲਪੁਰਾ ਦੀ ਤ੍ਰਾਸਦੀ ਨੂੰ ਆਪਣੀ ਸੁਰਖੀ ਨਾ ਬਣਾਇਆ ਹੋਵੇ। ਖ਼ਬਰਾਂ ਨਸ਼ਰ ਹੋਣ ਤੋਂ ਬਾਅਦ ਮਕਬੂਲਪੁਰਾ ਨੂੰ ਕੈਨੇਡਾ, ਅਮਰੀਕਾ, ਬਰਤਾਨੀਆ ਸਣੇ

ਕਈ ਦੇਸ਼ਾਂ ਤੋਂ ਆਰਥਿਕ ਇਮਦਾਦ ਆਈ। ਵਿਧਵਾਵਾਂ ਦੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਅਤੇ ਖਾਣਾ ਦੇਣ ਲਈ ਵੱਡਾ ਸਕੂਲ ਉਸਰ ਆਇਆ। ਵੱਡਾ ਵੋਟ ਬੈਂਕ ਬਟੋਰਨ ਲਈ ਹਰ ਸਿਆਸੀ ਜਮਾਤ ਨੇ ਮਕਬੂਲਪੁਰਾ ਤੋਂ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਚੋਣਾਂ ਵੇਲੇ ਮਕਬੂਲਪੁਰਾ ਸਿਆਸੀ ਗਹਿਮਾ-ਗਹਿਮੀ ਦਾ ਕੇਂਦਰ ਬਣ ਜਾਂਦਾ। ਉੱਥੋਂ ਦੀ ਲਾਚਾਰ ਇਕ ਮਾਈ ਨਾਮ੍ਹੋਂ ਦੇ ਖੋਲਾ-ਨੁਮਾ ਘਰ ਦੇ ਦਰਵਾਜ਼ੇ 'ਤੇ ਦਸਤਕ ਦੇਣਾ ਕੋਈ ਨਾ ਭੁੱਲਦਾ। ਇੰਟਰਵਿਊ ਵੇਲੇ ਮਾਈ ਨਾਮ੍ਹੋਂ ਦਾ ਦਰਦ ਛਲਕਦਾ ਤਾਂ ਅੱਖਾਂ 'ਚੋਂ ਆਪ-ਮੁਹਾਰੇ ਨੀਰ ਵਹਿ ਤੁਰਦਾ। ਨਸ਼ਿਆਂ ਨੇ ਉਸ ਕੋਲੋਂ ਪਤੀ ਅਤੇ ਇਕ-ਇਕ ਕਰ ਕੇ ਨੌਂ ਪੁੱਤਰ ਖੋਹ ਲਏ ਸਨ। ਉਹ ਆਪਣੇ ਕਈ ਪੁੱਤਾਂ ਦੇ ਨਾਮ ਲੈਣਾ ਵੀ ਭੁੱਲ ਜਾਂਦੀ। ਮਾਈ ਨਾਮ੍ਹੋਂ ਵਾਂਗ ਕਈ ਹੋਰ ਔਰਤਾਂ ਸਨ ਜਿਨ੍ਹਾਂ ਲਈ ਚਿੱਟਾ ਦੁਪੱਟਾ ਉਨ੍ਹਾਂ ਦਾ ਨਸੀਬ ਬਣ ਚੁੱਕਾ ਸੀ। ਤੇਈ ਸਾਲਾਂ ਬਾਅਦ ਇਸੇ ਬਸਤੀ ਦੀ ਇਕ ਵਿਹਾਂਦੜ ਵੱਲੋਂ ਨਸ਼ੇ ਦਾ ਸੇਵਨ ਕਰਨ ਵਾਲੀ ਵੀਡੀਓ ਨੇ ਤਾਂ ਕਾਲਜੇ ਦਾ ਰੁੱਗ ਭਰ ਲਿਆ ਹੈ। ਪ੍ਰਸ਼ਾਸਨ ਦੀ ਅਣਦੇਖੀ ਕਾਰਨ ਮਕਬੂਲਪੁਰੇ ਦੀ ਇਕ ਪੀੜ੍ਹੀ ਨੇ ਵੱਡਾ ਸੰਤਾਪ ਭੋਗਿਆ ਹੈ। ਦੂਜੀ ਪੀੜ੍ਹੀ ਦੀ ਇਕ ਵਿਆਹੁਤਾ ਵੱਲੋਂ ਨਸ਼ੇ ਦਾ ਸੇਵਨ ਕਰਨ ਵਾਲੀ ਵੀਡੀਓ ਦਾ ਨਸ਼ਰ ਹੋਣਾ ਹੋਰ ਵੀ ਗੰਭੀਰ ਮਸਲਾ ਹੈ। ਮਕਬੂਲਪੁਰਾ ਨੇ ਕਈ ਅਫ਼ਸਰ ਵੀ ਪੈਦਾ ਕੀਤੇ ਹਨ ਜੋ ਇਸ ਨੂੰ ਅਲਵਿਦਾ ਕਹਿ ਕੇ ਆਲੀਸ਼ਾਨ ਕਾਲੋਨੀਆਂ ਦੇ ਵਸਨੀਕ ਬਣ ਚੁੱਕੇ ਹਨ। ਉੱਚ ਅਹੁਦਿਆਂ 'ਤੇ ਬੈਠੇ ਇਸ ਦੇ ਜਾਏ ਮੁੜ ਕੇ ਪਿੱਛੇ ਨਹੀਂ ਵੇਖਣਾ ਚਾਹੁੰਦੇ। ਮਕਬੂਲਪੁਰੇ ਨੂੰ 'ਵਿਧਵਾਵਾਂ ਦੀ ਬਸਤੀ' ਲਿਖਣ 'ਤੇ ਇੱਥੋਂ ਦੇ ਕਈ ਪਾੜ੍ਹਿਆਂ ਨੇ ਮੀਡੀਆ ਨੂੰ ਕਾਨੂੰਨੀ ਨੋਟਿਸ ਦੇਣ ਦੀ ਵੀ ਧਮਕੀ ਦਿੱਤੀ ਸੀ। ਉਨ੍ਹਾਂ ਦਾ ਤਰਕ ਸੀ ਕਿ ਅਜਿਹਾ ਲਕਬ ਮਿਲਣ ਤੋਂ ਬਾਅਦ ਉਨ੍ਹਾਂ ਦੀ ਬਸਤੀ ਬਦਨਾਮ ਹੁੰਦੀ ਹੈ। ਨਸ਼ੇ ਦੀ ਹਾਲਤ ਵਿਚ ਸੂਹਾ ਸੂਟ ਪਾਈ ਔਰਤ ਦੇ ਡਗਮਗਾ ਰਹੇ ਕਦਮ ਇਸ ਬਸਤੀ ਦੀ ਅਤਿਅੰਤ ਦੁਖਦਾਈ ਕਹਾਣੀ ਬਿਆਨ ਕਰ ਰਹੇ ਹਨ। ਵੀਡੀਓ ਬਣਾਉਣ ਵਾਲਾ ਸ਼ਖ਼ਸ ਕਹਿੰਦਾ ਹੈ ਕਿ ਮਕਬੂਲਪੁਰਾ ਅਤੇ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਬਸਤੀਆਂ ਵਿਚ ਸ਼ਰੇਆਮ ਨਸ਼ਾ ਵਿਕ ਰਿਹਾ ਹੈ। ਪੁਲਿਸ ਹਰਕਤ ਵਿਚ ਆਉਂਦੀ ਹੈ। ਨਿੱਕੀਆਂ-ਨਿੱਕੀਆਂ ਡੱਡ-ਮੱਛੀਆਂ ਜ਼ਰੂਰ ਫਸਦੀਆਂ ਹਨ, ਮਗਰਮੱਛ ਜਾਲ ਵਿਚ ਫਿਰ ਵੀ ਨਹੀਂ ਫਸਦੇ। ਇਸ ਤੋਂ ਵੀ ਦੁਖਦਾਈ ਗੱਲ ਇਹ ਹੈ ਕਿ ਨਸ਼ੇ ਦੇ ਤਸਕਰਾਂ ਨੇ ਔਰਤਾਂ ਨੂੰ ਵੀ ਚਿੱਟੇ ਦੀਆਂ ਪੁੜੀਆਂ ਵੇਚਣ 'ਤੇ ਲਾ ਲਿਆ ਹੈ। ਇਸ ਗੱਲ ਦਾ ਖ਼ੁਲਾਸਾ ਇਕ ਹੋਰ ਵਾਇਰਲ ਹੋਈ ਵੀਡੀਓ ਵਿਚ ਹੋਇਆ ਹੈ। ਇਸ ਵੀਡੀਓ ਵਿਚ ਦੋ ਨੌਜਵਾਨ ਲੜਕੀਆਂ ਰਿਕਸ਼ੇ ਵਿਚ ਨਸ਼ੀਲੇ ਪਦਾਰਥ ਲੈ ਕੇ ਜਾਂਦੀਆਂ ਦਿਖਾਈ ਦਿੰਦੀਆਂ ਹਨ। ਪੁੱਛਣ 'ਤੇ ਉਹ ਦੱਸਦੀਆਂ ਹਨ ਕਿ ਇਨ੍ਹਾਂ ਬਸਤੀਆਂ ਵਿਚ ਨਸ਼ਾ ਆਮ ਮਿਲ ਜਾਂਦਾ ਹੈ ਜਿਸ ਨੂੰ ਖ਼ਰੀਦਣ ਲਈ ਨਸ਼ੇੜੀ ਦੂਰ-ਦੂਰ ਤੋਂ ਆਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਕੁਝ ਸਾਲ ਪਹਿਲਾਂ ਨਸ਼ੇ ਦੀ ਲਤ ਲੱਗ ਗਈ ਸੀ ਤੇ ਫਿਰ ਉਹ ਖ਼ੁਦ ਨਸ਼ੇ ਦੀਆਂ ਪੁੜੀਆਂ ਵੇਚਣ ਲੱਗ ਪਈਆਂ। ਨਸ਼ਾ ਸੱਚਮੁੱਚ ਹੀ ਪੰਜਾਬ ਨੂੰ ਘੁਣ ਵਾਂਗ ਖੋਖਲਾ ਕਰ ਰਿਹਾ ਹੈ। ਚੋਣਾਂ ਵੇਲੇ ਨੇਤਾ ਲੋਕ ਨਸ਼ਿਆਂ ਦੇ ਕੋਹੜ ਨੂੰ ਵੱਢਣ ਲਈ ਵੱਡੇ-ਵੱਡੇ ਵਾਅਦੇ ਕਰਦੇ ਰਹੇ ਹਨ। 'ਗੁਟਕਾ

ਸਾਹਿਬ' ਹੱਥ ਵਿਚ ਫੜ ਕੇ ਵੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਸਹੁੰਆਂ ਖਾਧੀਆਂ ਗਈਆਂ। ਜਿਹੜਾ ਪੰਜਾਬੀ ਦਰਿਆਵਾਂ ਦਾ ਤਾਰੂ ਸੀ, ਉਹ ਅੱਜ ਦਾਰੂ ਦੀ ਗਲਾਸੀ ਵਿਚ ਡੁੱਬ ਕੇ ਮਰ ਰਿਹਾ ਹੈ। ਇਹ ਅੰਧਕਾਰ ਯੁੱਗ ਵੱਲ ਵਾਪਸੀ ਨਹੀਂ ਤਾਂ ਹੋਰ ਕੀ ਹੈ ? ਮੁੱਢ-ਕਦੀਮ ਤੋਂ ਜਿਸ ਧਰਤੀ 'ਤੇ ਕੁਦਰਤੀ ਨਜ਼ਾਰੇ ਮਨ ਨੂੰ ਹੁਲਾਸ ਦਿੰਦੇ ਸਨ, ਅੱਜ ਉੱਥੇ ਦੁੱਖਾਂ ਦੇ ਝੱਖੜ ਦੇ ਵਾਵਰੋਲੇ ਉੱਠ ਰਹੇ ਹਨ। ਘਰਾਂ ਵਿਚ ਸੱਥਰ ਵਿਛ ਰਹੇ ਹਨ। ਚੁੱਲ੍ਹਿਆਂ 'ਤੇ ਘਾਹ ਉੱਗ ਰਿਹਾ ਹੈ। ਛੈਲ-ਛਬੀਲੇ ਪੰਜਾਬੀਆਂ ਦੇ ਸ਼ਮ੍ਹਲੇ ਡਿੱਗ ਰਹੇ ਹਨ। ਪੰਜਾਬ ਨੂੰ ਕਿਸੇ ਹੋਰ ਦੀ ਨਜ਼ਰ ਨਹੀਂ ਲੱਗੀ, ਸਗੋਂ ਅਸੀਂ ਖ਼ੁਦ ਇਸ ਦੀ ਬਰਬਾਦੀ ਦਾ ਫ਼ਾਤਿਆ ਪੜ੍ਹ ਰਹੇ ਹਾਂ। ਭਾਈ ਮਰਦਾਨਾ ਜੀ ਦਾ ਸ਼ਬਦ ਆਤਮਸਾਤ ਕਰੋ : "ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।"

18 ਸਤੰਬਰ

# ਚਾਬੀਆਂ ਖੁੱਸਣ ਦਾ ਮਲਾਲ

ਲਾਸਾਨੀ ਕੁਰਬਾਨੀਆਂ ਤੋਂ ਬਾਅਦ 1925 ਵਿਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਕ ਸਮੇਂ ਪਾਕਪਟਨ ਤੋਂ ਲੇ ਕੇ ਦਿੱਲੀ ਤਕ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸੀ। ਸਿੱਖਾਂ ਦੀ 'ਮਿੰਨੀ ਪਾਰਲੀਮੈਂਟ' ਵਜੋਂ ਜਾਣੀ ਜਾਂਦੀ ਇਸ ਕਮੇਟੀ ਦਾ ਦਾਇਰਾ ਲਗਾਤਾਰ ਸੁੰਗੜਦਾ ਰਿਹਾ, ਜੋ ਬੇਹੱਦ ਚਿੰਤਾ ਤੇ ਚਿੰਤਨ ਦਾ ਵਿਸ਼ਾ ਬਣਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਨੂੰ ਪਹਿਲਾ ਵੱਡਾ ਝਟਕਾ ਦੇਸ਼ ਦੀ ਵੰਡ ਨਾਲ ਹੋਇਆ, ਜਿਸ ਕਰਕੇ ਲਗਪਗ ਡੇਢ ਸੌ ਗੁਰਧਾਮ ਪੰਥ ਕੋਲੋਂ ਵਿੱਛੜ ਗਏ ਸਨ। ਇਨ੍ਹਾਂ ਇਤਿਹਾਸਕ ਗੁਰਦੁਆਰਿਆਂ 'ਚ ਨਨਕਾਣਾ ਸਾਹਿਬ ਵੀ ਸ਼ਾਮਲ ਹੈ, ਜੋ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੇ ਪਿੱਠੂ ਚਰਿਤ੍ਰਹੀਣ ਮਹੰਤਾਂ ਤੋਂ ਜਨਮ ਅਸਥਾਨ ਨੂੰ ਆਜ਼ਾਦ ਕਰਵਾਉਣ ਲਈ ਪੰਥ ਨੂੰ ਮਹਾਨ ਕੁਰਬਾਨੀਆਂ ਦੇਣੀਆਂ ਪਈਆਂ ਸਨ। ਅੰਗਰੇਜ਼ ਸਾਮਰਾਜ ਦੀਆਂ ਨੀਂਹਾਂ ਨੂੰ ਹਲੂਣਾ ਦੇਣ ਲਈ ਅਕਾਲੀ ਸੂਰਬੀਰਾਂ ਨੇ ਸਿਰਾਂ 'ਤੇ ਕੱਫਨ ਬੰਨ੍ਹੇ ਹੋਏ ਸਨ। ਦੂਜਾ ਝਟਕਾ ਸੁਪਰੀਮ ਕੋਰਟ ਵੱਲੋਂ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਨੂੰ ਬਰਕਰਾਰ ਰੱਖਣ ਦਾ ਫ਼ੈਸਲਾ ਹੈ। ਇਸ ਫ਼ੈਸਲੇ ਨਾਲ ਹਰਿਆਣਾ ਦੇ 58 ਇਤਿਹਾਸਕ ਗੁਰਧਾਮ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠੋਂ ਨਿਕਲ ਜਾਣਗੇ। ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ 'ਚੋਂ ਬਾਹਰ ਹੈ। ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨਾ ਆਪਣੇ ਆਪ 'ਚ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ। ਵੱਧ ਅਧਿਕਾਰ ਮੰਗਣ ਵਾਲੇ ਅਕਾਲੀਆਂ ਦਾ ਹਾਲ ਸ਼ਾਹ ਮੁਹੰਮਦ ਦੇ ਬੈਂਤ ਵਰਗਾ ਹੈ-"ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ/ਬੇੜੇ ਤੋਪਾਂ ਦੇ ਸਭ ਖੁਹਾਇ ਆਏ। ਸ਼ਾਹ ਮੁਹੰਮਦਾ ਕਹਿੰਦੇ ਨੇ ਸਿੰਘ ਜੀ/ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।" ਸਿੱਖਾਂ ਦੇ ਪੰਜ ਤਖ਼ਤਾਂ 'ਚੋਂ ਦੋ ਤਖ਼ਤ, ਅਬਚਲਨਗਰ ਹਜ਼ੂਰ ਸਾਹਿਬ (ਨਾਂਦੇੜ) ਅਤੇ ਪਟਨਾ ਸਾਹਿਬ ਲਈ ਵੀ ਵੱਖਰੀਆਂ ਪ੍ਰਬੰਧਕ ਕਮੇਟੀਆਂ ਹਨ। ਇਸੇ ਲਈ ਪੰਜਾਬ ਤੋਂ ਬਾਹਰਲੇ ਦੋਵਾਂ ਤਖ਼ਤਾਂ ਦੀਆਂ ਰਹੁ-ਰੀਤਾਂ ਅਕਾਲ ਤਖ਼ਤ ਦੀ ਮਰਿਆਦਾ ਤੋਂ ਕੁਝ ਵੱਖਰੀਆਂ ਹਨ। ਦੇਸ਼ ਦੇ ਤਮਾਮ ਇਤਿਹਾਸਕ ਗੁਰਦੁਆਰਿਆਂ ਅਤੇ ਪੰਜਾਂ ਤਖ਼ਤਾਂ ਦੀ ਮਰਿਆਦਾ ਨੂੰ ਇਕਸਾਰ ਕਰਨ ਲਈ ਹੀ ਕੁੱਲ-ਹਿੰਦ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਉੱਠਦੀ ਰਹੀ ਹੈ। ਸ਼ਤਾਬਦੀ ਹੰਢਾ ਚੁੱਕੇ ਸ਼੍ਰੋਮਣੀ ਅਕਾਲੀ ਦਲ ਲਈ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ ਮਿਲਣੀ ਸਦਮੇ ਤੋਂ ਘੱਟ ਨਹੀਂ ਹੈ। ਸ਼੍ਰੋਮਣੀ ਕਮੇਟੀ ਦਰਅਸਲ

ਅਕਾਲੀ ਦਲ ਵੱਲੋਂ ਆਰੰਭ ਕੀਤੀ ਗਈ ਗੁਰਦੁਆਰਾ ਸੁਧਾਰ ਮੁਹਿੰਮ ਦਾ ਹੀ ਹਾਸਲ ਸੀ। ਅੰਗਰੇਜ਼ੀ ਸਾਮਰਾਜ ਵੇਲੇ 'ਕੁੰਜੀਆਂ' ਦਾ ਮੋਰਚਾ ਜਿੱਤਣ ਵਾਲੀ ਜਮਾਤ ਕੋਲੋਂ 58 ਗੁਰਧਾਮਾਂ ਦੀਆਂ ਕੁੰਜੀਆਂ ਖੋਹ ਲਈਆਂ ਜਾਣ, ਇਸ ਤੋਂ ਵੱਧ ਨਮੋਸ਼ੀ ਵਾਲੀ ਗੱਲ ਕਿਹੜੀ ਹੋ ਸਕਦੀ ਹੈ। ਵੈਸੇ ਵੀ ਅਕਾਲੀ ਦਲ ਦੀ ਸ਼ਤਾਬਦੀ ਮਨਾਉਣ ਵੇਲੇ ਅਕਾਲੀ ਦਲ ਨੂੰ ਵੱਡਾ ਖੋਰਾ ਲੱਗ ਚੁੱਕਾ ਸੀ। ਸ਼ਤਾਬਦੀ ਮਨਾਉਣ ਵੇਲੇ ਅਕਾਲੀ ਦਲ ਦੇ ਰਹਿਬਰ 'ਢਹਿੰਦੀ ਕਲਾ' 'ਚ ਜਾ ਰਹੀ ਧਾਰਮਿਕ ਤੇ ਰਾਜਨੀਤਕ ਜਮਾਤ ਦੇ ਕਾਰਨਾਂ ਨੂੰ ਲੱਭਣ ਲਈ ਆਤਮ-ਮੰਥਨ ਕਰਦੇ ਤਾਂ ਅੱਜ ਵਾਲੀ ਸਥਿਤੀ ਪੈਦਾ ਹੀ ਨਾ ਹੁੰਦੀ। ਬ੍ਰਿਟਿਸ਼ ਰਾਜ ਵੇਲੇ ਸਦਾ ਚੜ੍ਹਦੀ ਕਲਾ 'ਚ ਰਹਿਣ ਵਾਲੇ ਅਕਾਲੀ ਨੇਤਾਵਾਂ ਨੇ ਘੋਰ ਤਸ਼ੱਦਦ ਸਹਿ ਕੇ ਪੰਥ ਦਾ ਝੰਡਾ ਉੱਚਾ ਰੱਖਿਆ ਸੀ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਪੰਥ ਵਿਚ ਘੋਰ ਨਿਰਾਸ਼ਾ ਛਾਈ ਹੋਈ ਸੀ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਢਹਿੰਦੀਆਂ ਕਲਾਂ 'ਚ ਜਾ ਰਹੀ ਕੌਮ 'ਚ ਨਵੀਂ ਰੂਹ ਫੂਕੀ ਗਈ ਸੀ। ਦੋ ਨਿੱਕੇ ਸਾਹਿਬਜ਼ਾਦਿਆਂ ਨੇ ਜ਼ਾਲਮ ਮੁਗ਼ਲਾਂ ਅੱਗੇ ਸੀਸ ਨਿਵਾਉਣ ਦੀ ਬਜਾਏ ਨੀਂਹਾਂ 'ਚ ਚਿਣੇ ਜਾਣ ਨੂੰ ਤਰਜੀਹ ਦਿੱਤੀ ਸੀ। ਨੀਂਹਾਂ 'ਚ ਚਿਣੀਆਂ ਗਈਆਂ ਨਿੱਕੀਆਂ ਜਿੰਦਾਂ ਦੀ ਇਸ ਮਹਾਨ ਕੁਰਬਾਨੀ ਨੇ ਸਿੱਖ ਕੌਮ ਦੀਆਂ ਨੀਂਹਾਂ ਪੱਕੀਆਂ ਕੀਤੀਆਂ ਸਨ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਨਾਲ ਕਈ ਸਿੰਘਾਂ ਨੂੰ ਦਿੱਲੀ 'ਚ ਸ਼ਹੀਦ ਕਰਨ ਤੋਂ ਬਾਅਦ ਸਿੱਖਾਂ ਨੇ ਜੰਗਲ ਮੱਲ ਲਏ ਸਨ। ਇਹੀ ਕਾਰਨ ਸੀ ਕਿ ਗੁਰਧਾਮਾਂ ਦਾ ਪ੍ਰਬੰਧ ਉਦਾਸੀ ਅਤੇ ਨਿਰਮਲੇ ਸੰਤਾਂ/ਮਹੰਤਾਂ ਦੇ ਹੱਥ ਆ ਗਿਆ। ਆਰੰਭ ਵਿਚ ਉਨ੍ਹਾਂ ਨੇ ਸੁਚਾਰੂ ਢੰਗ ਨਾਲ ਪ੍ਰਬੰਧ ਚਲਾਇਆ। ਸਮੇਂ ਦੇ ਨਾਲ ਉਹ ਅੰਗਰੇਜ਼ਾਂ ਦੇ ਪਿੱਠੂ ਬਣ ਗਏ। ਅਕਾਲ ਤਖ਼ਤ ਸਣੇ ਕਈ ਗੁਰਧਾਮਾਂ ਦੇ ਸਰਬਰਾਹ ਵੀ ਅੰਗਰੇਜ਼ਾਂ ਵੱਲੋਂ ਥਾਪੇ ਜਾਣ ਲੱਗੇ। ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਕਾਂਡ ਦੇ ਖਲਨਾਇਕ ਜਨਰਲ ਡਾਇਰ ਨੂੰ ਮਹੰਤ ਅਰੂੜ ਸਿੰਘ (ਸਰਬਰਾਹ ਅਕਾਲ ਤਖ਼ਤ) ਵੱਲੋਂ ਸਿਰੋਪਾਓ ਬਖ਼ਸ਼ਿਸ਼ ਕਰਨ ਤੋਂ ਬਾਅਦ ਪੰਥ ਦਰਦੀਆਂ ਦੇ ਹਿਰਦੇ ਵਲੂੰਧਰੇ ਗਏ ਸਨ। ਉੱਨੀਵੀਂ ਸਦੀ ਦਾ ਅਖ਼ੀਰ ਤੇ ਵੀਹਵੀਂ ਸਦੀ ਦਾ ਆਰੰਭ ਸਿੱਖ ਦੀ ਪੁਨਰ-ਜਾਗ੍ਰਤੀ ਦਾ ਦੌਰ ਸੀ। ਜੱਲ੍ਹਿਆਂਵਾਲਾ ਬਾਗ਼ ਖ਼ੂਨੀ ਕਾਂਡ ਨੇ ਆਜ਼ਾਦੀ ਦੀ ਲਹਿਰ ਨੂੰ ਹੋਰ ਪ੍ਰਚੰਡ ਕਰ ਦਿੱਤਾ। ਸੰਨ 1920 'ਚ ਅਕਾਲੀ ਦਲ ਹੋਂਦ ਵਿਚ ਆਇਆ, ਜਿਸ ਨੇ ਦੇਸ਼ ਅਤੇ ਕੌਮ ਖ਼ਾਤਰ ਲੰਬੀ ਜੰਗ ਵਿੱਢੀ। ਅਕਾਲੀ ਲਹਿਰ ਦੀ ਬਦੌਲਤ 1925 ਵਿਚ ਗੁਰਦੁਆਰਾ ਐਕਟ ਬਣਿਆ, ਜਿਸ ਦੇ ਪ੍ਰਬੰਧ ਹੇਠ ਸਾਰੇ ਇਤਿਹਾਸਕ ਗੁਰਦੁਆਰੇ ਆ ਗਏ। ਹੁਣ ਉਲਟੀ ਗੰਗਾ ਵਹਿੰਦੀ ਨਜ਼ਰ ਆ ਰਹੀ ਹੈ। ਵੱਖਰੀਆਂ ਗੁਰਦੁਆਰਾ ਕਮੇਟੀਆਂ ਦੇ ਗਠਨ ਤੋਂ ਬਾਅਦ ਮਰਿਆਦਾ ਦੀ ਇਕਸਾਰਤਾ ਦਾ ਮਸਲਾ ਸੁਲਝਣ ਦੀ ਬਜਾਏ ਹੋਰ ਉਲਝ ਸਕਦਾ ਹੈ। ਹਰਿਆਣਾ ਦੀ ਵੱਖਰੀ ਕਮੇਟੀ ਬਣਨ ਦੇ ਕਾਰਨਾ ਦੀ ਪੁਣਛਾਣ ਕਰਨੀ ਜ਼ਰੂਰੀ ਹੈ। ਅਜਿਹੀ ਨੌਬਤ ਕਿਉਂ ਆਈ ? ਇਸ ਲਈ ਮੁੱਖ ਤੌਰ 'ਤੇ ਕੌਣ ਜ਼ਿੰਮੇਵਾਰ ਹੈ, ਇਸ ਦੇ ਕਾਰਨਾਂ ਨੂੰ ਵੀ ਘੋਖਣਾ ਬਣਦਾ ਹੈ। ਹਰਿਆਣਾ ਕਮੇਟੀ ਦੀ ਵਕਾਲਤ ਕਰਨ ਵਾਲੇ ਇਸ ਨੂੰ ਇਤਿਹਾਸਕ ਦੱਸ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਦੀ ਜੂਨ 1984 ਦੇ

ਫ਼ੌਜੀ ਐਕਸ਼ਨ ਨਾਲ ਤੁਲਨਾ ਕੀਤੀ ਹੈ। ਆਮ ਸਿੱਖ ਸੰਗਤ ਕੌਮ ਦੀ ਪਾਟੋਧਾੜ ਨੂੰ ਮੰਦਭਾਗਾ ਕਹਿ ਰਹੀ ਹੈ ਜਿਸ ਕਾਰਨ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਸੁੰਗੜ ਕੇ ਰਹਿ ਗਿਆ ਹੈ। ਕਈਆਂ ਨੂੰ ਪੁਰਾਣਾ ਦੌਰ ਯਾਦ ਆ ਰਿਹਾ ਹੈ ਜਦੋਂ ਕੌਮ ਕਬਾਇਲੀ ਦੌਰ 'ਚੋਂ ਨਿਕਲ ਰਹੀ ਸੀ। ਪੰਥ-ਪ੍ਰਸਤ ਹੋਣ ਦੇ ਬਾਵਜੂਦ ਸਿੱਖ ਕਈ ਧੜਿਆਂ 'ਚ ਤਕਸੀਮ ਸਨ। ਮਹਾਰਾਜਾ ਰਣਜੀਤ ਸਿੰਘ ਦੇ 1839 'ਚ ਅੱਖਾਂ ਮੀਟਣ ਤੋਂ ਬਾਅਦ ਖ਼ਾਨਾਜੰਗੀ ਸ਼ੁਰੂ ਹੋ ਗਈ ਸੀ। ਬੁਰਛਾਗਰਦੀ ਨੇ ਵੱਡੇ-ਵੱਡੇ ਸਿੱਖ ਸਰਦਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਬਾਰਾਂ ਮਿਸਲਾਂ 'ਚ ਵੰਡੀ ਹੋਈ ਸਿੱਖ ਸ਼ਕਤੀ ਨੂੰ ਇਕੱਠਾ ਕਰ ਕੇ ਸਥਾਪਿਤ ਹੋਇਆ ਸਿੱਖ ਰਾਜ ਮਹਾਬਲੀ ਮਹਾਰਾਜੇ ਦੀ ਮੌਤ ਤੋਂ ਦਸ ਸਾਲਾਂ ਦੇ ਅੰਦਰ-ਅੰਦਰ ਖ਼ਤਮ ਹੋ ਕੇ ਬ੍ਰਿਟਿਸ਼ ਰਾਜ ਦਾ ਹਿੱਸਾ ਬਣ ਗਿਆ ਸੀ। ਪੰਜਾਬ-ਪ੍ਰਸਤ ਕਵੀ ਸ਼ਾਹ ਮੁਹੰਮਦ ਉਸ ਸਮੇਂ ਦੀ ਬੁਰਛਾਗਰਦੀ ਨੂੰ ਕਲਮਬੱਧ ਕਰਦਾ ਲਿਖਦਾ ਹੈ, 'ਜੇਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ/ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।' ਗੋਰਿਆਂ ਨੂੰ ਦਰਅਸਲ ਸਿੱਖ ਕੌਮ ਨੇ ਹੀ ਵੱਡੀ ਚੁਣੌਤੀ ਦਿੱਤੀ ਸੀ ਜਿਸ ਕਰਕੇ ਉਹ ਮਹਾਰਾਜਾ ਰਣਜੀਤ ਸਿੰਘ ਦੇ ਜਿਊਂਦੇ ਜੀਅ ਪੰਜਾਬ 'ਤੇ ਕਾਬਜ਼ ਹੋਣ ਦਾ ਹੀਆ ਨਾ ਕਰ ਸਕੇ। ਮਹਾਰਾਜੇ ਦੀ ਮੌਤ ਤੋਂ ਬਾਅਦ ਵੱਡੇ ਤਰੱਦਦਾਂ ਨਾਲ ਇਕੱਠੀ ਕੀਤੀ ਗਈ ਸ਼ਕਤੀ ਖੇਰੂੰ-ਖੇਰੂੰ ਹੋ ਗਈ ਤਾਂ ਅੰਗਰੇਜ਼ਾਂ ਦੇ ਹੌਸਲੇ ਬੁਲੰਦ ਹੋ ਗਏ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਆਪਸ ਵਿਚ ਖੰਡਾ ਖੜਕਦਾ ਹੈ ਤਾਂ ਇਸ ਦਾ ਲਾਹਾ ਕੋਈ ਤੀਜੀ ਧਿਰ ਜ਼ਰੂਰ ਲੈ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਲੰਬਾ ਸਮਾਂ ਪ੍ਰਧਾਨ ਰਹੇ ਗੁਰਚਰਨ ਸਿੰਘ ਟੌਹੜਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਮੀਕਰਨ ਵਿਗੜ ਗਏ ਤਾਂ ਪੰਥ ਦੋ ਗੁੱਟਾਂ 'ਚ ਵੰਡਿਆ ਗਿਆ ਸੀ। ਖ਼ਾਲਸਾ ਪੰਥ ਦੀ ਤ੍ਰੈਸ਼ਤਾਬਦੀ ਵੇਲੇ ਜਥੇਦਾਰਾਂ ਨੂੰ ਅਹੁਦਿਆਂ ਤੋਂ ਲਾਹੁਣ ਤੇ ਨਵਿਆਂ ਦੀ ਤਾਜਪੋਸ਼ੀ ਨੇ ਸਿੱਖ ਪੰਥ ਦੀ ਹਾਸੋਹੀਣੀ ਸਥਿਤੀ ਬਣਾ ਦਿੱਤੀ ਸੀ। ਸਾਡੇ ਆਪਣਿਆਂ ਨੇ ਹੀ ਗਵਾਂਢੀ ਮੁਲਕ ਨੂੰ ਤੂਲ ਦੇ ਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਵਾਇਆ ਸੀ। ਨਵੀਂ ਸਦੀ 'ਚ ਨਵੀਆਂ ਪਿਰਤਾਂ ਵੀ ਖਾਨਾਜੰਗੀ ਦਾ ਹਾਸਲ ਹਨ। ਨਹੀਂ ਤਾਂ ਮੁਤਵਾਜ਼ੀ ਜਥੇਦਾਰਾਂ ਬਾਰੇ ਕਿਸੇ ਨੇ ਤਸੱਵਰ ਵੀ ਨਹੀਂ ਸੀ ਕੀਤਾ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਅਜੋਕੀ ਸਥਿਤੀ ਵੀ ਖਾਨਾਜੰਗੀ ਦਾ ਹੀ ਨਤੀਜਾ ਹੈ। ਹਾਂ, ਅਕਾਲ ਤਖ਼ਤ ਜ਼ਰੂਰ ਸਮੁੱਚੇ ਪੰਥ ਦੀ ਸਿਰਮੌਰ ਸੰਸਥਾ ਰਹੇਗਾ ਪਰ ਇਸ ਦੇ ਜਥੇਦਾਰ ਦੀ ਨਿਯੁਕਤੀ/ਤਾਜਪੋਸ਼ੀ 'ਤੇ ਸਵਾਲ ਉੱਠਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੀ ਵਜ੍ਹਾ ਇਹ ਹੈ ਕਿ ਸਿੰਘ ਸਾਹਿਬਾਨ ਦੀ ਨਿਯੁਕਤੀ ਕਰਨੀ ਸ਼੍ਰੋਮਣੀ ਕਮੇਟੀ ਦਾ ਹੀ ਅਧਿਕਾਰ ਖੇਤਰ ਹੈ। ਇਹ ਵੱਖਰੀ ਗੱਲ ਹੈ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਇਸ ਨੂੰ ਚੁਣੌਤੀ ਦਿੰਦੇ ਰਹਿਣ ਦੀ ਸੰਭਾਵਨਾ ਹੈ।

25 ਸਤੰਬਰ

# ਸਹਜ ਗੁਫ਼ਾ ਦੀ ਜ਼ਿਆਰਤ

ਰਾਜਾ ਭਰਥਰੀ ਹਰੀ ਦੇ ਕਿੱਸੇ ਤੇ ਕਥਾ-ਕਹਾਣੀਆਂ ਪੰਜਾਬ ਦੀ ਲੋਕਧਾਰਾ 'ਚ ਚਾਹਣੀ/ਚਾਸ਼ਨੀ ਵਾਂਗ ਘੁਲੀਆਂ ਹੋਈਆਂ ਹਨ। ਭਰਥਰੀ, ਰਾਜਾ, ਕਵੀ ਅਤੇ ਤਪੱਸਵੀ ਦੀ ਵਿਲੱਖਣ ਤ੍ਰੈਮੂਰਤੀ ਹੈ। ਨੀਤੀ ਸ਼ਤਕ, ਸ਼ਿੰਗਾਰ ਸ਼ਤਕ ਤੇ ਵੈਰਾਗ ਸ਼ਤਕ (ਰਾਜਨੀਤੀ-ਸਦਾਚਾਰ, ਪ੍ਰੇਮ-ਵਿਲਾਸ ਤੇ ਯੋਗ-ਸਾਧਨਾ) ਦਾ ਮਹਾਨ ਰਚੇਤਾ ਹੈ ਭਰਥਰੀ। ਇਹ ਤਿੰਨੇ ਸ਼ਤਕ ਸੰਸਕ੍ਰਿਤ ਦੇ ਗੌਰਵਸ਼ਾਲੀ ਗ੍ਰੰਥ ਹਨ। ਲੋਕ-ਕਵੀ ਧਨੀ ਰਾਮ ਚਾਤ੍ਰਿਕ ਵੱਲੋਂ ਰਚੇ ਗਏ ਕਿੱਸੇ ਤੋਂ ਇਲਾਵਾ ਰਾਜਾ ਭਰਥਰੀ ਰਹੀ ਦੀ ਪੌਰਾਣਿਕ ਕਥਾ 'ਤੇ ਪੰਜਾਬੀ ਦੇ ਕਈ ਹੋਰ ਸਾਹਿਤਕਾਰਾਂ ਨੇ ਕਲਮ ਅਜ਼ਮਾਈ ਹੈ। ਕਵੀ ਅਤੇ ਨਾਵਲਕਾਰ ਮਨਮੋਹਨ ਦੀ ਪੁਸਤਕ 'ਸਹਜ ਗੁਫਾ ਮਹਿ ਆਸਣੁ' ਇਸ ਵਿਸ਼ੇ 'ਤੇ ਲਿਖੀ ਗਈ ਬਾਕਮਾਲ ਰਚਨਾ ਹੈ। ਨਿੱਕੇ-ਨਿੱਕੇ ਠੁਮਕਦੇ ਵਾਕਾਂ 'ਚ ਮਨਮੋਹਨ ਨੇ ਭਰਥਰੀ ਦੇ ਮਨ ਦੀਆਂ ਤਹਿਆਂ ਨੂੰ ਫਰੋਲਣ ਦਾ ਯਤਨ ਕੀਤਾ ਹੈ। ਰਾਜਾ ਦੇ ਚੋਜੀ ਤੋਂ ਖੋਜੀ ਤਕ ਦੇ ਸਫ਼ਰ ਨਾਲ ਉਹ ਕਦਮ ਮਿਲਾ ਕੇ ਚੱਲਦਾ ਹੈ। ਲੋਕ ਮਨਾਂ 'ਤੇ ਖੁਣੀਆਂ ਭਰਥਰੀ ਹਰੀ ਨਾਲ ਜੁੜੀਆਂ ਉਪਦੇਸ਼ਾਤਮਕ ਲਘੂ-ਕਥਾਵਾਂ ਨੂੰ ਮਨਮੋਹਨ ਨੇ ਕਾਵਿਕ ਸ਼ੈਲੀ 'ਚ ਵਰਨਣ ਕੀਤਾ ਹੈ। ਨਾਵਲ 'ਚ ਨਾਥ ਜੋਗੀਆਂ ਦਾ ਵੀ ਭਾਵਪੂਰਤ ਜ਼ਿਕਰ ਹੈ ਜਿਨ੍ਹਾਂ ਨੇ ਪੰਜਾਬੀ ਕਥਾ ਪਰੰਪਰਾ ਅਤੇ ਸੱਭਿਆਚਾਰ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਨਾਥ ਜੋਗੀਆਂ ਦੀ ਬਾਣੀ 'ਚੋਂ ਪੰਜਾਬੀ ਦਾ ਮੁਹਾਂਦਰਾ ਝਲਕਦਾ ਹੈ ਜੋ ਸਦੀਆਂ ਬਾਅਦ ਟਕਸਾਲੀ ਭਾਸ਼ਾ ਦਾ ਰੂਪ ਅਖ਼ਤਿਆਰ ਕਰਦੀ ਹੈ। 'ਸਹਿਜ ਗੁਫਾ ਮਹਿ ਆਸਣੁ ਬਾਧਿਆ' ਰਾਗ ਆਸਾ 'ਚ ਅੰਗ 370 'ਤੇ ਮਹਲਾ ਪੰਜਵਾਂ ਦੇ ਸ਼ਬਦ ਦੀ ਟੂਕ ਹੈ ( ਜੋਗੀ ਗੁਫਾ ਵਿਚ ਬੈਠ ਕੇ ਆਸਣ ਲਾਂਦਾ ਹੈ। ਜਦੋਂ ਗੁਰੂ ਦੀ ਕਿਰਪਾ ਨਾਲ ਪ੍ਰਭੂ ਪਤੀ ਮਿਲਿਆ ਤਾਂ ਆਤਮਿਕ ਅਡੋਲਤਾ ਦੀ ਗੁਫਾ 'ਚ ਆਪਣਾ ਆਸਣ ਜਮਾ ਲਿਆ) । ਇਸ ਸ਼ਬਦ ਦੀ ਅਗਲੀ ਟੂਕ ਹੈ 'ਜੋਤਿ ਸਰੂਪ ਅਨਾਹਦੁ ਵਾਜਿਆ (ਮੇਰੇ ਅੰਦਰ ਨੂਰ ਹੀ ਨੂਰ-ਰੂਪ ਪਰਮਾਤਮਾ ਦੇ ਮਿਲਾਪ ਦਾ ਅਨਾਹਦ (ਬਿਨਾ ਵਜਾਏ, ਇਕ-ਰਸ) ਸਾਜ਼ ਵੱਜਣ ਲੱਗ ਪਿਆ)। ਸਹਿਜ ਦੀ ਤਲਾਸ਼ ਆਦਿ-ਜੁਗਾਦਿ ਖੋਜ ਹੈ। ਸਹਿਜ ਦੀ ਇਸ ਅਵਸਥਾ ਨੂੰ ਭਾਲਣ ਵਿਚ ਭਰਥਰੀ ਰਾਜ-ਸਿੰਘਾਸਣ ਨੂੰ ਤਿਲਾਂਜਲੀ ਦਿੰਦਾ ਹੈ। ਪੈਰਾਂ ਦੀਆਂ ਬਿਆਈਆਂ ਤੇ ਸਿਦਕ ਦੀਆਂ ਤਰੇੜਾਂ ਸਹਿਜ ਗੁਫਾ ਤਕ ਉਸ ਨੂੰ ਅੱਪੜਨ ਨਾ ਦਿੰਦੀਆਂ। ਦੁਬਿਧਾ ਦਾ ਮੰਝਧਾਰ ਉਸ ਨੂੰ ਪਿੱਛੇ ਮੁੜਨ ਲਈ ਹਲੂਣਦਾ। ਅਪੂਰਨ ਯੋਗੀ 'ਚ ਕਾਮ ਅੰਗੜਾਈ ਲੈਂਦਾ ਤਾਂ ਮੱਲੋਮੱਲੀ ਉਸ ਦੇ ਪੈਰ ਉਜੈਨ ਨਗਰੀ ਦਾ ਰਾਹ ਨਾਪਣ ਲੱਗਦੇ। ਮਹਾਨ ਰਾਜਾ ਵਿਕਰਮਾਦਿੱਤ ਦਾ ਵੱਡਾ ਭਰਾ ਹੋਣ ਨਾਤੇ ਰਾਜ-ਸਿੰਘਾਸਨ 'ਤੇ ਪਹਿਲਾਂ ਉਹ ਬਿਰਾਜਮਾਨ ਹੋਇਆ। ਉਹ ਰਾਜਾ ਹੋਣ ਤੋਂ ਇਲਾਵਾ ਸੰਸਕ੍ਰਿਤ

ਦਾ ਵਿਦਵਾਨ, ਦਾਰਸ਼ਨਿਕ ਵਿਆਕਰਣਕਾਰ ਅਤੇ ਕਵੀ ਸੀ। ਗੁਰੂ ਗੋਰਖ ਦਾ ਪੈਰੋਕਾਰ ਅਤੇ ਨਾਥਾਂ-ਸਿੱਧਾਂ ਦੇ 'ਵੈਰਾਗ-ਪੰਥ' ਦਾ ਤਪੱਸਵੀ ਯੋਗੀ ਬਣਨ ਤਕ ਦਾ ਪੰਥ ਉਸ ਦੇ ਇਕਹਿਰੇ ਵਿਅਕਤੀਤਵ ਨੂੰ ਤੋੜ ਕੇ ਵਿਰਾਟ ਰੂਪ ਧਾਰਨ ਕਦਰਾ ਹੈ। ਭਰਥਰੀ ਦੇ ਇਨ੍ਹਾਂ ਬਿਖਰੇ ਹੋਏ ਰੂਪਾਂ ਨੂੰ ਉਸ ਦੀ ਕਵਿਤਾ ਰਾਹੀਂ ਸੱਤ-ਅੱਠ ਸਦੀਆਂ ਦੇ ਕਾਲ 'ਚ ਫੈਲੇ ਯਥਾਰਥ ਨੂੰ ਗਲਪ ਰਾਹੀਂ ਕਲਮਬੱਧ ਕਰਨਾ ਸੱਚਮੁੱਚ ਹੀ ਵੇਦ-ਵਿਆਸੀ ਵਰਤਾਰਾ ਹੈ। ਮਨਮੋਹਨ ਨੇ ਭਰਥਰੀ ਹਰੀ ਦੇ ਵਿਰਾਟ, ਵਿਸ਼ਾਲ ਤੇ ਵਿਹੰਗਮ, ਉਤਰਾਵਾਂ-ਚੜ੍ਹਾਵਾਂ ਭਰੇ ਰਾਗੀ-ਅਨੁਰਾਗੀ ਅਤੇ ਵੈਰਾਗੀ ਰੂਪ ਨੂੰ ਆਪਣੀ ਅਨੂਠੀ ਸ਼ੈਲੀ ਰਾਹੀਂ ਪੰਜਾਬੀ ਦੇ ਪਾਠਕਾਂ ਦੇ ਸਨਮੁੱਖ ਰੱਖਿਆ ਹੈ। ਮੂਲ ਰੂਪ ਵਿਚ ਮਨਮੋਹਨ ਕਵੀ ਹੈ। ਇਸੇ ਕਰਕੇ ਉਸ ਦੀ ਵਾਰਤਕ ਕਾਵਮਈ ਹੈ। ਨਾਵਲ ਦਾ ਆਗ਼ਾਜ਼ ਕਾਵਿ-ਨਾਟ ਵਾਂਗ ਹੁੰਦਾ ਹੈ, 'ਹੈ ਜੋ ਕੋਈ ਭਰੇ ਹੁੰਗਾਰਾ। ਹੈ ਤਾਂ ਫਿਰ ਕਥਾ ਸੁਣਾਵਾਂ।' ਇੰਜ ਜਾਪਦਾ ਹੈ ਜਿਵੇਂ ਕੋਈ ਨਾਟ-ਮੰਡਲੀ ਅੱਤ ਰੌਚਕ ਕਥਾ ਦੀ ਭੂਮਿਕਾ ਬੰਨ੍ਹ ਰਹੀ ਹੈ। ਭਰਥਰੀ ਦੇ ਟੀਕਿਆਂ, ਟੂਕਾਂ ਅਤੇ ਦ੍ਰਿਸ਼ਟਾਂਤਾਂ ਰਾਹੀਂ ਦ੍ਰਿਸ਼ ਉੱਸਰਦੇ ਹਨ। ਮਹਾਂਬਿਰਤਾਂਤ ਉੱਸਰਦਾ ਜਾਪਦਾ ਹੈ। ਕਥਾ 'ਚ ਡੁੱਬ ਕੇ ਮਨਮੋਹਨ ਭਰਥਰੀ ਦੀ ਜੂਨ ਹੰਢਾਉਂਦਾ ਦਿਸਦਾ ਹੈ। ਉਸ ਨੇ ਭਰ ਜੋਬਨ 'ਚ ਭਰਥਰੀ ਵਰਗਾ ਜੀਵਨ ਜੀਵਿਆ ਹੈ। ਮਿੱਤਰਾਂ ਦੀ ਮਹਿਫ਼ਲ 'ਚ ਬੈਠਾ ਮਨਮੋਹਨ ਅਕਸਰ ਗਵਾਚਾ ਲੱਗਦਾ ਸੀ। ਮਸਕੀਨ ਮਨ ਦਾ ਗਣਿਤ ਕੋਈ ਸਕਿਆ ਨਾ ਜਾਣ। ਜਮ੍ਹਾਂ-ਘਟਾਓ ਤੋਂ ਉੱਕਾ ਅਣਜਾਣ। ਕਿੱਥੇ ਪਰਬਤ, ਕਿੱਥੇ ਖਾਈ, ਇਸ ਦੀ ਥਾਹ ਨਾ ਕਾਈ। ਹਿਸਾਬ ਨਾ ਕੋਈ ਕਿਤਾਬ। ਦਿਲ ਦੀ ਵਿੱਥਿਆ, ਦਿਲ ਨਾ ਜਾਣੇ। ਵਲਵਲਿਆਂ 'ਚ ਅਸੰਖ ਵਲ-ਵਲੇਵੇਂ। ਭਰਥਰੀ ਵਾਂਗ ਉਸ ਨੇ ਵੀ ਇਕ ਜੀਵਨ 'ਚ ਕਈ ਜੀਵਨ ਹੰਢਾਏ। ਸ਼ਾਇਦ ਇਸੇ ਲਈ ਭਰਥਰੀ ਦੇ ਗੁਫਾ-ਦਰ-ਗੁਫਾ ਤੇ ਆਖ਼ਰ ਸਹਿਜ ਗੁਫਾ ਦੀ ਥਾਹ ਪਾਉਣ ਜੋਗਾ ਹੋਇਆ ਹੈ। ਭਰਥਰੀ ਦਾ ਚੰਚਲ ਮਨ ਵੀ ਤਾਂ ਉੱਡਦੀਆਂ ਮੈਣਾਂ ਦੇ ਪਰਛਾਵੇਂ ਫੜਦਾ ਹੈ। ਬਾਤ ਪਾਉਂਦਿਆਂ ਬਤੌਲੀ ਪਾਉਂਦਿਆਂ ਉਸ ਦੀਆਂ ਰਾਤਾਂ ਲੰਘਦੀਆਂ। ਭੌਰ ਵਾਂਗ ਖਿੜੀਆਂ ਕਲੀਆਂ ਦੀ ਪਰਿਕਰਮਾ ਕਰਦਾ। ਜੋਬਨ-ਮਤੀਆਂ, ਰੂਪ-ਮਤੀਆਂ ਸਾਕੀ ਬਣ ਨੈਣਾਂ 'ਚੋਂ ਮਦਰਾ ਦੇ ਪਿਆਉਂਦੀਆਂ। ਉਨ੍ਹਾਂ ਦੀ ਇਕ ਤੱਕਣੀ ਨਾਲ ਭਰਥਰੀ ਦੇ ਦਿਲ 'ਚ ਖਿੜਦੇ ਸੈਆਂ ਗੁਲਾਬ। ਜਾਤ, ਨਾ ਕੋਈ ਪਾਤ ਦੀ ਹੱਦ-ਸੀਮਾ। ਇੱਤਰ-ਗੜੁੱਚੀ ਕੋਈ ਇਤਰਾ ਕੇ ਚੱਲੇ, ਭਰਥਰੀ ਦਾ ਮਨ ਮਚਲੇ। ਜਿੱਥੇ ਹੁਸਨ ਦਾ ਸਾਹ ਡੁੱਲ੍ਹੇ, ਭਰਥਰੀ ਓਥੇ ਜੜ੍ਹ ਲਾਉਣੀ ਲੋਚੇ। ਸ਼ੱਕ ਖੇਤਰਾਂ ਨੂੰ ਜਿੱਤਣ ਮਗਰੋਂ ਮਹਾਰਾਜ ਭਰਥਰੀ ਉਜੈਨ ਪਰਤਣ ਵੇਲੇ ਰਿਸ਼ੀ ਪਿੰਗਲ ਦੇ ਆਸ਼ਰਮ 'ਚ ਉਸ ਦੀ ਕੰਨਿਆ ਪਿੰਗਲਾ ਨੂੰ ਤੱਕਦਿਆਂ ਸਾਰ ਮੋਹਿਤ ਹੋ ਜਾਂਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਪਿੰਗਲਾ ਸਭ ਰੂਪਮਤੀ ਇਸਤਰੀਆਂ ਦਾ ਸਾਰ ਹੋਵੇ। ਗ੍ਰਹਿਸਤ ਜੀਵਨ ਹੰਢਾਉਂਦਾ ਮਹਾਰਾਜਾ ਆਖ਼ਰ ਉਸ ਨੂੰ ਆਪਣੀ ਰਾਣੀ ਬਣਾ ਲੈਂਦਾ ਹੈ। 'ਸਹਜ ਗੁਫਾ ਮਹਿ ਆਸਣੁ' ਦੇ ਅੱਠਵੇਂ ਅਧਿਆਏ 'ਚ ਸ਼ਿਵ ਭਗਤ ਸੋਮ ਦਾ ਜ਼ਿਕਰ ਆਉਂਦਾ ਹੈ ਜੋ ਕਥਾ ਨੂੰ ਇਕ ਹੋਰ ਰੌਚਕ ਮੋੜ ਦਿੰਦਾ ਹੈ। ਕਠਿਨ ਤਪੱਸਿਆ ਤੋਂ ਬਾਅਦ ਸ਼ਿਵ ਭਗਤ ਨੂੰ ਅਮਰਫਲ ਦੀ ਬਖ਼ਸ਼ਿਸ਼ ਹੁੰਦੀ ਹੈ। ਦੁਬਿਧਾ ਦੇ ਵਾਵਰੋਲਿਆਂ 'ਚ ਉਸ ਦਾ ਰੇਤ ਜਿਹਾ ਮਨ ਉੱਡਦਾ

ਫਿਰਦਾ ਦੂਰ ਨੇੜੇ ਤਿਣਕਿਆਂ ਵਾਂਗ ਭਟਕਦਾ ਰਿਹਾ। ਸਮਾਜ ਦੇ ਕਲਿਆਣ ਲਈ ਉਹ ਅਮਰਫਲ ਉਜੈਨ ਨਰੇਸ਼ ਭਰਥਰੀ ਨੂੰ ਭੇਟਾ ਕਰ ਕੇ ਦੁਬਿਧਾ ਤੋਂ ਮੁਕਤ ਹੋ ਜਾਂਦਾ ਹੈ। ਪ੍ਰਿਯ ਰਾਣੀ ਪਿੰਗਲ ਦੇ ਮੋਹਜਾਲ ’ਚ ਫਸਿਆ ਮਹਾਰਾਜ ਇਹ ਅਮਰਫਲ ਪਿੰਗਲਾ ਨੂੰ ਸੌਂਪ ਦਿੰਦਾ ਹੈ। ਸ਼ਿਵ ਭਗਤ ਸੋਮ ਨੂੰ ਮਿਲਿਆ ਅਮਰਫਲ ਦਾ ਵਰਦਾਨ ਪਿੰਗਲਾ ਆਪਣੇ ਬਾਲ ਸਖਾ ਅਸ਼ਵਪਾਲ ਚੰਦ੍ਰਿਕਾ ਦਾਸ ਨੂੰ ਸੌਂਪ ਦਿੰਦੀ ਹੈ। ਅਗਲਾ ਪੜਾਅ ਕਥਾ-ਰਸ ਨੂੰ ਸਿਖ਼ਰਾਂ ’ਤੇ ਪਹੁੰਚਾ ਦਿੰਦਾ ਹੈ। ਚੰਦ੍ਰਿਕਾ ਦਾਸ ਇਹ ਉਜੈਨ ਨਗਰੀ ਦੀ ਮਸ਼ਹੂਰ ਗਣਿਕਾ ਨੂੰ ਦੇ ਦਿੰਦਾ ਹੈ। ਭਰਥਰੀ ਇਕ ਰੋਜ਼ ਗਣਿਕਾ ਦੇ ਦਰਵਾਜ਼ੇ ’ਤੇ ਦਸਤਕ਼ਤ ਦਿੰਦਾ ਹੈ। ਪੁਸ਼ਪਗੰਧਾ ਨਾ ਦੀ ਗਣਿਕਾ ਨਾ ਚਾਹੁੰਦਿਆਂ ਹੋਇਆਂ ਵੀ ਚੰਦ੍ਰਿਕਾ ਕੋਲੋਂ ਅਮਰਫਲ ਦਾ ਉਪਹਾਰ ਸਵੀਕਾਰ ਕਰ ਲੈਂਦੀ ਹੈ। ਫਿਰ ਉਹ ਮਨਬਚਨੀ ਕਰਦੀ ਹੈ, ‘ਮੈਂ ਨਹੀਂ ਚਾਹੁੰਦੀ ਕਿ ਅਮਰਫਲ ਖਾ ਕੇ ਸਦਾ ਗਣਿਕਾ ਦੀ ਜੂਨੇ ਪਈ ਰਾਇ। ਅਮਰ ਜੀਵਨ ਦਾ ਕੀ ਲਾਭ ? ਮੇਰਾ ਸੌਂਦਰਯ ਤੇ ਸੁੰਦਰ ਦੇਹ ਤਾਂ ਮੇਰੇ ਲਈ ਸਰਾਪ ਹੈ। ਬਥੇਰਾ ਭੋਗ ਲਿਆ ਇਸ ਜੀਵਨ ’ਚ ਨਰਕ। ਮੇਰੇ ਕਿਸ ਕੰਮ ਇਹ ਅਮਰਫਲ ? ਖ਼ੈਰ, ਪੁਸ਼ਪਗੰਧਾ ਅਮਰਫਲ ਮਹਾਰਾਜਾ ਭਰਥਰੀ ਨੂੰ ਸੌਂਪ ਦਿੰਦੀ ਹੈ ਤਾਂ ਜੋ ਉਹ ਆਪਣੀ ਪਰਜਾ ਦੇ ਸਦਾ ਕੰਮ ਆ ਸਕੇ। ਇੱਥੇ ਇਹ ਕਥਾ ਚਰਮ ਸੀਮਾ ’ਤੇ ਪੁੱਜਦੀ ਹੈ। ਭਰਥਰੀ ਨੂੰ ਪਿੰਗਲਾ ਦੀ ਬੇਵਫ਼ਾਈ ਦਾ ਗਿਆਨ ਹੁੰਦਾ ਹੈ ਤਾਂ ਉਹ ਜੀਵਨ ਦੇ ਪੰਜ ਵਿਕਾਰਾਂ ਤੋਂ ਮੁਕਤ ਹੋਣ ਲਈ ਮੋਕਸ਼ ਦੇ ਪੰਧ ਪੈ ਜਾਂਦਾ ਹੈ। ਉਸ ਦੇ ਅੰਦਰ ਦਾ ਸਾਗਰ ਖੌਲਦਾ ਹੈ। ਅਣਤੋਲੀ ਧਰਤੀ ਤੋਲਦਾ ਹੈ। ਪਹਾੜ ਜਿਵੇਂ ਆਪਣੀ ਮਿੱਟੀ ਫਰੋਲਦਾ ਹੋਵੇ। ਮਨ-ਮਸਤਕ ਦੀਆਂ ਪਰਤਾਂ ਲੱਖ-ਹਜ਼ਾਰ। ਨਾਥ-ਜੋਗੀਆਂ ਦੇ ਟਿੱਲੇ ਬਲਦੀਆਂ ਧੂਣੀਆਂ ਦਾ ਧੂੰਆਂ ਵਲ-ਵਲੇਵੇਂ ਖਾਵੇ। ਨਾਦ ਅਨਾਹਦ ’ਚ ਵਿਲੀਨ ਹੋਣ ਲਈ ਬਿਹਬਲ। ਹਉਕਾ ਲਵੇ ਤਾਂ ਅੰਬਰ ਧੁਆਂਖ ਜਾਏ। ਕਲਮ ਚੁੱਕੇ ਤਾਂ ਹਰਫ਼ ਮੋਤੀ ਬਣ ਪੰਨਿਆਂ ’ਤੇ ਬਿਖਰ ਜਾਣ। ਵਿੰਗ-ਵਲੇਵੇਂ ਖਾਂਦੀਆਂ ਪਗਡੰਡੀਆਂ ’ਤੇ ਚੱਲਦਾ ਪਾਂਧੀ ਆਖ਼ਰ ਸਹਿਜ-ਗੁਫਾ ਦਾ ਰਾਹ ਫੜਦਾ। ਪਿੰਗਲਾ ਰਾਜ ਭਵਨ ’ਚ ਕੱਲੀ-ਕਾਰੀ ਆਪਣਾ ਸਮਾਂ ਕੱਟਦੀ। ਸ਼ਾਹੀ ਵਸਤਰ ਤਿਆਗ ਜੋਗੀ ਬਣੇ ਭਰਥਰੀ ਨੂੰ ਗੁਰੂ ਗੋਰਖਨਾਥ ਹੁਕਮ ਸੁਣਾਇਆ, ‘ਆਹ ਫੜ ਲੰਗੋਟ। ਨਵਾਂ ਨਕੋਰ। ਆ ਲੈ ਚਿੱਪੀ , ਐਨ ਸੁੱਚੀ। ਤੁਰ ਜਾ ਉਜੈਨ। ਰਾਜ ਭਵਨ ਦੇ ਦਵਾਰ ’ਤੇ ਅਲਖ ਜਗਾ। ਰਾਣੀ ਪਿੰਗਲਾ ਤੋਂ ਭਿਖਿਆ ਮੰਗ, “ਮਾਂ ਪਿੰਗਲਾ, ਮੈਂ ਤੇਰੇ ਦੁਆਰ ’ਤੇ ਬੜੀ ਦੂਰੋਂ ਆਇਆ। ਕੁਝ ਭਿੱਖਿਆ ਪਾ।” ਭਰਥਰੀ ਜੀਵਨ ਦੇ ਰਹੱਸ ਨੂੰ ਆਤਮਸਾਤ ਕਰਦਾ ਹੈ, “ਬਾਹਰ ਕੁਝ ਵੀ ਥਿਰ ਨਹੀਂ। ਭਰਥਰੀ ਆਪਣੇ ਅੰਦਰ ਵੱਲ ਲਹਿ ਜਾਂਦੈ।”

2 ਅਕਤੂਬਰ

# ਤਿੜਕਦੇ ਰਿਸ਼ਤੇ

ਬਹੁਤੇ ਪੰਜਾਬੀਆਂ ਲਈ ਕੈਨੇਡਾ ਸੁਪਨਿਆਂ ਦਾ ਦੇਸ਼ ਹੈ। ਜਵਾਨੀ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਸਾਰ ਸਾਡੇ ਬੱਚੇ ਸੱਤ ਸਮੁੰਦਰ ਪਾਰ ਸਤਰੰਗੀ ਪੀਂਘਾਂ ਝੂਟਣੀਆਂ ਲੋਚਦੇ ਹਨ। ਜੰਗਲ ਨੂੰ ਅੱਗ ਲੱਗ ਜਾਵੇ ਤਾਂ ਆਲ੍ਹਣਿਆਂ ਨੂੰ ਅਲਵਿਦਾ ਕਹਿ ਪੰਛੀ ਪਰਵਾਜ਼ ਭਰਦੇ ਹਨ। ਜੀਵ-ਜੰਤੂ ਸੁਰੱਖਿਅਤ ਥਾਵਾਂ ਦੀ ਭਾਲ ’ਚ ਏਧਰ-ਓਧਰ ਭਟਕਦੇ ਹਨ। ਬੇਰੁਜ਼ਗਾਰੀ ਦੀ ਝੰਬੀ ਜਵਾਨੀ ਨਾਲ ਵੀ ਕੁਝ ਇੱਦਾਂ ਹੀ ਵਾਪਰ ਰਿਹਾ ਜਾਪਦਾ ਹੈ। ਆਪਣੇ ਪੁਰਖਿਆਂ ਦਾ ਵਤਨ ਜਾਂ ਆਪਣੀ ਜਨਮ ਭੋਇੰ ਹੀ ਮਤਰੇਈ ਲੱਗਣ ਲੱਗਣ ਲੱਗ ਜਾਵੇ ਤਾਂ ਦੋਸ਼ ਤਕਦੀਰਾਂ ਸਿਰ ਮੜ੍ਹਨਾ ਵੀ ਬੇਇਨਸਾਫ਼ੀ ਹੈ। ਖ਼ੈਰ, ਪੰਜਾਬੀਆਂ ਦੀ ਬਹੁਤਾਤ ਨੇ ਕੈਨੇਡਾ ਵਿਚ ਇਕ ਹੋਰ ‘ਦੇਸ ਪੰਜਾਬ’ ਵਸਾ ਲਿਆ ਹੈ। ਨਵਾਂ ਪੰਜਾਬ ਵਸਾਉਣ ਲਈ ਪਹਿਲੀ ਪੀੜ੍ਹੀ ਨੂੰ ਹੱਡ-ਭੰਨਵੀਂ ਮਿਹਨਤ-ਮੁਸ਼ੱਕਤ ਕਰਨੀ ਪਈ ਸੀ। ਨਸਲੀ ਵਿਤਕਰਿਆਂ ਦਾ ਡੱਟ ਕੇ ਮੁਕਾਬਲਾ ਕਰਨ ਤੋਂ ਬਾਅਦ ਹੀ ਸਾਡੇ ਬਜ਼ੁਰਗਾਂ ਨੇ ਕੈਨੇਡਾ ਦੀ ਧਰਤੀ ’ਤੇ ਆਪਣੀਆਂ ਪੱਕੀਆਂ ਜੜ੍ਹਾਂ ਲਗਾਈਆਂ ਸਨ। ਦੇਸ਼ ਦੀ ਆਜ਼ਾਦੀ ਖ਼ਾਤਰ ਲੜਨ-ਮਰਨ ਵਾਲੇ ਬਾਬਿਆਂ ਨੇ 1913 ’ਚ ‘ਗ਼ਦਰ’ ਪਾਰਟੀ ਦਾ ਵਿਦੇਸ਼ਾਂ ’ਚ ਗਠਨ ਕੀਤਾ ਸੀ। ਸਰਹਾਲੀ ਦੇ ਬਾਬਾ ਗੁਰਦਿੱਤ ਸਿੰਘ ਦਾ ਕਿਰਾਏ ’ਤੇ ਲਿਆ ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ 376 ਭਾਰਤੀ ਮੁਸਾਫ਼ਰ (ਜਿਨ੍ਹਾਂ ’ਚ 340 ਸਿੱਖ ਸਨ) ਲੈ ਕੇ ਕੈਨੇਡਾ ਲਈ ਰਵਾਨਾ ਹੋਇਆ ਸੀ। ਤੇਈ ਮਈ, 1914 ਨੂੰ ਵੈਨਕੂਵਰ ਦੇ ਤੱਟ ’ਤੇ ਪੁੱਜੇ ਜਹਾਜ਼ ਨੂੰ ਲਗਪਗ ਦੋ ਮਹੀਨੇ ਉੱਥੇ ਰੁਕਣਾ ਪਿਆ ਕਿਉਂਕਿ ਕੈਨੇਡਾ ਦੀ ਸਰਕਾਰ ਨੇ ਵੱਖ-ਵੱਖ ਕਾਨੂੰਨਾਂ ਦਾ ਸਹਾਰਾ ਲੈ ਕੇ ਸਵਾਰੀਆਂ ਨੂੰ ਉੱਥੇ ਨਾ ਉਤਰਨ ਦਿੱਤਾ। ਕੁਝ ਕੁ ਭਾਰਤੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ’ਚ ਉਤਰਨ ਦੀ ਆਗਿਆ ਮਿਲ ਗਈ ਤੇ ਬਾਕੀ ਬੇਰੰਗ ਕੋਲਕਾਤਾ ਦੇ ਬਜਬਜ ਘਾਟ ਵੱਲ ਰਵਾਨਾ ਹੋ ਗਏ। ਬਜਬਜ ਘਾਟ ’ਤੇ ਪੁਲਿਸ ਫਾਇਰਿੰਗ ਦੌਰਾਨ 20 ਯਾਤਰੀ ਮਾਰੇ ਗਏ ਸਨ। ਇਸ ਇਤਿਹਾਸਕ ਖ਼ੂਨੀ ਕਾਂਡ ਦੇ 102 ਸਾਲ ਬਾਅਦ 20 ਮਈ, 2016 ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ’ਚ ਮਾਫ਼ੀ ਮੰਗੀ ਸੀ। ਟਰੂਡੋ ਵੱਲੋਂ ਮਾਫ਼ੀ ਮੰਗਣ ਦੀ ਵਜ੍ਹਾ ਇਹ ਹੈ ਕਿ ਇਸ ਵੇਲੇ ਕੈਨੇਡਾ ਵਿਚ ਪੰਜਾਬੀਆਂ ਦਾ ਬੋਲਬਾਲਾ ਹੈ। ਕੈਨੇਡਾ ’ਚ ਕੋਈ ਵੀ ਸਰਕਾਰ ਬਣੇ, ਉਸ ’ਚ ਪੰਜਾਬੀ, ਖ਼ਾਸ ਤੌਰ ’ਤੇ ਸਿੱਖ ਵੱਡੀ ਗਿਣਤੀ ’ਚ ਸ਼ਾਮਲ ਹੁੰਦੇ ਹਨ। ਜੇ ਇਹ ਕਹਿ ਲਿਆ ਜਾਵੇ ਕਿ ਕੈਨੇਡਾ ’ਚ ਪੰਜਾਬੀਆਂ ਦੀ ਤੂਤੀ ਬੋਲਦੀ ਹੈ ਤਾਂ ਇਹ ਅੱਤਕਥਨੀ ਨਹੀਂ ਹੋਵੇਗੀ। ਹਰ ਖੇਤਰ ’ਚ ਪੰਜਾਬੀਆਂ ਨੇ ਮੱਲਾਂ ਮਾਰੀਆਂ ਹਨ। ਮਾਣਯੋਗ ਪ੍ਰਾਪਤੀਆਂ ਦੇ ਬਾਵਜੂਦ ਕੈਨੇਡਾ ’ਚ ਪੰਜਾਬੀਆਂ ’ਚ ਹੋ ਰਹੀ ਗੈਂਗਵਾਰ ਹੁਣ ਸਮੁੱਚੀ

ਕੌਮ ਲਈ ਨਮੋਸ਼ੀ ਦਾ ਸਬੱਬ ਬਣ ਰਹੀ ਹੈ। ਕਈ ਪੰਜਾਬੀ ਨਸ਼ਾ ਤਸਕਰੀ ਕਰਕੇ ਵੀ ਆਪਣੀ ਕੌਮ ਨੂੰ ਬਦਨਾਮੀ ਦਿਵਾ ਰਹੇ ਹਨ। ਕੈਨੇਡਾ ਨੂੰ ਗੈਂਗਲੈਂਡ ਬਣਾਉਣ ਦੀ ਸ਼ੁਰੂਆਤ 25 ਫਰਵਰੀ, 1994 'ਚ ਜਿੰਮੀ ਦੁਸਾਂਝ ਦੇ ਕਤਲ ਨਾਲ ਹੋਈ ਸੀ। ਜਿੰਮਸ਼ੇਰ (ਜਿੰਮੀ) ਦੁਸਾਂਝ 1967 'ਚ ਬ੍ਰਿਟਿਸ਼ ਕੋਲਬੰਬੀਆ 'ਚ ਜੰਮਿਆ ਸੀ ਜੋ ਚੜ੍ਹਦੀ ਜਵਾਨੀ ਵਿਚ ਹਥਿਆਰਾਂ ਨਾਲ ਖਿਡੌਣਿਆਂ ਵਾਂਗ ਖੇਡਣ ਲੱਗ ਪਿਆ। ਸਾਢੇ ਛੇ ਫੁੱਟਾ ਜਵਾਨ ਜ਼ੁਲਮ ਦੀ ਦਲਦਲ 'ਚ ਅਜਿਹਾ ਫਸਿਆ ਜਿਸ 'ਚੋਂ ਨਿਕਲਣਾ ਆਸਾਨ ਨਹੀਂ ਸੀ। ਇਕ ਅੰਦਾਜ਼ੇ ਮੁਤਾਬਕ ਜਿੰਮੀ ਦੇ ਕਤਲ ਤੋਂ ਬਾਅਦ ਹੁਣ ਤਕ ਲਗਪਗ ਚਾਰ ਸੌ ਪੰਜਾਬੀ ਗੈਂਗਵਾਰ ਦਾ ਸ਼ਿਕਾਰ ਹੋਏ ਹਨ। ਉਸ ਦੇ ਕਤਲ ਤੋਂ ਇਕ ਦਹਾਕਾ ਪਹਿਲਾਂ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਜੂਨ ਚੁਰਾਸੀ ਦੇ ਫ਼ੌਜੀ ਹਮਲੇ ਤੋਂ ਬਾਅਦ ਅਨੇਕਾਂ ਪੰਜਾਬ ਦੇ ਮੁੰਡਿਆਂ ਨੇ ਕੈਨੇਡਾ 'ਚ ਸਿਆਸੀ ਸ਼ਰਨ ਲਈ ਸੀ। ਸਿਆਸੀ ਸ਼ਰਨ ਲੈਣ ਲਈ ਬੇਨਤੀ ਪੱਤਰ 'ਚ ਇਹ ਖ਼ਦਸ਼ਾ ਪ੍ਰਗਟ ਕੀਤਾ ਜਾਂਦਾ ਸੀ ਕਿ ਉਨ੍ਹਾਂ ਨੂੰ ਭਾਰਤ ਵਿਚ ਕਿਸੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਿਆ ਜਾ ਸਕਦਾ ਹੈ। ਇਸ ਤਰ੍ਹਾਂ ਗਰਮ ਖ਼ਿਆਲੀਆਂ ਦੀ ਵੱਡੀ ਤਾਦਾਦ ਵੀ ਕੈਨੇਡਾ ਵਿਚ ਵੱਸ ਗਈ। ਕਈ ਗੁਰਦੁਆਰਿਆਂ ਦੀਆਂ ਕੰਧਾਂ 'ਤੇ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖੇ ਜਾਣ ਲੱਗੇ। ਇਸ ਤੋਂ ਇਲਾਵਾ ਪੰਜਾਬ ਦੇ ਕਈ ਪੁਲਿਸ ਅਫ਼ਸਰਾਂ ਦੀ 'ਹਿੱਟ ਲਿਸਟ' ਵੀ ਲਿਖੀ ਜਾਣ ਲੱਗੀ ਜਿਨ੍ਹਾਂ ਨੇ ਨਿਰਦੋਸ਼ ਮੁੰਡਿਆਂ ਨੂੰ 'ਝੂਠੇ' ਮੁਕਾਬਲਿਆਂ 'ਚ ਮਾਰਿਆ ਸੀ। ਇਸ 'ਤੇ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਇਤਰਾਜ਼ ਵੀ ਉਠਾਇਆ ਜਾਂਦਾ ਰਿਹਾ। ਕੈਨੇਡਾ ਸਰਕਾਰ ਵੱਨੋਂ ਗਰਮ ਖ਼ਿਆਲੀਆਂ ਪ੍ਰਤੀ ਨਰਮ ਰਵੱਈਆ ਅਖ਼ਤਿਆਰ ਕਰਨ ਕਰਕੇ ਭਾਰਤ ਤੇ ਕੈਨੇਡਾ ਸਰਕਾਰਾਂ ਦਰਮਿਆਨ ਤਰੇੜਾਂ ਉੱਭਰਨੀਆਂ ਸ਼ੁਰੂ ਹੋ ਗਈਆਂ ਸਨ। ਇਹੀ ਕਾਰਨ ਸੀ ਕਿ ਸੰਨ 2018 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅੱਠ-ਰੋਜ਼ਾ ਯਾਤਰਾ ਦੌਰਾਨ ਭਾਰਤ ਵਿਚ ਲਾਲ ਗਲੀਚੇ ਨਹੀਂ ਵਿਛਾਏ ਗਏ। ਕੈਨੇਡਾ ਦੇ ਹਾਈ ਕਮਿਸ਼ਨਰ ਵੱਲੋਂ ਦਿੱਲੀ 'ਚ ਖ਼ਾਲਿਸਤਾਨ ਪੱਖੀ ਸਿੱਖ ਜਸਪਾਲ ਅਟਵਾਲ ਨੂੰ ਰਾਤ ਦੇ ਭੋਜਨ 'ਤੇ ਬੁਲਾਉਣ ਕਰਕੇ ਭਾਰਤ ਸਰਕਾਰ ਹੋਰ ਵੀ ਖਿੱਝ ਗਈ ਸੀ। ਭਾਰਤ ਸਰਕਾਰ ਦਾ ਇਲਜ਼ਾਮ ਸੀ ਕਿ ਅਟਵਾਲ ਕਿਸੇ ਖਾੜਕੂ ਜਥੇਬੰਦੀ ਦਾ ਮੈਂਬਰ ਰਿਹਾ ਹੈ ਤੇ ਉਸ ਨੇ 1986 'ਚ ਇਕ ਭਾਰਤੀ ਮੰਤਰੀ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਉਸ 'ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰਹੇ ਉੱਜਲ ਦੁਸਾਂਝ 'ਤੇ ਵੀ ਕਾਤਲਾਨਾ ਹਮਲਾ ਕਰਨ ਦਾ ਵੀ ਦੋਸ਼ ਸੀ। ਆਖ਼ਰ ਅਟਵਾਲ ਨੂੰ ਦਿੱਤਾ ਗਿਆ ਸੱਦਾ ਪੱਤਰ ਵਾਪਸ ਲੈ ਲਿਆ ਗਿਆ। ਇਸ ਤੋਂ ਪਹਿਲਾਂ ਅਟਵਾਲ ਮੁੰਬਈ 'ਚ ਟਰੂਡੋ ਦੀ ਪਤਨੀ ਸੋਫੀਆ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਫੋਟੋ ਖਿਚਵਾ ਚੁੱਕਿਆ ਸੀ। ਅੰਮ੍ਰਿਤਸਰ ਦੀ ਫੇਰੀ ਦੌਰਾਨ ਤਤਕਾਲੀ ਮੁੱਖ ਮੰਤਰੀ ਵੀ ਟਰੂਡੋ ਨੂੰ ਇਕ ਹੋਟਲ 'ਚ ਮਿਲਿਆ ਜਿੱਥੇ ਉਨ੍ਹਾਂ ਨੇ ਕੁਝ 'ਬਲੈਕ ਲਿਸਟਿਡ' ਸਿੱਖਾਂ ਨੂੰ ਭਾਰਤ ਹਵਾਲੇ ਕਰਨ ਦੀ ਮੰਗ ਰੱਖੀ ਸੀ। ਇੰਨੇ ਵਿਸ਼ਾਲ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਭਾਰਤੀ ਹਮਰੁਤਬਾ ਵੱਲੋਂ ਮਿਲਿਆ ਬੇਹੱਦ ਮੱਠਾ ਹੁੰਗਾਰਾ ਮੀਡੀਆ ਦੀਆਂ ਸੁਰਖ਼ੀਆਂ ਬਟੋਰਦਾ ਰਿਹਾ। ਭਾਰਤ ਸਰਕਾਰ ਨੇ ਆਪਣੀ ਚੰਗੀ ਤਰ੍ਹਾਂ ਭੜਾਸ ਕੱਢ ਕੇ

ਟਰੂਡੋ ਨੂੰ ਸਖ਼ਤ ਸੁਨੇਹਾ ਦਿੱਤਾ ਸੀ। ਹੁਣ ਫਿਰ ਭਾਰਤ-ਕੈਨੇਡਾ ਦਰਮਿਆਨ ਤਣਾਅ ਵੱਧ ਰਿਹਾ ਹੈ। ਇਸ ਦੀ ਵਜ੍ਹਾ ਸਿੱਖਸ ਫਾਰ ਜਸਟਿਸ ਵੱਲੋਂ ਖ਼ਾਲਿਸਤਾਨ ਦੇ ਹੱਕ ਵਿਚ ਰੈਫਰੈਂਡਮ (ਰਾਇਸ਼ੁਮਾਰੀ) ਹੈ। ਭਾਰਤ ’ਚ ਕਰਵਾਏ ਗਏ ਰੈਫਰੈਂਡਮ ’ਚ ਇਸ ਜਥੇਬੰਦੀ ਨੂੰ ਉੱਕਾ ਕੋਈ ਹੁੰਗਾਰਾ ਨਹੀਂ ਮਿਲਿਆ ਸੀ। ਇਸ ਦੇ ਉਲਟ ਕੈਨੇਡਾ ਦਾ ‘ਮਿੰਨੀ ਪੰਜਾਬ’ ਸਮਝੇ ਜਾਂਦੇ ਬਰੈਂਪਟਨ (ਟੋਰੋਂਟੋ) ’ਚ ਰਾਇਸ਼ੁਮਾਰੀ ਲਈ ਲੱਗੀਆਂ ਲੰਬੀਆਂ ਕਤਾਰਾਂ ਨੇ ਭਾਰਤ-ਕੈਨੇਡਾ ਰਿਸ਼ਤਿਆਂ ’ਚ ਇਕ ਵਾਰ ਫਿਰ ਕੁੜੱਤਣ ਪੈਦਾ ਕਰ ਦਿੱਤੀ। ਫਲਸਰੂਪ ਭਾਰਤ ਸਰਕਾਰ ਵੱਲੋਂ ਕੈਨੇਡਾ ’ਚ ਵੱਸਦੇ ਭਾਰਤੀਆਂ ਨੂੰ ਐਡਵਾਈਜ਼ਰੀ ਕੀਤੀ ਗਈ ਕਿ ਉਹ ਉੱਥੇ ਵਧ ਰਹੀਆਂ ਵੱਖਵਾਦੀ ਗਤੀਵਿਧੀਆਂ, ਨਸਲਵਾਦ ਅਤੇ ਨਫ਼ਰਤੀ ਅਪਰਾਧਾਂ ਤੋਂ ਸੁਚੇਤ ਰਹਿਣ। ਕੈਨੇਡਾ ਦੇ ਕੁਝ ਸ਼ਰਧਾ ਦੇ ਧਾਮਾਂ ਦੀਆਂ ਕੰਧਾਂ ’ਤੇ ‘ਖ਼ਾਲਿਸਤਾਨ ਜ਼ਿੰਦਾਬਾਦ’ ਦੇ ਨਾਅਰਿਆਂ ਅਤੇ ਕੁਝ ਥਾਵਾਂ ’ਤੇ ਗਰਮ ਖ਼ਿਆਲੀ ਲੋਕਾਂ ਵੱਲੋਂ ਕੀਤੀ ਗਈ ਤੋੜ-ਫੋੜ ਨੇ ਵੀ ਉੱਥੇ ਵੱਸਦੇ ਭਾਰਤੀਆਂ, ਖ਼ਾਸ ਤੌਰ ’ਤੇ ਪੰਜਾਬੀਆਂ ’ਚ ਚਿੰਤਾ ਵਧਾ ਦਿੱਤੀ ਹੈ। ਤਵਾਰੀਖ਼ ਗਵਾਹ ਹੈ ਕਿ ਨਫ਼ਰਤ ਕਾਰਨ ਹੀ ਵਿਸ਼ਾਲ ਭਾਰਤ ਦੀ ਵੰਡ ਹੋਈ ਸੀ। ਇਸਲਾਮ ਦੇ ਨਾਮ ’ਤੇ ਨਵਾਂ ਮੁਲਕ ਪਾਕਿਸਤਾਨ ਹੋਂਦ ’ਚ ਆਇਆ। ਇਤਿਹਾਸਕਾਰ ਮੰਨਦੇ ਹਨ ਕਿ ਸਹੀ ਮਾਅਨਿਆਂ ’ਚ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੋਈ ਸੀ। ਬਾਕੀ ਸੂਬਿਆਂ ਤੇ ਉਨ੍ਹਾਂ ਦੇ ਵਾਸੀਆਂ ਦਾ ਵਾਲ ਵਿੰਗਾ ਨਹੀਂ ਸੀ ਹੋਇਆ। ਮੁਲਕ ਤਕਸੀਮ ਹੋਣ ਦੇ ਬਾਵਜੂਦ ਮਾਂ-ਬੋਲੀ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਰਮਿਆਨ ਪੁਲ਼ ਵਰਗਾ ਕੰਮ ਕੀਤਾ ਸੀ। ਦੋਨਾਂ ਮੁਲਕਾਂ ਦੇ ਪੰਜਾਬੀ ਜਦੋਂ ਵਿਦੇਸ਼ਾਂ ’ਚ ਇਕੱਠੇ ਰਹਿੰਦੇ ਤਾਂ ਉਨ੍ਹਾਂ ’ਚ ਕੁਦਰਤੀ ਤੌਰ ’ਤੇ ਭਾਈਚਾਰਕ ਸਾਂਝ ਬਣ ਜਾਂਦੀ। ਨਫ਼ਰਤਾਂ ਇਤਿਹਾਸ ਬਣ ਚੁੱਕੀਆਂ ਸਨ। ਨਫ਼ਰਤ ਦੀਆਂ ਦੀਵਾਰਾਂ ਢਹਿ-ਢੇਰੀ ਹੁੰਦੀਆਂ ਜਾਪਦੀਆਂ। ‘ਰੱਜਿਆਂ ਢਿੱਡ ਫ਼ਾਰਸੀ ਬੋਲੇ’ ਵਾਂਗ ਤਰੱਕੀਆਂ ਦੀਆਂ ਬੁਲੰਦੀਆਂ ਛੂਹਣ ਤੋਂ ਬਾਅਦ ਪੰਜਾਬੀਆਂ ਦਾ ਹਥਿਆਰਾਂ ਪ੍ਰਤੀ ਫਿਰ ਮੋਹ ਜਾਗ ਪਿਆ ਹੈ। ਵੈਲਪੁਣੇ ਨੇ ਉਨ੍ਹਾਂ ਦਾ ਖ਼ਾਨਾ ਖ਼ਰਾਬ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ’ਚ ਅਖੌਤੀ ਅਣਖ ਜਾਗ ਪਈ ਲੱਗਦੀ ਹੈ। ਪੰਜਾਬ ਦਾ ਬੰਦੂਕ ਸੱਭਿਆਚਾਰ ਵਿਦੇਸ਼ਾਂ ’ਚ ‘ਪਟਾਕੇ’ ਪਾ ਰਿਹਾ ਰਿਹਾ ਹੈ। ਗੋਲੀਆਂ ਦੀ ਤੜਤੜ ਕਾਰਨ ਵਿਦੇਸ਼ਾਂ ’ਚ ਵੀ ਪੰਜਾਬੀਆਂ ਦੀ ਬਦਨਾਮੀ ਹੋ ਰਹੀ ਹੈ। ਗੈਂਗਵਾਰ ’ਚ ਹੁਣ ਪੰਜਾਬ ਦੀਆਂ ਸੜਕਾਂ ਤੋਂ ਲੈ ਕੇ ਕੈਨੇਡਾ ਤਕ ਨਿਰਦੋਸ਼ਾਂ ਦੇ ਖ਼ੂਨ ਨਾਲ ਹੋਲੀ ਖੇਡੀ ਜਾ ਰਹੀ ਹੈ। ਖ਼ੂਨ-ਖ਼ਰਾਬਾ ਬੰਦ ਨਾ ਹੋਇਆ ਤਾਂ ਪਾਕਿਸਤਾਨੀਆਂ ਵਾਂਗ ਪੰਜਾਬੀਆਂ ਦੇ ਵੀਜ਼ੇ ਵੀ ਰੱਦ ਹੋਣ ਦਾ ਖ਼ਦਸ਼ਾ ਹੈ।

9 ਅਕਤੂਬਰ

# ਕਿਤਾਬ, ਹਿਸਾਬ ਤੇ ਹਿਜਾਬ

ਹਿਜਾਬ ਨੂੰ ਲੈ ਕੇ ਆਲਮੀ ਮੁਸਲਿਮ ਭਾਈਚਾਰਾ ਹੀ ਨਹੀਂ ਸਗੋਂ ਭਾਰਤ ਦੀ ਸਰਵ-ਉੱਚ ਅਦਾਲਤ ਦੇ ਦੋ ਜੱਜਾਂ ਦਾ ਫ਼ੈਸਲਾ ਵੀ ਵੰਡਿਆ ਗਿਆ। ਕਰਨਾਟਕਾ ਦੇ ਸਕੂਲਾ 'ਚ ਹਿਜਾਬ ਪਹਿਨਣ 'ਤੇ ਰੋਕ ਲਾਉਣ ਤੋਂ ਬਾਅਦ ਜਿੱਥੇ ਰੋਹ ਦਾ ਘੜਿਆਲ ਵੱਜਿਆ ਸੀ, ਉੱਥੇ ਸਾਢੇ ਤਿੰਨ ਹਜ਼ਾਰ ਕਿਲੋਮੀਟਰ ਦੂਰ ਇਰਾਨ 'ਚ ਕੁੜੀਆਂ ਤੇ ਔਰਤਾਂ ਜਨਤਕ ਤੌਰ 'ਤੇ ਨਕਾਬ, ਬੁਰਕੇ ਤੇ ਹਿਜਾਬ ਉਤਾਰ ਕੇ ਜਨਤਕ ਤੌਰ 'ਤੇ ਸਾੜ ਰਹੀਆਂ ਹਨ। ਰੂੜੀਵਾਦੀ ਵਿਚਾਰਧਾਰਾ ਤੇ ਪਰੰਪਰਾਵਾਂ ਦਰਅਸਲ ਪੱਥਰ 'ਤੇ ਲਕੀਰਾਂ ਵਾਂਗ ਉੱਕਰੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਮਿਟਾਉਣ ਲੱਗਿਆਂ ਉਹ ਹੋਰ ਗੂੜ੍ਹੀਆਂ ਹੋ ਜਾਂਦੀਆਂ ਹਨ। ਲਿਬਾਸ ਕਿਸੇ ਵੀ ਸੰਸਕ੍ਰਿਤੀ/ਸੱਭਿਆਚਾਰ ਦਾ ਵਿਸ਼ੇਸ਼ ਅੰਗ ਮੰਨਿਆ ਜਾਂਦਾ ਹੈ। ਸੱਭਿਆਚਾਰ, ਸਭਿ (ਸਭਯ) ਅਤੇ ਆਚਾਰ ਦਾ ਸਮਾਸ ਰੂਪ ਹੈ, ਜਿਸ ਦਾ ਅਰਥ ਮਾਂਜਿਆ-ਸੁਆਰਿਆ ਮਾਨਵੀ-ਵਿਹਾਰ ਹੈ। ਸਦੀਆਂ ਤੋਂ ਔਰਤ ਜਾਤ ਆਰਥਿਕ ਤੌਰ 'ਤੇ ਮਰਦ 'ਤੇ ਨਿਰਭਰ ਰਹੀ ਹੋਣ ਕਰਕੇ ਉਸ ਨੂੰ ਅਰਧਾਂਗਣੀ ਮੰਨਿਆ ਜਾਂਦਾ ਰਿਹਾ ਹੈ। ਵਿੱਤੀ ਨਿਰਭਰਤਾ ਨੇ ਹੀ 'ਪਤੀ' ਨੂੰ 'ਪਰਮੇਸ਼ਵਰ' ਦਾ ਰੁਤਬਾ ਦਿੱਤਾ ਸੀ। ਮਰਦ-ਪ੍ਰਧਾਨ ਸਮਾਜ ਨੇ ਔਰਤ ਦਾ ਲਿਬਾਸ ਤੈਅ ਕੀਤਾ। ਨੈਤਿਕ ਬੰਦਿਸ਼ਾਂ 'ਚ ਜਕੜਨ ਲਈ ਔਰਤ ਨੂੰ ਪਤੀ-ਬਰਤਾ, ਸਤਵੰਤੀ ਅਤੇ ਲਾਜਵੰਤੀ ਵਰਗੇ ਸ਼ਬਦਾਂ 'ਚ ਬੰਨ੍ਹਿਆ ਜਾਂਦਾ ਰਿਹਾ। 'ਸ਼ਬਦਾਂ ਦੀਆਂ ਲਿਖਤਾਂ' 'ਚ ਜੀ ਐੱਸ ਰਿਆਲ ਲਿਖਦੇ ਹਨ, "ਅਰਬ ਦੇ ਲੋਕ ਇਸਤਰੀ ਨੂੰ ਗ਼ੈਰ ਮਰਦਾਂ ਦੀ ਨਜ਼ਰ ਤੋਂ ਬਚਾਉਣ ਲਈ ਉਨ੍ਹਾਂ ਨੂੰ ਘਰ ਦੀ ਚਾਰ-ਦੀਵਾਰੀ ਅਤੇ ਘੋਰ ਪਰਦੇ ਵਿਚ ਰੱਖਦੇ ਸਨ। ਇੱਥੋਂ ਤਕ ਕਿ 'ਜ਼ਨਾਨੀਆਂ' ਦੇ ਸੂਚਕ ਅਰਬੀ ਸ਼ਬਦ ਮਸਤੂਰਾਤ ਦਾ ਅਸਲੀ ਅਰਥ ਹੀ 'ਪਰਦੇ ਵਿਚ ਰਹਿਣ ਵਾਲੀਆਂ' ਅਰਥਾਤ 'ਗੁਪਤ ਮਾਲ' ਦਾ ਹੈ। ਸਮਾਜ ਵਿਚ ਹੂਰਾਂ ਦੀ ਸੌਗਾਤ ਕੇਵਲ ਮਰਦਾਂ ਲਈ ਰਾਖਵੀਂ ਹੈ। ਸਾਡੀਆਂ ਗੰਦੀਆਂ ਗਾਲ੍ਹਾਂ ਦਾ ਝੁਕਾਅ ਵੀ ਇਸਤਰੀ ਵੱਲ ਹੈ। ਪਤਨੀ ਦੇ ਭਰਾ ਤੇ ਭੈਣ ਦੇ ਸੂਚਕ ਸਾਲਾ ਤੇ ਸਾਲੀ ਵੀ ਸੁੱਕੇ ਨਹੀਂ ਬਚੇ ਅਤੇ ਇਹ ਵੀ ਗਾਲ੍ਹ ਵਜੋਂ ਵਰਤੇ ਜਾਂਦੇ ਹਨ... ਕੰਨਿਆ ਇਕ ਪਾਕ-ਪਵਿੱਤਰ ਤੇ 'ਮਾਸੂਮ' ਜਿਹਾ ਸ਼ਬਦ ਹੈ ਪਰ ਇਸ ਨਾਲ ਇਰਾਨੀ ਸ਼ਬਦ ਕਨੀਜ਼ ਮਰਦਾਂ ਦੇ ਹੱਥ ਚੜ੍ਹ ਕੇ ਗਿਰਾਵਟ ਦਾ ਸ਼ਿਕਾਰ ਬਣ ਕੇ ਅਜੋਕੀ ਦਾਸੀ ਜਾਂ ਰਖੇਲ ਬਣ ਗਏ।" ਡੋਲੀ/ਪਾਲਕੀ ਨੂੰ ਵੀ ਮੋਟੇ ਕੱਪੜੇ ਨਾਲ ਚੁਫੇਰਿਓਂ ਕੱਜਿਆ ਜਾਂਦਾ ਤਾਂ ਜੋ ਦੁੱਲਹਣ 'ਤੇ ਕੁਹਾਰਾਂ ਤਕ ਦੀ ਨਜ਼ਰ ਨਾ ਪਵੇ। ਰਸਮ-ਰਿਵਾਜ ਬੱਚੀ ਦੀ ਪੈਦਾਇਸ਼ ਤੋਂ ਲੈ ਕੇ ਉਸ ਦੀ ਕਬਰ ਤਕ ਪਿੱਛਾ ਨਾ ਛੱਡਦੇ। ਮੱਧਕਾਲੀਨ, ਜਾਗੀਰਦਾਰੀ ਜਾਂ ਕਬੀਲਾਵਾਦ 'ਚ ਔਰਤ ਦਾ ਪਰਦਾ-ਨਸ਼ੀਨ ਹੋਣਾ ਲਾਜ਼ਮੀ ਸੀ ਜੋ ਸਮੇਂ ਦੇ ਨਾਲ ਸੱਭਿਆਚਾਰ ਤੇ

ਧਾਰਮਿਕ ਰਹੁ-ਰੀਤਾਂ ਦਾ ਅਨਿੱਖੜਵਾਂ ਅੰਗ ਬਣ ਗਿਆ। ਇਸਲਾਮ ’ਚ ਅਣ-ਵਿਆਹੀਆਂ ਲਈ ਹਿਜਾਬ/ਨਕਾਬ ਤੇ ਵਿਆਹੁਤਾ ਲਈ ਬੁਰਕਾ (ਜਿਸ ਨਾਲ ਲਗਪਗ ਸਾਰਾ ਸਰੀਰ ਢੱਕਿਆ ਜਾਵੇ) ਜੀਵਨ-ਸਾਥੀ ਬਣ ਗਏ। ਅਰਬੀ/ਫ਼ਾਰਸੀ, ਮਹਾਨਕੋਸ਼ ਅਤੇ ਹੋਰ ਕੋਸ਼ਾਂ ਮੁਤਾਬਿਕ ਹਿਜਾਬ ਦੇ ਮਾਅਨੇ ਪਰਦਾ, ਘੁੰਢ, ਬੁਰਕਾ, ਨਕਾਬ, ਸੰਗ, ਲੱਜਿਆ, ਸ਼ਰਮ ਅਤੇ ਹਯਾ ਹਨ। ਇਸਲਾਮ ਦੇ ਧਾਰਮਿਕ ਗ੍ਰੰਥਾਂ ਵਿਚ ਮਰਦਾਂ ਨੂੰ ਵੀ ਅੱਖ ਨੀਵੀਂ ਕਰਨ ਦੀ ਹਿਦਾਇਤ /ਮਸ਼ਵਰਾ ਹੈ ਪਰ ਔਰਤਾਂ ਲਈ ਇਹ ਲਾਜ਼ਮੀ ਹੈ ਕਿ ਉਹ ਮੈਲੀਆਂ ਨਜ਼ਰਾਂ ਤੋਂ ਬਚਣ ਲਈ ਪਰਦਾ-ਨਸ਼ੀਨ ਹੋਣ। ਇਸਲਾਮ ਤੋਂ ਇਲਾਵਾ ਘੁੰਢ ਕੱਢਣਾ, ਚੁੰਨੀ/ਦੁਪੱਟਾ ਲੈਣਾ ਵੀ ਪੰਜਾਬੀ/ਭਾਰਤੀ ਸੰਸਕ੍ਰਿਤੀ ਦਾ ਹਿੱਸਾ ਹੈ। ਇਸਲਾਮ ’ਚ ਸ਼ੁਰੂ ਤੋਂ ਹੀ ਔਰਤ ਦਾ ਰੁਤਬਾ ਦੁਜੈਲਾ (ਦੂਜੇ ਦਰਜੇ ਦਾ ਨਾਗਰਿਕ) ਵਾਂਗ ਰਿਹਾ ਹੈ। ਆਰਥਿਕ ਤੌਰ ’ਤੇ ਮਰਦ ਦੀਆਂ ਗ਼ੁਲਾਮ ਰਹੀਆਂ ਔਰਤਾਂ ਨੇ ਉਨ੍ਹਾਂ ਲਈ ਨਿਰਧਾਰਤ ਕੀਤੇ ਗਏ ਲਿਬਾਸ ’ਤੇ ਉਜਰ ਕਰਨ ਦਾ ਕਦੇ ਹੀਆ ਨਾ ਕੀਤਾ। ਹਾਂ, ਹਿਜਾਬ ਪਹਿਨਣ ਦੇ ਵਿਰੁੱਧ ਪਹਿਲੀ ਆਵਾਜ਼ ਸੌ ਸਾਲ ਪਹਿਲਾਂ ਕੱਟੜਪੰਥੀ ਵਿਚਾਰਧਾਰਾ ਵਾਲੇ ਦੇਸ਼ ਅਫ਼ਗਾਨਿਸਤਾਨ ’ਚੋਂ ਆਈ ਸੀ। ਅਮਾਨਉੱਲਾ ਖ਼ਾਨ 1919 ’ਚ ਜਦੋਂ ਗੱਦੀ-ਨਸ਼ੀਨ ਹੋਇਆ ਤਾਂ ਉਸ ਦੀ ਰੋਸ਼ਨ-ਦਿਮਾਗ਼ ਬੀਵੀ ਸੁਰਈਆ ਤਨਜ਼ੀ ਨੇ ਹਿਜਾਬ/ਬੁਰਕੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਅਮਾਨਉੱਲਾਹ ਖ਼ਾਨ ਦੀ ਅਫ਼ਗਾਨਿਸਤਾਨ ’ਤੇ ਬਾਦਸ਼ਾਹਤ ਇਕ ਦਹਾਕਾ ਰਹੀ ਪਰ ਉਸ ਨੇ ਆਪਣੀ ਬੀਵੀ ਦੇ ਔਰਤ-ਜਾਤ ਨੂੰ ਜ਼ਿਹਨੀ ਆਜ਼ਾਦੀ ਦਿਵਾਉਣ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਖ਼ੂਬ ਹਵਾ ਦਿੱਤੀ। ਸੁਰਈਆ ਚਾਰ ਨਿਕਾਹਾਂ ਦੇ ਵੀ ਖ਼ਿਲਾਫ਼ ਸੀ। ਸਮਾਜ ਨੂੰ ਕਬਾਇਲੀ ਸੋਚ ’ਚੋਂ ਬਾਹਰ ਕੱਢਣ ਲਈ ਉਸ ਨੇ ਪੂਰੀ ਵਾਹ ਲਾ ਦਿੱਤੀ। ਅਫ਼ਸੋਸ! ਅਮਾਨਉੱਲਾਹ ਖ਼ਾਨ ਨੂੰ ਸੰਨ 1929 ’ਚ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ ਤੇ ਉਸ ਨੂੰ ਭਾਰਤ ’ਚ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ। ਜਨਤਕ ਤੌਰ ’ਤੇ ਨਕਾਬ ਉਤਾਰਨ ਵਾਲੀ ਸੁਰਈਆ ਨੇ ਭਾਰਤ ਦੀ ਖੁੱਲ੍ਹੀ ਫ਼ਿਜ਼ਾ ’ਚ ਸੁੱਖ ਦਾ ਸਾਹ ਲਿਆ। ਭਾਰਤ (ਮੁੰਬਈ) ’ਚ ਜਨਮ ਲੈਣ ਵਾਲੀ ਉਨ੍ਹਾਂ ਦੀ ਬੇਟੀ ਨਾਜੀਆ ਨੂੰ ‘ਅਫ਼ਗਾਨਿਸਤਾਨ ਦੀ ਰਾਜਕੁਮਾਰੀ ਇੰਡੀਆ’ ਦਾ ਨਾਮ ਦਿੱਤਾ ਗਿਆ। ਇਸ ਤੋਂ ਬਾਅਦ ਅਕਲੀਮ ਅਖ਼ਤਰ ਦੂਜੀ ਅਜਿਹੀ ਔਰਤ ਸੀ ਜਿਸ ਨੇ ਪਾਕਿਸਤਾਨ ਦੇ ਮਸ਼ਹੂਰ ਹਿੱਲ ਸਟੇਸ਼ਨ ਮੱਰੀ ’ਚ ਜਨਤਕ ਤੌਰ ’ਤੇ ਬੁਰਕਾ ਵਗਾਹ ਮਾਰਿਆ ਸੀ। ਯਹੀਆ ਖ਼ਾਨ ਦੀ ਸਦਾਰਤ ਵੇਲੇ ‘ਜਨਰਲ ਰਾਣੀ’ ਦੇ ਤੌਰ ’ਤੇ ਮਸ਼ਹੂਰ ਹੋਈ ਅਕਲੀਮ (ਅਰੂਸਾ ਆਲਮ ਦੀ ਮਾਤਾ) ਨੇ ਅਜਿਹਾ ਉਸ ਵੇਲੇ ਕੀਤਾ ਜਦੋਂ ਉਸ ਦੇ ਪੁਲਿਸ ਅਫ਼ਸਰ ਖਾਵੰਦ ਨੇ ਹਵਾ ਨਾਲ ਚਿਹਰੇ ਤੋਂ ਸਰਕੇ ਹਿਜਾਬ ਬਾਰੇ ਉਸ ਨੂੰ ਖ਼ੂਬ ਡਾਂਟਿਆ ਸੀ। ਇਰਾਨ ’ਚ ਅਜਿਹਾ ਰੋਹ ਦੇਸ਼-ਵਿਆਪੀ ਬਣ ਚੁੱਕਾ ਹੈ। ਇਰਾਨ ’ਚ ਦਰਅਸਲ 1979 ਤੋਂ ਕਾਜ਼ੀਆਂ, ਮੁੱਲਾਂ-ਮੌਲਵੀਆਂ ਦਾ ਸ਼ਾਸਨ ਚੱਲ ਰਿਹਾ ਹੈ। ਸੋਲਾਂ ਸਤੰਬਰ, 2022 ਨੂੰ 22 ਸਾਲਾਂ ਮਹਿਸਾ ਅਮੀਨੀ ਨੂੰ ਇਰਾਨ ਦੀ ‘ਮੌਰੈਲਟੀ ਪੁਲਿਸ’ (ਲੋਕਾਂ ਦੀ ਨਿੱਜੀ ਜ਼ਿੰਦਗੀ ’ਤੇ ਸ਼ਰੀਅਤ ਠੋਸਣ ਵਾਲੀ ਨਿੱਜੀ ਇਖ਼ਲਾਕੀ ਪੁਲਿਸ) ਦੀ ਹਿਰਾਸਤ ’ਚ ਮੌਤ ਤੋਂ ਬਾਅਦ ਦੇਸ਼ ਭਰ ’ਚ ਲੋਕਾਂ ਦੇ ਦਿਲਾਂ ਅੰਦਰੋਂ ਫੁੱਟਿਆ ਗੁੱਸਾ ਭਾਂਬੜ ਬਣ ਨਿਕਲਿਆ ਸੀ। ਹਿਜਾਬਾਂ, ਨਕਾਬਾਂ

ਤੇ ਬੁਰਕਿਆਂ ਦੀ ਥਾਂ-ਥਾਂ ’ਤੇ ਹੋਲੀ ਬਾਲੀ ਜਾਣ ਲੱਗੀ। ਮੁਟਿਆਰਾਂ ਗੁੱਸੇ ’ਚ ਆਪਣੇ ਵਾਲ ਕੱਟ ਕੇ ਸੁੱਟ ਰਹੀਆਂ ਸਨ। ਸਰਕਾਰ ਨੂੰ ਇੰਟਰਨੈੱਟ ਸੇਵਾਵਾਂ ਬੰਦ ਕਰਨ ਲਈ ਮਜਬੂਰ ਹੋਣਾ ਪਿਆ। ਇਰਾਨ ਦਾ ਹਾਕਮ ਇਸ ਪਿੱਛੇ ‘ਵਿਦੇਸ਼ੀ ਹੱਥ’ ਦੱਸ ਰਿਹਾ ਸੀ ਜਿਸ ਨੇ ਇੰਟਰਨੈੱਟ ’ਤੇ ਸਰਕਾਰ ਵਿਰੁੱਧ ਅਜਿਹਾ ਬਿਰਤਾਂਤ ਸਿਰਜਿਆ ਸੀ। ਅਜਿਹਾ ਵਰਤਾਰਾ ਸਰਬਰਾਹ ਆਇਤੁੱਲਾ ਅਲੀ ਖੋਮਿਨੀ ਲਈ  ਸਦਮੇ ਤੋਂ ਘੱਟ ਨਹੀਂ ਜੋ 1989 ਤੋਂ ਸ਼ੱਰ੍ਹਾ ਮੁਤਾਬਿਕ ਹਾਲਾਤ ਮੁਲਕ ਨੂੰ ਚਲਾਉਂਦਾ ਆ ਰਿਹਾ ਸੀ। ਇਰਾਨ ਦੇ ਬਿਲਕੁਲ ਉਲਟ ਭਾਰਤ ਦੇ ਕਰਨਾਟਕਾ ਸੂਬੇ ਦੇ ਸਕੂਲਾਂ ’ਚ ਹਿਜਾਬ ਪਾ ਕੇ ਸਕੂਲ ਅੰਦਰ ਆਉਣ ’ਤੇ ਪਾਬੰਦੀ ਲੱਗਣ ਤੋਂ ਬਾਅਦ ਇਹ ਦੇਸ਼ ਭਰ ’ਚ ਵੱਡਾ ਮੁੱਦਾ ਬਣ ਗਿਆ ਹੈ। ਜਿੱਥੇ ਇਰਾਨ ’ਚ ਔਰਤਾਂ ਨੇ ਹਿਜਾਬ/ਬੁਰਕਾ ਠੋਸਣ ਦੀ ਰੂੜੀਵਾਦੀ ਸੋਚ ਨੂੰ ਵੰਗਾਰ ਦੇ ਤੌਰ ’ਤੇ ਲਿਆ ਹੈ, ਉੱਥੇ ਭਾਰਤ ਦੇ ਇਕ ਵਰਗ ਦੀਆਂ ਔਰਤਾਂ ਪਾਬੰਦੀ ਦੇ ਹੁਕਮਾਂ ਖ਼ਿਲਾਫ਼ ਲਲਕਾਰ ਰਹੀਆਂ ਹਨ। ਲੋਕ-ਘੋਲ ਤੇ ਲੋਕ-ਚੇਤਨਾ ਦੇ ਵੱਖੋ-ਵੱਖਰੇ ਰੰਗ ਵਿਸ਼ਵ-ਵਿਆਪੀ ਵੰਨ-ਸੁਵੰਨ ਮਾਨਸਿਕਤਾ ਦਾ ਹੀ ਦਰਪਣ ਹਨ। ਇਰਾਨ ਦਰਅਸਲ ਵੈਟੀਕਨ ਤੋਂ ਇਲਾਵਾ ਦੁਨੀਆ ਦੀ ਇਕਲੌਤੀ ਸਟੇਟ ਹੈ ਜਿੱਥੇ ਧਰਮ ਤੇ ਸਿਆਸਤ ਦਾ ਸੁਮੇਲ ਹੈ। ਸਟੇਟ ਅਤੇ ਧਰਮ ਦਾ ਮੁਖੀ ਇਕ ਹੋਣ ਕਾਰਨ ਇਰਾਨ ਵਰਗੇ ਮੁਲਕ ’ਚ ਇਕਤਰਫ਼ਾ ਕਾਨੂੰਨ ਠੋਸੇ ਜਾਂਦੇ ਹਨ। ਦੂਜੇ ਪਾਸੇ ਭਾਰਤ ਬਹੁ-ਧਰਮੀ ਮੁਲਕ ਹੈ ਜਿੱਥੇ ਮਜ਼ਹਬਾਂ ਦੀ ਵੰਨ-ਸੁਵੰਨਤਾ ਨੂੰ ਸਾਡਾ ਸੰਵਿਧਾਨ ਪੂਰੀ ਮਾਨਤਾ ਦਿੰਦਾ ਹੈ। ਸੰਵਿਧਾਨ ਅਨੁਸਾਰ ਇੱਥੇ ਕਿਸੇ ਧਰਮ ਦੀ ਇਜਾਰੇਦਾਰੀ ਨਹੀਂ ਹੈ। ਇਸ ਦੇ ਬਾਵਜੂਦ ਹਰ ਧਰਮ ਦੇ ਕੱਟੜਪੰਥੀ ਸੈਕੂਲਰ ਤਾਣੇ-ਬਾਣੇ ਨੂੰ ਤਾਰ-ਤਾਰ ਕਰਨ ਦੀ ਤਾਕ ਵਿਚ ਰਹਿੰਦੇ ਹਨ। ਧਰਮ ਦੇ ਨਾਮ ’ਤੇ ਜਦੋਂ ਬੇਗੁਨਾਹਾਂ ਦਾ ਖ਼ੂਨ ਡੋਲ੍ਹਿਆ ਜਾਂਦਾ ਹੈ ਤਾਂ ਉਦੋਂ ਜਰਮਨ ਦਾਰਸ਼ਨਿਕ ਕਾਰਲ ਮਾਰਕਸ ਦੇ ਬੋਲ ਯਾਦ ਆ ਜਾਂਦੇ ਹਨ, ‘ਧਰਮ, ਮਜ਼ਲੂਮ ਪ੍ਰਾਣੀ ਦਾ ਹੌਕਾ, ਬੇਦਿਲ ਸੰਸਾਰ ਦਾ ਦਿਲ ਅਤੇ ਅਤੇ ਆਤਮਾ-ਰਹਿਤ ਹਾਲਾਤ ਦੀ ਰੂਹ ਹੈ। ਇਹ ਲੋਕਾਂ ਦੀ ਅਫ਼ੀਮ ਹੈ। ਇਸ ਨਾਲ ਤਤਕਾਲ ਦੁੱਖ ਘਟ ਜਾਂਦਾ ਹੈ ਤੇ ਸੁਖਾਵੇਂ ਭਰਮ ਸਿਰਜੇ ਜਾਂਦੇ ਹਨ। ਹਿਜਾਬ ਦੀ ਗੱਲ ਕਰੀਏ ਤਾਂ ਚੀਨ, ਫਰਾਂਸ, ਨੀਦਰਲੈਂਡ, ਤੁਰਕੀ, ਬੈਲਜੀਅਮ ਅਤੇ ਸਵਿਟਜ਼ਰਲੈਂਡ ਵਰਗੇ ਕਈ ਦੇਸ਼ਾਂ ਨੇ ਜਨਤਕ ਥਾਵਾਂ ’ਤੇ ਪਾਬੰਦੀਆਂ ਲਾਈਆਂ ਹਨ। ਭਾਰਤ ਦੀ ਸਰਵ-ਉੱਚ ਅਦਾਲਤ ਦੇ ਜਸਟਿਸ ਹੇਮੰਤ ਗੁਪਤਾ ਨੇ ਹਿਜਾਬ ਵਿਰੁੱਧ ਪਾਈਆਂ ਸਭ ਪਟੀਸ਼ਨਾਂ ਰੱਦ ਕੀਤੀਆਂ ਹਨ ਜਦਕਿ ਜਸਟਿਸ ਸੁਧਾਂਸ਼ੂ ਧੂਲੀਆ ਨੇ ਮੁਸਲਿਮ ਵਿਦਿਆਰਥਣਾਂ ਵੱਲੋਂ ਸਕੂਲਾਂ ’ਚ ਹਿਜਾਬ ਪਾਉਣ ਦੇ ਹੱਕ ’ਚ ਫ਼ੈਸਲਾ ਸੁਣਾਇਆ ਹੈ। ਉਨ੍ਹਾਂ ਅਨੁਸਾਰ ਪਾਠਸ਼ਾਲਾ ਉਹ ਮੁਕੱਦਸ ਸਥਾਨ ਹੁੰਦਾ ਹੈ, ਜਿੱਥੇ ਬੱਚੇ ‘ਅਨੇਕਤਾ ’ਚ ਏਕਤਾ’ ਦਾ ਪਾਠ ਸਿੱਖਦੇ ਹਨ। ਜਸਟਿਸ ਗੁਪਤਾ ਦਾ ਮੰਨਣਾ ਹੈ ਕਿ ਪਾਠਸ਼ਾਲਾ ’ਚ ਬੱਚਿਆਂ ਲਈ ਲਿਬਾਸ ਇੱਕੋ ਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਹਰ ਕੋਈ ਬਰਾਬਰ ਦਿਸੇ। ਫ਼ਿਲਹਾਲ ਹਿਜਾਬ ਦਾ ਮੁੱਦਾ ਸੁਲਝਣ ਦੀ ਬਜਾਏ ਹੋਰ ਉਲਝਦਾ ਦਿਖਾਈ ਦੇ ਰਿਹਾ ਹੈ।

16 ਅਕਤੂਬਰ

# ਨਿੱਕੇ-ਨਿੱਕੇ ਯੁੱਧ ਲੜਦੇ ਜੁਗਨੂੰ

ਦੀਵਾਲੀ ਜਾਂ ਦੀਪਾਵਲੀ ਦਾ ਤਿਓਹਾਰ ਹਨੇਰੇ ਉੱਤੇ ਚਾਨਣ, ਬੁਰਾਈ 'ਤੇ ਚੰਗਿਆਈ ਅਤੇ ਅਗਿਆਨਤਾ 'ਤੇ ਗਿਆਨ ਦੀ ਫ਼ਤਿਹ ਵਜੋਂ ਮਨਾਇਆ ਜਾਂਦਾ ਹੈ। ਸਦੀਆਂ ਤੋਂ ਰੋਸ਼ਨੀਆਂ ਦਾ ਇਹ ਉਤਸਵ ਹਨੇਰਿਆਂ ਖ਼ਿਲਾਫ਼ ਐਲਾਨ-ਏ-ਜੰਗ ਦਾ ਪ੍ਰਤੀਕ ਬਣਿਆ ਹੋਇਆ ਹੈ। ਮਰਿਆਦਾ ਪਰਸ਼ੋਤਮ ਸ੍ਰੀ ਰਾਮਚੰਦਰ ਜਦੋਂ 14 ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਨਗਰੀ ਵਾਪਸ ਆਏ ਤਾਂ ਨਗਰ ਵਾਸੀਆਂ ਨੇ ਆਪਣੇ ਘਰਾਂ ਦੇ ਬਨੇਰਿਆਂ ਨੂੰ ਦੀਵਿਆਂ ਦੀਆਂ ਕਤਾਰਾਂ ਨਾਲ ਸ਼ਿੰਗਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਸਿੱਖ ਧਰਮ 'ਚ ਇਹ ਤਿਓਹਾਰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ 52 ਰਾਜਿਆਂ ਸਣੇ ਜਦੋਂ ਰਿਹਾ ਹੋਏ ਤਾਂ ਖੀਵੀ ਹੋਈ ਸੰਗਤ ਨੇ ਗੁਰਧਾਮਾਂ ਤੇ ਘਰਾਂ 'ਚ ਘਿਓ ਦੇ ਦੀਵੇ ਬਾਲੇ ਸਨ। ਅਯੁੱਧਿਆ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਦੁਨੀਆ ਦੇ ਕੋਨੇ-ਕੋਨੇ 'ਚ ਰਹਿੰਦੇ ਭਾਰਤਵਾਸੀ ਇਸ ਤਿਓਹਾਰ ਨੂੰ ਬੇਹੱਦ ਸ਼ਰਧਾ ਤੇ ਚਾਅ ਨਾਲ ਮਨਾਉਂਦੇ ਹਨ। ਗੁਰੂ ਨਗਰੀ ਦੀ ਦੀਵਾਲੀ ਬਾਰੇ ਤਾਂ ਅਖਾਣ ਮਸ਼ਹੂਰ ਹੈ, 'ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ।' ਅਮਰੀਕਾ ਦੇ ਖੋਜ ਵਿਗਿਆਨੀ ਥਾਮਸ ਅਲਵਾ ਐਡੀਸਨ ਵੱਲੋਂ 21 ਅਕਤੂਬਰ 1879 'ਚ ਬਲਬ (ਬਿਜਲੀ ਵਾਲਾ ਲਾਟੂ) ਦੀ ਖੋਜ ਤੋਂ ਪਹਿਲਾਂ ਮਨੁੱਖ ਹਨੇਰੇ ਨਾਲ ਲੜਨ ਲਈ ਤਰ੍ਹਾਂ-ਤਰ੍ਹਾਂ ਦੇ ਤਰੱਦਦ ਕਰਦਾ ਰਿਹਾ ਹੈ। ਅੱਗ ਦੀ ਕਾਢ ਨੇ ਮਨੁੱਖ ਨੂੰ ਮਹਾਬਲੀ ਬਣਨ 'ਚ ਵੱਡੀ ਭੂਮਿਕਾ ਨਿਭਾਈ ਸੀ। ਤੀਲਾਂ ਦੀ ਡੱਬੀ ਅਤੇ ਮਿੱਟੀ ਦੇ ਦੀਵੇ ਅਗਲਾ ਪੜਾਅ ਸੀ। ਐਡੀਸਨ ਨੇ ਕਾਰਬਨ ਥਰੈੱਡ ਫਿਲਾਮੈਂਟ ਨਾਲ ਬਲਬ ਈਜਾਦ ਕੀਤਾ ਜੋ 40 ਘੰਟਿਆਂ ਤੋਂ ਵੱਧ ਰੋਸ਼ਨੀ ਦੇਣ ਦੇ ਸਮਰੱਥ ਸੀ। ਨਿਸ਼ਚੇ ਹੀ ਇਹ ਕ੍ਰਾਂਤੀਕਾਰੀ ਖੋਜ ਸੀ ਜਿਸ ਨੇ ਵਿਕਾਸ ਦੇ ਤਮਾਮ ਦਰ-ਦਰਵਾਜ਼ੇ ਖੋਲ੍ਹ ਦਿੱਤੇ। ਵੀਹਵੀਂ-ਇੱਕੀਵੀਂ ਸਦੀ ਤਕ ਪੁੱਜਦਿਆਂ ਬਿਜਲੀ ਦੀ ਬਦੌਲਤ ਦਿਨ-ਰਾਤ ਦਾ ਫ਼ਰਕ ਹੀ ਮਿਟ ਗਿਆ ਹੈ। ਦੁਨੀਆ ਦੇ ਕਈ ਮਹਾਨਗਰਾਂ 'ਚ ਜਿਵੇਂ ਰਾਤ ਪੈਂਦੀ ਹੀ ਨਹੀਂ। ਸੂਰਜੀ ਊਰਜਾ ਇਕ ਹੋਰ ਇਨਕਲਾਬੀ ਖੋਜ ਸੀ ਜਿਸ ਨੇ ਮਨੁੱਖ ਨੂੰ ਘੁੱਪ ਹਨੇਰਿਆਂ ਖ਼ਿਲਾਫ਼ ਲੜਨ ਦੀ ਹੋਰ ਸ਼ਕਤੀ ਦੇ ਦਿੱਤੀ। ਖ਼ੈਰ, ਪੁਰਾਣੇ ਲੋਕ ਅੱਜ ਵੀ ਬਲਬਾਂ ਦੀਆਂ ਲੜੀਆਂ ਦੀ ਬਜਾਏ ਆਪਣੇ ਘਰਾਂ ਦੇ ਬਨੇਰਿਆਂ ਨੂੰ ਦੀਵਿਆਂ ਦੀਆਂ ਕਤਾਰਾਂ ਨਾਲ ਸ਼ਿੰਗਾਰਨ ਨੂੰ ਤਰਜੀਹ ਦਿੰਦੇ ਹਨ। ਦੀਵਾ ਆਮ ਤੌਰ 'ਤੇ ਮਿੱਟੀ ਤੋਂ ਬਣਾਇਆ ਜਾਂਦਾ ਹੈ। 'ਮਿੱਟੀ ਦਾ ਦੀਵਾ' ਮਿੱਟੀ ਦੇ ਪੁਤਲੇ (ਮਨੁੱਖ)ਦਾ ਪ੍ਰਤੀਕ ਹੈ। ਲਟਲਟ ਬਲਦਾ ਦੀਵਾ ਜੀਵਨ ਰੂਪੀ ਜੋਤ ਮੰਨਿਆ ਜਾਂਦਾ ਹੈ। ਜਗਦਾ ਦੀਵਾ ਸੂਰਜ ਦਾ ਉਦੈ ਹੋਣਾ ਅਤੇ ਬੁਝਿਆ ਦੀਵਾ ਅਸਤ ਹੋਣਾ

ਮੰਨਿਆ ਜਾਂਦਾ ਹੈ। ਬਲਬ/ਲੈਂਪ, ਦੀਵੇ ਦਾ ਪ੍ਰਵਰਤਿਤ ਸਰੂਪ ਹੈ। ਮਿਥਿਹਾਸ ਅਨੁਸਾਰ ਮੱਸਿਆ ਦੀ ਰਾਤ ਦੇਵਤੇ ਵਿਚਾਰ-ਵਟਾਂਦਰਾ ਕਰ ਰਹੇ ਸਨ ਤਾਂ ਬਸੰਤ ਦੇਵੀ ਨੇ ਸਰ੍ਹੋਂ ਦੇ ਦੀਵੇ ਬਾਲ ਕੇ ਉਸ ਨੂੰ ਵਰਦਾਨ ਦਿੱਤਾ ਸੀ। ਵਰ ਅਨੁਸਾਰ ਜਿੱਥੇ ਸਰ੍ਹੋਂ ਦੇ ਦੀਵੇ ਬਾਲੇ ਜਾਣਗੇ, ਉੱਥੇ ਬਦਰੂਹਾਂ ਟਿਕ ਨਹੀਂ ਸਕਣਗੀਆਂ। ਇਸ ਕਥਾ ਦਾ ਭਾਵੇਂ ਇਤਿਹਾਸ ਨਾਲ ਕੋਈ ਸਬੰਧ ਨਹੀਂ, ਫਿਰ ਵੀ ਹਰ ਤਰ੍ਹਾਂ ਦੇ ਹਨੇਰੇ ਖ਼ਿਲਾਫ਼ ਜੰਗ ਲੜਨ ਲਈ ਸਦੀਆਂ ਤੋਂ ਦੀਵੇ ਬਾਲੇ ਜਾਂਦੇ ਰਹੇ ਹਨ। ਇਹ ਰਾਹਾਂ 'ਚ ਆਉਣ ਵਾਲੀ ਹਰ ਬਦਰੂਹ ਨੂੰ ਅੱਗੇ ਲਾਉਣ 'ਚ ਸਹਾਈ ਹੁੰਦੇ ਹਨ। ਰੋਸ਼ਨੀ ਮਨੁੱਖ ਦਾ ਮਾਰਗ ਦਰਸ਼ਨ ਕਰਨ 'ਚ ਸਹਾਈ ਹੁੰਦੀ ਹੈ। ਪਿਛਲੇ ਸਮੇਂ ਮਲਾਹ ਤਾਰਿਆਂ ਦੀਆਂ ਖਿੱਤੀਆਂ ਤੋਂ ਰਾਹ ਪੁੱਛਦੇ ਸਨ। ਫਿਰ ਜਲ-ਮਾਰਗਾਂ 'ਤੇ ਲੱਗੇ ਲਾਈਟ-ਹਾਊਸ ਰਾਹ-ਦਸੇਰਾ ਬਣੇ। ਪੰਜਾਬੀ ਲੋਕ-ਗੀਤਾਂ ਤੇ ਗਾਣਿਆਂ 'ਚ ਦੀਵਾ-ਬੱਤੀ ਦਾ ਮਹਾਤਮ ਮਹਿਸੂਸ ਕੀਤਾ ਜਾ ਸਕਦਾ ਹੈ, "ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ।" ਮਿਥਿਹਾਸ ਅਨੁਸਾਰ ਸਰ੍ਹੋਂ ਦਾ ਦੀਵਾ ਸ਼ਨੀ ਦੀ ਹਾਜ਼ਰੀ ਮੰਨਿਆ ਜਾਂਦਾ ਹੈ ਜਿਸ ਨਾਲ ਔਕੜਾਂ ਟਲ ਜਾਂਦੀਆਂ ਹਨ ਤੇ ਮਨੁੱਖ ਮੁਸੀਬਤਾਂ ਦੇ ਪਹਾੜ ਨਾਲ ਮੱਥਾ ਲਾਉਣ ਜੋਗਾ ਹੋ ਜਾਂਦਾ ਮੰਨਿਆ ਜਾਂਦਾ ਹੈ। ਟਿੱਲਿਆਂ 'ਤੇ ਬਲ਼ਦੇ ਦੀਵੇ ਮਨੁੱਖ ਲਈ ਚਾਨਣ-ਮੁਨਾਰੇ ਹਨ। ਹੱਟੀਆਂ ਅੰਦਰ ਬਲ਼ਦੇ ਚਿਰਾਗ਼ ਦੇ ਦਹਿਲੀਜ਼ਾਂ 'ਤੇ ਆ ਜਾਣ ਤਾਂ ਇਹ ਦੀਵਾਲੀਏਪਣ ਦਾ ਪ੍ਰਤੀਕ ਮੰਨੇ ਜਾਂਦੇ ਹਨ। ਇਸ ਲਈ ਦੀਵਿਆਂ ਨੂੰ ਉੱਚੀ ਜਗ੍ਹਾ 'ਤੇ ਰੱਖਣ ਦਾ ਰਿਵਾਜ ਪ੍ਰਚਲਤ ਸੀ। ਦੀਵੇ ਦੀ ਭੂਮਿਕਾ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤਕ ਰਹਿੰਦੀ ਹੈ। ਸ਼ੁੱਭ ਕਾਰਜ ਜਾਂ ਭਵਜਲ ਪਾਰ ਕਰਨ ਵੇਲੇ ਵੀ ਦੀਵੇ ਆਪਣੀ ਭੂਮਿਕਾ ਨਿਭਾਉਂਦੇ ਆਏ ਹਨ। ਮਿੱਥ ਮੁਤਾਬਿਕ ਮਰਨ ਉਪਰੰਤ ਵੈਤਰਨੀ ਨਦੀ ਪਾਰ ਕਰਨ ਲਈ ਮਰਨ ਵਾਲੇ ਦੇ ਸੱਜੇ ਹੱਥ 'ਤੇ ਆਟੇ ਦਾ ਦੀਵਾ ਰੱਖਿਆ ਜਾਂਦਾ ਹੈ। ਇਸੇ ਲਈ ਦੀਵੇ ਦੀ ਲਾਟ ਨੂੰ ਪਵਿੱਤਰ ਮੰਨਦਿਆਂ ਇਸ ਨੂੰ ਫੂਕ ਮਾਰ ਕੇ ਬੁਝਾਉਣਾ ਅਪਸ਼ਗਨ ਮੰਨਿਆ ਜਾਂਦਾ ਸੀ। ਪੁਰਾਣੇ ਲੋਕ ਕਹਿੰਦੇ ਕਿ ਅਜਿਹਾ ਕਰਨਾ 'ਅਗਨਿ' ਦੇਵਤਾ ਦਾ ਅਪਮਾਨ ਹੈ। ਲੋਅ ਜਾਂ ਬੱਤੀ ਨੂੰ ਫੂਕ ਮਾਰ ਕੇ ਭਿੱਟ ਕਰਨ ਲਾਲ ਬਦਰੂਹਾਂ ਵਾਪਸ ਪਿੜ ਮੱਲ ਲੈਂਦੀਆਂ ਹਨ। ਸਨਾਤਨੀ ਸੋਚ 'ਚੋਂ ਦੀਵਿਆਂ ਪ੍ਰਤੀ ਸ਼ਰਧਾ ਡੁੱਲ-ਡੁੱਲ ਪੈਂਦੀ ਹੈ : ਜਾ ਦੀਵਿਆ ਘਰ ਆਪਣੇ/ਤੇਰੀ ਮਾਂ ਉਡੀਕੇ ਵਾਰੀ ਆਈਂ ਹਨੇਰੇ, ਜਾਈਂ ਸਵੇਰ/ਸੱਭੇ ਸ਼ਗਨ ਵਿਚਾਰ ਜਾ ਦੀਵਿਆ ਘਰ ਆਪਣੇ/ਸੁੱਖ ਵਸਾਈਂ ਰਾਤ ਰਿਜ਼ਕ ਲਿਆਈਂ ਭਾਲ ਕੇ /ਤੇਲ ਲਿਆਈਂ ਨਾਲ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 694 'ਚ ਭਗਤ ਰਵਿਦਾਸ ਜੀ ਦੀਵਾ-ਬੱਤੀ ਨੂੰ ਪ੍ਰਭੂ ਦੀ ਜੋਤ ਨਾਲ ਮਿਲਾ ਕੇ ਵੇਖਦੇ ਹਨ : ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।। ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ (ਹੇ ਪ੍ਰਭੂ ! ਤੇਰਾ ਨਾਮ ਦੀਵਾ ਹੈ, ਨਾਮ ਹੀ ਇਸ ਦੀ ਵੱਟੀ ਹੈ। ਨਾਮ ਹੀ ਤੇਲ ਹੈ, ਜੋ ਮੈਂ ਦੀਵੇ ਵਿਚ ਪਾਇਆ ਹੈ। ਮੈਂ ਤੇਰੇ ਨਾਮ ਦੀ ਹੀ ਜੋਤਿ ਜਗਾਈ ਹੈ, ਜਿਸ ਦੀ ਬਰਕਤ ਨਾਲ ਸਾਰੇ ਭਵਨਾਂ 'ਚ ਚਾਨਣ ਹੋ ਗਿਆ ਹੈ)। ਆਸਾ ਭਗਤ ਕਬੀਰ ਜੀ (ਅੰਗ 477) 'ਚ ਫੁਰਮਾਨ ਹੈ : ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ/ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ (ਜਦ ਤਕ

ਦੀਵੇ ਅੰਦਰ ਤੇਲ ਹੈ ਤੇ ਉਸ (ਦੀਵੇ) ਦੇ ਮੂੰਹ ਵਿਚ ਵੱਟੀ ਹੈ, ਤਦ ਤਕ ਘਰ-ਮੰਦਰ 'ਚ ਹਰੇਕ ਚੀਜ਼ ਨਜ਼ਰੀਂ ਆਉਂਦੀ ਹੈ। ਤੇਲ ਸੜ ਜਾਏ, ਮੁੱਕ ਜਾਏ ਤਾਂ ਵੱਟੀ ਬੁਝ ਜਾਂਦੀ ਹੈ ਤੇ ਘਰ ਸੁੰਨਾ ਹੋ ਜਾਂਦਾ ਹੈ,ਤਿਵੇਂ ਸਰੀਰ 'ਚ ਜਦ ਤਕ ਸੁਆਸ ਚੱਲਦੇ ਹਨ ਤਦ ਤਕ ਹੀ ਜੀਵਨ-ਜੋਤ ਜਗਦੀ ਹੈ।) ਜਿਨ੍ਹਾਂ ਘਰਾਂ 'ਚ ਇਹ ਜੀਵਨ-ਜੋਤਾਂ ਬੁਝ ਜਾਂਦੀਆਂ ਹਨ, ਉਨ੍ਹਾਂ 'ਚ ਸੱਥਰ ਵਿਛ ਜਾਂਦੇ ਹਨ। ਨਸ਼ਿਆਂ ਦਾ ਦੈਂਤ ਕਈ ਜੀਵਨ-ਜੋਤਾਂ ਗੁੱਲ ਕਰ ਰਿਹਾ ਹੈ। ਪਿਛਲੇ ਦਿਨੀਂ ਸਕੇ ਭਰਾਵਾਂ ਨੂੰ ਵੀ ਇਹ ਦਾਨਵ ਨਿਗਲ ਗਿਆ। ਕਈ ਥਾਈਂ ਕਰਜ਼ੇ ਦੀ ਭਾਰੀ ਪੰਡ ਚੁੱਕਣ ਤੋਂ ਅਸਮਰੱਥ ਲੋਕਾਂ ਨੇ ਮੌਤ ਨੂੰ ਗਲੇ ਲਗਾਇਆ ਹੈ। ਗੈਂਗ ਵਾਰ 'ਚ ਅਣਗਿਣਤ ਕੀਮਤੀ ਜਾਨਾਂ ਗਵਾਚ ਰਹੀਆਂ ਹਨ। ਗੁੱਸਾ ਚੰਡਾਲ ਵਾਂਗ ਸਿਰ ਚੜ੍ਹ ਕੇ ਬੋਲਦਾ ਹੈ। ਇਕ ਵਿਅਕਤੀ ਨੇ ਤਾਂ ਗੁੱਸੇ 'ਚ ਆ ਕੇ ਆਪਣੇ ਬੀਵੀ ਬੱਚਿਆਂ ਸਮੇਤ ਪੰਜ ਜਣਿਆਂ ਨੂੰ ਜਿਊਂਦਾ ਸਾੜ ਕੇ ਫਿਰ ਖ਼ੁਦਕੁਸ਼ੀ ਕਰ ਲਈ। ਇਕ ਪੁੱਤਰ ਨੇ ਆਪਣੀ ਜਣਨੀ ਨੂੰ ਮਾਰ ਕੇ ਘਰ 'ਚ ਹੀ ਦੱਬ ਦਿੱਤਾ। ਫਿਰਕਾਪ੍ਰਸਤਾਂ ਵੱਲੋਂ ਵੀ ਪੰਜਾਬ ਦੇ ਸ਼ਾਂਤਮਈ ਵਾਤਾਵਰਨ ਨੂੰ ਅੱਗ ਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਿਨ੍ਹਾਂ ਘਰਾਂ 'ਚ ਸੱਥਰ ਵਿਛ ਜਾਂਦੇ ਹਨ, ਉਨ੍ਹਾਂ ਦੇ ਬਨੇਰੇ ਵੀ ਸੁੰਨੇ ਹੁੰਦੇ ਹਨ। ਰੋਸ਼ਨੀਆਂ ਦਾ ਤਿਓਹਾਰ ਉਨ੍ਹਾਂ ਲਈ ਬੇਮਾਅਨੇ ਹੋ ਜਾਂਦਾ ਹੈ। ਵਲੂੰਧਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦਾ ਦੁੱਖ ਹਰਨ ਲਈ ਸਰਕਾਰ ਅਤੇ ਸਮਾਜ ਨੂੰ ਅੱਗੇ ਆਉਣਾ ਚਾਹੀਦਾ ਹੈ, ਨਹੀਂ ਤਾਂ ਸ਼ਮਸ਼ਾਨਾਂ 'ਚ ਸਿਵੇ ਠੰਢੇ ਹੋਣ ਦੇ ਬਾਵਜੂਦ ਇਹ ਦਿਲਾਂ 'ਚ ਬਲ਼ਦੇ ਰਹਿੰਦੇ ਹਨ। ਅਜਿਹੇ ਨਾਸਾਜ਼ ਹਾਲਾਤ ਨੂੰ ਸਾਡੇ ਕਵੀ ਤਾਰਾ ਸਿੰਘ ਨੇ ਗੀਤ ਵਿਚ ਪਰੋਇਆ ਹੈ, "ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ/ਲੰਘ ਜਾਣ ਦੇ ਬਾਜ਼ਾਰ 'ਚੋਂ ਹਵਾਵਾਂ ਤੱਤੀਆਂ... ਇਨ੍ਹਾਂ ਘਰਾਂ ਵਿਚ ਬੁਝੇ ਹੋਏ ਚਿਰਾਗ਼ ਰਹਿਣ ਦੇ/ਕਿੱਥੋਂ ਜਾਏਂਗਾ ? ਦਿਸ਼ਾਵਾਂ ਸੱਭ ਲਹੂ-ਤੱਤੀਆਂ।" ਸੁਰਜੀਤ ਪਾਤਰ ਦਾ ਗੀਤ ਇਸ ਦਾ ਜਵਾਬ ਲੱਗਦਾ ਹੈ : "ਜਗਾ ਦੇ ਮੋਮਬੱਤੀਆਂ/ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ ਕੁਪੱਤੀਆਂ...।" ਆਮ ਆਦਮੀ ਜੁਗਨੂੰ ਦੀ ਨਿਆਈਂ ਹੈ ਜੋ ਹਨੇਰਿਆਂ ਖ਼ਿਲਾਫ਼ ਨਿੱਕੇ-ਨਿੱਕੇ ਯੁੱਧ ਲੜਦਾ ਹੈ। ਜੁਗਨੂੰ ਹਨੇਰਿਆਂ ਦਾ ਸਿਰਨਾਵਾਂ ਲੱਭ ਹੀ ਲੈਂਦੇ ਨੇ। ਹਨੇਰ-ਗ਼ਰਦੀ ਖ਼ਿਲਾਫ਼ ਲੜਨ ਵਾਲੇ ਇਹ ਅਦਨੇ ਜੇਹੇ ਜੀਵ ਸੂਰਜ ਦੇ ਚੜ੍ਹਨ ਦਾ ਇੰਤਜ਼ਾਰ ਨਹੀਂ ਕਰਦੇ।

23 ਅਕਤੂਬਰ

# ਸਾਹਿਤ ਸੰਜੀਵਨੀ

ਸਾਹਿਤ, ਚਮੁਖੀਏ ਦੀਵੇ ਵਾਂਗ ਮਨ-ਮਸਤਕ 'ਚ ਜਗਮਗਾਹਟ ਪੈਦਾ ਕਰਦਾ ਹੈ। ਸ਼ਬਦ, ਗੰਭੀਰ ਪਾਠਕ ਦੀ ਉਂਗਲੀ ਫੜ ਕੇ ਉਸ ਨੂੰ ਦੇਸ਼-ਦੇਸ਼ਾਂਤਰ ਘੁਮਾ ਦਿੰਦੇ ਹਨ। ਤੀਰਥਾਂ ਦੀ ਜ਼ਿਆਰਤ ਕਰਵਾ ਦਿੰਦੇ ਹਨ। ਢਹਿੰਦੀ ਕਲਾ 'ਚ ਗਏ ਵਿਅਕਤੀ ਲਈ ਸ਼ਬਦ ਪੌੜੀ ਬਣ ਜਾਂਦੇ ਹਨ ਤੇ ਉਹ ਚੜ੍ਹਦੀ ਕਲਾ 'ਚ ਪਹੁੰਚ ਜਾਂਦਾ ਹੈ। ਇਸੇ ਲਈ ਸਾਹਿਤ ਨੂੰ ਸਮਾਜ ਦਾ ਅਨੂਠਾ ਚਿਕਿਤਸਕ ਕਿਹਾ ਜਾਂਦਾ ਹੈ ਜੋ ਰੋਗੀਆਂ/ਮਨੋਰੋਗੀਆਂ ਲਈ ਸੰਜੀਵਨੀ ਤੋਂ ਘੱਟ ਨਹੀਂ ਹੈ। ਸਾਹਿਤ ਸਰਾਪੀ ਜ਼ਿੰਦਗੀ ਲਈ ਵਰਦਾਨ ਸਾਬਤ ਹੁੰਦਾ ਹੈ। ਸੂਰਜ ਅਸਤ ਹੋਣ ਤੋਂ ਬਾਅਦ ਸਾਇਆ ਸਾਥ ਛੱਡ ਜਾਵੇ ਤਾਂ ਸ਼ਬਦਾਂ ਦੀ ਲੋਅ 'ਚ ਉਸ ਨੂੰ ਲੱਭਿਆ ਜਾ ਸਕਦਾ ਹੈ। ਚੰਗੀਆਂ ਪੁਸਤਕਾਂ ਦੀ ਸ਼ਰਣ 'ਚ ਕੋਈ ਖ਼ੁਦ ਨੂੰ ਸ਼ਰਨਾਰਥੀ ਨਹੀਂ ਸਮਝਦਾ। ਉਸ ਦੀ ਦੁਨੀਆ ਉਸ ਦੇ ਆਲੇ-ਦੁਆਲੇ ਹੁੰਦੀ ਹੈ। ਚੰਗਾ ਪਾਠਕ ਇਕ ਜੀਵਨ 'ਚ ਕਈ ਜ਼ਿੰਦਗੀਆਂ ਹੰਢਾ ਲੈਂਦਾ ਹੈ। ਪੁਸਤਕਾਂ ਦੇ ਪਾਤਰਾਂ ਨਾਲ ਪਾਠਕਾਂ ਦੀ ਐਸੀ ਪਕੇਰੀ ਸਾਂਝ ਪੈ ਜਾਂਦੀ ਹੈ ਕਿ ਉਹ ਆਪਸ 'ਚ ਗੁਫ਼ਤਗੂ ਕਰਦੇ ਪ੍ਰਤੀਤ ਹੁੰਦੇ ਹਨ। ਲੇਖਕ ਆਪਣੀ ਅਉਧ ਹੰਢਾ ਕੇ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਜਾਂਦਾ ਹੈ ਪਰ ਸ਼ਬਦਾਂ ਦਾ ਸਰਮਾਇਆ ਪਿੱਛੇ ਰਹਿ ਜਾਂਦਾ ਹੈ। ਪਾਠਕ ਮਰਹੂਮ ਲੇਖਕ ਦੇ ਕੰਧਾੜੇ ਚੜ੍ਹ ਕੇ ਬੀਤੇ ਦੇ ਮੇਲੇ ਦਾ ਵੀ ਲੁਤਫ਼ ਉਠਾ ਲੈਂਦਾ ਹੈ। ਸਾਹਿਤ ਦੁਨੀਆ ਦੇ ਅਣਗਿਣਤ ਲੋਕਾਂ ਲਈ ਆਦਿ ਕਾਲ ਤੋਂ ਰਾਹ-ਦਸੇਰਾ ਰਿਹਾ ਹੈ। ਸਾਹਿਤ ਨੇ ਜ਼ਿੰਦਗੀ ਤੋਂ ਹਾਰੇ ਅਣਗਿਣਤ ਲੋਕਾਂ ਨੂੰ ਖ਼ੁਦਕੁਸ਼ੀਆਂ ਕਰਨ ਤੋਂ ਵਰਜਿਆ ਹੈ। ਪ੍ਰੌਢ ਲੇਖਕ ਜੰਗ ਬਹਾਦੁਰ ਗੋਇਲ ਨੇ ਸ਼ਬਦਾਂ ਦੀ ਮਨੁੱਖ ਨੂੰ ਅਦੁੱਤੀ ਦੇਣ ਬਾਰੇ 'ਸਾਹਿਤ ਸੰਜੀਵਨੀ' 'ਚ ਪ੍ਰਸੰਗ ਸਹਿਤ ਵਿਆਖਿਆ ਕੀਤੀ ਹੈ। ਉਹ ਲਿਖਦੇ ਹਨ ਕਿ ਮਹਾਨ ਵਿਚਾਰਕਾਂ ਅਤੇ ਲੇਖਕਾਂ ਦੀ ਦਿੱਤੀ ਨਵੀਂ-ਨਰੋਈ ਸੋਚ ਸਦਕਾ ਹੀ ਮਨੁੱਖ ਨੇ ਗੁਫ਼ਾ ਤੋਂ ਪੁਲਾੜ ਤਕ ਦਾ ਸਫ਼ਰ ਤੈਅ ਕੀਤਾ ਹੈ ਅਤੇ ਅਨੇਕਾਂ ਕੁਦਰਤੀ ਅਤੇ ਗ਼ੈਰ-ਕੁਦਰਤੀ ਆਫ਼ਤਾਂ ਦਾ ਮੁਕਾਬਲਾ ਕੀਤਾ ਹੈ। ਲੇਖਕ ਕਲਮ ਦੀ ਤਾਕਤ ਨੂੰ ਤਲਵਾਰ ਦੀ ਤਾਕਤ ਨਾਲੋਂ ਕਿਤੇ ਵੱਧ ਸਮਝਦਾ ਹੈ। ਤਲਵਾਰ ਸਿਰ ਕਲਮ ਕਰ ਸਕਦੀ ਹੈ ਪਰ ਸਿਰ ਦੀ ਸੋਚ ਨੂੰ ਨਹੀਂ ਬਦਲ ਸਕਦੀ। ਫਰਾਂਸ ਦਾ ਸਮਰਾਟ ਨੈਪੋਲੀਅਨ ਬੋਨਾਪਾਰਟ ਸਾਹਿਤ ਰਸੀਆ ਹੋਣ ਨਾਤੇ ਹਮੇਸ਼ਾ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਯੁੱਧ-ਕਲਾ ਦਾ ਜੀਨੀਅਸ ਮੰਨੇ ਜਾਂਦੇ ਨੈਪੋਲੀਅਨ ਦਾ ਸਾਹਿਤ ਪ੍ਰਤੀ ਪ੍ਰੇਮ ਦਿਲ ਨੂੰ ਟੁੰਬਦਾ ਹੈ। ਉਹ ਸ਼ਸਤਰਾਂ ਦੇ ਨਾਲ-ਨਾਲ ਸ਼ਾਸਤਰਾਂ ਦਾ ਵੀ ਧਨੀ ਸੀ। ਜੰਗ ਬਹਾਦੁਰ ਗੋਇਲ ਦੇ ਕਥਨ ਅਨੁਸਾਰ ਕਿਤਾਬਾਂ ਨੇ ਨੈਪੋਲੀਅਨ ਨੂੰ ਸੁਪਨੇ ਦਿੱਤੇ, ਉਸ ਦੇ ਮਨ-ਮਸਤਕ ਨੂੰ ਰੋਸ਼ਨ ਕੀਤਾ। ਉਹ ਜਦੋਂ ਵੀ ਕਿਸੇ ਮੁਹਿੰਮ 'ਤੇ ਜਾਂਦਾ

ਤਾਂ ਉਸ ਦੇ ਜ਼ਰੂਰੀ ਸਾਮਾਨ ਵਿਚ ਮਨ-ਭਾਉਂਦੀਆਂ ਕਿਤਾਬਾਂ ਦੀ ਪੇਟੀ ਵੀ ਸ਼ਾਮਲ ਹੁੰਦੀ। ਰਣਖੇਤਰ ਵਿਚ ਨੈਪੋਲੀਅਨ ਆਪਣੇ ਕੈਂਪ 'ਚ ਬੈਠਾ ਅਕਸਰ ਕੋਈ ਨਾ ਕੋਈ ਕਿਤਾਬ ਪੜ੍ਹਦਾ ਰਹਿੰਦਾ ਤੇ ਆਪਣੀ ਮਾਨਸਿਕ ਬੇਚੈਨੀ/ਪਰੇਸ਼ਾਨੀ 'ਤੇ ਕਾਬੂ ਪਾਉਂਦਾ। ਉਹ ਬਹਾਦਰ ਸੈਨਿਕਾਂ ਅਤੇ ਪ੍ਰਬੁੱਧ ਲੇਖਕਾਂ ਦਾ ਸਤਿਕਾਰ ਕਰਨਾ ਜਾਣਦਾ ਸੀ। ਜਰਮਨ ਦੇ ਮਹਾਨ ਲੇਖਕ ਗੇਟੇ ਦੀ ਕਲਮ ਨੂੰ ਉਸ ਦੇ ਦੇਸ਼ 'ਤੇ ਫ਼ਤਿਹ ਹਾਸਲ ਕਰਨ ਤੋਂ ਬਾਅਦ ਵੀ ਨਹੀਂ ਭੁੱਲਦਾ। ਗੇਟੇ ਦੇ ਸ਼ਹਿਰ ਵੇਮਰ ਵਿਖੇ ਰੂਸ ਦੇ ਜ਼ਾਰ ਨਾਲ ਸੰਧੀ ਕਰਨ ਵੇਲੇ ਉਹ ਲੇਖਕ (ਗੇਟੇ) ਨੂੰ ਉਚੇਚਾ ਤਪਾਕ ਨਾਲ ਮਿਲ ਕੇ ਕਹਿੰਦਾ ਹੈ, " ਤਾਂ ਤੁਸੀਂ ਗੇਟੇ ਹੋ, ਉਹ ਲੇਖਕ, ਜਿਸ ਸਾਹਮਣੇ ਮੈਂ ਆਪਣਾ ਸਿਰ ਝੁਕਾਉਂਦਾ ਹਾਂ।" ਜਿਸ ਬਾਦਸ਼ਾਹ ਸਾਹਮਣੇ ਵੱਡੇ-ਵੱਡੇ ਦੇਸ਼ਾਂ ਦੇ ਜਰਨੈਲ ਅਤੇ ਰਾਜੇ-ਮਹਾਰਾਜੇ ਸਿਰ ਝੁਕਾਉਂਦੇ ਸਨ, ਉਸ ਨੇ ਲੇਖਕ ਸਾਹਮਣੇ ਸਿਰ ਝੁਕਾਇਆ ਸੀ। ਤਲਵਾਰ ਨੇ ਕਲਮ ਨੂੰ ਸਲਾਮ ਕੀਤਾ ਸੀ। ਵਾਟਰਲੂ ਦੇ ਮੈਦਾਨ 'ਚ ਹਾਰ ਪਿੱਛੋਂ ਉਸ ਨੇ ਆਤਮ-ਸਮਰਪਣ ਕੀਤਾ ਤਾਂ ਉਸ ਨੂੰ ਸਾਥੀਆਂ ਸਣੇ ਅਟਲਾਂਟਿਕ ਸਮੁੰਦਰ ਦੇ ਇਕ ਸੁੰਨਸਾਨ ਟਾਪੂ ਭੇਜ ਦਿੱਤਾ। ਬਨਵਾਸ ਦੌਰਾਨ ਵੀ ਪੁਸਤਕਾਂ ਉਸ ਦੇ ਅੰਗ-ਸੰਗ ਰਹੀਆਂ। ਆਪਣੀ ਵਸੀਹਤ ਵਿਚ ਨੈਪੋਲੀਅਨ ਨੇ 400 ਤੋਂ ਵੱਧ ਮਨ-ਪਸੰਦ ਪੁਸਤਕਾਂ ਆਪਣੇ ਪੁੱਤਰ ਦੇ ਨਾਮ ਕੀਤੀਆਂ ਸਨ। ਦਰਅਸਲ ਸਾਹਿਤ ਸੰਜੀਵਨੀ ਦੇ ਲੇਖਕ ਦਾ ਆਪਣਾ ਜੀਵਨ ਵਾਵਰੋਲਿਆਂ ਅਤੇ ਤੂਫ਼ਾਨਾਂ 'ਚ ਘਿਰਿਆ ਰਿਹਾ ਹੈ। ਸਾਹਿਤ ਚਾਨਣ-ਮੁਨਾਰੇ ਵਾਂਗ ਉਸ ਦਾ ਰਾਹ ਦਸੇਰਾ ਬਣਦਾ ਰਿਹਾ। ਘੋਰ ਸੰਕਟ ਦੀ ਘੜੀ 'ਚ ਡਾ. ਧਰਮਵੀਰ ਭਾਰਤੀ ਦੀ ਕਵਿਤਾ 'ਆਤਮ ਹੱਤਿਆ ਸੇ ਲੌਟਤੇ ਹੂਏ' ਉਸ ਨੇ ਨਾ ਪੜ੍ਹੀ ਹੁੰਦੀ ਤਾਂ ਕੋਈ ਨਾ ਕੋਈ ਭਾਣਾ ਵਰਤ ਜਾਣਾ ਸੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਨਜ਼ਮ ਸਿਰਫ਼ ਤੇ ਸਿਰਫ਼ ਉਸੇ ਲਈ ਲਿਖੀ ਗਈ ਹੋਵੇ : ਮੈਂ ਨਹੀਂ ਮਰੂੰਗਾ/ਜ਼ਿੰਦਗੀ ਭੀ ਕਯਾ ਕਹੇਗੀ /ਕਿਤਨਾ ਦਗ਼ਾਬਾਜ਼ ਥਾ! ਨਿੱਕੀ ਜਿਹੀ ਇਹ ਕਵਿਤਾ ਜੀਵਨ ਰੱਖਿਅਕ ਦਵਾਈ ਵਾਂਗ ਦਿਲੋ-ਦਿਮਾਗ਼ 'ਤੇ ਫੌਰੀ ਅਸਰ ਕਰਦੀ ਹੈ ਤੇ ਉਹ ਕਾਲੀ-ਸਿਆਹ ਗੁਫ਼ਾ 'ਚੋਂ ਬਾਹਰ ਨਿਕਲ ਕੇ ਮੁੜ ਜ਼ਿੰਦਗੀ ਦੇ ਰੋਸ਼ਨ ਰਾਹਾਂ 'ਤੇ ਪੈ ਜਾਂਦਾ ਹੈ। ਸਾਹਿਤ ਸੰਜੀਵਨੀ 'ਚ 'ਬਿਬਲਿਓਥੈਰੇਪੀ' (ਪੁਸਤਕ- ਚਿਕਿਤਸਾ) ਬਾਰੇ ਬੇਹੱਦ ਮੁੱਲਵਾਨ ਤੇ ਭਰਪੂਰ ਜਾਣਕਾਰੀ ਮਿਲਦੀ ਹੈ ਜਿਸ 'ਤੇ ਪਹਿਲਾਂ ਕਿਸੇ ਪੰਜਾਬੀ ਲੇਖਕ ਨੇ ਹੱਥ ਨਹੀਂ ਅਜ਼ਮਾਇਆ। ਯੂਨਾਨ 'ਚ 'ਨਾਟਸ਼ਾਲਾ' ਅਤੇ 'ਦਵਾਖ਼ਾਨਾ' ਨਾਲੋ-ਨਾਲ ਸਥਿਤ ਹੁੰਦੇ ਸਨ। 'ਨਾਟਸ਼ਾਲਾ' ਰੂਹਾਨੀ ਰੋਗਾਂ ਦਾ ਇਲਾਜ ਕਰਦੀ ਸੀ ਤੇ 'ਯੂਨਾਨੀ ਦਵਾਖ਼ਾਨਾ' ਜਿਸਮਾਨੀ ਰੋਗਾਂ ਦਾ। ਪਹਿਲੇ ਵਿਸ਼ਵ ਯੁੱਧ ਦੇ ਦੌਰਾਨ ਯੂਰਪ ਦੇ ਅਨੇਕ ਦੇਸ਼ਾਂ ਦੇ ਹਸਪਤਾਲ ਜ਼ਖ਼ਮੀ ਸੈਨਿਕਾਂ ਨਾਲ ਭਰ ਗਏ ਤਾਂ ਆਹਤਾਂ ਨੂੰ ਹਸਪਤਾਲਾਂ ਦੇ ਨਾਲ-ਨਾਲ ਲਾਇਬ੍ਰੇਰੀਆਂ ਦੀ ਲੋੜ ਪਈ। ਪੁਸਤਕ 'ਚ ਦੁਨੀਆ ਦੇ ਕਈ ਚਿਕਿਤਸਕਾਂ ਅਤੇ ਵਿਦਵਾਨਾਂ ਦੇ ਕਥਨ ਦਰਜ ਹਨ ਜੋ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਸਾਹਿਤ ਸੰਜੀਵਨੀ ਵਾਂਗ ਰੋਗੀਆਂ ਤੇ ਮਨੋਰੋਗੀਆਂ ਦੇ ਦੁੱਖ-ਦਰਦ ਹਰ ਲੈਂਦਾ ਹੈ। ਇਸੇ ਕੜੀ 'ਚ ਯੌਰਕ ਯੂਨੀਵਰਸਿਟੀ, ਕੈਨੇਡਾ ਦੇ ਮਨੋਵਿਗਿਆਨੀ ਪ੍ਰੋਫੈਸਰ ਡਾ. ਰੇਮੰਡ ਮਾਰ ਦਾ ਕਥਨ ਅਰਥ-ਭਰਪੂਰ ਹੈ, 'ਗਲਪ-ਸਾਹਿਤ ਪੜ੍ਹਨ ਨਾਲ ਹਮਦਰਦੀ ਅਤੇ ਸੰਵੇਦਨਾ ਦੀਆਂ

ਭਾਵਨਾਵਾਂ ਪੈਦਾ ਹੁੰਦੀਆਂ ਹਨ, ਜੋ ਸਿਹਤਮੰਦ ਰਿਸ਼ਤਿਆਂ ਦਾ ਆਧਾਰ ਬਣਦੀਆਂ ਹਨ। ਉਨ੍ਹਾਂ ਦੇ ਕਥਾ-ਸੰਸਾਰ ਦੇ ਕਿਰਦਾਰਾਂ ਨਾਲ ਭਾਵਨਾਤਮਿਕ ਸਾਂਝ ਪੈਦਾ ਹੁੰਦੀ ਹੈ। ਇਹ ਵੇਖਣ 'ਚ ਆਇਆ ਹੈ ਕਿ ਗਲਪ ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਮਰੀਜ਼ ਉਨ੍ਹਾਂ ਮਰੀਜ਼ਾਂ ਨਾਲੋਂ ਜਲਦੀ ਠੀਕ ਹੋ ਜਾਂਦੇ ਹਨ, ਜਿਨ੍ਹਾਂ ਦੀ ਪੜ੍ਹਨ-ਪੜ੍ਹਾਉਣ 'ਚ ਕੋਈ ਰੁਚੀ ਨਹੀਂ ਹੁੰਦੀ। ਕੈਨੇਡਾ ਦੀ ਯੂਨੀਵਰਸਿਟੀ ਆਫ ਓਟਾਵਾ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਡਾ. ਦੋਮੋਖੀ ਆਬਰੇ ਨੇ ਆਪਣੀ ਪੁਸਤਕ 'ਰੀਡਿੰਗ ਐਸ ਥੈਰੇਪੀ' ਵਿਚ ਕਿਹਾ ਹੈ ਕਿ ਗਲਪ ਸਾਹਿਤ ਦੇ ਅਧਿਐਨ ਨਾਲ ਦਿਮਾਗ਼ ਨਵੇਂ ਤੋਂ ਨਵੇਂ ਸਾਂਚੇ ਵਿਚ ਢਲਦਾ ਰਹਿੰਦਾ ਹੈ। ਆਦਮੀ ਉਸ ਸਮੇਂ ਬੁੱਢਾ ਹੁੰਦਾ ਹੈ, ਜਦੋਂ ਉਸ ਦੇ ਵਿਚਾਰਾਂ ਵਿਚ ਖੜੋਤ ਆ ਜਾਂਦੀ ਹੈ। ਸਾਹਿਤ ਪੜ੍ਹਨ ਵਾਲੇ ਹਮੇਸ਼ਾ ਨਵੇਂ-ਨਰੋਏ ਵਿਚਾਰ ਗ੍ਰਹਿਣ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਦਿਮਾਗ਼ ਕਿਰਿਆਸ਼ੀਲ ਰਹਿੰਦਾ ਹੈ ਤੇ ਉਹ ਡਿਮੈਂਸ਼ੀਆ (ਭੁੱਲਣ ਦੀ ਬਿਮਾਰੀ) ਤੋਂ ਗ੍ਰਸਤ ਨਹੀਂ ਹੁੰਦੇ। ਇਕ ਹੋਰ ਖੋਜ ਅਨੁਸਾਰ ਕਲਾਸਿਕ ਸਾਹਿਤਕ ਕ੍ਰਿਤੀਆਂ ਰਾਹੀਂ ਬਿਮਾਰੀਆਂ ਨਾਲ ਘੁਲਦੇ ਮਰੀਜ਼ਾਂ ਵਿਚ ਉਸਾਰੂ ਸੋਚ ਪੈਦਾ ਹੁੰਦੀ ਹੈ। ਸ਼ਬਦਾਂ ਦੀ ਚਿਕਿਤਸਕ ਤਾਕਤ ਵਿਚ ਵਿਸ਼ਵਾਸ ਰੱਖਣ ਵਾਲੇ ਖ਼ਤਰਨਾਕ ਤੋਂ ਖ਼ਤਰਨਾਕ ਬਿਮਾਰੀਆਂ ਨਾਲ ਦਸਤਪੰਜਾ ਲੈ ਸਕਦੇ ਹਨ। ਉਹ ਅਤੀਤ ਦੇ ਸਰਵੋਤਮ ਕਵੀਆਂ ਦੇ ਉੱਤਮ ਬੋਲਾਂ ਰਾਹੀਂ ਹਨੇਰੇ ਵਿਚ ਗੁੰਮ ਲੋਕਾਂ ਦੀ ਜ਼ਿੰਦਗੀ ਰੋਸ਼ਨ ਕਰਦੇ ਹਨ। ਰੀਲਿਟ ਸੈਂਟਰਾਂ ਦੇ ਬੂਹੇ 'ਤੇ ਵੱਡ-ਆਕਾਰੀ ਪੋਸਟਰ 'ਤੇ ਅੰਗਰੇਜ਼ੀ ਦੇ ਮਹਾਨ ਕਵੀ ਜਾਨ ਮਿਲਟਨ ਦੇ ਇਹ ਸ਼ਬਦ ਪ੍ਰੇਰਕ ਹਨ, 'ਢੁਕਵੇਂ ਸ਼ਬਦ ਦਿਮਾਗ਼ੀ ਰਸੌਲੀ ਦੇ ਅਸਹਿ ਦਰਦ ਨੂੰ ਠੱਲ੍ਹ ਪਾ ਸਕਦੇ ਹਨ ਤੇ ਰਿਸਦੇ ਜ਼ਖ਼ਮਾਂ ਲਈ ਮਰ੍ਹਮ ਬਣ ਸਕਦੇ ਹਨ।" ਸੱਚਮੁੱਚ ਹੀ ਪੁਸਤਕਾਂ ਸਾਡੀ ਅੰਤਰ-ਦ੍ਰਿਸ਼ਟੀ ਜਾਗ੍ਰਿਤ ਕਰ ਕੇ ਸਾਨੂੰ ਕਿੰਨੀਆਂ ਹੀ ਮਾਨਸਿਕ ਗ੍ਰੰਥੀਆਂ ਤੋਂ ਮੁਕਤ ਕਰਦੀਆਂ ਹਨ ਤੇ ਨਵੀਂ ਜੀਵਨ-ਜਾਚ ਦਾ ਸੁਨੇਹਾ ਦਿੰਦੀਆਂ ਹਨ। ਨਵੇਂ ਜ਼ਾਵੀਏ ਤੋਂ ਜ਼ਿੰਦਗੀ ਨੂੰ ਵਾਚਣ ਦਾ ਢੰਗ-ਤਰੀਕਾ ਦੱਸਦੀਆਂ ਹਲ ਤੇ ਮਾਨਸਿਕ ਤਰੇੜਾਂ ਨੂੰ ਭਰਨ 'ਚ ਸਹਾਈ ਹੁੰਦੀਆਂ ਹਨ। ਸਮਾਜਿਕ ਸਰੋਕਾਰਾਂ ਨਾਲ ਜੁੜੇ ਲੇਖਕ ਮਾਨਸਰੋਵਰ ਦੇ ਹੰਸਾਂ ਵਾਂਗ ਮੋਤੀ ਚੁਗਦੇ ਹਨ। ਸ਼ਬਦਾਂ ਦੀ ਪਾਕੀਜ਼ਗੀ ਨੂੰ ਬਰਕਰਾਰ ਰੱਖਣ ਵਾਲੇ ਲੇਖਕ ਹੀ ਅਜਿਹਾ ਸਾਹਿਤ ਰਚਦੇ ਹਨ ਜੋ ਦੁਖਿਆਰਿਆਂ ਲਈ ਸੰਜੀਵਨੀ ਦਾ ਕੰਮ ਕਰਦੇ ਹਨ। ਸੋਸ਼ਲ ਮੀਡੀਆ ਦੇ ਯੁੱਗ 'ਚ ਪੁਸਤਕ ਸੱਭਿਆਚਾਰ ਨੂੰ ਵੱਡੀ ਢਾਹ ਲੱਗ ਰਹੀ ਹੈ। 'ਸਾਹਿਤ ਸੰਜੀਵਨੀ' ਆਸ ਦੀ ਕਿਰਨ ਵਾਂਗ ਲੱਗ ਰਹੀ ਹੈ। ਬਕੌਲ ਸੁਰਜੀਤ ਪਾਤਰ, "ਸਾਹਿਤ ਸੰਜੀਵਨੀ ਦੇ ਬਹੁਤੇ ਹਿੱਸੇ ਨੂੰ ਗਲਪ ਨਾਲੋਂ ਵੀ ਵੱਧ ਦਿਲਚਸਪੀ ਨਾਲ ਪੜ੍ਹ ਸਕਦੇ ਹਾਂ। ਸਾਹਿਤ ਰਚਨ ਅਤੇ ਪੜ੍ਹਨ ਦੇ ਮਾਨਸਿਕ ਅਤੇ ਆਤਮਿਕ ਪਹਿਲੂ ਬਾਰੇ ਅਜਿਹੀ ਕੋਈ ਕਿਤਾਬ ਮੇਰੀਆਂ ਨਜ਼ਰਾਂ 'ਚੋਂ ਅਜੇ ਤਕ ਨਹੀਂ ਗੁਜ਼ਰੀ।"

30 ਅਕਤੂਬਰ

# ਜ਼ੁਲਮ ਬਸ ਜ਼ੁਲਮ ਹੈ...

ਉਰਦੂ ਅਤੇ ਫ਼ਾਰਸੀ ਭਾਸ਼ਾ 'ਚ ਪਾਕਿਸਤਾਨ ਦਾ ਮਤਲਬ ਭਾਵੇਂ 'ਪਵਿੱਤਰ ਅਸਥਾਨ' ਹੈ ਪਰ ਹਾਕਮਾਂ ਦੀਆਂ ਨਾਪਾਕ ਨੀਤੀਆਂ ਨੇ ਇਸ ਨੂੰ ਬਾਰੂਦ ਦੀ ਕਗਾਰ 'ਤੇ ਖੜ੍ਹਾ ਕੀਤਾ ਹੈ। ਜਿਸ ਮੁਲਕ ਦੀ ਬੁਨਿਆਦ ਹੀ ਨਫ਼ਰਤ 'ਤੇ ਰੱਖੀ ਗਈ ਹੋਵੇ, ਉਸ 'ਚ ਖ਼ੂਨ-ਖ਼ਰਾਬਾ ਆਮ ਵਰਤਾਰਾ ਹੁੰਦਾ ਹੈ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਪਾਕਿਸਤਾਨ ਦੇ ਸਾਬਕਾ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ 'ਤੇ ਹੋਇਆ ਜਾਨਲੇਵਾ ਹਮਲਾ ਜੱਗੋਂ ਤੇਰਵੀਂ ਗੱਲ ਨਹੀਂ ਹੈ। ਹਿੰਸਾ ਮੁੱਢ ਤੋਂ ਹੀ ਪਾਕਿਸਤਾਨ ਦੀ ਜੀਵਨ-ਸ਼ੈਲੀ ਬਣਿਆ ਹੋਇਆ ਹੈ। ਹਕੀਮ ਮੰਜ਼ੂਰ ਦਾ ਸ਼ਿਅਰ ਇਸ ਦੀ ਸ਼ਾਹਦੀ ਭਰਦਾ ਹੈ :

ਸ਼ਹਿਰ ਕੇ ਆਈਨ ਮੇਂ ਯੇ ਮਦ ਭੀ ਲਿਖੀ ਜਾਏਗੀ
ਜ਼ਿੰਦਾ ਰਹਿਨਾ ਹੈ ਤੋ ਕਾਤਿਲ ਕੀ ਸਿਫ਼ਾਰਿਸ਼ ਚਾਹੀਏ।

'ਕਾਇਦੇ ਆਜ਼ਮ' ਮੁਹੰਮਦ ਅਲੀ ਜਿਨਹਾ ਦੀ ਪਸੰਦ ਪਹਿਲੇ ਵਜ਼ੀਰ-ਏ-ਆਜ਼ਮ ਲਿਆਕਤ ਅਲੀ ਖ਼ਾਨ ਨੂੰ 16 ਅਕਤੂਬਰ 1951 ਨੂੰ ਉਸ ਵੇਲੇ ਗੋਲੀਆਂ ਮਾਰ ਕੇ ਛਲਣੀ ਕਰ ਦਿੱਤਾ ਗਿਆ ਜਦੋਂ ਉਹ ਇਕ ਲੱਖ ਤੋਂ ਉੱਪਰ ਲੋਕਾਂ ਦੀ ਭਰਵੀਂ ਰੈਲੀ ਨੂੰ ਸੰਬੋਧਨ ਕਰਨ ਲਈ ਉੱਠੇ ਸਨ। ਮੁਲਕ ਦੇ ਚੌਥੇ ਪ੍ਰਧਾਨ ਮੰਤਰੀ ਜੁਲਫ਼ਕਾਰ ਅਲੀ ਭੁੱਟੋ ਨੂੰ ਚਾਰ ਅਪਰੈਲ, 1979 ਨੂੰ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ। 'ਕਾਇਦੇ ਅਵਾਮ' ਦੇ ਨਾਂ ਨਾਲ ਮਕਬੂਲ ਭੁੱਟੋ ਦੀ ਫ਼ਾਂਸੀ ਨੂੰ ਲੋਕ 'ਜੁਡੀਸ਼ੀਅਲ ਮਰਡਰ' ਵਜੋਂ ਯਾਦ ਕਰਦੇ ਹਨ। ਇਹ ਫ਼ਾਂਸੀ ਸਦਰ ਜਨਰਲ ਜ਼ਿਆ-ਉਲ-ਹੱਕ ਦੇ ਇਸ਼ਾਰੇ 'ਤੇ ਹੋਈ ਸੀ, ਜਿਸ ਨੂੰ ਭੁੱਟੋ ਨੇ ਆਪਣੀ ਹਕੂਮਤ ਵੇਲੇ ਕਈ ਜਰਨੈਲਾਂ ਦੀ ਸੀਨੀਆਰਟੀ ਨੂੰ ਅੱਖੋਂ-ਪਰੋਖੇ ਕਰ ਕੇ ਫ਼ੌਜ ਦਾ ਮੁਖੀ ਪਦ-ਉੱਨਤ ਕੀਤਾ ਸੀ। ਇਸ ਤੋਂ ਕੁਝ ਸਾਲਾਂ ਬਾਅਦ 17 ਅਗਸਤ, 1988 ਨੂੰ ਬਹਾਵਲਪੁਰ ਨੇੜੇ ਹਵਾਈ ਹਾਦਸੇ 'ਚ ਜ਼ਿਆ-ਉਲ-ਹੱਕ ਦੀ ਮੌਤ ਹੋ ਗਈ, ਜੋ ਅਜੇ ਤਕ ਬੁਝਾਰਤ ਬਣੀ ਹੋਈ ਹੈ। ਦੋ ਵਾਰ ਮੁਲਕ ਦੀ ਪ੍ਰਧਾਨ ਮੰਤਰੀ ਰਹੀ ਬੇਨਜ਼ੀਰ ਭੁੱਟੋ ਨੂੰ ਰਾਵਲਪਿੰਡੀ 'ਚ ਉਸ ਵੇਲੇ ਗੋਲੀਆਂ ਤੇ ਬੰਬਾਂ ਨਾਲ ਉਡਾ ਦਿੱਤਾ ਜਦੋਂ ਉਹ 2007 'ਚ ਇਕ ਚੋਣ ਸਭਾ ਨੂੰ ਸੰਬੋਧਨ ਕਰ ਕੇ ਹਟੀ ਸੀ। ਕਿਸੇ ਵੀ ਇਸਲਾਮਿਕ ਮੁਲਕ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਕਤਲ ਨੇ ਦੁਨੀਆ ਭਰ 'ਚ ਸਨਸਨੀ ਫੈਲਾ ਦਿੱਤੀ ਸੀ। ਕਤਲ ਤੋਂ ਕੁਝ ਮਹੀਨੇ ਪਹਿਲਾਂ ਬੇਨਜ਼ੀਰ 'ਤੇ ਫਿਦਾਈਨ ਹਮਲਾ ਹੋਇਆ ਸੀ, ਜਿਸ 'ਚ ਉਹ ਭਾਵੇਂ ਵਾਲ-ਵਾਲ ਬਚ ਗਈ ਪਰ 139 ਲੋਕ ਹਲਾਕ ਹੋ ਗਏ ਸਨ।

ਜਨਰਲ ਪਰਵੇਜ਼ ਮੁਸ਼ੱਰਫ਼ ਸਣੇ ਪਾਕਿਸਤਾਨ ਦੇ ਅਣਗਿਣਤ ਸਿਆਸਤਦਾਨਾਂ,

ਫ਼ੌਜੀ ਅਫ਼ਸਰਾਂ ਅਤੇ ਪੱਤਰਕਾਰਾਂ 'ਤੇ ਹਮਲੇ ਹੋਏ ਹਨ। ਪਾਕਿਸਤਾਨ ਦਰਅਸਲ ਮੁੱਢ ਤੋਂ ਹੀ ਵਹਿਸ਼ਤ ਤੇ ਦਹਿਸ਼ਤਪਸੰਦਾਂ ਨੂੰ ਪਾਲਦਾ ਆਇਆ ਹੈ। ਕਸ਼ਮੀਰ ਦਾ ਰਾਗ ਅਲਾਪ ਕੇ ਇਸ ਨੇ ਸਰਹੱਦ ਦੇ ਆਰ-ਪਾਰ ਅਣਗਿਣਤ ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਹੈ। ਸਮੇਂ ਨਾਲ ਜਦੋਂ ਜਿੰਨ ਬੋਤਲ 'ਚੋਂ ਬਾਹਰ ਆਉਣੇ ਸ਼ੁਰੂ ਹੋਏ ਤਾਂ ਉਨ੍ਹਾਂ ਨੇ ਆਪਣੇ ਹੀ ਮੁਲਕ ਨੂੰ ਬਰਬਾਦ ਕਰਨਾ ਸ਼ੁਰੂ ਕਰ ਦਿੱਤਾ। ਸਕੂਲੀ ਬੱਚਿਆਂ, ਮਦਰੱਸਿਆਂ ਅਤੇ ਸੂਫ਼ੀਆਂ ਦੀਆਂ ਦਰਗਾਹਾਂ ਨੂੰ ਵੀ ਨਾ ਬਖ਼ਸ਼ਿਆ। ਸਾਹਿਰ ਲੁਧਿਆਣਵੀ ਜ਼ੁਲਮ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਰਿਹਾ ਹੈ :

ਜ਼ੁਲਮ ਫਿਰ ਜ਼ੁਲਮ ਹੈ, ਬੜ੍ਹਤਾ ਹੈ ਤੋ ਮਿਟ ਜਾਤਾ ਹੈ
ਖ਼ੂਨ ਫਿਰ ਖ਼ੂਨ ਹੈ, ਟਪਕੇਗਾ ਤੋ ਜੰਮ ਜਾਏਗਾ।
...
ਜ਼ੁਲਮ ਕੀ ਬਾਤ ਹੀ ਕਯਾ ਜ਼ੁਲਮ ਕੀ ਔਕਾਤ ਹੀ ਕਯਾ
ਜ਼ੁਲਮ ਬਸ ਜ਼ੁਲਮ ਹੈ ਆਗਾਜ਼ ਸੇ ਅੰਜਾਮ ਤਕ
ਖ਼ੂਨ ਫਿਰ ਖ਼ੂਨ ਹੈ ਸੌ ਸ਼ਕਲ ਬਦਲ ਸਕਤਾ ਹੈ
ਐਸੀ ਸ਼ਕਲੇਂ ਕਿ ਮਿਟਾਓ ਤੋ ਮਿਟਾਏ ਨਾ ਬਨੇ
ਐਸੇ ਸ਼ੋਅਲੇ ਕਿ ਬੁਝਾਓ ਤੋ ਬੁਝਾਏ ਨਾ ਬਨੇ
ਐਸੇ ਨਾਅਰੇ ਕਿ ਦਬਾਓ ਤੋ ਦਬਾਏ ਨਾ ਬਨੇ।

ਸੱਚਮੁੱਚ ਹੀ ਪਾਕਿਸਤਾਨ 'ਚ ਡੁੱਲ੍ਹਿਆ ਹੋਇਆ ਬੇਤਹਾਸ਼ਾ ਖ਼ੂਨ ਸ਼ਕਲ ਬਦਲ-ਬਦਲ ਕੇ ਅਵਾਮ ਦੀਤਰਾਸਦੀ ਬਣਦਾ ਆ ਰਿਹਾ ਹੈ। ਅੱਤਵਾਦ ਇਸ ਮੁਲਕ 'ਚ ਡੂੰਘੀਆਂ ਜੜ੍ਹਾਂ ਲਗਾ ਚੁੱਕਿਆ ਹੈ ਜਿਨ੍ਹਾਂ ਨੂੰ ਪੁੱਟਣਾ ਕਿਸੇ ਵੀ ਹਕੂਮਤ ਦੇ ਵੱਸ ਦਾ ਰੋਗ ਨਹੀਂ ਰਿਹਾ। ਜਮਹੂਰੀਅਤ ਹੋਵੇ ਤਾਂ ਵੀ ਲੋਕ ਉੱਠ ਖੜ੍ਹੇ ਹੁੰਦੇ ਹਨ। ਜੇ ਮਾਰਸ਼ਲ ਲਾਅ ਲੱਗ ਜਾਵੇ ਤਾਂ ਵੀ ਉਨ੍ਹਾਂ ਦੀ ਤਸੱਲੀ ਨਹੀਂ ਹੁੰਦੀ। ਅਜਿਹੀ ਸਥਿਤੀ ਬਾਰੇ ਗ਼ਾਲਿਬ ਦਾ ਇਕ ਸ਼ਿਅਰ ਵੀ ਤਰਜਮਾਨੀ ਕਰਦਾ ਹੈ, 'ਜਬ ਆਂਖ ਹੀ ਸੇ ਨ ਟਪਕਾ ਤੋ ਫਿਰ ਲਹੂ ਕਯਾ ਹੈ ?' ਰਗਾਂ 'ਚ ਦੌੜਦਾ ਖ਼ੂਨ ਅੱਖਾਂ 'ਚੋਂ ਟਪਕਣ ਲੱਗਦਾ ਹੈ ਤਾਂ ਇਹ ਆਖ਼ਰ ਖ਼ੂਨ ਖ਼ਰਾਬੇ ਦਾ ਕਾਰਨ ਬਣਦਾ ਹੈ। ਇਮਰਾਨ ਖ਼ਾਨ 'ਤੇ ਜਾਨਲੇਵਾ ਹਮਲਾ ਦੱਸਦਾ ਹੈ ਕਿ ਮੁਲਕ ਦੇ ਹਾਲਾਤ ਵਿਸਫੋਟਕ ਹਨ। ਇਮਰਾਨ ਦੇ ਸਰੀਰ 'ਚੋਂ ਚਾਹੇ ਗੋਲੀਆਂ ਕੱਢ ਲਈਆਂ ਗਈਆਂ ਹਨ ਤੇ ਉਨ੍ਹਾਂ ਦੀ ਸਿਹਤ ਬਿਹਤਰ ਹੈ ਪਰ ਮੁਲਕ ਦੀ ਬਦਤਰ ਹੋ ਗਈ ਹੈ। ਲਾਹੌਰ, ਕਰਾਚੀ, ਇਸਲਾਮਾਬਾਦ ਅਤੇ ਹੋਰ ਨਗਰਾਂ-ਮਹਾਨਗਰਾਂ 'ਚੋਂ ਅੱਗ ਦੀਆਂ ਲਪਟਾਂ ਉੱਠ ਰਹੀਆਂ ਹਨ। ਵੀਲ੍ਹ ਚੇਅਰ 'ਤੇ ਬੈਠਾ ਇਮਰਾਨ ਖ਼ਾਨ ਵੀਡੀਓਜ਼ ਰਾਹੀਂ ਬਲਦੀ 'ਤੇ ਤੇਲ ਪਾ ਰਿਹਾ ਹੈ। ਉਸ ਨੂੰ ਵਿਸ਼ਵ ਦੇ ਨਕਸ਼ੇ 'ਤੇ ਬੰਗਲਾਦੇਸ਼ ਦਾ ਉੱਭਰਨਾ ਯਾਦ ਆ ਗਿਆ। ਦੇਸ਼ ਵਾਸੀਆਂ ਨੂੰ ਉਹ ਅਤੀਤ ਯਾਦ ਕਰਵਾ ਰਿਹਾ ਹੈ ਜਿਸ ਨੂੰ ਪਾਕਿਸਤਾਨ ਦੇ ਲੋਕ ਯਾਦ ਕਰਦਿਆਂ ਸਾਰ ਪੀੜ-ਪੀੜ ਹੋ ਜਾਂਦੇ ਹਨ। ਇਹ ਪੀੜਾ ਉਨ੍ਹਾਂ ਲਈ ਨਾਸੂਰ ਵਾਂਗ ਹੈ। ਉਸ ਜ਼ਖ਼ਮ ਵਾਂਗ ਜਿਸ 'ਤੇ ਕਦੇ ਅੰਗੂਰ ਆਉਣਾ ਹੀ ਨਹੀਂ। ਇਮਰਾਨ ਖ਼ਾਨ ਅਨੁਸਾਰ ਬੰਗਲਾ ਦੇਸ਼ ਦਾ ਅਵਾਮ ਕਦੇ ਨਹੀਂ ਸੀ ਚਾਹੁੰਦਾ ਕਿ ਉਹ ਪਾਕਿਸਤਾਨ ਤੋਂ ਅਲੱਗ ਹੋਵੇ।

ਇਹ ਚੀਸ ਉਕਸਾਉਣ ਵਾਲੀ ਹੈ। ਉਹ ਲੋਕਾਂ ਦੀ ਨਬਜ਼ ਪਛਾਣਦਾ ਹੈ। ਉਸ ਦਾ ਕਹਿਣਾ ਹੈ ਕਿ 1970 ’ਚ ਹੋਈਆਂ ਆਮ ਚੋਣਾਂ ’ਚ ਸੰਸਦ ਦੀਆਂ 313 ਸੀਟਾਂ ’ਚੋਂ ਸ਼ੇਖ਼ ਮੁਜੀਬ-ਉਰ-ਰਹਿਮਾਨ ਦੀ ਪਾਰਟੀ 167 ਸੀਟਾਂ ’ਤੇ ਜਿੱਤੀ ਸੀ। ਬਹੁਮਤ ਦੇ ਬਾਵਜੂਦ ਉਸ (ਮੁਜੀਬ) ਨੂੰ ਵਜ਼ੀਰ-ਏ-ਆਜ਼ਮ ਬਣਾਉਣ ਦੀ ਬਜਾਏ ਉੱਥੇ ਫ਼ੌਜ ਦਿੱਤੀ। ਇਮਰਾਨ ਖ਼ਾਨ ਆਪਣੇ ਇਸਲਾਮਾਬਾਦ ਤਕ ਦੇ ਮਾਰਚ ਨੂੰ ਮੁਜੀਬ ਦੇ ਅੰਦੋਲਨ ਨਾਲ ਮਿਲਾ ਰਿਹਾ ਹੈ। ਉਹ ਸਪੱਸ਼ਟ ਇਸ਼ਾਰਾ ਦੇ ਰਿਹਾ ਹੈ ਕਿ ਸੰਸਦ ਵਿਚ ਸਭ ਤੋਂ ਵੱਧ ਸੀਟਾਂ ਹੋਣ ਦੇ ਬਾਵਜੂਦ ਉਸ ਦੀ ਪਾਰਟੀ (ਤਹਿਰੀਕ- ਏ-ਪਾਕਿਸਤਾਨ) ਸੱਤਾ ਤੋਂ ਬਾਹਰ ਹੈ। ਇਮਰਾਨ ਮੰਨਦਾ ਹੈ ਕਿ ਬੰਗਲਾਦੇਸ਼ ਦੇ ਹੋਂਦ ’ਚ ਆਉਣ ਲਈ ਉਹ ਲੋਕ ਜ਼ਿੰਮੇਵਾਰ ਹਨ, ਜਿਨ੍ਹਾਂ ਦੇ ਹੱਥ ਮੁਲਕ ਦੀ ਵਾਗਡੋਰ ਸੀ। ਉਸ ਦਾ ਸਪੱਸ਼ਟ ਸੰਕੇਤ ਹੈ ਕਿ ਵਰਤਮਾਨ ਹਕੂਮਤ ਵੀ 1970-71 ਵਾਲੀ ਗ਼ਲਤੀ ਦੁਹਰਾਵੇਗੀ ਤਾਂ ਮੁਲਕ ਟੁੱਟ ਸਕਦਾ ਹੈ। ਉਹ ਹਕੂਮਤ, ਆਈਐੱਸਆਈ ਦੇ ਮੇਜਰ ਜਨਰਲ, ਫ਼ੌਜ ਮੁਖੀ ਅਤੇ ਇਕ ਕੇਂਦਰੀ ਮੰਤਰੀ ਖ਼ਿਲਾਫ਼ ਅਪਸ਼ਬਦ ਬੋਲ ਰਿਹਾ ਹੈ। ਇੱਥੋਂ ਤਕ ਕਿ ਉਹ ਮੌਜੂਦਾ ਪ੍ਰਧਾਨ ਮੰਤਰੀ ਨੂੰ ਵੀ ਸਾਜ਼ਿਸ਼ਕਰਤਾਵਾਂ ’ਚ ਸ਼ਾਮਲ ਕਰ ਰਿਹਾ ਹੈ ਜਿਨ੍ਹਾਂ ਨੇ ਉਸ ’ਤੇ ਜਾਨਲੇਵਾ ਹਮਲਾ ਕਰਵਾਇਆ ਸੀ। ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਲਲਕਾਰਦਾ ਹੈ। ਉਨ੍ਹਾਂ ਨੂੰ ਚੋਰਾਂ ਦਾ ਟੋਲਾ ਗਰਦਾਨਦਾ ਹੈ। ਉਹ ਆਪਣੇ ਹਮਵਤਨਾਂ ਨੂੰ ਕੇਂਦਰੀ ਮੰਤਰੀ ਦੇ ਬੋਲ ਯਾਦ ਕਰਵਾਉਂਦਾ ਹੈ ਜਿਸ ਨੇ ਲਲਕਾਰਦਿਆਂ ਕਿਹਾ ਸੀ ਕਿ ਉਸ ਨੇ ਇਮਰਾਨ ਖ਼ਾਨ ਲਈ ਕੋਇਟਾ (ਬਲੋਚਿਸਤਾਨ) ਨੇੜੇ ਮੱਚ ਜੇਲ੍ਹ ਦੀ ‘ਮਿਰਚੀ ਕਾਲਕੋਠੜੀ’ ਦੀ ਸਫ਼ਾਈ ਕਰਵਾਈ ਹੈ। ਬ੍ਰਿਟਿਸ਼ ਸਰਕਾਰ ਸਮੇਂ ਕੁਰਖ਼ਤ ਸਿਆਸਤਦਾਨਾਂ ਤੇ ਬਾਗ਼ੀਆਂ ਨੂੰ ‘ਮਿਰਚ ਕਾਲਕੋਠੜੀ ’ਚ ਰੱਖਿਆ ਜਾਂਦਾ ਸੀ। ਇਸ ਵਾਰਡ ਵਿਚ ਸੂਰਜ ਦੀਆਂ ਕਿਰਨਾਂ ਨਹੀਂ ਪਹੁੰਚਦੀਆਂ ਤੇ ਅੰਗਰੇਜ਼ ਵਾਰਡਨ ਕੈਦੀਆਂ ਕੋਲੋਂ ਮਿਰਚਾਂ ਪਿਸਵਾਇਆ ਕਰਦੇ ਸਨ। ਪਾਕਿਸਤਾਨ ਦੀਆਂ ਜੇਲ੍ਹਾਂ ਉਂਜ ਵੀ ਬਦਨਾਮ ਹਨ। ਇਨ੍ਹਾਂ ਵਿਚ 1965 ਅਤੇ 1971 ਦੀਆਂ ਹਿੰਦ-ਪਾਕਿ ਜੰਗਾਂ ਵੇਲੇ ਫੜੇ ਭਾਰਤੀ ਫ਼ੌਜੀ ਰੱਖੇ ਗਏ ਸਨ ਜਿਨ੍ਹਾਂ ’ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਸੀ। ਖ਼ੈਰ ਇਮਰਾਨ ’ਤੇ ਕੀਤੇ ਗਏ ਹਮਲੇ ਤੋਂ ਬਾਅਦ ਲੋਕਾਂ ਦੇ ਹੌਸਲੇ ਬੁਲੰਦ ਹੋ ਗਏ ਹਨ। ਉਹ ਫ਼ੌਜ ਦੀਆਂ ਬਖ਼ਤਰਬੰਦ ਗੱਡੀਆਂ ’ਤੇ ਟਪੂਸੀਆਂ ਮਾਰ ਰਹੇ ਹਨ। ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਰਹੇ ਹਨ। ਫ਼ੌਜ ਖ਼ਿਲਾਫ਼ ਅਜਿਹੀ ਦਲੇਰੀ ਪਹਿਲਾਂ ਕਿਸੇ ਨੇ ਨਹੀਂ ਸੀ ਕੀਤੀ। ਹਜੂਮ ਫ਼ੌਜ ਮੁਖੀ/ਆਈਐੱਸਆਈ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕਰ ਰਿਹਾ ਹੈ, “ਯੇ ਜੋ ਚੌਕੀਦਾਰ ਹੈ, ਗ਼ਦਾਰ ਹੈ, ਗ਼ਦਾਰ ਹੈ’, ‘ਗੋ ਬਾਜਵਾ ਗੋ’ ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਰਿਹਾ ਹੈ। ਰੋਟੀ, ਕੱਪੜਾ ਤੇ ਮਕਾਨ ਵਰਗੇ ਬੁਨਿਆਦੀ ਮੁੱਦਿਆਂ ਵੱਲ ਕਿਸੇ ਦਾ ਧਿਆਨ ਹੀ ਨਹੀਂ ਜਾ ਰਿਹਾ।

6 ਨਵੰਬਰ

# ਚਿੰਤਾ ਦਾ ਵੇਲਾ

ਸੱਤ ਨਦੀਆਂ ਵਾਲੇ 'ਸਪਤ-ਸਿੰਧੂ' ਦੇ ਵਾਸੀ ਮੁੱਢ ਕਦੀਮ ਤੋਂ ਹੀ ਸਿਕੰਦਰ ਸਮੇਤ ਅਣਗਿਣਤ ਵਿਦੇਸ਼ੀ ਧਾੜਵੀਆਂ ਦਾ ਰਾਹ ਰੋਕਣ ਲਈ ਸਿਰ-ਧੜ ਦੀ ਬਾਜ਼ੀ ਲਾਉਂਦੇ ਰਹੇ ਹਨ। ਸਿੰਧ ਨਦੀ ਤੋਂ ਯਮਨਾ ਨਦੀ ਤਕ ਵਹਿੰਦੇ ਸੱਤ ਦਰਿਆਵਾਂ ਨੇ ਹੀ ਇਸ ਵਿਸ਼ਾਲ ਖੇਤਰ ਦੇ ਵਾਸੀਆਂ ਨੂੰ ਦਰਿਆ-ਦਿਲ ਬਣਾਇਆ ਸੀ। ਸਮੇਂ ਦੇ ਨਾਲ ਸਪਤ-ਸਿੰਧੂ ਪਹਿਲਾਂ ਪੰਜ-ਆਬ ਤੇ ਫਿਰ ਢਾਈ-ਆਬ ਰਹਿ ਗਿਆ। ਸਾਂਝੇ ਸਾਹ ਲੈਣ ਵਾਲੇ ਪੰਜਾਬੀਆਂ ਦੀ ਮਹਾਸ਼ਕਤੀ ਨੂੰ ਲਾਂਬੂ ਲਾਉਣ ਲਈ ਸਮੇਂ ਦੇ ਹਾਕਮਾਂ ਵੱਲੋਂ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਰਹੀਆਂ ਹਨ। ਆਪੋ-ਧਾੜ ਨੇ ਤਾਂ ਧਾੜਵੀਆਂ ਤੋਂ ਵੀ ਵੱਧ ਪੰਜਾਬ ਦਾ ਨੁਕਸਾਨ ਕੀਤਾ ਹੈ। ਸਾਜ਼ਿਸ਼-ਘਾੜਿਆਂ ਦੀਆਂ ਕੋਝੀਆਂ ਚਾਲਾਂ ਨੇ ਪੰਜਾਬੀਆਂ ਨੂੰ ਫ਼ਿਰਕਾਪ੍ਰਸਤੀ ਤੇ ਕਦੇ ਲਿਪੀ/ਭਾਸ਼ਾ ਦੇ ਨਾਮ 'ਤੇ ਤਕਸੀਮ ਕੀਤਾ। ਮੱਧ-ਕਾਲ ਦੀ 'ਭਗਤੀ ਲਹਿਰ' ਨੇ ਸਪਤ-ਸਿੰਧੂ ਦੇ ਵਾਸੀਆਂ ਨੂੰ ਵਿਸ਼ਾਲ ਬੌਧਿਕ ਦ੍ਰਿਸ਼ਟੀ ਪ੍ਰਦਾਨ ਕੀਤੀ। ਵਿਸ਼ਵ ਸੱਭਿਅਤਾ ਦਾ ਪੰਘੂੜਾ ਮੰਨੇ ਜਾਂਦੇ ਲੋਕਾਂ ਲਈ ਦੇਸ਼-ਦੇਸ਼ਾਂਤਰ ਦੀਆਂ ਹੱਦਾਂ-ਸਰਹੱਦਾਂ ਜਿਵੇਂ ਬੇਮਾਅਨਾ ਹੋ ਗਈਆਂ ਸਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਸਮੁੱਚੀ ਮਨੁੱਖਤਾ ਨੂੰ ਇਕ ਲੜੀ ਵਿਚ ਪਰੋਣ ਲਈ ਉਦਾਸੀਆਂ ਕੀਤੀਆਂ ਜਿਨ੍ਹਾਂ ਨੇ ਇਸ ਖੇਤਰ ਦੀ ਰੂਹਾਨੀ ਖ਼ੁਸ਼ਬੋ ਨੂੰ ਦੂਰ-ਦੂਰ ਤਕ ਫੈਲਾਅ ਦਿੱਤਾ ਸੀ। ਇਸੇ ਲਈ ਸਾਡਾ ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਕਹਿੰਦਾ ਹੈ, "ਪੰਜਾਬ ਨਾ ਹਿੰਦੂ ਨਾ ਮੁਸਲਮਾਨ/ ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ।" ਦਸਵੇਂ ਨਾਨਕ ਤਕ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਲਈ ਸੰਸਥਾਗਤ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਜਾਤ-ਪਾਤ ਤੇ ਫ਼ਿਰਕਿਆਂ ਦੀਆਂ ਤਰੇੜਾਂ ਮੇਟਣ ਲਈ ਸਾਂਝੇ ਸਰੋਵਰ ਤਾਮੀਰ ਹੋਏ। ਸੰਗਤ-ਪੰਗਤ ਦੀ ਮਰਿਆਦਾ ਨੇ ਊਚ-ਨੀਚ ਦਾ ਫ਼ਰਕ ਮਿਟਾ ਦਿੱਤਾ। ਇਕ ਓਂਕਾਰ ਦਾ ਪਸਾਰਾ ਚਾਰ-ਚੁਫੇਰੇ ਹੋ ਗਿਆ। ਧੁੰਦ ਮਿਟ ਗਈ ਤੇ ਚਾਨਣ ਨੇ ਹਰ ਨੁੱਕਰ ਰੁਸ਼ਨਾਅ ਦਿੱਤੀ। ਬਾਣੀ ਸਭ ਤੋਂ ਵੱਡਾ ਮਾਰਗ-ਦਰਸ਼ਨ ਬਣੀ। ਵਾਕ ਲੈਂਦਿਆਂ ਅਉਖੀ ਘੜੀ ਤੋਂ ਨਿਜਾਤ ਮਿਲ ਜਾਂਦੀ। ਸਮੇਂ ਦੇ ਨਾਲ ਅਸੀਂ ਗੁਰੂ ਦਾ ਲੜ ਛੱਡ ਕੇ ਕੁਰਾਹੇ ਪੈ ਗਏ। ਬਾਣੀ ਦੇ ਬੋਹਥ, ਪੰਜਵੇਂ ਪਾਤਸ਼ਾਹ ਦੀ ਚਰਨ-ਛੋਹ ਪ੍ਰਾਪਤ ਧਰਤੀ ਸ੍ਰੀ ਤਰਨਤਾਰਨ ਸਾਹਿਬ ਦੇ ਇਕ ਪਿੰਡ ਦੀਆਂ ਬਾਰ੍ਹਾਂ ਪੱਤੀਆਂ 'ਚ ਬਾਰ੍ਹਾਂ ਗੁਰਧਾਮ ਤੇ ਬਾਰ੍ਹਾਂ ਹੀ ਸ਼ਮਸ਼ਾਨਘਾਟ ਇਸ ਦੀ ਤਾਜ਼ਾ ਉਦਾਹਰਨ ਹਨ। ਖਾੜਕੂ ਲਹਿਰ ਨੂੰ ਹੁਲਾਰਾ ਦੇਣ ਵਾਲੇ ਮਾਲਵੇ ਦੇ ਇਕ ਪਿੰਡ 'ਚ ਇਨ੍ਹਾਂ ਦੀ ਗਿਣਤੀ 17-17 ਹੈ। ਦੁਨੀਆ ਜਦੋਂ 'ਵਿਸ਼ਵ ਪਿੰਡ' ਦਾ ਤਸੱਵਰ ਕਰ ਰਹੀ ਹੋਵੇ, ਉਦੋਂ ਪੰਜਾਬ ਦੇ ਪਿੰਡ ਜਾਤ-ਪਾਤ 'ਚ ਤਕਸੀਮ ਹੋਏ ਹੋਣ ਤਾਂ ਇਹ ਬੇਹੱਦ ਚਿੰਤਾ ਦਾ ਵਿਸ਼ਾ

ਹੈ। ਪੰਜਾਬ ਦੇ ਪਿੰਡਾਂ ਦੀ ਅਨੂਠੀ ਵਿਰਾਸਤ ਦੇ ਚਰਚੇ ਵਿਸ਼ਵ ਭਰ 'ਚ ਹੋਇਆ ਕਰਦੇ ਸਨ। ਦੁੱਖ-ਸੁੱਖ ਦੀ ਘੜੀ 'ਚ ਸਮੁੱਚਾ ਪਿੰਡ ਸਾਂਝੀ ਖ਼ੁਸ਼ੀ ਤੇ ਪੀੜ ਹੰਢਾਉਂਦਾ ਸੀ। ਧੀਆਂ-ਭੈਣਾਂ ਸਾਂਝੀਆਂ ਹੁੰਦੀਆਂ। ਸਾਂਝੇ ਹੁੰਗਾਰੇ ਪਿੰਡ ਨੂੰ ਪਰਿਵਾਰ ਬਣਾ ਦਿੰਦੇ। ਮੇਰ-ਤੇਰ ਲਈ ਕੋਈ ਥਾਂ ਹੀ ਨਾ ਬਚਦੀ। ਹਕੂਮਤ ਦੇ ਨਾਬਰ ਸਾਡੇ ਨਾਇਕ ਹੋਇਆ ਕਰਦੇ ਸਨ। ਦੁੱਲਾ ਭੱਟੀ, ਜਿਊਣਾ ਮੌੜ ਤੇ ਜੱਗਾ ਡਾਕੂ ਵਰਗੇ ਅੱਜ ਵੀ ਲੋਕਧਾਰਾ ਦੀ ਧੜਕਣ ਹਨ। ਨਾਬਰ ਹਿੱਕ ਡਾਹ ਕੇ ਜਾਬਰ ਦਾ ਮੁਕਾਬਲਾ ਕਰਦੇ। 'ਜਵਾਨ ਪੰਜਾਬ ਦੇ' ਖੁੱਲ੍ਹੀ ਕਵਿਤਾ 'ਚ ਪ੍ਰੋ. ਪੂਰਨ ਸਿੰਘ ਇਸ ਧਰਤੀ ਦੇ ਜਾਇਆਂ ਨੂੰ ਮੌਤ ਨਾਲ ਮਖੌਲਾਂ ਕਰਨ ਵਾਲੇ ਦੱਸਦੇ ਹਨ, "ਇਹ ਬੇਪਰਵਾਹ ਜਵਾਨ ਪੰਜਾਬ ਦੇ/ਮੌਤ ਨੂੰ ਮਖੌਲਾਂ ਕਰਨ, ਮਰਨ ਥੀਂ ਨਹੀਂ ਡਰਦੇ/ਪਿਆਰ ਨਾਲ ਇਹ ਕਰਨ ਗ਼ੁਲਾਮੀ/ਜਾਨ ਕੋਹ ਆਪਣੀ ਵਾਰ ਦਿੰਦੇ/ ਪਰ ਟੈਂ ਨਾ ਮੰਨਣ ਕਿਸੇ ਦੀ/ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।" ਪੰਜਾਬ ਦੇ ਜਵਾਨਾਂ ਦੀ ਤਾਰੀਫ਼ ਕਰਦਾ ਹੋਇਆ ਪ੍ਰੋ. ਪੂਰਨ ਸਿੰਘ ਕਹਿੰਦਾ ਹੈ ਕਿ ਉਨ੍ਹਾਂ 'ਚ ਅਥਾਹ ਜੋਸ਼ ਹੈ, ਜਿਸ ਦੀ ਥਾਹ ਪਾ ਕੇ ਉਸ ਨੂੰ ਸਕਾਰਾਤਮਕ ਢੰਗ ਨਾਲ ਵਰਤਿਆ ਜਾ ਸਕਦਾ ਹੈ, "ਇਹੋ ਜਿਹੀ ਜਿੰਦ ਤੇ ਖੁੱਲ੍ਹ ਦਾ ਸੁਭਾ/ਜਿਹੜਾ ਚਾਬਕ ਨਹੀਂ ਸਹਾਰਦਾ, ਕੋਤਲ ਘੋੜੇ ਵਾਂਗ ਸੰਵਾਰੇ ਕੋਈ ਨਿੱਤ ਨਵਾਂ, ਤੇ ਵਹੇ ਇਨ੍ਹਾਂ ਜਵਾਨਾਂ ਦੀ ਮੌਜ ਨਾਲ/ ਤਦ ਤਾਂ ਪਲ ਛਿਣ, ਰੁਮਕ ਰੁਮਕ ਤੁਰਨ ਇਹ/ਪਰ ਫਿਰ ਵੀ ਖ਼ਤਰਾ ਇਹਨਾਂ ਦੇ ਅੱਥਰੇਪਨ ਦਾ ਹਰਦਮ ਰਹਿੰਦਾ।" ਅੱਥਰਾਪਨ ਪੰਜਾਬੀਆਂ ਦੇ ਖ਼ੂਨ ਵਿਚ ਰਚਿਆ ਹੈ। ਪੰਜਾਬ ਦੇ ਹਰੇ-ਭਰੇ ਖੁੱਲ੍ਹੇ ਖੇਤਾਂ ਨੇ ਉਨ੍ਹਾਂ ਨੂੰ ਖੁੱਲ੍ਹਾ ਸੁਭਾਅ ਬਖ਼ਸ਼ਿਆ ਸੀ ਅਤੇ ਅਠਖੇਲੀਆਂ ਕਰਦੇ ਦਰਿਆਵਾਂ ਨੇ ਮੌਜ-ਮਸਤੀ ਤੇ ਅਲਬੇਲਾਪਣ। ਉਹ ਵਿਦੇਸ਼ੀ ਹਮਲਾਵਰਾਂ ਖ਼ਿਲਾਫ਼ ਲੜਨ ਲਈ ਜਗਰਾਤਾ ਕੱਟਦੇ ਤਾਂ ਜੋ ਦੇਸ਼ ਵਾਸੀ ਚੈਨ ਦੀ ਨੀਂਦ ਸੌਂ ਸਕਣ। ਉਧਾਲੀਆਂ ਧੀਆਂ-ਭੈਣਾਂ ਨੂੰ ਹਮਲਾਵਰਾਂ ਦੇ ਚੁੰਗਲ 'ਚੋਂ ਛੁਡਵਾ ਕੇ ਉਹ ਬੰਦੀ-ਛੋੜ ਦੇ ਵਾਰਿਸ ਕਹਿਲਾਏ। ਅੱਜ ਸਾਡੇ ਲੋਕ ਨਾਇਕਾਂ ਦੀ ਪਰਿਭਾਸ਼ਾ ਬਦਲ ਰਹੀ ਹੈ। ਗੁਆਂਢੀ ਮੁਲਕ ਪਾਕਿਸਤਾਨ ਦੇ ਇਸ਼ਾਰੇ 'ਤੇ ਨਿਰਦੋਸ਼ਾਂ ਦਾ ਖ਼ੂਨ ਡੋਲ ਕੇ 'ਹੀਰੋ' ਬਣਨ ਦੀ ਹੋੜ ਲੱਗੀ ਹੋਈ ਹੈ। ਪੰਜਾਬ ਦੀ ਜਵਾਨੀ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਸੇ ਲਈ ਪੰਜਾਬ ਦਾ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਰਵੇਖਣ ਅਨੁਸਾਰ ਸਾਲ 2000 ਤੋਂ 2015 ਦਰਮਿਆਨ 15 ਸਾਲਾਂ 'ਚ 16,600 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਮੌਤ ਨੂੰ ਗਲੇ ਲਗਾਇਆ ਹੈ। ਸਾਡੀਆਂ ਸਰਕਾਰਾਂ ਤੇ ਹਾਕਮਾਂ ਦੀਆਂ ਨੀਤੀਆਂ-ਬਦਨੀਤੀਆਂ ਕਾਰਨ ਹੱਸਦਾ-ਵੱਸਦਾ ਪੰਜਾਬ ਅੱਜ ਅੰਨਦਾਤੇ ਤੋਂ ਭਿਖਾਰੀ ਬਣ ਗਿਆ ਹੈ। ਦਿਨ-ਬਦਿਨ ਪੰਜਾਬ ਦੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਖ਼ੁਦ ਨੂੰ ਪੰਜਾਬ ਦਾ ਵਾਰਸ ਅਖਵਾਉਣ ਦਾ ਦਾਅਵਾ ਕਰਨ ਵਾਲੇ ਉਸ ਲੱਕੜਹਾਰੇ ਵਾਂਗ ਦਿਸ ਰਹੇ ਹਨ ਜੋ ਉਸੇ ਡਾਹਣ 'ਤੇ ਆਰਾ ਚਲਾ ਰਿਹਾ ਹੈ, ਜਿਸ 'ਤੇ ਉਹ ਆਪ ਬੈਠਾ ਹੈ। ਪੰਜਾਬ 'ਚ ਨਿੱਤ-ਦਿਹਾੜੇ ਹੋ ਰਹੇ ਕਤਲਾਂ ਨੇ ਵਿਕਾਸ ਦੇ ਚੱਕਰ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ। ਸਿੱਧੂ ਮੂਸੇਵਾਲਾ ਦੇ ਦਿਨ-ਦਿਹਾੜੇ ਹੋਏ ਸਨਸਨੀਖ਼ੇਜ਼ ਕਤਲ

ਤੋਂ ਬਾਅਦ ਹਿੰਸਕ ਵਾਰਦਾਤਾਂ 'ਚ ਵਾਧਾ ਹੋ ਰਿਹਾ ਹੈ। 'ਕੌਮ ਦਾ ਹੀਰਾ' ਬਣਨ ਲਈ ਵੱਖਰੀ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਜੋ ਸਾਡੇ ਅਮੀਰ ਵਿਰਸੇ ਨਾਲ ਕਤੱਈ ਮੇਲ ਨਹੀਂ ਖਾਂਦਾ। ਪਾਕਿਸਤਾਨ ਅਤੇ ਕੈਨੇਡਾ ਤੋਂ ਚੱਲ ਰਹੇ ਜਾਅਲੀ ਟਵਿੱਟਰ ਹੈਂਡਲਾਂ ਨੇ ਭਾਰਤ ਦੀਆਂ ਖੁਫ਼ੀਆ ਏਜੰਸੀਆਂ ਨੂੰ ਵੀ ਵਖ਼ਤ ਪਾਇਆ ਹੋਇਆ ਹੈ। ਉਂਜ ਖੁਫ਼ੀਆ ਏਜੰਸੀਆਂ ਕਿਸੇ ਵੀ ਦੇਸ਼ ਦੀਆਂ ਹੋਣ, ਉਨ੍ਹਾਂ ਦੇ ਆਕਾ ਸਾਜ਼ਿਸ਼ਾਂ ਘੜਨ 'ਚ ਹਮੇਸ਼ਾ ਰੁੱਝੇ ਰਹਿੰਦੇ ਹਨ। ਇਨ੍ਹਾਂ ਸਾਜ਼ਿਸ਼ਾਂ ਨੇ ਹੀ ਪੰਜਾਬ ਨੂੰ ਦੁਨੀਆ ਭਰ ਵਿਚ ਬਦਨਾਮ ਕੀਤਾ ਹੋਇਆ ਹੈ। ਪੰਜਾਬੀਆਂ ਨੂੰ ਅਜਿਹੇ ਵਿਸਫੋਟਕ ਹਾਲਾਤ 'ਚ ਬੇਹੱਦ ਸੁਚੇਤ ਰਹਿਣ ਦੀ ਲੋੜ ਹੈ। ਨਿਰਦੋਸ਼ਾਂ ਦੇ ਕਤਲਾਂ ਨੂੰ ਰੋਕਣ ਲਈ ਸਮੁੱਚੇ ਪੰਜਾਬੀਆਂ ਨੂੰ ਅੱਗੇ ਆਉਣਾ ਪਵੇਗਾ। ਕਾਲੇ ਦਿਨਾਂ ਦੀ ਆਹਟ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ।

13 ਨਵੰਬਰ

# ਮਨੁੱਖ ਅੰਦਰਲਾ ਜੰਗਲ

ਛੱਬੀ-ਸਤਾਈ ਸਾਲਾ ਮੁਟਿਆਰ ਸ਼ਰਧਾ ਵਾਕਰ ਦੀ ਲਾਸ਼ ਦੇ ਟੁਕੜੇ ਲੱਭਣ ਲਈ ਦਿੱਲੀ ਪੁਲਿਸ ਮਹਿਰੌਲੀ ਦੇ ਜੰਗਲ ਦਾ ਚੱਪਾ-ਚੱਪਾ ਛਾਣ ਰਹੀ ਹੈ। ਆਪਣੀ ਪ੍ਰੇਮਿਕਾ ਦੇ 35 ਟੁਕੜੇ ਕਰ ਕੇ ਲਾਸ਼ ਨੂੰ ਖੁਰਦ-ਬੁਰਦ ਕਰਨ ਵਾਲੇ ਦਰਿੰਦੇ ਆਫ਼ਤਾਬ ਅਮੀਨ ਪੂਨਾਵਾਲਾ ਦੀ ਨਿਸ਼ਾਨਦੇਹੀ ’ਤੇ ਪੁਲਿਸ ਮਕਤੂਲ ਦੀਆਂ ਬੋਟੀਆਂ ਤਲਾਸ਼ ਰਹੀ ਹੈ। ਅਪਰਾਧ ਦੀ ਦੁਨੀਆ ’ਚ ਅਜਿਹੇ ਅੱਤ ਹੈਵਾਨੀਅਤ ਵਾਲੇ ਕਤਲ ਉਂਗਲਾਂ ’ਤੇ ਗਿਣੇ ਜਾ ਸਕਦੇ ਹਨ। ਇਸ ਹੌਲਨਾਕ ਕਤਲ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਮਨੁੱਖ ਭਾਵੇਂ ਜੰਗਲ ’ਚੋਂ ਬਾਹਰ ਆ ਗਿਆ ਹੈ ਪਰ ਉਹ ਆਪਣੇ ਅੰਦਰਲੇ ਜੰਗਲ ’ਚ ਅਜੇ ਵੀ ਭਟਕ ਰਿਹਾ ਹੈ। ‘ਜੰਗਲ ਰਾਜ’ ਦਾ ਗਣਰਾਜ ਉਸ ਦਾ ਸੁਭਾਅ ਬਣ ਜਾਂਦਾ ਹੈ। ਖ਼ਤਰਨਾਕ ਜਾਨਵਰਾਂ ਨਾਲ ਦਸਤਪੰਜਾ ਲੈਂਦਾ ਉਹ ਇਨਸਾਨ ਤੋਂ ਹੈਵਾਨ ਤਕ ਦਾ ਸਫ਼ਰ ਤੈਅ ਕਰਦਾ ਹੈ। ਸੰਘਣੇ ਜੰਗਲ ’ਚ ਰਹਿਣ ਵਾਲੇ ਨੂੰ ਸੂਰਜ ਦਾ ਦੀਦਾਰ ਵੀ ਮੁਸ਼ਕਲ ਨਾਲ ਹੀ ਹੁੰਦਾ ਹੈ। ਆਫ਼ਤਾਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਸੂਰਜ ਦੀ ਰੋਸ਼ਨੀ ਹੈ। ਆਫ਼ਤਾਬ ਅਮੀਨ ਪੂਨਾਵਾਲਾ ਆਪਣੇ ਨਾਮ ਦਾ ਹਾਣੀ ਨਾ ਬਣ ਸਕਿਆ। ਉਹ ਅਜਿਹਾ ਆਫ਼ਤਾਬ ਹੈ ਜਿਸ ਨੂੰ ਸਦੀਵੀ ਗ੍ਰਹਿਣ ਲੱਗਾ ਹੋਇਆ ਹੈ। ਉਸ ਦੇ ਅੰਦਰਲਾ ਜੰਗਲ ਉਸ ਨੂੰ ਹਨੇਰੇ ਰਾਹਾਂ ਦਾ ਪਾਂਧੀ ਬਣਾਉਂਦਾ ਰਿਹਾ। ਇੰਟਰਨੈੱਟ ਡੇਟਿੰਗ ਐਪ ਬੰਬਲ ਰਾਹੀਂ ਉਹ ਸ਼ਰਧਾ ਦੇ ਸੰਪਰਕ ’ਚ ਆਇਆ ਸੀ। ਇੰਟਰਨੈੱਟ ਨੇ ਜਿੱਥੇ ‘ਵਿਸ਼ਵ ਪਿੰਡ’ ਸਿਰਜ ਕੇ ਅਰਬਾਂ ਲੋਕਾਂ ਨੂੰ ਇਕ-ਦੂਜੇ ਦੇ ਕਰੀਬ ਲੈ ਕੇ ਆਂਦਾ ਹੈ, ਉਥੇ ਇਸ ਨੇ ਮਨੁੱਖ ਨੂੰ ਘਿਨੌਣੀਆਂ ਅਲਾਮਤਾਂ ਦਾ ਸ਼ਿਕਾਰ ਬਣਾਇਆ ਹੈ। ਇੰਟਰਨੈੱਟ ਦੀ ਦੁਰਵਰਤੋਂ ਕਰਨ ਵਾਲਿਆਂ ਨੇ ਸਦੀਆਂ ਪੁਰਾਣੀਆਂ ਸਮਾਜਿਕ ਕਦਰਾਂ-ਕੀਮਤਾਂ, ਰਹੁ-ਰੀਤਾਂ ਤੇ ਮਰਿਆਦਾਵਾਂ ਦਾ ਘਾਣ ਕੀਤਾ ਹੈ। ਰਿਸ਼ਤੇ ਤਾਰ-ਤਾਰ ਕਰਨ ਲਈ ਇਹ ਸਭ ਤੋਂ ਵੱਡਾ ਕਰੂਰ ਹਥਿਆਰ ਬਣ ਕੇ ਸਾਹਮਣੇ ਆਇਆ ਹੈ। ਸ਼ਰਧਾ ਦਾ ਦਿਲ ਦਹਿਲਾਉਣ ਵਾਲਾ ਕਤਲ ਨਵੀਂ ਪੀੜ੍ਹੀ ਲਈ ਬਹੁਤ ਵੱਡਾ ਸਬਕ ਬਣ ਕੇ ਮੀਡੀਆ ਦੀਆਂ ਸੁਰਖ਼ੀਆਂ ਬਣ ਰਿਹਾ ਹੈ। ਮਹਾਰਾਸ਼ਟਰ ਦੇ ਵਸਾਈ (ਪੱਛਮੀ) ਦੀ ਰਹਿਣ ਵਾਲੀ ਸਾਧਾਰਨ ਪਰਿਵਾਰ ਦੀ ਕੁੜੀ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕਾਲ ਸੈਂਟਰ ’ਚ ਕੰਮ ਕਰਨ ਲੱਗੀ। ਆਫ਼ਤਾਬ ਨੇ ਸ਼ਰਧਾ ਨੂੰ ਹੁਸੀਨ ਸੁਪਨੇ ਵੇਚੇ। ਮਾਂ-ਬਾਪ ਦੀ ਲਾਡਾਂ ਨਾਲ ਪਾਲੀ ਬੇਟੀ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਹ ਸ਼ੈਤਾਨ ਦੇ ਚੁੰਗਲ ਵਿਚ ਫਸ ਕੇ ਹਨੇਰੀ ਗੁਫ਼ਾ ਦੇ ਰਾਹ ਪੈ ਗਈ। ਆਫ਼ਤਾਬ ਦੀਆਂ ਚਾਲਾਂ ’ਚ ਫਸੀ ਸ਼ਰਧਾ ਆਪਣੇ ਖ਼ੂਨ ਦੇ ਰਿਸ਼ਤਿਆਂ ਨਾਲੋਂ ਨਾਤਾ ਤੋੜ ਕੇ ਘਰੋਂ ਭੱਜ ਜਾਂਦੀ ਹੈ। ਮਾਂ-ਬਾਪ ਦੀ ਇੱਜ਼ਤ ਨੂੰ ਦਾਗ਼

ਲਗਾ ਕੇ ਉਹ ਆਫ਼ਤਾਬ ਨਾਲ 'ਲਿਵ-ਇਨ-ਰਿਲੇਸ਼ਨਸ਼ਿਪ' ਵਿਚ ਰਹਿਣ ਲੱਗੀ। ਉਸ ਭੋਲੀ ਕੁੜੀ ਨੂੰ ਕੀ ਪਤਾ ਸੀ ਕਿ ਉਸ ਨੂੰ ਸ਼ਾਦੀ ਦੇ ਸਬਜ਼ਬਾਗ਼ ਦਿਖਾਉਣ ਵਾਲਾ ਇਕ ਦਿਨ ਉਸ ਦੀ ਅਲਖ ਮਿਟਾ ਕੇ ਅਪਰਾਧ ਦੀ ਅਜਿਹੀ ਨਿਰਦਈ ਇਬਾਰਤ ਲਿਖੇਗਾ ਜਿਸ ਨੂੰ ਪੜ੍ਹ-ਸੁਣ ਕੇ ਦੁਨੀਆ ਦਾ ਇਨਸਾਨੀਅਤ ਤੋਂ ਹੀ ਭਰੋਸਾ ਉੱਠ ਜਾਵੇਗਾ। ਸਮਾਜ ਅਤੇ ਘਰਦਿਆਂ ਤੋਂ ਬਾਗ਼ੀ ਹੋ ਕੇ ਆਫ਼ਤਾਬ ਨਾਲ ਬਿਨਾਂ ਸ਼ਾਦੀ ਕੀਤੇ ਰਹਿਣ ਵਾਲੀ ਕੁੜੀ ਨੂੰ ਆਫ਼ਤਾਬ ਦੀ ਅਸਲੀਅਤ ਪਤਾ ਚੱਲੀ ਤਾਂ ਬਹੁਤ ਦੇਰ ਹੋ ਚੁੱਕੀ ਸੀ। ਉਹ ਉਸ ਦਾ ਕੁਟਾਪਾ ਚਾੜ੍ਹਦਾ ਤਾਂ ਉਸ ਨੂੰ ਘਰ ਦੀ ਯਾਦ ਆਉਂਦੀ ਜਿਸ ਦੇ ਦਰਵਾਜ਼ੇ ਉਸ ਲਈ ਸਦਾ ਵਾਸਤੇ ਬੰਦ ਹੋ ਚੁੱਕੇ ਸਨ। ਇਸੇ ਦੌਰਾਨ ਆਫ਼ਤਾਬ ਬੰਬਲ ਐਪ ਰਾਹੀਂ ਹੋਰਨਾਂ ਕੁੜੀਆਂ ਨਾਲ ਲਗਾਤਾਰ ਚੈਟਿੰਗ ਕਰਦਾ ਰਿਹਾ। ਸ਼ਰਧਾ ਨੂੰ ਜਦ ਇਸ ਦਾ ਇਲਮ ਹੋਇਆ ਤਾਂ ਉਹ ਪੂਰੀ ਤਰ੍ਹਾਂ ਟੁੱਟ ਗਈ ਸੀ। ਆਫ਼ਤਾਬ ਕਿਵੇਂ ਨਾ ਕਿਵੇਂ ਉਸ ਨੂੰ ਮਹਾਰਾਸ਼ਟਰ ਤੋਂ ਦਿੱਲੀ ਲੈ ਗਿਆ, ਜਿੱਥੇ ਉਸ ਨੇ ਜਾਣ-ਬੁੱਝ ਕੇ ਮਹਿਰੌਲੀ ਦੇ ਜੰਗਲ ਲਾਗੇ ਕਿਰਾਏ 'ਤੇ ਘਰ ਲੈ ਲਿਆ। ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਕਾਂਡ ਨੂੰ ਅੰਜਾਮ ਦੇਣ ਲਈ ਇਹ ਆਖ਼ਰੀ ਕੜੀ ਸੀ। ਕਾਲੀ-ਬੋਲੀ ਰਾਤ ਸ਼ਰਧਾ ਦਾ ਤੇਜ਼ਧਾਰ ਛੁਰੇ ਨਾਲ ਕਤਲ ਕਰ ਕੇ ਆਫ਼ਤਾਬ ਲਾਸ਼ ਦੇ 35 ਟੁਕੜੇ ਕਰਦਾ ਹੈ। ਇਨ੍ਹਾਂ ਟੁਕੜਿਆਂ ਨੂੰ ਸੰਭਾਲਣ ਲਈ ਉਸ ਨੇ ਵੱਡਾ ਫਰਿੱਜ ਖ਼ਰੀਦਿਆ। ਤਾਰਿਆਂ ਦੀ ਲੋਅ 'ਚ ਉਹ ਮਹਿਰੌਲੀ ਦੇ ਜੰਗਲ ਦਾ ਰਾਹ ਨਾਪਦਾ ਹੈ। ਅੰਮ੍ਰਿਤ ਵੇਲੇ ਜਦੋਂ ਭਲੇ ਲੋਕ ਰੱਬ ਨਾਲ ਲਿਵ ਲਾਈ ਬੈਠੇ ਹੁੰਦੇ ਹਨ, ਉਦੋਂ ਆਫ਼ਤਾਬ ਸ਼ੈਤਾਨ ਦੀ ਉਂਗਲ ਫੜ ਕੇ ਰੌਂਗਟੇ ਖੜ੍ਹੇ ਕਰਨ ਵਾਲੀ ਵਾਰਦਾਤ ਨੂੰ ਅੰਜਾਮ ਦਿੰਦਾ ਹੈ। ਰੱਬ ਨੂੰ ਧਿਆਉਣ ਵਾਲਿਆਂ ਵਾਂਗ ਸ਼ੈਤਾਨ ਵੀ ਧੂਫ-ਬੱਤੀ ਕਰਦਾ ਹੈ। ਲਾਸ਼ ਦੀ ਬਦਬੂ ਗੁਆਂਢ ਤਕ ਨਾ ਫੈਲੇ, ਇਸ ਲਈ ਆਫ਼ਤਾਬ ਹਰ ਵੇਲੇ ਅਗਰਬੱਤੀ ਦਾ ਪੂਰਾ ਬੰਡਲ ਧੁਖਾ ਕੇ ਰੱਖਦਾ ਸੀ। ਲਾਸ਼ ਦੀ ਬੇਹੁਰਮਤੀ ਤਾਂ ਦੁਸ਼ਮਣ ਵੀ ਨਹੀਂ ਕਰਦੇ। ਸਰਹੱਦ 'ਤੇ ਜਦੋਂ ਜੰਗ ਛਿੜਦੀ ਹੈ ਤਾਂ ਮਰਨ ਵਾਲੇ ਦੁਸ਼ਮਣ ਦੇਸ਼ ਦੇ ਫ਼ੌਜੀ ਦੀ ਲਾਸ਼ ਦਾ ਸਸਕਾਰ ਉਸ ਦੀਆਂ ਧਾਰਮਿਕ ਰਹੁ-ਰੀਤਾਂ ਅਨੁਸਾਰ ਹੀ ਹੁੰਦਾ ਹੈ। ਸ਼ਰਧਾ ਕਤਲ ਕਾਂਡ ਤੋਂ ਬਾਅਦ ਅਜਿਹੇ ਹੋਰ ਕਾਂਡ ਵੀ ਯਾਦ ਆਏ ਜਿਨ੍ਹਾਂ ਨੇ ਮਨੁੱਖਤਾ ਨੂੰ ਪਾਣੀ-ਪਾਣੀ ਕੀਤਾ ਸੀ। ਦੋ ਜੁਲਾਈ 1995 ਨੂੰ ਰਾਜਧਾਨੀ ਦਿੱਲੀ 'ਚ 'ਤੰਦੂਰ ਕਾਂਡ' ਵਾਪਰਿਆ ਸੀ ਜਿਸ ਨੂੰ ਸੁਣ ਕੇ ਉਸ 'ਤੇ ਯਕੀਨ ਕਰਨਾ ਮੁਸ਼ਕਲ ਸੀ। ਦਿੱਲੀ ਯੂਥ ਕਾਂਗਰਸ ਦੇ ਪ੍ਰਧਾਨ ਸੁਸ਼ੀਲ ਸ਼ਰਮਾ (ਵਿਧਾਇਕ, ਦਿੱਲੀ) ਨੇ ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਆਪਣੀ ਪਤਨੀ ਨੈਣਾ ਸਾਹਨੀ ਨੂੰ ਗੋਲ਼ੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਪਰੰਤ ਉਸ ਦੀ ਲਾਸ਼ ਦੇ ਟੁਕੜੇ ਕਰ ਕੇ ਉਸ ਨੂੰ ਆਪਣੇ ਮਿੱਤਰ ਦੇ ਰੈਸਟੋਰੈਂਟ ਲੈ ਗਿਆ ਸੀ। ਰੈਸਟੋਰੈਂਟ ਦੇ ਮੈਨੇਜਰ ਨੂੰ ਨਾਲ ਲੈ ਕੇ ਉਸ ਨੇ ਲਾਸ਼ ਦੇ ਟੁਕੜੇ ਬਲਦੇ ਤੰਦੂਰ 'ਚ ਭੁੰਨਣ ਦੀ ਕੋਸ਼ਿਸ਼ ਕੀਤੀ ਸੀ। ਅੱਗ ਨੂੰ ਮਘਾਉਣ ਲਈ ਜਦੋਂ ਤੰਦੂਰ 'ਚ ਮਿੱਟੀ ਦਾ ਤੇਲ ਸੁੱਟਿਆ ਗਿਆ ਤਾਂ ਭਾਂਬੜ ਮਚ ਗਿਆ। ਗਸ਼ਤ ਕਰ ਰਹੇ ਪੁਲਿਸ ਕਰਮਚਾਰੀ ਨੇ ਸਮਝਿਆ ਕਿ ਰੈਸਟੋਰੈਂਟ 'ਚ ਅੱਗ ਲੱਗ ਗਈ ਹੈ। ਉਹ ਤੁਰੰਤ ਓਥੇ ਪਹੁੰਚਿਆ ਤਾਂ ਸੁਸ਼ੀਲ ਸ਼ਰਮਾ ਉੱਥੋਂ ਗ਼ਾਇਬ ਹੋ ਗਿਆ। ਹੋਰ ਪੁਲਿਸ ਮੰਗਵਾਈ ਗਈ ਤੇ ਰੈਸਟੋਰੈਂਟ ਦਾ ਮੈਨੇਜਰ ਮੌਕੇ 'ਤੇ ਹੀ ਫੜਿਆ

ਗਿਆ। ਇਸ ਕਾਂਡ ਨੇ ਦੇਸ਼ ਵਾਸੀਆਂ ਦੀ ਰੂਹ ਕੰਬਾ ਦਿੱਤੀ ਸੀ। ਕਾਂਗਰਸ ਦਾ ਵੀ ਵੱਡਾ ਜਲੂਸ ਨਿਕਲਿਆ ਸੀ। ਮੁੱਖ ਦੋਸ਼ੀ ਨੂੰ ਕੁਝ ਦਿਨ ਬਾਅਦ ਆਤਮ-ਸਮਰਪਣ ਲਈ ਮਜਬੂਰ ਹੋਣਾ ਪਿਆ ਸੀ। ਅਦਾਲਤ ਨੇ ਮੁਲਜ਼ਮ ਨੂੰ ਤਾਉਮਰ ਕੈਦ ਸੁਣਾਈ। ਇਹ ਪਹਿਲਾ ਕੇਸ ਸੀ ਜਿਸ 'ਚ ਮੁਲਜ਼ਮ 20 ਸਾਲ ਬਿਨਾਂ ਪੈਰੋਲ ਤੋਂ ਤਿਹਾੜ ਜੇਲ੍ਹ 'ਚ ਕੈਦ ਰਿਹਾ। ਰਿਹਾਈ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਸੀ ਕਿ ਜੇ ਉਹ ਇਕ ਸਕਿੰਟ ਲਈ ਵੀ ਗੁੱਸੇ 'ਤੇ ਕਾਬੂ ਪਾ ਲੈਂਦਾ ਤਾਂ ਉਸ ਨੂੰ ਵੀਹ ਸਾਲ ਕੈਦ ਦਾ ਨਰਕ ਨਾ ਭੁਗਤਣਾ ਪੈਂਦਾ। ਸੁਪਰੀਮ ਕੋਰਟ ਨੇ ਮੰਨਿਆ ਕਿ ਸੁਸ਼ੀਲ ਸ਼ਰਮਾ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਅਤੇ ਉਸ ਦਾ ਜੇਲ੍ਹ ਦਾ ਰਿਕਾਰਡ ਵੀ ਤਸੱਲੀਬਖ਼ਸ਼ ਰਿਹਾ ਜਿਸ ਦੀ ਬਿਨਾ 'ਤੇ ਉਸ ਨੂੰ ਰਿਹਾਈ ਮਿਲ ਗਈ। ਇਸ ਕਾਂਡ ਤੋਂ ਬਾਅਦ 13 ਸਾਲਾ ਅੱਲ੍ਹੜ ਕੁੜੀ ਅਰੂਸ਼ੀ ਤਲਵਾੜ ਦੇ ਕਤਲ ਨੇ ਵੀ ਸੰਵੇਦਨਸ਼ੀਲ ਹਿਰਦਿਆਂ ਨੂੰ ਵਲੂੰਧਰਿਆ ਸੀ। ਦੋ ਕੁ ਦਿਨਾਂ ਬਾਅਦ ਤਲਵਾੜ ਪਰਿਵਾਰ ਦੇ ਘਰ ਦੀ ਛੱਤ 'ਤੇ ਉਨ੍ਹਾਂ ਦੇ ਨੌਕਰ ਹੇਮੰਤ ਦੀ ਲਾਸ਼ ਮਿਲੀ ਤਾਂ ਕੇਸ ਹੋਰ ਉਲਝ ਗਿਆ। ਸ਼ੱਕ ਦੇ ਆਧਾਰ 'ਤੇ ਅਰੂਸ਼ੀ ਦੇ ਮਾਂ-ਬਾਪ ਡਾ. ਰਾਜੇਸ਼ ਤਲਵਾੜ ਅਤੇ ਡਾ. ਨੁਪੁਰ ਤਲਵਾੜ ਨੂੰ ਵੀ ਜੇਲ੍ਹ ਦੀ ਯਾਤਰਾ ਕਰਨੀ ਪਈ ਸੀ। ਤਲਵਾੜ ਜੋੜਾ ਭਾਵੇਂ ਸਬੂਤਾਂ ਦੀ ਅਣਹੋਂਦ ਕਾਰਨ ਰਿਹਾਅ ਹੋ ਗਿਆ ਪਰ ਅਰੂਸ਼ੀ ਨੂੰ ਅਜੇ ਤਕ ਇਨਸਾਫ਼ ਨਹੀਂ ਮਿਲਿਆ। ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਇਕ ਹੋਰ ਕਾਂਡ, ਨਿਠਾਰੀ ਸੀਰੀਅਲ ਮਰਡਰ ਕੇਸ ਵੀ ਯਾਦ ਆ ਰਿਹਾ ਹੈ। ਨਿਠਾਰੀ ਦੇ ਫਾਰਮ ਹਾਊਸ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸ ਦੇ ਨੌਕਰ ਸੁਰਿੰਦਰ ਕੋਲੀ ਦੀ ਦਰਿੰਦਗੀ ਨੇ ਦਰਿੰਦਿਆਂ ਨੂੰ ਵੀ ਮਾਤ ਪਾ ਦਿੱਤੀ ਸੀ। ਸੁਰਿੰਦਰ ਕੋਲੀ ਬੱਚਿਆਂ ਨੂੰ ਫੁਸਲਾ ਕੇ ਲਿਆਉਂਦਾ ਤਾਂ ਸਰੀਰਕ ਸ਼ੋਸ਼ਣ ਤੋਂ ਬਾਅਦ ਉਨ੍ਹਾਂ ਦਾ ਕਤਲ ਕੀਤਾ ਜਾਂਦਾ। ਇੱਥੇ ਹੀ ਬਸ ਨਹੀਂ, ਮ੍ਰਿਤਕਾਂ ਦਾ ਮਾਸ ਭੁੰਨ ਕੇ ਖਾਧਾ ਜਾਂਦਾ ਤੇ ਬਚੇ-ਖੁਚੇ ਟੁਕੜੇ ਫਾਰਮ ਹਾਊਸ ਦੇ ਪਿਛਵਾੜੇ ਸੁੱਟ ਦਿੱਤੇ ਜਾਂਦੇ। ਸੀਬੀਆਈ ਕੋਰਟ ਨੇ ਮੁੱਖ ਦੋਸ਼ੀ ਕੋਲੀ ਨੂੰ ਮੌਤ ਦੀ ਸਜ਼ਾ ਸੁਣਾਈ ਜਦਕਿ ਮਨਿੰਦਰ ਪੰਧੇਰ ਨੂੰ ਸੱਤ ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ। ਇਸ ਅਪਰਾਧ ਦਾ ਪਤਾ ਜਨਤਕ ਟਾਇਲਟ ਦੇ ਇਕ ਸਵੀਪਰ ਰਾਹੀਂ ਲੱਗਿਆ ਜਦੋਂ ਉਸ ਨੇ ਪਖਾਨੇ ਅੰਦਰ ਲਹੂ ਨਾਲ ਨੁੱਚੜਦੀ ਅਖ਼ਬਾਰ ਦੇਖੀ ਜਿਸ 'ਚ ਮਨੁੱਖੀ ਸਰੀਰ ਦੇ ਕੁਝ ਟੁਕੜੇ ਲਪੇਟੇ ਹੋਏ ਸਨ। ਅਪਰਾਧ-ਜਗਤ ਵਿਚ ਵਾਪਰੀਆਂ ਅਜਿਹੀਆਂ ਸ਼ਰਮਨਾਕ ਘਟਨਾਵਾਂ ਉਦੋਂ ਜ਼ਰੂਰ ਯਾਦ ਆਉਂਦੀਆਂ ਹਨ ਜਦੋਂ ਸ਼ਰਧਾ ਵਾਕਰ ਵਰਗੀ ਵਾਰਦਾਤ ਹੁੰਦੀ ਹੈ। ਅਜਿਹੀਆਂ ਰੂਹ ਕੰਬਾਉਣ ਵਾਲੀਆਂ ਘਟਨਾਵਾਂ ਦਾ ਖ਼ੂਨ ਸਮੇਂ ਦੀ ਹਿੱਕ 'ਚੋਂ ਸਦਾ ਰਿਸਦਾ ਰਹੇਗਾ।

20 ਨਵੰਬਰ

# ਨਾਪਾਕ ਹੱਥਾਂ ’ਚ ਵਾਗਡੋਰ

ਚੱਕਰਾਂ ਅੰਦਰ ਘੁੰਮ ਰਹੇ ਚੱਕਰਾਂ ਕਾਰਨ ਪਾਕਿਸਤਾਨ ਦਾ ਸਿਆਹ ਦੌਰ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਕਿਹੜਾ ਪਹੀਆ ਕਿਹੜੇ ਮੰਤਵ ਨਾਲ ਕਿਸ ਦਿਸ਼ਾ ਵਿਚ ਘੁੰਮ ਰਿਹਾ ਹੈ, ਕਿਸੇ ਨੂੰ ਇਸ ਦਾ ਇਲਮ ਨਹੀਂ ਹੈ। ਪਾਕਿਸਤਾਨ ਦੀਆਂ ਮਜ਼੍ਹਬੀ ਅਤੇ ਸਿਆਸੀ ਉਲਝਣਾਂ ਇੰਨੀਆਂ ਪੀਢੀਆਂ ਹਨ ਜਿਨ੍ਹਾਂ ਨੂੰ ਸੁਲਝਾਉਣਾ ਨਾਮੁਮਕਨ ਮਹਿਸੂਸ ਹੋ ਰਿਹਾ ਹੈ। ਪਾਕਿਸਤਾਨ ਦੀ ਫ਼ੌਜ ਅਤੇ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਕੋਲੋਂ ਬਾਹਰਲੇ ਮੁਲਕ ਘੱਟ ਤੇ ਆਪਣਾ ਅਵਾਮ ਵੱਧ ਡਰਦਾ ਹੈ। ਸਿਆਸਤਦਾਨ ਇਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਹਨ। ਫ਼ੌਜ ਤੇ ਆਈਐੱਸਆਈ ਦੇ ਬਹੁਤੇ ਜਰਨੈਲ ਕੱਟੜਪੰਥੀਆਂ ਨਾਲੋਂ ਵੀ ਕੱਟੜ ਹਨ। ਸਿਆਸਤਦਾਨਾਂ ਨੂੰ ਇਹ ਖ਼ਦਸ਼ਾ ਰਹਿੰਦਾ ਹੈ ਕਿ ਜਰਨੈਲਾਂ ਦੀ ਨਾਰਾਜ਼ਗੀ ਉਨ੍ਹਾਂ ਨੂੰ ਕਦੇ ਵੀ ਤਖ਼ਤ ਤੋਂ ਉਠਾ ਕੇ ਤਖ਼ਤੇ ’ਤੇ ਲਿਜਾ ਸਕਦੀ ਹੈ। ਸ਼ਾਹਬਾਜ਼ ਸ਼ਰੀਫ਼ ਦੀ ਸਰਕਾਰ ਵੱਲੋਂ ਨਵ-ਨਿਯੁਕਤ ਫ਼ੌਜ ਮੁਖੀ ਆਸਿਮ ਮੁਨੀਰ ਨੂੰ ਉਸ ਦੀ ਕੱਟੜਪੰਥੀ ਵਿਚਾਰਧਾਰਾ ਕਾਰਨ ਹੀ ‘ਜਨਰਲ ਮੁੱਲਾ’ ਕਿਹਾ ਜਾਂਦਾ ਹੈ। ‘ਜਨਰਲ ਮੁੱਲਾ’ ਨੂੰ 2019 ਦੇ ਪੁਲਵਾਮਾ ਹਮਲੇ ਦਾ ਮਾਸਟਰ-ਮਾਈਂਡ ਮੰਨਿਆ ਜਾਂਦਾ ਹੈ। ਸਪਸ਼ਟ ਹੈ ਕਿ ਕੱਟੜਪੰਥੀ ਵਿਚਾਰਧਾਰਾ ਵਾਲੇ ਨੂੰ ਫ਼ੌਜ ਦਾ ਮੁਖੀ ਬਣਾਏ ਜਾਣਾ ਭਾਰਤ ਲਈ ਸ਼ੁਭ ਸ਼ਗਨ ਨਹੀਂ ਹੈ। ‘ਲੁਕਵੀਂ ਜੰਗ’ ਦਾ ਬਾਹੂਬਲੀ ਮੰਨਿਆ ਜਾਂਦਾ ‘ਵਰਦੀਧਾਰੀ ਮੁੱਲਾ’ ਅੰਦਰੂਨੀ ਅਤੇ ਬਹਿਰੂਨੀ ਵਿਰੋਧੀ ਤਾਕਤਾਂ ਨੂੰ ਨੇਸਤੋ-ਨਾਬੂਦ ਕਰਨ ਲਈ ਚਾਂਦਮਾਰੀ ਕਰਦਾ ਰਹੇਗਾ। ਭਾਰਤ ਨੂੰ ਉਸ ਦੀ ਨਿਯੁਕਤੀ ਤੋਂ ਬਾਅਦ ਵਧੇਰੇ ਸੁਚੇਤ ਰਹਿਣ ਦੀ ਲੋੜ ਹੋਵੇਗੀ ਕਿਉਂਕਿ ਜਨਰਲ ਮੁਨੀਰ ਦੇ ਆਈਐੱਸਆਈ ਮੁਖੀ ਬਣਨ ਤੋਂ ਬਾਅਦ ਹੀ ਡਰੋਨਾਂ ਰਾਹੀਂ ਭਾਰਤ ਅੰਦਰ ਹਥਿਆਰਾਂ, ਵਿਸਫੋਟਕ ਪਦਾਰਥਾਂ ਤੋਂ ਇਲਾਵਾ ਜਾਅਲੀ ਕਰੰਸੀ ਸਮਗਲ ਕਰਨ ਦਾ ਨਿਵੇਕਲਾ ਢੰਗ ਕੱਢਿਆ ਗਿਆ ਸੀ। ਪਾਕਿਸਤਾਨ ਵੱਲੋਂ ਉੱਡਣ ਵਾਲੀਆਂ ਮਸ਼ੀਨਾਂ ਦੀਆਂ ਡਾਰਾਂ ਨੇ ਪਾਕਿਸਤਾਨ ਦੀ ਸਰਹੱਦ ਨਾਲ ਅਰਬਾਂ ਰੁਪਏ ਖ਼ਰਚ ਕੇ ਲਗਾਈ ਕੰਡਿਆਲੀ ਤਾਰ ਨੂੰ ਨਿਰਾਰਥਕ ਕਰ ਦਿੱਤਾ ਹੈ। ਇਕ ਸਮਾਂ ਸੀ ਜਦੋਂ ਬੀਐੱਸਐੱਫ ਦੀ ਮਿਲੀਭੁਗਤ ਨਾਲ ਪਾਕਿਸਤਾਨ ਵੱਲੋਂ ਸਮਗਲਿੰਗ ਹੋਇਆ ਕਰਦੀ ਸੀ। ਸਰਹੱਦ ਦੀਆਂ ਮਹੱਤਵਪੂਰਨ ਚੌਕੀਆਂ ਨੀਲਾਮ ਹੋਇਆ ਕਰਦੀਆਂ ਸਨ। ਇਸ ਤੋਂ ਇਲਾਵਾ ਸਮਝੌਤਾ ਐਕਸਪ੍ਰੈੱਸ ਜਾਂ ਦਿੱਲੀ-ਲਾਹੌਰ ਬੱਸ (ਸਦਾ-ਏ-ਸਰਹੱਦ) ਰਾਹੀਂ ਚੋਰੀ-ਛਿਪੇ ਹਥਿਆਰਾਂ, ਸੋਨੇ ਅਤੇ ਵਿਸਫੋਟਕ ਪਦਾਰਥਾਂ ਦੀ ਤਸਕਰੀ ਹੁੰਦੀ ਸੀ। ਜਨਰਲ ਮੁਨੀਰ ਨੇ ਡਰੋਨਾਂ ਰਾਹੀਂ ਕੰਡਿਆਲੀ ਤਾਰ ਦੀ ਕਾਟ ਲੱਭ ਕੇ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਵੱਡੀ ਚੁਣੌਤੀ ਦਿੱਤੀ ਸੀ। ਪਾਕਿਸਤਾਨ ਵੱਲੋਂ ਸਰਹੱਦ ਪਾਰ ਕਰਨ ਵਾਲੇ ਡਰੋਨਾਂ ਦੀ ਗਿਣਤੀ

ਪਿਛਲੇ ਦੋ ਸਾਲਾਂ ਵਿਚ ਲਗਾਤਾਰ ਵਧਦੀ ਰਹੀ ਹੈ। ਅੰਕੜਿਆਂ ਮੁਤਾਬਕ 2020 ਵਿਚ 80 ਡਰੋਨਾਂ ਰਾਹੀਂ ਜੰਮੂ-ਕਸ਼ਮੀਰ ਤੇ ਪੰਜਾਬ ਵਿਚ ਤਸਕਰੀ ਹੋਈ ਸੀ ਜੋ ਅਗਲੇ ਸਾਲ 110 ਤੇ 2022 ਵਿਚ 270 ਹੋ ਗਈ ਦੱਸੀ ਜਾਂਦੀ ਹੈ। ਜਨਰਲ ਮੁਨੀਰ ਦੇ ਫ਼ੌਜ ਮੁਖੀ ਬਣਨ ਤੋਂ ਬਾਅਦ ਇਹ ਅੰਕੜਾ ਹੋਰ ਵੀ ਵਧ ਸਕਦਾ ਹੈ। 'ਸਾਕਾ ਨੀਲਾ ਤਾਰਾ' ਅਤੇ 'ਆਪ੍ਰੇਸ਼ਨ ਕਾਲੀ ਗਰਜ' ਤੋਂ ਬਾਅਦ ਪੰਜਾਬ ਤੋਂ ਅਨੇਕਾਂ ਨੌਜਵਾਨ ਸਿੱਖ ਮੁੰਡੇ ਪਾਕਿਸਤਾਨ ਵਿਚ ਲੱਗਦੇ ਟਰੇਨਿੰਗ ਕੈਂਪਾਂ ਵਿਚ ਹਥਿਆਰ ਚਲਾਉਣ ਦੀ ਸਿਖਲਾਈ ਲੈਣ ਲਈ ਚਲੇ ਗਏ ਸਨ। ਇਸ ਦੌਰਾਨ ਹਥਿਆਰਾਂ ਆਦਿ ਦੀ ਵੱਡੇ ਪੱਧਰ 'ਤੇ ਹੁੰਦੀ ਸਮਗਲਿੰਗ ਸੁਰੱਖਿਆ ਏਜੰਸੀਆਂ ਲਈ ਵੱਡੀ ਸਿਰਦਰਦੀ ਬਣ ਗਈ ਸੀ। ਇਸ ਰੁਝਾਨ ਨੂੰ ਠੱਲ੍ਹਣ ਲਈ ਨੱਬੇਵਿਆਂ ਦੇ ਸ਼ੁਰੂ ਵਿਚ ਸਰਹੱਦ ਨਾਲ ਕੰਡਿਆਲੀ ਤਾਰ ਲਗਾਈ ਗਈ ਸੀ। ਇਸ ਤੋਂ ਬਾਅਦ ਲੰਬੇ ਸਮੇਂ ਤਕ ਸਰਹੱਦ ਪਾਰ ਕਰਨ ਤੇ ਸਮਗਲਿੰਗ ਦੇ ਰੁਝਾਨ ਨੂੰ ਠੱਲ੍ਹ ਪਈ ਸੀ। ਪੰਜਾਬ ਦੇ ਛੇ ਜ਼ਿਲ੍ਹੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਤੇ ਫ਼ਾਜ਼ਿਲਕਾ ਦੇ 220 ਪਿੰਡਾਂ ਦੀ 21 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਕੰਡਿਆਲੀ ਤਾਰ ਦੇ ਅੰਦਰ ਆ ਜਾਣ ਕਾਰਨ ਕਿਸਾਨਾਂ ਨੂੰ ਕਾਸ਼ਤ ਲਈ ਸਮਾਂਬੱਧ ਹੋਣ ਲਈ ਮਜਬੂਰ ਹੋਣਾ ਪਿਆ ਸੀ। ਲਗਪਗ ਸਾਢੇ ਪੰਜ ਸੌ ਕਿਲੋਮੀਟਰ ਦੀ ਇਸ ਸਰਹੱਦੀ ਪੱਟੀ ਵਿਚ ਕਿਸਾਨਾਂ ਨੂੰ ਬੀਐੱਸਐੱਫ ਦੀਆਂ ਸੰਗੀਨਾਂ ਦੀ ਛਾਂ ਹੇਠ ਖੇਤੀਬਾੜੀ ਕਰਨੀ ਪੈਂਦੀ ਹੈ। ਹੁਣ ਡਰੋਨਾਂ ਰਾਹੀਂ ਅਜਿਹੀ ਸਮੱਗਰੀ ਆਪਣੇ ਮਿੱਥੇ ਟਿਕਾਣੇ 'ਤੇ ਬਿਨਾਂ ਕਿਸੇ ਤਰੱਦਦ ਦੇ ਪਹੁੰਚ ਜਾਂਦੀ ਹੈ। ਸਰਹੱਦੀ ਜ਼ਿਲ੍ਹੇ ਤਰਨਤਾਰਨ ਵਿਚ ਤਾਂ ਗੈਂਗਸਟਰਾਂ ਨੂੰ ਵੀ ਅਜਿਹੀ ਸਮੱਗਰੀ ਡਰੋਨਾਂ ਰਾਹੀਂ ਉਨ੍ਹਾਂ ਦੇ ਘਰਾਂ ਦੀਆਂ ਦਹਿਲੀਜ਼ਾਂ ਤਕ ਪੁੱਜਣ ਦੇ ਸਮਾਚਾਰ ਵੀ ਮਿਲੇ ਹਨ। ਕੁਦਰਤੀ ਹੈ ਕਿ ਜਨਰਲ ਮੁਨੀਰ ਦੇ ਫ਼ੌਜ ਮੁਖੀ ਬਣਨ ਤੋਂ ਬਾਅਦ ਡਰੋਨਾਂ ਵੱਧ ਉੱਡਣਗੀਆਂ। ਅਜਿਹੀਆਂ ਨਾਪਾਕ ਹਰਕਤਾਂ ਨੇ ਹੀ ਦਰਅਸਲ ਪਾਕਿਸਤਾਨ ਦਾ ਚੌਤਰਫ਼ਾ ਨੁਕਸਾਨ ਕੀਤਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਵਿਚ ਜਮਹੂਰੀਅਤ ਪੱਕੀਆਂ ਨੀਂਹਾਂ 'ਤੇ ਟਿਕੀ ਰਹੀ ਤੇ ਸੰਵਿਧਾਨ ਨੂੰ ਮੁਕੱਦਸ ਕਿਤਾਬ ਵਾਂਗ ਸਨਮਾਨਿਆ ਗਿਆ। ਦੂਜੇ ਪਾਸੇ ਪਾਕਿਸਤਾਨ ਦੇ ਲੋਕਤੰਤਰ ਨੂੰ ਮੁੱਢ ਤੋਂ ਹੀ ਗ੍ਰਹਿਣ ਲੱਗਾ ਰਿਹਾ ਜਿਸ ਕਾਰਨ ਮੁਲਕ ਦਾ ਬਹੁਪੱਖੀ ਵਿਕਾਸ ਦੂਰ ਦਾ ਸੁਪਨਾ ਰਿਹਾ। ਆਜ਼ਾਦ ਹੋਣ ਤੋਂ ਜਲਦੀ ਬਾਅਦ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਪਾਕਿਸਤਾਨ ਦੇ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਹਾ ਦਾ ਇੰਤਕਾਲ ਹੋ ਗਿਆ। ਦੋਨੋਂ ਨੇਤਾ ਭਾਰਤ ਦੇ ਗੁਜਰਾਤ ਸੂਬੇ ਨਾਲ ਸਬੰਧਤ ਸਨ। ਮਹਾਤਮਾ ਗਾਂਧੀ ਦੀ ਮੌਤ ਤੋਂ ਬਾਅਦ ਵੀ ਦੇਸ਼ ਦੀ ਕਮਾਨ ਮਜ਼ਬੂਤ ਹੱਥਾਂ ਵਿਚ ਰਹੀ ਤੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਵਿਧਾਨ ਨੂੰ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਦੇ ਹਾਣ ਦਾ ਘੜਿਆ। ਸਾਡੇ ਗੁਆਂਢ ਵਿਚ ਸੰਵਿਧਾਨ ਬਣਦੇ ਤੇ ਮਨਸੂਖ਼ ਹੁੰਦੇ ਰਹੇ। ਮਾਰਸ਼ਲ ਲਾਅ ਥੋਪ ਕੇ ਪਾਕਿਸਤਾਨ ਦੀ ਜਮਹੂਰੀਅਤ ਦਾ ਘਾਣ ਹੁੰਦਾ ਰਿਹਾ। ਫ਼ੌਜੀ ਜਰਨੈਲਾਂ ਦਾ ਸਿਆਸਤ ਵਿਚ ਬੋਲਬਾਲਾ ਵਤਨ ਨੂੰ ਘੁਣ ਵਾਂਗ ਖਾਂਦਾ ਆ ਰਿਹਾ ਹੈ। ਪਾਕਿਸਤਾਨ ਦੇ ਸਦਰ ਜਾਂ ਵਜ਼ੀਰ-ਏ-ਆਜ਼ਮ ਜਿਸ ਕਿਸੇ ਨੂੰ ਵੀ ਫ਼ੌਜ ਦਾ ਮੁਖੀ ਬਣਾਉਂਦੇ ਰਹੇ, ਉਹ ਆਪਣੇ ਆਕਾ ਨੂੰ ਠਿੱਬੀ ਲਾਉਣ ਲਈ ਬਹੁਤਾ ਸਮਾਂ ਨਾ ਗੁਆਉਂਦਾ। ਭਾਰਤ ਦੀ ਫ਼ੌਜ

ਜਾਂ ਸਾਡੇ ਕਿਸੇ ਵੀ ਜਰਨੈਲ ਦੀ ਵਰਦੀ ’ਤੇ ਅਜਿਹਾ ਬਦਨੁਮਾ ਦਾਗ਼ ਨਹੀਂ ਲੱਗਾ। ਨਾ ਹੀ ਕਿਸੇ ਨੇ ਪਾਕਿਸਤਾਨ ਵਾਂਗ ਚੁਣੀ ਹੋਈ ਸਰਕਾਰ ਦਾ ਤਖ਼ਤਾ ਉਲਟਾਉਣ ਦਾ ਸੁਪਨਾ ਹੀ ਲਿਆ ਹੈ। ਗੁਰਬਾਣੀ ਦਾ ਫ਼ੁਰਮਾਨ ਹੈ ‘ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ’। ਪਾਕਿਸਤਾਨ ਦਾ ਤਾਂ ਆਦਮ ਹੀ ਨਿਰਾਲਾ ਹੈ। ਪਾਕਿਸਤਾਨ ਦੇ ਹਾਕਮ ਜਾਂ ਫ਼ੌਜ ਦੇ ਮੁਖੀ ਅਜਿਹੇ ਬਣਦੇ ਰਹੇ ਜਿਨ੍ਹਾਂ ਦਾ ਕਿਰਦਾਰ ਮਾੜਾ ਸੀ। ਕੋਈ ਨਾਕਾਬਲ ਤੇ ਕੋਈ ਰੰਗੀਨ ਮਿਜ਼ਾਜ ਸੀ। ਸ਼ਾਇਦ ਹੀ ਕੋਈ ਅਜਿਹਾ ਜਨਰਲ ਹੋਵੇ ਜਿਸ ਨੇ ਕਰੋੜਾਂ-ਅਰਬਾਂ ਦੀ ਜਾਇਦਾਦ ਨਾ ਬਣਾਈ ਹੋਵੇ। ਮੀਰ ਜ਼ਾਫਰ ਦਾ ਪੜਪੋਤਰਾ ਇਸਕੰਦਰ ਮਿਰਜ਼ਾ ਬੰਗਾਲੀ ਮੂਲ ਦਾ ਪਹਿਲਾ ਸਦਰ ਸੀ ਜਿਸ ਨੇ ਸਭ ਤੋਂ ਪਹਿਲਾਂ ਉਹ ਸੰਵਿਧਾਨ ਮਨਸੂਖ਼ ਕੀਤਾ ਜਿਸ ’ਤੇ ਹੱਥ ਰੱਖ ਕੇ ਉਸ ਨੇ ਹਲਫ਼ ਲਿਆ ਸੀ। ਦੇਸ਼ ਦੀਆਂ ਆਮ ਚੋਣਾਂ ਤੋਂ ਮਹਿਜ਼ ਤਿੰਨ ਕੁ ਮਹੀਨੇ ਪਹਿਲਾਂ ਮਿਰਜ਼ਾ ਨੇ ਸੱਤ ਅਕਤੂਬਰ 1958 ਨੂੰ ਦੇਸ਼ ਵਿਚ ਪਹਿਲਾ ਮਾਰਸ਼ਲ ਲਾਅ ਥੋਪ ਕੇ ਸਿਆਸੀ ਜਮਾਤਾਂ ’ਤੇ ਬੈਨ ਲਗਾ ਦਿੱਤਾ ਸੀ। ਸਦਰ ਰਹਿੰਦਿਆਂ ਉਸ ਨੇ ਕਈ ਵਜ਼ੀਰ-ਏ-ਆਜ਼ਮ ਬਦਲੇ। ਪੰਡਿਤ ਜਵਾਹਰਲਾਲ ਨਹਿਰੂ ਨੇ ਕਟਾਖਸ਼ ਕਰਦਿਆਂ ਕਿਹਾ ਸੀ ਕਿ ‘ਮੈਂ ਏਨੀ ਜਲਦੀ ਧੋਤੀਆਂ ਨਹੀਂ ਬਦਲਦਾ ਜਿੰਨੀ ਦੇਰ ਵਿਚ ਪਾਕਿਸਤਾਨ ਆਪਣੇ ਪ੍ਰਧਾਨ ਮੰਤਰੀ ਬਦਲ ਲੈਂਦਾ ਹੈ।’ ਮਿਰਜ਼ਾ ਨੇ ਆਪਣੇ ‘ਦੋਸਤ’ ਆਰਮੀ ਕਮਾਂਡਰ ਆਯੂਬ ਖ਼ਾਨ ਨੂੰ ਚੀਫ ਮਾਰਸ਼ਲ ਲਾਅ ਐਡਮਨਿਸਟਰ ਬਣਾ ਦਿੱਤਾ। ਮਹਿਜ਼ ਵੀਹ ਦਿਨਾਂ ਅੰਦਰ ਹੀ ਆਯੂਬ ਖ਼ਾਨ ਨੇ ਆਪਣੇ ਮਿੱਤਰ ਦਾ ਬਿਸਤਰਾ ਗੋਲ ਕਰ ਕੇ ਉਸ ਨੂੰ ਜਲਾਵਤਨ ਕਰ ਦਿੱਤਾ। ਜ਼ੁਲਫ਼ਕਾਰ ਅਲੀ ਭੁੱਟੋ ਵੱਲੋਂ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈ ਕੇ ਆਯੂਬ ਖ਼ਾਨ ਖ਼ਿਲਾਫ਼ ਅਵਾਮੀ ਲਹਿਰ ਚਲਾਈ ਗਈ ਤਾਂ ਉਸ ਨੇ ਗਿਆਰਾਂ ਸਾਲ ਦੀ ਹਕੂਮਤ ਤੋਂ ਬਾਅਦ 25 ਮਾਰਚ 1969 ਨੂੰ ਦੇਸ਼ ਦੀ ਕਮਾਨ ਯਾਹੀਆ ਖ਼ਾਨ ਦੇ ਸਪੁਰਦ ਕਰ ਦਿੱਤੀ। ਦੇਸ਼ ’ਤੇ ਇਕ ਵਾਰ ਫਿਰ ਤੋਂ ਮਾਰਸ਼ਲ ਲਾਅ ਆਇਦ ਹੋ ਗਿਆ। ਤੀਜਾ ਮਾਰਸ਼ਲ ਲਾਅ 5 ਜੁਲਾਈ 1977 ਵਿਚ ਜਨਰਲ ਜ਼ਿਆ-ਉਲ-ਹੱਕ ਨੇ ਲਗਾ ਕੇ ਜ਼ੁਲਫ਼ਕਾਰ ਅਲੀ ਭੁੱਟੋ ਨੂੰ ਫਾਂਸੀ ’ਤੇ ਲਟਕਾ ਦਿੱਤਾ ਜਿਸ ਨੇ ਕਈ ਜਨਰਲਾਂ ਦੀ ਸੀਨੀਆਰਟੀ ਨੂੰ ਛਿੱਕੇ ਟੰਗ ਕੇ ਉਸ ਨੂੰ ਆਰਮੀ ਚੀਫ ਬਣਾਇਆ ਸੀ। ਜਨਰਲ ਪਰਵੇਜ਼ ਮੁਸ਼ਰਫ਼ ਨੇ ਵੀ ਨਵਾਜ਼ ਸ਼ਰੀਫ਼ ਦੀ ਪਿੱਠ ਵਿਚ ਛੁਰਾ ਮਾਰ ਕੇ 12 ਅਕਤੂਬਰ 1999 ਨੂੰ ਮਾਰਸ਼ਲ ਲਾਅ ਲਗਾ ਦਿੱਤਾ ਸੀ। ਪਾਕਿਸਤਾਨ ਵਿਚ ਕਿਰਦਾਰ ਬਦਲਦੇ ਰਹਿੰਦੇ ਹਨ ਪਰ ਸਕ੍ਰਿਪਟ ਨਹੀਂ ਬਦਲਦੀ ਅਤੇ ਨਾ ਹੀ ਦੇਸ਼ ਵਾਸੀਆਂ ਦੀ ਕਿਸਮਤ। ਜਨਰਲ ਮੁਨੀਰ ਭਵਿੱਖ ਵਿਚ ਕੀ ਰੰਗ ਦਿਖਾਵੇਗਾ, ਇਹ ਭਵਿੱਖ ਦੀ ਬੁੱਕਲ ਵਿਚ ਲੁਕਿਆ ਹੋਇਆ ਹੈ।

27 ਨਵੰਬਰ

# ਨਾਨਕ ਦੇ ਖ਼ਾਬ ਵਾਲਾ ਪੰਜਾਬ

ਦੇਸ਼ ਦੀ ਖੜਗ-ਭੁਜਾ/ਅੰਨ-ਭੰਡਾਰ ਮੰਨੇ ਜਾਣ ਵਾਲੇ ਪੰਜਾਬ ਦੀ ਜਵਾਨੀ ਅੱਜ-ਕੱਲ੍ਹ ਕੁਰਾਹੇ ਪਈ ਨਜ਼ਰ ਆਉਂਦੀ ਹੈ। ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਲੜੀ ਜਾ ਰਹੀ 'ਲੁਕਵੀਂ ਜੰਗ' ਨੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਨੇਸਤੋ-ਨਾਬੂਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਰਹੱਦ ਪਾਰੋਂ ਆ ਰਹੀਆਂ ਡ੍ਰੋਨਾਂ ਦੀਆਂ ਡਾਰਾਂ ਉਨ੍ਹਾਂ ਲਈ ਨਿੱਤ ਨਸ਼ਿਆਂ, ਹਥਿਆਰਾਂ ਅਤੇ ਨਕਲੀ ਨੋਟਾਂ ਦੀਆਂ ਖੇਪਾਂ ਲਿਆ ਰਹੀਆਂ ਹਨ। ਹਿੰਦ-ਪਾਕਿ ਜੰਗਾਂ ਦੌਰਾਨ ਸਰਹੱਦੀ ਪੱਟੀ ਵਿਚ ਵਸਦੇ ਇਹੀ ਲੋਕ ਆਪਣੇ ਫ਼ੌਜੀ ਭਰਾਵਾਂ ਨੂੰ ਵਰ੍ਹਦੀ ਬੰਬਾਰੀ ਵਿਚ ਮੋਰਚਿਆਂ ਤਕ ਰਾਸ਼ਨ-ਪਾਣੀ ਪਹੁੰਚਾਇਆ ਕਰਦੇ ਸਨ। ਅੱਜ ਉਹੀ ਜਾਂਬਾਜ਼ ਪੰਜਾਬੀ, ਸੁਰੱਖਿਆ ਦਸਤਿਆਂ ਦੀਆਂ ਅੱਖਾਂ ਵਿਚ ਰੜਕ ਰਹੇ ਹਨ। ਪਾਕਿਸਤਾਨ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਪਣੇ ਨਾਪਾਕ ਮਨਸੂਬਿਆਂ ਵਿਚ ਕਾਮਯਾਬ ਹੁੰਦੀ ਦਿਸ ਰਹੀ ਹੈ। ਆਈਐੱਸਆਈ ਨੇ ਸੱਤ ਸਮੁੰਦਰ ਪਾਰ ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਆਦਿ ਦੇਸ਼ਾਂ ਵਿਚ ਵੀ ਤਾਣਾ-ਬਾਣਾ ਬੁਣ ਲਿਆ ਹੈ ਜਿਸ ਵਿਚ ਸਾਡੇ ਭੋਲੇ-ਭਾਲੇ ਲੋਕ ਫਸ ਰਹੇ ਹਨ। ਆਪਣੇ ਅਮੀਰ ਵਿਰਸੇ ਨੂੰ ਭੁੱਲ ਕੇ ਸਾਡੇ ਬੱਚੇ ਗੈਂਗਵਾਰ ਦੀ ਦਲਦਲ ਵਿਚ ਫਸ ਰਹੇ ਹਨ। ਗੁਨਾਹ ਦੀ ਇਸ ਦੁਨੀਆ ਵਿਚ ਫਸੇ ਨੌਜਵਾਨ ਦੀ ਲਾਸ਼ ਹੀ ਚੱਕਰਵਿਊ ਤੋਂ ਬਾਹਰ ਆਉਂਦੀ ਹੈ। ਦੂਜਿਆਂ ਖ਼ਾਤਰ ਲੜਨ-ਮਰਨ ਵਾਲੇ ਪੰਜਾਬੀ ਹੁਣ ਆਪਣੇ ਹੀ ਭਰਾਵਾਂ ਦੇ ਖ਼ੂਨ ਨਾਲ ਆਪਣੀ ਪਿਆਸ ਬੁਝਾਉਣਾ ਲੋਚਦੇ ਹਨ। ਪੰਜਾਬੀਆਂ ਨੇ ਪਹਿਲਾਂ ਹੀ ਕਾਲੇ ਦੌਰ ਦਾ ਸੰਤਾਪ ਭੋਗਿਆ ਹੈ। ਹੱਸਦੇ-ਵੱਸਦੇ ਘਰਾਂ ਵਿਚ ਵਿਛੇ ਸੱਥਰਾਂ ਦੀ ਯਾਦ ਅਜੇ ਵੀ ਸਤਾਉਂਦੀ ਹੈ। ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਕਿ ਅੱਸੀ-ਨੱਬੇਵਿਆਂ ਦਾ ਅੱਤਵਾਦ ਹੁਣ ਗੈਂਗਵਾਰ ਦਾ ਬਦਲ ਬਣ ਕੇ ਪੰਜਾਬ ਦੇ ਅਮਨ ਨੂੰ ਮੁੜ ਲਾਂਬੂ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੋਸ਼ਲ ਮੀਡੀਆ ਗ਼ੈਰ-ਸਮਾਜੀ ਅਨਸਰਾਂ ਦੀਆਂ ਗਤੀਵਿਧੀਆਂ ਦਾ ਪਸਾਰ ਕਰਨ ਲਈ ਸਭ ਤੋਂ ਵੱਡਾ ਮਾਧਿਅਮ ਬਣ ਕੇ ਉੱਭਰਿਆ ਹੈ। ਉਣੱਤੀ ਮਈ 2022 ਨੂੰ ਪੰਜਾਬੀ ਦੇ ਮਕਬੂਲ ਗਾਇਕ ਤੇ ਅਦਾਕਾਰ ਸਿੱਧੂ ਮੂਸੇਵਾਲਾ ਦਾ ਉਸ ਦੇ ਜੱਦੀ ਪਿੰਡ ਵਿਚ ਦਿਨ-ਦਿਹਾੜੇ ਕਤਲ ਕਰਨ ਤੋਂ ਬਾਅਦ ਗੈਂਗਵਾਰ ਅੰਤਰਰਾਸ਼ਟਰੀ ਮੁੱਦਾ ਬਣ ਗਿਆ ਸੀ। ਇਸ ਸਨਸਨੀਖੇਜ਼ ਕਤਲ ਦੀ ਜ਼ਿੰਮੇਵਾਰੀ ਕੈਨੇਡਾ ਭੱਜੇ ਕੁਰੱਖ਼ਤ ਗੈਂਗਸਟਰ ਸੁਖਵਿੰਦਰ ਸਿੰਘ ਉਰਫ਼ ਗੋਲਡੀ ਬਰਾੜ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਲਈ ਸੀ। ਗੋਲਡੀ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਸੱਜੀ ਬਾਂਹ ਮੰਨਿਆ ਜਾਂਦਾ ਹੈ। ਫੇਸਬੁੱਕ 'ਤੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਸੀ ਕਿ ਉਸ ਨੇ ਆਪਣੇ 'ਭਰਾ', ਅਕਾਲੀ ਦਲ ਦੇ ਨੇਤਾ ਮਿੱਡੂ ਖੇੜਾ ਦੇ

ਕਤਲ ਦਾ ਬਦਲਾ ਲਿਆ ਹੈ। ਮਿੱਡੂ ਖੇੜਾ ਨੂੰ ਅਗਸਤ 2021 ਵਿਚ ਮੁਹਾਲੀ ਦੇ 71 ਸੈਕਟਰ ਵਿਚ ਚਿੱਟੇ ਦਿਨ ਗੋਲ਼ੀਆਂ ਮਾਰ ਕੇ ਢੇਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਗੋਲਡੀ ਦੇ ਚਚੇਰੇ ਭਰਾ ਗੁਰਲਾਲ ਬਰਾੜ ਦੀ ਚੰਡੀਗੜ੍ਹ ਦੇ ਇੰਡਸਟ੍ਰੀਅਲ ਏਰੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ। ਗੋਲਡੀ ਤੋਂ ਬਾਅਦ ਤਿਹਾੜ ਜੇਲ੍ਹ 'ਚੋਂ ਗੈਂਗ ਦੇ ਸਰਗਨਾ ਲਾਰੈਂਸ ਬਿਸ਼ਨੋਈ ਨੇ ਵੀ ਫੇਸਬੁੱਕ ਰਾਹੀਂ ਮੂਸੇਵਾਲਾ ਦੇ ਕਤਲ ਵਿਚ ਉਸ ਦੇ ਗੁਰਗਿਆਂ ਦਾ ਹੱਥ ਹੋਣ ਦੀ ਤਾਈਦ ਕੀਤੀ ਸੀ। ਫੇਸਬੁੱਕ 'ਤੇ ਰੰਗਦਾਰੀਆਂ ਅਤੇ ਫਿਰੌਤੀਆਂ ਮੰਗਣ ਦਾ ਸਿਲਸਿਲਾ ਵੀ ਨਵਾਂ ਰੁਝਾਨ ਹੈ ਜਿਸ ਨੇ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਪੇਸ਼ ਕੀਤੀ ਹੈ। ਇੱਥੋਂ ਤਕ ਕਿ ਬਾਲੀਵੁੱਡ ਦੇ ਸਟਾਰ ਸਲਮਾਨ ਖ਼ਾਨ ਵੱਲੋਂ ਕਾਲੇ ਹਿਰਨ ਦਾ ਸ਼ਿਕਾਰ ਕਰਨ ਕਰਕੇ ਉਸ ਨੂੰ ਵੀ ਧਮਕੀਆਂ ਮਿਲੀਆਂ ਸਨ ਜਿਸ ਪਿੱਛੋਂ ਉਸ ਦੀ ਸਕਿਉਰਿਟੀ ਦਾ ਘੇਰਾ ਮਜ਼ਬੂਤ ਕਰ ਦਿੱਤਾ ਗਿਆ ਸੀ। ਬਿਸ਼ਨੋਈ ਭਾਈਚਾਰਾ ਹਿਰਨਾਂ ਦੀ ਪੂਜਾ ਕਰਦਾ ਹੈ ਜਿਸ ਕਰਕੇ ਲਾਰੈਂਸ ਬਿਸ਼ਨੋਈ ਸਲਮਾਨ ਦੇ ਖ਼ੂਨ ਦਾ ਤਿਹਾਇਆ ਸੀ। ਸੋਸ਼ਲ ਮੀਡੀਆ, ਖ਼ਾਸ ਤੌਰ 'ਤੇ ਫੇਸਬੁੱਕ 'ਤੇ ਧਮਕੀਆਂ/ਫਿਰੌਤੀਆਂ ਦੀ ਪ੍ਰਮਾਣਿਕਤਾ 'ਤੇ ਵੀ ਸਵਾਲ ਉੱਠਦੇ ਰਹੇ ਹਨ। ਪੰਜਾਬ ਦੇ ਕਾਲੇ ਦੌਰ ਦੌਰਾਨ ਅੱਤਵਾਦੀ ਜਥੇਬੰਦੀਆਂ ਦੇ ਜਾਅਲੀ ਲੈਟਰ ਹੈੱਡਾਂ ਨੂੰ ਵੀ ਇਸੇ ਤਰ੍ਹਾਂ ਹੀ ਵਰਤਿਆ ਗਿਆ ਸੀ। ਅਮਰੀਕਾ ਵਿਚ ਗੋਲਡੀ ਬਰਾੜ ਨੂੰ ਹਿਰਾਸਤ ਵਿਚ ਲਏ ਜਾਣ ਅਤੇ ਉਸ ਵੱਲੋਂ ਫੇਸਬੁੱਕ 'ਤੇ ਪੋਸਟਾਂ ਪਾਉਣ ਬਾਰੇ ਭੰਬਲਭੂਸਾ ਬਣਿਆ ਹੋਇਆ ਹੈ। ਲਾਰੈਂਸ ਬਿਸ਼ਨੋਈ ਦੇ ਵਕੀਲ ਨੇ ਦਾਅਵਾ ਕੀਤਾ ਹੈ ਕਿ ਗੋਲਡੀ ਦੀ ਗ੍ਰਿਫ਼ਤਾਰੀ ਬਾਰੇ ਨਸ਼ਰ ਕੀਤੀ ਗਈ ਖ਼ਬਰ ਅਫ਼ਵਾਹ ਹੈ ਜਿਸ ਨੂੰ ਕਿਸੇ ਮਕਸਦ ਤਹਿਤ ਫੈਲਾਇਆ ਜਾ ਰਿਹਾ ਹੈ। ਕੁਝ ਵੀ ਹੋਵੇ, ਸੋਸ਼ਲ ਮੀਡੀਆ ਦੀ ਭਰੋਸੇਯੋਗਤਾ 'ਤੇ ਮੁੱਢ ਤੋਂ ਹੀ ਕਿੰਤੂ-ਪ੍ਰੰਤੂ ਉਠਾਏ ਜਾਂਦੇ ਰਹੇ ਹਨ। ਫੋਟੋਸ਼ਾਪ ਰਾਹੀਂ ਕਿਸੇ ਵੀ ਤਰ੍ਹਾਂ ਦਾ ਭਰਮ ਸਿਰਜਿਆ ਜਾ ਸਕਦਾ ਹੈ ਤੇ ਕਿਸੇ ਦੀ ਵੀ ਕਿਰਦਾਰਕੁਸ਼ੀ ਕੀਤੀ ਜਾ ਸਕਦੀ ਹੈ। ਸੋਸ਼ਲ ਮੀਡੀਆ 'ਤੇ ਫੈਲਾਏ ਜਾਂਦੇ ਕੂੜ-ਪ੍ਰਚਾਰ ਨੂੰ ਨੱਥ ਪਾਉਣ ਲਈ ਕੇਂਦਰ ਸਰਕਾਰ ਹੁਣ ਆਈਟੀ ਐਕਟ ਦੀ ਥਾਂ 'ਡਿਜੀਟਲ ਇੰਡੀਆ ਐਕਟ' ਲਿਆਉਣ ਦੇ ਰੌਂਅ ਵਿਚ ਹੈ। ਇਸ ਐਕਟ ਰਾਹੀਂ ਚੀਨ ਵਾਂਗ ਗੂਗਲ ਅਤੇ ਇੰਟਰਨੈੱਟ ਸੇਵਾਵਾਂ 'ਤੇ ਚੱਲ ਰਹੇ ਗ਼ੈਰ-ਸਮਾਜਿਕ ਵਰਤਾਰੇ ਨੂੰ ਠੱਲ੍ਹ ਪਵੇਗੀ। ਇਸ ਤੋਂ ਇਲਾਵਾ ਇੰਟਰਨੈੱਟ 'ਤੇ ਹੋ ਰਹੀ ਵਪਾਰਕ ਨੌਸਰਬਾਜ਼ੀ 'ਤੇ ਵੀ ਸ਼ਿਕੰਜਾ ਕੱਸਣ ਵਿਚ ਇਮਦਾਦ ਮਿਲੇਗੀ। ਇਸ ਤਹਿਤ ਕਿਸੇ ਵੀ ਤਰ੍ਹਾਂ ਦੇ ਇੰਟਰਨੈੱਟ ਫਰਾਡ/ਸਾਈਬਰ ਕ੍ਰਾਈਮ ਲਈ ਗੂਗਲ/ਫੇਸਬੁੱਕ ਦੀ ਜ਼ਿੰਮੇਵਾਰੀ ਤੈਅ ਹੋਵੇਗੀ। ਅਜੋਕੇ ਸਮੇਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਖ਼ਤਰਨਾਕ ਤੋਂ ਖ਼ਤਰਨਾਕ ਬਿਰਤਾਂਤ ਸਿਰਜਿਆ ਜਾ ਸਕਦਾ ਹੈ। ਇਹ ਚਿੰਤਾ ਸਿਰਫ਼ ਪੰਜਾਬ ਜਾਂ ਭਾਰਤ ਦੀ ਨਹੀਂ ਬਲਕਿ ਦੁਨੀਆ ਦੀ ਹੈ। ਐਲਨ ਮਸਕ ਨੇ ਮਨੁੱਖੀ ਦਿਮਾਗ਼ ਵਿਚ ਮਹੀਨ (ਸਿੱਕੇ ਦੇ ਸਾਈਜ਼ ਦੀ) ਚਿੱਪ ਫਿੱਟ ਕਰ ਕੇ ਦੁਨੀਆ ਨੂੰ ਹੈਰਾਨ-ਪਰੇਸ਼ਾਨ ਕਰ ਦਿੱਤਾ ਹੈ। ਇਹ ਚਿੱਪ ਮਨੁੱਖ ਦੇ ਦਿਮਾਗ਼ ਦੀ ਮੈਪਿੰਗ ਕਰ ਕੇ ਕੰਪਿਊਟਰ ਰਾਹੀਂ ਇਸ ਦਾ ਪ੍ਰਗਟਾਵਾ ਕਰੇਗੀ ਕਿ ਉਸ ਦੇ ਜ਼ਿਹਨ ਵਿਚ ਕੀ ਚੱਲ ਰਿਹਾ ਹੈ। ਐਲਨ ਮਸਕ ਨੇ ਇਸ ਸਟਾਰਟ-ਅੱਪ ਦਾ ਨਾਮ ਨਿਊਰਾਲਿੰਕ ਰੱਖਿਆ ਹੈ। ਮਸਕ ਦਾ

ਦਾਅਵਾ ਹੈ ਕਿ ਇਹ ਚਿੱਪ ਨੈਣ-ਵਿਹੂਣੇ ਅਤੇ ਹੱਥਾਂ-ਪੈਰਾਂ ਤੋਂ ਨਕਾਰਾ ਵਿਅਕਤੀਆਂ ਦੇ ਦਿਮਾਗ਼ਾਂ ਵਿਚ ਚੱਲ ਰਹੇ ਵਿਚਾਰਾਂ ਨੂੰ ਕੰਪਿਊਟਰ ਜ਼ਰੀਏ ਪ੍ਰਗਟ ਕਰਨ ਵਿਚ ਸਹਾਈ ਹੋਵੇਗਾ। ਇਸ ਦਾ ਸਫਲ ਤਜਰਬਾ 'ਪੇਜਰ' ਨਾਮੀ ਬਾਂਦਰ ਦੇ ਦਿਮਾਗ਼ ਵਿਚ ਚਿੱਪ ਜੜ ਕੇ ਕੀਤਾ ਜਾ ਚੁੱਕਾ ਹੈ। ਮਨੁੱਖੀ ਦਿਮਾਗ਼ ਵਿਚ ਅਜਿਹੀ ਚਿੱਪ ਲਗਾਉਣ ਤੋਂ ਬਾਅਦ ਇਸ ਦੇ ਵੱਡੀ ਪੱਧਰ 'ਤੇ ਦੁਰਉਪਯੋਗ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਂ, ਜੇ ਅਜਿਹੀ ਚਿੱਪ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਉਨ੍ਹਾਂ ਦੇ ਗੁਰਗਿਆਂ ਆਦਿ ਦੇ ਦਿਮਾਗ਼ਾਂ ਵਿਚ ਫਿੱਟ ਹੋਈ ਤਾਂ ਵੱਡੇ ਤੋਂ ਵੱਡੇ ਮਸਲੇ ਚੁਟਕੀ ਵਿਚ ਹੱਲ ਹੋਣ ਦੀ ਆਸ ਬੱਝ ਸਕਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਨੋਬੇਲ ਨੇ ਟੀਐੱਨਟੀ ਦੀ ਕਾਢ ਵੀ ਵੱਡੇ-ਵੱਡੇ ਪਹਾੜਾਂ ਨੂੰ ਉਡਾ ਕੇ ਉੱਥੇ ਵਿਕਾਸ ਕਾਰਜਾਂ ਲਈ ਕੀਤੀ ਸੀ ਪਰ ਅੱਜ ਇਸ ਖੋਜ ਨੇ ਦਹਿਸ਼ਤਗਰਦਾਂ ਦੇ ਕਾਲੇ ਕਾਰਨਾਮਿਆਂ ਨੂੰ ਅੰਜਾਮ ਦੇਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਦਹਿਸ਼ਤਗਰਦਾਂ ਨੇ ਵੀ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰ ਕੇ ਪੰਜਾਬ ਦੀ ਜਰਖ਼ੇਜ਼ ਮਿੱਟੀ ਨੂੰ ਪਲੀਤ ਅਤੇ ਇਸ ਦੇ ਪਾਣੀਆਂ ਨੂੰ ਮਟਮੈਲਾ ਕੀਤਾ ਹੈ। ਅੱਜ ਹਰ ਕੋਈ ਪੰਜਾਬੀ ਸੱਤ ਸਮੁੰਦਰ ਪਾਰ ਜਾ ਕੇ ਵਸਣਾ ਚਾਹੁੰਦਾ ਹੈ। ਪਰ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਜਾ ਕੇ ਵੀ ਗੈਂਗਵਾਰ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਹੀ। ਕੈਨੇਡਾ ਅਤੇ ਬਰਤਾਨੀਆ ਵਿਚ ਫ਼ਿਰਕਿਆਂ ਵਿਚ ਵੰਡੇ ਪੰਜਾਬੀ ਇਕ-ਦੂਜੇ ਦੇ ਸਾਹਮਣੇ ਹੋ ਰਹੇ ਹਨ। ਪੁਰਾਣੇ ਪੰਜਾਬ ਨੂੰ ਯਾਦ ਕਰਦਿਆਂ ਬਜ਼ੁਰਗ ਪੰਜਾਬੀਆਂ ਦੀਆਂ ਅੱਖਾਂ 'ਚੋਂ ਨੀਰ ਵਹਿ ਤੁਰਦਾ ਹੈ। ਪੰਜਾਬ ਦੀ ਖ਼ੁਸ਼ਹਾਲੀ ਨੂੰ ਲਾਂਬੂ ਲਾਉਣ ਵਾਲੀਆਂ ਤਾਕਤਾਂ ਬਾਗ਼ੋ-ਬਾਗ਼ ਹਨ। ਪੰਜਾਬੀਆਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ 'ਤੇ ਕਦੇ ਰੱਬ ਵੀ ਰੀਝਦਾ ਸੀ। ਰੱਬ ਨਾਲ ਮੇਲ ਦਾ ਅਨੁਭਵ ਸਾਂਝਾ ਕਰਦਾ ਤਾਰਾ ਸਿੰਘ ਵਿਰਕ ਲਿਖਦਾ ਹੈ, "ਖੁੱਲ੍ਹੀਆਂ ਜ਼ਮੀਨਾਂ ਤੇ ਮੇਰੇ ਦਿਲ ਦਾ ਨਾਚ/ ਪੋਲੀ ਗੁਲਾਬੀ ਮਿੱਟੀ ਤੇ ਚੁੱਪ-ਚਾਪ ਪੈਰਾਂ ਦੇ ਨਿਸ਼ਾਨ। ਰੱਬ ਫਿਰਦਾ-ਫਿਰਦਾ ਬਹਿ ਗਿਆ ਵਿਚ ਮੇਰੇ।" ਪੰਜਾਬ ਨੂੰ ਬਾਬੇ ਨਾਨਕ ਦੇ ਖ਼ਾਬ ਦਾ ਬਣਾਉਣ ਲਈ ਤਰਲਾ ਮਾਰਦਿਆਂ ਪ੍ਰੋ. ਮੋਹਨ ਸਿੰਘ ਲਿਖਦਾ ਹੈ, " ਪੰਜਾਬੀਓ ਨਾ ਨੀਵੀਆਂ ਗੱਲਾਂ ਦੀ ਤਾਕ ਰੱਖੋ/ਹੁੰਦਾ ਕਦੀ ਨਾ ਆਲ੍ਹਣਾ ਝਿੱਕਾ ਉਕਾਬ ਦਾ। ਮਿਟ ਜਾਣ ਆਪੇ ਬੋਲੀਆਂ ਵਰਨਾਂ ਦੇ ਵਿਤਕਰੇ/ ਮਰਦਾਨੇ ਵਾਂਗ ਛੇੜੀਏ ਜੇ ਸੁਰ ਰਬਾਬ ਦਾ। ਉੱਠੋ ਕਿ ਉੱਠ ਕੇ ਦੇਸ਼ ਦਾ ਮੂੰਹ-ਮੱਥਾ ਡੌਲੀਏ/ਮੁੜ ਕੇ ਪੰਜਾਬ ਸਾਜੀਏ ਨਾਨਕ ਦੇ ਖ਼ਾਬ ਦਾ। ਪੱਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ/ਖੇੜੇ ਦੇ ਵਿਚ ਲਿਆਈਏ ਮੁੜ ਫੁੱਲ ਗੁਲਾਬ ਦਾ।" ਸੱਚਮੁੱਚ ਹੀ ਗੁਲਾਬ ਦਾ ਫੁੱਲ ਮੁਰਝਾ ਰਿਹਾ ਪ੍ਰਤੀਤ ਹੁੰਦਾ ਹੈ ਜਿਸ ਨੂੰ ਖੇੜੇ ਵਿਚ ਲਿਆਉਣ ਲਈ ਸਾਂਝੇ ਹੰਭਲੇ ਮਾਰਨ ਤੇ ਸਾਂਝੇ ਸਾਹ ਲੈਣ ਦੀ ਲੋੜ ਹੈ।

4 ਦਸੰਬਰ

# ਧੀਆਂ ਜੇਡ ਨਾ ਕੋਈ

ਕੰਨਿਆਦਾਨ ਤੋਂ ਮਹਿਜ਼ ਦੋ ਦਹਾਕੇ ਬਾਅਦ ਰੋਹਿਣੀ ਅਚਾਰੀਆ ਨੇ ਆਪਣੇ ਬਾਬਲ, ਲਾਲੂ ਪ੍ਰਸਾਦ ਯਾਦਵ ਨੂੰ ਜੀਵਨਦਾਨ ਦੇ ਕੇ 'ਬੇਗਾਨੇ ਧਨ' ਦੀ ਪਰਿਭਾਸ਼ਾ ਬਦਲ ਕੇ ਰੱਖ ਦਿੱਤੀ ਹੈ। ਇਨ੍ਹੀਂ ਦਿਨੀਂ ਸੁਰਖੀਆਂ ਵਿਚ ਛਾਈ ਹੋਈ ਰੋਹਿਣੀ ਮੀਡੀਆ ਦੀ ਲਾਡਲੀ ਧੀ ਬਣ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਬਣ ਗਈ ਹੈ। 'ਰੋਹਿਣੀ ਮਿਸਾਲ ਹੈ, ਆਂਧੀ ਮੇਂ ਜਲਤੀ ਮਿਸ਼ਾਲ ਹੈ' ਟੀਵੀ ਚੈਨਲ ਦੀ ਨੌਜਵਾਨ ਐਂਕਰ ਜਜ਼ਬਾਤੀ ਰੌਂਅ ਵਿਚ ਜਦੋਂ ਇਹ ਸ਼ਬਦ ਬੋਲ ਰਹੀ ਸੀ ਤਾਂ ਉਸ ਦੀਆਂ ਅੱਖਾਂ ਛਲਕ ਪਈਆਂ ਸਨ। ਚਾਰਾ ਘੁਟਾਲਿਆਂ ਦੇ ਚਾਰ ਮਾਮਲਿਆਂ ਵਿਚ ਸਜ਼ਾਯਾਫ਼ਤਾ ਸਾਬਕਾ ਰੇਲ ਮੰਤਰੀ ਤੇ ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਦੇ ਨੌਂ ਬੱਚਿਆਂ 'ਚੋਂ ਰੋਹਿਣੀ ਨੇ ਅੰਗਦਾਨ ਕਰ ਕੇ ਧੀਆਂ ਦਾ ਰੁਤਬਾ ਅਰਸ਼ਾਂ 'ਤੇ ਪਹੁੰਚਾ ਦਿੱਤਾ ਹੈ। ਰੋਹਿਣੀ ਵਰਗੀਆਂ ਹੋਰ ਵੀ ਧੀਆਂ ਹੋਣਗੀਆਂ ਪਰ ਵੱਡੇ ਘਰ ਨਾਲ ਸਬੰਧਤ ਹੋਣ ਕਰਕੇ 'ਅੰਗਦਾਨ-ਮਹਾਦਾਨ' ਮੁਹਿੰਮ ਨੂੰ ਹੋਰ ਬਲ ਮਿਲਿਆ ਹੈ। ਲਾਲੂ ਪ੍ਰਸਾਦ ਯਾਦਵ ਅਤੇ ਰਾਬੜੀ ਦੇਵੀ ਦੇ ਦੋ ਪੁੱਤਰ, ਤੇਜ ਪ੍ਰਤਾਪ ਯਾਦਵ, ਤੇਜੱਸਵੀ ਯਾਦਵ (ਬਿਹਾਰ ਦੇ ਡਿਪਟੀ ਮੁੱਖ ਮੰਤਰੀ) ਅਤੇ ਸੱਤ ਧੀਆਂ ਹਨ। ਰੋਹਿਣੀ ਪੇਸ਼ੇ ਵਜੋਂ ਡਾਕਟਰ ਹੋਣ ਕਰਕੇ ਅੰਗਦਾਨ ਦੀਆਂ ਪੇਚੀਦਗੀਆਂ ਨੂੰ ਚੰਗੀ ਤਰ੍ਹਾਂ ਜਾਣਦੀ ਹੈ। ਉਸ ਦਾ ਵਿਆਹ ਅਮਰੀਕਾ ਦੇ ਐੱਨਆਰਆਈ, ਸਾਫਟਵੇਅਰ ਇੰਜੀਨੀਅਰ ਸ਼ਮਸ਼ੇਰ ਸਿੰਘ ਨਾਲ 2002 ਵਿਚ ਹੋਇਆ ਸੀ ਤੇ ਉਨ੍ਹਾਂ ਦੇ ਦੋ ਬੇਟੇ ਅਤੇ ਇਕ ਧੀ ਹੈ। ਰੋਹਿਣੀ ਦਾ ਸਹੁਰਾ ਆਮਦਨ ਕਰ ਵਿਭਾਗ 'ਚੋਂ ਵੱਡੇ ਅਹੁਦੇ ਤੋਂ ਰਿਟਾਇਰ ਹੋਇਆ ਜੋ ਲਾਲੂ ਦਾ ਕਾਲਜ ਸਮੇਂ ਦਾ ਆੜੀ ਹੈ। ਕੁਦਰਤੀ ਹੈ ਕਿ ਰੋਹਿਣੀ ਨੇ ਅੰਗਦਾਨ ਤੋਂ ਪਹਿਲਾਂ ਆਪਣੇ ਸਹੁਰਾ ਪਰਿਵਾਰ ਨੂੰ ਭਰੋਸੇ ਵਿਚ ਲਿਆ ਹੋਵੇਗਾ। ਗੁਰਦਾ ਦਾਨ ਕਰਨਾ ਨਿਸ਼ਚੇ ਹੀ ਗੁਰਦੇ ਵਾਲਿਆਂ ਦਾ ਕੰਮ ਹੈ। ਲਾਲੂ ਦੇ ਸਿਆਸੀ ਵਿਰੋਧੀ ਵੀ ਰੋਹਿਣੀ ਦੀ ਤਾਰੀਫ਼ ਕਰਦੇ ਨਹੀਂ ਥੱਕਦੇ। ਇਕ ਕਹਿ ਰਿਹਾ ਸੀ, "ਮੇਰੇ ਦੋ ਬੇਟੇ ਹਨ, ਧੀ ਕੋਈ ਨਹੀਂ। ਰੋਹਿਣੀ ਦੀ ਕੁਰਬਾਨੀ ਦੇਖ ਕੇ ਰੱਬ ਨਾਲ ਲੜਨ ਨੂੰ ਦਿਲ ਕਰਦਾ ਹੈ।" ਬੇਟੀਆਂ ਸੱਚਮੁੱਚ ਵਿਹੜੇ ਦੀ ਰੌਣਕ ਹੁੰਦੀਆਂ ਹਨ ਤੇ ਮਾਤਾ-ਪਿਤਾ ਦੇ ਦਿਲ ਦੇ ਬੇਹੱਦ ਕਰੀਬ ਹੁੰਦੀਆਂ ਹਨ। ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਟਵੀਟ ਕਰਦਿਆਂ ਰੋਹਿਣੀ 'ਤੇ ਨਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਲਿਖਿਆ ਹੈ, 'ਬੇਟੀ ਹੋ ਤੋ ਰੋਹਿਣੀ ਜੈਸੀ'। ਲਾਲੂ ਪ੍ਰਸਾਦ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੀ ਧੀ ਕਿਡਨੀ ਦੇਵੇ ਪਰ ਰੋਹਿਣੀ ਦੇ ਸੁੱਚੇ ਮੋਤੀਆਂ ਵਰਗੇ ਜਜ਼ਬਾਤ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਰੋਹਿਣੀ ਨੇ ਕਿਹਾ ਕਿ "ਮਾਤਾ-ਪਿਤਾ

ਉਸ ਲਈ ਭਗਵਾਨ ਹਨ। ਮੈਂ ਆਪਣੇ ਮਾਪਿਆਂ ਲਈ ਜਾਨ ਤਕ ਕੁਰਬਾਨ ਕਰ ਸਕਦੀ ਹਾਂ ਜਿਨ੍ਹਾਂ ਦੀ ਬਦੌਲਤ ਮੈਂ ਇਸ ਦੁਨੀਆ ਵਿਚ ਆਈ ਹਾਂ। ਇਹ ਤਾਂ ਛੋਟਾ ਜਿਹਾ ਅੰਗ ਹੈ।" ਮੁਨੱਵਰ ਰਾਣਾ ਦੇ ਬੇਟੀਆਂ ਬਾਰੇ ਚੰਦ ਸ਼ਿਅਰ ਆਤਮਸਾਤ ਕਰੋ, " ਘਰ ਮੇਂ ਰਹਿਤੇ ਹੁਏ, ਗੈਰੋਂ ਕੀ ਤਰਹ ਹੋਤੀ ਹੈਂ/ਬੇਟੀਆਂ ਧਾਨ ਕੇ ਪੌਦੋਂ ਕੀ ਤਰਹ ਹੋਤੀ ਹੈਂ...ਉੜ ਕੇ ਏਕ ਰੋਜ਼ ਬੜੀ ਦੂਰ ਚਲੀ ਜਾਤੀ ਹੈਂ/ ਘਰ ਕੀ ਸ਼ਾਖੋਂ ਪੇ ਯੇ ਚਿੜੀਓਂ ਕੀ ਤਰਹ ਹੋਤੀ ਹੈਂ।" ਚਿੜੀਆਂ ਦੇ ਚੰਬੇ ਦੀ ਉਡਾਰੀ ਜਿੰਨੀ ਮਰਜ਼ੀ ਲੰਬੀ ਹੋਵੇ ਪਰ ਪੇਕੇ ਘਰਾਂ ਦੇ ਸੁੰਨੇ ਛੱਡੇ ਆਲ੍ਹਣੇ ਉਨ੍ਹਾਂ ਨੂੰ ਸਦਾ ਹਾਕਾਂ ਮਾਰਦੇ ਹਨ। ਆਪਣੇ ਪਰਿਵਾਰ ਨਾਲ ਸਿੰਗਾਪੁਰ ਰਹਿੰਦੇ ਹੋਏ ਵੀ ਉਹ ਆਪਣੇ ਮਾਂ-ਬਾਪ ਦੇ ਦਿਲਾਂ ਦੀ ਧੜਕਣ ਹੈ। ਆਪਣੇ ਭਰਾਵਾਂ ਵਾਂਗ ਉਹ ਲਾਲੂ-ਰਾਬੜੀ ਦੀ ਸਿਆਸੀ ਵਿਰਾਸਤ ਦੀ ਸ਼ਰੀਕ ਨਹੀਂ ਹੈ। 'ਲੂਣਾ' ਵਿਚ ਸ਼ਿਵ ਕੁਮਾਰ ਬਟਾਲਵੀ ਔਰਤ ਜਾਤ ਨੂੰ ਵਡਿਆਉਂਦਾ ਲਿਖਦਾ ਹੈ, "ਨਾਰੀ ਧਰਤੀ ਦੀ ਕਵਿਤਾ ਹੈ।" ਧੀਆਂ ਨੇ ਇਕ ਦਿਨ 'ਆਪਣੇ ਘਰ' ਟੁਰ ਜਾਣਾ ਹੁੰਦਾ ਹੈ, "ਅੱਗ ਦੀ ਉਮਰੇ ਹਰ ਅੱਗ ਟੁਰਦੀ/ਜਾ ਬਹਿੰਦੀ ਪਰਦੇਸ/ ਹਰ ਅੱਗ ਦੇ, ਬਾਬਲ ਦੇ ਚੁੱਲ੍ਹੇ ਸਦਾ ਨਾ ਉਸ ਦਾ ਸੇਕ।" ਇੱਛਰਾਂ ਦਾ ਬਾਬਲ ਚੌਧਲ ਆਪਣੇ ਮਹਿਲ ਵਿਚ ਆਪਣੀ ਧੀ ਨਾਲ ਸੰਵਾਦ ਰਚਾਉਂਦਾ ਕਹਿੰਦਾ ਹੈ, "ਧੀਆਂ ਦੀ ਧੁੱਪ ਚਾਰ ਦਿਹਾੜੇ, ਫਿਰ ਹੋਈ ਨਾ ਹੋਈ।" ਚੌਧਲ ਕਹਿੰਦਾ ਹੈ, "ਧੀਏ ਨੀ! ਧੀਆਂ ਤਾਂ ਧਨ ਨੇ ਹੁੰਦੀਆਂ, ਧੀਆਂ ਜੇਡ ਨਾ ਕੋਈ/ ਇਹ ਧਨ ਵਧਿਆ ਮਾਨ ਵਧਾਉਂਦੈ, ਕੁਲ ਦੀ ਵਧੇ ਖ਼ੁਸ਼ਬੋਈ।" ਰੋਹਿਣੀ ਵਰਗੀਆਂ ਧੀਆਂ ਸੱਚਮੁੱਚ ਚੰਦਨ ਦੀਆਂ ਗੇਲੀਆਂ ਹਨ। ਘੁਟਾਲਿਆਂ ਦੇ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਲਾਲੂ ਪ੍ਰਸਾਦ ਯਾਦਵ ਕੁਝ ਦੱਮੜੇ ਖ਼ਰਚ ਕੇ ਕਿਡਨੀ ਖ਼ਰੀਦ ਵੀ ਸਕਦਾ ਸੀ। ਅਜਿਹਾ ਕਰਨਾ ਸ਼ਾਇਦ ਰੋਹਿਣੀ ਨੂੰ ਗਵਾਰਾ ਨਹੀਂ ਸੀ। ਅੱਜ ਤੋਂ ਦੋ ਦਹਾਕੇ ਪਹਿਲਾਂ 'ਕਿਡਨੀ ਟਰਾਂਸਪਲਾਂਟ' ਦਾ ਗੋਰਖਧੰਦਾ ਸਿਖ਼ਰਾਂ 'ਤੇ ਸੀ। ਗ਼ਰੀਬਾਂ, ਖ਼ਾਸ ਤੌਰ 'ਤੇ ਪਰਵਾਸੀ ਮਜ਼ਦੂਰਾਂ ਕੋਲੋਂ ਮਾਮੂਲੀ ਨਕਦੀ ਦੇ ਇਵਜ਼ ਵਿਚ ਗੁਰਦੇ ਖ਼ਰੀਦੇ ਜਾਂਦੇ ਸਨ। ਜਦੋਂ ਇਸ ਕਾਲੇ ਧੰਦੇ ਦਾ ਪਰਦਾਫਾਸ਼ ਹੋਇਆ ਤਾਂ ਫਿਰ 'ਅੰਗਦਾਨ' ਲਈ ਵਿੰਗੇ-ਟੇਢੇ ਢੰਗ-ਤਰੀਕੇ ਕੱਢੇ ਗਏ। ਨਾਮ-ਧਰੀਕ 'ਆਥੋਰਾਈਜ਼ੇਸ਼ਨ ਕਮੇਟੀਆਂ' ਹੋਂਦ ਵਿਚ ਆ ਗਈਆਂ। ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਆਫਿਸ 'ਚ ਗੁਰਦੇ ਵੇਚਣ ਵਾਲਿਆਂ ਦੀਆਂ ਕਤਾਰਾਂ ਲੱਗ ਜਾਂਦੀਆਂ। ਕਾਨੂੰਨੀ ਦਾਅ-ਪੇਚਾਂ ਤੋਂ ਬਚਣ ਲਈ 'ਕਿਡਨੀ ਡੋਨਰਜ਼' ਕੋਲੋਂ ਜਾਅਲੀ ਹਲਫ਼ਨਾਮੇ ਲਏ ਜਾਂਦੇ। ਇਨ੍ਹਾਂ ਹਲਫ਼ਨਾਮਿਆਂ ਦੀ ਇਬਾਰਤ ਹੁੰਦੀ, "ਮੈਂ ਪਿਛਲੇ ਲੰਬੇ ਸਮੇਂ ਤੋਂ ਫਲਾਣੇ (ਜਿਸ ਨੂੰ ਗੁਰਦਾ ਦਾਨ ਕਰਨਾ ਹੁੰਦਾ) ਵਿਅਕਤੀ ਨਾਲ ਰਹਿ ਰਿਹਾ ਹਾਂ। ਇਸ ਲਈ ਮੈਂ ਪਿਆਰ ਤੇ ਸਨੇਹ ਵਸ ਆਪਣਾ ਗੁਰਦਾ ਦਾਨ ਕਰ ਰਿਹਾ ਹਾਂ। ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਗੁਰਦਾ ਦਾਨ ਕਰਨ ਲਈ ਪੈਸੇ ਦਾ ਅਦਾਨ-ਪ੍ਰਦਾਨ ਨਹੀਂ ਹੋਇਆ।" ਪੁਲਿਸ ਦੀ ਜਾਂਚ-ਪੜਤਾਲ ਵਿਚ ਅਣਗਿਣਤ ਹਲਫ਼ਨਾਮੇ ਜਾਅਲੀ ਪਾਏ ਗਏ। ਪੱਚੀ ਨਵੰਬਰ 2003 ਦੀ ਖ਼ਬਰ ਅਨੁਸਾਰ ਕਰੋੜਾਂ ਰੁਪਇਆਂ ਦੀ ਜਾਅਲਸਾਜ਼ੀ ਪਵਿੱਤਰ ਸ਼ਹਿਰ ਅੰਮ੍ਰਿਤਸਰ ਤੇ ਪੰਜਾਬ ਦੇ ਕੁਝ ਹੋਰ ਸ਼ਹਿਰਾਂ ਵਿਚ ਹੋ ਰਹੀ ਸੀ। ਇਸ ਸਕੈਂਡਲ ਵਿਚ ਮੈਡੀਕਲ ਕਾਲਜ ਦੇ ਕਈ ਪ੍ਰਿੰਸੀਪਲ, ਡਾਕਟਰ, ਵਕੀਲ ਤੇ ਦਲਾਲ ਸ਼ਾਮਲ ਸਨ।

ਪਰਵਾਸੀ ਮਜ਼ਦੂਰਾਂ ਨੂੰ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੋਂ ਫੁਸਲਾ ਕੇ ਲਿਆਂਦਾ ਜਾਂਦਾ। ਕਈ 'ਦਾਨੀਆਂ' ਨੂੰ ਜਦੋਂ ਵਾਅਦੇ ਮੁਤਾਬਕ ਮਾਇਆ ਨਾ ਮਿਲੀ ਤਾਂ ਉਹ ਮੀਡੀਆ ਸਾਹਮਣੇ ਆਏ। 'ਕਿਡਨੀ ਸਕੈਮ' ਦੀਆਂ ਖ਼ਬਰਾਂ ਨਾਲ ਅਖ਼ਬਾਰ ਭਰੇ ਹੁੰਦੇ। ਲਾਭਪਾਤਰੀਆਂ ਵਿਚ ਉੱਚ ਅਹੁਦਿਆਂ 'ਤੇ ਬੈਠੇ ਅਫ਼ਸਰ, ਵੱਡੇ-ਵੱਡੇ ਵਪਾਰੀ ਵੀ ਸ਼ਾਮਲ ਸਨ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮੈਡੀਕਲ ਕਾਲਜ ਦੇ ਕਈ ਪ੍ਰਿੰਸੀਪਲਾਂ, ਵਕੀਲਾਂ, ਪ੍ਰਾਈਵੇਟ ਡਾਕਟਰਾਂ ਤੇ ਦਲਾਲਾਂ ਨੂੰ ਹਵਾਲਾਤ ਦੀ ਹਵਾ ਖਾਣੀ ਪਈ ਸੀ। ਕਿਡਨੀ ਟਰਾਂਸਪਲਾਂਟ ਨੂੰ ਲੈ ਕੇ ਕਾਨੂੰਨ ਵਿਚ ਸੋਧ ਹੋਈ। ਸੋਧੇ ਕਾਨੂੰਨ ਮੁਤਾਬਕ ਸਿਰਫ਼ ਖ਼ੂਨ ਦਾ ਸਾਕ ਹੀ ਗੁਰਦਾ ਦਾਨ ਕਰ ਸਕਦਾ ਸੀ। ਇਸ ਰੋਕ ਕਾਰਨ ਭਾਰਤ, ਖ਼ਾਸ ਤੌਰ 'ਤੇ ਪੰਜਾਬ ਵਿਚ 'ਕਿਡਨੀ ਟਰਾਂਸਪਲਾਂਟ' ਦਾ ਧੰਦਾ ਠੱਪ ਹੋ ਕੇ ਰਹਿ ਗਿਆ ਸੀ। ਇਸ ਦੀ ਕਾਟ ਵੀ ਜਲਦੀ ਹੀ ਲੱਭ ਲਈ ਗਈ। ਪਾਕਿਸਤਾਨ ਵਿਚ ਉਦੋਂ ਤਕ ਅਜਿਹਾ ਕਾਨੂੰਨ ਨਹੀਂ ਸੀ ਆਇਆ। ਸਰਦੇ-ਪੁੱਜਦੇ ਲੋਕਾਂ ਨੇ ਪਾਕਿਸਤਾਨ ਵੱਲ ਵਹੀਰਾਂ ਘੱਤ ਦਿੱਤੀਆਂ। ਪਾਕਿਸਤਾਨ ਦੇ 'ਅਹਿਸਾਨ' ਅਤੇ ਰਸ਼ੀਦ ਆਦਿ ਹਸਪਤਾਲਾਂ ਵਿਚ ਕਿਡਨੀ ਟਰਾਂਸਪਲਾਂਟੇਸ਼ਨ ਵਾਲਿਆਂ ਦਾ ਤਾਂਤਾ ਲੱਗਣਾ ਸ਼ੁਰੂ ਹੋ ਗਿਆ। ਇੱਥੋਂ ਤਕ ਕਿ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਵਿਕਸਤ ਦੇਸ਼ਾਂ ਦੇ ਧਨਾਢ ਵੀ ਪਾਕਿਸਤਾਨ ਦੇ ਵੀਜ਼ੇ ਲੈ ਕੇ ਸਸਤੇ ਵਿਚ ਹੀ ਗੁਰਦੇ ਪੁਆ ਕੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰਾਂ ਨੂੰ ਪਰਤਦੇ। ਪਾਕਿਸਤਾਨ ਵਿਚ ਅੱਤ ਦੀ ਗੁਰਬਤ ਕਾਰਨ ਹਜ਼ਾਰਾਂ ਲੋਕ ਗੁਰਦੇ ਵੇਚ ਰਹੇ ਸਨ। ਗੁਰਦੇ ਲੈਣ ਵਾਲੇ ਸੱਚੀਂ ਜਾਤ-ਪਾਤ ਤੇ ਫ਼ਿਰਕਾਪ੍ਰਸਤੀ ਤੋਂ ਬਹੁਤ ਉੱਚੇ ਉੱਠੇ ਦਿਖਾਈ ਦਿੰਦੇ ਸਨ। ਭਾਰਤ 'ਚੋਂ ਜਾਂਦੇ ਹਿੰਦੂ-ਸਿੱਖ ਜਾਂ ਹੋਰ ਭਾਈਚਾਰਿਆਂ ਦੇ ਲਾਭਪਾਤਰੀ ਬਿਲਕੁਲ ਵੀ ਸੰਕੋਚ ਨਾ ਕਰਦੇ ਕਿ ਉਹ ਕਿਸੇ ਗ਼ਰੀਬ ਮੁਸਲਮਾਨ ਦਾ ਗੁਰਦਾ ਖ਼ਰੀਦ ਰਹੇ ਸਨ। ਪਾਕਿਸਤਾਨ ਦੀਆਂ ਅਖ਼ਬਾਰਾਂ ਵਿਚ 'ਕਿਡਨੀ ਟਰਾਂਸਪਲਾਂਟ' ਵਾਲੇ ਹਸਪਤਾਲਾਂ ਦੇ ਵੱਡੇ-ਵੱਡੇ ਇਸ਼ਤਿਹਾਰ ਲੱਗੇ ਹੁੰਦੇ। ਲਾਹੌਰ ਦੇ ਹਸਪਤਾਲਾਂ ਨੇ ਖ਼ੂਬ ਕਮਾਈ ਕੀਤੀ। ਅੰਗਦਾਨ ਦੇ ਨਾਮ 'ਤੇ ਗ਼ਰੀਬਾਂ ਦੇ ਸਰੀਰਾਂ 'ਤੇ ਡਾਕਟਰਾਂ ਦੇ ਬਲੇਡ ਚੱਲਦੇ ਰਹੇ। ਇਸ ਖ਼ਰੀਦੋ-ਫ਼ਰੋਖ਼ਤ ਵਿਚ ਪਿਆਰ-ਮੁਹੱਬਤ ਮਨਫ਼ੀ ਸੀ। ਪਾਕਿਸਤਾਨ ਵਿਚ ਸੰਨ 1979 ਤੋਂ ਚੱਲ ਰਿਹਾ ਗੁਰਦਿਆਂ ਦਾ ਕਾਲਾ ਧੰਦਾ ਸੰਨ 2005 ਤਕ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਬਣ ਚੁੱਕਾ ਸੀ। ਵਿਸ਼ਵ ਭਰ ਵਿਚ ਬਦਨਾਮ ਹੋਣ ਕਰਕੇ ਪਾਕਿਸਤਾਨ ਨੂੰ ਆਖ਼ਰ ਇਸ ਧੰਦੇ 'ਤੇ ਰੋਕ ਲਾਉਣ ਲਈ ਕਾਨੂੰਨ ਬਣਾਉਣਾ ਪਿਆ ਸੀ। ਅਜਿਹੀ ਰੋਕ ਨਾ ਹੁੰਦੀ ਤਾਂ ਲਾਲੂ ਸ਼ਾਇਦ ਪਾਕਿਸਤਾਨ ਦੀ ਯਾਤਰਾ 'ਤੇ ਨਿਕਲ ਜਾਂਦੇ ਜਿੱਥੇ ਆਪਣੇ ਵਿਲੱਖਣ ਅੰਦਾਜ਼ ਕਰਕੇ ਉਹ ਕਾਫ਼ੀ ਮਕਬੂਲ ਹਨ।

11 ਦਸੰਬਰ


# ਲਾਵਾ ਤੇ ਪਹੁ-ਫੁਟਾਲਾ

ਲਾਵੇ ਦਾ ਫੁੱਟਣਾ ਪਹੁ-ਫੁਟਾਲੇ ਵਾਂਗ ਨਹੀਂ ਹੁੰਦਾ। ਲਾਵਾ, ਧਰਤੀ ਦਾ ਸੀਨਾ ਪਾੜ ਕੇ ਇਸ ਦਾ ਆਲਾ-ਦੁਆਲਾ ਫ਼ਨਾਹ ਕਰਦਾ ਹੈ ਜਦਕਿ ਪਹੁ-ਫੁਟਾਲਾ ਸੂਰਜ ਉਦੈ ਹੋਣ ਦਾ ਸੁਨੇਹਾ ਹੁੰਦਾ ਹੈ। ਮਨੁੱਖ ਦੇ ਅੰਦਰ ਦਾ ਲਾਵਾ ਫੁੱਟ ਜਾਵੇ ਤਾਂ ਇਹ ਦੂਰ-ਦੁਰਾਡੇ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦਾ ਹੈ। ਜਲੰਧਰ ਦੇ ਮਾਡਲ ਟਾਊਨ ਸਥਿਤ ਗੁਰਦੁਆਰੇ ਵਿਚ ਵਾਰਸ ਪੰਜਾਬ ਦੇ ਅਖਵਾਉਣ ਵਾਲੀ ਸੰਸਥਾ ਦੇ ਕਾਰਕੁਨਾਂ ਦਾ ਲਾਵਾ ਫੁੱਟਣ ਤੋਂ ਬਾਅਦ ਉਨ੍ਹਾਂ ਵੱਲੋਂ ਗੁਰਧਾਮ ਅੰਦਰ ਬਜ਼ੁਰਗਾਂ/ਅਪਾਹਜਾਂ ਲਈ ਲਗਾਈਆਂ ਗਈਆਂ ਕੁਰਸੀਆਂ ਤੇ ਬੈਂਚਾਂ ਨੂੰ ਅੱਗ ਲਗਾਉਣ ਨਾਲ ਇਹ ਮੁੱਦਾ ਵਿਸ਼ਵ-ਵਿਆਪੀ ਬਣ ਗਿਆ ਹੈ। ਅਜਿਹੀ ਕਾਰਵਾਈ ਸੰਵਾਦ ਦੇ ਮਹਾਤਮ ਨੂੰ ਸਮਝੇ ਬਗੈਰ ਗੁੱਸੇ ਵਿਚ ਕੀਤੀ ਗਈ ਸੀ। ਮਰਿਆਦਾ ਨੂੰ ਭੁੱਲ ਕੇ ਮਰਿਆਦਾ ਦੀ ਗੱਲ ਬਹੁਤਿਆਂ ਨੂੰ ਗਵਾਰਾ ਨਹੀਂ ਹੋਈ। ਬੇਅਦਬੀ ਦਾ ਮੁੱਦਾ ਚੁੱਕਣ ਵੇਲੇ ਅਦਬ ਦਾ ਪੱਲਾ ਨਹੀਂ ਛੱਡਿਆ ਜਾ ਸਕਦਾ। ਸਿੱਖ ਧਰਮ ਵਿਚ ਗੋਸ਼ਟਿ ਦਾ ਵੱਡਾ ਮਹਾਤਮ ਹੈ। ਸੰਸਕ੍ਰਿਤ ਦੀ 'ਗੋਸ਼ਠ' ਧਾਤੂ ਦੇ ਸ਼ਬਦ ਦਾ ਮਤਲਬ 'ਇਕੱਠਾ ਕਰਨਾ' ਹੈ। ਜਨਮ-ਸਾਖੀਆਂ 'ਚੋਂ ਇਸ ਵਿਧਾ ਦੇ ਦੀਦਾਰ ਕੀਤੇ ਜਾ ਸਕਦੇ ਹਨ। ਦਾਰਸ਼ਨਿਕ ਗੁੰਝਲਾਂ/ਉਲਝਣਾਂ ਨੂੰ ਸੁਲਝਾਉਣ ਲਈ ਦੋ ਧਿਰਾਂ ਵਿਚ ਵਾਰਤਾਲਾਪ ਹੁੰਦੀ ਹੈ। ਗੋਸ਼ਟਿ ਦਾ ਬੁਨਿਆਦੀ ਤੱਤ ਤਰਕਮਈ ਅਤੇ ਦਲੀਲਯੁਕਤ ਹੁੰਦਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀਆਂ ਨਾਥਾਂ, ਜੋਗੀਆਂ ਅਤੇ ਸਿੱਧਾਂ ਨਾਲ ਕੀਤੀਆਂ ਗੋਸ਼ਟੀਆਂ ਦੀ ਰੋਸ਼ਨੀ ਵਿਚ ਸਿੱਖ ਧਰਮ ਫ਼ੈਸਲੇ ਲੈਂਦਾ ਆਇਆ ਹੈ। ਪੰਚ ਪ੍ਰਧਾਨੀ ਦੀ ਪ੍ਰਥਾ ਵੀ ਇਸੇ ਵੱਲ ਇਸ਼ਾਰਾ ਕਰਦੀ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਗਤੀ ਫ਼ੈਸਲਿਆਂ ਅੱਗੇ ਸੀਸ ਨਿਵਾਉਂਦੇ ਰਹੇ ਹਨ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ, " ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ" (ਗੁਰੂ ਦੀ ਸੰਗਤ ਵਿਚ ਜਿਨ੍ਹਾਂ ਮਨੁੱਖਾਂ ਦਾ ਮੇਲ ਹੋ ਗਿਆ, ਪਰਮਾਤਮਾ ਨੇ ਉਨ੍ਹਾਂ ਅੰਦਰੋਂ ਕਾਮ, ਕ੍ਰੋਧ ਤੇ ਲੋਭ ਮੁਕਾ ਦਿੱਤਾ)। ਗੁਰਬਾਣੀ ਵਿਚ ਸੁਣਨ ਤੋਂ ਬਾਅਦ ਕਹਿਣ ਦੀ ਤਾਕੀਦ ਹੈ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" ਆਪਣੀਆਂ ਉਦਾਸੀਆਂ ਵੇਲੇ ਗੁਰੂ ਨਾਨਕ ਸਾਹਿਬ ਨੇ ਸੰਵਾਦ ਰਾਹੀਂ ਧਾਰਮਿਕ ਮੁੱਦਿਆਂ ਨੂੰ ਸੁਲਝਾਇਆ ਸੀ। ਪਹਿਲੀ ਉਦਾਸੀ ਵੇਲੇ ਆਪ ਜੀ ਦੀ ਅਉਧ ਮਹਿਜ਼ ਅਠਾਈ ਸਾਲ ਸੀ ਜਿਸ ਦੌਰਾਨ ਆਪ ਹਰਿਦੁਆਰ, ਕੁਰੂਕਸ਼ੇਤਰ, ਕਾਸ਼ੀ, ਗਯਾ, ਢਾਕਾ, ਪੁਰੀ ਆਦਿ ਅਸਥਾਨਾਂ 'ਤੇ ਗਏ ਸਨ। ਚੜ੍ਹਦੇ ਵੱਲ ਸੂਰਜ ਨੂੰ ਪਾਣੀ ਅਰਪਿਤ ਕਰਨਾ ਤਰਕ ਦੀ ਇੰਤਹਾ ਸੀ। ਤਰਕ ਦਾ ਪੱਲਾ ਛੱਡਣਾ ਖ਼ੂਨ-ਖ਼ਰਾਬੇ ਦਾ ਸਬੱਬ ਹੋ ਸਕਦਾ ਸੀ। ਜਗਨਨਾਥ

ਵਿਚ ਆਰਤੀ ਨੂੰ ਥਾਲ 'ਚੋਂ ਕੱਢ ਕੇ ਬ੍ਰਹਿਮੰਡ ਵਿਚ ਲੈ ਜਾਣ ਵੇਲੇ ਤਰਕ ਨਾ ਹੁੰਦਾ ਤਾਂ ਪਰਦੇਸੀਂ ਗਏ ਬਾਬੇ ਨੂੰ ਅਜਿਹਾ ਕਰਨਾ ਮਹਿੰਗਾ ਪੈ ਸਕਦਾ ਸੀ। ਪਾਂਡਿਆਂ ਨਾਲ ਗਿਆਨ-ਚਰਚਾ ਵੇਲੇ ਪੀਢੀਆਂ ਗੰਢਾਂ ਸੁਲਝੀਆਂ ਸਨ। ਗੁਰੂ ਨਾਨਕ ਸਾਹਿਬ ਨੇ "ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ" ਦੇ ਕਥਨ ਅਨੁਸਾਰ ਸੁਲਤਾਨਪੁਰ ਲੋਧੀ ਦੇ ਅਸਥਾਨ ਤੋਂ ਧਰਤੀ ਦੇ ਸੜਦੇ-ਬਲਦੇ ਜੀਵਾਂ ਨੂੰ ਸ਼ਾਂਤ ਕਰਨ ਲਈ ਉਦਾਸੀ ਦੀ ਰੀਤ ਚਲਾਈ ਸੀ (ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ। ਚੜ੍ਹਿਆ ਸੋਧਣਿ ਧਰਤਿ ਲੁਕਾਈ)। ਧੁੰਦੂਕਾਰੇ ਵਿਚ ਫਸੀ ਲੋਕਾਈ ਦਾ ਉਦਾਰ ਕਰਨ ਵਾਸਤੇ ਪਹਿਲੀ ਪਾਤਸ਼ਾਹੀ ਨੇ ਉਦਾਸੀਆਂ ਧਾਰਨ ਕੀਤੀਆਂ। ਰੱਬੀ ਪੈਗ਼ਾਮ ਨੂੰ ਖਲਕਤ ਤਾਈਂ ਪਹੁੰਚਾਉਣ ਹਿਤ ਕੀਤੀਆਂ ਧਾਰਮਿਕ ਯਾਤਰਾਵਾਂ ਅਥਵਾ ਪ੍ਰਚਾਰ ਫੇਰੀਆਂ/ਉਦਾਸੀਆਂ ਵੇਲੇ ਗੁਰੂ ਨਾਨਕ ਸਾਹਿਬ ਕਿਸੇ ਨਾਲ ਵੀ ਨਾ ਉਲਝੇ। ਮੱਕੇ ਦੀ ਉਦਾਸੀ ਦੌਰਾਨ ਦਲੀਲ/ਤਰਕ ਨਾਲ ਉਨ੍ਹਾਂ ਨੇ ਰੱਬ ਦੀ ਹੋਂਦ ਨੂੰ ਕਣ-ਕਣ ਵਿਚ ਮੌਜੂਦ ਹੋਣ ਦਾ ਸੁਨੇਹਾ ਦਿੱਤਾ ਸੀ। ਉਦਾਸੀਆਂ ਦੌਰਾਨ ਇਕੱਠੇ ਕੀਤੇ ਬੀਜ ਗੁਰੂ ਨਾਨਕ ਨੇ ਰਾਵੀ ਕੰਢੇ ਕਰਤਾਰਪੁਰ ਸਾਹਿਬ ਵਿਖੇ ਖੇਤਾਂ ਵਿਚ ਰਾਹਲਾਂ ਤੇ ਸਿਆੜ ਕੱਢ ਕੇ ਬੀਜੇ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ, "ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਕਲ ਉਤਾਰਾ। ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥" ਉਦਾਸੀਆਂ ਵੇਲੇ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਪਹਾੜਾਂ ਦੀਆਂ ਟੀਸੀਆਂ, ਢਲਾਣਾਂ ਤੇ ਜੰਗਲਾਂ 'ਚੋਂ ਵਿਚਰਦੇ ਰਹੇ। ਕੁਦਰਤੀ ਸੀ ਕਿ ਔਝੜੇ ਰਾਹਾਂ ਵਿਚ ਉਨ੍ਹਾਂ ਦਾ ਸਾਹਮਣਾ ਖ਼ੂੰਖਾਰ ਜਾਨਵਰਾਂ ਨਾਲ ਵੀ ਹੁੰਦਾ ਹੋਵੇਗਾ। ਮੂਲ ਮੰਤਰ ਅਨੁਸਾਰ ਨਿਰਭਉ ਅਤੇ ਨਿਰਵੈਰ ਹੋਣ ਕਾਰਨ ਉਨ੍ਹਾਂ ਨੂੰ ਕਿਸੇ ਕਿਸਮ ਦੇ ਹਥਿਆਰ ਚੁੱਕਣ ਦੀ ਲੋੜ ਨਹੀਂ ਸੀ। ਹਥਿਆਰਾਂ ਤੋਂ ਵੀ ਵਧੇਰੇ ਕਾਰਗਰ ਰਬਾਬ ਸੀ ਜਿਸ ਦੀਆਂ ਤਰਬਾਂ ਵਿਰੋਧੀਆਂ ਨੂੰ ਵੀ ਮੰਤਰ-ਮੁਗਧ ਕਰ ਦਿੰਦੀਆਂ। ਬਾਬੇ ਨਾਨਕ ਦੀ ਅਮੁੱਲੀ ਵਿਰਾਸਤ ਨੂੰ ਸੰਭਾਲਣ ਲਈ ਰੌਸ਼ਨ ਦਿਮਾਗ਼ਾਂ ਦੀ ਲੋੜ ਹੈ। ਹਰ ਨਾਨਕ ਨਾਮ ਲੇਵਾ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪਾਬੰਦ ਹੈ। ਗੁਰੂ ਦੇ ਆਸ਼ੇ ਮੁਤਾਬਕ ਜੀਵਨ ਬਸਰ ਕਰਨਾ ਹੀ ਗੁਰਮਿਤ ਹੈ ਤੇ ਮਨਮਤ ਦੀ ਉਸ ਵਿਚ ਕੋਈ ਗੁੰਜਾਇਸ਼ ਨਹੀਂ ਹੈ। ਜਿੱਥੇ ਕਿਤੇ ਵੀ ਕੋਈ ਬੱਜਰ ਕੁਰਹਿਤ ਹੋਵੇ, ਉਸ ਨਾਲ ਨਜਿੱਠਣ ਲਈ ਸਿੱਖ ਧਰਮ ਦੀ ਆਨ-ਬਾਨ ਤੇ ਸਰਵ-ਪ੍ਰਵਾਨਿਤ ਸੰਸਥਾ ਸ੍ਰੀ ਅਕਾਲ ਤਖ਼ਤ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਜਲੰਧਰ ਦੇ ਮਾਡਲ ਟਾਊਨ ਵਿਚ ਸਥਿਤ ਗੁਰਦੁਆਰੇ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਤੁਰੰਤ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਇਜ਼ਾ ਲੈਣ ਲਈ ਉੱਥੇ ਪੁੱਜ ਗਏ ਸਨ। ਚੰਗਾ ਹੁੰਦਾ ਜੇ ਅਕਾਲ ਤਖ਼ਤ ਦੇ ਜਥੇਦਾਰ ਇਸ ਘਟਨਾ ਬਾਰੇ ਫ਼ੌਰੀ ਟਿੱਪਣੀ ਕਰ ਦਿੰਦੇ। ਉੱਚ-ਦੁਮਾਲੜੇ ਵਾਲੀਆਂ ਧਾਰਮਿਕ ਸ਼ਖ਼ਸੀਅਤਾਂ ਸਮੇਂ ਸਿਰ ਨਾ ਬੋਲਣ ਤਾਂ ਮਸਲੇ ਉਲਝਦੇ ਜਾਂਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਦੁਵੱਲੀਆਂ ਸਖ਼ਤ ਟਿੱਪਣੀਆਂ ਆ ਰਹੀਆਂ ਹਨ ਜਿਸ ਨਾਲ ਦਿਨ-ਬਦਿਨ ਕੁੜੱਤਣ ਵਧ ਰਹੀ ਹੈ। ਕਈ ਗਰਮ ਖ਼ਿਆਲੀ ਧੜੇ ਖੁੱਲ੍ਹ ਕੇ ਅੰਮ੍ਰਿਤਪਾਲ ਦੀ ਹਮਾਇਤ ਵਿਚ ਆ ਰਹੇ ਹਨ ਜਦਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਹਰਿਆਣਾ ਸਿੱਖ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ ਇਸ ਘਟਨਾ ਨੂੰ ਤਾਲਿਬਾਨੀ ਕਾਰਾ ਕਹਿ ਕੇ ਆਲੋਚਨਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰ-ਮਰਿਆਦਾ ਬਹਾਲ ਕਰਨ ਲਈ ਗੁਰਧਾਮਾਂ ਦੇ ਸਾਮਾਨ ਨੂੰ ਅੱਗ ਦੇ ਹਵਾਲੇ ਕਰਨਾ ਸਰਾਸਰ ਜ਼ਿਆਦਤੀ ਹੈ ਕਿਉਂਕਿ ਇਸ 'ਤੇ ਖ਼ਰਚਾ ਗੁਰੂ ਕੀ ਗੋਲਕ 'ਚੋਂ ਕੀਤਾ ਗਿਆ ਸੀ। ਚੰਗਾ ਹੁੰਦਾ ਜੇ ਅੱਗ ਲਾਉਣ ਦੀ ਬਜਾਏ ਇਹ ਸਾਮਾਨ ਲੋੜਵੰਦਾਂ ਨੂੰ ਦੇ ਦਿੱਤਾ ਜਾਂਦਾ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਨਿਖੇਧੀ ਕਰਦਿਆਂ ਇਸ ਕਾਰਵਾਈ ਨੂੰ 'ਬੁਰਛਾਗਰਦੀ' ਤਕ ਕਹਿ ਦਿੱਤਾ। ਆਪਣੇ ਫੇਸਬੁੱਕ ਖਾਤੇ 'ਤੇ ਉਨ੍ਹਾਂ ਕਿਹਾ, "ਇਹ ਕਿਹੜਾ ਖ਼ਾਲਸਾ ਹੈ ਜੋ ਚੱਲਦੇ ਦੀਵਾਨ ਵਿਚ ਬੁਰਛਾਗਰਦੀ ਕਰੇ?" ਉਨ੍ਹਾਂ ਇਸ ਨੂੰ ਗੁਰੂ ਦੀ ਸੰਗਤ ਦੀ ਬੇਅਦਬੀ ਗਰਦਾਨਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਦਾ ਮੰਨਣਾ ਹੈ ਕਿ ਜੇ ਕਿਸੇ ਵੀ ਤਰ੍ਹਾਂ ਦਾ ਕੋਈ ਇਤਰਾਜ਼ ਹੋਵੇ ਤਾਂ ਇਸ ਦਾ ਨਿਪਟਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਕੀਤਾ ਜਾ ਸਕਦਾ ਹੈ। ਸੰਗਤ 'ਚ ਕਿਸੇ ਵੀ ਕਿਸਮ ਦੀ ਦੁਬਿਧਾ ਪੈਦਾ ਕਰਨੀ ਮੰਦਭਾਗੀ ਗੱਲ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਦਾ ਤਰਕ ਹੈ ਕਿ ਮਰਿਆਦਾ ਹਰ ਹਾਲਤ ਵਿਚ ਲਾਗੂ ਹੋਣੀ ਚਾਹੀਦੀ ਹੈ ਪਰ ਜਲੰਧਰ ਦੇ ਗੁਰਧਾਮ ਵਿਚ ਜੋ ਕੁਝ ਵਾਪਰਿਆ, ਉਹ ਸਰਾਸਰ ਗ਼ਲਤ ਸੀ। ਦੂਜੀ ਧਿਰ ਦਾ ਆਪਣਾ ਤਰਕ ਹੈ ਕਿ ਅਜਿਹਾ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼/ਹੁਕਮਨਾਮੇ ਤਹਿਤ ਕੀਤਾ ਗਿਆ ਹੈ। ਬਾਈ ਨਵੰਬਰ 2013 ਨੂੰ ਅਕਾਲ ਤਖ਼ਤ ਵੱਲੋਂ ਜਾਰੀ ਆਦੇਸ਼ ਵਿਚ ਪੰਜ ਸਿੰਘ ਸਾਹਿਬਾਨ ਨੇ ਸਪਸ਼ਟ ਕਿਹਾ ਸੀ ਕਿ ਸਤਿਗੁਰਾਂ ਦੀ ਹਜ਼ੂਰੀ ਤੋਂ ਬਾਹਰ ਬਰਾਂਡੇ ਵਿਚ ਬੈਂਚ ਲਗਾਏ ਜਾਣ ਅਤੇ ਨਾਲ ਹੀ ਗੁਰਦੁਆਰਾ ਕਮੇਟੀਆਂ ਵੱਲੋਂ ਸਕਰੀਨ ਦਾ ਪ੍ਰਬੰਧ ਕੀਤਾ ਜਾਵੇ। ਗੁਰਦੁਆਰਾ ਮਾਡਲ ਟਾਊਨ ਜਲੰਧਰ ਦੇ ਮੁੱਖ ਗ੍ਰੰਥੀ ਨੇ ਦਾਅਵਾ ਕੀਤਾ ਹੈ ਕਿ ਕੁਰਸੀਆਂ ਗੁਰੂ ਗ੍ਰੰਥ ਸਾਹਿਬ ਦੀ ਹਦੂਦ ਤੋਂ ਬਾਹਰ ਵੱਖਰੇ ਇਨਕਲੋਜ਼ਰ ਵਿਚ ਲੱਗੀਆਂ ਹੋਈਆਂ ਸਨ ਤੇ ਕਿਸੇ ਵੀ ਤਰ੍ਹਾਂ ਦੀ ਮਰਿਆਦਾ ਭੰਗ ਨਹੀਂ ਸੀ ਕੀਤੀ ਗਈ। ਇਸ ਤੋਂ ਪਹਿਲਾਂ ਵੀ ਲੰਗਰ ਹਾਲਾਂ 'ਚੋਂ ਕੁਰਸੀਆਂ-ਮੇਜ਼ ਬਾਹਰ ਕਰਨ ਬਾਰੇ ਜਾਰੀ ਕੀਤੇ ਗਏ ਆਦੇਸ਼ ਪਿੱਛੋਂ ਸੰਗਤ, (ਖ਼ਾਸ ਤੌਰ 'ਤੇ ਵਿਦੇਸ਼ਾਂ ਦੀ) ਦੋਫਾੜ ਹੋਈ ਸੀ ਅਤੇ ਕਈ ਥਾਵਾਂ 'ਤੇ ਹਿੰਸਕ ਝੜਪਾਂ ਵੀ ਹੋਈਆਂ ਸਨ। ਪੰਜਾਬ ਇਸ ਵੇਲੇ ਬੇਹੱਦ ਨਾਜ਼ੁਕ ਦੌਰ 'ਚੋਂ ਲੰਘ ਰਿਹਾ ਹੈ। ਸਰਹੱਦੀ ਸੂਬਾ ਹੋਣ ਕਰਕੇ ਇੱਥੇ ਸੁੱਟੀ ਨਿੱਕੀ ਜਿਹੀ ਚੰਗਿਆੜੀ ਕਦੇ ਵੀ ਭਾਂਬੜ ਬਣ ਸਕਦੀ ਹੈ, ਇਸ ਬਾਰੇ ਚਿੰਤਾ ਅਤੇ ਚਿੰਤਨ ਕਰਨ ਦੀ ਲੋੜ ਹੈ।

18 ਦਸੰਬਰ



ਵਰਿੰਦਰ ਵਾਲੀਆ

ਅੰਗਰੇਜ਼ੀ, ਪੰਜਾਬੀ ਪੱਤਰਕਾਰੀ ਅਤੇ ਸਾਹਿਤ ਜਗਤ 'ਚ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੇ ਵਰਿੰਦਰ ਵਾਲੀਆ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਨੇ ਸੰਨ 1980 'ਚ ਗੁਰੂ ਕੀ ਨਗਰੀ ਅੰਮ੍ਰਿਤਸਰ ਤੋਂ ਮਾਸਿਕ ਮੈਗਜ਼ੀਨ 'ਪੁਲਾਂਘ' ਸ਼ੁਰੂ ਕਰ ਕੇ ਪੱਤਰਕਾਰੀ ਅਤੇ ਸਾਹਿਤ ਜਗਤ 'ਚ ਆਪਣਾ ਪਹਿਲਾ ਕਦਮ ਰੱਖਿਆ ਸੀ। ਸੰਨ 1983 'ਚ ਛਪੇ ਪਹਿਲੇ ਕਹਾਣੀ ਸੰਗ੍ਰਹਿ 'ਖ਼ਬਰਨਾਮਾ' ਤੋਂ ਹੀ ਉਹ ਸਾਹਿਤ ਜਗਤ ਦੇ ਇੱਕ ਬਹੁ-ਚਰਚਿਤ ਨਾਂਅ ਬਣ ਗਏ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਪੱਤਰਕਾਰੀ ਦੀ ਉੱਚ-ਸਿੱਖਿਆ ਹਾਸਲ ਕਰਨ ਤੋਂ ਬਾਅਦ ਉਹ 1986 'ਚ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ 'ਚ ਸੂਚਨਾ ਅਧਿਕਾਰੀ ਨਿਯੁਕਤ ਹੋਏ। ਲਗਪਗ ਪੰਜ ਸਾਲ ਸਰਕਾਰੀ ਨੌਕਰੀ ਕਰਨ ਤੋਂ ਬਾਅਦ ਉਹ ਅਸਤੀਫ਼ਾ ਦੇ ਕੇ ਬਠਿੰਡਾ ਤੋਂ 'ਦਿ ਟ੍ਰਿਬਿਊਨ' ਅਖ਼ਬਾਰ ਨਾਲ ਜੁੜ ਗਏ। 'ਦਿ ਟ੍ਰਿਬਿਊਨ' ਲਈ ਉਨ੍ਹਾਂ ਨੇ ਡੂੰਘੇਰੀ ਖੋਜ ਕਰ ਕੇ ਦੇਸ਼-ਵਿਦੇਸ਼ ਦੀਆਂ ਅਣਗਿਣਤ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ, ਜੋ ਇਤਿਹਾਸ ਬਣ ਗਈਆਂ।

ਵਰਿੰਦਰ ਵਾਲੀਆ ਦੇਸ਼ ਦੇ ਪਹਿਲੇ ਅਜਿਹੇ ਪੱਤਰਕਾਰ ਹਨ, ਜਿਨ੍ਹਾਂ ਨੇ ਟ੍ਰਿਬਿਊਨ ਲਈ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੇ ਟ੍ਰੇਨਿੰਗ ਕੈਂਪਾਂ ਦੀ ਰਿਪੋਰਟਿੰਗ ਕੀਤੀ। ਆਪਣੀਆਂ ਪਾਕਿਸਤਾਨ ਯਾਤਰਾਵਾਂ ਵੇਲੇ ਉੱਥੋਂ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਤਤਕਾਲੀ ਮੁਖੀ ਲੈਫਟੀਨੈਂਟ ਜਨਰਲ ਜਾਵੇਦ ਨਾਸਿਰ ਨਾਲ ਇੱਕ ਲੰਮੇਰਾ ਇੰਟਰਵਿਊ ਕੀਤਾ, ਜਿਸ ਨੂੰ ਟ੍ਰਿਬਿਊਨ ਸਮੂਹ ਦੇ ਤਿੰਨੇ ਅਖ਼ਬਾਰਾਂ 'ਚ ਪ੍ਰਮੁੱਖਤਾ ਨਾਲ ਜਗ੍ਹਾ ਦਿੱਤੀ ਗਈ। ਪਾਕਿਸਤਾਨ 'ਚ ਰਹਿੰਦਿਆਂ ਭਾਰਤ ਦੇ ਕਈ 'ਮੋਸਟ ਵਾਂਟੇਡ' ਅੱਤਵਾਦੀਆਂ ਦੇ ਇੰਟਰਵਿਊਜ਼ ਨੇ ਵੀ ਪੱਤਰਕਾਰੀ ਜਗਤ ਵਿੱਚ ਹਲਚਲ ਪੈਦਾ ਕਰ ਦਿੱਤੀ ਸੀ। ਸੰਨ 2009 'ਚ ਉਹ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਨਿਯੁਕਤ ਹੋਏ। ਇਸ ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਾਲ ਗਈ ਸੰਪਾਦਕਾਂ ਦੀ ਟੀਮ 'ਚ ਸ਼ਾਮਲ ਹੋ ਕੇ ਟੋਰਾਂਟੋ 'ਚ ਹੋਏ ਜੀ-20 ਦੇਸ਼ਾਂ ਦੇ ਸਿਖਰ ਸੰਮੇਲਨ ਦੀ ਕਵਰੇਜ ਕੀਤੀ। ਇਸ ਤੋਂ ਇਲਾਵਾ ਜਰਮਨੀ, ਥਾਈਲੈਂਡ ਸਮੇਤ ਕਈ ਹੋਰ ਦੇਸ਼ਾਂ ਦੀ ਰਿਪੋਰਟਿੰਗ ਵੀ ਅਨੇਕ ਵਾਰ ਚਰਚਾ ਦਾ ਵਿਸ਼ਾ ਬਣਦੀ ਰਹੀ। ਸਾਲ 2015 'ਚ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਵਿਭਾਗ 'ਚ ਪ੍ਰੋਫ਼ੈਸਰ ਨਿਯੁਕਤ ਹੋਏ। ਇੱਥੋਂ ਅਸਤੀਫ਼ਾ ਦੇਣ ਤੋਂ ਬਾਅਦ ਸੰਨ 2016 'ਚ ਉਹ 'ਪੰਜਾਬੀ ਜਾਗਰਣ' ਦੇ ਸੰਪਾਦਕ ਬਣ ਗਏ।